
# ...ਤਬੈ ਰੋਸ ਜਾਗਿਓ



-ਗੁਰਨਾਮ ਸਿੰਘ ਚੌਹਾਨ

# .... ਤਬੈ ਰੋਸ ਜਾਗਿਓ

ਗੁਰਨਾਮ ਸਿੰਘ 'ਚੌਹਾਨ'
ਪਿੰਡ ਅਤੇ ਡਾਕਖਾਨਾ - ਬਾਦਸ਼ਾਹਪੁਰ
ਤਹਿਸੀਲ - ਪਾਤੜਾਂ
ਜਿਲ੍ਹਾ - ਪਟਿਆਲਾ
ਪਿਨ ਕੋਡ -147 102
ਮੋਬਾਇਲ ਨੰ: 094630-37399
E-mail :- gurnamchauhan1967@rediff.com

© ਲੇਖਕ

ਪਹਿਲੀ ਵਾਰ : ਅਪ੍ਰੈਲ 2008
ਦੂਜੀ ਵਾਰ ਦਸੰਬਰ 2008
ਪ੍ਰਕਾਸ਼ਨ :-
ਸੋਹਣੀ ਖੇਤੀ
ਕਾਹਨਗੜ੍ਹ ਰੋਡ, ਪਾਤੜਾਂ ।

ਟਾਈਟਲ
ਗੁਰਮੇਲ ਸਿੰਘ ਲੁਧਿਆਣਾ

ਕੀਮਤ : 150/-
ਜਿਲਦ : 250/-

## ਤਤਕਰਾ


| | |
|---|---|
| ਧੰਨਵਾਦ | 6 |
| ਪ੍ਰਵੇਸ਼ | 7 |
| ਆਮਦ | 9 |


## ਵਿਤਕਰਾ


| | |
|---|---|
| '84 ਦਾ ਦਰਦ | 19 |
| ਇੰਤਜ਼ਾਰ ਇਨਸਾਫ ਦਾ | 27 |
| ਸਿੱਖ ਵਿਰੋਧੀ ਚਿਹਰਾ | 32 |
| ਵਿਤਕਰਾ | 41 |
| ਅਕਿਰਤਘਣ | 59 |


## ਕਹਿਰ


| | |
|---|---|
| ਜੋ ਖਪਾਏ ਗਏ | 84 |
| ਝੂਠੇ ਪੁਲੀਸ ਮੁਕਾਬਲੇ | 112 |
| ਪਾਸਕੂ ਵਾਲਾ ਤਰਾਜੂ | 133 |
| ਪੁਲੀਸ ਦਾ ਕਹਿਰ | 140 |
| ਮੌਤ ਦੇ ਮੂੰਹੋਂ ਬਚਾਅ | 148 |
| ਕੁਨਬੇ ਦੀ ਦਰਦ ਕਹਾਣੀ | 156 |
| ਮੌਤ-ਏ-ਦਰਿੰਦਾ | 162 |
| ਪੀਲੀਭੀਤ ਜੇਲ੍ਹ - ਇੱਕ | 165 |
| ਪੀਲੀਭੀਤ ਜੇਲ੍ਹ - ਦੋ | 168 |

## ਹਾਅ


ਹਾਅ ਦਾ ਨਾਅਰਾ 172
ਜਾਂਚ ਦੇ ਹੁਕਮ 174
ਪੁਲੀਸ ਦੀ ਖੁੱਲ੍ਹੀ ਪੋਲ 183
ਪੁਲੀਸ ਨੂੰ ਲੋੜੀਂਦੇ ਨੌਜਵਾਨ 189
ਸਿਆਸੀ ਕਿੜ੍ਹ 194
ਸੁਪਰੀਮ ਕੋਰਟ ਦਾ ਫੈਸਲਾ 199
ਕੈਦੀ ਦੇ ਵਿਚਾਰ 201
ਸਿੱਖਾਂ ਨਾਲ ਧੱਕਾ ਬਰਕਰਾਰ 205


## ਬਹੁੜੀ


ਦਰਿੰਦਗੀ ਦਾ ਸ਼ਿਕਾਰ ਸਿਰਦਾਰ ਖਾਲੜਾ 212
ਅਦਾਲਤੀ ਫੈਸਲੇ ਦੇ ਕੁਝ ਅੰਸ਼ 220
ਖਾਲੜਾ ਦੀ ਮਿਹਨਤ ਦੇ ਰੰਗ 224
ਸ਼ਮਾਂ ਜਗਦੀ ਰਹੀ 227
ਕੀ ਕੋਈ ਹੈ ? 236

# ਸਮਰਪਣ

ਹਰ ਉਸ ਸੱਚੇ ਨੂੰ ਜਿਸ ਅੰਦਰ
ਹੱਕਾਂ ਲਈ ਲੜਨ ਦਾ ਝਾਂਬੜ ਮਚਦੈ

ਤੇ

ਜ਼ੱਰਿਆਂ ਦੇ ਧਾਰਨੀ ਹਰ ਉਸ ਸ਼ਖ਼ਸ ਨੂੰ
ਜਿਸਨੂੰ ਅੰਦਰਲੇ ਝਾਂਬੜ ਨੇ ਹੀ ਮਚਾ ਦਿੱਤੈ ।

# ਧੰਨਵਾਦ

ਇਸ ਪੁਸਤਕ ਦੀ ਤਿਆਰੀ ਲਈ ਕਿਸੇ ਨਾ ਕਿਸੇ ਰੂਪ ਵਿੱਚ ਸਹਿਯੋਗ ਦੇਣ ਵਾਲਿਆਂ 'ਚ ਸ਼ਾਮਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਮਾਤਾ ਗੁਜਰੀ ਟਰਸਟ ਕੱਲਰ ਭੈਣੀ ਪਟਿਆਲਾ ਦੇ ਚੇਅਰਮੈਨ ਬਾਬਾ ਨਛੱਤਰ ਸਿੰਘ ਤੇ ਬੀਬੀ ਸੋਹਨਜੀਤ ਕੌਰ, ਬਾਬਾ ਮੁਖਤਿਆਰ ਸਿੰਘ ਟੋਡਰਵਾਲ, ਗੁਰਦੇਵ ਸਿੰਘ ਨੰਬਰਦਾਰ ਬਕਰਾਹਾ, ਗਿਆਨੀ ਭਗਵੰਤ ਸਿੰਘ ਖਾਲਸਾ (ਦੁਗਾਲ), ਜਸਪਾਲ ਸਿੰਘ ਨੂਰਪੁਰਾ, ਪ੍ਰੀਤਮ ਸਿੰਘ ਸਮਾਣਾ (ਯੂ.ਐਸ.ਏ), ਸਾਹਿਬ ਸਿੰਘ ਐਡਵੋਕੇਟ, ਰਾਜਿੰਦਰ ਸਿੰਘ ਰਾਜਪੁਰਾ, ਹਰਕਮਲ ਸਿੰਘ, ਗਿਆਨੀ ਜੈਮਲ ਸਿੰਘ (ਪਟਿਆਲਾ), ਸਰਜੀਤ ਸਿੰਘ ਮਾਹਲ, ਸ੍ਰੀਮਤੀ ਸਤੋਸ਼ ਰਾਣੀ ਪ੍ਰਿੰਸੀਪਲ ਗਰੀਨਵੁੱਡ ਪਬਲਿਕ ਸਕੂਲ ਪਾਤੜਾਂ , ਰਘਵੀਰ ਸਿੰਘ ਘੱਗਾ, ਕੁਲਵੰਤ ਰਿਖੀ, ਬ੍ਰਿਸ਼ਭਾਨ ਬੁਜਰਕ, ਬਾਪੂ ਹਰਦਿਆਲ ਸਿੰਘ ਗੁਲ੍ਹਾੜ, ਹਰਪ੍ਰਕਾਸ਼ ਸਿੰਘ, ਕੰਵਲਜੀਤ ਸਿੰਘ ਖਾਲਸਾ , ਭੁਪਿੰਦਰ ਸਿੰਘ ਪਾਤੜਾਂ, ਬਲਜੀਤ ਸਿੰਘ ਖਾਲਸਾ ਮੁੱਖ ਸੰਪਾਦਕ ਫਤਿਹਨਾਮਾ ਅੰਮ੍ਰਿਤਸਰ, ਸੁਖਦੇਵ ਸਿੰਘ ਬੈਲਜੀਅਮ, ਬਸੰਤ ਸਿਘ ਖਾਲਸਾ ਫਰਾਂਸ, ਐਡਵੋਕੇਟ ਸੁਖਮਨ ਸਿੰਘ ਧਾਮੀ (ਯੂ.ਐਸ.ਏ), ਐਡਵੋਕੇਟ ਜਸਮੀਨ ਕੌਰ (ਯੂ.ਐਸ.ਏ), ਸੇਵਾ ਸਿੰਘ ਸ਼ਤਰਾਣਾ, ਬਾਜ ਸਿੰਘ ਮਹਿਲੀਆਂ, ਪ੍ਰਕਾਸ਼ ਚੰਦ ਖਾਂਗ, ਆਦਿ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਮੋਢੇ ਨਾਲ ਮੋਢਾ ਜੋੜ ਕੇ ਇਸ ਪੁਸਤਕ ਦੀ ਸੰਪੂਰਨਤਾ ਲਈ ਸਹਿਯੋਗ ਦਿੱਤਾ ਹ ।

ਗੁਰਨਾਮ ਸਿੰਘ 'ਚੌਹਾਨ'

# ਪ੍ਰਵੇਸ਼

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਬਾਦਲ ਪਰਿਵਾਰ ਵੱਲੋਂ ਚਲਾਈਆਂ ਜਾ ਰਹੀਆਂ ਉਨ੍ਹਾਂ ਦੀਆਂ ਟਰਾਂਸਪੋਰਟ ਕੰਪਨੀਆਂ ਦੀਆਂ ਬੱਸਾਂ ਦੇ ਪੰਜਾਬ ਦੀ ਧਰਤ ਉਤੇ ਚੱਲਣ ਵਿੱਚ ਅੜਿੱਕੇ ਖੜ੍ਹੇ ਕਰਕੇ ਕੁਲ ਜਹਾਨ ਵਿੱਚ ਬੈਠੇ ਪੰਜਾਬੀਆਂ ਦਾ ਧਿਆਨ ਇਸ ਗੱਲ ਵੱਲ ਦਿਵਾਇਆ ਹੈ ਕਿ ਅਕਾਲੀ ਦਲ ਦੀ ਪ੍ਰਧਾਨਗੀ ਤੇ ਪਾਰਟੀ ਦੀ ਸਰਕਾਰ ਨੂੰ ਮੁੱਖ ਮੰਤਰੀ ਦੇਣ ਵਾਲਾ ਇਹ ਪਰਿਵਾਰ ਕਿਵੇਂ, ਕਿੱਥੇ-ਕਿੱਥੇ ਤੇ ਕੀ-ਕੀ ਕਾਰਨਾਮਿਆਂ ਨੂੰ ਅੰਜਾਮ ਦੇ ਕੇ ਕਿਹੜਾ ਘਰ ਭਰ ਰਿਹੈ ।

ਪ੍ਰਕਾਸ਼ ਸਿੰਘ ਬਾਦਲ ਵਿਅਕਤੀ ਨਹੀਂ, ਸੰਸਥਾ ਹੈ ਜੋ ਸਵੈ-ਸੇਵਾ ਦੀ ਮਿਸਾਲ ਪੇਸ਼ ਕਰਕੇ ਓਹੀ ਕਰ ਰਹੀ ਹੈ ਜਿਸਦਾ ਵਿਰੋਧ ਇਹ ਸੰਸਥਾ ਅਕਾਲੀ ਦਲ ਜੋ ਕਿ ਉਦੋਂ ਸਚਮੁੱਚ ਸ਼੍ਰੋਮਣੀ ਅਕਾਲੀ ਦਲ ਹੁੰਦਾ ਸੀ, ਦੇ ਹਿੱਸੇ ਵਜੋਂ ਇਸ ਲਈ ਕਾਂਗਰਸ ਪ੍ਰਧਾਨ ਸ੍ਰੀਮਤੀ ਇੰਦਰਾ ਗਾਂਧੀ ਦਾ ਵਿਰੋਧ ਕਰਦੀ ਸੀ ਕਿਉਂਕਿ ਸ੍ਰੀਮਤੀ ਗਾਂਧੀ ਪਰਿਵਾਰਵਾਦ ਨੂੰ ਸਿਆਸਤ ਉਤੇ ਥੋਪ ਰਹੀ ਸੀ ।

ਪੰਜਾਬ ਦੀਆਂ ਮੰਗਾਂ ਪ੍ਰਤੀ, 80 ਵਿਆਂ ਦੇ ਦਹਾਕੇ ਵਿੱਚ ਵਾਪਰੇ ਸਾਰੇ ਘਟਨਾਕ੍ਰਮ ਵਿੱਚ, ਮੰਗਾਂ ਦਾ ਸਮਰਥਨ ਕਰਨ ਵਾਲੇ ਸਾਰੇ ਸਰਵੋਤਮ, ਮੋਹਰੀ ਪੰਜਾਬੀ ਪੁੱਤ ਸ਼ਹੀਦੀਆਂ ਪਾ ਗਏ ਤੇ ਉਨ੍ਹਾਂ ਮਗਰੋਂ ਹਕੂਮਤ ਦਾ ਸੁੱਖ ਭੋਗਣ ਵਾਲੇ ਸਿਆਸਤਦਾਨਾਂ ਨੇ 'ਪੰਥ' ਉਨ੍ਹਾਂ ਵੱਡੇ ਆਕਾਵਾਂ ਦੀ ਝੋਲੀ ਵਿੱਚ ਪਾ ਛੱਡਿਆ ਜਿਹੜੇ ਪੰਜਾਬ ਦੀਆਂ ਮੰਗਾਂ ਦੇ ਸਭ ਤੋਂ ਵੱਧ ਖ਼ਤਰਨਾਕ ਦੁਸ਼ਮਣ ਸਨ ।

ਉਕਤ ਤਿੰਨ ਪੈਰ੍ਹਿਆਂ ਦਾ ਆਪਸ ਵਿੱਚ ਸਿੱਧਾ ਤਾਂ ਕੋਈ ਸਬੰਧ ਨਹੀਂ ਪਰ ਇਹ ਪੰਜਾਬ ਦੇ ਦੁਖਾਂਤ ਤੇ ਸਿੱਟੇ ਵੱਜੋਂ ਸਾਹਮਣੇ ਆਈ ਪੰਜਾਬ ਦੀ ਨਵੀਂ ਤਬੀਅਤ ਦੀ ਕਹਾਣੀ ਜ਼ਰੂਰ ਕਹਿੰਦੇ ਹਨ । ਇਨ੍ਹਾਂ ਦਾ ਸਬੰਧ ਆਪਸ ਵਿੱਚ ਹੈ ਤੇ ਇਸ ਪੁਸਤਕ ਨਾਲ

ਵੀ ਹੈ । ਇਸ ਪੁਸਤਕ ਵਿੱਚ ਸ਼ਾਮਿਲ ਕੀਤੀ ਗਈ ਸਮੱਗਰੀ ਇੱਕ ਕਲਮ ਤੋਂ ਉਪਜੀ ਹੈ । ਇਸ ਕਲਮ ਨੂੰ ਹੱਥ ਵਿੱਚ ਫੜਨ ਵਾਲਾ 17-18 ਵਰ੍ਹਿਆਂ ਦਾ ਸੀ ਜਦੋਂ 80 ਵਿਆਂ ਦੇ ਦਹਾਕੇ ਦਾ ਅਰੰਭ ਹੋਇਆ ਤੇ ਉਸਦੇ ਵੱਡੇ ਹੋਣ ਦੇ ਨਾਲ ਹੀ ਇਸ ਧਰਤ ਦੀਆਂ ਕੂਕਾਂ ਤੇ ਹੂਕਾਂ ਵੱਡੀਆਂ ਹੋਈਆਂ । ਮੌਜੂਦਾ ਸਮੇਂ ਤੱਕ ਪਹੁੰਚਦਿਆਂ ਜਿਸ ਕਿਸਮ ਦੇ ਉਤਰਾਅ-ਚੜਾਅ ਇਸ ਕਲਮ ਵਾਲੇ ਨੂੰ ਦਿਸੇ ਤੇ ਜੋ ਅਸਰ ਇਸਨੇ ਕਬੂਲੇ ਉਹ ਹਰ ਅਧਿਆਇ ਵਿੱਚੋਂ ਸਪਸ਼ਟ ਨਜ਼ਰ ਆਉਂਦੇ ਹਨ ।

ਕਈ ਥਾਈਂ ਲਗਦਾ ਹੈ ਕਿ ਕੁਝ ਕੱਚਾ ਜਿਹਾ ਸਾਹਮਣੇ ਆ ਗਿਆ ਹੈ ਪਰ ਸੱਚ ਇਹ ਹੈ ਕਿ ਜਿਨ੍ਹਾਂ ਮੌਕਿਆਂ ਦੀ ਗੱਲ ਇਥੇ ਕੀਤੀ ਗਈ ਹੈ, ਜਿਨ੍ਹਾਂ ਪ੍ਰਭਾਵਾਂ ਨੂੰ ਇੱਥੇ ਪੇਸ਼ ਕੀਤਾ ਗਿਆ ਹੈ, ਉਹ ਜਿਵੇਂ ਕਲਮ ਵਾਲੇ ਦੇ ਮਨ ਵਿੱਚ ਜੋ ਪ੍ਰਭਾਵ ਛੱਡ ਗਏ ਹੂ-ਬ-ਹੂ ਇਥੇ ਸ਼ਬਦਾਂ ਵਿੱਚ ਚਿਤਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਸਮਾਂ ਬੀਤਣ ਮਗਰੋ ਸੱਚ ਤਾਂ ਸਾਹਮਣੇ ਆ ਜਾਂਦਾ ਹੈ ਪਰ ਦੁਖਾਂਤ ਇਹ ਹੈ ਕਿ ਪੰਜਾਬ ਦੀ ਇਸ ਧਰਤ ਦੇ ਸੱਚਾਂ ਦੀਆਂ ਵੀ ਕਿਸਮਾਂ ਹੁੰਦੀਆਂ ਹਨ ਤੇ ਇਹ ਵੀ ਲੱਭਣਾ ਪੈਂਦਾ ਹੈ ਕਿ ਜੋ ਸੱਚ ਸਾਡੇ ਸਾਹਮਣੇ ਆਇਆ ਹੈ, ਉਹ ਕਿਸ ਕਿਸਮ ਦਾ ਹੈ । ਪ੍ਰੋਫੈਸਰ ਕੁਲਵੰਤ ਸਿੰਘ ਗਰੇਵਾਲ ਆਪਣੀ ਪੁਸਤਕ 'ਤੇਰਾ ਅੰਬਰਾਂ 'ਚ ਨਾਂ ਲਿਖਿਆ' ਦੇ ਪੰਨਾ 158 ਤੇ ਲਿਖਦੇ ਹਨ ; ਪੰਜਾਬ ਨਾਂ ਕੋਈ ਸੀਮਾ ਨਾ ਅਸੀਮ, ਪੰਜਾਬ ਤਾਂ ਤਕਸੀਮ, ਦਰ ਤਕਸੀਮ ਦਰ ਤਕਸੀਮ !

ਇਹ ਤਕਸੀਮ ਕਿਸੇ ਧਰਤ ਦੇ ਟੁਕੜੇ ਦੀ ਨਹੀਂ ਹੈ, ਤਕਸੀਮ ਤਾਂ ਕਦਰਾਂ ਦੀ ਹੈ,.ਰਿਵਾਇਤਾਂ ਦੀ ਹੈ, ਅਣਖ ਦੀ ਹੈ ਉਂਝ ਇਹ ਸਭ ਲਿਖਦਿਆਂ ਇੰਜ ਵੀ ਲਗਦੈ ਕਿ ਵਿਦੇਸ਼ ਜਾਣ ਦੇ ਨਾਂ 'ਤੇ 'ਮਾਪਿਆਂ' ਤੱਕ ਨੂੰ ਵੇਚਣ ਤੱਕ ਜਾਣ ਵਾਲੇ ਅਸੀਂ ਕਿਹੜੀ 'ਅਣਖ' ਦੀ ਗੱਲ ਕਰ ਸਕਦੇ ਹਾਂ । ਬਹਰਹਾਲ ਤਕਸੀਮ ਹੋਣੀ ਬਣੀ ਪਰ ਗਿਲ੍ਹਾ ਤਾਂ ਉਨ੍ਹਾਂ ਨਾਲ ਹੈ ਜਿਨ੍ਹਾਂ ਤਕਸੀਮਾਂ ਨੂੰ ਮੰਨ ਲਿਆ ਤੇ 'ਆਪਣੇ ਘਰ' ਭਰਨ ਵੱਲ ਤੁਰ ਪਏ ।

ਸ਼ਿਕਵਾ ਉਨ੍ਹਾਂ ਨਾਲ ਹੈ ਜਿਨ੍ਹਾਂ 'ਹਾਅ ਦੇ ਨਾਅਰੇ' ਦਾ ਅਰਥ ਹੀ ਨਾ ਸਮਝਿਆ ਤੇ ਮਹਿਜ਼ 300 ਸਾਲਾਂ ਵਿੱਚ ਇਸਨੂੰ ਝੂਠਾ ਪਾ ਦਿੱਤਾ ।

ਅਰਜਿੰਦਰ ਸਿੰਘ (ਪੀ.ਸੀ.ਐਸ) ਰਿਟਾਇਰਡ

5 ਜਨਵਰੀ, 2008

# ਆਮਦ

ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਜਬਰ-ਜ਼ੁਲਮ ਅਤਿਆਚਾਰ ਦੇ ਜੂਲੇ ਹੇਠੋਂ ਕੱਢਣ ਤੇ ਗਰੀਬ ਮਜ਼ਲੂਮਾਂ ਦੀ ਰਾਖੀ ਕਰਨ ਲਈ ਸਿੱਖੀ ਦਾ ਬੂਟਾ ਲਾਇਆ ਜਿਸ ਰਾਹੀਂ ਲੋਕਾਈ ਨੂੰ ਗੁਰਮਤਿ ਵਿਚਾਰਧਾਰਾ ਤੇ ਸਿਧਾਂਤਕ ਮਾਲਾ ਵਿੱਚ ਪਰੋਣ ਹਿੱਤ ਗੁਰੂ ਸਹਿਬਾਨ ਨੇ 'ਨਿਰਭੈਤਾ ਤੇ ਨਿਰਵੈਰਤਾ' ਦੀ ਗੁੜ੍ਹਤੀ ਦੇ ਕੇ ਜੀਵਣ ਜਾਂਚ ਸਿਖਾਈ ਸੀ । ਇਸ ਲਈ ਸਿੱਖ ਕੌਮ ਨੇ ਗੁਰਮਤਿ ਸਿਧਾਤਾਂ ਉਤੇ ਪਹਿਰਾ ਦਿੰਦਿਆਂ ਹਰ ਜਬਰ-ਜ਼ੁਲਮ ਤੇ ਅੱਤਿਆਚਾਰ ਦਾ ਟਾਕਰਾ ਕੀਤਾ ਅਤੇ ਥੋੜੇ ਹੀ ਸਮੇਂ ਵਿੱਚ ਉਦੋਂ ਦੀਆਂ ਅਣਖੀਲੀਆਂ ਕੌਮਾਂ ਵਿੱਚੋ ਮੋਹਰੀ ਹੋਣ ਦਾ ਪ੍ਰਮਾਣ ਦਿੱਤਾ । ਆਪਣੇ ਆਪ ਨੂੰ ਮੌਜੂਦਾ ਸੰਸਾਰ ਦੇ ਨਾਢੂ ਖਾਂ ਅਖਵਾਉਣ ਵਾਲੇ ਹਿੰਦੁਸਤਾਨੀ ਲੋਕਾਂ ਨੂੰ ਮੁਗਲ ਸਾਮਰਾਜ ਅੱਗੇ ਡੰਡੋਤ-ਬੰਦਨਾਂ ਕਰਨੀ ਪੈਂਦੀ ਸੀ । ਪਰ ਪ੍ਰਥਮ ਪਾਤਸ਼ਾਹ ਦੀ ਨਿਵਾਜੀ ਸਿੱਖ ਕੌਮ ਨੇ ਸਿਧਾਂਤਕ ਤੇ ਵਿਚਾਰਧਾਰਕ ਲੜਾਈ ਲੜਦਿਆਂ ਮੜਕ ਨਾਲ ਛਾਤੀ ਫੈਲਾਕੇ ਤੇ ਧੌਣ ਉਚੀ ਕਰਕੇ ਅਣਖ ਤੇ ਗੈਰਤ ਨਾਲ ਆਪਣਾ ਮਾਣ-ਮੱਤਾ ਇਤਿਹਾਸ ਸਿਰਜਿਆ ।

ਗੁਰੂ ਸਹਿਬਾਨ ਦੀ ਵਿਚਾਰਧਾਰਾ ਦੀ ਜੋਤ ਆਪਣੇ ਦਿਲਾਂ ਵਿੱਚ ਜਗਾਈ ਮਰਜੀਵੜਿਆਂ ਦੀ ਇਹ ਕੌਮ ਜਿੱਥੇ ਦਬੇ-ਕੁਚਲੇ ਲੋਕਾਂ ਨੂੰ ਉਚਾ ਚੁੱਕਣ ਲਈ ਉਪਰਾਲੇ ਕਰਦੀ ਰਹੀ ਉਥੇ ਮਜ਼ਲੂਮਾਂ ਦੀ ਰਾਖੀ ਲਈ ਜਾਬਰਾਂ, ਜ਼ੁਲਮੀਆਂ ਤੇ ਅੱਤਿਆਚਾਰੀਆਂ ਨੂੰ ਵੀ ਲਗਾਤਾਰ ਲਲਕਾਰਦੀ ਰਹੀ ਹੈ । ਇਸੇ ਲਈ ਇਸ ਕੌਮ ਦੇ ਇਤਿਹਾਸ ਦਾ ਖੂਨ ਨਾਲ ਲਿਖਿਆ ਹਰ ਪੰਨਾ ਇਹ ਦਰਸਾਉਂਦਾ ਹੈ ਕਿ ਖੰਡੇ ਦੀ ਧਾਰ ਵਿੱਚੋਂ ਪੈਦਾ ਹੋਈ ਇਹ ਕੌਮ ਨਾ ਸਿਰਫ ਖੰਡੇ ਦੀ ਤਿੱਖੀ ਧਾਰ ਉਤੇ ਚਲਣਾ ਜਾਣਦੀ ਹੈ ਸਗੋਂ ਧਾਰਦਾਰ ਰਾਹ ਤੇ ਤੁਰਨੋਂ ਕਦੇ ਗੁਰੇਜ ਨਹੀਂ ਕਰਦੀ । ਕੁਰਬਾਨੀਆਂ ਭਰੇ ਇਤਿਹਾਸ ਦਾ ਹਰ ਹਰਫ ਇਹ ਦੱਸਦਾ ਹੈ ਕਿ ਸਿੱਖ ਕੌਮ ਨੇ ਹਰ ਜ਼ੁਲਮ ਨੂੰ ਹੱਸ-ਹੱਸਕੇ ਆਪਣੇ ਜਿਸਮ ਉਤੇ ਹੰਢਾਇਆ, ਗਊ-ਗਰੀਬ ਦੀ ਰੱਖਿਆ ਲਈ ਅੱਗੇ ਹੋਕੇ ਛਾਤੀਆਂ ਡਾਹੀਆਂ ਤੇ ਵੱਡੀ ਪੱਧਰ ਉਤੋਂ ਕੁਰਬਾਨੀਆਂ ਦੇ ਕੇ ਉਨ੍ਹਾਂ ਦੀ ਰਾਖੀ ਕਰਦਿਆਂ ਉਸ ਮਾਲਕ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ । ਹਿੰਦੁਸਤਾਨ ਅੰਦਰਲੀ ਬਹੁਗਿਣਤੀ ਨੂੰ ਜਦੋਂ ਮੁਗਲ ਸਲਤਨਤ ਜਬਰੀ ਹਿੱਕ ਦੇ ਜੋਰ ਤੇ ਇਸਲਾਮ ਮੱਤ ਵਿੱਚ ਸ਼ਾਮਲ ਕਰ ਰਹੀ ਸੀ, ਉਸ ਸਮੇਂ ਸਿੱਖ ਕੌਮ ਦੇ ਅੱਤ ਗਿਣਤੀ ਤੇ ਅਣਖੀਲੇ ਜੁਝਾਰੂਆਂ ਦੀ ਬਦੌਲਤ ਹੀ ਹੁਕਮਰਾਨ ਸਲਤਨਤ ਹਿੰਦੂਆਂ ਦਾ ਧਰਮ ਪਰਿਵਰਤਨ ਕਰਵਾਉਣ ਵਿੱਚ ਅਸਫਲ ਹੋਈ ।

ਮੁਗਲ ਸਮਰਾਜ ਸਮੇਂ ਹਿੰਦੁਸਤਾਨ ਦੀ ਕੌਮੀ ਖ਼ਲਕਤ ਭੇਡਾਂ ਦੇ ਇਜੜਾਂ ਵਾਂਗ ਜੂਨ ਕੱਟਦੀ ਅਤੇ ਹਕੂਮਤ ਦੇ ਡਰ ਅੱਗੇ ਨਿਊ ਕੇ ਜਾਨ ਦੀ ਭੀਖ ਮੰਗਦੀ । ਪਰ ਸਿੱਖ ਕੌਮ ਦੀ ਬਦੌਲਤ ਹੀ ਹਿੰਦੁਸਤਾਨੀ ਬਹੁਗਿਣਤੀ ਦੇ ਹੱਥ ਚਮਤਕਾਰੀ ਢੰਗ ਨਾਲ ਆਈ ਰਾਜਸੀ ਤਾਕਤ ਮਗਰੋਂ ਹਿੰਦੂਵਾਦੀ ਹੁਕਮਰਾਨਾਂ ਨੇ ਸਿੱਖ ਕੌਮ ਨੂੰ ਆਪਣੇ ਸਾਹਮਣੇ ਉਸੇ ਤਰ੍ਹਾਂ ਜਿਉਣ ਦੀ ਭੀਖ ਮੰਗਣ ਤੇ ਰੀਂਗ ਕੇ ਤੋਰਨ ਦਾ ਸੁਪਨਾ ਸਿਰਜ ਲਿਆ ਜਿਵੇਂ ਉਹ ਮੁਗਲ ਸਾਮਰਾਜ ਅੱਗੇ ਕਰਦੇ ਰਹੇ ਸਨ ।

ਸਿੱਖ ਕੌਮ ਜਿਸ ਵੇਲੇ ਮੁਗਲਸ਼ਾਹੀ ਦੇ ਜ਼ੁਲਮ ਵਿਰੁੱਧ ਲੜੀ ਉਸ ਸਮੇਂ ਕੌਮਾਂਤਰੀ ਪੱਧਰ ਉਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੀ ਕੋਈ ਜੱਥੇਬੰਦੀ ਨਹੀਂ ਸੀ ਤੇ ਨਾ ਹੀ

ਇਸ ਕਿਸਮ ਦੀ ਕੋਈ ਪ੍ਰਕਿਰਿਆ ਹੀ ਸੀ ਇਸੇ ਕਰਕੇ ਸਮੇਂ ਦੇ ਸ਼ਾਸਕਾਂ ਨੇ ਮਜ਼ਲੂਮਾਂ (ਹਿੰਦੁਸਤਾਨੀ ਬਹੁਗਿਣਤੀ) ਦੀ ਰਾਖੀ ਕਰਦੇ ਸਿੱਖ ਸੰਘਰਸ਼ਾਂ ਨੂੰ ਕੁਚਲਣ ਵਾਸਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਕਰਨ ਤੋਂ ਇਲਾਵਾ ਸਿੱਖ ਜੁਝਾਰੂਆਂ ਦੇ ਬੰਦ-ਬੰਦ ਕੱਟਣ, ਚਰਖੜੀਆਂ ਤੇ ਚਾੜ੍ਹਨ, ਖੋਪਰੀਆਂ ਉਤਾਰਨ, ਦੇਗਾਂ ਵਿੱਚ ਉਬਾਲਣ, ਆਰਿਆਂ ਨਾਲ ਚੀਰਨ, ਆਦਿ ਵਰਗੀਆਂ ਦਰਦਨਾਕ ਸਜ਼ਾਵਾਂ ਦਿੱਤੀਆਂ, ਜਿਸ ਵਿੱਚੋਂ ਸਿੱਖੀ ਅਡੋਲ ਨਿਕਲੀ। ਉੱਝ ਧਿਆਨ ਦੇਣ ਯੋਗ ਗੱਲ ਹੈ ਕਿ ਸਿੱਖਾਂ ਦੇ ਮਨਾਂ ਵਿੱਚ ਇਹ ਗੱਲ ਕਦੇ ਵੀ ਨਹੀਂ ਆਈ ਕਿ ਹਿੰਦੁਸਤਾਨੀ ਬਹੁਗਿਣਤੀ ਦੇ ਹੱਥ ਜਦੋਂ ਕਦੇ ਸਿਆਸੀ ਤੇ ਰਾਜਸੀ ਤਾਕਤ ਆਈ ਤਾਂ ਉਹ ਮੁਗਲ ਸਾਮਰਾਜ ਵੱਲੋਂ ਕੀਤੇ ਜ਼ੁਲਮ ਨੂੰ ਮਾਤ ਪਾ ਦੇਵੇਗੀ।

ਸਮਾਂ ਆਪਣੀ ਚਾਲੇ ਚੱਲਦਾ ਗਿਆ ਤੇ ਸਿੱਖ ਕੌਮ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਉਤੇ ਪਹਿਰਾ ਦਿੰਦੀ ਹੋਈ ਮੁਗਲ ਸਾਮਰਾਜੀਆਂ ਦੇ ਜਬਰ ਮਗਰੋਂ ਅੰਗਰੇਜ਼ ਸਾਮਰਾਜ ਦੇ ਹਰ ਜ਼ੁਲਮ ਨੂੰ ਆਪਣੇ ਤਨ ਤੇ ਹੰਢਾ ਕੇ ਅੱਗੇ ਵਧੀ। ਸਿੱਖ ਕੌਮ ਦੀਆਂ ਲਾ-ਮਿਸਾਲ ਕੁਰਬਾਨੀਆਂ ਅੱਗੇ ਅੰਗਰੇਜ਼ ਹਕੂਮਤ ਦੀ ਵੀ ਦਾਲ ਨਾ ਗਲੀ ਪਰ ਉਨੀਵੀਂ ਤੇ ਵੀਹਵੀਂ ਸਦੀ ਵਿੱਚ ਸਿਰਫ ਅੰਗਰੇਜ਼ਾਂ ਨਾਲ ਲੜਦਿਆਂ ਉਨ੍ਹਾਂ ਵੱਲੋਂ 1947 ਵਿੱਚ ਦਿੱਤੀ ਆਜ਼ਾਦੀ ਮਗਰੋਂ ਵੀ ਸਿੱਖ ਕੌਮ ਨੂੰ ਸੰਤਾਪ ਹੰਡਾਉਣਾ ਪਿਆ। ਵੰਡ ਦਾ ਸੱਲ ਸਹਿੰਦਿਆਂ ਦੇਸ਼ ਦੀ ਆਜ਼ਾਦੀ ਮਗਰੋਂ ਵੀ ਸਿੱਖ ਕੌਮ ਨੇ ਜਦੋਂ ਕਦੇ ਆਪਣੇ ਹੱਕਾਂ ਦੀ ਗੱਲ ਕੀਤੀ ਉਦੋਂ ਹੀ ਉਹਨਾਂ ਨੂੰ ਦੇਸ਼ ਦੇ ਹਾਕਮਾਂ ਨੇ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਹਿੰਦ ਸਰਕਾਰ ਨੇ ਦੇਸ਼ ਦੀ ਆਜ਼ਾਦੀ ਲਈ 85% ਕੁਰਬਾਨੀਆਂ ਦੇਣ ਵਾਲੇ ਸਿੱਖਾਂ ਨੂੰ ਹਰ ਖੇਤਰ ਵਿੱਚ ਸਿਰਫ ਪਛਾੜਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਸਗੋਂ ਸਿੱਖ ਕੌਮ ਨਾਲ ਹਰ ਪੱਖੋਂ ਬੇ-ਇਨਸਾਫੀ ਕਰਨ ਵਿੱਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਆਪਣੀਆਂ ਹੱਕੀ ਮੰਗਾਂ ਲਈ ਸਿੱਖਾਂ ਤੇ ਪੰਜਾਬੀਆਂ ਨੂੰ ਮੋਰਚਿਆਂ ਤੇ ਅੰਦੋਲਨਾਂ ਨਾਲ ਆਪਣੀ ਆਵਾਜ਼ ਬੁਲੰਦ ਕਰਨੀ ਹੀ ਪਈ ਪਰ ਉਸ ਵੇਲੇ ਦੇ ਹੁਕਮਰਾਨਾਂ ਦਾ ਜੋ ਵਤੀਰਾ ਸਿੱਖਾਂ

ਦੇ ਸੰਘਰਸ਼ਾਂ ਬਾਰੇ ਸੀ ਉਸਦਾ ਅੰਦਾਜ਼ਾ ਸਤੰਬਰ 1966 ਵਿੱਚ ਕੇਂਦਰੀ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਦੇ ਲੋਕ ਸਭਾ ਵਿੱਚ ਦਿੱਤੇ ਉਸ ਬਿਆਨ ਤੋਂ ਸਹਿਜੇ ਹੀ ਲੱਗ ਜਾਂਦਾ ਹੈ ਜਿਸ ਵਿੱਚ ਉਸਨੇ ਪੰਜਾਬੀ ਸੂਬੇ ਦੀ ਮੰਗ ਬਾਰੇ ਕਿਹਾ, "ਮੈਂ ਸਿੱਖਾਂ ਨੂੰ ਅਜਿਹਾ ਸੂਬਾ ਦਿਆਂਗਾ ਕਿ ਉਹ ਯਾਦ ਕਰਕੇ ਰੋਇਆ ਕਰਨਗੇ।' ਇਸੇ ਉਤੇ ਅਮਲ ਕਰਦਿਆਂ ਨਵੰਬਰ,1966 ਵਿੱਚ ਕੇਂਦਰ ਸਰਕਾਰ ਨੇ ਪੰਜਾਬ ਨੂੰ ਕੱਟ ਵੱਢ ਕੇ ਬੌਣਾ ਜਿਹਾ ਬਣਾ ਦਿੱਤਾ। ਉਸ ਵੰਡ ਵਿੱਚੋਂ ਉਤਪੰਨ ਹੋਏ ਪੰਜਾਬੀ ਬੋਲਦੇ ਇਲਾਕਿਆਂ, ਪਾਣੀਆਂ ਤੇ ਰਾਜਧਾਨੀ ਆਦਿ ਸਿੱਖਾਂ ਦੇ ਮਸਲੇ ਕਦੇ ਹੱਲ ਨਾ ਕੀਤੇ ਸਗੋਂ ਸਿੱਖਾਂ ਨੂੰ ਮੰਗਾਂ ਮੰਗਣ ਬਦਲੇ ਅੱਤਵਾਦੀ, ਵੱਖਵਾਦੀ, ਦਹਿਸ਼ਤਗਰਦ ਦੱਸਕੇ ਨੌਜਵਾਨਾਂ ਨੂੰ ਅੱਤਿਆਚਾਰ ਦਾ ਅਜਿਹਾ ਨਿਸ਼ਾਨਾ ਬਣਾਇਆ ਕਿ ਹਿੰਦਸਤਾਨੀ ਹਕੂਮਤ ਦੇ ਅੱਤਿਆਚਾਰ ਨ ਮੁਗਲ ਜਰਵਾਣਿਆਂ ਦੇ ਅੱਤਿਆਚਾਰ ਨੂੰ ਮਾਤ ਪਾ ਦਿੱਤੀ।

ਕੇਂਦਰ ਸਰਕਾਰ ਨੇ ਸਿੱਖਾਂ ਦੇ ਸ਼ਾਨਾ-ਮੱਤੇ ਤੇ ਕੁਰਬਾਨੀਆਂ ਭਰੇ ਇਤਿਹਾਸ ਨਾਲ ਲੋਹਾ ਲੈਂਦਿਆਂ ਸਿੱਖਾਂ ਨੂੰ ਜਿਵੇਂ ਖਤਮ ਕਰਨ ਦਾ ਬੀੜਾ ਚੁੱਕ ਲਿਆ ਤੇ ਸਿੱਖੀ ਉਤੇ ਪਹਿਲੇ ਨਿੱਗਰ ਅਤੇ ਸ਼ਰੇਆਮ ਹਮਲੇ ਵੱਜੋਂ 1984 ਵਿੱਚ ਸਿੱਖਾਂ ਵਿੱਚ ਸਭ ਤੋਂ ਵੱਧ ਸਤਿਕਾਰੇ ਜਾਂਦੇ ਧਾਰਮਿਕ ਸਥਾਨ ਸ੍ਰੀ ਹਰਮਿੰਦਰ ਸਾਹਿਬ ਅਤੇ ਗੁਰੂਆਂ ਵੱਲੋਂ ਨਿਵਾਜੇ ਮੀਰੀ-ਪੀਰੀ ਦੇ ਸਰਵਉਚ ਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਬਹੁਤ ਸਾਰੇ ਗੁਰੂ ਘਰਾਂ ਉਤੇ ਫੌਜੀ ਕਾਰਵਾਈ ਕਰਕੇ ਸਿੱਖਾਂ ਨੂੰ ਉਸੇ ਹੀ ਘਰ ਵਿੱਚ ਜਿਸ ਨੂੰ ਉਸਾਰਨ ਅਤੇ ਫਿਰ ਆਜ਼ਾਦ ਕਰਵਾਉਣ ਵਿੱਚ ਉਹਨਾਂ ਨੇ ਅਣਗਿਣਤ ਕੁਰਬਾਨੀਆਂ ਦਿੱਤੀਆਂ। ਦੇਸ਼ ਦੇ ਹੁਕਮਰਾਨਾਂ ਵੱਲੋਂ ਹੱਕ ਮੰਗਦੇ ਉਹਨਾਂ ਹੀ ਸਿੱਖਾਂ ਨੂੰ ਕੋਹ-ਕੋਹ ਕੇ ਮੌਤ ਦੇ ਘਾਟ ਉਤਾਰਿਆ ਗਿਆ। ਜੂਨ,1984 ਵਿੱਚ ਸ਼ਹੀਦੀ ਦਿਵਸ ਦੇ ਦਿਨਾਂ ਵਿੱਚ ਜਦੋਂ ਸਿੱਖ ਸ਼ਰਧਾਲੂ ਗੁਰਦੁਆਰਿਆਂ ਵਿੱਚ ਅਕਾਲ ਪੁਰਖ ਦਾ ਸ਼ੁਕਰਾਨਾਂ ਕਰ ਰਹੇ ਸਨ। ਹਿੰਦੁਸਤਾਨੀ ਹਕੂਮਤ ਦੇ ਹੱਲੇ ਵਿੱਚ ਹਜ਼ਾਰਾਂ ਨਿਰਦੋਸ਼ ਸਿੰਘ ਤੇ ਸਿੰਘਣੀਆਂ, ਮਸੂਮ ਬੱਚੇ ਤੇ ਨੌਜਵਾਨ ਸ਼ਹੀਦ ਹੋਏ । ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੋਲੀਆਂ ਲੱਗੀਆਂ,

ਸਿੱਖ ਇਤਿਹਾਸ ਨੂੰ ਦਰਸਾਉਂਦੇ ਸਿੱਖ ਅਜਾਇਬ ਘਰ ਤੇ ਤੋਸ਼ਾਖਾਨੇ ਨੂੰ ਅਗਨ ਭੇਟ ਕੀਤਾ ਗਿਆ ਜਿੱਥੇ ਗੁਰੂ ਸਹਿਬਾਨ ਦੀਆਂ ਇਤਿਹਾਸਕ ਨਿਸ਼ਾਨੀਆਂ ਪਈਆਂ ਸਨ । ਕੇਂਦਰ ਦੇ ਇਸ਼ਾਰਿਆਂ ਉਤੇ ਸਿੱਖ ਇਤਿਹਾਸ ਦਾ ਕੀਮਤੀ ਖ਼ਜ਼ਾਨਾ ਸਾੜਿਆ ਵੀ ਗਿਆ ਤੇ ਲੁਟਿਆ ਵੀ ਗਿਆ । ਇਸ ਹਮਲੇ ਕਾਰਨ ਸਿੱਖਾਂ ਦੇ ਮਨਾਂ ਵਿੱਚ ਨਾ ਸੰਭਾਲਣ ਯੋਗ ਰੋਸ ਪੈਦਾ ਹੋ ਗਿਆ ਤੇ ਜਜ਼ਬਾਤੀ ਹੋਏ ਭਾਈ ਬੇਅੰਤ ਸਿੰਘ ਤੇ ਭਾਈ ਸਤਵੰਤ ਸਿੰਘ ਨੇ ਤਤਕਾਲੀ ਹੁਕਮਰਾਨ ਇੰਦਰਾ ਗਾਂਧੀ ਨੂੰ ਗੋਲੀਆਂ ਮਾਰਕੇ ਮਾਰ ਸੁਟਿਆ । ਇਸ ਜਜ਼ਬਾਤੀ ਕਾਰਵਾਈ ਦੀ ਕੀਮਤ ਦੇਸ਼ ਭਰ ਦੇ ਸਿੱਖਾਂ ਨੂੰ ਕੇਂਦਰੀ ਹਕੂਮਤ ਤੇ ਹੁਕਮਰਾਨ ਪਾਰਟੀ ਦੀ ਵਹਿਸ਼ੀ ਸਾਜ਼ਿਸ ਅਧੀਨ ਗਲਾਂ ਵਿੱਚ ਟਾਇਰ ਪਾਕੇ ਅੱਗਾਂ ਲਾਏ ਜਾਣ, ਗਲੀਆਂ ਬਜ਼ਾਰਾਂ ਵਿੱਚ ਸਾੜ-ਮਾਰ ਕੇ, ਧੀਆਂ-ਭੈਣਾਂ ਦੀਆਂ ਇੱਜ਼ਤਾਂ ਲੁੱਟੇ ਜਾਣ, ਛੋਟੇ-ਛੋਟੇ ਬੱਚਿਆਂ ਨੂੰ ਗੋਲੀਆਂ ਨਾਲ ਮਾਰੇ ਜਾਣ ਤੇ ਨੇਜਿਆਂ ਉਤੇ ਟੰਗ ਕੇ ਤਾਂਡਵ ਨਾਚ, ਸਿੱਖਾਂ ਦੇ ਕਾਰੋਬਾਰ, ਘਰ, ਟਰਾਂਸਪੋਰਟਾਂ ਤੇ ਫੈਕਟਰੀਆਂ ਸਾੜੇ ਜਾਣ ਦੇ ਰੂਪ ਵਿੱਚ ਚੁਕਾਉਣੀ ਪਈ । ਇਹ ਸਾਰਾ ਵਹਿਸ਼ੀਪਣ ਨਾ ਸਿਰਫ ਦਿੱਲੀ ਸਗੋਂ ਦੇਸ਼ ਵਿਚਲੀ ਹੁਕਮਰਾਨ ਪਾਰਟੀ ਦੀ ਹਕੂਮਤ ਵਾਲੇ ਹਰ ਸੂਬੇ ਵਿੱਚ ਹੀ ਸਾਹਮਣੇ ਆਇਆ । ਸਿੱਖਾਂ ਦੇ ਸ਼ਿਕਾਰੀਆਂ ਨੂੰ ਮਗਰੋਂ ਵਜ਼ੀਰੀਆਂ ਤੇ ਤਰੱਕੀਆਂ ਦੇ ਕੇ ਨਿਵਾਜਿਆ ਗਿਆ । 1984 ਤੋਂ ਮਗਰੋਂ ਪੰਜਾਬ ਵਿੱਚ ਵਿਚਰਦੇ ਸੁਰੱਖਿਆ ਦਸਤਿਆਂ ਵਲੋਂ ਸਿੱਖ ਨੌਜਵਾਨਾਂ ਨੂੰ ਕੋਹ-ਕੋਹ ਕੇ ਮਾਰਨ ਦੀਆਂ, ਧੀਆਂ-ਭੈਣਾਂ ਨੂੰ ਬੇਪਤ ਕਰਨ ਦੀਆਂ ਤੇ ਬਜ਼ੁਰਗਾਂ ਦੀਆਂ ਪੱਗਾਂ ਥਾਣਿਆਂ ਵਿੱਚ ਰੋਲਣ ਦੀਆਂ ਅਣਗਿਣਤ ਘਟਨਾਵਾਂ ਸਿਰੇ ਚਾੜ੍ਹੀਆਂ ਗਈਆਂ ਤੇ ਫਿਰ 1990 ਤੋਂ 1994 ਤੱਕ ਪੁਲੀਸ ਦਸਤਿਆਂ ਵੱਲੋਂ ਦਿਨ-ਰਾਤ ਨੌਜਵਾਨਾਂ ਘਰਾਂ ਵਿੱਚੋਂ ਚੁੱਕ-ਚੁੱਕ ਕੇ ਉਹਨਾਂ ਉਤੇ ਜੋ ਜ਼ੁਲਮ ਢਾਹਿਆ ਉਹ ਮੁਗਲ ਜਰਵਾਣਿਆਂ ਦੇ ਜ਼ੁਲਮ ਤੋਂ ਕਿੱਤੇ ਵੱਧ ਸੀ । ਇਸੇ ਦੌਰਾਨ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੀਆਂ ਸਰਕਾਰੀ ਤੇ ਗੈਰ-ਸਰਕਾਰੀ ਜਥੇਬੰਦੀਆਂ ਵੀ ਲੱਗਭੱਗ ਖਾਮੋਸ਼ ਹੀ ਰਹੀਆਂ । ਕੌਮਾਂਤਰੀ ਪੱਧਰ ਤੇ ਮਨੁੱਖੀ ਅਧਿਕਾਰਾਂ ਦੀਆਂ ਰਾਖੀ ਕਰਨ ਵਾਲੀਆਂ ਸੰਸਥਾਵਾਂ ਨੇ ਵੀ

ਸਿੱਖਾਂ ਉਤੇ ਹੋਏ, ਦਿਲ-ਕੰਬਾਊ ਅੱਤਿਆਚਾਰ ਵਿਰੁੱਧ ਆਵਾਜ਼ ਕੱਢਣ ਦਾ ਕੋਈ ਉਪਰਾਲਾ ਨਹੀਂ ਕੀਤਾ । ਪੰਜਾਬ ਵਿੱਚ ਵੱਖ-ਵੱਖ ਥਾਣਿਆਂ ਤੇ ਹੋਰ ਥਾਵਾਂ ਉਤੇ ਚਲਦੇ ਇਨਟੈਰੋਗੇਸ਼ਨ ਸੈਂਟਰਾਂ ਵਿੱਚ ਜੋ ਅੱਤਿਆਚਾਰ ਹੋਇਆ ਹੈ ਉਸਨੂੰ ਬਿਆਨ ਕਰ ਸਕਣਾ ਤਾਂ ਬਹੁਤੀ ਵਾਰ ਵਸ ਤੋਂ ਬਾਹਰ ਹੀ ਹੋ ਜਾਂਦਾ ਹੈ । ਪੁਲੀਸ ਤਸ਼ੱਦਦ ਵਿੱਚ ਵਰਤੇ ਜਾਂਦੇ ਤਰੀਕਿਆਂ ਵਿੱਚ ਨੌਜਵਾਨਾਂ ਦੇ ਨਹੁੰ ਖਿੱਚ-ਖਿੱਚ ਕੇ ਉਤਾਰਨੇ, ਪ੍ਰੈਸਾਂ ਲਾ ਕੇ ਜਿਸਮ ਨੂੰ ਸਾੜਨਾ, ਲੋਹੇ ਦੇ ਸਰੀਏ ਗਰਮ ਕਰਕੇ ਗੁਪਤ ਅੰਗਾਂ ਵਿੱਚੋਂ ਲੰਘਾਉਣੇ, ਉਬਲਦੇ ਪਾਣੀ ਵਿੱਚ ਡੋਬ ਕੇ ਹੱਡੀਆਂ ਨਾਲੋਂ ਮਾਸ ਉਤਾਰਨਾ, ਆਦਿ ਸਨ । ਬਹੁਤੇ ਸਿੰਘ ਪੁਲੀਸ ਦੇ ਇਸ ਅਸਹਿ ਤੇ ਅਕਹਿ ਜ਼ੁਲਮ ਅੱਗੇ ਪ੍ਰਾਣ ਹੀ ਤਿਆਗ ਗਏ ਤੇ ਪੁਲੀਸ ਨੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਵਾਰਸਾਂ ਦੇ ਹਵਾਲੇ ਨਾ ਕਰਕੇ, ਅੱਤਿਆਚਾਰ ਤੋਂ ਪਰਦਾ ਚੁਕਾਉਣ ਤੋਂ ਗੁਰੇਜ਼ ਕਰਦਿਆਂ ਉਹਨਾਂ ਨੂੰ ਲਾਵਾਰਿਸ ਦੱਸਕੇ ਉਹਨਾਂ ਦਾ ਵੱਖ-ਵੱਖ ਸ਼ਮਸ਼ਾਨਘਾਟਾਂ ਵਿੱਚ ਸਸਕਾਰ ਕਰਕੇ ਬੁੱਤਾ ਸਾਰ ਲਿਆ ।

ਤਰਨ ਤਾਰਨ ਦੇ ਵਾਸੀ ਤੇ ਮਨੁੱਖੀ ਅਧਿਕਾਰਾਂ ਦੇ ਪੈਰੋਕਾਰ ਸਰਦਾਰ ਜਸਵੰਤ ਸਿੰਘ ਖਾਲੜਾ, ਪੁਲੀਸ ਵੱਲੋਂ ਲਾਵਾਰਿਸ ਦੱਸਕੇ ਸਾੜੀਆਂ ਗਈਆਂ ਲਾਸ਼ਾਂ ਦਾ ਪਾਜ ਉਘੇੜਨ ਲਈ ਨਿਕਲ ਤੁਰਿਆ ਤੇ ਪੁਲੀਸ ਨੇ ਉਸੇ ਜਸਵੰਤ ਸਿੰਘ ਖਾਲੜਾ ਨੂੰ ਲਾਵਾਰਿਸ ਲਾਸ਼ ਬਣਾਕੇ ਹਰੀਕੇ ਪੱਤਣ ਵਿਖੇ ਦਰਿਆ ਵਿੱਚ ਰੋੜ੍ਹ ਦਿੱਤਾ । ਮਗਰੋਂ ਪੰਜਾਬ ਨੂੰ ਅੱਗ ਦੀਆਂ ਲਾਟਾਂ ਦੇ ਹਵਾਲੇ ਕਰਕੇ ਪੰਜਾਬ ਵਿੱਚ ਕੰਮ ਕਰਦੀਆਂ ਸਰਕਾਰੀ ਤੇ ਗੈਰ-ਸਰਕਾਰੀ ਏਜੰਸੀਆਂ ਨੇ ਸੰਘਰਸ਼ ਦੇ ਰਾਹ ਤੁਰੇ ਨੌਜਵਾਨਾਂ ਨੂੰ ਪਹਿਲਾਂ ਆਪਸ ਵਿੱਚ ਲੜਾਇਆ ਤੇ ਫਿਰ ਕਤਲੋਗਾਰਤ ਕਰਕੇ ਦੋਸ਼ ਉਹਨਾਂ ਦੇ ਸਿਰ ਮੜ੍ਹਿਆ । ਪੁਲੀਸ ਅਧਿਕਾਰੀਆਂ ਵੱਲੋਂ ਲੋਕਾਂ ਨਾਲ ਰਾਬਤਾ ਕਾਇਮ ਕਰਕੇ ਦਹਿਸ਼ਤ ਦੇ ਨਾਮ ਤੇ ਸੌਦੇ-ਬਾਜ਼ੀਆਂ ਰਾਹੀਂ ਮੋਟੀਆਂ ਰਕਮਾਂ ਵਸੂਲੇ ਜਾਣ ਤੇ ਜਾਇਦਾਦਾਂ ਉਤੇ ਕਬਜੇ ਕੀਤੇ ਜਾਣ ਦੀਆਂ ਘਟਨਾਵਾਂ ਵੀ ਵੱਡੀ ਗਿਣਤੀ ਵਿੱਚ ਸਾਹਮਣੇ ਆਈਆਂ । ਸੰਘਰਸ਼ਸ਼ੀਲ ਨੌਜਵਾਨਾਂ ਨੇ ਇਸੇ ਦੌਰਾਨ ਸਮਾਜਿਕ ਤੇ ਆਰਥਿਕ ਪੱਖੋਂ ਆਮ ਲੋਕਾਂ ਲਈ ਲਾਹੇਵੰਦ ਪ੍ਰੋਗਰਾਮ

ਵੀ ਆਰੰਭੇ ਜਿਨ੍ਹਾਂ ਵਿੱਚੋਂ ਵਿਆਹੀਆਂ ਕੁੜੀਆਂ ਨੂੰ ਉਹਨਾਂ ਦੇ ਸਹੁਰੇ ਪਰਿਵਾਰਾਂ ਵੱਲੋਂ ਤੰਗ ਪ੍ਰੇਸ਼ਾਨ ਕੀਤੇ ਜਾਣ ਦੀ ਵਿਰੋਧਤਾ, ਗਿਆਰਾਂ ਵਿਅਕਤੀਆਂ ਤੋਂ ਵੱਧ ਬਰਾਤ ਨਾ ਲੈ ਕੇ ਜਾਣ ਦੇਣੀ, ਦਾਜ-ਦਹੇਜ ਨਾ ਲੈਣ ਨਾ ਦੇਣ, ਮੀਟ-ਸ਼ਰਾਬ ਦੀ ਮਨਾਹੀ ਅਤੇ ਛੱਡੀਆਂ ਹੋਈਆਂ ਧੀਆਂ ਨੂੰ ਮੁੜ ਵਸਾਉਣ ਆਦਿ ਵਰਗੇ ਕੰਮ ਸ਼ਾਮਲ ਸਨ। ਜਿਨ੍ਹਾਂ ਨਾਲ ਆਮ ਤੇ ਗਰੀਬ ਲੋਕਾਂ ਨੂੰ ਰਾਹਤ ਮਿਲਣੀ ਸ਼ੁਰੂ ਹੋ ਗਈ ਪਰ ਸਰਕਾਰ ਨੂੰ ਇਹ ਬਾਜ਼ੀ ਹੱਥੋਂ ਨਿਕਲਣ ਦੀ ਕਾਰਵਾਈ ਲੱਗੀ ਤੇ ਸੰਘਰਸ਼ਸ਼ੀਲ ਨੌਜਵਾਨਾਂ ਦੀ ਖਿਲਾਫਤ ਲਈ ਹੁਕਮਰਾਨਾਂ ਨੇ ਹੋਰ ਹਥਕੰਡੇ ਵਰਤਣੇ ਸ਼ੁਰੂ ਕਰ ਦਿੱਤੇ।

ਇਕ ਪੁਲੀਸ ਅਫਸਰ ਦੀ ਜ਼ੁਬਾਨੀ ਕਈ ਦਹਿਸਤੀ ਘਟਨਾਵਾਂ ਪਿੱਛੇ ਸਰਕਾਰੀ ਤੇ ਗੈਰ-ਸਰਕਾਰੀ ਏਜੰਸੀਆਂ ਸਨ ਜਿਹਨਾਂ ਨੂੰ ਸਿੱਖਾਂ ਨੂੰ ਦੁਨੀਆ ਭਰ ਵਿੱਚ ਬਦਨਾਮ ਕਰਨ ਦਾ ਕੰਮ ਸੌਂਪਿਆ ਗਿਆ ਸੀ ਤੇ ਉਹਨਾਂ ਹੀ ਇਸ ਸਾਰੀ ਤਾਣੀ ਨੂੰ ਉਲਝਾਇਆ ਸੀ। ਲੋਟੂ ਟੋਲਿਆਂ ਰਾਹੀ ਲੁੱਟਾਂ-ਖੋਹਾਂ ਕਰਵਾਕੇ ਖਾੜਕੂਆਂ ਦਾ ਨਾਮ ਰੱਖਿਆ ਜਾਂਦਾ ਸੀ, ਕੁਝ ਥਾਵਾਂ ਉਤੇ ਸਮੂਹਿਕ ਹੱਤਿਆਵਾਂ, ਜਬਰ-ਜਨਾਹ ਕਰਵਾਕੇ ਇਹ ਘਟਨਾਵਾਂ ਚੋਟੀ ਦੇ ਖਾੜਕੂਆਂ ਦੇ ਜਿੰਮੇ ਲਗਾਈਆਂ ਗਈਆਂ ਜਿਸ ਨਾਲ ਖਾੜਕੂ ਗੁੱਟਾਂ ਵਿਚਾਲੇ ਵੀ ਆਪਸੀ ਨਫਰਤ ਪੈਦਾ ਹੋਈ ਤੇ ਕੁਝ ਖਾੜਕੂ ਉਸ ਆਪਸੀ ਖਹਿਬਾਜ਼ੀ ਵਿੱਚ ਮਾਰੇ ਗਏ।

ਪੰਜਾਬ ਵਿੱਚ ਨੌਜਵਾਨਾਂ ਤੇ ਹਕੂਮਤ ਵਿਚਲੇ ਲੰਬੇ ਸੰਘਰਸ਼ ਵਿੱਚ ਬਹੁਤ ਸਾਰੇ ਨੌਜਵਾਨਾਂ ਦੇ ਜਾਇਜ਼-ਨਜਾਇਜ਼ ਮਾਰੇ ਜਾਣ ਮਗਰੋਂ ਪੰਜਾਬ ਵਿੱਚ ਸੰਘਰਸ਼ਸ਼ੀਲ ਨੌਜਵਾਨਾਂ ਦਾ ਸੰਘਰਸ਼ ਬੇ-ਸਿੱਟਾ ਹੀ ਵਿਚਾਲੇ ਰੁਕ ਗਿਆ। ਮਗਰੋਂ ਪੰਜਾਬ ਵਿੱਚ ਸਥਾਪਤ ਸਰਕਾਰਾਂ ਨੇ ਸੂਬੇ ਵਿੱਚ ਸ਼ਾਂਤੀ ਸਥਾਪਨਾ ਦੇ ਦਾਅਵੇ ਵੀ ਕੀਤੇ ਤੇ ਆਪਣੀਆਂ ਪਿੱਠਾਂ ਵੀ ਆਪੇ ਹੀ ਥਾਪੜੀਆਂ ਪਰ ਪੁਲੀਸ ਤੇ ਸੁਰੱਖਿਆਂ ਫੋਰਸਾਂ ਦੀ ਨਫਰੀ ਤੇ ਕੰਮ-ਕਾਜ ਦੇ ਢੰਗ ਉਸੇ ਤਰ੍ਹਾਂ ਹੀ ਜਾਰੀ ਰਹੇ। ਉਹਨਾਂ ਦੇ ਤਸ਼ੱਦਦ ਨੂੰ ਮਹੌਲ ਠੀਕ ਕਰਨ ਦੀ ਕਾਰਵਾਈ ਕਹਿਕੇ ਨਿਵਾਜਿਆ ਵੀ ਗਿਆ ਤੇ ਕੁੱਝ ਕੁ ਸੰਸਥਾਵਾਂ ਨੇ ਕਈ ਘਟਨਾਵਾਂ ਨੂੰ ਸਾਹਮਣੇ ਲਿਆ ਕੇ ਇਹਨਾਂ ਖਿਲਾਫ ਅਦਾਲਤੀ ਕਾਰਵਾਈ ਦੀ ਕੋਸ਼ਿਸ਼ ਵੀ ਕੀਤੀ ਪਰ ਸਰਕਾਰਾਂ

ਦੇ ਲੰਬੇ ਹੱਥਾਂ ਨੇ ਅਜਿਹਾ ਸਭ ਕੁਝ ਅਸਿੱਧੇ ਢੰਗ ਨਾਲ ਵੀ ਨੱਪ ਲਿਆ ।

ਉਪਰੋਕਤ ਵਰਤਾਰਿਆਂ ਦੀ ਪਿੱਠ-ਭੂਮੀ ਵਿੱਚ ਜਿਕਰਯੋਗ ਹੈ ਕਿ ਇਸ ਵਿੱਚ ਦਰਸਾਏ 'ਖਪਾਏ ਗਏ' ਤੇ 'ਮਾਰੇ ਗਏ' ਵਿਅਕਤੀਆਂ ਸਬੰਧੀ ਤੱਥ ਉਹਨਾਂ ਦੇ ਪਰਿਵਾਰਕ ਸੂਤਰਾਂ ਨਾਲ ਨਿੱਜੀ ਤੌਰ ਉਤੇ ਸੰਪਰਕ ਕਰਕੇ ਇਕੱਠੇ ਕੀਤੇ ਗਏ ਹਨ ।

'ਗੁਰਨਾਮ ਸਿੰਘ ਚੌਹਾਨ'


ਵਿਰਵਾ



ਹਿੰਦੁਸਤਾਨੀ ਫੌਜ ਦੀ ਗੋਲਾਬਾਰੀ ਨਾਲ
ਨੁਕਸਾਨਿਆ ਸ੍ਰੀ ਅਕਾਲ ਤਖ਼ਤ ਸਾਹਿਬ

# '84 ਦਾ ਦਰਦ

ਕੇਂਦਰ ਸਰਕਾਰ ਨੇ ਘੱਟ ਗਿਣਤੀ ਸਿੱਖਾਂ ਨੂੰ ਦਬਾਅ ਕੇ ਰੱਖਣ ਲਈ ਸਿੱਖਾਂ ਨੂੰ ਕਾਬੂ ਕਰਨ ਦੇ ਹੱਥਕੰਡੇ ਆਜ਼ਾਦੀ ਤੋਂ ਇਕਦਮ ਮਗਰੋਂ ਹੀ ਵਰਤਣੇ ਸ਼ੁਰੂ ਕਰ ਦਿੱਤੇ ਸਨ। ਇਸੇ ਅਧੀਨ ਦੇਸ਼ ਦੀ ਆਜ਼ਾਦੀ ਵਿੱਚ 85% ਕੁਰਬਾਨੀਆਂ ਦੇਣ ਵਾਲੇ ਸਿੱਖਾਂ ਨੇ ਜਦੋਂ ਵੀ ਕਦੇ ਆਪਣੇ ਹੱਕਾਂ ਦੀ ਮੰਗ ਕੀਤੀ, ਕੇਂਦਰ ਸਰਕਾਰ ਨੇ ਉਹਨਾਂ ਉਤੇ ਜਬਰ-ਜ਼ੁਲਮ ਕਰਕੇ ਉਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਸਿੱਖ ਕੌਮ ਨੂੰ ਜਦੋਂ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਰੂਪ ਵਿੱਚ ਆਗੂ ਮਿਲਿਆ ਜੋ ਕੌਮ ਦੀ ਨਬਜ਼ ਉਤੇ ਹੱਥ ਰੱਖਕੇ ਅਗਵਾਈ ਕਰਨ ਲਈ ਤਿਆਰ ਸੀ ਤਾਂ ਕੇਂਦਰ ਸਰਕਾਰ ਨੇ ਘੱਟ ਗਿਣਤੀ ਸਿੱਖ ਕੌਮ ਦਾ ਨਾਸ਼ ਕਰਨ ਦੇ ਇਰਾਦੇ ਨਾਲ 1984 ਵਿੱਚ ਸਿਫਤੀ ਦੇ ਘਰ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਪੰਜਾਬ ਦੇ 34 ਗੁਰੂ ਘਰਾਂ ਉਤੇ ਫੌਜ ਭੇਜ ਕੇ ਨਿਹੱਥੇ ਸਿੱਖਾਂ ਨੂੰ ਮਰਵਾਇਆ। ਇਸ ਸਾਕੇ ਨੂੰ ਸਰਕਾਰ ਨੇ 'ਨੀਲਾ ਤਾਰਾ' ਦਾ ਨਾਮ ਦਿੱਤਾ ਜਿਸਦਾ ਸੇਕ ਵਹਿੰਦੇ

ਹੰਝੂ ਨਹੀਂ ਨਾਪ ਸਕਦੇ । ਸਿੱਖ ਮਾਨਸਿਕਤਾ ਦਿੱਲੀ ਦੀ ਕੇਂਦਰੀ ਹਕੂਮਤ ਵੱਲੋਂ ਦਿੱਤੇ ਗਏ ਇਸ ਦਰਦ ਨੂੰ ਸਦੀਆਂ ਤੱਕ ਮਹਿਸੂਸ ਕਰਦੀ ਰਹੇਗੀ । ਇਸਦੀ ਤਰਜ਼ਮਾਨੀ ਪੰਜਾਬੀ ਸ਼ਾਇਰ ਸ਼ਾਹ ਮੁਹੰਮਦ ਦੀ ਸਿਰਫ਼ ਇੱਕ ਤੁੱਕ- 'ਜੰਗ ਹਿੰਦ-ਪੰਜਾਬ ਦਾ ਹੋਣ ਲੱਗਾ' ਹੀ ਕੁੱਝ ਹੱਦ ਤਕ ਕਰ ਸਕਦੀ ਹੈ ।

ਅਸੀਂ ਜੂਨ,1984 ਵਿੱਚ ਪੰਚਮੀ ਦਾ ਇਸ਼ਨਾਨ ਕਰਨ ਵਾਸਤੇ ਚਾਂਈ-ਚਾਂਈ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਪਟਿਆਲਾ ਵੱਲ ਚੱਲ ਪਏ ਤੇ ਜਦੋਂ ਪਟਿਆਲੇ ਪਹੁੰਚੇ ਤਾਂ ਕੁੱਝ ਕੁ ਥਾਵਾਂ ਉਤੇ ਕਰਫਿਊ ਵਰਗਾ ਮਹੌਲ ਸੀ । ਫੌਜ ਦੀਆਂ ਗੱਡੀਆਂ ਪਟਿਆਲਾ ਸ਼ਹਿਰ ਤੇ ਪਿੰਡਾਂ ਵੱਲ ਵੱਡੀ ਗਿਣਤੀ ਵਿੱਚ ਆ ਰਹੀਆਂ ਸਨ । ਕਿਸੇ ਨੂੰ ਇਸ ਗੱਲ ਦਾ ਚਿੱਤ ਚੇਤੇ ਵੀ ਨਹੀਂ ਸੀ ਕਿ ਪੰਜਾਬ ਵਿੱਚ ਕਰਫਿਊ ਲੱਗ ਜਾਵੇਗਾ । ਸਿੱਖ ਸ਼ਰਧਾਲੂਆਂ ਨੂੰ ਗੁਰੂ ਘਰਾਂ ਅੰਦਰ ਘੇਰ ਕੇ ਗੋਲੀਆਂ ਨਾਲ ਭੁੰਨਿਆ ਜਾਵੇਗਾ । ਅਸੀਂ ਗੁਰਦੁਆਰਾ ਸਾਹਿਬ ਅੰਦਰ ਸ਼ਰਧਾ ਨਾਲ ਮੱਥਾ ਟੇਕਿਆ ਫੇਰ ਹੱਸਦਿਆਂ-ਖੇਡਦਿਆਂ ਅਤੇ ਗੁਰੂ ਸਹਿਬਾਨ ਦਾ ਸ਼ੁਕਰਾਨਾ ਕਰਦਿਆਂ ਪਤਾ ਹੀ ਨਾ ਲੱਗਿਆ ਕਦੋਂ ਦੁਪਹਿਰਾ ਢਲ ਗਿਆ ਜਦੋਂ ਵਾਪਸ ਘਰਾਂ ਨੂੰ ਮੁੜਨ ਲੱਗੇ ਤਾਂ ਪਤਾ ਲੱਗਿਆ, ਸਾਰਾ ਪਟਿਆਲਾ ਸ਼ਹਿਰ ਫੌਜ ਨੇ ਸੀਲ ਕਰ ਲਿਆ ਸੀ ਤੇ ਆਉਣ ਜਾਣ ਦੇ ਸਾਰੇ ਰਸਤੇ ਬੰਦ ਹੋ ਗਏ ਸਨ । ਅਸੀਂ ਵੀ ਇਸ ਉਮੀਦ ਨਾਲ ਗੁਰਦੁਆਰਾ ਸਾਹਿਬ ਠਹਿਰ ਗਏ ਕਿ ਗੁਰੂ ਘਰ ਵਿੱਚ ਕੋਈ ਡਰ ਨਹੀਂ। 'ਰਹਿਰਾਸ ਸਾਹਿਬ' ਦੇ ਪਾਠ ਮਗਰੋਂ ਮੁੱਖ ਗ੍ਰੰਥੀ ਨੇ ਗੁਰੂ ਘਰ ਦੇ ਸਪੀਕਰਾਂ ਰਾਹੀਂ ਆਵਾਜ਼ ਦਿੱਤੀ ਕਿ ਫੌਜ ਵੱਲੋਂ ਐਲਾਨ ਹੈ ਕਿ ਕਿਸੇ ਨੇ ਵੀ ਗੁਰਦੁਆਰਾ ਸਾਹਿਬ ਵਿੱਚੋਂ ਬਾਹਰ ਨਹੀਂ ਜਾਣਾ ਤੇ ਜੇ ਕਿਸੇ ਨੇ ਉਲੰਘਣਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸਨੂੰ ਦੇਖਦਿਆਂ ਹੀ ਗੋਲੀ ਮਾਰ ਦਿੱਤੀ ਜਾਵੇਗੀ । ਇਹ ਸੁਣਕੇ ਔਰਤਾਂ, ਨੌਜਵਾਨ ਤੇ ਬਜ਼ੁਰਗ ਕੁਝ ਫਿਕਰਮੰਦ ਹੋ ਗਏ ਪਤਾ ਨਹੀਂ ਕੀ ਬਣੇਗਾ ? ਘਰਵਾਲੇ ਫਿਕਰ ਕਰਨਗੇ । ਗੁਰੂ ਘਰ ਵਿੱਚ ਸੰਪਰਕ ਕਰਨ ਦੇ ਜੋ ਵੀ ਸਾਧਨ ਸਨ, ਉਹਨਾਂ ਦੇ ਬੰਦ ਹੋਣ ਮਗਰੋਂ ਤਾਂ ਚਾਰ-ਚੁਫੇਰਿਉਂ ਹੀ ਸੰਪਰਕ ਟੁੱਟ ਗਿਆ । ਛੋਟੇ ਬੱਚੇ ਘਰਾਂ ਨੂੰ ਜਾਣ ਦੀ ਜਿੱਦ ਕਰ ਰਹੇ ਸੀ । ਉਹਨਾਂ ਦੀਆਂ ਮਾਂਵਾਂ ਉਹਨਾਂ ਨੂੰ ਦਿਲਾਸੇ ਦੇ ਰਹੀਆਂ ਸਨ । ਬੱਚਿਆਂ ਦੀਆਂ ਤਰਲਿਆਂ ਭਰੀਆਂ ਅਵਾਜ਼ਾਂ ਨੇ ਮਹੌਲ ਬਦਲ ਕੇ ਰੱਖ ਦਿੱਤਾ ।

ਰਾਤ ਕੱਢਣ ਲਈ ਸਰਾਂ ਵਿੱਚ ਵੀ ਬਹੁਤ ਭੀੜ ਸੀ, ਸਾਰੇ ਕਮਰੇ ਭਰੇ ਪਏ ਸਨ । ਪੰਡਾਲ ਵਿੱਚ ਸੰਗਤਾਂ ਆਰਾਮ ਕਰ ਰਹੀਆਂ ਸਨ । ਸੰਗਤਾਂ ਦੇ ਚਿਹਰਿਆਂ ਉਤੇ

ਫਿਕਰ ਝਲਕ ਰਿਹਾ ਸੀ। ਇਸ ਫਿਕਰ ਵਿੱਚ ਗੁੱਸਾ ਵੀ ਸ਼ਾਮਲ ਸੀ। ਹਰ ਪਾਸੇ ਭਾਵੇਂ ਮਹੌਲ ਸਹਿਮਿਆ-ਸਹਿਮਿਆ ਸੀ ਪਰ ਕੁਝ ਨੌਜਵਾਨ ਤੇ ਬਜ਼ੁਰਗ ਚੜ੍ਹਦੀ ਕਲਾ ਦੀਆਂ ਗੱਲਾਂ ਕਰਕੇ ਲੋਕਾਂ ਨੂੰ ਧਰਵਾਸ ਦੇ ਰਹੇ ਸੀ। ਸਰੋਵਰ ਦੀ ਪ੍ਰਕਰਮਾ ਵਿੱਚ 500 ਦੇ ਕਰੀਬ ਸ਼ਰਧਾਲੂ ਟਿਕੇ ਹੋਏ ਸਨ। ਅਚੇਤ ਹੀ ਮੂੰਹੋਂ ਨਿਕਲ ਰਿਹਾ ਸੀ ਕਿ ਸਰਕਾਰ ਨੇ ਸਿੱਖਾਂ ਨੂੰ ਮਾਰਨ ਵਾਸਤੇ ਕਰਫਿਊ ਲਾ ਦਿੱਤਾ ਹੈ। ਇਸ ਗੱਲ ਦਾ ਵੀ ਇਲਮ ਸੀ ਕਿ ਅੰਮ੍ਰਿਤਸਰ ਸਾਹਿਬ ਨੂੰ ਫੌਜ ਨੇ ਘੇਰਾ ਪਾਇਆ ਹੋਇਆ ਹੈ ਪਰ ਇਸ ਦਾ ਅੰਦਾਜ਼ਾ ਨਹੀਂ ਸੀ ਕਿ ਸਰਕਾਰ ਹੁਣ ਕੀ ਕਰੇਗੀ। ਲੋਕ ਅਕਾਲੀ ਲੀਡਰਸ਼ਿਪ ਤੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੂੰ ਵੀ ਕੋਸ ਰਹੇ ਸਨ।

ਚਿੰਤਾ ਭਰੇ ਮਹੌਲ ਤੇ ਗਰਮੀ ਕਾਰਨ ਨੀਂਦ ਨਹੀਂ ਸੀ ਆ ਰਹੀ। ਕੁਝ ਔਰਤਾਂ 'ਵਾਹਿਗੁਰੂ-ਵਾਹਿਗੁਰੂ' ਜਪਦੀਆਂ ਹੋਈਆਂ ਸੁੱਖ ਸ਼ਾਂਤੀ ਦੀਆਂ ਅਰਦਾਸਾਂ ਕਰ ਰਹੀਆਂ ਸਨ। ਉਸਲਵੱਟੇ ਲੈਂਦਿਆਂ ਸਾਰੀ ਰਾਤ ਨਿਕਲ ਗਈ। ਅਸੀਂ ਪ੍ਰਭਾਤ ਵੇਲੇ ਸਰੋਵਰ ਵਿੱਚ ਇਸ਼ਨਾਨ ਕੀਤਾ ਤੇ ਦਰਬਾਰ ਸਾਹਿਬ ਜਾ ਕੇ ਮੱਥਾ ਟੇਕਿਆ। ਗੁਰਦੁਆਰਾ ਸਾਹਿਬ ਨੂੰ ਫੌਜ ਨੇ ਪੂਰੀ ਤਰ੍ਹਾਂ ਸੀਲ ਕੀਤਾ ਹੋਇਆ ਸੀ। ਅੰਦਰੋਂ ਨਾ ਕੋਈ ਬਾਹਰ ਜਾ ਸਕਦਾ ਸੀ ਨਾ ਬਾਹਰੋਂ ਕਿਸੇ ਨੂੰ ਅੰਦਰ ਆਉਣ ਦੀ ਇਜ਼ਾਜਤ ਸੀ। ਭਾਰਤੀ ਫੌਜ ਸਿੱਖ ਮਰਿਆਦਾ ਦੀ ਸ਼ਰੇਆਮ ਉਲੰਘਣਾ ਕਰ ਰਹੀ ਸੀ। ਗੁਰਦੁਆਰਾ ਸਾਹਿਬ ਨੂੰ ਬਿਜਲੀ ਤੇ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਗਈ ਸੀ। ਪਾਠ ਦੇ ਭੋਗ ਪਾਏ ਜਾਣ ਮਗਰੋਂ ਲੰਗਰ ਹਾਲ ਵਿੱਚ ਫਿਰ ਉਹੀ ਭੀੜ-ਭੜੱਕਾ ਸੀ। ਲੰਗਰ ਤਾਂ ਮਿਲ ਰਿਹਾ ਸੀ ਪਰ ਦੁੱਧ ਖ਼ਤਮ ਹੋ ਜਾਣ ਕਰਕੇ ਛੋਟੇ ਬੱਚਿਆਂ ਲਈ ਵੱਡੀ ਪ੍ਰੇਸ਼ਾਨੀ ਬਣ ਗਈ ਸੀ। ਪ੍ਰਬੰਧਕਾਂ ਲਈ ਵੀ ਮੁਸ਼ਕਲ ਹੋ ਰਹੀ ਸੀ ਕਿਉਂਕਿ ਮਰਿਆਦਾ ਅਨੁਸਾਰ ਤਾਂ ਲੰਗਰ ਵਿੱਚੋਂ ਖਾਣ-ਪੀਣ ਦਾ ਸਾਰਾ ਸਮਾਨ ਸੰਗਤਾਂ ਨੂੰ ਮੁਹੱਈਆ ਕਰਵਾਉਣਾ ਜ਼ਰੂਰੀ ਸੀ। ਸ਼ਾਇਦ ਪਹਿਲੀ ਵਾਰ ਗੁਰੂ ਘਰ ਦੇ ਲੰਗਰ ਵਿੱਚ ਹੋਇਆ ਜਦੋਂ ਕਾਸੇ ਦੀ ਤੋਟ ਆ ਰਹੀ ਸੀ। ਸ਼ਨੀਵਾਰ ਤੋਂ ਸੋਮਵਾਰ ਤੱਕ ਹਾਲਾਤ ਬੜੇ ਤਰਸਯੋਗ ਬਣੇ ਰਹੇ। ਸੰਗਤ ਬੱਝੀ ਵੱਡੀ ਬੈਠੀ ਸੀ। ਬੱਚੇ ਘਰਾਂ ਨੂੰ ਜਾਣ ਲਈ ਕੁਰਲਾ ਰਹੇ ਸੀ। ਡਰ ਤੇ ਬੇਚੈਨੀ ਚਰਮ ਤੇ ਪੁੱਜ ਗਈ ਸੀ। ਲੋਕਾਂ ਨੂੰ ਤੌਖ਼ਲਾ ਸੀ ਕਿ ਫੌਜ ਉਨ੍ਹਾਂ ਨਾਲ ਪਤਾ ਨਹੀਂ ਕੀ ਸਲੂਕ ਕਰੇਗੀ। ਸਭ ਦੀ ਜਾਨ ਮੁੱਠੀ ਵਿੱਚ ਆਈ ਹੋਈ ਸੀ। ਲੋਕਾਂ ਨੂੰ ਜਿੱਥੇ-ਜਿੱਥੇ ਥਾਂ ਮਿਲੀ, ਉਹ ਸਹਿਮੇ ਹੋਏ ਪੈ ਗਏ। ਦੋ-ਤਿੰਨ ਦਿਨਾਂ ਦੇ ਉਨੀਂਦਰਿਆਂ ਤੇ ਬੇਚੈਨੀ ਵਿਚ ਦਿਨ ਬਿਤਾਉਣ ਮਗਰੋਂ ਸੋਮਵਾਰ ਦੀ ਰਾਤ ਨੂੰ ਕੁੱਝ ਲੋਕਾਂ ਨੂੰ ਨੀਂਦ ਆ ਰਹੀ ਸੀ। ਪਰ ਸਾਢੇ ਕੁ ਗਿਆਰਾਂ ਵਜੇ ਤੱਕ ਮਹੌਲ ਦੀ

ਸ਼ਾਂਤੀ ਫੌਜ ਦੀ ਹਰਕਤ ਨੇ ਭੰਗ ਕਰ ਦਿੱਤੀ । ਅੱਧਾ ਕੁ ਘੰਟਾ ਫੌਜੀ ਮਸ਼ਕ ਜਿਹੀ ਕਰਦਿਆਂ ਇੱਧਰ-ਉੱਧਰ ਆਉਂਦੇ ਜਾਂਦੇ ਰਹੇ । ਟਿਕੀ ਰਾਤ ਦੌਰਾਨ ਲੋਕਾਂ ਵਿੱਚ ਸਹਿਮ ਇੰਨਾ ਸੀ ਕਿ ਰਾਤ ਨੂੰ ਉਹਨਾਂ ਦੇ ਬੂਟਾਂ ਦੀ ਆਵਾਜ਼ ਸਾਫ਼ ਸੁਣਾਈ ਦਿੰਦੀ ਸੀ । ਉਹ ਗੁਰਦੁਆਰੇ ਦੇ ਚਾਰੋਂ ਪਾਸੇ ਜਿਵੇਂ ਪਰੇਡ ਕਰ ਰਹੇ ਸਨ । ਬਹੁਤ ਸਾਰੇ ਲੋਕ ਆਵਾਜ਼ ਸੁੱਣ ਕੇ ਉਠੱ ਬੈਠੇ ਸਨ । ਲਗਭਗ ਅੱਧੀ ਰਾਤ ਵੇਲੇ ਪਹਿਲੀ ਗੋਲੀ ਦੀ ਆਵਾਜ਼ ਆਈ ਤੇ ਲੋਕਾਂ ਵਿੱਚ ਹਫੜਾ-ਦਫੜੀ ਮਚ ਗਈ । ਗੁਰਦੁਆਰੇ ਦੁਆਲੇ ਉਚਾਣਾਂ ਤੇ ਟਿਕੀ ਫੌਜ ਗੁਰਦੁਆਰਾ ਸਾਹਿਬ ਦੇ ਅੰਦਰ ਵੱਲ ਅੰਨ੍ਹੇ-ਵਾਹ ਗੋਲੀਆਂ ਚਲਾਉਣ ਲੱਗ ਪਈ । ਸੰਗਤ ਜਾਨ ਬਚਾਉਣ ਲਈ ਆਪ ਮੁਹਾਰੇ ਭੱਜ ਨਿਕਲੀ ਪਰ ਗੁਰਦੁਆਰੇ ਦੀ ਹਦੂਦ ਤੋਂ ਬਾਹਰ ਤਾਂ ਜਾ ਨਹੀਂ ਸੀ ਸਕਦੀ । ਸਭ ਕੁੱਝ ਖਿੰਡ-ਪੁੰਡ ਗਿਆ ਤੇ ਲਗਭਗ ਢਾਈ ਵਜੇ ਤੱਕ ਗੋਲੀਆਂ ਚੱਲਦੀਆਂ ਰਹੀਆਂ । ਜ਼ਲਿਆਂਵਾਲੇ ਬਾਗ ਵਿੱਚ ਵੀ ਇੰਨ੍ਹਾ ਚਿਰ ਗੋਲੀ ਬਾਰੀ ਨਹੀਂ ਹੋਈ ਹੋਵੇਗੀ ਜਿੰਨਾ ਚਿਰ 34 ਗੁਰਦੁਆਰਿਆਂ ਵਿੱਚੋਂ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਟਿਆਲਾ ਵਿੱਚ ਉਸ ਦਿਨ ਗੋਲੀਬਾਰੀ ਹੋਈ ਸੀ ।

ਸ੍ਰੀ ਦਰਬਾਰ ਸਾਹਿਬ ਦੇ ਨੇੜੇ ਨਿਸ਼ਾਨ ਸਾਹਿਬ ਦੇ ਕੋਲ ਸਰੋਵਰ ਵਾਲੇ ਪਾਸੇ ਨੀਲੇ ਬਾਣੇ ਵਿੱਚ ਨਿਹੰਗ ਸਿੰਘ ਬੈਠਾ ਸੀ ਤੇ ਉਸਦੇ ਕੋਲ ਆਪਣੀ ਲਾਇਸੈਂਸੀ ਵਿਦੇਸ਼ੀ ਬੰਦੂਕ ਸੀ । ਜਦੋਂ ਗੋਲੀ ਚੱਲਣੀ ਸ਼ੁਰੂ ਹੋ ਗਈ ਤਾਂ ਉਸਨੇ ਵੀ ਬੰਦੂਕ ਲੋਡ ਕਰਕੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਜਵਾਬ ਵਿੱਚ ਭਾਰਤੀ ਫੌਜ ਨੇ ਦੇਖਦੇ ਹੀ ਦੇਖਦੇ ਉਸ ਨਿਹੰਗ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ । ਸਾਰੇ ਪਾਸੇ ਹਾਹਾਕਾਰ, ਚੀਕ ਚਿਹਾੜਾ ਤੇ ਗੋਲੀਆਂ ਦੀ ਆਵਾਜ਼ ਸੀ । ਕਈ ਲੋਕ ਮੌਤ ਦਾ ਨੰਗਾ ਨਾਚ ਦੇਖਕੇ ਬੇਹੋਸ਼ ਹੋ ਗਏ ਸਨ ਪਰ ਉਹਨਾਂ ਨੂੰ ਉਥੇ ਹੀ ਮੁਰਦਿਆਂ ਵਾਂਗ ਪਏ ਛੱਡ ਜਾਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ । ਫੌਜ ਕੋਲ ਰੋਸ਼ਨੀ ਕਰ ਸਕਣ ਦੇ ਪ੍ਰਬੰਧ ਸਨ ਜਿਸਦੀ ਸਹਾਇਤਾ ਨਾਲ ਉਹ ਸੰਗਤਾਂ ਦਾ ਇਕੱਠ ਲੱਭ ਕੇ ਉਸ ਪਾਸੇ ਵੱਲ ਗੋਲੀ ਚਲਾਉਂਦੇ ਸਨ ।

ਕਰੀਬ ਸਾਢੇ ਕੁ ਤਿੰਨ ਘੰਟੇ ਮਗਰੋਂ ਫੌਜ ਅੰਦਰ ਦਾਖਲ ਹੋ ਗਈ ਤੇ ਪ੍ਰਿਕਰਮਾਂ ਵਿੱਚ ਬੱਚ ਰਹੀ ਤੇ ਫੱਟੜ ਸੰਗਤ ਨੂੰ ਚਾਹ ਤੇ ਲੰਗਰ ਵਾਲੀ ਥਾਂ ਉਤੇ ਇਕੱਠਾ ਕਰਲਿਆ ਉਥੇ ਵੀ ਸੰਗਤ ਦੇ ਹਿੱਲਣ-ਜੁੱਲਣ ਉਤੇ ਸ਼ਖਤ ਮਨਾਹੀ ਕੀਤੀ ਸੀ । ਫੌਜੀਆਂ ਕੋਲ ਫਰਿਆਦ ਲੈ ਕੇ ਜਾਣ ਵਾਲੇ ਫਰਿਆਦੀਆਂ ਨੂੰ ਫੌਜ ਵੱਲੋਂ ਮੰਦੇ ਬੋਲ ਸੁਣਨ ਲਈ ਮਜ਼ਬੂਰ ਹੋਣਾ ਪੈ ਰਿਹਾ ਸੀ ਤੇ ਫੌਜ ਵੱਲੋਂ ਸਾਰੀ ਸੰਗਤ ਨੂੰ ਅੱਤਵਾਦੀ ਦੱਸਿਆ ਜਾ ਰਿਹਾ ਸੀ ।

ਥੋੜੀ ਜਿਹੀ ਗੋਲੀਬਾਰੀ ਹਲੇ ਵੀ ਜਾਰੀ ਸੀ ਅਸਲ ਵਿੱਚ ਗੋਲੀਬਾਰੀ ਤਾਂ ਫੌਜ ਵੱਲੋਂ ਹੀ ਹੋ ਰਹੀ ਸੀ ਤੇ ਨਿਹੰਗ ਸਿੰਘ ਵਰਗੇ ਵਿਅਕਤੀਆਂ ਵੱਲੋਂ ਤਾਂ ਇੱਕਾ-ਦੁੱਕਾ ਗੋਲੀਆਂ ਹੀ ਚਲਾਈਆਂ ਗਈਆਂ ਸਨ। ਗੋਲੀਬਾਰੀ ਵਿੱਚ ਅਣਗਿਣਤ ਗੋਲੀਆਂ ਨੇ ਜਿੱਥੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਉਥੇ ਬਹੁਤ ਸਾਰੀਆਂ ਗੋਲੀਆਂ ਗੁਰਦੁਆਰਾ ਸਾਹਿਬ ਦੀ ਇਮਾਰਤ ਵਿੱਚ ਵੀ ਲੱਗੀਆਂ ਸਨ।

ਦਿਨ ਚੜ੍ਹਦਿਆਂ ਫੌਜੀਆਂ ਨੇ ਇਕੱਠੀ ਹੋਈ ਸੰਗਤ ਵਿੱਚੋਂ ਦਰਸ਼ਨੀ ਨੌਜਵਾਨਾਂ ਦੀ ਛਾਂਟੀ ਕਰਕੇ 60-70 ਨੌਜਵਾਨਾਂ ਨੂੰ ਵੱਖਰੇ ਕੱਢ ਲਿਆ ਤੇ ਫੇਰ ਬਚੀ ਸੰਗਤ ਦੇ ਸਾਹਮਣੇ ਉਹਨਾਂ ਨੂੰ ਬਦੂਕਾਂ ਦੇ ਬੱਟਾਂ ਤੇ ਬੂਟਾਂ ਦੇ ਠੁੱਡਿਆਂ ਨਾਲ ਪੂਰੀ ਬੇਰਹਿਮੀ ਨਾਲ ਕੁਟਿਆ ਤੇ ਗਾਲੀ ਗਲੋਚ ਕੀਤੀ। ਉਹਨਾਂ ਨੂੰ ਕੇਸਾਂ ਤੋਂ ਫੜਕੇ ਘਸੀਟਿਆ ਤੇ ਕਕਾਰਾਂ ਦੀ ਬੇਅਦਬੀ ਕੀਤੀ। ਬੇ-ਕਿਰਕ ਭਾਰਤੀ ਫੌਜ ਨੇ ਬਜ਼ੁਰਗਾਂ, ਔਰਤਾਂ ਤੇ ਬੱਚਿਆਂ ਤੱਕ ਨੂੰ ਵੀ ਨਾ ਬਖਸ਼ਿਆ ਤੇ ਕਈ ਕਿਸਮ ਦੇ ਤਸੀਹੇ ਦਿੱਤੇ। ਜਦੋਂ ਬਾਕੀ ਸੰਗਤ ਦੀ ਕੁੱਟ ਮਾਰ ਸ਼ੁਰੂ ਹੋਈ ਤਾਂ ਪਹਿਲਾਂ ਛਾਂਟੇ ਗਏ ਨੌਜਵਾਨਾਂ ਦਾ ਕੋਈ ਪਤਾ ਨਾ ਲੱਗਿਆ। ਫੌਜ ਉਹਨਾਂ ਨੂੰ ਕਿੱਥੇ ਲੈ ਗਈ ਕੁੱਟ ਖਾਂਦੇ ਬਾਕੀ ਲੋਕ ਕੁਝ ਸਮੇਂ ਲਈ ਉਹਨਾਂ ਨੌਜਵਾਨਾਂ ਦੀ ਹੋਣੀ ਵਿਸਾਰ ਗਏ ਤੇ ਇਹੀ ਹੋਣੀ ਬੁਝਾਰਤ ਬਣਕੇ ਰਹਿ ਗਈ ਹੈ।

ਮੰਗਲਵਾਰ ਦੀ ਸਵੇਰ ਨੂੰ ਮਹੌਲ ਬੜਾ ਭਿਆਨਕ ਸੀ ਫੌਜ ਸੰਗਤ ਨਾਲ ਬੜਾ ਮਾੜਾ ਸਲੂਕ ਕਰ ਰਹੀ ਸੀ। ਗੁਰਦੁਆਰੇ ਅੰਦਰ ਡੱਕੇ ਸਿੱਖ ਆਪਣੇ ਹੀ ਦੇਸ਼ ਵਿੱਚ ਆਪਣਿਆਂ ਹੱਥੋਂ ਅਜਿਹਾ ਸਲੂਕ ਸਹਿ ਰਹੇ ਸਨ। ਜੋ ਉਹਨਾਂ ਕਦੇ ਗੈਰਾਂ ਤੋਂ ਵੀ ਨਹੀ ਸੀ ਸਿਹਾ ਉਹ ਦੁਖੀ ਸਨ। ਉਹਨਾਂ ਨੂੰ ਸਿੱਖ ਹੋਣ ਦੀ ਸਜ਼ਾ ਮਿਲ ਰਹੀ ਸੀ। ਸਵੇਰ ਹੋਣ ਤੱਕ ਲੋਕਾਂ ਨੂੰ ਜੰਗਲ ਪਾਣੀ ਵੀ ਸਰੋਵਰ ਦੇ ਕਿਨਾਰੇ ਹੀ ਕਰਨਾ ਪਿਆ ਸੀ।

ਸਵੇਰੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਹੋ ਸਕਿਆ। ਦਿਨ ਚੜ੍ਹਨ ਮਗਰੋਂ ਫੌਜ ਦੀ ਮਦਦ ਲਈ ਪੁਲੀਸ ਆ ਗਈ ਤੇ ਪੁਲੀਸ ਮੁਲਾਜ਼ਮ ਛੋਟੇ-ਛੋਟੇ ਗੁਰੱਪਾਂ ਵਿੱਚ ਸੰਗਤ ਨੂੰ ਟੱਟੀ-ਪਿਸ਼ਾਬ ਲਈ ਆਪਣੀ ਹੀ ਨਿਗਰਾਨੀ ਵਿੱਚ ਪਖਾਨਿਆਂ ਤੱਕ ਲੈ ਕੇ ਗਏ। ਉਸ ਸਮੇਂ ਕੁੱਝ ਭਿਆਨਕ ਹੋਣੀਆਂ ਸਾਹਮਣੇ ਆਈਆਂ। ਨਿਸ਼ਾਨ ਸਾਹਿਬ ਦੇ ਕੋਲ ਜੋ ਨਿਹੰਗ ਸਿੰਘ ਬੈਠਾ ਸੀ ਉਸਦਾ ਸਰੀਰ ਗੋਲੀਆਂ ਨਾਲ ਛਲਣੀ-ਛਲਣੀ ਹੋਇਆ ਪਿਆ ਸੀ। ਉਸ ਦੀ ਦਸਤਾਰ ਤੇ ਗੁਟਕਾ ਖੂਨ ਵਿੱਚ ਗੜੁੱਚ ਸੀ। ਇਹ ਦ੍ਰਿਸ਼ ਬਹੁਤ ਡਰਾਉਣਾ ਸੀ। ਸ਼ਨੀਵਾਰ ਜਿਹੜੀ 500 ਦੇ ਕਰੀਬ ਸੰਗਤ ਉਥੇ ਦੇਖੀ ਸੀ ਉਸਦਾ ਕੋਈ ਪਤਾ ਨਹੀਂ ਸੀ ਲੱਗ ਰਿਹਾ ਦਰਬਾਰ ਸਾਹਿਬ ਦੇ ਬਾਹਰ ਲਾਸ਼ਾਂ ਹੀ ਲਾਸ਼ਾਂ ਖਿਲਰੀਆਂ ਪਈਆਂ ਸਨ

। ਜਿਨ੍ਹਾਂ ਵਿੱਚ ਔਰਤਾਂ ਬੱਚੇ ਤੇ ਬਜ਼ੁਰਗ ਵੀ ਸਨ । ਫੌਜ ਨੇ ਇਹਨਾਂ ਸਾਰਿਆ ਨੂੰ ਬਿਨਾ ਕਿਸੇ ਕਸੂਰ ਦੇ ਮੌਤ ਦੇ ਘਾਟ ਉਤਾਰਿਆ ਸੀ । ਪੁਲੀਸ ਬਚੇ ਹੋਏ ਸ਼ਰਧਾਲੂਆਂ ਨੂੰ ਸਰੋਵਰ ਦੇ ਕੰਢੇ ਉਤੇ ਲੈ ਕੇ ਜਾ ਰਹੀ ਸੀ । ਪਰ ਸਰੋਵਰ ਦਾ ਫਰਸ਼ ਵੀ ਮਨੁੱਖੀ ਖੂਨ ਨਾਲ ਲੱਥ-ਪੱਥ ਸੀ । ਖੂਨ ਦਾ ਗਾਰਾ ਬਣ ਗਿਆ ਸੀ । ਤੁਰੇ ਜਾਂਦੇ ਸ਼ਰਧਾਲੂਆਂ ਦੇ ਪੈਰ ਥੱਪ-ਥੱਪ ਇਸ ਗਾਰੇ ਵਿੱਚ ਵੱਜ ਰਹੇ ਸਨ ਤੇ ਕਈ ਲੋਕ ਤਿਲਕ-ਤਿਲਕ ਕੇ ਡਿੱਗ ਵੀ ਰਹੇ ਸਨ । ਮਨੁੱਖੀ ਖੂਨ ਉਤੇ ਤੁਰਦੇ ਲੋਕ ਵੀ ਬੇਸੁੱਧ ਜਿਹੇ ਤੁਰਦੀਆਂ ਲਾਸ਼ਾਂ ਬਣ ਗਏ ਸਨ । ਪੰਛੀ ਮਨੁੱਖੀ ਜਿਸਮਾਂ ਦੀਆਂ ਬੋਟੀਆਂ ਨੂੰ ਪੈ ਰਹੇ ਸਨ । ਮਨੁੱਖੀ ਲੋਥਾਂ ਦੇ ਹਰ ਪਾਸੇ ਢੇਰ ਸਨ ਕਿਸੇ ਲਾਸ਼ ਉਤੇ ਕੋਈ ਕੱਪੜਾ ਨਹੀਂ ਪਾਇਆ ਗਿਆ । ਹਵਾ ਵਿੱਚ ਮੌਤ ਦੀ ਬਦਬੂ ਸੀ । ਪੈਰਾਂ ਦੇ ਹੇਠ ਮਨੁੱਖਤਾ ਦੀ ਰੱਤ ਇਹ ਦਰਦਨਾਕ ਦ੍ਰਿਸ਼ ਦੇਖਕੇ ਸੀਨਾਂ ਫਟਿਆ ਜਾਂਦਾ ਸੀ । ਮਨ ਵਿੱਚ ਰੋਸ ਵੀ ਸੀ । ਜਿਸ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਨੇ ਜਾਨਾਂ ਵਾਰਕੇ ਆਜ਼ਾਦੀ ਲਈ ਸੀ ਉਸੇ ਦੇਸ਼ ਦੇ ਫੌਜੀਆਂ ਨੇ ਨਿਹੱਥੀ ਜਨਤਾ ਨੂੰ ਇਸ ਤਰ੍ਹਾਂ ਮੌਤ ਦੇ ਘਾਟ ਉਤਾਰਿਆ ਹੈ । ਮਨ ਵਿੱਚ ਵਾਰ-ਵਾਰ ਇਹ ਤਾਣੀ ਉਲਝੀ ਜਾਂਦੀ ਸੀ ਕਿ ਇਹਨਾਂ ਲੋਕਾਂ ਨੂੰ ਕਿਸ ਗੱਲ ਦੀ ਸਜ਼ਾ ਦਿੱਤੀ ਗਈ ਹੈ । ਪਰ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ ।

ਸੰਗਤ ਨੂੰ ਸਰੋਵਰ ਦੇ ਕਿਨਾਰੇ ਫਰਸ਼ ਉਤੇ ਬੈਠਾ ਕੇ 'ਸੁਰੱਖਿਆ ਦਸਤਿਆਂ' ਨੇ ਫਰਸ਼ ਉਤੇ ਖਿਲਰੀਆਂ ਲਾਸ਼ਾਂ ਦੀ ਸ਼ਨਾਖਤ ਕਰਨੀ ਸ਼ੁਰੂ ਕਰ ਦਿੱਤੀ । ਪੁਲੀਸ ਵਾਲੇ ਤੇ ਫੌਜੀ ਬਕਾਇਦਾ ਜੁੱਤੀਆਂ ਪਾਈ ਲਾਸ਼ਾਂ ਨੂੰ ਨੀਝ ਲਾ ਕੇ ਦੇਖਦੇ, ਸਿੱਖ ਇਤਿਹਾਸ ਦੇ ਪੰਨਿਆਂ ਉਤੇ ਸੁਨਹਿਰੀ ਅੱਖਰਾਂ ਵਿੱਚ ਉਕਰੀ ਹੋਈ ਉਸ ਘਟਨਾ ਦੀ ਯਾਦ ਆਉਂਦੀ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਸਾਹਿਬ ਦੀ ਜੰਗ ਮਗਰੋਂ ਪੰਜ ਪਿਆਰਿਆਂ ਦਾ ਹੁਕਮ ਮਨ ਕੇ ਕੱਚੀ ਗੜ੍ਹੀ ਵਿੱਚੋਂ ਰਵਾਨਾ ਹੋਏ ਸਨ । ਉਹਨਾਂ ਪੈਰਾਂ ਵਿੱਚ ਜੋੜਾ ਇਸ ਕਰਕੇ ਨਹੀਂ ਸੀ ਪਾਇਆ ਕਿ ਮੈਦਾਨੇ ਜੰਗ ਵਿੱਚ ਜੂਝਦਿਆਂ ਸਿੰਘਾਂ ਦੀਆਂ ਦਸਤਾਰਾਂ ਉਤਰ ਕੇ ਕੇਸ ਖਿਲਰ ਗਏ ਹੋਣਗੇ । ਅੱਜ ਸੈਨਿਕ ਦਰਿੰਦਿਆਂ ਨੇ ਗੁਰਸਿੱਖਾਂ ਨੂੰ ਮੌਤ ਦੀ ਨੀਂਦ ਸੁਲਾ ਕੇ ਉਹਨਾਂ ਦੇ ਕੇਸਾਂ ਤੇ ਕਕਾਰਾਂ ਨੂੰ ਪੈਰਾਂ ਹੇਠ ਰੋਲਿਆ । ਜਿਹੜੇ ਕੇਸਾਂ ਵਾਸਤੇ ਗੁਰੂ ਸਾਹਿਬ ਨੇ ਅਨੇਕਾਂ ਦੁੱਖ ਝੱਲੇ ਸਨ, ਭਾਈ ਤਾਰੂ ਸਿੰਘ ਵਰਗੇ ਸਿੰਘਾਂ ਨੇ ਕੇਸਾਂ ਬਦਲੇ ਖੋਪਰੀ ਉਤੱਰਾਈ ਸੀ, ਫੌਜ ਵੱਲੋਂ ਉਹਨਾਂ ਦੀ ਬੇਅਦਬੀ ਸ਼ਰੇਆਮ ਕੀਤੀ ਜਾ ਰਹੀ ਸੀ । ਗੁਰੂ ਘਰ ਦਾ ਇੱਕ ਗ੍ਰੰਥੀ ਲਾਸ਼ਾਂ ਦੀ ਸ਼ਨਾਖਤ ਵਿੱਚ ਫੌਜੀਆਂ ਤੇ ਪੁਲੀਸ ਵਾਲਿਆਂ ਦੀ ਮਦਦ ਕਰ ਰਿਹਾ ਸੀ । ਉਸਦੇ ਪੈਰਾਂ ਵਿੱਚ ਵੀ ਜੋੜਾ ਪਾਇਆ ਹੋਇਆ ਸੀ । ਉਹ ਪੁਲੀਸ ਤੇ ਫੌਜ ਨੂੰ ਕੁਝ ਆਪਣੀਆਂ ਹੀ ਦਲੀਲਾਂ ਨਾਲ ਦੱਸ ਰਿਹਾ ਸੀ । ਫੌਜੀਆਂ ਨੂੰ ਜਦੋਂ ਗਾਤਰਾ ਪਹਿਨੀ ਤੇ

ਪ੍ਰਕਾਸ਼ ਦਾੜ੍ਹੇ ਵਾਲੀ ਲਾਸ਼ ਨਜ਼ਰੀ ਪੈਂਦੀ ਤਾਂ ਉਹ ਲਾਸ਼ ਨੂੰ ਵੀ ਠੁੱਡੇ ਮਾਰਦੇ ਤੇ ਭੱਦੀ ਸ਼ਬਦਾਵਲੀ ਵਰਤਦੇ ਹੋਏ ਅੱਤਵਾਦੀ-ਵੱਖਵਾਦੀ ਹੀ ਦੱਸਦੇ ।

ਅੱਠ ਵਜੇ ਦੇ ਕਰੀਬ ਪੁਲੀਸ ਨੇ ਸਰੋਵਰ ਕਿਨਾਰੇ ਬੈਠੀ ਸੰਗਤ ਤੋਂ ਹੱਥ ਖੜ੍ਹੇ ਕਰਵਾ ਲਏ ਤੇ ਕੜਾਹ-ਪ੍ਰਸ਼ਾਦ ਵਾਲੀ ਥਾਂ ਉਤੇ ਲੈ ਗਈ । ਸੰਗਤ ਨੂੰ ਉਥੇ ਲਿਜਾ ਕੇ ਬਠਾਉਣ ਮਗਰੋਂ ਪੁਲੀਸ ਤੇ ਫੌਜੀਆਂ ਨੇ ਸਾਰਿਆਂ ਦੇ ਨਾਂ ਪਤੇ ਲਿਖੇ । ਫਿਰ ਬਹੁਤ ਸਾਰਾ ਅਸਲਾ ਲਿਆ ਕੇ ਸਾਹਮਣੇ ਰੱਖਦਿਆਂ ਦੱਸਿਆ ਕਿ ਇਹ ਅਸਲਾ ਲੈ ਕੇ 'ਅੱਤਵਾਦੀ' ਗੁਰੂ ਘਰ ਵਿੱਚ ਸ਼ਰਨ ਲਈ ਬੈਠੇ ਸਨ, ਜਿਨ੍ਹਾਂ ਨੂੰ ਉਨ੍ਹਾਂ ਦੇਰ ਰਾਤ ਮੁਕਾਬਲੇ ਵਿੱਚ ਮਾਰਿਆ ਸੀ । ਉਹ ਸਿੱਖਾਂ ਦੀ ਸ਼ਾਨ ਦੇ ਖਿਲਾਫ ਬਹੁਤ ਕੁੱਝ ਆਖ ਰਹੇ ਸਨ । ਪੁਲਿਸ ਤੇ ਫੌਜ ਵੱਲੋਂ ਲਿਆ ਕੇ ਰੱਖਿਆ ਅਸਲਾ ਦੇਖਕੇ ਸਪਸ਼ਟ ਸੀ ਕਿ ਕਤਲੋਗਾਰਤ ਦੇ ਕਾਰਨ ਲੱਭੇ ਜਾ ਰਹੇ ਸਨ । ਅਸੀਂ ਸਾਰੇ ਤਿੰਨ-ਚਾਰ ਦਿਨਾਂ ਤੋਂ ਗੁਰਦੁਆਰਾ ਸਾਹਿਬ ਵਿੱਚ ਡੱਕੇ ਹੋਏ ਸਾਂ ਪਰ ਕਿਸੇ ਕੋਲ ਅਜਿਹਾ ਕੋਈ ਹਥਿਆਰ ਨਹੀਂ ਸੀ ਦੇਖਿਆ । ਜੇਕਰ ਅੰਦਰ ਇੰਨੇ ਜ਼ਿਆਦਾ ਹਥਿਆਰ ਹੁੰਦੇ ਤਾਂ ਅੰਦਰੋਂ ਫੌਜ ਨਾਲ ਟਾਕਰੇ ਲਈ ਜ਼ਰੂਰ ਹੀ ਵਰਤੇ ਜਾਂਦੇ । ਜਿਹੜੀਆਂ ਬੰਦੂਕਾਂ ਤੇ ਗੋਲੀ ਸਿੱਕਾ ਸਾਹਮਣੇ ਪਿਆ ਸੀ ਉਸਨੂੰ ਕਿਤੇ ਵੀ ਰੱਤ ਨਹੀਂ ਸੀ ਲੱਗੀ, ਜਦੋਂ ਕਿ ਉਥੇ ਖੂਨ ਦੀਆਂ ਨਦੀਆਂ ਵਹੀਆਂ ਸਨ । ਸਾਹਮਣੇ ਪਏ ਹਥਿਆਰ ਤਾਂ ਵਰਤੇ ਗਏ ਵੀ ਨਹੀਂ ਸਨ ਲੱਗਦੇ ਕਿਉਂਕਿ ਕਿਸੇ ਹਥਿਆਰ ਉਤੇ ਕੋਈ ਗੋਲੀ ਦਾ ਨਿਸ਼ਾਨ ਹੀ ਨਹੀਂ ਸੀ । ਪੁਲੀਸ ਤੇ ਫੌਜ ਵੱਲੋਂ ਸੈਂਕੜੇ ਨਿਰਦੋਸ਼ ਲੋਕਾਂ ਨੂੰ ਮਾਰਕੇ ਹੁਣ ਇਹ ਸਾਬਤ ਕੀਤਾ ਜਾ ਰਿਹਾ ਸੀ ਕਿ ਉਥੇ ਖਾੜਕੂ ਲੁਕੇ ਹੋਏ ਸਨ । ਅਸਲਾ ਦਿਖਾਕੇ ਪੁਲੀਸ ਵੱਲੋਂ ਸੰਗਤ ਨੂੰ ਜਦੋਂ ਦਰਸ਼ਨੀ ਡਿਉਢੀ ਵੱਲ ਲਿਆਂਦਾ ਗਿਆ ਤਾਂ ਦਰਸ਼ਨੀ ਡਿਉਢੀ ਦੀਆਂ ਪੌੜੀਆਂ ਵੀ ਖੂਨ ਨਾਲ ਲੱਥ-ਪੱਥ ਸਨ । ਉਹਨਾਂ ਉਤੋਂ ਲੰਘਣਾ ਨਾ ਮੁਮਕਿਨ ਹੀ ਸੀ । ਇਕ ਪਾਸੇ ਅਵਾਰਾ ਫਿਰਦੇ ਕੁੱਤੇ ਮਨੁੱਖੀ ਰੱਤ ਨੂੰ ਚੱਟ ਰਹੇ ਸੀ ਤੇ ਫੌਜੀ ਦੇਖਕੇ ਹੱਸਦੇ ਸਿੱਖਾਂ ਨੂੰ ਗਾਲ੍ਹਾਂ ਕੱਢਦੇ ਸਨ । ਗੁਰਦੁਆਰੇ ਦੀ ਇਮਾਰਤ ਦੇ ਰੋਸ਼ਨਦਾਨ ਟੁੱਟੇ ਹੋਏ ਸੀ, ਕੰਧਾਂ ਵਿੱਚ ਥਾਂ-ਥਾਂ ਗੋਲੀਆਂ ਦੇ ਨਿਸ਼ਾਨ ਸਨ ।

ਇਸ ਉਪਰੰਤ ਪੁਲੀਸ ਨੇ ਸੰਗਤ ਨੂੰ ਸਰਹਿੰਦ ਰੋਡ ਵਾਲੇ ਗੇਟ ਕੋਲ ਲੰਗਰ ਹਾਲ ਤੇ ਸਰਾਂ ਨੂੰ ਜਾਂਦੇ ਰਸਤੇ ਉਤੇ ਬੈਠਾ ਦਿੱਤਾ । ਇਸ ਮੌਕੇ ਵੀ ਹਰ ਇੱਕ ਵਿਅਕਤੀ ਉਤੇ ਕਰੜੀ ਨਿਗ੍ਹਾ ਰੱਖੀ ਜਾ ਰਹੀ ਸੀ। ਸੜਕ ਵਿੱਚ ਡੂੰਘੇ ਟੋਏ ਪਏ ਹੋਏ ਸਨ ਜਿਨ੍ਹਾਂ ਬਾਰੇ ਇੱਕ ਫੌਜੀ ਨੇ ਦੱਸਿਆ ਉਹ ਟੈਂਕ ਦੀ ਚੈਨ ਦੇ ਨਿਸ਼ਾਨ ਹਨ । ਉਸ ਪੈੜ ਤੋਂ ਪਤਾ ਲੱਗਦਾ ਸੀ ਕਿ ਟੈਂਕ ਉਸ ਰਸਤਿਓਂ ਸਰਾਂ ਵੱਲ ਗਿਆ ਹੋਇਆ ਸੀ । ਕੁਝ ਫੌਜੀ ਵੀ ਉਥੇ ਸਨ

ਜਿਨ੍ਹਾਂ ਦੀਆਂ ਲੱਤਾਂ ਉਤੇ ਸ਼ਾਇਦ ਗੋਲੀਆਂ ਨਾਲ ਸੱਟਾਂ ਲੱਗੀਆਂ ਹੋਈਆਂ ਸਨ ਤੇ ਰੈਡ ਕਰਾਸ ਵਾਲਿਆਂ ਵੱਲੋਂ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਸੀ । ਲੱਗਦਾ ਸੀ ਸਰਾਂ ਵੱਲੋਂ ਫੌਜੀ ਗੋਲੀਬਾਰੀ ਦੇ ਜਵਾਬ ਵਿੱਚ ਗੋਲੀਬਾਰੀ ਹੋਈ ਸੀ । ਇਸ ਤੋਂ ਮਗਰੋਂ ਪੁਲੀਸ ਵਾਲੇ ਸੰਗਤ ਨੂੰ ਸੀ.ਆਈ.ਏ. ਸਟਾਫ ਵਿੱਚ ਲੈ ਗਏ । ਜਿੱਥੇ ਫੇਰ ਸਾਰਿਆਂ ਦੇ ਨਾਂ ਪਤੇ ਲਿਖੇ ਗਏ । ਸਵੇਰ ਦੇ ਭੁੱਖੇ ਭਾਣਿਆਂ ਨੂੰ ਸ਼ਾਮ ਨੂੰ ਰੋਟੀ ਦਿੱਤੀ ਗਈ । ਬੀਬੀਆਂ ਤੇ ਬੱਚੇ ਭੁੱਖੇ-ਪਿਆਸੇ, ਡਰ ਅਤੇ ਬੇਪਨਾਹ ਦੁੱਖ ਨਾਲ ਬੇਹਾਲ ਹੋਏ ਪਏ ਸੀ । ਬਹੁਤਿਆਂ ਨੂੰ ਲੱਗਦਾ ਸੀ ਕਿ ਮੌਤ ਤਾਂ ਹਾਲੇ ਵੀ ਉਨ੍ਹਾਂ ਦੇ ਸਿਰਾਂ ਤੇ ਮੰਡਰਾ ਰਹੀ ਸੀ । ਲੰਗਰ ਪਾਣੀ ਮਗਰੋਂ ਐਸ.ਐਸ. ਪੀ. ਪਟਿਆਲਾ ਨੇ ਕਿਹਾ 'ਜਿਹੜੇ ਗੁਰਦੁਆਰਾ ਸਾਹਿਬ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਉਥੇ ਛੱਡ ਦਿੱਤਾ ਜਾਵੇਗਾ ਤੇ ਜਿਹੜੇ ਲੋਕ ਵਾਪਸ ਘਰਾਂ ਨੂੰ ਜਾਣਾ ਚਾਹੁੰਦੇ ਹਨ, ਉਹਨਾਂ ਨੂੰ ਸ਼ਹਿਰ ਤੋਂ ਬਾਹਰ ਪੁਲੀਸ ਦੀਆਂ ਗੱਡੀਆਂ ਛੱਡ ਆਉਣਗੀਆਂ ਕੋਈ 200 ਦੇ ਕਰੀਬ ਔਰਤਾਂ, ਬੱਚਿਆਂ ਤੇ ਬਜ਼ੁਰਗਾਂ ਜਿਹਨਾਂ ਨੇ ਮੌਤ ਨੂੰ ਬੜੀ ਨੇੜਿਓਂ ਦੇਖਿਆ ਸੀ, ਨੇ ਝੱਟ-ਪੱਟ ਕਿਹਾ, " ਅਸੀਂ ਗੁਰਦੁਆਰਾ ਸਾਹਿਬ ਨਹੀਂ ਜਾਣਾ, ਸਾਨੂੰ ਸ਼ਹਿਰੋਂ ਬਾਹਰ ਕੱਢ ਦਿਓ, ਅਸੀਂ ਤੁਰਕੇ ਹੀ ਆਪਣੇ ਘਰਾਂ ਨੂੰ ਚਲੇ ਜਾਵਾਂਗੇ ।" ਉਹ ਪੁਲੀਸ ਤੇ ਫੌਜ ਤੋਂ ਫੌਰਨ ਆਜ਼ਾਦ ਹੋਣਾ ਚਾਹੁੰਦੇ ਸਨ । ਇਸ ਤੋਂ ਮਗਰੋਂ ਪੁਲੀਸ ਵਾਲਿਆਂ ਨੇ ਲੋਕਾਂ ਦੇ ਫੈਸਲੇ ਮੁਤਾਬਕ ਉਹਨਾਂ ਨੂੰ ਗੱਡੀਆਂ ਰਾਹੀਂ ਸ਼ਹਿਰੋਂ ਬਾਹਰ ਕੱਢ ਦਿੱਤਾ । ਇਸ ਤਰ੍ਹਾਂ ਜਾਨ ਬਚਣ ਮਗਰੋਂ ਰਾਤ ਨੂੰ ਧੱਕੇ-ਠੇਡੇ ਖਾਂਦੀ ਸੰਗਤ ਘਰਾਂ ਨੂੰ ਵਾਪਸ ਪਰਤੀ । ਪੰਜ ਦਿਨਾਂ ਬਾਅਦ ਪੁਲੀਸ ਤੇ ਫੌਜ ਦੇ ਕਬਜੇ ਵਿੱਚੋਂ ਆਜ਼ਾਦ ਹੋਈ ਸੰਗਤ 'ਅਕਾਲ ਪੁਰਖ' ਦਾ ਲੱਖ-ਲੱਖ ਸ਼ੁਕਰਾਨਾਂ ਕਰ ਰਹੀ ਸੀ ਤੇ ਪੰਜ ਦਿਨਾਂ ਦੀ ਇਹ ਹੋਣੀ ਉਨ੍ਹਾਂ ਸਾਰਿਆ ਦੇ ਜ਼ਿਨ੍ਹਾਂ ਵਿੱਚੋਂ ਕਦੋਂ ਨਾ ਮਿਟ ਸਕਣ ਵਾਲਾ ਬਦਨੁਮਾ ਦਾਗ ਬਣ ਗਈ ਸੀ । ਉਸ ਵੇਲੇ ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਪੰਜ ਦਿਨਾਂ ਦੀ ਹੋਣੀ ਉਨ੍ਹਾਂ ਨੂੰ ਸੁਪਨਿਆਂ ਵਿੱਚ ਵੀ ਡਰਾ-ਡਰਾ ਕੇ ਉਠਾਦਿਆ ਕਰੇਗੀ, ਮਾਨਸਿਕ ਰੋਗੀ ਬਣਾ ਦੇਵੇਗੀ ਤੇ ਉਨ੍ਹਾਂ ਦੀਆਂ ਆਉਣ ਵਾਲੀਆਂ ਨਸ਼ਲਾਂ ਤੇ ਵੀ ਜਨਮ ਤੋਂ ਪਹਿਲਾਂ ਹੀ ਇਸਦਾ ਮਾੜੂ ਅਸਰ ਪੈ ਜਾਵੇਗਾ ।

# ਇੰਤਜ਼ਾਰ ਇਨਸਾਫ ਦਾ

ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਕੇਂਦਰੀ ਹੁਕਮਰਾਨ, ਕਾਂਗਰਸ ਪਾਰਟੀ ਦੇ ਆਗੂਆਂ ਦੇ ਇਸ਼ਾਰਿਆਂ ਉਤੇ ਦਿੱਲੀ ਤੇ ਦੇਸ਼ ਦੇ ਹੋਰ ਇਲਾਕਿਆਂ ਵਿੱਚ ਆਮ ਸਿੱਖਾਂ ਉਤੇ ਤਿੰਨ ਦਿਨ ਜੋ ਜਬਰ ਤੇ ਅੱਤਿਆਚਾਰ ਹੋਇਆ ਉਸਦੀ ਮਿਸਾਲ ਉਸ ਸਮੇਂ ਤੱਕ ਦੇ ਭਾਰਤ ਦੇ ਇਤਿਹਾਸ ਵਿੱਚ ਕਿਤੇ ਨਹੀਂ ਮਿਲਦੀ। ਉਸ ਸਮੇਂ ਹੈਵਾਨੀਅਤ ਦਾ ਜੋ ਨੰਗਾ-ਨਾਚ ਹੋਇਆ ਉਸਦੇ ਦਰਦ ਨੂੰ ਬਿਆਨ ਕਰਨਾ ਵੀ ਔਖਾ ਹੈ। ਇਸ ਘਿਨਾਉਣੇ ਕਾਰਨਾਮੇ ਵਿੱਚ ਸਰਕਾਰ ਦੇ ਅੰਕੜਿਆਂ ਅਨੁਸਾਰ ਹੀ 3000 ਸਿੱਖਾਂ ਦਾ ਕਤਲ ਹੋਇਆ ਹੈ। ਉਨ੍ਹਾਂ ਦੀਆਂ ਰਿਹਾਇਸ਼ਾਂ, ਕਾਰੋਬਾਰਾਂ ਤੇ ਜਾਇਦਾਦਾਂ ਨੂੰ ਅੱਗਾਂ ਲਗਾਈਆਂ ਗਈਆਂ। ਇਹਨਾਂ ਘਟਨਾਵਾਂ ਦੇ ਸ਼ਿਕਾਰ ਹੋਏ ਲੋਕਾਂ ਨੂੰ 'ਇਨਸਾਫ' ਦਿਵਾਉਣ ਲਈ ਉਸ ਤੋਂ ਬਾਅਦ ਦੇ ਦੋ ਦਹਾਕਿਆਂ ਦੌਰਾਨ 10 ਕਮਿਸ਼ਨ ਤੇ ਕਮੇਟੀਆਂ ਕਾਇਮ ਕੀਤੀਆਂ ਗਈਆਂ। ਜਿਹਨਾਂ ਵਿੱਚੋਂ ਇੱਕ ਵੀ ਸਿੱਖਾਂ ਨਾਲ ਵਾਪਰੇ ਉਸ ਕਤਲੇਆਮ ਦੇ ਕਿਸੇ ਇਕ ਵੀ ਪੱਖ ਨੂੰ ਘੋਖ ਨਹੀਂ ਸਕਿਆ ਤੇ ਨਾ ਹੀ ਤਸੱਲੀਯੋਗ ਸਿੱਟੇ ਤੇ ਪੁੱਜ ਸਕਿਆ ਹੈ।

ਦਿੱਲੀ ਤੇ ਕਈ ਹੋਰ ਥਾਵਾਂ ਉਤੇ ਜਦੋਂ ਗੁੰਡਿਆਂ ਦੇ ਟੋਲਿਆਂ ਵੱਲੋਂ ਇਕ ਫਿਰਕੇ ਦੇ ਲੋਕਾਂ ਨੂੰ ਲੁੱਟਿਆ, ਕੁੱਟਿਆ ਤੇ ਬੇਹਰਮੀ ਨਾਲ ਮਾਰਿਆ ਜਾ ਰਿਹਾ ਸੀ, ਉਸ ਸਮੇਂ

ਭਾਰਤ ਦਾ ਕਾਨੂੰਨ ਵੀ ਕਿਤੇ ਦੁਬਕ ਗਿਆ ਸੀ । ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕੋਈ ਖਤਰਾ ਨਹੀਂ ਸੀ । ਉਸ ਸਮੇਂ ਸਿੱਖਾਂ ਲਈ ਉਹ ਦੇਸ਼ ਪਰਾਇਆ ਹੋ ਗਿਆ ਜਿਸ ਲਈ ਉਹਨਾਂ ਹੱਸ-ਹੱਸ ਕੇ ਜਾਨਾਂ ਵਾਰੀਆਂ ਸਨ । ਇੱਕ ਕਾਂਗਰਸ ਆਗੂ ਉਪਾਧਿਆਏ ਦੇ ਸਰਵੇਖਣ ਅਨੁਸਾਰ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ 85% ਕੁਰਬਾਨੀਆਂ ਦਿੱਤੀਆਂ । ਸੰਨ 1984 ਵਿੱਚ ਪਹਿਲੀ ਨਵੰਬਰ ਤੋਂ ਸ਼ੁਰੂ ਹੋਇਆ ਕਤਲੇਆਮ ਉਸੇ ਕੌਮ ਵਿਰੁੱਧ ਸੀ । ਜਿਸਨੇ ਆਪਾ ਕੁਰਬਾਨ ਕਰਕੇ ਆਜ਼ਾਦੀ ਲੈ ਕੇ ਦਿੱਤੀ ਸੀ ।

ਭਾਰਤ ਵਰਸ਼ ਦੇ ਲੋਕਾਂ ਨੂੰ ਸਿੱਖ ਕੌਮ ਦਾ ਅਹਿਸਾਨਮੰਦ ਹੋਣਾ ਚਾਹੀਦਾ ਸੀ ਪਰ ਹੋਇਆ ਉਲਟ ਤੇ ਮਗਰੋਂ 23 ਸਾਲਾਂ ਤੋਂ ਜਮਹੂਰੀ ਭਾਰਤ ਦੇ ਸਿਆਸਤਦਾਨ ਦਿਨ ਦਿਹਾੜੇ ਹੋਏ ਕਤਲੇਆਮ ਦੀ ਜਾਂਚ ਕਰਵਾਉਣ ਦੇ ਬਹਾਨੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਂਦੇ ਰਹੇ । ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਸਿੱਖਾਂ ਨੂੰ 'ਇਨਸਾਫ' ਦਿਵਾਉਣ ਲਈ ਸਥਾਪਤ ਕੀਤੇ ਗਏ ਕਮਿਸ਼ਨ ਅਤੇ ਕਮੇਟੀਆਂ, ਸਬ-ਕਮੇਟੀਆਂ ਨੇ ਸਿੱਖ ਕਤਲੇਆਮ ਦੇ ਸ਼ਰੇਆਮ ਫਿਰਦੇ ਦੋਸ਼ੀਆਂ ਨੂੰ ਫੜਨਾ ਤਾਂ ਕੀ ਸੀ ਸਗੋਂ ਅਸਿੱਧੇ ਢੰਗ ਨਾਲ ਦੇਰੀ ਕਰਕੇ ਉਸ ਦਰਦ, ਜ਼ੁਲਮ ਤੇ ਬੇਇਜ਼ੱਤੀ ਦਾ ਮਜ਼ਾਕ ਹੀ ਬਣਾਇਆ । ਸੰਨ 2005 ਵਿੱਚ (21 ਸਾਲਾਂ ਮਗਰੋਂ) 10ਵੇਂ ਨਾਨਾਵਤੀ ਕਮਿਸ਼ਨ ਵੱਲੋਂ ਜਾਰੀ ਕੀਤੀ ਗਈ ਕਤਲੇਆਮ ਬਾਰੇ ਰਿਪੋਰਟ ਵਿੱਚ ਵੀ ਉਸ ਕਤਲੇਆਮ ਦੇ ਮੁੱਖ ਸੂਤਰ ਤੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਉਸਦੇ ਹਮਾਇਤੀਆਂ ਨੂੰ ਨਿਰਦੋਸ਼ ਸਾਬਤ ਕਰਨ ਦੇ ਯਤਨ ਕੀਤੇ । ਜਸਟਿਸ ਨਾਨਾਵਤੀ ਵੱਲੋਂ ਆਪਣੀ ਰਿਪੋਰਟ ਵਿੱਚ ਜਗਦੀਸ਼ ਟਾਈਟਲਰ, ਸੱਜਣ ਕੁਮਾਰ ਅਤੇ ਧਰਮ ਦਾਸ ਸ਼ਾਸਤਰੀ ਵਰਗੇ ਕਾਂਗਰਸੀ ਆਗੂਆਂ ਵੱਲ ਡਰਦੇ-ਡਰਦੇ ਉਂਗਲ ਉਠਾਈ ਗਈ ਤੇ ਉਸਨੇ ਇਹਨਾਂ ਮੁਲਜ਼ਮਾਂ ਦੀ ਗ੍ਰਿਫਤਾਰੀ ਜਾਂ ਇਨ੍ਹਾਂ ਖਿਲਾਫ ਕੇਸ ਦਰਜ ਕੀਤੇ ਜਾਣ ਦੀ ਗੱਲ ਕਹਿਣੋ ਬਚਦਿਆਂ ਇਨ੍ਹਾਂ ਨੇਤਾਵਾਂ ਦੀ ਭੂਮਿਕਾ ਦੀ ਜਾਂਚ ਲਈ ਹੋਰ ਕਮੇਟੀ ਬਣਾਉਣ ਦੀ ਮੰਗ ਕਰਕੇ ਮਾਮਲੇ ਨੂੰ ਹੋਰ ਲਮਕਾਈ ਰੱਖਣ ਲਈ ਬੂਹਾ ਖੋਲ੍ਹ ਦਿੱਤਾ । ਕਮਿਸ਼ਨ ਦੀ ਰਿਪੋਰਟ ਦਾ ਵਿਰੋਧ ਵਿਸ਼ਵ ਭਰ ਦੀਆਂ ਸਿੱਖਾਂ ਨਾਲ ਸਬੰਧਤ ਜਥੇਬੰਦੀਆਂ ਵੱਲੋਂ ਕੀਤਾ ਗਿਆ ਜੋ ਘੱਟੋ-ਘੱਟ ਇਹ ਜ਼ਰੂਰ ਦਰਸਾਉਂਦਾ ਹੈ ਕਿ ਜਿੱਥੇ ਕਿਤੇ ਵੀ ਸਿੱਖ ਕੌਮ ਦਾ ਆਗੂ ਵਸਿਆ ਹੈ 1984 ਦੇ ਸਿੱਖਾਂ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਦੰਡ ਦਿੱਤੇ ਜਾਣ ਦੀ ਤਵੱਕੋਂ ਭਾਰਤ ਸਰਕਾਰ ਕੋਲੋਂ ਰਖਦਾ ਹੈ । ਨਾਨਾਵਤੀ ਕਮਿਸ਼ਨ ਤੋਂ ਇਲਾਵਾ ਨੌਂ ਹੋਰ ਕਮਿਸ਼ਨ ਤੇ ਕਮੇਟੀਆਂ ਸਥਾਪਤ ਹੋਈਆਂ ਜਿਹੜੀਆਂ ਸਿੱਖਾਂ ਨੂੰ ਹੁਣ ਤੱਕ 'ਇਨਸਾਫ' ਨਹੀਂ ਦਿਵਾ ਸਕੀਆਂ ।

1. ਮਾਰਵਾਹ ਕਮਿਸ਼ਨ :- ਨਵੰਬਰ 1984 ਵਿੱਚ ਉਸ ਸਮੇਂ ਦੇ ਐਡੀਸ਼ਨਲ ਕਮਿਸ਼ਨਰ ਪੁਲੀਸ ਵੇਦ ਮਾਰਵਾਹ ਨੂੰ ਸਿੱਖਾਂ ਦੇ ਕਤਲੇਆਮ ਵਿੱਚ ਪੁਲੀਸ ਦੀ ਭੂਮਿਕਾ ਤੇ ਹੋਰ ਵਿਅਕਤੀਆਂ ਸੰਬੰਧੀ ਪੜਤਾਲ ਕਰਨ ਦੀ ਜਿੰਮੇਵਾਰੀ ਦਿੱਤੀ ਗਈ ਸੀ । ਜਦੋਂ ਇਸ ਕਮਿਸ਼ਨ ਨੇ ਆਪਣੀ ਰਿਪੋਰਟ ਲਗਭਗ ਤਿਆਰ ਕਰ ਲਈ ਤਾਂ ਉਸ ਸਮੇਂ ਮਿਸ਼ਰਾ ਕਮਿਸ਼ਨ ਦੀ ਸਥਾਪਨਾ ਕਰਕੇ ਇਹ ਕੰਮ ਉਸ ਨਵੇਂ ਕਮਿਸ਼ਨ ਨੂੰ ਸੰਭਾਲ ਦਿੱਤਾ ਗਿਆ । ਮਾਰਵਾਹ ਕਮਿਸ਼ਨ ਵੱਲੋਂ ਤਿਆਰ ਗਈ ਰਿਪੋਰਟ ਤੇ ਇੱਕਠੇ ਕੀਤੇ ਗਏ ਦਸਤਾਵੇਜ਼ ਮਿਸ਼ਰਾ ਕਮਿਸ਼ਨ ਹਵਾਲੇ ਕਰ ਦਿੱਤੇ ਗਏ ਜਿਸਨੇ ਮਗਰੋਂ ਵੇਦ ਮਾਰਵਾਹ ਦੁਆਰਾ ਹੱਥੀ ਲਿਖੇ ਕੁਝ ਅਹਿਮ ਦਸਤਾਵੇਜ ਖੁਰਦ-ਬੁਰਦ ਹੀ ਕਰ ਦਿੱਤੇ ਅਤੇ ਮਾਰਵਾਹ ਕਮਿਸ਼ਨ ਵੱਲੋਂ ਇਕੱਠੇ ਕੀਤੇ ਸਬੂਤ ਨਸ਼ਟ ਕਰ ਦਿੱਤੇ ਜਿਸਦੇ ਨਾਲ ਕਤਲੇਆਮ ਬਾਰੇ ਸੁਰਾਗ ਸਦਾ ਲਈ ਖਤਮ ਹੋ ਗਏ ।

2. ਰੰਗਨਾਥ ਮਿਸ਼ਰਾ ਕਮਿਸ਼ਨ :-26 ਅਪ੍ਰੈਲ 1985 ਨੂੰ ਸੁਪਰੀਮ ਕੋਰਟ ਦੇ ਜੱਜ ਰੰਗਨਾਥ ਮਿਸ਼ਰਾ ਦੀ ਪ੍ਰਧਾਨਗੀ ਹੇਠ ਮਿਸ਼ਰਾ ਪੜਾਲੀਆਂ ਕਮਿਸ਼ਨ ਦਾ ਗਠਨ ਕੀਤਾ ਗਿਆ ਜਿਸਨੇ ਅਗਸਤ 1986 ਵਿੱਚ ਸਰਕਾਰ ਨੂੰ ਦਿੱਤੀ ਆਪਣੀ ਰਿਪੋਰਟ ਵਿੱਚ ਤਿੰਨ ਕਮੇਟੀਆਂ ਬਣਾਉਣ ਦਾ ਸੁਝਾਅ ਦਿੱਤਾ । ਕਮਿਸ਼ਨ ਦੀ ਰਿਪੋਰਟ ਫਰਵਰੀ,1987 ਵਿੱਚ ਸੰਸਦ ਵਿੱਚ ਪੇਸ਼ ਕੀਤੀ ਗਈ ਜਿਸ ਵਿੱਚ ਸਪਸ਼ਟ ਕੀਤਾ ਗਿਆ ਕਿ ਕਮਿਸ਼ਨ ਵੱਲੋਂ ਦੋਸ਼ੀਆਂ ਦੀ ਪਛਾਣ ਨਹੀਂ ਕੀਤੀ ਗਈ ਸਗੋਂ ਹੋਰ ਕਮੇਟੀਆਂ ਬਨਾਉਣ ਦੀ ਸਿਫਾਰਸ਼ ਹੀ ਕੀਤੀ ਗਈ ।

3. ਕਪੂਰ ਮਿੱਤਲ ਕਮੇਟੀ :- 23ਫਰਵਰੀ, 1987 ਵਿੱਚ ਕਪੂਰ ਮਿੱਤਲ ਕਮੇਟੀ ਦਾ ਗਠਨ ਕੀਤਾ ਗਿਆ । ਕਮੇਟੀ ਦੇ ਦੋ ਮੈਂਬਰਾਂ ਨੇ ਮਾਰਚ 1990 ਵਿੱਚ ਆਪਣੀ ਵੱਖੋ-ਵੱਖਰੀ ਰਿਪੋਰਟ ਪੇਸ਼ ਕੀਤੀ ਜਿਸ ਵਿੱਚ ਜਸਟਿਸ ਦਿਲੀਪ ਕਪੂਰ ਨੇ ਤਾਂ ਕੋਈ ਸਿਫਾਰਸ਼ ਨਹੀਂ ਸੀ ਕੀਤੀ, ਪਰ ਕੁਸ਼ਮਲਤਾ ਮਿੱਤਲ ਨੇ 6 ਆਈ.ਪੀ. ਐਸ. ਅਫਸਰਾਂ ਸਮੇਤ 12 ਪੁਲੀਸ ਅਧਿਕਾਰੀਆਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਤੇ 30 ਨੂੰ ਮੁਅੱਤਲ ਕਰਨ ਦੀ ਸਿਫਾਰਸ਼ ਕੀਤੀ ਸੀ । ਇਸ ਰਿਪੋਰਟ ਉਤੇ ਅਮਲ ਹੀ ਨਾ ਕੀਤਾ ਗਿਆ ।

4. ਜੈਨ-ਬੈਨਰਜੀ ਕਮੇਟੀ :- ਕਤਲੇਆਮ ਸੰਬੰਧੀ ਜੋ ਮਾਮਲੇ ਦਰਜ ਨਹੀਂ ਸਨ ਹੋਏ ਉਹਨਾਂ ਦੀ ਪੜਤਾਲ ਲਈ ਜੈਨ-ਬੈਨਰਜੀ ਕਮੇਟੀ ਦਾ ਗਠਨ ਕੀਤਾ ਗਿਆ ।

ਕਮੇਟੀ ਨੇ ਅਗਸਤ 1987 ਵਿੱਚ ਸਿਫਾਰਸ਼ ਕੀਤੀ ਕਿ ਸੱਜਣ ਕੁਮਾਰ ਦੇ ਖਿਲਾਫ ਮੁਕੱਦਮੇ ਦਰਜ ਕੀਤੇ ਜਾਣ ਪਰ ਅਜਿਹਾ ਕੀਤਾ ਨਹੀਂ ਗਿਆ । ਸੱਜਣ ਕੁਮਾਰ ਦੇ ਇੱਕ ਸਾਥੀ ਦੋਸ਼ੀ ਬ੍ਰਹਮਾਨੰਦ ਗੁਪਤਾ ਦੀ ਅਪੀਲ ਉਤੇ ਦਿੱਲੀ ਦੀ ਹਾਈ ਕੋਰਟ ਨੇ ਅਗਸਤ 1989 ਵਿੱਚ ਇੱਕ ਫੈਸਲਾ ਦਿੰਦਿਆਂ ਹੋਇਆਂ ਇਸ ਕਮੇਟੀ ਦੇ ਹੁਕਮ ਰੱਦ ਕਰ ਦਿੱਤੇ ।

5. **ਅਹੂਜਾ ਕਮੇਟੀ :-** ਜਿਸ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਹੈ ਕਿ ਇਕੱਲੀ ਦਿੱਲੀ ਵਿੱਚ ਹੀ ਸਿੱਖ ਵਿਰੋਧੀ ਕਤਲੇਆਮ ਵਿੱਚ 2733 ਸਿੱਖ ਮਾਰੇ ਗਏ ਹਨ। ਇਹ ਰਿਪੋਰਟ 1987 ਵਿੱਚ ਪੇਸ਼ ਕੀਤੀ ਗਈ ਸੀ ।

6. **ਪੋਟੀ ਰੋਸ਼ਾ ਕਮੇਟੀ :-** ਅਗਸਤ ਤੇ ਸੰਤਬਰ 1990 ਵਿੱਚ ਇਸ ਕਮੇਟੀ ਨੇ ਕਈ ਸਿਫਾਰਸ਼ਾਂ ਕੀਤੀਆਂ ਜਿਨ੍ਹਾਂ ਦੇ ਆਧਾਰ ਤੇ ਸੀ.ਬੀ.ਆਈ. ਦੀ ਇੱਕ ਟੀਮ ਨੇ ਸੱਜਣ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਪਰ ਸੀ.ਬੀ.ਆਈ.ਦੀ ਉਸ ਟੀਮ ਨੂੰ ਕਾਂਗਰਸੀ ਕਾਰਕੁਨਾਂ ਨੇ ਉਦੋਂ ਤੱਕ ਬੰਦੀ ਬਣਾ ਕੇ ਰੱਖਿਆ ਜਦੋਂ ਤੱਕ ਸੱਜਣ ਕੁਮਾਰ ਦੇ ਵਕੀਲ ਆਰ.ਕੇ.ਆਨੰਦ ਨੇ ਹਾਈ ਕੋਰਟ ਵਿੱਚੋਂ ਅੰਤਰਿਮ ਜਮਾਨਤ ਨਾ ਲੈ ਲਈ ਤੇ ਇਸ ਤਰ੍ਹਾਂ ਕਮੇਟੀ ਦੀ ਕਾਰਵਾਈ ਬੇਅਰਥ ਹੋ ਗਈ । 22 ਸਤੰਬਰ 1990 ਨੂੰ ਇਸ ਕਮੇਟੀ ਦੀ ਮਿਆਦ ਖ਼ਤਮ ਹੋਣ ਤੋਂ ਮਗਰੋਂ ਇਸਦੇ ਮੈਂਬਰ ਸੁਬਰਾਮਨੀਅਮ ਪੋਟੀ ਅਤੇ ਅਤੇ ਪਦਮਰੋਸ਼ਾ ਨੇ ਅੱਗੇ ਕੰਮ ਕਰਨੋਂ ਇਨਕਾਰ ਕਰ ਦਿੱਤਾ ।

7. **ਜੈਨ ਅਗਰਵਾਲ ਕਮੇਟੀ :-** ਪੋਟੀ - ਰੋਸ਼ਾ ਕਮੇਟੀ ਦਾ ਕੰਮ ਨਵੰਬਰ 1990 ਨੂੰ ਜੈਨ ਅਗਰਵਾਲ ਕਮੇਟੀ ਦੇ ਹਵਾਲੇ ਕੀਤਾ ਗਿਆ । ਜਿਸਨੇ 30 ਜੂਨ 1993 ਨੂੰ ਆਪਣੀ ਰਿਪੋਰਟ ਪੇਸ਼ ਕਰਦਿਆਂ ਐਚ.ਕੇ.ਐਲ. ਭਗਤ, ਜਗਦੀਸ਼ ਟਾਇਟਲਰ, ਸੱਜਣ ਕੁਮਾਰ ਅਤੇ ਧਰਮ ਦਾਸ ਸ਼ਾਸ਼ਤਰੀ ਦੇ ਖਿਲਾਫ ਮੁਕੱਦਮਾ ਦਰਜ ਕਰਨ ਦੀ ਸਿਫਾਰਸ਼ ਕੀਤੀ । ਅਗਸਤ 1993 ਨੂੰ ਇਸ ਦਾ ਵੀ ਸਮਾਂ ਪੂਰਾ ਹੋਇਆ ਪਰ ਕਿਸੇ ਦੇ ਵਿਰੁੱਧ ਇਸ ਕਮੇਟੀ ਦੀ ਸਿਫਾਰਸ਼ ਦੇ ਬਾਵਜੂਦ ਮਾਮਲਾ ਦਰਜ ਨਾ ਕੀਤਾ ਗਿਆ ।

8. **ਢਿੱਲੋਂ ਕਮੇਟੀ :-** 1995 ਵਿੱਚ ਇਕ ਕਮੇਟੀ ਦਾ ਗਠਨ ਕੀਤਾ ਗਿਆ । ਇਸਨੂੰ ਕਤਲੇਆਮ ਤੋਂ ਪੀੜ੍ਹਤ ਪਰਿਵਾਰਾਂ ਦੇ ਪੁਨਰਵਾਸ ਦੇ ਤਰੀਕੇ ਸੁਲਝਾਉਣ ਦੀ ਜਿੰਮੇਵਾਰੀ ਦਿੱਤੀ ਗਈ ਸੀ । ਉਸੇ ਸਾਲ ਦੇ ਅੰਤ ਵਿੱਚ ਇਸਨੇ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਸੀ । ਬੀਮਾਂ ਕੰਪਨੀਆਂ ਵੱਲੋਂ ਕਤਲੇਆਮ ਵਿੱਚ ਮਾਰੇ ਗਏ ਲੋਕਾਂ ਦੇ ਨਾਮ ਉਪਰ ਕੀਤੇ

ਗਏ ਦਾਅਵੇ ਇਹ ਕਹਿਕੇ ਰੱਦ ਕੀਤੇ ਗਏ ਕਿ ਬੀਮਾ ਛੱਤਰੀ ਹੇਠ ਦੰਗਿਆਂ ਤੋਂ ਪ੍ਰਭਾਵਿਤ ਲੋਕ ਨਹੀਂ ਆਉਂਦੇ । ਉਕਤ ਕਮੇਟੀ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਕਿ ਉਹ ਬੀਮਾ ਕੰਪਨੀਆਂ ਨੂੰ ਨਿਰਦੇਸ਼ ਦੇਵੇ ਕਿ ਉਹ ਬੀਮੇ ਦੀ ਰਕਮ ਅਦਾ ਕਰਨ । ਬੀਮਾ ਕੰਪਨੀਆਂ ਨੇ ਇਸ ਗੱਲ ਨੂੰ ਮੰਨਿਆਂ ਹੀ ਨਹੀਂ । ਇਸ ਕਰਕੇ ਸਾਰੇ ਦੇਸ਼ ਵਿੱਚ ਕਿਤੇ ਵੀ ਬੀਮਾ ਕੰਪਨੀਆਂ ਵੱਲੋਂ ਕਲੇਮ ਦਾ ਭੁਗਤਾਨ ਨਹੀਂ ਕੀਤਾ ਗਿਆ । ਇਸ ਤਰ੍ਹਾਂ ਕਮੇਟੀ ਦੀ ਹੋਂਦ ਤੇ ਸਿਫਾਰਸ਼ਾਂ ਠੁੱਸ ਹੋ ਗਈਆਂ ।

9. **ਨਰੂਲਾ ਕਮੇਟੀ** :- ਇਸਦਾ ਗਠਨ ਦਸੰਬਰ,1993 ਵਿੱਚ ਦਿੱਲੀ ਦੇ ਮੁੱਖ ਮੰਤਰੀ ਮਦਨ ਲਾਲ ਖੁਰਾਨਾ ਨੇ ਕੀਤਾ ਸੀ । ਕਮੇਟੀ ਨੇ ਜਨਵਰੀ,1994 ਵਿੱਚ ਸੁਝਾਅ ਦਿੱਤਾ ਕਿ ਐਚ.ਕੇ.ਐਲ. ਭਗਤ, ਜਗਦੀਸ਼ ਟਾਇਟਲਰ, ਅਤੇ ਸੱਜਣ ਕੁਮਾਰ ਖਿਲਾਫ ਕਤਲ ਦੇ ਮਾਮਲੇ ਦਰਜ ਕੀਤੇ ਜਾਣ, ਹੋਇਆ ਫੇਰ ਵੀ ਕੁਝ ਨਹੀਂ ।

10. **ਨਾਨਾਵਤੀ ਕਮਿਸ਼ਨ** :- ਇਸ ਬਾਰੇ ਪਹਿਲਾਂ ਵੀ ਗੱਲ ਹੋ ਚੁੱਕੀ ਹੈ ਕਿ ਉਸਦੀ ਰਿਪੋਰਟ ਮਗਰੋਂ ਵੀ ਸਿੱਖਾਂ ਨੂੰ ਕੋਈ ਇਨਸਾਫ ਨਹੀਂ ਮਿਲਿਆ ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜੇਕਰ ਇਹ ਕਮਿਸ਼ਨ ਤੇ ਕਮੇਟੀਆਂ ਦੀਆਂ ਸਿਫਾਰਸ਼ਾਂ ਦੇ ਅਧਾਰ ਉਤੇ ਕਿਸੇ ਦੇ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਸੀ ਹੋਣੀ ਤਾਂ ਫਿਰ ਇਹਨਾਂ ਦਾ ਗਠਨ ਕਰਕੇ ਦੇਸ਼ ਵਾਸੀਆਂ ਦਾ ਇਨ੍ਹਾਂ ਧਨ ਬਰਬਾਦ ਕਰਨ ਜਾਂ ਉਹਨਾਂ ਦੀਆਂ ਵੀ ਅੱਖਾਂ ਵਿੱਚ ਘੱਟਾ ਪਾਣ ਦੀ ਕੀ ਲੋੜ ਸੀ ?

# ਸਿੱਖ ਵਿਰੋਧੀ ਚਿਹਰਾ

ਪੰਜਾਬ ਵਿੱਚ 'ਕਾਲੇ ਦਿਨਾਂ' ਦੀ ਮਿਆਦ ਵੱਧ ਤੋਂ ਵੱਧ ਵੀਹ ਸਾਲ ਮੰਨੀ ਜਾਂਦੀ ਹੈ। ਸਰਕਾਰੀ ਰਿਪੋਰਟਾਂ ਮੁਤਾਬਕ ਹੀ, ਜੇ 1978 ਵਿੱਚ ਵਿਸਾਖੀ ਵਾਲੇ ਦਿਹਾੜੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੇਸ਼ ਤੇ ਪਾਸ ਕੀਤੇ ਗਏ ਮਤੇ ਨੂੰ ਧਰਮਯੁੱਧ ਮੋਰਚੇ ਦੀ ਸ਼ੁਰੂਆਤ ਦਾ ਅਧਾਰ ਮੰਨਿਆ ਜਾਵੇ ਤਾਂ 1995 ਵਿੱਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਖਾਤਮੇ ਤੱਕ ਦਾ ਸਮਾਂ ਹੀ ਵੱਧ ਤੋਂ ਵੱਧ ਹਿੰਸਾ ਗ੍ਰਸਤ ਸਮਾਂ ਰਿਹਾ ਹੈ। ਬੇਸ਼ੱਕ ਆਨੰਦਪੁਰ ਸਾਹਿਬ ਮਤੇ ਨੂੰ ਵੱਖਵਾਦੀ ਕਰਾਰ ਦੇ ਕੇ ਸਮੇਂ-ਸਮੇਂ ਦੀਆਂ ਕੇਂਦਰ ਸਰਕਾਰਾਂ ਨੇ ਮਤੇ ਦੇ ਸਮਰਥਕ ਸਿੱਖ ਜਗਤ ਨੂੰ ਅੱਤਿਵਾਦੀ, ਵੱਖਵਾਦੀ ਤੇ ਦਹਿਸ਼ਤਗਰਦ ਵਰਗੇ ਵਿਸ਼ੇਸ਼ਣਾਂ ਨਾਲ ਨਵਾਜਿਆ। ਇਹ 'ਮਿਹਰਬਾਨੀ' ਮਹਿਜ਼ ਸ਼ਾਬਦਕ ਨਹੀਂ ਸੀ ਸਗੋਂ ਇਨ੍ਹਾਂ ਅਲੰਕਾਰਾਂ ਨੂੰ ਅਮਲੀ ਰੂਪ ਦਿੰਦਿਆਂ ਬਕਾਇਦਾ ਪੁਲਸੀਆਂ ਤੇ ਫੌਜੀ ਕਾਰਵਾਈਆਂ ਵੀ ਕੀਤੀਆਂ। ਉੱਝ 'ਮਤੇ' ਨੂੰ ਵਾਚਿਆਂ ਇਹ ਸਹਿਜ ਹੀ ਸਪਸ਼ਟ ਹੋ ਜਾਂਦਾ ਹੈ ਕਿ ਆਨੰਦਪੁਰ ਸਾਹਿਬ ਮਤਾ ਅਸਲ ਵਿੱਚ ਸਿੱਖ ਜਗਤ ਦਾ ਨਾ ਹੋ ਕੇ. ਸਮੁੱਚੇ ਪੰਜਾਬੀ ਜਗਤ ਦੀ ਆਪਣੇ ਹੱਕਾਂ ਪ੍ਰਤੀ ਆਵਾਜ਼ ਸੀ।

ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ 'ਮਤੇ' ਵਿੱਚ ਸ਼ਾਨ-ਏ-ਪੰਜਾਬ ਰੇਲ ਗੱਡੀ ਦਾ ਨਾਂ ਬਦਲ ਕੇ 'ਗੋਲਡਨ ਟੈਂਪਲ ਐਕਸਪ੍ਰੈਸ' ਰੱਖਣ ਵਰਗੀਆਂ ਕੁਝ ਮੰਗਾਂ ਅਜਿਹੀਆਂ ਵੀ ਸਨ ਜੋ ਅਮਲੀ ਰੂਪ ਵਿੱਚ ਜੇ ਲਾਗੂ ਹੋ ਜਾਂਦੀਆਂ ਤਾਂ ਕੋਈ ਮਾਨਸਿਕ ਲਾਭ ਦੇਣ ਦੀ ਬਜਾਏ ਸਗੋਂ ਮੌਜੂ ਬਨਾਉਣ ਦਾ ਆਧਾਰ ਵਧੇਰੇ ਬਣਦੀਆਂ। ਜਿਵੇਂ 'ਗੋਲਡਨ ਟੈਂਪਲ ਐਕਸਪ੍ਰੈਸ' ਦੇ ਰੂਪ ਵਿੱਚ ਜਦੋਂ 'ਸ਼ਾਨ-ਏ-ਪੰਜਾਬ' ਸੰਭੂ ਬੈਰੀਅਰ ਟੱਪ ਕੇ ਹਰਿਆਣਾ ਦੇ ਇਲਾਕੇ ਵਿੱਚ ਦਾਖਲ ਹੁੰਦੀ ਤਾਂ ਉਸ ਗੱਡੀ ਨਾਲ ਸਬੰਧਤ ਕਿਸੇ

ਵੀ ਤਰ੍ਹਾਂ ਦੀ ਬੇਹੁਰਮਤੀ, ਸਿੱਖਾਂ ਲਈ ਬਹੁਤ ਪੀੜਾਦਾਇਕ ਸਾਬਤ ਹੁੰਦੀ । ਜਦੋਂ ਕਿ 'ਸ਼ਾਨ-ਏ-ਪੰਜਾਬ' ਕੋਈ ਅਜਿਹਾ ਨਾਮ ਵੀ ਨਹੀਂ ਜਿਸ ਵਿੱਚ ਸ਼ਾਨ ਦੀ ਕਦਰ 'ਚ ਕੋਈ ਕਮੀ ਨਜ਼ਰੀ ਪੈਂਦੀ ਹੋਵੇ । ਬਹਰਹਾਲ ਗੱਲ ਉਨ੍ਹਾਂ ਮੰਗਾਂ ਦੀ ਹੈ ਜਿਨ੍ਹਾਂ ਬਾਰੇ ਬਹੁਤ ਸੰਜੀਦਾ ਹੋ ਕੇ ਸੋਚਿਆ ਗਿਆ ਤੇ ਵੱਖਵਾਦ ਦੀ ਭਾਂਅ ਮਾਰਦੀਆਂ ਕਰਾਰ ਦਿੱਤੀਆਂ ਗਈਆਂ । ਇਨ੍ਹਾਂ ਮੰਗਾਂ ਵਿੱਚ ਕੁਝ ਸਿਆਸੀ ਮੰਗਾਂ ਸਨ ਜਿਵੇਂ ਸੂਬਿਆਂ ਨੂੰ ਵਧੇਰੇ ਹੱਕ ਦੇਣ ਦੀ ਗੱਲ ਜਿਸ ਵਿੱਚ ਭਾਰਤੀ ਸੰਵਿਧਾਨ ਦੀ ਸੰਘ ਸੂਚੀ ਤੇ ਸਮਵਰਤੀ ਸੂਚੀ ਵਿੱਚੋਂ ਕਈ ਮੱਦਾਂ ਰਾਜਸੂਚੀ ਵਿੱਚ ਪਾਉਣ ਦੀ ਗੱਲ ਕਹੀ ਗਈ ਸੀ ਜਿਸ ਨਾਲ ਦੇਸ਼ ਵਿੱਚ ਅੰਤਰ ਸੂਬਾਈ ਵਪਾਰ ਦਾ ਬਹੁਤਾ ਭਾਰ ਸੂਬਿਆਂ ਦੇ ਸਿਰ ਪੈਣਾ ਸੀ ਤੇ ਕੇਂਦਰ ਦੇ 'ਲਹੌਰੀ ਦਬਕੇ' ਘੱਟਣੇ ਸਨ । ਇਨ੍ਹਾਂ ਮੰਗਾਂ ਨੂੰ ਜਾਹਿਰਾ ਤੌਰ ਤੇ ਕੇਂਦਰ ਸਰਕਾਰਾਂ ਤਾਂ ਵੱਖਵਾਦੀ ਕਹਿੰਦੀਆਂ ਰਹੀਆਂ ਪਰ 'ਮਤੇ' ਦੀਆਂ ਕਾਪੀਆਂ ਵਾਚਣ ਮਗਰੋਂ ਉਸ ਸਮੇ ਦੀਆਂ ਖੇਤਰੀ ਪਾਰਟੀਆਂ, ਆਂਧਰਾ ਪ੍ਰਦੇਸ਼ ਵਿੱਚ ਐਨ.ਟੀ.ਰਾਮਾਰਾਓ ਦੀ ਤੇਲਗੂ ਦੇਸਮ ਤੇ ਤਾਮਿਲਨਾਡੂ ਵਿੱਚ ਐਮ ਜੀ ਰਾਮਚੰਦਰਨ ਦੀ ਆਲ ਇੰਡੀਆ ਅੰਨਾ ਦਰਾਵਿੜ ਮੁਨੇਤਰ ਕੜ੍ਹਗਮ (ਏ.ਆਈ.ਏ.ਡੀ.ਐਮ.ਕੇ) ਤੱਕ ਨੇ ਵੀ ਇਨ੍ਹਾਂ ਮੰਗਾਂ ਦਾ ਸਮਰਥਨ ਕੀਤਾ ।

ਉਂਝ ਅਨੰਦਪੁਰ ਸਾਹਿਬ ਮਤੇ ਦੇ ਸਮਰਥਨ ਬਦਲੇ 'ਦਹਿਸ਼ਤਗਰਦ' ਸਿਰਫ ਸਿੱਖ ਬਣੇ ਭਾਵੇਂ ਇਹ ਮੰਗਾਂ ਪੰਜਾਬ ਦੀਆਂ ਸਨ । ਪੰਜਾਬ ਵਾਸੀ ਗੈਰ ਸਿੱਖਾਂ ਦਾ ਪੰਜਾਬ ਦੀਆਂ ਮੰਗਾਂ ਨਾਲ ਸਬੰਧਤ 'ਮਤੇ' ਦਾ ਸਮਰਥਨ ਨਾ ਕਰਨਾ ਅਸਲ ਵਿੱਚ ਕੇਂਦਰ ਸਰਕਾਰ ਦੀ ਸ਼ਹਿ ਤੇ ਆਪਣੀ ਜਨਮਭੂਮੀ ਨਾਲ ਦਗਾ ਕਮਾਉਣ ਦੇ ਸਮਾਨ ਸੀ ।

ਫਿਰ ਵੀ ਪੰਜਾਬ ਕੋਲ ਇੰਨੀ ਕੁ ਜ਼ਮੀਰ ਹਾਲੇ ਉਦੋਂ ਹੈ ਸੀ ਕਿ ਸੂਬੇ ਦੀਆਂ ਮੰਗਾਂ ਲਈ 'ਧਰਮਯੁੱਧ ਮੋਰਚਾ' ਲਾਇਆ ਗਿਆ । ਉਂਬੇ ਇਸ ਗੱਲ ਵੱਲ ਧਿਆਨ ਦੇਣਾ ਵੀ ਕੁਥਾਂ ਨਹੀਂ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਿਆਸਤ ਵਿੱਚ ਗੁਰਦੁਆਰਿਆਂ ਤੇ ਗੁਰਦੁਆਰਿਆਂ ਵਿੱਚੋਂ ਮਿਲਦੇ ਚੜ੍ਹਾਵਿਆਂ ਦਾ ਰੋਲ ਕਦੇ ਘਟਾਇਆ ਨਹੀਂ ਜਾ ਸਕਦਾ । 'ਧਰਮ ਤੇ ਸਿਆਸਤ' ਦਾ ਸੁਮੇਲ ਸਿੱਖ ਜਗਤ ਲਈ ਛੇਵੀਂ ਪਾਤਸ਼ਾਹੀ ਵੱਲੋਂ ਦਿੱਤਾ ਗਿਆ ਸਿਧਾਂਤ ਸੀ ਪਰ ਅਕਾਲੀ ਦਲ ਨੇ ਧਰਮ ਤੇ ਸਿਆਸਤ ਦੇ ਸੁਮੇਲ ਦੀ ਥਾਂ ਧਰਮ ਨੂੰ ਸਿਆਸਤ ਲਈ ਵਰਤਿਆ ਤੇ ਆਪਣੀ ਸਥਾਪਨਾ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਹੌਲੀ-ਹੌਲੀ 'ਅਕਾਲੀ' ਹੋਣੋਂ ਮੁਕਰਦਾ ਗਿਆ । ਇਸ ਪਾਰਟੀ ਦੇ ਵੱਖੋ ਵੱਖ ਗੁੱਟ ਬਣਨੇ ਤੇ ਗੁੱਟਾ ਦੇ ਨਾਂ ਆਗੂਆਂ ਦੇ ਨਾਵਾਂ ਤੇ ਰੱਖੇ ਜਾਣੇ ਇਸਦੇ 'ਅਕਾਲ' ਰੂਪ ਤੋਂ ਦੂਰ ਹੋਣ ਦੀ ਜਿਉਂਦੀ ਜਾਗਦੀ ਮਿਸਾਲ ਹਨ । ਖੈਰ ਬਹੁਤ ਸਾਰੇ ਤਤਕਾਲੀ ਕਾਰਨਾਂ ਵਿੱਚੋਂ ਅਨੰਦਪੁਰ ਸਾਹਿਬ ਮਤੇ ਦੀ ਕਾਇਮੀ ਦਾ ਸਭ ਤੋਂ ਵੱਡਾ ਤੇ ਸ਼ਾਇਦ ਸਭ ਤੋਂ ਦੁਗਦਾ ਕਾਰਨ ਪੰਜਾਬ ਵਿੱਚ 1972 ਤੋਂ 1977 ਤੱਕ ਹਕੂਮਤ ਕਰਨ ਵਾਲੀ ਗਿਆਨੀ ਜੈਲ ਸਿੰਘ ਦੀ ਕਾਂਗਰਸ

ਸਰਕਾਰ ਵੱਲੋਂ 'ਗੁਰੂ ਗੋਬਿੰਦ ਸਿੰਘ ਮਾਰਗ' ਦੀ ਸਥਾਪਨਾ ਕਰਕੇ ਅਕਾਲੀਆਂ ਦੇ ਧਾਰਮਕ ਚਿਹਰੇ ਤੋਂ ਮਖੌਟਾ ਲਾਹ ਦੇਣਾ ਬਣਿਆ । ਪ੍ਰਤਾਪ ਸਿੰਘ ਕੈਰੋਂ, ਗਿਆਨ ਰਾੜੇਵਾਲਾ ਤੇ ਗਿਆਨੀ ਜੈਲ ਸਿੰਘ ਵਰਗੇ ਕੁਝ ਪੰਜਾਬੀ ਸਿਆਸਤਦਾਨ ਅਜਿਹੇ ਸਨ ਜਿਨ੍ਹਾਂ ਦੇ ਸਿੱਖਾਂ ਦੀਆਂ ਧਾਰਮਕ ਰਹੁ-ਰੀਤਾਂ ਦੇ ਡੂੰਘੇ ਜਾਣਕਾਰ ਹੋਣ ਤੋਂ ਕਦੇ ਸ਼ੱਕ ਨਹੀਂ ਕੀਤਾ ਜਾ ਸਕਦਾ । ਗਿਆਨੀ ਜੈਲ ਸਿੰਘ ਵੱਲੋਂ ਦਸਮ ਪਾਤਸ਼ਾਹ ਦੇ ਨਾਂ ਤੇ ਆਨੰਦਪੁਰ ਸਾਹਿਬ ਤੋਂ ਦਮਦਮਾ ਸਾਹਿਬ ਤੱਕ ਮਾਰਗ ਦੀ ਸਥਾਪਨਾ ਕੀਤੀ ਜਾਣੀ ਤੇ ਫਿਰ ਉਸਦਾ ਨੀਂਹ ਪੱਥਰ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਮੁੱਖੀ ਗੁਰਚਰਨ ਸਿੰਘ ਟੌਹੜਾ ਹੱਥੋਂ ਰਖਵਾਉਣਾ ਅਸਲ ਵਿੱਚ ਅਕਾਲੀਆਂ ਨੂੰ ਸਤਹੀਣ ਕਰਨ ਦੀ ਅਜਿਹੀ ਕਾਰਵਾਈ ਸੀ ਕਿ ਧਰਮ ਦੇ ਨਾਂ ਤੇ ਵੋਟਾਂ ਬਟੋਰਨ ਵਾਲੇ ਅਕਾਲੀਆਂ ਨੇ ਤੱਟ-ਫੱਟ ਸਿਆਸੀ ਮੁਕਾਬਲੇ ਲਈ 1973 ਤੋਂ ਹੀ ਅਨੰਦਪੁਰ ਸਾਹਿਬ ਮਤੇ ਦਾ ਨੁਕਤਾ ਛੋਹ ਲਿਆ । 'ਮਤੇ' ਦੀ ਇਬਾਰਤ ਵਿੱਚ ਵਰਤੀ ਗਈ ਜਲਦਬਾਜ਼ੀ ਇਸਦੇ ਮੁਢਲੇ ਖਰੜਿਆਂ ਵਿੱਚ ਸਪਸ਼ਟ ਨਜ਼ਰ ਆਉਂਦੀ ਹੈ ।

ਧਰਮ ਯੁੱਧ ਮੋਰਚਾ ਸ਼ੁਰੂ ਹੋਣ ਵੇਲੇ ਅਕਾਲੀ ਦਲ ਦੀ ਸਰਕਾਰ ਸਿਮਟਣ ਮਗਰੋਂ ਪੰਜਾਬ ਵਿੱਚ ਮੁੜ ਕਾਂਗਰਸ ਸਰਕਾਰ ਸਥਾਪਤ ਸੀ । ਪੰਜਾਬ ਆਰਥਕ ਤੌਰ ਤੇ ਇੰਨਾਂ ਕੁ ਸਮਰਥ ਅਤੇ ਵਿਦੇਸ਼ੀ ਸਾਂਝਾਂ ਕਾਰਨ ਇੰਨਾ ਕੁ ਜਾਗਰੂਕ ਹੋ ਚੁੱਕਾ ਸੀ ਕਿ ਉਸ ਵੇਲੇ ਦਾ ਨੌਜਵਾਨ ਆਪਣੇ ਰਹਿਣ-ਸਹਿਣ ਨੂੰ ਯੂਰਪੀ ਮੁਲਕਾਂ ਦੇ ਮੱਧ ਵਰਗ ਦੇ ਬਰਾਬਰ ਲਿਆਉਣ ਲਈ ਤਤਪਰ ਸਨ । ਇਸ ਆਰਥਕ ਤੇ ਸਮਾਜਿਕ ਪੱਧਰ ਦੀ ਪ੍ਰਾਪਤੀ ਤੇ ਉਸਦੇ ਕਾਇਮ ਰਹਿਣ ਵਿੱਚ ਕੇਂਦਰ ਸਰਕਾਰ ਦਾ ਸਿਆਸੀ ਦਖਲ ਕਿਵੇਂ ਰੁਕਾਵਟ ਬਣਦਾ ਸੀ, ਇਹ ਤੱਥ ਤਤਕਾਲੀ ਪੰਜਾਬੀ ਨੌਜਵਾਨ ਨੂੰ ਸਪਸ਼ਟ ਹੋ ਚੁੱਕੇ ਸਨ । ਇਸ ਜਾਗਰੂਕਤਾ ਦਾ ਸਿੱਟਾ ਧਰਮਯੁੱਧ ਮੋਰਚੇ ਦੀ ਕਾਮਯਾਬੀ ਦੇ ਰੂਪ ਦਾ ਸਾਹਮਣੇ ਆਇਆ । ਮੋਰਚੇ ਦੀ ਕਮਾਨ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਹੱਥ ਸੀ ਜਦੋਂ ਕਿ ਅਮਲੀ ਕਮਾਨ ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਦੇ । ਮੋਰਚਾ ਪ੍ਰਬੰਧਕਾਂ ਦੇ ਹੋਕੇ ਤੇ 50 ਹਜ਼ਾਰ ਮਰਜੀਵੜਿਆਂ ਦੀ ਫੌਜ ਇਕੱਠੀ ਕਰਨ ਦੀ ਗੱਲ ਨੂੰ ਅਜਿਹਾ ਫਲ ਪਿਆ ਕਿ ਭਵਿੱਖ ਦੇ ਰਾਹ ਵਿੱਚ ਰਕਾਵਟ ਬਣਦੇ ਨਿਜਾਮ ਨਾਲ ਦੋ ਹੱਥ ਕਰਨ ਲਈ ਇਕ ਹੋਕੇ ਤਿੰਨ ਲੱਖ ਤੋਂ ਵੱਧ 'ਮਰਜੀਵੜੇ' ਇਕੱਠੇ ਹੋ ਗਏ । ਕੇਂਦਰ ਸਰਕਾਰ ਤਾਂ 1974 ਵਿੱਚ ਐਮਰਜੈਂਸੀ ਵਿਰੁੱਧ ਲੱਗੇ ਮੋਰਚੇ ਤੋਂ ਹੀ ਤਪੀ ਬੈਠੀ ਸੀ ਤੇ ਹੁਣ ਧਰਮਯੁੱਧ ਮੋਰਚੇ ਦੀ ਕਾਮਯਾਬੀ ਸਰਕਾਰ ਲਈ ਅਸਹਿ ਵਾਂਗ ਰਹੀ ।

ਕੇਂਦਰ ਦੀ ਸਿਆਸਤ ਵਿੱਚ ਆਪਣੇ ਸਿਆਸੀ ਵਿਰੋਧੀਆਂ ਨੂੰ ਤਾੜੇ ਲਾ ਕੇ ਰੱਖਣ ਵਾਲੀ ਇੰਦਰਾ ਗਾਂਧੀ ਲਈ ਐਮਰਜੈਂਸੀ ਮਗਰੋਂ ਜਨਤਾ ਪਾਰਟੀ ਦੀ ਸਰਕਾਰ ਨੂੰ ਫੀਤਾ-ਫੀਤਾ ਕਰ ਤੋੜ ਸੁੱਟਣਾ ਅਜਿਹਾ ਸਿੱਧ ਹੋਇਆ ਸੀ ਕਿ ਉਹ ਆਪਣੇ ਇਸ ਵਤੀਰੇ ਕਾਰਨ

ਹੀ ਸੂਬਿਆਂ ਵਿੱਚ ਉਠ ਰਹੀਆਂ ਤੇ ਸੁਲਗ ਰਹੀਆਂ ਖੇਤਰੀ ਭਾਵਨਾਵਾਂ ਨੂੰ ਮਹਿਜ਼ ਵੇਖ ਸਕਣੋਂ ਵੀ ਅਸਮਰੱਥ ਸੀ । ਮਿਜ਼ੋਰਮ, ਅਸਮ, ਕੇਰਲ, ਤਾਮਿਲਨਾਡੂ, ਮੱਧ ਪ੍ਰਦੇਸ਼ ਤੇ ਬਿਹਾਰ ਦੇ ਇਲਾਕੇ ਵੀ ਪੰਜਾਬ ਤੇ ਕਸ਼ਮੀਰ ਵਾਂਗ ਹੀ ਆਪਣੀਆਂ ਇਲਾਕਾਈ ਮੰਗਾਂ ਸਬੰਧੀ ਤਰਲੋਮੱਛੀ ਹੋ ਰਹੇ ਸਨ ਪਰ ਕੇਂਦਰ ਸਰਕਾਰ ਤਾਂ ਸਿਰਫ ਕੇਂਦਰ ਵਿੱਚ ਏਕਾਧਿਕਾਰ ਸਥਾਪਤ ਰੱਖਣ ਦੇ ਚੱਕਰ ਵਿੱਚ ਹੀ ਸੀ । ਦੇਸ਼ ਦੀ ਸਾਲਾਨਾ ਰਾਸ਼ਟਰੀ ਆਮਦਨ ਦਾ ਬਹੁਤ ਵੱਡਾ ਹਿੱਸਾ ਹਿੰਦੀ ਭਾਸ਼ਾਈ ਤੇ ਬਿਮਾਰੂ ਸੂਬਿਆਂ ਤੇ ਹੀ ਖਰਚ ਹੋ ਕੇ ਜ਼ਾਇਆ ਹੋ ਰਿਹਾ ਸੀ ਜਦੋਂ ਕਿ ਤੇਜ਼ ਵਿਕਾਸ ਕਰ ਸਕਣ ਦੇ ਸਮਰੱਥ ਸੂਬੇ ਹੱਥਾਂ ਵਿੱਚ ਖਾਲੀ ਕਟੋਰੇ ਲਈ ਬੈਠੇ ਸਨ । ਕੇਂਦਰ ਦੀਆਂ ਨੀਤੀਆਂ ਸਿਰਫ ਹਿੰਦੀ ਭਾਸ਼ਾਈ ਸੂਬਿਆਂ ਪੱਖੀ ਹੀ ਨਹੀਂ ਸਨ ਸਗੋਂ ਗੈਰ ਹਿੰਦੀ ਭਾਸ਼ਾਈ ਸੂਬਿਆਂ ਵਿਰੋਧੀ ਵੀ ਸਨ । ਗਾਂਧੀ ਪਰਿਵਾਰ ਦੇ ਜੱਦੀ ਲੋਕ ਸਭਾ ਹਲਕਿਆਂ ਅਮੇਠੀ ਤੇ ਰਾਏ ਬਰੇਲੀ ਵਿੱਚ ਪੰਜ ਸੌ ਤੋਂ ਵੱਧ ਸੱਨਅਤੀ ਯੂਨਿਟ ਸਥਾਪਨਾ ਮਗਰੋਂ ਬਿਮਾਰ ਐਲਾਨ ਕੇ ਦਿਵਾਲੀਏ ਹੋ ਚੁੱਕੇ ਸਨ ਜਿਸ ਦਾ ਅਰਬਾਂ ਰੁਪਏ ਸਰਮਾਇਆ ਕਾਂਗਰਸ ਪਾਰਟੀ ਦੇ ਆਗੂਆਂ ਦੀ ਜੇਬੀਂ ਜਾ ਚੁੱਕਾ ਸੀ । ਖੇਤਰੀ ਤੇ ਵਿਰੋਧੀ ਪਾਰਟੀਆਂ ਦੇ ਆਗੂ ਵੀ ਆਪਣੇ ਪਰਿਵਾਰਕ ਹੋਰ ਨਿਜੀ ਕੰਮਾਂਕਾਰਾਂ ਲਈ ਕੇਂਦਰ ਸਰਕਾਰਾਂ ਵੱਲੋਂ ਵੰਡੀਆਂ ਜਾਂਦੀਆਂ 'ਨਿਆਮਤਾਂ' ਦੇ ਰੂਪ ਵਿੱਚ ਮਿਲਣ ਵਾਲੇ ਪੈਟਰੋਲ ਪੰਪਾਂ ਅਤੇ ਹੋਰ ਸਹੂਲਤਾਂ ਦੇ ਸਹਾਰੇ ਸਨ । ਇਹ ਉਦਾਹਰਣਾਂ ਤਾਂ ਉਸ ਵੇਲੇ ਦੇ ਕੁੱਝ ਹਾਲਾਤ ਵਿੱਚੋਂ ਤਿਣਕਾ ਭਰ ਤੱਥ ਦੀ ਤਰਜਮਾਨੀ ਹੀ ਕਰਦੀਆਂ ਹਨ ।

ਖ਼ੈਰ 1980 ਵਿੱਚ ਸਥਾਪਤ ਹੋਈ ਦਰਬਾਰਾ ਸਿੰਘ ਦੀ ਅਗਵਾਈ ਵਾਲੀ ਪੰਜਾਬ ਦੀ ਕਾਂਗਰਸ ਸਰਕਾਰ ਤੋਂ ਆਰੰਭ ਕਰ ਕੇ ਸਮੇਂ-ਸਮੇਂ ਪੰਜਾਬ ਵਿੱਚ ਸਥਾਪਤ ਕੇਂਦਰ ਦੇ ਪਿੱਠੂ ਪ੍ਰਸ਼ਾਸਨਾਂ ਨੇ ਮੰਗਾਂ ਦਾ ਜਵਾਬ ਕਤਲੋਗਾਰਤ ਨਾਲ ਦਿੱਤਾ । 'ਕਾਲੇ ਦਿਨਾਂ' ਦੇ ਹੋਰ ਬਿਰਤਾਂਤ ਤਾਂ ਇਸੇ ਪੁਸਤਕ ਦੇ ਹੋਰ ਅਧਿਆਇਆਂ ਵਿੱਚ ਦਿੱਤੇ ਹੀ ਗਏ ਹਨ ਪਰ ਇਥੇ ਮਹਿਜ਼ 10 ਫੀਸਦੀ ਵੋਟਿੰਗ ਦੇ ਸਹਾਰੇ 1992 ਵਿੱਚ ਸਥਾਪਤ ਹੋਈ ਬੇਅੰਤ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦਾ ਜਿਕਰ ਕਰਨਾ ਜ਼ਰੂਰੀ ਬਣਦਾ ਹੈ ਜਿਸਨੇ ਸਰਕਾਰ ਦੀ ਕਾਇਮੀ ਦੇ ਕੁੱਝ ਦਿਨਾਂ ਬਾਅਦ ਹੀ ਡੇਢ ਦਹਾਕੇ ਤੋਂ ਚੱਲੇ ਆ ਰਹੇ ਘਟਨਾਕ੍ਰਮ ਦੇ ਕਥਿਤ ਦੋਸ਼ੀਆਂ ਨੂੰ ਦਿਨਾਂ ਵਿੱਚ ਹੀ ਲੱਭ ਕੇ ਮਾਰ ਮੁਕਾਇਆ ਤੇ ਪੰਜਾਬ ਵਿੱਚ 'ਲੋਕ ਰਾਜ' ਸਥਾਪਤ ਕਰ ਦਿੱਤਾ । ਪੁਲੀਸ ਅਧਿਕਾਰੀਆਂ ਨੂੰ ਮਿਲੀਆਂ ਬੇਅੰਤ ਤਾਕਤਾਂ ਦੇ ਸਿਰ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਦਲੇ ਇਨਾਮ ਦਿੱਤੇ ਜਾਣ ਲੱਗੇ ਤੇ ਮਹਿਜ਼ 6-6 ਮਹੀਨੇ ਵੀ ਪੁਲੀਸ ਦੀ ਅਗਵਾਈ ਕਰਨ ਵਾਲੇ ਤੇ ਪੰਜਾਬ ਦੇ ਅਧਿਕਾਰੀ ਰਿਟਾਇਰਮੈਂਟਾਂ ਮਗਰੋਂ ਵੱਡੇ-ਵੱਡੇ ਅਹੁਦਿਆਂ ਨਾਲ ਨਿਵਾਜੇ ਜਾਣ ਲੱਗੇ ।

ਇਸ ਮਾਹੌਲ ਵਿੱਚ ਅਜੀਬ ਪ੍ਰਵਿਰਤੀ ਸਾਹਮਣੇ ਆਈ ਕਿ ਇਕ ਪਾਸੇ ਤਾਂ ਵਿਧਾਇਕ, ਮੰਤਰੀ ਤੇ ਹੋਰ ਲੋਕ ਨੁਮਾਇੰਦੇ ਸੂਬੇ ਵਿੱਚ ਸਥਿਤੀ ਸ਼ਾਂਤ ਹੋਣ ਦੇ ਦਾਅਵੇ ਕਰਦੇ ਰਹੇ ਪਰ ਪੁਲੀਸ ਪ੍ਰਸ਼ਾਸ਼ਨ ਸਥਿਤੀ ਸ਼ਾਂਤ ਹੋਣ ਦਾ ਦਾਅਵਾ ਕਰਦਿਆਂ ਵੀ 'ਅਮਨ ਕਾਨੂੰਨ' ਉਤੇ ਚੰਗੇਰੀ ਪਕੜ ਬਨਾਉਣ ਲਈ ਕਾਇਮ ਕੀਤੇ ਪੁਲੀਸ ਜ਼ਿਲ੍ਹਿਆਂ ਤੇ ਹੋਰ ਢਕਵੰਜਾਂ ਨੂੰ ਵਾਪਸ ਲਏ ਜਾਣ ਲਈ ਰਜ਼ਾਮੰਦ ਨਾ ਹੋਇਆ ਤੇ ਸਗੋਂ ਆਨੀ-ਬਹਾਨੀ ਆਪਣੇ ਗੁਪਤਚਰ ਵਿਭਾਗ ਦੀਆਂ ਰਿਪੋਰਟਾਂ ਸਹਾਰੇ ਪੰਜਾਬ ਵਿੱਚ ਦਹਿਸ਼ਤਵਾਦ' ਦਾ ਹਊਆਂ ਖੜ੍ਹਾ ਕਰਦਾ ਰਿਹਾ ।

ਪੰਜਾਬ ਵਿੱਚ ਬੇਰੁਜ਼ਗਾਰੀ, ਆਰਥਕ ਮੰਦਹਾਲੀ ਤੇ ਕਰਜ਼ਾਨੋਸ਼ੀ ਦਾ ਅਜਿਹਾ ਆਲਮ ਚੱਲਿਆ ਕਿ ਸਰਕਾਰਾਂ ਨੇ ਮੰਗਾਂ ਲਈ ਲੜਦੇ ਨੌਜਵਾਨਾਂ ਨੂੰ ਮਾਰ-ਮੁਕਾਉਣ ਪਿੱਛੋ ਬਾਕੀ ਰਹੇ ਪਰਿਵਾਰਾਂ ਦਾ ਵੀ ਸਾਹ-ਸੱਤ ਕੱਢ ਲੈਣ ਦੀ ਜਿਵੇਂ ਯੋਜਨਾ ਹੀ ਲਾਗੂ ਕਰ ਦਿੱਤੀ । ਪੰਜਾਬ ਦੀਆਂ ਖੇਤਰੀ ਮੰਗਾਂ ਦੀ ਤਰਜਮਾਨੀ ਕਰਨ ਵਾਲੀ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ (1997-2002) ਨੇ ਵੀ ਪੰਜਾਬ ਦੀ ਕਿਸੇ ਮੰਗ ਜਾਂ ਲੋੜ ਵੱਲ ਅੱਖ ਚੱਕ ਕੇ ਵੀ ਨਾ ਵੇਖਦਿਆਂ ਕੇਂਦਰ ਵੱਲੋਂ ਲਾਗੂ ਯੋਜਨਾਵਾਂ ਨੂੰ ਹੀ ਸਿਰੇ ਚਾੜਿਆ । ਮੁਕਦੀ ਗੱਲ ਕਿ ਜੇ 1975 ਤੋਂ 1995 ਤੱਕ ਦੇ ਦੋ ਦਹਾਕੇ ਕਤਲੋਗਾਰਤ ਪੱਖੋ ਪੰਜਾਬ ਦੇ 'ਕਾਲੇ ਦਿਨ' ਸਨ ਤਾਂ 1995 ਤੋਂ ਮਗਰੋਂ ਦਾ ਦੌਰ ਪੰਜਾਬੀ ਨੌਜਵਾਨਾਂ ਨੂੰ ਘਰ ਦੇ 'ਚਾਰ ਛਿਲੜ' ਵੇਚ ਕੇ ਵਿਦੇਸ਼ਾਂ ਵਿੱਚ ਧੱਕੇ ਖਾਣ ਲਈ ਮਜ਼ਬੂਰ ਕਰਨ ਦਾ ਰਿਹਾ ਤੇ ਇਸੇ ਦੌਰ ਵਿੱਚ ਹਕੂਮਤਾਂ ਦੇ ਜ਼ਾਲਮ ਪ੍ਰਸ਼ਾਸ਼ਨਾਂ ਨੇ ਪੂਰੀ ਅਣਦਿੱਖ ਵਾਹ ਲਾਈ । ਇਸ ਸਬੰਧ ਵਿੱਚ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਸਾਲ 2002-03 ਦੀ ਸਲਾਨਾ ਰਿਪੋਰਟ ਵਿੱਚ ਸ਼ਾਮਲ ਕੀਤੇ ਅੰਸ਼ਾਂ ਦਾ ਹਵਾਲਾ ਜ਼ਰੂਰੀ ਹੈ । ਰਿਪੋਰਟ ਦੇ ਪੈਰਾ 20 ਵਿੱਚ ਸਪਸ਼ਟ ਕੀਤਾ ਸੀ ਕਿ ਪੰਜਾਬ ਰਾਜ ਵਿੱਚ ਲੱਗਭੱਗ 50 ਦੇ ਕਰੀਬ ਖਾੜਕੂ ਗਰੁੱਪ ਸਰਗਰਮ ਹਨ ਪਰ ਅਗਲੀਆਂ ਕੁਝ ਲਾਇਨਾਂ ਵਿੱਚ ਸਿਰਫ 6 ਜਥੇਬੰਦੀਆਂ ਦੇ ਸਰਗਰਮ ਹੋਣ ਦਾ ਖੁਲਾਸਾ ਕਰਦਿਆਂ ਉਹਨਾਂ ਦੇ ਨਾਵਾਂ ਦਾ ਜਿਕਰ ਕੀਤਾ ਹੈ । ਹੈਰਾਨੀ ਦੀ ਗੱਲ ਹੈ ਕਿ ਜੇਕਰ ਵਿਭਾਗ ਆਪਣੇ ਕੰਮ ਪ੍ਰਤੀ ਇਨ੍ਹਾਂ ਇਮਾਨਦਾਰ ਤੇ ਮਿਹਨਤੀ ਸੀ ਤਾਂ ਉਸਨੂੰ ਸਾਰੀਆਂ ਜਥੇਬੰਦੀਆਂ ਦੇ ਨਾਂ ਤੇ ਉਹਨਾਂ ਦੇ ਮੁਖੀਆਂ ਦਾ ਵਰਣਨ ਕਰਕੇ ਇਸ ਰਿਪੋਰਟ ਨੂੰ ਝੂਠੀ ਹੋਣ ਤੋਂ ਬਚਾਉਣ ਦਾ ਯਤਨ ਕਿਉਂ ਨਹੀਂ ਕੀਤਾ ਗਿਆ। ਸਿੱਖਾਂ ਨੂੰ ਬਦਨਾਮ ਕਰਨ ਵਾਸਤੇ 'ਰਾਈ ਦਾ ਪਹਾੜ' ਬਣਾਉਣ ਵਾਲਾ ਵਿਭਾਗ ਸ਼ਾਇਦ ਇਹ ਭੁੱਲ ਗਿਆ ਕਿ ਦੁਨੀਆ ਭਰਦੇ ਲੋਕ ਇਸ ਗੱਲ ਤੋਂ ਭਲੀ-ਭਾਂਤ ਵਾਕਫ ਹਨ ਕਿ ਜਦੋਂ ਪੰਜਾਬ ਖਾੜਕੂਵਾਦ ਦੀ ਭੱਠੀ ਵਿੱਚ ਬੁਰੀ ਤਰ੍ਹਾਂ ਸੜ

ਰਿਹਾ ਸੀ । ਉਦੋਂ ਵੀ ਇੰਨੀਆਂ ਜਥੇਬੰਦੀਆਂ ਸਰਗਰਮ ਨਹੀਂ ਸਨ । ਹੁਣ ਜਦੋਂ ਪੰਜਾਬ ਵਿਚਲੀ ਸ਼ਾਂਤੀ ਦੀਆਂ ਮਿਸਾਲਾਂ ਦਿੱਤੀਆਂ ਜਾ ਰਹੀਆਂ ਹਨ । ਉਸ ਸਮੇਂ ਵਿਭਾਗ ਨੇ ਖਾੜਕੂ ਜਥੇਬੰਦੀਆਂ ਦੇ ਸਰਗਰਮ ਹੋਣ ਦਾ ਜਿਕਰ ਕਰਕੇ ਗੈਰਜ਼ਰੂਰੀ ਵਿਵਾਦ ਸੋਚੀ ਸਮਝੀ ਸਾਜਿਸ਼ ਤਹਿਤ ਛੇੜਿਆ ਹੈ ।

ਰਿਪੋਰਟ ਦੇ ਪੈਰਾ ਦੂਜਾ ਵਿੱਚ ਅਜਿਹੀਆਂ ਰਿਪੋਰਟਾਂ ਹਨ ਕਿ ਪਾਕਿਸਤਾਨ ਵੱਡੇ ਪੱਧਰ ਉਤੇ ਸਿੱਖ ਖਾੜਕੂਵਾਦ ਨੂੰ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ ਅਤੇ ਆਈ.ਐਸ.ਆਈ. ਅਧਿਕਾਰੀਆਂ ਨੇ ਵਿਸਾਖੀ ਜਸ਼ਨਾਂ ਤੇ ਆਏ ਵਿਦੇਸ਼ੀ ਖਾਲਿਸਤਾਨੀ ਲੀਡਰਾਂ ਨੂੰ ਖਾਲਿਸਤਾਨ ਲਹਿਰ ਨੂੰ ਮੁੜ ਉਭਾਰਨ ਦੀ ਵਚਨਬੱਧਤਾ ਦਾ ਯਕੀਨ ਦਵਾਇਆ ਹੈ । ਗ੍ਰਹਿ ਵਿਭਾਗ ਨੇ ਬਿਨਾ ਕਿਸੇ ਸਬੂਤਾਂ ਦੇ ਅਜਿਹੇ ਇਤਰਾਜ਼ਯੋਗ ਤੱਥਾਂ ਨੂੰ ਦਰਜ ਕਰਕੇ ਜਿੱਥੇ ਸਿੱਖ ਵਿਰੋਧੀ ਹੋਣ ਦਾ ਪ੍ਰਮਾਣ ਦਿੱਤਾ ਹੈ । ਉਥੇ ਇਹ ਪਾਕਿਸਤਾਨ ਵਿਰੋਧੀ ਪ੍ਰਚਾਰ ਤੋਂ ਬਿਨਾ ਕੁਝ ਵੀ ਨਹੀਂ । ਇਸ ਤੋਂ ਇਲਾਵਾ ਪੈਰਾ 1.21 ਵਿੱਚ ਸੂਹੀਆ ਰਿਪੋਰਟਾਂ ਜ਼ਿਕਰ ਕਰਦੀਆਂ ਹਨ ਕਿ ਆਈ.ਐਸ.ਆਈ. ਨੇ ਪੰਜਾਬ ਵਿੱਚ ਖਾੜਕੂਵਾਦ ਨੂੰ ਸੁਰਜੀਤ ਕਰਨ ਲਈ ਮਸਕਟ, ਡੁਬੱਈ. ਥਾਈਲੈਂਡ ਅਤੇ ਇਰਾਨ ਵਿੱਚ ਸਿੱਖ ਨੌਜਵਾਨਾਂ ਲਈ ਸਿਖਲਾਈ ਕੇਂਦਰ ਸਥਾਪਿਤ ਕੀਤੇ ਹਨ ਪਰ ਗ੍ਰਹਿ ਵਿਭਾਗ ਨੇ ਰਿਪੋਰਟ ਵਿੱਚ ਇਹ ਜ਼ਿਕਰ ਕਿਤੇ ਨਹੀਂ ਕੀਤਾ ਕਿ

ਉਕਤ ਦੇਸ਼ਾਂ ਵਿੱਚ ਕਿਹੜੀਆਂ ਥਾਵਾਂ ਉਤੇ ਸਿਖਲਾਈ ਕੇਂਦਰ ਹਨ ?
ਉਹਨਾਂ ਵਿੱਚ ਕਿੰਨੇ ਸਿੱਖ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ ?
ਕੀ ਇਹ ਨੌਜਵਾਨ ਪੰਜਾਬ ਦੇ ਹਨ ਜਾਂ ਉਹਨਾਂ ਮੁਲਕਾਂ ਦੇ ਹੀ ਸਨ ?
ਇਹ ਸਿਖਲਾਈ ਕੇਂਦਰ ਕਦੋਂ ਤੋਂ ਸ਼ੁਰੂ ਹਨ ?
ਇਹਨਾਂ ਕੈਂਪਾਂ ਪ੍ਰਤੀ ਉਹਨਾਂ ਮੁਲਕਾਂ ਦੀਆਂ ਸਰਕਾਰਾਂ ਦਾ ਕੀ ਰਵੱਈਆ ਹੈ ?
ਕੀ ਉਹਨਾਂ ਸਰਕਾਰਾਂ ਨੇ ਕੋਈ ਕਾਰਵਾਈ ਕੀਤੀ ਹੈ ਜਾਂ ਨਹੀਂ ?
ਕੀ ਭਾਰਤ ਸਰਕਾਰ ਨੇ ਉਹਨਾਂ ਮੁਲਕਾਂ ਕੋਲ ਕੋਈ ਮਸਲਾ ਉਠਾਇਆ ਸੀ ?
ਕੀ ਸਰਕਾਰ ਨੇ ਸਿਖਲਾਈ ਪ੍ਰਾਪਤ ਕਰ ਰਹੇ ਨੌਜਵਾਨਾਂ ਦੇ ਪਰਿਵਾਰਾਂ ਨੂੰ ਇਸ ਬਾਰੇ ਸੂਚਨਾ ਦਿੱਤੀ ਸੀ ਕਿ ਉਹਨਾਂ ਦੇ ਬੱਚੇ ਖਾੜਕੂ ਸਿਖਲਾਈ ਲੈ ਰਹੇ ਹਨ ?

ਵਿਭਾਗ ਨੇ ਰਿਪੋਰਟ ਵਿੱਚ ਇਸ ਬਾਰੇ ਕੁਝ ਵੀ ਸਪਸ਼ਟ ਨਹੀਂ ਕੀਤਾ । ਸਿੱਖਾਂ ਨੂੰ ਬਦਨਾਮ ਕਰਨ ਵਾਸਤੇ ਉਕਤ ਚਾਰ ਮੁਲਕਾਂ ਉਤੇ ਗੰਭੀਰ ਦੋਸ਼ ਲਾਏ ਸਨ ਕਿਉਂਕਿ ਉਹਨਾਂ ਨਾਲ ਭਾਰਤ ਦੇ ਰਾਜਨੀਤਕ ਤੇ ਵਪਾਰਿਕ ਸਬੰਧ ਜੁੜੇ ਹੋਏ ਹਨ । ਕੀ ਵਿਭਾਗ ਵੱਲੋਂ ਮੰਦਭਾਵਨਾ ਨਾਲ ਜਾਰੀ ਕੀਤੀ ਗਈ ਇਹ ਰਿਪੋਰਟ ਨਾਲ ਚਾਰੇ ਮੁਲਕਾਂ ਦੀਆਂ

ਸਰਕਾਰਾਂ ਦੇ ਮਨਾਂ ਵਿੱਚ ਸਿੱਖਾਂ ਪ੍ਰਤੀ ਨਫ਼ਰਤ ਪੈਦਾ ਕਰਨ ਦੀ ਕੋਸ਼ਿਸ਼ ਨਹੀਂ ਹੈ ? ਭਾਰਤ ਸਰਕਾਰ ਨੂੰ ਖੁਸ਼ ਕਰਨ ਵਾਸਤੇ ਉਕਤ ਮੁਲਕ ਉਹਨਾਂ ਮੁਲਕਾਂ ਵਿੱਚ ਰੋਜ਼ੀ-ਰੋਟੀ ਕਮਾ ਰਹੇ ਨੌਜਵਾਨਾਂ ਵਿਰੁੱਧ ਕਾਰਵਾਈ ਕਰਨ ।

ਪੈਰਾ 1.22 ਵਿੱਚ ਲਿਖਿਆ ਹੈ ਕਿ ਬਹੁਤ ਸਾਰੇ ਪੰਜਾਬੀ ਖਾਤਕੂਆਂ ਵਿਰੁੱਧ 'ਲਾਲ ਕੋਨਾ' ਨੋਟਿਸ ਜਾਰੀ ਹਨ । ਜੇਕਰ ਸਰਕਾਰ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਇਛੁੱਕ ਹੈ ਤਾਂ ਉਹ ਇਸਦੀ ਸੂਚਨਾਂ ਨੂੰ ਜਨਤਕ ਤੌਰ ਉਤੇ ਜਾਰੀ ਕਿਉਂ ਨਹੀਂ ਕਰਦੀ ? ਰਿਪੋਰਟ ਵਿਚਲਾ ਅਜਿਹਾ ਚਿਤਰਨ ਸਿੱਖਾਂ ਵਿਰੁੱਧ ਪੱਖਪਾਤ ਤੇ ਮੰਦਭਾਵਨਾ ਨੂੰ ਉਤਸ਼ਾਹਤ ਕਰਦਾ ਹੋਇਆ ਸਿੱਖਾਂ ਨੂੰ ਬੁਰਾ ਬਣਾ ਦੇਣ ਵਾਲੀ ਘਟੀਆ ਤੇ ਬੋਣੀ-ਸੋਚ ਦੀ ਪੂਰਤੀ ਕਰਨ ਤੋਂ ਸਿਵਾਏ ਹੋਰ ਕੁਝ ਵੀ ਨਹੀਂ ।

1978 ਤੋਂ 1995 ਤੱਕ ਰਾਜਨੀਤਿਕ ਸਿਸਟਮ, ਪੁਲੀਸ ਪ੍ਰਸ਼ਾਸਨ, ਸਰਕਾਰ ਅਤੇ ਅਫਸਰਸ਼ਾਹੀ ਵਿਚਲੇ ਫਾਸੀਵਾਦੀ ਤੱਤਾਂ ਦੁਆਰਾ ਚਲਾਈ ਗਈ ਨਫ਼ਰਤ ਭਰੀ ਮੁਹਿੰਮ ਦੇ ਤਹਿਤ ਸਿੱਖਾਂ ਦਾ ਭਾਰੀ ਨੁਕਸਾਨ ਹੋਇਆ ਹੈ । ਪੈਦਾ ਕੀਤੀ ਗਈ ਇਸ ਨਫ਼ਰਤ ਦੇ ਤਹਿਤ ਹੀ ਦਸੰਬਰ 2001 ਵਿੱਚ ਜਦੋਂ ਅਮਰੀਕਾ ਦੇ ਵਰਲਡ ਟਰੇਡ ਸੈਂਟਰ ਉਤੇ ਹਮਲਾ ਹੋਇਆ ਸੀ, ਉਸ ਸਮੇਂ ਸਿੱਖਾਂ ਨੂੰ ਇਸ ਨਫ਼ਰਤ ਦਾ ਸ਼ਿਕਾਰ ਹੋਣਾ ਪਿਆ ਸੀ, ਕਿਉਂਕਿ ਉਥੇ ਦੇ ਲੋਕ ਸਿੱਖਾਂ ਤੇ ਇਸਲਾਮੀਆਂ ਵਿੱਚਲੇ ਫਰਕ ਨੂੰ ਸਮਝ ਨਹੀਂ ਪਾਉਂਦੇ । ਭਾਰਤ ਸਰਕਾਰ ਨੇ ਇਸ ਨਫ਼ਰਤ ਦੇ ਸ਼ਿਕਾਰ ਹੋ ਰਹੇ ਸਿੱਖਾਂ ਨੂੰ ਬਚਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ । ਸਿੱਖਾਂ ਉਤੇ ਹੋ ਰਹੇ ਜ਼ੁਲਮ ਦਾ ਮਸਲਾ ਭਾਰਤ ਦੇ ਗ੍ਰਹਿ ਮੰਤਰਾਲੇ ਤੇ ਵਿਦੇਸ਼ ਮੰਤਰੀ ਵਿੱਚੋਂ ਕਿਸੇ ਨੇ ਵੀ ਸਟੇਟ ਡਿਪਾਰਟਮੈਂਟ ਜਾਂ ਰਾਸ਼ਟਰਪਤੀ ਅਮਰੀਕਾ ਕੋਲ ਉਠਾਉਣ ਦੀ ਕੋਸ਼ਿਸ ਨਹੀਂ ਕੀਤੀ । ਜਦੋਂ ਕਿ ਭਾਰਤ ਸਰਕਾਰ ਸਿੱਖਾਂ ਤੇ ਇਸਲਾਮੀਆਂ ਵਿਚਲਾ ਫਰਕ ਦੱਸਣ ਲਈ ਅਮਰੀਕਾ ਦੀਆਂ ਅਖਬਾਰਾਂ 'ਚ ਇਸ਼ਤਿਹਾਰ ਦੇ ਕੇ ਉਥੋਂ ਦੇ ਲੋਕਾਂ ਨੂੰ ਇਹ ਦੱਸਣਾ ਚਾਹੀਦਾ ਸੀ ਕਿ ਸਿੱਖ ਇਰਾਨੀ, ਇਰਾਕੀ, ਜਾਂ ਅਫਗਾਨਿਸਤਾਨੀ ਨਹੀਂ । ਇਸ ਸਮੇਂ ਖਾਮੋਸ਼ ਬੈਠੀ ਭਾਰਤ ਸਰਕਾਰ ਨੇ ਸਿੱਖ ਵਿਰੋਧੀ ਨੀਤੀ ਨੂੰ ਤਿਆਗਿਆ ਨਹੀਂ ਪਰ ਸਿੱਖਾਂ ਨੇ ਆਪਣੀ ਮਿਹਨਤ ਅਤੇ ਉਸਾਰੂ ਸੋਚ ਸਦਕਾ ਸਿੱਖਾਂ ਬਾਰੇ ਜਾਗ੍ਰਤੀ ਪੈਦਾ ਕਰਕੇ ਉਹਨਾਂ ਉਤੇ ਹੋ ਰਹੇ ਹਮਲਿਆਂ ਉਤੇ ਰੋਕ ਲਗਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ ਜਿਸ ਦੇ ਨਾਲ ਭਾਰਤ ਸਰਕਾਰ ਤੇ ਗ੍ਰਹਿ ਵਿਭਾਗ ਨੂੰ ਸ਼ਰਮਸ਼ਾਰ ਹੋਣਾ ਪਿਆ ਹੈ । ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਤੰਬਰ 2001 ਤੋਂ ਲੈ ਕੇ 2003 ਤੱਕ 300 ਤੋਂ ਵੱਧ ਨਫ਼ਰਤ ਆਧਾਰਿਤ ਅਪਰਾਧਕ ਘਟਨਾਵਾਂ ਹੋ ਚੁੱਕੀਆਂ ਹਨ ਜਿਨ੍ਹਾਂ'ਚ 2 ਸਿੱਖ ਗੋਲੀ ਨਾਲ ਮਾਰੇ ਜਾ ਚੁੱਕੇ ਹਨ । ਅਮਰੀਕਾ ਦੇ ਫੈਡਰਲ ਬਿਊਰੋ ਦੇ 2001 ਦੇ ਆਧਾਰਿਤ ਅਪਰਾਧਕ ਅੰਕੜਿਆਂ ਦੇ ਅਨੁਸਾਰ ਮਨੁੱਖਾਂ ਵਿਰੋਧੀ ਨਸਲੀ ਜਾਂ

ਕੌਮੀ ਪਿਛੋਕੜ ਦੇ ਅਧਾਰ ਤੇ 2098 ਘਟਨਾਵਾਂ ਹੋਈਆਂ ਹਨ । ਇਸ ਲਈ ਅਮਰੀਕਾ ਵਧਾਈ ਦਾ ਪਾਤਰ ਹੈ ਜਿਸਨੇ ਦੋ ਸਾਲਾਂ ਦੇ ਅਰਸੇ ਵਿੱਚ ਹੀ ਨਫਰਤੀ ਅਪਰਾਧਾਂ ਵਿਰੁੱਧ ਕਾਨੂੰਨ ਬਣਾਉਣਾ ਠੀਕ ਸਮਝਿਆ ਹੈ । ਪਿੱਛੇ ਜਿਹੇ ਫੈਡਰਲ ਕਾਨੂੰਨ ਦੇ ਅਧਿਕਾਰ ਖੇਤਰ ਨੂੰ ਵਧਾਉਣ ਲਈ ਅਮਰੀਕਾ ਸੈਨੇਟ ਵਿੱਚ ਬਿੱਲ ਪੇਸ਼ ਕੀਤਾ ਗਿਆ ਸੀ ਤਾਂ ਕਿ ਜਾਤ, ਨਸਲ, ਰੰਗ, ਧਰਮ, ਕੌਮੀ ਉਥਾਨ ਅਰੋਗਤਾ ਦੇ ਸ਼ਿਕਾਰ ਲੋਕਾਂ ਤੱਕ ਪਹੁੰਚ ਕੀਤੀ ਜਾ ਸਕੇ ।

ਭਾਰਤੀ ਗ੍ਰਹਿ ਮੰਤਰਾਲੇ ਦੀ ਰਿਪੋਰਟ ਦਿੱਲੀ ਵਿਚਲੇ ਵਿਦੇਸ਼ੀ ਦੂਤਘਰਾਂ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿੱਚ ਵੰਡੀ ਜਾਂਦੀ ਹੈ । ਉਹ ਰਿਪੋਰਟ ਸਿੱਖਾਂ ਦਾ ਸੰਸਾਰ ਪੱਧਰ ਉਤੇ ਅਕਸ ਵਿਗਾੜਨ ਵਿੱਚ ਸਹਾਈ ਹੋਈ ਹੈ । ਪੱਛਮੀ ਦੇਸ਼ਾਂ ਵਿੱਚ ਸਿੱਖਾਂ ਦਾ ਬੜਾ ਕੌੜਾ ਤਜ਼ਰਬਾ ਹੈ ਉਹ ਲੋਕ ਇਰਾਕੀ-ਇਰਾਨੀ ਜਾਂ ਅਰਬੀ ਲੋਕਾਂ ਵਿਚਲੇ ਫਰਕ ਨੂੰ ਸਮਝ ਨਹੀ ਸਕਦੇ ਕਿਉਂਕਿ ਸਿੱਖ ਉਹਨਾਂ ਵਾਂਗ ਹੀ ਪੱਗ ਬੰਨਦੇ ਹਨ ਅਤੇ ਦਾਹੜੀ ਖੁੱਲ੍ਹੀ ਛੱਡਦੇ ਹਨ । ਭਾਰਤ ਸਰਕਾਰ ਨੇ ਇਹ ਨਿਖੇੜਾ ਕਰਨ ਦੀ ਥਾਂ ਸਿੱਖ ਵਿਰੋਧੀ ਮਾੜਾ ਧੱਬਾ ਲਗਾਊ ਮੁਹਿੰਮ ਨੂੰ ਜਾਰੀ ਰੱਖਦਿਆਂ ਹੋਇਆਂ ਸਿੱਖਾਂ ਨੂੰ ਦਹਿਸ਼ਤਗਰਦ ਕਹਿ ਕੇ ਉਹਨਾਂ ਵਿਰੁੱਧ ਨਫਰਤ ਨੂੰ ਵਧਾਉਣ ਨੂੰ ਅਹਿਮੀਅਤ ਦਿੱਤੀ ਹੈ । ਗ੍ਰਹਿ ਮੰਤਰਾਲੇ ਦੀ ਇਹ ਅਸਹਿਣਸ਼ੀਲਤਾ ਸਿੱਖਾਂ ਨੂੰ ਭਾਰਤ ਵਿੱਚ ਅਤੇ ਉਹਨਾਂ ਚਾਰੇ ਮੁਲਕਾਂ ਵਿੱਚ ਭੈਅ ਦੇ ਮਹੌਲ ਵਿੱਚ ਰੱਖੇਗੀ । ਇਸ ਤੋਂ ਮੁਕੜ ਹੋਣ ਲਈ ਸਿੱਖ ਭਾਈਚਾਰੇ ਨੂੰ ਆਪਣੇ ਤੌਰ ਉਤੇ ਯਤਨ ਆਰੰਭ ਕਰਨੇ ਪੈਣਗੇ ਨਾ ਕਿ ਭਾਰਤ ਸਰਕਾਰ ਤੇ ਟੇਕ ਰੱਖਣੀ ਪਵੇਗੀ । ਇਸ ਵਿੱਚ ਕੋਈ ਸ਼ੱਕ ਨਹੀਂ ਜਿੱਥੇ ਭਾਰਤ ਸਰਕਾਰ ਸਿੱਖਾਂ ਨੂੰ ਬਦਨਾਮ ਕਰਕੇ ਨੀਵਾਂ ਦਿਖਾਉਣ ਲਈ ਲੰਮੇ ਸਮੇਂ ਤੋਂ ਯੋਜਨਾਬੱਧ ਤਰੀਕੇ ਨਾਲ ਕੰਮ ਕਰ ਰਹੀ ਹੈ ਉਥੇ ਸਿੱਖਾਂ ਦੇ ਖਿਲਾਫ ਅਪਰਾਧਾਂ ਵਿੱਚ ਵਾਧਾ ਹੋਣ ਉਤੇ ਕੋਲੋਫੋਰਨੀਆਂ ਦੇ ਲੈਫ: ਗਵਰਨਰ ਕਾਰੂਚ ਬੁਸਤਾਮੁੰਡੇ ਵੱਲੋਂ ਲਿਖੀ ਕਿਤਾਬ 'ਲੰਮੇ ਵਾਲਾਂ ਵਾਲਾ ਮੁੰਡਾ' ਸੱਭਿਆਚਰਕ ਤੰਦਾਂ ਨੂੰ ਹੋਰ ਪੀੜੀਆਂ ਕਰਨ ਦੇ ਮੰਤਵ ਨਾਲ ਜਾਰੀ ਕੀਤੀ ਹੈ । ਉਥੋਂ ਦੇ ਗਵਰਨਰ ਦਫਤਰ ਮੁਤਾਬਿਕ ਕੈਲੋਫੋਰਨੀਆਂ ਵਿੱਚ ਵੱਡੇ ਪੱਧਰ ਉਤੇ ਰਹਿੰਦੇ ਸਿੱਖਾਂ ਵਿੱਚ 4 ਲੱਖ ਦੇ ਲੱਗਭਗ ਸਿੱਖ ਸਿਰਾਂ ਉਤੇ ਦਸਤਾਰਾਂ ਸਜਾਉਦੇ ਹਨ ਜਿਹਨਾਂ ਦੀ ਰੱਖਿਆ ਲਈ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਯੋਗ ਉਪਰਾਲਾ ਕਰਕੇ ਸਿੱਖਾਂ ਪ੍ਰਤੀ ਪੈਦਾ ਹੋ ਰਹੀ ਨਫਰਤ ਨੂੰ ਰੋਕਣ ਲਈ ਅੱਗੇ ਆ ਕੇ ਪਹਿਲ ਕਦਮੀ ਕਰੇ ਤਾਂ ਕਿ ਸਿੱਖ ਭਾਈਚਾਰਾ ਅਮਨ-ਅਮਾਨ ਨਾਲ ਜ਼ਿੰਦਗੀ ਜਿਉਂ ਸਕੇ । ਜੇਕਰ ਭਾਰਤ ਸਰਕਾਰ ਸਿੱਖਾਂ ਪ੍ਰਤੀ ਉਸਾਰੂ ਸੋਚ ਅਪਣਾ ਕੇ ਉਹਨਾਂ ਦੀ ਹਿਫਾਜਤ ਕਰਨ ਲਈ ਅੱਗੇ ਆਉਂਦੀ ਹੈ ਤਾਂ ਸਿੱਖ ਭਾਈਚਾਰਾ ਉਸਦਾ ਪੂਰਨ ਸਹਿਯੋਗ ਦੇਵੇਗਾ ।





ਪੰਜਾਬੀ ਸੂਬੇ ਦੀ ਮੰਗ ਕਰਦੇ ਸਿੱਖਾਂ ਉਤੇ ਭਾਰਤੀ
ਪੁਲੀਸ ਵੱਲੋਂ ਵਰਸਾਇਆ ਜਾਂਦਾ ਕਹਿਰ

# ਵਿਤਕਰਾ

ਘਰ-ਪਰਿਵਾਰ ਦੀ ਸ਼ਾਂਤੀ ਅਤੇ ਸੁੱਖ ਲਈ ਈਰਖਾਲੂ, ਝਗੜਾਲੂ, ਲਾਈਲੱਗ ਤੇ ਕੁਪੱਤੇ ਨੂੰ ਵੱਖਰਾ ਕਰਕੇ ਨਿੱਤ ਦੇ ਕਲੇਸ਼ ਤੋਂ ਛੁਟਕਾਰਾ ਤਾਂ ਪਾਇਆ ਜਾ ਸਕਦਾ ਹੈ ਪਰ ਪਰਿਵਾਰ ਨੂੰ ਸੋਗ ਮੁਕਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਮੋਹ ਦੀਆਂ ਤੰਦਾਂ ਦਾ ਟੁੱਟਣਾ ਇੰਨ੍ਹਾਂ ਅਸਾਨ ਨਹੀਂ ਜਿੰਨ੍ਹਾ ਕਹਿਣਾ ਹੈ। ਸਿੱਖ ਕੌਮ ਨੇ ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁੱਢਲੇ ਸਿਧਾਂਤ 'ਨਿਰਭੈਤਾ' ਤੇ 'ਨਿਰਵੈਰਤਾ' ਉਤੇ ਪਹਿਰਾ ਦਿੰਦੀਆਂ ਸਦਾ ਸਰਬੱਤ ਦੇ ਭਲੇ ਦੀ ਮੰਗ ਕੀਤੀ ਹੈ। ਗੁਰਮਤਿ ਦੇ ਧਾਰਨੀ ਸਿੱਖ ਸਵੇਰੇ ਸ਼ਾਮ ਅਰਦਾਸ ਵਿੱਚ ਕਹਿੰਦੇ ਹਨ ਸਿੱਖਾਂ ਨੂੰ 'ਵਿਸਾਹਦਾਨ, ਭਰੋਸਾਦਾਨ।' ਇਸ ਤਰ੍ਹਾਂ ਵਿਸ਼ਵਾਸਘਾਤ ਨਾ ਕਰਨ ਵਾਲੇ ਦੂਜਿਆਂ ਤੋਂ ਵੀ ਵਿਸ਼ਵਾਸਘਾਤ ਦੀ ਉਮੀਦ ਨਹੀਂ ਰੱਖਦੇ। ਜਿਸ ਸਿੱਖ ਕੌਮ ਨੇ ਭਾਰਤ ਵਿਚਲੇ ਹਿੰਦੂ ਧਰਮ ਤੇ ਹਿੰਦੂ ਜਾਤੀ ਦੀ ਰੱਖਿਆ ਲਈ ਬੇਪਨਾਹ ਤੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਹਨ। ਵਿਸ਼ਵਾਸਘਾਤੀ ਹਿੰਦੂ ਲੀਡਰਾਂ ਨੇ ਉਹਨਾਂ ਸਿੱਖਾਂ ਨਾਲ ਵਿਸ਼ਵਾਸਘਾਤ ਕੀਤੇ ਜਿਹੜੇ ਧਰਮ ਦੇ ਰੱਖਿਅਕ ਸਨ ਅਤੇ ਦੇਸ਼ ਦੇ ਵੈਰੀਆਂ ਦੇ ਦੁਸ਼ਮਣ ਸਨ। ਰਾਜਨੀਤਿਕ ਤਾਕਤ ਹੱਥ ਲੱਗਦਿਆਂ ਹੀ ਹਿੰਦੂ ਲੀਡਰ ਸਿੱਖਾਂ ਨਾਲ ਧੋਖਾ ਕਰਦੇ ਸਿੱਖਾਂ ਨੂੰ ਭਾਰਤ ਰੂਪੀ ਪਰਿਵਾਰ ਦੇ ਮੈਂਬਰ ਸਮਝਣ ਤੋਂ ਇਨਕਾਰੀ ਹੋ ਗਏ।

ਆਜ਼ਾਦੀ ਤੋਂ ਪਹਿਲਾਂ ਹਿੰਦੂ ਲੀਡਰਾਂ ਨੇ ਸਿੱਖ ਆਗੂਆਂ ਨੂੰ ਵਿਸ਼ਵਾਸ਼ ਵਿੱਚ ਲੈ ਕੇ ਰਿਆਸੀ ਤਾਕਤ ਹਾਸਲ ਕਰਨ ਚਿੱਤ ਸਹਾਇਤਾ ਦੇਣ ਲਈ ਪ੍ਰੇਰਿਆ ਪਰ ਦੇਸ਼ ਆਜ਼ਾਦ ਹੁੰਦਿਆਂ ਹੀ ਹਿੰਦੂ ਲੀਡਰਾਂ ਨੇ ਸਿੱਖਾਂ ਨਾਲ ਕੀਤੇ ਵਾਅਦਿਆਂ ਤੋਂ ਇੱਕ-ਇੱਕ

ਕਰਕੇ ਮੁੱਕਰਨਾਂ ਸ਼ੁਰੂ ਕਰ ਦਿੱਤਾ । ਸਿੱਖ ਆਗੂਆਂ ਨੇ ਵਾਅਦਾ-ਖਿਲਾਫੀ ਬਾਰੇ ਜਦੋਂ ਆਵਾਜ਼ ਉਠਾਈ ਤਾਂ ਉਹਨਾਂ ਨੂੰ ਦਬਾਉਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤੇ ਗਏ । ਪੰਜਾਬ ਪੁਨਰਗਠਨ ਬਿੱਲ ਤੇ ਬਹਿਸ ਆਰੰਭ ਕਰਦਿਆਂ ਲੋਕ ਸਭਾ ਮੈਂਬਰ ਸਿਰਦਾਰ ਕਪੂਰ ਸਿੰਘ ਵੱਲੋਂ 6 ਸਤੰਬਰ 1966 ਨੂੰ ਲੋਕ ਸਭਾ ਵਿੱਚ ਦਿੱਤਾ ਭਾਸ਼ਨ ਹਿੰਦੂ ਲੀਡਰਾਂ ਵੱਲੋਂ ਸਿੱਖਾਂ ਨਾਲ ਕੀਤੇ ਵਿਸ਼ਵਾਸਘਾਤ ਸਬੰਧੀ ਪੂਰੀ ਤਰ੍ਹਾਂ ਚਾਨਣਾ ਪਾਉਂਦਾ ਸੀ । ਉਹਨ੍ਹਾਂ ਦੇ ਉਸ ਭਾਸ਼ਨ ਦੇ ਕੁੱਝ ਅੰਸ਼ ਵਰਤਮਾਨ ਇਤਿਹਾਸ ਦਾ ਇਕ ਅਹਿਮ ਦਸਤਾਵੇਜ ਹਨ । ਸਿਰਦਾਰ ਕਪੂਰ ਸਿੰਘ ਨੇ ਕਿਹਾ,"ਸਦਨ ਦੇ ਮੈਂਬਰਾਂ ਨੂੰ ਬੇਨਤੀ ਕਰਦਾ ਕਿ ਉਹ ਆਪਣਾ ਧਿਆਨ 1929 ਦੀ ਹਿਮ ਰਿਤੂ ਵੱਲ ਲੈ ਕੇ ਜਾਣ ਜਦੋਂ ਲਾਹੌਰ ਵਿੱਚ ਰਾਵੀ ਦੇ ਕੰਢੇ ਉਤੇ ਸਰਬ ਹਿੰਦ ਕਾਂਗਰਸ ਕਮੇਟੀ ਦਾ ਸਮਾਗਮ ਹੋਇਆ ਸੀ ਉਸ ਤੋਂ ਇਕ ਦਿਨ ਪਹਿਲਾਂ ਸਿੱਖਾਂ ਨੇ ਆਪਣੇ ਲੀਡਰ ਬਾਬਾ ਖੜਕ ਸਿੰਘ ਦੀ ਅਗਵਾਈ ਵਿੱਚ ਪੰਜ ਲੱਖ ਨਰ-ਨਾਰੀ ਦਾ ਸ਼ਾਨਦਾਰ ਜਲੂਸ ਕੱਢਿਆ ਸੀ ਜਿਸ ਸਬੰਧੀ ਲੰਡਨ ਤੋਂ ਛਪਦੇ ਅਖ਼ਬਾਰ 'ਟਾਈਮਜ਼' ਨੇ ਲਿਖਿਆ ਸੀ ਕਿ ਇਸ ਜਲੂਸ ਦੀ ਸ਼ਾਨ ਦੇ ਸਾਹਮਣੇ ਕਾਂਗਰਸ ਦੀ ਜਲਸੀ ਤੇ ਜਲੂਸੀ ਫਿੱਕੀ ਪੈ ਗਈ ਤੇ ਕਾਂਗਰਸੀਆਂ ਨੇ ਆਪਣਾ ਸਿਰ ਸ਼ਰਮ ਨਾਲ ਝੁਕਾ ਲਿਆ ਸੀ ।"

ਉਸ ਤੋਂ ਦੂਸਰੇ ਦਿਨ ਮਹਾਤਮਾ ਗਾਂਧੀ, ਪੰਡਤ ਮੋਤੀ ਲਾਲ ਨਹਿਰੂ ਤੇ ਪੰਡਤ ਜਵਾਹਰ ਲਾਲ, ਬਾਬਾ ਖੜਕ ਸਿੰਘ ਦੇ ਨਿਵਾਸ ਅਸਥਾਨ ਚਬੁਰਜ਼ੀ ਪਹੁੰਚੇ ਤੇ ਵਿਸ਼ਵਾਸ਼ ਦਿਵਾਇਆ ਕਿ ਜਿਸ ਵੇਲੇ ਹਿੰਦੁਸਤਾਨ ਆਜ਼ਾਦ ਜਾਵੇਗਾ ਕੋਈ ਵਿਧਾਨ ਅਜਿਹਾ ਨਹੀਂ ਬਣਾਇਆ ਜਾਵੇਗਾ ਜਿਹੜਾ ਕਿ ਸਿੱਖਾਂ ਨੂੰ ਮਨਜ਼ੂਰ ਤੇ ਪ੍ਰਵਾਨ ਨਾ ਹੋਵੇ ।

1947 ਤੋਂ ਪਹਿਲਾਂ ਉਕਤ ਮਤੇ ਦੀ ਕਾਂਗਰਸ ਨੇ ਕਈ ਵਾਰੀ ਪ੍ਰੋੜਤਾ ਕਰਦਿਆਂ ਇਸਨੂੰ ਅਮੰਨਾ ਨਹੀਂ ਕੀਤਾ 1950 ਵਿੱਚ ਜਦੋਂ ਸੁਤੰਤਰ ਭਾਰਤ ਦਾ ਵਿਧਾਨ ਬਣਾਇਆ ਤਾਂ ਉਸਨੇ ਇਸ ਮਤੇ ਉਤੇ ਅਮਲ ਕਰਨ ਤੋਂ ਸਾਫ ਇਨਕਾਰ ਕਰ ਦਿਤਾ ।

ਸਿੱਖ, ਜਿਹੜੇ ਕਿ ਵਿਸਾਹ ਪਾਲਣ ਵਾਲੇ ਅਤੇ ਵਿਸ਼ਵਾਸ਼ ਕਰਨ ਵਾਲੇ ਹਨ ਉਹਨਾਂ 20 ਸਾਲ ਕਾਂਗਰਸ ਉਤੇ ਭਰੋਸਾ ਰੱਖਿਆ ਇਸ ਦੌਰਾਨ ਉਹਨਾਂ ਨੂੰ ਅੰਗਰੇਜ਼ਾਂ ਜਾਂ ਮੁਸਲਮਾਨਾਂ ਵੱਲੋਂ ਰਾਜਸੀ ਅਧਿਕਾਰਾਂ ਬਾਰੇ ਕੋਈ ਪੇਸ਼ਕਸ਼ ਹੋਈ ਉਹ ਉਹਨਾਂ ਨੇ ਨਾ ਮਨਜ਼ੂਰ ਕਰ ਦਿੱਤੀ । ਇਸ ਸਮੇਂ ਵਿੱਚ ਮੁਸਲਮਾਨਾਂ ਤੇ ਅੰਗਰੇਜ਼ਾਂ ਵੱਲੋਂ ਇੱਕ ਤੋਂ ਵੱਧ ਵਾਰੀ ਸਿੱਖਾਂ ਨੂੰ ਸੁਤੰਤਰ ਰਾਜ (ਆਪਣਾ ਆਜ਼ਾਦ ਦੇਸ਼) ਦੇਣ ਤੱਕ ਦੇ ਯਤਨ ਹੋਏ, ਜਿਹੜਾ ਦੇਸ਼ ਕਿ ਦਰਿਆ ਘੱਗਰ ਤੋਂ ਲੈ ਕੇ ਚਨਾਬ ਦੇ ਕੰਢਿਆ ਤੱਕ ਮਿਥਿਆ ਗਿਆ ਸੀ ਪਰ ਸਿੱਖਾਂ ਨੇ ਇਸਨੂੰ ਕਬੁਲਣੋਂ ਨਾਂਹ ਕਰ ਦਿੱਤੀ ਸੀ ।

1946 ਨੂੰ ਜੁਲਾਈ ਦੇ ਮਹੀਨੇ ਆਲ ਇੰਡੀਆ ਕਾਂਗਰਸ ਕਮੇਟੀ ਦਾ ਜਲਸਾ ਕਲਕੱਤੇ ਹੋਇਆ ਜਿਸ ਵਿੱਚ ਸਿੱਖਾਂ ਨਾਲ ਕੀਤੇ ਗਏ ਰਾਜਸੀ ਵਾਅਦੇ ਦੁਹਰਾਏ ਗਏ 6 ਜੁਲਾਈ 1946 ਨੂੰ ਕਾਂਗਰਸ ਦੇ ਪ੍ਰਧਾਨ ਪੰਡਤ ਜਵਾਹਰ ਲਾਲ ਨਹਿਰੂ ਨੇ ਪ੍ਰੈਸ ਕਾਂਨਫਰੰਸ ਕਲਕੱਤੇ ਵਿੱਚ ਕੀਤੀ ਜਿਸ ਵਿੱਚ ਫੱਫੇ-ਕੁੱਟਣੀਆਂ ਵਾਲੇ ਇਹ ਸ਼ਬਦ ਕਹੇ, "ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਸਲੂਕ ਦੇ ਹੱਕਦਾਰ ਹਨ। ਮੈਨੂੰ ਇਸ ਵਿੱਚ ਕੋਈ ਆਪੱਤੀ ਨਹੀਂ ਦਿਸਦੀ ਕਿ ਹਿੰਦੁਸਤਾਨ ਦੇ ਉੱਤਰ ਵਿੱਚ ਇਕ ਅਜਿਹਾ ਇਲਾਕਾ ਵੱਖਰਾ ਕਰ ਦਿੱਤਾ ਜਾਵੇ ਜਿੱਥੇ ਕਿ ਸੁਤੰਤਰਤਾ ਦਾ ਨਿੱਘ ਸਿੱਖਾਂ ਦੇ ਲਹੂ ਨੂੰ ਵੀ ਗਰਮਾਵੇ।"

ਉਹਨਾਂ ਇਹਨਾਂ ਸ਼ਬਦਾਂ ਨਾਲ ਸਿੱਖਾਂ ਨੂੰ ਆਜ਼ਾਦ ਭਾਰਤ ਵਿੱਚ ਇੱਕ ਸੁੰਤਤਰ ਦੇਸ਼ ਦੇਣ ਦਾ ਬਚਨ ਦਿੱਤਾ ਸੀ।

ਭਾਸ਼ਨ ਦੀ ਛੇਵੀਂ ਕੜੀ ਇਸ ਤਰ੍ਹਾਂ ਹੈ ਕਿ ਦਸੰਬਰ 1946 ਨੂੰ ਜਦੋਂ ਕਿ ਹਿੰਦੁਸਤਾਨ ਦੀ ਕੰਸਟੀਚਿਊਐਂਟ ਅਸੈਬਲੀ ਦੀ ਪਹਿਲੀ ਬੈਠਕ ਦਿੱਲੀ ਹੋਈ ਤਾਂ ਉਸ ਸਮੇਂ ਬਾਬੂ ਰਾਜਿੰਦਰ ਪ੍ਰਸ਼ਾਦ ਦੀ ਪ੍ਰਧਾਨਗੀ ਹੇਠ ਪੰਡਤ ਜਵਾਹਰ ਨਾਲ ਨਹਿਰੂ ਨੇ ਪਹਿਲਾ ਤੇ ਬੁਨਿਆਦੀ ਮਤਾ ਪੇਸ਼ ਕੀਤਾ ਜਿਸ ਵਿੱਚ ਇਹ ਸ਼ਬਦ ਹਨ, "ਘੱਟ ਗਿਣਤੀਆਂ ਦੇ ਰਾਜਸੀ ਅਧਿਕਾਰਾਂ ਦੀ ਰੱਖਿਆ ਲਈ ਪੂਰਨ ਪ੍ਰਬੰਧ ਕੀਤੇ ਜਾਣਗੇ, ਇਹ ਸਾਡਾ ਐਲਾਨ ਹੈ ਤੇ ਇਹ ਸਾਡਾ ਪ੍ਰਣ ਹੈ ਤੇ ਇਹ ਅਸਾਡਾ ਬਚਨ ਹੈ ਜੋ ਅਸੀਂ ਸਾਰੇ ਸੰਸਾਰ ਦੇ ਰੂ-ਬ-ਰੂ ਹਿੰਦੁਸਤਾਨ ਦੇ ਕਰੋੜਾਂ ਸ਼ਹਿਰੀਆਂ ਨੂੰ ਦਿੰਦੇ ਹਾਂ ਇਸ ਲਈ ਇਹ ਇੱਕ ਪਵਿੱਤਰ ਸੁਗੰਧ ਹੈ ਜਿਸਦਾ ਪਾਲਣ ਕਰਨਾ ਸਾਡਾ ਪਰਮ ਧਰਮ ਹੈ।"

ਜੋ ਲੋਕ ਰੱਬ ਦੇ ਭਉ ਤੇ ਗੁਰੂ ਦੇ ਡਰ ਤੋਂ ਆਜ਼ਾਦ ਹੋ ਕੇ ਝੂਠੀਆਂ ਸਹੁੰਆਂ ਰਾਜਸੀ ਪੱਧਰ ਉਤੇ ਚੁੱਕਦੇ ਹਨ ਉਹਨਾਂ ਦੀ ਅੰਤਮ-ਗਤੀ ਦੀ ਬਾਬਤ ਮੈਂ ਕੀ ਆਖਾਂ ? ਜਿਨ੍ਹਾਂ ਦੇ ਮਨ ਵਿੱਚੋਂ ਸ਼ਰਮ ਉੱਡ ਚੁੱਕੀ ਹੈ, ਉਨ੍ਹਾਂ ਨੂੰ ਕੋਈ ਉਨ੍ਹਾਂ ਦੇ ਪਾਪ ਕਰਮਾਂ ਦਾ ਦੰਡ ਦੇਣ ਵਾਲਾ ਦਿਖਾਈ ਨਹੀਂ ਦਿੰਦਾ, ਉਥੇ ਜਿਨ੍ਹਾਂ ਨਾਲ ਵਿਸ਼ਵਾਸਘਾਤ ਹੋਇਆ ਹੈ, ਉਹ ਸਿਵਾਏ ਅਕਾਲ ਪੁਰਖ ਦੇ ਦਰਬਾਰ ਵਿੱਚ ਅਰਦਾਸ ਦੇ ਹੋਰ ਕਰ ਵੀ ਕੀ ਸਕਦੇ ਹਨ ? ਸਿੰਘ ਇਸ ਸਮੇਂ ਗੁਰੂ ਅਕਾਲ ਪੁਰਖ ਕੋਲ ਆਪਣੇ ਕਸ਼ਟਾਂ ਦੀ ਨਵਿਰਤੀ ਲਈ ਅਰਦਾਸ ਕਰ ਰਹੇ ਹਨ ਪਰ ਜਿਨ੍ਹਾਂ ਲੋਕਾਂ ਦੇ ਹੱਥ ਰਾਜ ਦੀ ਸ਼ਕਤੀ ਆ ਜਾਂਦੀ ਹੈ ਉਹ ਆਪਣੀ ਤਵਾਰੀਖ ਵੀ ਆਪ ਜੀ ਘੜ ਲੈਂਦੇ ਹਨ ਇਸ ਲਈ ਮੈਂ ਸਿੱਖਾਂ ਨਾਲ ਵਿਸ਼ਵਾਸ਼ਘਾਤ ਦੀ ਇਸ ਦੁਖਦਾਈਂ ਕਥਾ ਦਾ ਵਰਣਨ ਕਰ ਰਿਹਾ ਹਾਂ ਤਾਂ ਜੁ ਆਉਣ ਵਾਲੀਆਂ ਨਸਲਾਂ ਸਚਾਈ ਤੋਂ ਜਾਣੂ ਹੋ ਜਾਣ।

ਸਿਰਦਾਰ ਕਪੂਰ ਸਿੰਘ ਦੇ ਭਾਸ਼ਨ ਦੀ ਸਤਵੀਂ ਕੜੀ ਹੈ 12ਮਈ,1947 ਨੂੰ

ਹਿੰਦੁਸਤਾਨ ਦੇ ਗਵਰਨਰ ਜਨਰਲ ਲਾਰਡ ਮਾਊਂਟਬੈਟਨ, ਪੰਡਤ ਜਵਾਹਰ ਲਾਲ ਨਹਿਰੂ, ਨਵਾਬ ਲਿਅਕਤ ਅਲੀ ਖਾਂ ਅਤੇ ਸਰਦਾਰ ਬਲਦੇਵ ਸਿੰਘ ਬਰਤਾਨਵੀ ਸਰਕਾਰ ਦੇ ਸੱਦੇ ਉਤੇ ਲੰਡਨ ਨੂੰ ਗਏ ਤਾਂ ਜੋ ਉਥੇ ਹਿੰਦੁਸਤਾਨ ਦੀ ਫਿਰਕੂ ਆਚਰਣ ਦੇ ਹੱਲ ਲੱਭਣ ਦਾ ਆਖਰੀ ਯਤਨ ਕੀਤਾ ਜਾਵੇ । ਜਦੋਂ ਮੁਸਲਿਮ ਲੀਗ ਤੇ ਕਾਂਗਰਸ ਵਿਚਕਾਰ ਕੋਈ ਗੱਲ ਨੇਪਰੇ ਨਾ ਚੜ੍ਹੀ ਤਾਂ ਬਰਤਾਨਵੀ ਸਰਕਾਰ ਨਾਲ ਨਹਿਰੂ ਨੇ ਹਿੰਦੁਸਤਾਨ ਨੂੰ ਰਵਾਨਗੀ ਮਿੱਥ ਲਈ ਤਾਂ ਬਰਤਾਨਵੀ ਸਰਕਾਰ ਦੇ ਇੱਕ ਪ੍ਰਮੁੱਖ ਨੇਤਾ ਨੇ ਸਰਦਾਰ ਬਲਦੇਵ ਸਿੰਘ ਨੂੰ ਸੁਨੇਹਾ ਭੇਜਿਆ ਕਿ ਜੇ ਉਹ ਇਕ ਦੋ-ਦਿਨ ਪਿੱਛੇ ਠਹਿਰ ਜਾਣ,"ਅਜਿਹੇ ਪ੍ਰਬੰਧ ਸੰਭਵ ਹਨ ਜਿਨ੍ਹਾਂ ਦੁਆਰਾ ਕਿ ਸਿੱਖ ਆਪਣੇ ਪੈਰਾਂ ਉਤੇ ਖੜੇ ਹੋ ਕੇ ਸੰਸਾਰ ਦੀ ਤਵਾਰੀਖ ਵਿੱਚ ਭਾਈਵਾਲੀ ਪਾ ਸਕਣ।"

ਬਲਦੇਵ ਸਿੰਘ ਨੇ ਬਿਨਾ ਦੇਰੀ ਦੇ ਅਤੇ ਸਿਸ਼ਟਾਚਾਰ ਦੇ ਵਿਰੁੱਧ ਇਹ ਭੇਦ ਵਾਲੀ ਗੱਲ ਝੱਟ ਪੰਡਤ ਨਹਿਰੂ ਨੂੰ ਜਾ ਦੱਸੀ ਤੇ ਪੰਡਤ ਨਹਿਰੂ ਦੀ ਪ੍ਰੇਰਨਾ ਅਨੁਸਾਰ ਉਹ ਹਿੰਦੁਸਤਾਨ ਵਾਪਸ ਆਉਣ ਲਈ ਉਹਨਾਂ ਨਾਲ ਹੀ ਹਵਾਈ ਜ਼ਹਾਜ ਵਿੱਚ ਸਵਾਰ ਹੋਏ । ਵਿਦਾਇਗੀ ਵੇਲੇ ਸ੍ਰ. ਬਲਦੇਵ ਸਿੰਘ ਨੇ ਸੰਸਾਰ ਦੇ ਅਖ਼ਬਾਰੀ ਪੱਤਰਕਾਰਾਂ ਦੁਆਰਾ ਬਿਨਾ ਨੀਤੀ ਵਿਚਾਰੇ ਇਉਂ ਦਮਗਜਾ ਮਾਰਿਆ, " ਸਿੱਖ ਅੰਗਰੇਜ਼ਾਂ ਕੋਲੋਂ ਨਾ ਕੁਝ ਮੰਗਦੇ ਹਨ , ਨਾ ਕੁਝ ਲੋਚਦੇ ਹਨ, ਸਿਵਾਏ ਇਸ ਗੱਲ ਦੇ ਕਿ ਅੰਗਰੇਜ਼ ਬਿਸਤਰਾ-ਬੋਰੀਆਂ ਗੋਲ ਕਰਕੇ ਹਿੰਦੁਸਤਾਨ ਛੱਡ ਜਾਣ ਸਿੱਖਾਂ ਨੇ ਜੋ ਰਾਜਸੀ ਅਧਿਕਾਰ ਲੈਣੇ ਜਾਂ ਮੰਗਣੇ ਹਨ ਉਹ ਕਾਂਗਰਸ ਕੋਲੋਂ ਤੇ ਹਿੰਦੂਆਂ ਦੀ ਕ੍ਰਿਪਾਲਤਾ ਦੁਆਰਾ ਪ੍ਰਾਪਤ ਕਰਨਗੇ ।"

ਭਾਸ਼ਨ ਦੀ ਅੱਠਵੀਂ ਕੜੀ ਇਸ ਤਰ੍ਹਾਂ ਹੈ, " ਜੁਲਾਈ 1947 ਵਿੱਚ ਅਣਵੰਡੇ ਪੰਜਾਬ ਦੀ ਲੈਜਿਸਲੇਟਿਵ ਅਸੈਂਬਲੀ ਦੇ ਹਿੰਦੂ ਤੇ ਸਿੱਖ ਮੈਂਬਰਾਂ ਦੀ ਬੈਠਕ ਦਿੱਲੀ ਵਿੱਚ ਹੋਈ ਜਿੱਥੇ ਕਿ ਉਹਨਾਂ ਨੇ ਸਰਬਸੰਮਤੀ ਨਾਲ ਹਿੰਦੁਸਤਾਨ ਦੀ ਵੰਡ ਦੀ ਯੋਜਨਾ ਦੀ ਪ੍ਰੋੜਤਾ ਕੀਤੀ ਉਸ ਮਤੇ ਵਿੱਚ ਇਹ ਸ਼ਬਦ ਵੀ ਮੌਜੂਦ ਹਨ, " ਹਿੰਦੁਸਤਾਨ ਦੀ ਵੰਡ ਤੋ ਮਗਰੋਂ ਪੰਜਾਬ ਦਾ ਜੋ ਭਾਗ ਭਾਰਤ ਵਿੱਚ ਜਾਵੇਗਾ ਉਸ ਵਿੱਚ ਇਹ ਅਤਿ ਜ਼ਰੂਰੀ ਹੈ ਕਿ ਸਿੱਖਾਂ ਦੇ ਵਿਸ਼ੇਸ਼ ਰਾਜਸੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਦਾ ਕਾਨੂੰਨ ਬਣਾਇਆ ਜਾਵੇ ।"

ਇਹ ਪੰਜਾਬ ਦੇ ਉਹੋ ਹਿੰਦੂ ਹਨ ਜਿਹਨਾਂ ਦੀ ਬੁੱਧੀ ਨਾਲੋਂ ਉਹਨਾਂ ਦੀ ਕੁਚੇਸ਼ਟਾ ਵਧੇਰੇ ਪ੍ਰਬਲ ਹੈ, ਜਿਨ੍ਹਾਂ ਨੇ ਭਾਰਤ ਸੁਤੰਤਰ ਹੋਣ ਪਿੱਛੋਂ ਕੋਈ ਢੰਗ-ਤਰੀਕਾ ਵਰਤਣੋਂ ਸੰਕੋਚ ਨਹੀਂ ਕੀਤਾ ਜਿਸ ਦੁਆਰਾ ਸਿੱਖਾਂ ਨੂੰ ਹੀਣ ਬਣਾ ਕੇ ਆਪਣੇ ਅਧੀਨ ਰੱਖ ਸਕਣ । ਇਹਨਾਂ ਨੇ ਪਹਿਲਾਂ ਤਾਂ ਪੰਜਾਬੀ ਸੂਬੇ ਦੀ ਡਟ ਕੇ ਵਿਰੋਧਤਾ ਕੀਤੀ ਅਤੇ ਪਿੱਛੋਂ ਪੰਜਾਬੀ ਨੂੰ ਆਪਣੀ ਮਾਤ ਭਾਸ਼ਾ ਮੰਨਣ ਤੋਂ ਇਨਕਾਰ ਕਰ ਦਿੱਤਾ ।

ਜਿਹੜਾ ਬਿੱਲ ਅਸੀਂ ਅੱਜ ਵਿਚਾਰ ਕਰੇ ਹਾਂ ਇਹ ਉਸ ਘਿਰਣਾ ਭਰੀ ਕਥਾ ਦਾ ਹੀ ਅਧਿਆਇ ਹੈ, ਜਿਹੜੀ ਕਥਾ ਕਿ ਮੈਂ ਹੁਣੇ ਸੁਣਾ ਚੁੱਕਾ ਹਾਂ, ਜਦੋਂ ਸੰਨ 1950 ਵਿਚ ਸੁਤੰਤਰ ਹਿੰਦੁਸਤਾਨ ਦਾ ਨਵਾਂ ਵਿਧਾਨ ਨਿਰਮਤ ਕੀਤਾ ਗਿਆ ਤਾਂ ਸਿੱਖਾਂ ਦੇ ਚੁਣੇ ਹੋਏ ਨੁਮਾਇੰਦਿਆਂ ਭਾਵ ਅਕਾਲੀ ਮੈਂਬਰਾਂ ਨੇ ਗੱਜ ਵੱਜ ਕੇ ਕਿਹਾ, "ਸਿੱਖ ਇਸ ਵਿਧਾਨ ਨੂੰ ਰੱਦ ਕਰਦੇ ਹਨ ਅਤੇ ਸੰਵਿਧਾਨ ਨੂੰ ਕਬੂਲਣ ਤੋਂ ਇਨਕਾਰ ਕਰਦੇ ਹਨ।"

ਸਿੱਖਾਂ ਦੇ ਨੁਮਾਇੰਦਿਆਂ ਨੇ ਇਸ ਵਿਧਾਨ ਦੇ ਇਸ ਖਰੜੇ ਉਤੇ ਦਸਤਖਤ ਕਰਨ ਤੋਂ ਉਕਾ ਹੀ ਨਾਂਹ ਕਰ ਦਿੱਤੀ ਤਾਂ ਜੋ ਸੰਸਾਰ ਅਤੇ ਆਉਣ ਵਾਲੀਆਂ ਨਸ਼ਲਾਂ ਸਪਸ਼ਟ ਸਮਝ ਲੈਣ ਕਿ ਇਹ ਵਿਧਾਨ ਸਿੱਖਾਂ ਨਾਲ ਵਿਸਾਹਘਾਤ ਕਰਕੇ ਬਣਾਇਆ ਗਿਆ ਹੈ ।

ਸਿੱਖ ਆਗੂਆਂ ਨੇ ਹਿੰਦੂ ਲੀਡਰਾਂ ਉਤੇ ਭਰੋਸਾ ਕਰਕੇ ਅੰਗਰੇਜ਼ਾਂ ਵੱਲੋਂ ਕੀਤੀਆਂ ਸਾਰੀਆਂ ਪੇਸ਼ਕਸ਼ਾਂ ਠੁਕਰਾਈਆਂ ਹਿੰਦੂਆਂ ਦੇ ਨਾਲ ਰਹਿਣਾ ਮੰਨਿਆ ਸੀ । ਰਾਜਸੀ ਤਾਕਤ ਹੱਥ ਆਉਣ ਮਗਰੋਂ ਜਿਹੜੇ ਹਿੰਦੂ ਆਗੂਆਂ ਉਤੇ ਸਿੱਖਾਂ ਨੇ ਅਥਾਹ ਵਿਸ਼ਵਾਸ ਕੀਤਾ ਸੀ ਉਹਨਾਂ ਨੇ ਸਿੱਖਾਂ ਨਾਲ ਵਿਸ਼ਾਹਘਾਤ ਕਰਨਾ ਸ਼ੁਰੂ ਕਰ ਦਿੱਤਾ । ਅਖਿਰਤਘਣ ਹਿੰਦੂ ਆਗੂਆਂ ਨੇ ਦੇਸ਼ ਦੀ ਆਜ਼ਾਦੀ ਦੇ ਦੋ ਦਹਾਕਿਆਂ ਵਿੱਚ ਜੋ ਧੱਕੇ ਰਾਜਸੀ ਤੇ ਫਰੰਗੀ ਹਿੰਦੂਆਂ ਨੇ ਕੀਤੇ ਉਹ ਸਿੱਖਾਂ ਦੀ ਦੁਰਗਤੀ ਅੰਗਰੇਜ਼ ਸਾਮਰਾਜ ਨਹੀਂ ਸੀ ਕਰ ਸੱਕਿਆ, 1948 ਵਿੱਚ ਮਾਸਟਰ ਤਾਰਾ ਸਿੰਘ ਨੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਯਾਦ ਕਰਵਾਇਆ ਸੀ ਕਿ ਕਾਂਗਰਸ ਤੇ ਹਿੰਦੂਆਂ ਨੇ ਸਿੱਖਾਂ ਨਾਲ ਜੋ ਵਾਅਦੇ ਕੀਤੇ ਹਨ ਉਹਨਾਂ ਦੀ ਵਾਅਦਾ ਖਿਲਾਫੀ ਹੋ ਰਹੀ ਹੈ ਤਾਂ ਨਹਿਰੂ ਨੇ ਕਿਹਾ ਸੀ, "ਉਹ ਸਮਾਂ ਬਦਲ ਗਿਆ ਹੈ।"

ਭਾਰਤ ਦੇ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਜਿਸਨੇ ਪੰਜਾਬੀ ਸੂਬੇ ਬਾਰੇ ਬੋਲਦਿਆਂ ਕਿਹਾ ਸੀ, "ਮੈਂ ਸਿੱਖਾਂ ਨੂੰ ਅਜਿਹਾ ਸੂਬਾ ਦਿਆਂਗਾ ਕਿ ਉਹ ਯਾਦ ਕਰਕੇ ਰੋਇਆ ਕਰਨਗੇ ।" ਉਸਨੇ ਆਪਣੇ ਕਹੇ ਬੋਲਾਂ ਨੂੰ ਪੂਰਾ ਕਰਨ ਵਾਸਤੇ ਪੰਜਾਬ ਨੂੰ ਕੱਟ ਵੱਢ ਕੇ ਇਕ ਸੂਬੀ ਬਣਾ ਦਿੱਤਾ 21 ਮਾਰਚ, 1966 ਨੂੰ ਗ੍ਰਹਿ ਮੰਤਰੀ ਨੇ ਸੁਪਰੀਮ ਕੋਰਟ ਦੇ ਇਕ ਜੱਜ ਦੀ ਪ੍ਰਧਾਨਗੀ ਹੇਠ ਕਮਿਸ਼ਨ ਦਾ ਗਠਨ ਕਰਕੇ ਪੰਜਾਬ ਦੇ ਹਿੰਦੀ ਭਾਗਾਂ ਨੂੰ ਵੱਖ ਕਰਕੇ ਪੰਜਾਬ ਤੇ ਹਰਿਆਣਾ ਰਾਜ ਸਥਾਪਤ ਕਰਨ ਦੀ ਇਹ ਜਿੰਮੇਵਾਰੀ ਸੌਂਪੀ । ਨਾਲ ਇਹ ਹਦਾਇਤ ਕੀਤੀ ਕਿ ਇਹ ਵੰਡ 1961 ਦੀ ਜਨਸੰਖਿਆ ਦੇ ਆਧਾਰ ਉਤੇ ਹੋਵੇ । ਵੰਡ ਕਰਦੇ ਸਮੇਂ ਤਹਿਸੀਲਾਂ ਦੀਆਂ ਹੱਦਾਂ ਨਾ ਤੋੜੀਆਂ ਜਾਣ, ਗ੍ਰਹਿ ਮੰਤਰੀ ਦੀਆਂ ਇਹਨਾਂ ਹਦਾਇਤਾਂ ਤੋਂ ਸਪਸ਼ਟ ਹੁੰਦਾ ਸੀ ਕਿ ਪੰਜਾਬ ਨੂੰ ਕਮਜ਼ੋਰ ਕਰਕੇ ਸਿੱਖਾਂ ਨਾਲ ਵਿਸ਼ਵਾਸਘਾਤ ਕਰਨਾ ਸੀ । ਸ਼ਾਹ ਕਮਿਸ਼ਨ ਨੇ ਮਿਲੇ ਆਦੇਸ਼ਾਂ ਦੀ ਪਾਲਣਾ ਕਰਦਿਆਂ

ਹੋਇਆਂ ਆਪਣਾ ਸਾਰਾ ਦਿਮਾਗ ਪੰਜਾਬ ਨੂੰ ਛੋਟਾ ਕਰਨ ਉਤੇ ਲਾ ਦਿੱਤਾ । ਦੋਵੇਂ ਰਾਜਾਂ ਦੀ ਵੰਡ ਲਈ ਜਨ ਸੰਖਿਆ ਨੂੰ ਆਧਾਰ ਬਣਾਇਆ ਗਿਆ ਸੀ । ਇਸ ਮੌਕੇ ਹੋਈ ਰਾਏਸ਼ੁਮਾਰੀ ਮੌਕੇ ਪੰਜਾਬ ਵਿੱਚ ਰਹਿੰਦੇ ਹਿੰਦੂਆਂ ਨੇ ਆਪਣੇ ਲੀਡਰਾਂ ਦੇ ਇਸ਼ਾਰਿਆਂ ਉਤੇ ਚੱਲਦਿਆਂ ਉਹਨਾਂ ਆਪਣੀ ਮਾਤ ਭਾਸ਼ਾ ਹਿੰਦੀ ਲਿਖਵਾ ਕੇ ਪੰਜਾਬੀ ਦੀ ਪਿੱਠ ਵਿੱਚ ਛੁਰਾ ਮਾਰਿਆ । ਭਾਸ਼ਾ ਦੇ ਅਨੁਸਾਰ ਪੰਜਾਬ ਹਰਿਆਣਾ ਦੀਆਂ ਹੱਦਾਂ ਬਣਾਉਂਦਿਆਂ ਪੰਜਾਬ ਦਾ ਇਲਾਕਾ ਤੇ ਹੱਕ ਖੋਹ ਕੇ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨੂੰ ਅਮੀਰ ਬਣਾਇਆ ਗਿਆ ।

ਪੰਜਾਬੀ ਸੂਬੇ ਦੀ ਕਾਇਮੀ ਸਬੰਧੀ ਤਿਆਰੀਆਂ ਸ਼ੁਰੂ ਹੋਣ ਮਗਰੋਂ ਕਾਂਗਰਸ ਤੇ ਜਨਸੰਘ ਲੀਡਰਾਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ ।

ਦਿੱਲੀ ਵਿੱਚ ਜਨਸੰਘ ਦੇ ਸਲਾਨਾ ਸਮਾਗਮ ਦੇ ਮੌਕੇ 12-13ਮਾਰਚ, 1966 ਨੂੰ ਗਾਂਧੀ ਗਰਾਊਡ ਦਿੱਲੀ ਵਿੱਚ ਬ੍ਰਾਹਮਣਵਾਦ ਦੀਆਂ ਪੈਰੋਕਾਰ ਪਾਰਟੀਆਂ ਕਾਂਗਰਸ ਅਤੇ ਜਨਸੰਘ (ਅੱਜ-ਕੱਲ੍ਹ ਬੀ.ਜੇ.ਪੀ.) ਦੇ ਲੀਡਰਾਂ ਨੇ ਬੜੀਆਂ ਭੜਕਾਊ ਤਕਰੀਰਾਂ ਕੀਤੀਆਂ ਅਤੇ ਪੰਜਾਬੀ ਸੂਬੇ ਦੀ ਕਾਇਮੀ ਵਿਰੁੱਧ 14 ਮਾਰਚ ਵਾਲੇ ਦਿਨ ਸਿੱਖਾਂ ਦੀਆਂ ਦੁਕਾਨਾਂ ਸ਼ਰੇਆਮ ਲੁੱਟੀਆਂ ਤੇ ਸਾੜੀਆਂ ਗਈਆਂ । ਜਥੇਦਾਰ ਸੰਤੋਖ ਸਿੰਘ ਦੀ ਅਗਵਾਈ ਵਿੱਚ ਸਿੱਖਾਂ ਨੇ ਜਦੋਂ ਮੁਕਾਬਲੇ ਦੀ ਯੋਜਨਾ ਬਣਾਈ ਤਾਂ ਉਹਨਾਂ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਤੇ ਬੜੀ ਬੇਇਜ਼ਤੀ ਕੀਤੀ । ਭੜਥੀ ਹੋਈ ਹਿੰਦੂ ਭੀੜ, ਜਿਨ੍ਹਾਂ ਸਿੱਖਾਂ ਦੀਆਂ ਜਾਇਦਾਦਾਂ ਸਾੜ ਰਹੀ ਸੀ ਪੁਲੀਸ ਵੀ ਉਹਨਾਂ ਹੀ ਸਿੱਖਾਂ ਨੂੰ ਗ੍ਰਿਫਤਾਰ ਕਰ ਰਹੀ ਸੀ । ਇਸ ਮੌਕੇ ਗੁਰਦੁਆਰਾ ਸੀਸ ਗੰਜ ਤੇ ਪਥਰਾਉ ਕੀਤਾ ਗਿਆ । ਪੁਲੀਸ ਨੇ ਪਥਰਾਉ ਕਾਰੀਆਂ ਦੀ ਰਾਖੀ ਕਰਨ ਵਾਸਤੇ ਗੁਰਦੁਆਰੇ ਦੇ ਅੰਦਰ ਟੀਅਰ (ਅੱਥਰੂ) ਗੈਸ ਦੇ ਗੋਲੇ ਸੁੱਟੇ ਤੇ ਫੇਰ ਭੀੜ ਉਤੇ ਹਮਲਾ ਕੀਤਾ । ਗੁਰਦੁਆਰਾ ਸੀਸ ਗੰਜ ਸਾਹਿਬ ਨੂੰ ਅੱਗ ਲਾਉਣ ਦੀ ਸਿਰ ਤੋੜ ਕੋਸ਼ਿਸ਼ ਕੀਤੀ ਗਈ ਪਰ ਸਫਲਤਾ ਨਾ ਮਿਲੀ । ਜਨੂੰਨੀ ਭੀੜ ਵੱਲੋਂ ਇਸ ਸਮੇਂ ਇਸ ਤਰ੍ਹਾਂ ਦੇ ਨਾਅਰੇ ਲਾਏ ਜਾ ਰਹੇ ਸਨ ।

ਦਿੱਲੀ ਖਾਲੀ ਕਰਾਏਂਗੇ, ਸੂਬੀ ਕਾ ਮਜ਼ਾ ਚਖਾਏਂਗੇ,
ਗੁਰੁਦਆਰੇ ਜਲਾਏਂਗੇ, ਈਂਟ ਸੇ ਈਂਟ ਬਜਾਏਗੇਂ,
ਵਾਹਗਾ ਪਾਰ ਪਹੁੰਚਾਏਂਗੇ, ਪੰਜਾਬੀ ਸੂਬਾ ਮੁਰਦਾਬਾਦ ।

ਇਹ ਤਾਂਡਵ ਨਾਚ ਕੇਵਲ ਦਿੱਲੀ ਵਿੱਚ ਹੀ ਨਹੀਂ ਸੀ ਬਲਕਿ ਪੰਜਾਬ ਵਿੱਚ ਵੀ ਹੋ ਰਿਹਾ ਸੀ । ਦਿੱਲੀ ਵਿੱਚ ਜੇਕਰ ਇਸ ਦੀ ਅਗਵਾਈ ਬੰਸੀ ਲਾਲ, ਸਕੱਤਰ ਮਦਨ ਲਾਲ ਖੁਰਾਣਾ, ਰਾਮ ਬਾਬੂ ਮਹੇਸ਼ਵਰੀ ਤੇ ਜਨਾਰਦਨ ਗੁਪਤਾ ਐਡਵੋਕੇਟ ਆਦਿ ਕਰ ਰਹੇ ਸਨ ਤਾਂ ਪੰਜਾਬ ਵਿੱਚ ਇਸ ਅਕ੍ਰਿਤਘਣ ਨਾਚ ਦੀ ਅਗਵਾਈ ਪੱਤਰਕਾਰ ਯਸ਼ਵਰਿੰਦਰ ਅਤੇ ਲਾਲਾ ਜਗਤ

ਜਗਤ ਨਰਾਇਣ ਵਰਗੇ ਕਰ ਰਹੇ ਸਨ। ਇਸ ਮੌਕੇ ਕਈ ਸਿੱਖਾਂ ਨੂੰ ਅੱਗ ਲਾ ਕੇ ਸਾੜਿਆ ਗਿਆ।

ਵਿਸ਼ੇਸ਼ ਰਿਪੋਰਟਾਂ ਸੰਤ ਸਿਪਾਹੀ ਅਪ੍ਰੈਲ 1966

ਸ਼ਾਹ ਕਮਿਸ਼ਨ ਨੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਕਰਦਿਆਂ ਹੋਇਆਂ ਆਪਣੀ ਪੜਤਾਲ ਕਰਕੇ ਸਾਰੀ ਰਿਪੋਰਟ ਤਿਆਰ ਕਰਕੇ ਸਰਕਾਰ ਦੇ ਹਵਾਲੇ ਕਰ ਦਿੱਤੀ। ਸੱਤ ਸਵਾ ਸੱਤ ਮਹੀਨਿਆਂ ਮਗਰੋਂ ਗ੍ਰਹਿ ਮੰਤਰੀ-ਕਮ-ਪ੍ਰਧਾਨ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਪੰਜਾਬ ਵੰਡ ਦੇ ਸਬੰਧ ਵਿੱਚ ਕਹੇ ਸ਼ਬਦ - "ਮੈਂ ਸਿੱਖਾਂ ਨੂੰ ਐਸਾ ਸੂਬਾ ਦਿਆਂਗਾ ਕਿ ਉਹ ਯਾਦ ਕਰਕੇ ਰੋਇਆ ਕਰਨਗੇ" ਨੂੰ ਪੂਰਾ ਕਰਦਿਆਂ ਉਹਨਾਂ 1 ਨਵੰਬਰ, 1966 ਨੂੰ ਪੰਜਾਬੀ ਸੂਬੇ ਦੀ ਥਾਂ ਇਕ ਸੂਬੀ ਦਾ ਐਲਾਨ ਕਰ ਦਿੱਤਾ। ਜਿਸ ਵਿੱਚੋਂ ਪਹਾੜੀ ਇਲਾਕਾ ਮੋਰਨੀ ਜਿਹੜਾ ਕਿ ਡਲਹੌਜ਼ੀ ਨਾਲੋਂ ਵੀ ਉਚੇਰਾ ਹੈ ਉਸਨੂੰ ਪੰਜਾਬ ਵਿੱਚੋਂ ਕੱਟ ਕੇ ਪੰਜਾਬੀਆਂ ਨਾਲ ਇਕ ਵਾਰੀ ਫੇਰ ਦਗਾ ਕਮਾਇਆ। ਇਸ ਤਰੀਕੇ ਹਰਿਆਣਾ ਵਿੱਚ ਪੰਜਾਬੀ ਬੋਲਦੇ ਹੋਰ ਬਹੁਤ ਸਾਰੇ ਇਲਾਕੇ ਸ਼ਾਮਲ ਕਰਕੇ ਪੰਡਤ ਜਵਾਹਰ ਲਾਲ ਨਹਿਰੂ ਵੱਲੋਂ ਸਿੱਖਾਂ ਨਾਲ ਕੀਤੇ ਉਸ ਵਾਅਦੇ ਪ੍ਰਤੀ ਵਾਅਦਾ ਖਿਲਾਫੀ ਕੀਤੀ ਜਿਸ ਵਿੱਚ ਉਹਨਾਂ ਸਿੱਖਾਂ ਨੂੰ ਵਿਧਾਨ ਵਿੱਚ ਬਣਦਾ ਹੱਕ ਦਵਾਉਣ ਦਾ ਭਰੋਸਾ ਦਵਾਇਆ ਸੀ।

ਪੰਜਾਬੀ ਸੂਬੇ ਦੀ ਸਥਾਪਨਾ ਦੇ ਐਲਾਨ ਮਗਰੋਂ ਅੰਮ੍ਰਿਤਸਰ,ਜਲੰਧਰ, ਲੁਧਿਆਣਾ ਆਦਿ ਸ਼ਹਿਰਾਂ ਵਿੱਚ ਹਿੰਦੂਆਂ ਦੀਆਂ ਹਿੰਸਕ ਭੀੜਾਂ ਵੱਲੋਂ ਰਾਹ ਜਾਂਦੇ ਸਿੱਖਾਂ ਨੂੰ ਮਾਰਿਆ ਕੁੱਟਿਆ ਗਿਆ ਤੇ ਗਾਲਾਂ ਕੱਢੀਆਂ ਗਈਆਂ। ਪੰਜਾਬ ਦੇ ਇੱਕ ਵਜ਼ੀਰ ਅਨੁਸਾਰ ਹਿੰਦੂਆਂ ਨੂੰ ਆਪਣਾ ਗੁੱਸਾ ਕੱਢਣ ਲਈ ਪੰਜ ਦਿਨਾਂ ਦਾ ਸਮਾਂ ਦਿੱਤਾ ਗਿਆ ਤੇ ਇਨ੍ਹਾਂ ਲਈ ਉਹਨਾਂ ਦੰਗਾਕਾਰੀਆਂ ਵਿਰੁੱਧ ਕੋਈ ਪੁਲੀਸ ਕਾਰਵਾਈ ਵੀ ਨਾ ਹੋਈ। ਸਿੱਖਾਂ ਵੱਲੋਂ ਇਕ ਗੁਰਪੁਰਬ ਦੇ ਸਬੰਧ ਵਿੱਚ ਕਰਵਾਏ ਜਾ ਰਹੇ ਨਗਰ ਕੀਰਤਨ ਦੇ ਮੌਕੇ ਤੇ ਲੁਧਿਆਣਾ ਵਿੱਚ ਫਿਰਕੂ ਹਿੰਦੂਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਪਾਲਕੀ ਉਤੇ ਸਿਗਰਟਾਂ ਦੀਆਂ ਡੱਬੀਆਂ ਸੁੱਟੀਆਂ ਗਈਆਂ। ਸਿੱਖਾਂ ਵੱਲੋਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਨੂੰ ਲੈ ਕੇ ਦਿੱਤੇ ਗਏ ਸ਼ਾਤਮਈ ਧਰਨੇ ਤੇ ਹਿੰਦੁਸਤਾਨੀ ਪੁਲੀਸ ਨੇ ਲਾਠੀਚਾਰਜ ਕਰਕੇ ਕਈ ਸਿੱਖ ਔਰਤਾਂ ਤੇ ਬੱਚਿਆਂ ਨੂੰ ਫੱਟੜ ਕਰ ਦਿੱਤਾ।

ਹਵਾਲਾ ਸੰਤ ਸਿਪਾਹੀ 1966

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਹਿੰਦੂਆਂ ਦੇ ਧਰਮ ਨੂੰ ਬਚਾਉਣ ਵਾਸਤੇ ਆਪਣਾ ਬਲੀਦਾਨ ਦਿੱਤਾ ਸੀ। ਸਿੱਖ ਹਿੰਦੂਆਂ ਦੀ ਰੱਖਿਆ ਲਈ ਆਪਣੀਆਂ ਜਾਨਾਂ

ਜੋਖਮ ਵਿੱਚ ਪਾ ਇਹਨਾਂ ਦੀ ਰਾਖੀ ਕਰਦੇ ਰਹੇ ਹਨ । ਇਸ ਕਰਕੇ ਸਿੱਖ ਹਿੰਦੂਆਂ ਉਤੇ ਵਿਸਾਹ ਕਰਦੇ ਸੀ ਕਿ ਇਹ ਘੱਟੋ ਘੱਟ ਸਿੱਖਾਂ ਨਾਲ ਕੋਈ ਧਰੋਹ ਨਹੀਂ ਕਮਾਉਣਗੇ । ਪਰ ਹਿੰਦੂਆਂ ਨੇ ਤਾਕਤ ਦੇ ਨਸ਼ੇ ਵਿੱਚ ਸਿੱਖਾਂ ਨਾਲ ਪੈਰ-ਪੈਰ ਉਤੇ ਧੋਖਾ ਕੀਤਾ ਜਦੋਂ ਕਿ ਘਰ ਪਰਿਵਾਰ ਨੂੰ ਖੁਸ਼ ਰੱਖਣ ਤੇ ਦੇਸ਼ ਨੂੰ ਤਰੱਕੀ ਦੀ ਰਾਹ ਉਤੇ ਤੋਰਨ ਲਈ ਪਰਿਵਾਰਕ ਮੈਂਬਰਾਂ ਦਾ ਵਿਸ਼ਵਾਸ ਜਿੱਤਣ ਲਈ ਨਿਮਰਤਾ ਰੂਪੀ ਢਾਲ ਦੀ ਵਰਤੋਂ ਕਰਨੀ ਜ਼ਰੂਰੀ ਹੈ । ਦੇਸ਼ ਭਰ ਵਿੱਚ ਗਰਮ ਖਿਆਲਾਂ ਵਾਲੇ ਮੈਂਬਰਾਂ ਪ੍ਰਤੀ ਨਰਮ-ਦਿਲੀ ਵਰਤ ਕੇ ਉਸਦੇ ਭੜਕੇ ਜਜ਼ਬਾਤਾਂ ਨੂੰ ਸ਼ਾਂਤ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ । ਉਸਨੂੰ ਵੱਖਰਾ ਕਰਨ ਜਾਂ ਘਰੋਂ ਕੱਢਣ ਦੀ ਥਾਂ ਪਿਆਰ ਭਰੀ ਗੱਲ ਵੱਕੜੀ ਪਾ ਕੇ ਪੁੱਛਣਾ ਚਾਹੀਦਾ ਹੈ ਕਿ ਤੇਰੇ ਜਜ਼ਬਾਤ ਕਿਉ ਭੜਕੇ ?

ਤੂੰ ਵੱਖਰਾ ਹੋਣ ਦੀ ਗੱਲ ਕਿਉਂ ਆਖੀ ਹੈ ?

ਕੀ ਤੈਨੂੰ ਪੂਰਾ ਮਾਣ ਸਨਮਾਣ ਨਹੀ ਮਿਲ ਰਿਹਾ ?

ਤੇਰੇ ਨਾਲ ਕੀ ਧੱਕਾ ਹੋਇਆ ਹੈ ?

ਉਹ ਕਿਹੜਾ ਇਨਸਾਨ ਹੈ, ਜਿਸ ਨੇ ਤੈਨੂੰ ਵੱਖਰਾ ਹੋਣ ਲਈ ਪ੍ਰੇਰਿਆ ਹੈ ?

ਐਸੀ ਮੁਸ਼ਕਲ ਕੀ ਹੈ ਜਿਸ ਸਦਕਾ ਵੱਖਰਾ ਹੋਣ ਦੀ ਨੌਬਤ ਆਈ ਹੈ ?

ਪਿਆਰ ਨਾਲ ਜਿਨ੍ਹਾਂ ਸਾਰੇ ਸਵਾਲਾਂ ਦਾ ਹੱਲ ਕੀਤਾ ਜਾ ਸਕਦਾ ਹੈ, ਜਿਸਦੀ ਗਲਤੀ ਹੋਵੇ ਉਸਨੂੰ ਸਜ਼ਾ ਦਿੱਤੀ ਜਾਵੇ ਤਾਂ ਸਭ ਕੁਝ ਠੀਕ ਹੋ ਸਕਦਾ ਹੈ । ਨਿਆਂ ਮੰਗਣ ਵਾਲਿਆਂ ਦੇ ਖਿਲਾਫ ਭੱਦੀ ਸ਼ਬਦਾਵਲੀ ਵਰਤਕੇ ਜਾਂ ਉਸਨੂੰ ਕੁੱਟ ਮਾਰਕੇ ਦਬਾਉਣ ਨਾਲ ਮਹੌਲ ਸੁਧਰਨਾ ਨਾ-ਮੁਮਕਿਨ ਹੈ ।

ਜਿਹੜੇ ਸਿੱਖਾਂ ਨੇ ਹਿੰਦੂਆਂ ਉਤੇ ਲੰਮਾਂ ਸਮਾਂ ਭਰੋਸਾ ਕਰਕੇ ਅੰਗਰੇਜ਼ਾਂ ਦੀਆਂ ਬਹੁਤ ਸਾਰੀਆਂ ਪੇਸ਼ਕਸ਼ਾਂ ਨੂੰ ਠੁਕਰਾਇਆ ਸੀ । ਸਰਕਾਰ ਦੀ ਉਹਨਾਂ ਸਿੱਖਾਂ ਤੇ ਘੱਟ ਗਿਣਤੀ ਲੋਕਾਂ ਨੂੰ ਦਬਾਅ ਕੇ ਰੱਖਣ ਦੀ ਮਾੜੀ ਨੀਤੀ ਸਦਕਾ ਪੰਜਾਬ ਨੇ 12 ਸਾਲ ਸੰਤਾਪ ਭੋਗਿਆ ਹੈ । ਉਸ ਅਰਸੇ ਦੌਰਾਨ ਪੰਜਾਬ ਦੀ ਧਰਤੀ ਉਤੇ ਸ਼ਾਇਦ ਹੀ ਕੋਈ ਭਾਗਾਂ ਭਰਿਆ ਘਰ ਬਚਿਆ ਹੋਵੇ ਜਿਸਦਾ ਕੋਈ ਮੈਂਬਰ ਮੌਤ ਰੂਪੀ ਡੈਣ ਨੇ ਨਾ ਨਿਗਲਿਆ ਹੋਵੇ । ਹਜ਼ਾਰਾਂ ਅਜਿਹੇ ਪਰਿਵਾਰ ਹਨ, ਜਿਹਨਾਂ ਉਤੇ ਜਾਇਜ਼-ਨਜਾਇਜ਼ ਪੁਲੀਸ ਅੱਤਿਆਚਾਰ ਹੋਇਆ ਹੈ । ਭਾਰਤ ਸਰਕਾਰ ਨੇ ਜੇਕਰ ਪੰਜਾਬੀਆਂ ਨੂੰ ਆਪਣੇ ਪਰਿਵਾਰ ਦਾ ਮੈਂਬਰ ਸਮਝਦੇ ਨਰਮੀ ਭਰਿਆ ਵਤੀਰਾ ਵਰਤਿਆ ਹੁੰਦਾ ਤਾਂ ਪੰਜਾਬੀਆਂ ਨੂੰ ਇਹਨਾਂ ਹਾਲਾਤਾਂ ਦਾ ਸਾਹਮਣਾ ਨਾ ਕਰਨਾ ਪੈਂਦਾ । ਗਰਮ ਖਿਆਲੀਆਂ ਨਾਲ ਬੈਠ ਕੇ ਗੱਲ-ਬਾਤ ਕੀਤੀ ਹੁੰਦੀ ਤਾਂ ਕੋਈ ਨਾ ਕੋਈ ਹੱਲ ਨਿਕਲ ਆਉਣਾ ਸੀ । ਭਾਰਤ ਸਰਕਾਰ ਨੇ ਭੜਕੇ

ਨੌਜਵਾਨਾਂ ਤੇ ਸਿੱਖ ਭਾਈਚਾਰੇ ਪ੍ਰਤੀ ਨਰਮੀ ਵਰਤਣ ਦੀ ਥਾਂ ਕਠੋਰਤਾ ਤੇ ਤਾਕਤ ਇਸਤੇਮਾਲ ਕੀਤੀ । ਸਿੱਖ ਭਾਈਚਾਰੇ ਦੇ ਖਿਲਾਫ ਅੱਤਵਾਦੀ, ਵੱਖਵਾਦੀ ਅਤੇ ਦਹਿਸ਼ਤਗਰਦ ਜਿਹੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕਰਕੇ ਉਹਨਾਂ ਦੇ ਜਜ਼ਬਾਤ ਨੂੰ ਭੜਕਾਇਆ । ਗੱਲਬਾਤ ਕਰਨ ਦੀ ਥਾਂ ਫੜ੍ਹ-ਫੜ੍ਹ ਕੇ ਜੇਲ੍ਹਾਂ ਵਿੱਚ ਸੁਟਿਆ ਤੇ ਅਣਮਨੁੱਖੀ ਤਸ਼ੱਦਦ ਕਰਕੇ ਦਬਾਉਣ ਦੀ ਕੋਸ਼ਿਸ਼ ਕੀਤੀ ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜਦੋਂ ਵੀ ਸਿੱਖਾਂ ਨੇ ਕੋਈ ਅੰਦੋਲਨ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਅਰੰਭਿਆ ਉਦੋਂ ਹੀ ਇਹਨਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਗਿਆ ਹੈ । ਇਹ ਇਕੱਲੇ ਪੰਜਾਬ ਦੇ ਸਿੱਖਾਂ ਨਾਲ ਹੀ ਨਹੀਂ ਸਗੋਂ ਦੂਜੇ ਰਾਜਾਂ ਵਿੱਚ ਰਹਿੰਦੇ ਸਿੱਖਾਂ ਦਾ ਵੀ ਇਹੋ ਹਸ਼ਰ ਹੋਇਆ ਹੈ । ਕੇਂਦਰ ਤੇ ਰਾਜਾਂ ਦੀਆਂ ਸਰਕਾਰਾਂ ਨੇ ਇਹਨਾਂ ਨਾਲ ਬੰਧੂਆ ਮਜ਼ਦੂਰਾਂ ਵਾਲਾ ਵਰਤਾਓ ਕਰਦਿਆਂ ਇਹਨਾਂ ਨੂੰ ਦੇਸ਼ ਦਾ ਨਾਗਰਿਕ ਹੀ ਨਹੀਂ ਸਮਝਿਆ । ਦੇਸ਼ ਭਰ ਵਿੱਚ ਜਿੱਥੇ ਵੀ ਕੋਈ ਅਜਿਹੀ ਅਣ-ਸੁਖਾਵੀਂ ਘਟਨਾ ਵਾਪਰੇ ਰਾਜਾਂ ਦੇ ਸੁਰੱਖਿਆ ਬਲਾਂ ਦੀ ਸਭ ਤੋਂ ਪਹਿਲੀ ਨਜ਼ਰ ਸਿੱਖਾਂ ਉਤੇ ਹੁੰਦੀ ਹੈ ਭਾਵੇਂ ਕਿ ਬਾਅਦ ਵਿੱਚ ਦੋਸ਼ੀ ਕੋਈ ਹੋਰ ਹੀ ਨਿਕਲਦਾ ਹੈ । ਉਸ ਘਟਨਾ ਮਗਰੋਂ ਸ਼ੁਰੂ ਕੀਤੇ ਜਾਂਦੇ ਤਲਾਸ਼ੀ ਅੱਭਿਆਨ ਵਿੱਚ ਹੋਰ ਕਿਸੇ ਦੀ ਤਲਾਸ਼ੀ ਲਈ ਜਾਵੇ ਚਾਹੇ ਨਾ ਪਰ ਸਿੱਖਾਂ ਨੂੰ ਨਹੀਂ ਬਖਸ਼ਿਆ ਜਾਂਦਾ । ਇਹ ਸਭ ਕੁਝ ਸਰਕਾਰਾਂ ਦੇ ਇਸ਼ਾਰਿਆਂ ਉਤੇ ਹੀ ਹੁੰਦਾ ਹੈ । ਇਹ ਗੱਲਾਂ ਸ਼ਪਸ਼ਟ ਕਰਦੀਆਂ ਹਨ ਕਿ ਭਾਰਤ ਵਿੱਚ ਸਿੱਖਾਂ ਨੂੰ ਦੇਸ਼ ਦੇ ਨਾਗਰੀਕ ਕਦੇ ਸਮਝਿਆ ਹੀ ਨਹੀਂ ਗਿਆ ।

**ਸ੍ਰੀ ਆਨੰਦਪੁਰ ਸਾਹਿਬ ਦਾ ਮਤਾ :-** ਸ਼੍ਰੋਮਣੀ ਅਕਾਲੀ ਦਲ ਨੇ ਅਕਤੂਬਰ 1973 ਵਿੱਚ ਸ੍ਰੀ ਆਨੰਦਪੁਰ ਸਾਹਿਬ ਦਾ ਮਤਾ ਬੜੇ ਚਾਅ ਨਾਲ ਅਪਣਾਇਆ ਸੀ । ਇਸ ਮਤੇ ਦੇ ਪ੍ਰਮੁੱਖ ਅੰਸ਼ ਸਨ ਕਿ ਕੇਂਦਰ ਸਰਕਾਰ ਰੱਖਿਆ, ਵਿਸ਼ੇਸ਼ ਮਾਮਲੇ, ਸੰਚਾਰ ਅਤੇ ਕਰੰਸੀ ਚਾਰ ਵਿਭਾਗ ਆਪਣੇ ਕੋਲ ਰੱਖੇ ਤੇ ਬਾਕੀ ਸ਼ਕਤੀਆਂ ਸੂਬਿਆਂ ਦੇ ਹਵਾਲੇ ਕੀਤੀਆਂ ਜਾਣ ਤਾਂ ਜੋ ਅਸਲ ਲੋਕਤੰਤਰੀ ਢਾਂਚੇ ਵਾਲੀ ਸਰਕਾਰ ਨੂੰ ਅਮਲ ਵਿੱਚ ਲਿਆਂਦਾ ਜਾ ਸਕੇ । ਮੁੱਖ ਤੌਰ ਉਤੇ ਆਨੰਦਪੁਰ ਸਾਹਿਬ ਮਤੇ ਦੇ ਪੰਜ ਭਾਗ ਇਸ ਤਰ੍ਹਾਂ ਹਨ ।

ਸਿਧਾਂਤ :-

1. ਸ਼੍ਰੋਮਣੀ ਅਕਾਲੀ ਦਲ ਕੋਲ ਸਿੱਖ ਧਰਮ ਦੀਆਂ ਇਛਾਵਾਂ ਨੂੰ ਪ੍ਰਗਟਾਉਣ ਦਾ ਇੱਕੋ ਇਕ ਵਸੀਲਾ ਹੈ । ਇਸਨੂੰ ਧਰਮ ਦੀ ਨੁਮਾਇੰਦਗੀ ਕਰਨ ਦਾ ਪੂਰਨ

ਅਧਿਕਾਰ ਹੈ

2. ਇਹ ਸਿਧਾਂਤ ਸਿੱਖਾਂ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਿੰਨ ਉਪਦੇਸ਼ 'ਨਾਮ ਜਪੋ, ਕਿਰਤ ਕਰੋ, ਵੰਡ ਛਕੋ' ਤੇ ਆਧਾਰਿਤ ਹੈ ।

ਉਦੇਸ਼ :

1. ਮੂਲ ਮੰਤਰ ਦਾ ਪ੍ਰਚਾਰ ਕਰਨਾ, ਨਾਸਤਿਕਤਾ ਤੇ ਮੂੜ੍ਹ-ਮਤ ਦਾ ਖਾਤਮਾ ਕਰਨਾ ।
2. ਸਿੱਖਾਂ ਵਿੱਚ ਧਾਰਮਿਕ ਸੁਤੰਤਰਤਾ ਦੇ ਜਜ਼ਬੇ ਦੀ ਜੋਤ ਜਗਾਈ ਰੱਖਣੀ ਅਤੇ ਧਾਰਮਿਕ ਸੁਤੰਤਰਤਾ ਨੂੰ ਸਥਿਰ ਰੱਖਣਾ ਅਤੇ ਭੇਦ ਭਾਵ ਵਾਲੀ ਨੀਤੀ ਨੂੰ ਖਤਮ ਕਰਨ ਦੇ ਯਤਨ ਕਰਨੇ ।
3. ਗਰੀਬ ਅਤੇ ਬੇਰੁਜ਼ਗਾਰ ਲੋਕਾਂ ਨੂੰ ਆਸਰਾ ਦੇਣ ਦਾ ਯਤਨ ਕਰਨਾ । ਨਿਆਂ ਦੇ ਉਚਿਤ ਸਾਧਨਾਂ ਨੂੰ ਸਥਿਰ ਰੱਖਣਾ ਅਤੇ ਭੇਦ-ਭਾਵ ਵਾਲੀ ਨੀਤੀ ਖਤਮ ਕਰਨੀ ।
4. ਗੁਰੂ ਸਾਹਿਬ ਦੇ ਕਥਨ ਅਨੁਸਾਰ ਛੂਤ-ਛਾਤ ਅਤੇ ਜਾਤ-ਪਾਤ ਦੇ ਭੇਦ ਭਾਵ ਨੂੰ ਦੂਰ ਕਰਨਾ ।
5. ਬਿਮਾਰ ਲੋਕਾਂ ਦੇ ਇਲਾਜ ਲਈ ਸਾਧਨ ਪੈਦਾ ਕਰਨ ।

ਆਨੰਦਪੁਰ ਸਾਹਿਬ ਦੇ ਪ੍ਰਸਤਾਵ ਦੇ ਪਹਿਲੇ ਭਾਗ ਵਿੱਚ ਕਿਹਾ ਗਿਆ ਹੈ ਕਿ ਸਿੱਖਾਂ ਵਿੱਚ ਧਾਰਮਿਕ ਭਾਵਨਾ ਪੈਦਾ ਕਰਨੀ ਅਤੇ ਉਹਨਾਂ ਵਿੱਚ ਸਿੱਖ ਹੋਣ ਪ੍ਰਤੀ ਮਾਣ ਪੈਦਾ ਕਰਨਾ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਫਰਜ਼ ਹੈ ਇਸ ਉਦੇਸ਼ ਦੀ ਪੂਰਤੀ ਲਈ ਅਕਾਲੀ ਦਲ ਇਹ ਕਦਮ ਚੁੱਕੇਗਾ ।

1. ਵਾਹਿਗੁਰੂ ਦਾ ਨਾਮ ਜਪਣਾ ਤੇ ਗੁਰਬਾਣੀ ਦਾ ਪ੍ਰਚਾਰ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦ੍ਰਿੜ੍ਹ ਨਿਸ਼ਚਾ ਪੈਦਾ ਕਰਨਾ ਅਤੇ ਉਹਨਾਂ ਦੇ ਸਿਧਾਂਤਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਅਪਨਾਉਣਾ ।
2. ਗੁਰੂ ਸਹਿਬ ਦੇ ਉਪਦੇਸ਼ ਦਾ ਪ੍ਰਚਾਰ ਕਰਨਾ ।
3. ਵੱਡੇ ਪੈਮਾਨੇ ਉਤੇ ਅੰਮ੍ਰਿਤ ਸੰਚਾਰ ਕਰਨਾ ।
4. ਦਸਵੰਧ ਦੀ ਪ੍ਰਥਾ ਨੂੰ ਮੁੜ ਜੀਵਤ ਕਰਨ ਲਈ ਸਿੱਖਾਂ ਨੂੰ ਪ੍ਰੇਰਿਤ ਕਰਨਾ ।
5. ਗੁਰਦੁਆਰਿਆਂ ਦੇ ਪ੍ਰਬੰਧ ਨੂੰ ਵਧੇਰੇ ਸੁਚੱਜਾ ਬਣਾਉਣਾ । ਗੁਰਦੁਆਰਿਆਂ ਦੇ

ਕਰਮਚਾਰੀਆਂ ਨੂੰ ਸਿਖਲਾਈ ਦੇਣ ਦਾ ਉਚਿਤ ਪ੍ਰਬੰਧ ਕਰਨਾ ਤੇ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ।

6. ਸਮੁੱਚੇ ਸੰਸਾਰ ਦੇ ਸਮੂਹ ਗੁਰਦੁਆਰਿਆਂ ਅਤੇ ਗੁਰਧਾਮਾਂ ਨੂੰ ਜਿਹਨਾਂ ਨੂੰ ਸਿੱਖ ਪੰਥ ਤੋਂ ਵਿਛੋੜਿਆ ਗਿਆ ਹੈ ਉਹਨਾਂ ਦੇ ਦਰਸ਼ਨ ਦਾ ਅਧਿਕਾਰ ਬਿਨਾ ਕਿਸੇ ਰੋਕ-ਟੋਕ ਦੇ ਸਮੂਹ ਸੰਗਤਾਂ ਨੂੰ ਦੇਣਾ ।

## ਰਾਜਨੀਤਿਕ ਉਦੇਸ਼

1. ਪੰਜਾਬੀ ਬੋਲਣ ਵਾਲੇ ਇਲਾਕੇ ਜੋ ਕਿ ਦੂਜੇ ਰਾਜਾਂ ਵਿੱਚ ਮਿਲਾਏ ਗਏ ਹਨ ਜਿਵੇਂ ਕਿ ਅੰਬਾਲਾ, ਚੰਡੀਗੜ੍ਹ, ਪਿੰਜੌਰ, ਕਾਲਕਾ, ਡਲਹੌਜ਼ੀ, ਕਰਨਾਲ ਜਿਲ੍ਹੇ ਦਾ ਸ਼ਾਹਪੁਰ ਬਲਾਕ, ਹਿਸਾਰ ਜਿਲ੍ਹੇ ਦੇ ਕੁਝ ਭਾਗ ਇਹਨਾਂ ਸਾਰਿਆਂ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਦੇ ਯਤਨ ਕਰਨੇ ।
2. ਰਾਜਾਂ ਵਿੱਚ ਕੇਂਦਰ ਦਾ ਦਖਲ ਸਿਰਫ ਦੇਸ਼ ਦੀ ਰੱਖਿਆ, ਡਾਕ-ਤਾਰ, ਰੇਲ ਤੇ ਕਰੰਸੀ ਤੱਕ ਹੀ ਸੀਮਿਤ ਕਰਵਾਉਣਾ ਅਤੇ ਦੂਸਰੇ ਸਾਰੇ ਵਿਭਾਗ ਪੰਜਾਬ ਦੇ ਅਧਿਕਾਰ ਖੇਤਰ ਅਧੀਨ ਕਰਵਾਉਣੇ ।
3. ਪੰਜਾਬ ਤੋਂ ਬਾਹਰ ਰਹਿਣ ਵਾਲੀ ਸਿੱਖ ਵੱਸੋਂ ਦੀ ਸੁਰੱਖਿਆ ਦਾ ਪੂਰਾ ਪ੍ਰਬੰਧ ਕਰਨਾ ਤਾਂ ਜੋ ਕਿਸੇ ਕਿਸਮ ਦਾ ਵਿਤਕਰਾ ਨਾ ਹੋ ਸਕੇ ।
4. ਕੇਂਦਰ ਅਤੇ ਪ੍ਰਾਤਾਂ ਦੇ ਸਿੱਖ ਤੇ ਦੂਜੇ ਧਰਮਾਂ ਦੇ ਲੋਕਾਂ ਨੂੰ ਨਿਆਂ ਦਿਵਾਉਣ ਲਈ ਉਨ੍ਹਾਂ ਨਾਲ ਹੋਣ ਵਾਲੇ ਅੱਤਿਆਚਾਰ ਵਿਰੁੱਧ ਆਵਾਜ਼ ਬੁਲੰਦ ਕਰਨੀ ।
5. ਹਰ ਮਰਦ ਅਤੇ ਔਰਤ ਜਿਸਨੂੰ ਅਦਾਲਤ ਵੱਲੋਂ ਸਜ਼ਾ ਨਾ ਦਿੱਤੀ ਗਈ ਹੋਵੇ ਉਸਨੂੰ ਛੋਟੇ ਹਥਿਆਰ ਬਦੂੰਕ, ਪਿਸਤੌਲ, ਰਿਵਾਲਵਰ, ਰਾਈਫਲ ਆਦਿ ਰੱਖਣ ਦੀ ਪੂਰਨ ਆਜ਼ਾਦੀ ਪ੍ਰਦਾਨ ਕਰਨਾ ।
6. ਸ਼ਰਾਬ ਤੇ ਦੂਜੀਆਂ ਨਸ਼ੀਲੀਆਂ ਵਸਤਾਂ ਦੀ ਮਨਾਹੀ ਲਈ ਯਤਨ ਕਰਨੇ ਅਤੇ ਤੰਬਾਕੂ ਦੇ ਪ੍ਰਯੋਗ ਤੇ ਪਾਬੰਦੀ ਲਗਾਉਣੀ ।

ਆਰਥਿਕ ਉਦੇਸ਼

1. ਰਾਜ ਵਿੱਚ ਖੇਤੀ-ਬਾੜੀ ਦੀ ਉਨੱਤੀ ਲਈ ਯਤਨ ਕਰਨੇ ।
2. ਅਮੀਰ ਅਤੇ ਗਰੀਬ ਵਿੱਚ ਅੰਤਰ ਘਟਾਉਣ ਲਈ ਖੇਤੀ ਦੀ ਉਪਜ ਵਧਾਉਣ ਲਈ ਭੂਮੀ ਸੁਧਾਰ ਕਰਨੇ, ਫਾਲਤੂ ਸਰਕਾਰੀ ਭੂਮੀ ਨੂੰ ਗਰੀਬਾਂ ਵਿੱਚ ਵੰਡਣਾ ।
3. ਖੇਤੀ ਦੇ ਆਧੁਨਿਕੀਕਰਨ ਲਈ ਯਤਨ ਕਰਨੇ ।
4. ਪੇਂਡੂ ਖੇਤਰਾਂ ਵਿੱਚ ਸਹਿਕਾਰੀ ਸੰਸਥਾਵਾਂ ਬਣਾਉਣ ਨੂੰ ਉਤਸ਼ਾਹ ਦੇਣਾ ।
5. ਵੱਡੇ ਪੈਮਾਨੇ ਦੇ ਉਦਯੋਗਾਂ ਨੂੰ ਪ੍ਰੋਤਸਾਹਨ ਦੇਣਾ ਅਤੇ ਛੋਟੇ ਉਦਯੋਗਾਂ ਦੀ ਉਨੱਤੀ ਲਈ ਯਤਨ ਕਰਨੇ ।
6. ਉਦਯੋਗਿਕ ਅਤੇ ਖੇਤੀ-ਬਾੜੀ ਕਿੱਤਿਆਂ ਲਈ ਲੋੜ ਅਨੁਸਾਰ ਤਨਖਾਹ ਨਿਸ਼ਚਿਤ ਕਰਵਾਉਣੀ ।
7. ਦੇਸ਼ ਵਿੱਚ ਅਨਾਜ ਨੂੰ ਇਕ ਥਾਂ ਤੋਂ ਦੂਜੀ ਥਾਂ ਲੈ ਕੇ ਆਉਣ ਵਾਲੀਆਂ ਰੋਕਾਂ ਨੂੰ ਹਟਾਉਣਾ ।

ਬੇਰੁਜ਼ਗਾਰੀ ਦੂਰ ਕਰਨ ਪ੍ਰਤੀ

1. ਬੇਰੁਜ਼ਗਾਰੀ ਦੂਰ ਕਰਨ ਲਈ ਕਿੱਤਾ ਸਿਖਲਾਈ ਸੰਸਥਾਵਾਂ ਖੋਲ੍ਹੀਆਂ ਜਾਣ ।
2. ਨੌਜਵਾਨਾਂ ਨੂੰ ਸਵੈ -ਰੁਜ਼ਗਾਰ ਅਪਨਾਉਣ ਲਈ ਉਤਸ਼ਾਹਿਤ ਕੀਤਾ ਜਾਵੇ ਅਤੇ ਖੁੱਲ੍ਹੇ ਦਿਲ ਨਾਲ ਕਰਜ਼ੇ ਦਿੱਤੇ ਜਾਣ ।
3. ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ ।

ਸਿੱਖਿਆ :-

1. ਮੈਟ੍ਰਿਕ ਪਾਸ ਅਤੇ ਸਿਖਿਅਤ ਕਾਰੀਗਰਾਂ ਨੂੰ 50 ਰੁਪਏ ਪ੍ਰਤੀ ਮਹੀਨਾ ।
2. ਗ੍ਰੇਜੂਏਟਸ ਪੜ੍ਹਿਆਂ ਨੂੰ 75 ਰੁਪਏ ਪ੍ਰਤੀ ਮਹੀਨਾ ।
3. ਪੋਸਟ-ਗ੍ਰੇਜੂਏਟਸ ਨੂੰ 100 ਰੁਪਏ ਪ੍ਰਤੀ ਮਹੀਨਾ ਮੁਹੱਈਆ ਕਰਵਾਇਆ ਜਾਵੇ ।

ਸੱਭਿਆਚਾਰ :-

1. ਸਿੱਖ ਜਾਤੀ ਦੇ ਅਧਿਆਪਕਾਂ, ਲੇਖਕਾਂ, ਵਿਦਵਾਨਾਂ, ਦਾਰਸ਼ਨਿਕਾਂ, ਕਲਾਕਾਰਾਂ ਆਦਿ ਨੂੰ ਇਸ ਜਾਤੀ ਦੀ ਵਡਮੁੱਲੀ ਸੰਪਤੀ ਸਮਝਦੇ ਹੋਏ ਇਹਨਾਂ ਨੂੰ ਸਮਾਜ ਵਿੱਚ ਵਿਸ਼ੇਸ਼ ਇੱਜ਼ਤ-ਮਾਣ ਦੇਣਾ ਚਾਹੀਦਾ ਹੈ ।

2. ਦਸਵੀਂ ਸ੍ਰੇਣੀ ਤੱਕ ਸਮੂਹਿਕ, ਲਾਜ਼ਮੀ ਅਤੇ ਮੁਫਤ ਸਿੱਖਿਆ ਦੇਣ ਦੇ ਪ੍ਰਬੰਧ ਕਰਨੇ ਚਾਹੀਦੇ ਹਨ ।

3. ਪੱਛੜੇ ਅਤੇ ਪਛੜੇ ਵਰਗਾਂ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਹੂਲਤਾਂ ਅਤੇ ਵਜ਼ੀਫੇ ਦੇਣੇ ਚਾਹੀਦੇ ਹਨ ।

4. ਦਸਵੀਂ ਸ੍ਰੇਣੀ ਤੱਕ ਸਭ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਬਣਾਈ ਜਾਣੀ ਚਾਹੀਦੀ ਹੈ ।

5. ਵਿਗਿਆਨਕ ਅਤੇ ਤਕਨੀਕੀ ਸਿੱਖਿਆ ਦੇਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ ।

6. ਖੇਡਾਂ ਦਾ ਪੱਧਰ ਉੱਚਾ ਕਰਨ ਲਈ ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀ ਤਿਆਰ ਕੀਤੇ ਜਾਣੇ ਚਾਹੀਦੇ ਹਨ ।

ਸ੍ਰੀ ਆਨੰਦਪੁਰ ਸਾਹਿਬ ਮਤੇ ਵਿੱਚ ਰਾਜਨੀਤਿਕ ਉਦੇਸ਼ ਵਿਚਲੇ ਕੁਝ ਮਤਿਆਂ ਨੂੰ ਛੱਡਕੇ ਬਾਕੀ ਸਾਰੇ ਮਤੇ ਚਲੰਤ ਮਾਮਲਿਆਂ ਨਾਲ ਸਬੰਧਤ ਹਨ । ਭਾਰਤ ਹਕੂਮਤ ਨੇ ਇਸ ਮਮਲੇ ਨੂੰ ਅਣਲੋੜੀਂਦਾ ਤੂਲ ਦੇ ਕੇ ਮਤੇ ਨੂੰ ਭੰਬਲ ਭੂਸੇ ਵਿੱਚ ਪਾਉਣ ਵਿੱਚ ਸਫਲਤਾ ਹਾਸਲ ਕੀਤੀ ਕਿਉਂਕਿ ਉਸ ਕੋਲ ਇਸ ਵਿਰੋਧੀ ਪ੍ਰਚਾਰ ਕਰਨ ਦੇ ਸਾਧਨ ਬਹੁਤ ਸਨ । ਆਪਣੇ ਹੱਕਾਂ ਦੀ ਮੰਗ ਕਰਦੇ ਸਿੱਖਾਂ ਨੂੰ ਦੁਨੀਆ ਭਰ ਵਿੱਚ ਬਦਨਾਮ ਕਰਨ ਵਾਸਤੇ ਕੇਂਦਰ ਸਰਕਾਰ ਨੇ ਇਸ ਮਤੇ ਨੂੰ ਵਰਤਿਆ । ਸੰਘਰਸ਼ ਦੇ ਰਾਹ ਤੁਰੇ ਸਿੱਖ ਭਾਈ ਚਾਰੇ ਨੂੰ ਦਬਾਉਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥ ਕੰਡੇ ਵਰਤਦਿਆਂ ਸਿੱਖਾਂ ਵਿਰੁੱਧ ਅਪਮਾਨਜਨਕ ਸ਼ਬਦਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ।

ਮੰਗਾਂ ਦੇ ਹੱਕ ਵਿੱਚ ਚੱਲਦੇ ਸਿੱਖ ਸੰਘਰਸ਼ ਨੂੰ ਢਾਹ ਲਾਉਣ ਲਈ ਸਿੱਖਾਂ ਨਾਲ ਦੇਸ਼ ਦੀ ਆਜ਼ਾਦੀ ਤੋਂ ਮਗਰੋਂ ਵਿਸਵਾਸ਼ਘਾਤ ਕਰਦੇ ਆਉਂਦੇ ਹਿੰਦੂ ਲੀਡਰ ਉਤਾਵਲੇ ਬੈਠੇ ਸਨ । ਉਹ ਕੋਈ ਮੌਕਾ ਹੱਥੋਂ ਖੁੰਝਣ ਨਹੀਂ ਸੀ ਦੇਣਾ ਚਾਹੁੰਦੇ । ਸਿੱਖਾਂ ਵੱਲੋਂ ਵਿਸਾਖੀ ਦਾ ਦਿਹਾੜਾ ਖਾਲਸੇ ਦੇ ਜਨਮ ਦਿਨ ਵਜੋਂ ਬੜੀ ਧੂਮ ਧਾਮ ਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ । ਨਿਰੰਕਾਰੀਆਂ ਨੇ ਸੋਚੀ ਸਮਝੀ ਸਾਜਿਸ਼ ਤਹਿਤ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਸਲਾਨਾ ਇੱਕਤਰਤਾ ਕਰਨ ਦਾ ਫੈਸਲਾ ਲਿਆ । ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਉਹਨਾਂ ਦੀ ਇਸ ਬਦਨੀਤੀ ਦਾ ਵਿਰੋਧ ਕੀਤਾ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ 'ਚ ਚਲਦੀ ਅਕਾਲੀ ਸਰਕਾਰ ਤੋਂ ਨਿਰੰਕਾਰੀਆਂ ਨੂੰ ਸਮਾਗਮ ਕਰਨ ਦੀ ਆਗਿਆ ਨਾ ਦੇਣ ਦੀ ਮੰਗ ਕੀਤੀ । ਸੰਤਾਂ ਵੱਲੋਂ ਰੋਸ ਪ੍ਰਗਟ ਕੀਤੇ ਜਾਣ ਦੇ ਬਾਵਜੂਦ ਵੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਮੁਰਾਰਜੀ ਦੇਸਾਈ ਤੇ ਹੋਰ

ਹਿੰਦੂ ਆਗੂਆਂ ਦੇ ਦਬਾਅ ਹੇਠ ਨਿਰੰਕਾਰੀਆਂ ਨੂੰ ਸੰਮੇਲਨ ਕਰਨ ਦੀ ਆਗਿਆ ਦੇ ਦਿੱਤੀ ਤੇ ਅਕਾਲੀ ਮੰਤਰੀ ਜੀਵਨ ਸਿੰਘ ਉਮਰਾਨੰਗਲ ਨੂੰ 13 ਅਪ੍ਰੈਲ 1978 ਵਾਲੇ ਦਿਨ ਅੰਮ੍ਰਿਤਸਰ ਵਿੱਚ ਰਹਿਣ ਲਈ ਆਖਿਆ ਗਿਆ । ਸੰਤ ਜਰਨੈਲ ਸਿੰਘ ਨੇ ਖੁਦ ਜਾਤੀ ਤੌਰ ਤੇ ਉਸ ਨਿਰੰਕਾਰੀ ਇਕੱਠ ਤੇ ਪਾਬੰਦੀ ਲਾ ਕੇ ਸਿੱਖਾਂ ਨਾਲ ਝਗੜੇ ਵਾਲੀ ਸੰਭਾਵਨਾ ਟਾਲਣ ਦੀ ਬੇਨਤੀ ਕੀਤੀ । ਜੇ ਅਕਾਲੀ ਸਰਕਾਰ ਜਿਲ੍ਹਾ ਮੈਜਿਸਟਰੇਟ ਨੂੰ ਨਿਰੰਕਾਰੀ ਸੰਮੇਲਨ ਰੋਕਣ ਦੀ ਹਦਾਇਤ ਕਰਦੀ ਤਾਂ ਇਹ ਰੋਕਿਆ ਜਾ ਸਕਦਾ ਸੀ ਪਰ ਅਕਾਲੀ ਸਰਕਾਰ ਨੇ ਅਜਿਹਾ ਨਾ ਕੀਤਾ ਕਿਉਂਕਿ ਉਹ ਸੰਤਾਂ ਨੂੰ ਨੀਵਾਂ ਦਿਖਾਉਣਾ ਚਾਹੁੰਦੀ ਸੀ ।

13 ਅਪ੍ਰੈਲ,1978 ਨੂੰ ਵਿਸਾਖੀ ਵਾਲੇ ਦਿਨ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਆਪਣੇ ਸਾਥੀਆਂ ਨਾਲ ਵਿਚਾਰ ਕਰਕੇ ਨਿਰੰਕਾਰੀ ਸੰਮੇਲਨ ਵਾਲੀ ਥਾਂ ਉਤੇ ਸਰਧਾਲੂ ਸਿੱਖਾਂ ਦਾ ਇੱਕ ਜੱਥਾ ਭੇਜਕੇ ਉਹਨਾਂ ਦੀਆਂ ਸਿੱਖ ਵਿਰੋਧੀ ਸਰਗਰਮੀਆਂ ਤੇ ਬੋਲ-ਬਾਣੀ ਖਿਲਾਫ ਸ਼ਾਂਤਮਈ ਰੋਸ ਪ੍ਰਗਟ ਕਰਨ ਦਾ ਫੈਸਲਾ ਲਿਆ । ਲਏ ਫੈਸਲੇ ਮੁਤਾਬਿਕ ਜਦੋਂ ਇਕ ਛੋਟਾ ਜਿਹਾ ਜੱਥਾ ਸੰਮੇਲਨ ਵਾਲੀ ਥਾਂ ਉਤੇ ਗਿਆ ਤਾਂ ਪਹਿਲਾਂ ਤੋਂ ਹੀ ਤਿਆਰ ਬੈਠੇ ਨਿਰੰਕਾਰੀਆਂ ਨੇ ਉਹਨਾਂ ਉਤੇ ਹਮਲਾ ਕਰਕੇ 13 ਸਿੰਘਾਂ ਜਿਹਨਾਂ ਵਿੱਚ

ਭਾਈ ਫੌਜਾ ਸਿੰਘ,
ਭਾਈ ਧਰਮਵੀਰ ਸਿੰਘ,
ਭਾਈ ਅਵਤਾਰ ਸਿੰਘ ਕੁਰਾਲਾ,
ਭਾਈ ਗੁਰਚਰਨ ਸਿੰਘ,
ਭਾਈ ਗੁਰਦਿਆਲ ਸਿੰਘ ਮੋੜ,
ਭਾਈ ਹਰਭਜਨ ਸਿੰਘ ,
ਭਾਈ ਹਰੀ ਸਿੰਘ,
ਭਾਈ ਅਮਰੀਕ ਸਿੰਘ,
ਭਾਈ ਕੇਵਲ ਸਿੰਘ,
ਭਾਈ ਪਿਆਰਾ ਸਿੰਘ,
ਬਾਬਾ ਦਰਸ਼ਨ ਸਿੰਘ,
ਭਾਈ ਰਘਬੀਰ ਸਿੰਘ ਬਾਘੂਪੁਰ,
ਭਾਈ ਰਣਬੀਰ ਸਿੰਘ

ਨੂੰ ਸ਼ਹੀਦ ਕਰ ਦਿੱਤਾ । ਇਸ ਦੌਰਾਨ ਲੱਗਭੱਗ ਤਿੰਨ ਦਰਜਨ ਸਿੰਘ ਜ਼ਖਮੀ ਹੋਏ ਸਨ । ਸਟੇਜ ਉਤੋਂ ਜਦੋਂ ਗੋਲੀ ਚੱਲੀ ਉਸ ਸਮੇਂ ਸਟੇਜ ਉਤੇ ਮੁੱਖ ਸਕੱਤਰ ਪੰਜਾਬ

ਸਰਕਾਰ ਹਰਦੇਵ ਸਿੰਘ ਛੀਨਾਂ ਤੇ ਆਈ. ਏ.ਐਸ. ਅਧਿਕਾਰੀ ਨਿਰੰਜਣ ਸਿੰਘ ਨਿਰੰਕਾਰੀ ਮੌਜੂਦ ਸਨ। ਘਟਨਾ ਤੋਂ ਮਗਰੋਂ ਪੰਜਾਬ ਸਰਕਾਰ ਨੇ ਇਹਨਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ। ਕੱਟੜ ਨਿਰੰਕਾਰੀ ਮੁੱਖ ਸਕੱਤਰ ਪੰਜਾਬ ਸਰਕਾਰ ਹਰਦੇਵ ਸਿੰਘ ਛੀਨਾ ਨੇ ਘਟਨਾਂ ਮਗਰੋਂ 13 ਸਿੱਖਾਂ ਦੇ ਕਾਤਲ ਗੁਰਬਚਨ ਸਿੰਘ ਨੂੰ ਭਾਰੀ ਸੁਰੱਖਿਆ ਹੇਠ ਪੰਜਾਬ ਤੋਂ ਬਾਹਰ ਕੱਢਿਆ ਸੀ।

4 ਜਨਵਰੀ,1980 ਨੂੰ ਜਿਲ੍ਹਾ ਕਰਨਾਲ ਦੇ ਐਡੀਸ਼ਨਲ ਸ਼ੈਸ਼ਨ ਜੱਜ ਆਰ. ਐਸ. ਗੁਪਤਾ ਦੀ ਅਦਾਲਤ ਨੇ 13 ਸਿੱਖਾਂ ਨੂੰ ਗੋਲੀਆਂ ਮਾਰਕੇ ਸ਼ਹੀਦ ਕਰਨ ਵਾਲ ਨਿੰਰਕਾਰੀ ਮੁਖੀ ਗੁਰਬਚਨ ਸਿੰਘ ਤੇ ਉਸ ਦੇ ਨਾਲ 63 ਮੁਲਜ਼ਮਾਂ ਨੂੰ ਬਰੀ ਕਰਕੇ ਸਿੱਖਾਂ ਨੂੰ ਕਰਾਰਾ ਝਟਕਾ ਦਿੱਤਾ। ਰਿਹਾਈ ਮੌਕੇ ਨਿਰੰਕਾਰੀ ਮੁਖੀ ਨੇ ਸਿੱਖਾਂ ਦੇ ਜਜ਼ਬਾਤਾਂ ਨੂੰ ਭੜਕਾਉਣ ਲਈ ਕਿਹਾ ਕਿ ਸਿੱਖਾਂ ਦੇ ਛੇਵੇਂ ਗੁਰੂ ਹਰਿ ਗੋਬਿੰਦ ਜੀ ਨੇ ਤਾਂ 52 ਰਾਜਿਆਂ ਨੂੰ ਰਿਹਾਅ ਕਰਵਾਇਆ ਸੀ ਜੋ ਮੈਂ 63 ਜਣਿਆਂ ਨੂੰ ਰਿਹਾਅ ਕਰਵਾਇਆ ਹੈ। ਸਿੱਖਾਂ ਨੇ ਇਸ ਗੱਲ ਦਾ ਬੁਰਾ ਮਨਾਇਆ।

ਸਿੱਖਾਂ ਨਾਲ ਕੇਂਦਰ ਸਰਕਾਰ ਦੇ ਇਸ਼ਾਰਿਆਂ ਉਤੇ ਹੁੰਦੀਆਂ ਆਉਂਦੀਆਂ ਧੱਕੇ ਸ਼ਾਹੀਆਂ ਵਿਰੁੱਧ ਸਿੱਖ ਸੰਘਰਸ਼ ਪੂਰੇ ਜੋਬਨ ਉਤੇ ਆ ਗਿਆ। ਸਰਕਾਰ ਨੇ ਸਿੱਖਾਂ ਨੂੰ ਬਦਨਾਮ ਕਰਨ ਲਈ ਕੋਈ ਕਸਰ ਬਾਕੀ ਨਾ ਛੱਡੀ। ਆਖਰ ਸਿੱਖਾਂ ਨੂੰ ਦਬਾਉਣ ਦੇ ਇਰਾਦੇ ਨਾਲ ਕੇਂਦਰ ਸਰਕਾਰ ਨੇ 1 ਜੂਨ,1984 ਨੂੰ ਸਿੱਖਾਂ ਦੇ ਪ੍ਰਾਣਾਂ ਤੋਂ ਪਿਆਰੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਫੌਜੀ ਹਮਲਾ ਕਰ ਦਿੱਤਾ। ਫੇ ਦਿਨ ਚੱਲੀ ਫੌਜੀ ਕਾਰਵਾਈ ਵਿਚ ਫੌਜ ਨੇ ਸਿੱਖਾਂ ਦੇ ਖਿਲਾਫ 105 ਐਮ.ਐਮ.ਦੀਆਂ ਭਾਰੀ ਤੋਪਾਂ, ਬੀੜੇ ਹੋਏ 38 ਟਨ ਵਿਜੇਤਾ ਟੈਂਕ, ਭਾਰੀ ਤੋਪਖਾਨਾ ਜਿਸ ਵਿੱਚ 25 ਪਾਊਡਰ ਤੋਪਾਂ, ਹੌਵਿਟਜਰ ਗੰਨਾਂ, ਮਾਰਟਰ ਗੰਨਾਂ ਅਤੇ 37 ਹਵਾਲ ਗੰਨਾਂ, ਬਖਤਰਬੰਦ ਗੱਡੀਆਂ, ਓ.ਟੀ. 64 ਬਖਤਰਬੰਦ ਗੱਡੀਆਂ ਇਹ ਪੋਲੈਂਡ ਦੀਆਂ ਬਣੀਆਂ 8 ਪੂਰੀਆਂ ਗੱਡੀਆਂ ਸਨ ਅਤੇ ਹੈਲੀਕਾਪਟਰਾਂ ਦੀ ਵਰਤੋਂ ਕੀਤੀ ਸੀ।

ਹਕੂਮਤ ਨੇ ਸਿੱਖਾਂ ਦੇ ਗੁਰਧਾਮਾਂ ਉਤੇ ਫੌਜੀ ਹਮਲਾ ਕਰਕੇ ਸਿੱਖਾਂ ਦੇ ਹਿਰਦੇ ਨੂੰ ਵਲੂੰਧਰਦਿਆਂ ਇਹ ਅਹਿਸਾਸ ਕਰਵਾਇਆ ਕਿ ਤੁਸੀਂ ਇਸ ਦੇਸ਼ ਦੇ ਨਾਗਰਿਕ ਨਹੀਂ।

ਇਸ ਘਿਨਾਉਣੀ ਘਟਨਾ ਤੋਂ ਮਗਰੋਂ ਜਜ਼ਬਾਤੀ ਹੋਏ ਸਿੱਖ ਨੌਜਵਾਨਾਂ ਨੇ ਰੋਸ ਵੱਜੋਂ ਦੇਸ਼ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਗੋਲੀਆਂ ਨਾਲ ਉਸਦੇ ਨਿਵਾਸ ਸਥਾਨ ਦੇ ਨੇੜੇ ਹੀ ਢਹਿ-ਢੇਰੀ ਕਰ ਦਿੱਤਾ ਤਾਂ ਉਸ ਉਪਰੰਤ ਉਸਦੇ ਪੁੱਤਰ ਰਾਜੀਵ ਗਾਂਧੀ ਨੇ ਜੋ ਸਿੱਖਾਂ ਉਤੇ ਜਬਰ-ਜ਼ੁਲਮ ਤੇ ਅੱਤਿਆਚਾਰ ਕਰਵਾਇਆ ਉਸਨੇ ਮੁਗਲ ਜਰਵਾਣਿਆਂ

ਦੇ ਕਾਰਨਾਮਿਆਂ ਨੂੰ ਵੀ ਮਾਤ ਪਾ ਦਿੱਤੀ ਸੀ । ਭੂਤਰੇ ਹੋਏ ਦੰਗਈਆਂ ਨੇ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਕੇ ਉਹਨਾਂ ਨੂੰ ਸਾੜਿਆ, ਛੋਟੇ-ਛੋਟੇ ਬੱਚਿਆਂ ਨੂੰ ਹਵਾ ਵਿੱਚ ਉਛਾਲਕੇ ਹੇਠੋਂ ਗੋਲੀਆਂ ਮਾਰੀਆਂ। ਜਿਹੜੇ ਸਿੱਖਾਂ ਨੇ ਕਿਸੇ ਸਮੇਂ ਹਿੰਦੂਆਂ ਦੀਆਂ ਬਹੂ-ਬੇਟੀਆਂ ਦੀਆਂ ਇਜ਼ੱਤਾਂ ਬਚਾਈਆਂ ਸਨ ਉਹਨਾਂ ਸਿੱਖਾਂ ਦੇ ਘਰ ਘਾਟ ਸਰਕਾਰ ਦੇ ਇਸ਼ਾਰਿਆਂ ਤੇ ਗੁੰਡਿਆਂ ਨੇ ਬਰਬਾਦ ਕੀਤੇ । ਕੇਂਦਰ ਸਰਕਾਰ ਨੇ ਇਸ ਜ਼ਬਰ-ਜ਼ੁਲਮ ਮਗਰੋਂ ਕਿਸੇ ਵੀ ਵਿਅਕਤੀ ਵਿਰੁੱਧ ਕਾਰਵਾਈ ਕਰਨ ਦੀ ਥਾਂ ਉਹਨਾਂ ਮਹਾਂ-ਗੁੰਡਿਆਂ ਨੂੰ ਵਜ਼ੀਰੀਆਂ ਦੇ ਕੇ ਨਿਵਾਜਿਆ ਜਿਹਨਾਂ ਨੇ ਸਿੱਖਾਂ ਉਤੇ ਅਤਿਆਚਾਰ ਕੀਤੇ ਸੀ । ਭਾਰਤ ਦੇ ਤਖਤ ਤੇ ਬੈਠਦਿਆਂ ਸਾਰ ਸਿੱਖ ਵਿਰੋਧੀ ਨੇ ਬਿਆਨ ਦਿੱਤਾ ਸੀ, "ਜਬ ਬੜਾ ਬਰਿਸ਼ ਗਿਰਤਾ ਹੈ ਤੋ ਧਰਤੀ ਕਾਂਪਤੀ ਹੈ ।" ਕੀ ਦੇਸ਼ ਦੇ ਜਿੰਮੇਵਾਰ ਆਹੁਦੇ ਉਤੇ ਬੈਠੇ ਵਿਅਕਤੀ ਵੱਲੋਂ ਅਜਿਹਾ ਕਹਿਣਾ ਸ਼ੋਭਦਾ ਸੀ ?

ਇਥੇ ਬੱਸ ਨਹੀਂ 1984 ਵਾਲੀਆਂ ਘਟਨਾਵਾਂ ਮਗਰੋਂ ਨੌਜਵਾਨਾਂ ਦੇ ਜਜ਼ਬਾਤਾਂ ਨੂੰ ਸ਼ਾਂਤ ਕਰਨ ਦੀ ਥਾਂ ਰਾਜ ਸਰਕਾਰ ਨੇ ਕੇਂਦਰ ਨੂੰ ਖੁਸ਼ ਕਰਨ ਵਾਸਤੇ ਨੌਜਵਾਨਾਂ ਫੜ੍ਹ-ਫੜ੍ਹ ਜੇਲ੍ਹਾਂ ਵਿੱਚ ਸੁੱਟਿਆ ਤੇ ਅਣਮਨੁੱਖੀ ਤਸ਼ੱਦਦ ਕਰਕੇ ਉਹਨਾਂ ਨੂੰ ਘਰੋਂ ਭੱਜਣ ਲਈ ਮਜ਼ਬੂਰ ਕੀਤਾ । ਸਰਕਾਰ ਦੀਆਂ ਅਜਿਹੀਆਂ ਸਿੱਖ-ਮਾਰੂ ਨੀਤੀਆਂ ਨੇ ਪੰਜਾਬ ਦਾ ਮਸਲਾ ਹੋਰ ਗੁੰਝਲਦਾਰ ਬਣਾ ਦਿੱਤਾ ।

ਸਰਕਾਰ ਨੇ ਖਾੜਕੂਵਾਦ ਦੀ ਆੜ ਵਿੱਚ ਸਿੱਖ ਨੌਜਵਾਨਾਂ ਨੂੰ ਖਤਮ ਕਰਨ ਦਾ ਜੋ ਬੀੜਾ ਚੁੱਕਿਆ ਹੋਇਆ ਹੈ ਉਹ ਪਤਾ ਨਹੀਂ ਕਿੰਨੀ ਦੇਰ ਤੱਕ ਜਾਰੀ ਰਹੇਗਾ ? ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਿੱਖਾਂ ਨੂੰ ਹਰ ਜੁਰਮ ਦੀ ਜਿੱਥੇ ਸਜ਼ਾ ਮਿਲਦੀ ਹੈ ਉਥੇ ਸਿੱਖਾਂ ਉਤੇ ਅੱਤਿਆਚਾਰ ਕਰਨ ਵਾਲਿਆਂ ਨੂੰ ਤਰੱਕੀਆਂ ਦੇ ਕੇ ਨਿਵਾਜਿਆ ਜਿਸ ਨਾਲ ਇੰਝ ਲਗਦਾ ਹੈ ਕਿ ਉਹਨਾਂ ਦੀਆਂ ਅਜੇ ਵੀ ਦਮਨਕਾਰੀ ਨੀਤੀਆਂ ਜਾਰੀ ਹਨ । 1992 ਵਿੱਚ ਟਾਡਾ ਐਕਟ ਦੇ ਅਧੀਨ ਗ੍ਰਿਫਤਾਰ ਕੀਤੇ ਭਾਈ ਹਰਜਿੰਦਰ ਸਿੰਘ 'ਜਿੰਦਾ' ਤੇ ਭਾਈ ਸੁਖਦੇਵ ਸਿੰਘ 'ਸੁੱਖਾ' ਨੂੰ ਜਰਨਲ ਵੈਦਿਆ ਦੇ ਕਤਲ ਸਬੰਧੀ ਫਾਂਸੀ ਦੇ ਕੇ ਸਿੱਖਾਂ ਨੂੰ ਪਿਆਰ ਦਾ ਤੋਹਫਾ ਦਿੱਤਾ ਸੀ । ਕੀ ਸਿੱਖ ਅਜੇ ਵੀ ਭਾਰਤ ਨੂੰ ਆਪਣਾ ਘਰ ਸਮਝਦੇ ਰਹਿਣਗੇ ? ਭਾਰਤੀ ਸੰਵਿਧਾਨ ਅੰਦਰ ਕਾਨੂੰਨ ਦੀਆਂ ਜੋ ਧਾਰਾਵਾਂ ਹਨ ਉਹ ਸਿਰਫ ਤੇ ਸਿਰਫ ਸਿੱਖਾਂ ਉਤੇ ਲਾਗੂ ਹੁੰਦੀਆਂ ਹਨ । ਹੋਰ ਮਜ਼ਹਬਾਂ ਉਤੇ ਨਹੀਂ ਲੱਗਦੀਆਂ । ਇਸੇ ਕਰਕੇ ਜਦੋਂ ਪੁਲੀਸ ਵਾਲੇ ਜਾਂ ਕੋਈ ਹੋਰ ਜਦੋਂ ਸਿੱਖਾਂ ਦਾ ਸ਼ਿਕਾਰ ਕਰਦੇ ਹਨ ਤਾਂ ਕਾਨੂੰਨ ਉਹਨਾਂ ਨੂੰ ਕੋਈ ਵੀ ਕੁਝ ਨਹੀਂ ਆਖਦਾ ਅਤੇ ਜੇਕਰ ਸਿੱਖ ਕਿਸੇ ਦਾ ਕਤਲ ਕਰ ਦੇਵੇ ਤਾਂ ਉਸਨੂੰ ਕੈਦ ਜਾਂ ਫਾਂਸੀ ਦਾ ਸਜ਼ਾ ਦਿੱਤੀ ਜਾਂਦੀ ਹੈ ।

ਭਾਰਤ ਸਰਕਾਰ ਇਹ ਕਿਉਂ ਨਹੀਂ ਸੋਚਦੀ ਕਿ ਪੰਜਾਬ ਵਿੱਚ ਰੋਜ਼ਾਨਾ 15-20 ਖਾੜਕੂ ਮਰਦੇ ਹਨ ਇਹ ਇੰਨੇ ਕਿੱਥੋਂ ਆ ਰਹੇ ਹਨ ? ਕੀ ਇਹ ਰਬੜ ਹੈ ਜੋ ਵਧਦੀ ਜਾਂਦੀ ਹੈ ? ਸ਼ਾਇਦ ਇਸ ਪੱਖ ਤੋਂ ਹਰ ਇਕ ਜਾਣੂ ਹੋਵੇਗਾ । ਅਗਰ ਪੰਜਾਬ ਵਿੱਚ ਇਸੇ ਤਰ੍ਹਾਂ ਹੀ ਨੌਜਵਾਨਾਂ ਦਾ ਕਤਲ ਹੁੰਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਨੌਜਵਾਨਾਂ ਦੀ ਗਿਣਤੀ ਖਤਮ ਹੋ ਜਾਵੇਗੀ ।

ਕਾਫੀ ਸਮਾਂ ਹੋ ਗਿਆ ਹੈ ਕਿ ਪੁਲੀਸ ਮੁਖੀ ਜੇ.ਐਫ.ਰਿਬੈਰੋ ਇਹੀ ਆਖਦਾ ਹੋਇਆ ਚਲਾ ਗਿਆ ਹੈ ਕਿ ਪੰਜਾਬ ਵਿੱਚ ਸਿਰਫ ਗਿਣਤੀ ਦੇ ਖਾੜਕੂ ਬਾਕੀ ਹਨ ਉਹਨਾਂ ਦੇ ਜਾਣ ਉਪਰੰਤ ਵੀ ਖਾੜਕੂ ਮਾਰਨ ਦੀ ਉਹੀ ਰਫਤਾਰ ਚੱਲੀ ਆਉਂਦੀ ਹੈ ਜਿਸ ਨੂੰ ਦੇਖ ਕੇ ਹਰ ਇਨਸਾਨ ਸੋਚੀਂ ਪੈ ਜਾਂਦਾ ਹੈ ਕਿ ਪਤਾ ਨਹੀਂ ਇਹਨਾਂ ਦੀ ਕਿੰਨੀ ਕੁ ਲੰਮੀ ਕਤਾਰ ਹੈ ਜੋ ਮੁਕੱਦੀ ਹੀ ਨਹੀਂ ?

ਸਰਕਾਰ ਨੂੰ ਇਹੀ ਸੁਝਾਅ ਦਿੱਤਾ ਜਾਂਦਾ ਹੈ ਕਿ ਕਦੀ ਕੋਈ ਵੀ ਮਸਲਾ ਗੋਲੀ ਨਾਲ ਹੱਲ ਨਹੀਂ ਹੋਇਆ ਜੇਕਰ ਰੁੱਖ ਨੂੰ ਉਪਰੋਂ ਕੱਟੀ ਜਾਈਏ ਉਹ ਸੁੱਕਦਾ ਨਹੀਂ ਸਗੋਂ ਫੈਲਦਾ ਹੈ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿੱਖਾਂ ਪ੍ਰਤੀ ਨਰਮਾਈ ਵਰਤ ਕੇ ਇਹਨਾਂ ਨੂੰ ਵਿਸ਼ਵਾਸ਼ ਦੁਆਏ ਕਿ ਤੁਸੀਂ ਭਾਰਤ ਰੂਪੀ ਪਰਿਵਾਰ ਦੇ ਮੈਂਬਰ ਹੋ ਤੇ ਆਉ ਬੈਠਕੇ ਕੀਤੀਆਂ ਗਲਤੀਆਂ ਦਾ ਪਛਤਾਵਾ ਕਰਕੇ ਇਕ ਨਵੇਂ ਭਾਰਤ ਦਾ ਨਿਰਮਾਣ ਕਰੀਏ । ਜੇਕਰ ਸਰਕਾਰ ਹਿੰਦੂਤਵ ਪਿੱਛੇ ਲੱਗਕੇ ਇਹਨਾਂ ਨੂੰ ਆਪਣੇ ਪਰਿਵਾਰ ਦਾ ਮੈਂਬਰ ਸਮਝਣ ਲਈ ਤਿਆਰ ਨਹੀਂ ਤਾਂ ਸਿੱਖਾਂ ਨੂੰ ਵੱਖਰਾ ਕਰਕੇ ਆਪਣਾ ਫਰਜ਼ ਨਿਭਾਵੇ, ਆਪੇ ਚੰਗੀ-ਮਾੜੀ ਜ਼ਿੰਦਗੀ ਬਸਰ ਕਰਦੇ ਰਹਿਣਗੇ ।













1984 ਵਿੱਚ ਦਰਿੰਦਿਆਂ ਦੀ ਦਰਿੰਦਗੀ
ਦੇ ਸ਼ਿਕਾਰ ਹੋ ਰਹੇ ਸਿੱਖ

# ਅਕਿਰਤਘਣ

ਸਿੱਖਾਂ ਨਾਲ ਹਕੂਮਤਾਂ ਦੀ ਵਿਚਾਰਧਾਰਕ ਦੁਸ਼ਮਣੀ, ਭਾਵੇਂ ਉਹ ਹਕੂਮਤਾਂ ਬ੍ਰਾਹਮਣਵਾਦੀ ਹੋਣ ਜਾਂ ਫੇਰ ਮੁਗਲਈ ਪ੍ਰਥਮ ਪਾਤਸ਼ਾਹ ਦੇ ਸਮੇਂ ਤੋਂ ਹੀ ਜਾਰੀ ਹੈ ਜੋ ਮੌਜੂਦਾ ਹਾਲਾਤ ਵਿੱਚ ਸਿਰਫ ਵਿਚਾਰਧਾਰਕ ਵਿਰੋਧ ਹੀ ਨਹੀਂ ਸਗੋਂ ਈਰਖਾ ਦਾ ਰੂਪ ਧਾਰਨ ਕਰ ਚੁੱਕੀ ਹੈ । ਨਿਰਭੈਤਾ ਤੇ ਨਿਰਵੈਰਤਾ ਉਤੇ ਪਹਿਰਾ ਦਿੰਦਿਆਂ ਸਿੱਖਾਂ ਨੇ ਆਪਣੇ ਹਕੂਕਾਂ ਦੀ ਜਦੋਂ ਵੀ ਹਕੂਮਤਾਂ ਤੋਂ ਮੰਗ ਕੀਤੀ ਤਾਂ ਬ੍ਰਾਹਮਣਵਾਦੀ ਸੋਚ ਨੂੰ ਅਪਣਾਈ ਬੈਠੇ ਹਾਕਮਾਂ, ਕੱਟੜ ਹਿੰਦੂ ਸ਼ਖਸਾਂ ਤੇ ਸੰਸਥਾਵਾਂ ਨੇ ਦੁਸ਼ਮਣੀ ਪ੍ਰਗਟਾਉਣ ਲਈ ਵੱਧ-ਚੜ੍ਹ ਕੇ ਜ਼ੋਰ ਲਾਇਆ ਹੈ । ਪੁਲੀਸ, ਅਫਸਰਸ਼ਾਹੀ, ਭਾਰਤੀ ਫੌਜ, ਸਰਕਾਰਾਂ, ਮੀਡੀਆ ਜਾਂ ਅਦਾਲਤਾਂ ਇਹਨਾਂ ਸੰਸਥਾਵਾਂ ਵਿੱਚ ਕੰਮ ਕਰਦੇ ਕੱਟੜ ਹਿੰਦੂ ਤੇ ਹੋਰ ਕੱਟੜ ਪੰਥੀ ਸੋਚ ਵਾਲੇ ਅਧਿਕਾਰੀਆਂ ਤੇ ਪ੍ਰਬੰਧਕਾਂ ਨੇ ਸਿੱਖਾਂ ਨੂੰ ਹਮੇਸ਼ਾਂ ਨਫਰਤ ਵੱਲ ਧੱਕਿਆ ਤੇ ਫਿਰ ਉਹਨਾਂ ਵੱਲੋਂ ਮੰਗੇ ਇਨਸਾਫ ਦੇ ਰਾਹ ਵਿੱਚ ਅੜਿੱਕੇ ਡਾਹੇ । ਉਹਨਾਂ ਨੂੰ ਸਗੋਂ ਸਿੱਖਾਂ ਨੂੰ ਗੁਲਾਮ ਬਣਾ ਕੇ ਉਸੇ ਤਰ੍ਹਾਂ ਰੀਂਗਦੇ ਦੇਖਣਾ ਚਾਹਿਆ ਜਿਵੇਂ ਪਹਿਲਾਂ ਉਹ ਆਪ ਬਾਹਰੀ ਧਾੜਵੀਆਂ ਤੇ ਮੁਗਲ ਜਰਵਾਣਿਆਂ ਅੱਗੇ ਰੀਂਗਦੇ ਸਨ । ਇਤਿਹਾਸ

ਗਵਾਹ ਹੈ ਕਿ ਉਹਨਾਂ ਨੂੰ ਉਦੋਂ ਸਿੱਖਾਂ ਤੋਂ ਇਲਾਵਾ ਕੋਈ ਬਚਾਉਣ ਵਾਲਾ ਨਹੀਂ ਸੀ। ਪੰਦਰਵੀਂ ਸਦੀ ਦੇ ਮਹਾਨ ਕ੍ਰਾਂਤੀਕਾਰੀ ਗੁਰੂ ਨਾਨਕ ਦੇਵ ਜੀ ਨੇ ਦੱਬੇ-ਕੁਚਲੇ ਅਣਗੌਲੇ ਅਤੇ ਤ੍ਰਿਸਕਾਰੇ ਲੋਕਾਂ ਦਾ ਜੀਵਨ ਪੱਧਰ ਉਚੱਾ ਚੁੱਕਣ ਵਾਸਤੇ ਬਰਾਬਰੀ ਦਾ ਸੰਦੇਸ਼ ਦਿੱਤਾ। 'ਨਾ ਕਉ ਵੈਰੀ ਨਾਹਿ ਬੇਗਾਨਾ' ਵਰਗੀ ਸਿੱਖ ਵਿਚਾਰਧਾਰਾ ਦਾ ਪ੍ਰਚਾਰ ਕਰਦਿਆਂ ਗੁਰੂ ਸਾਹਿਬ ਨੇ ਬੁੱਤ ਪੂਜਾ ਨੂੰ ਮੁਢੋਂ ਰੱਦ ਕੀਤਾ ਤੇ ਲੋਕਾਂ ਨੇ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਬ੍ਰਾਹਮਣਾਂ ਵੱਲੋਂ ਪ੍ਰਚਾਰੇ ਜਾਂਦੇ ਗੈਰ ਕੁਦਰਤੀ ਰਸਮਾਂ-ਰਿਵਾਜਾਂ ਵਿਰੁੱਧ ਵੀ ਜ਼ੋਰਦਾਰ ਆਵਾਜ਼ ਉਠਾਈ। ਗੁਰੂ ਸਾਹਿਬ ਵੱਲੋਂ ਜਨੇਊ ਧਾਰਨ ਨਾ ਕਰਨ ਵਾਲੀ ਘਟਨਾ ਤੋਂ ਮਗਰੋਂ ਅਜਿਹੀਆਂ ਹੋਰ ਵਿਕਾਸਮੁਖੀ ਤੇ ਵਿਗਿਆਨਕ ਧਾਰਨਾਵਾਂ ਨੇ ਬ੍ਰਾਹਮਣਾਂ ਤੇ ਬ੍ਰਾਹਮਣਵਾਦੀ ਸੋਚ ਦੇ ਧਾਰਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਬਾਈਧਾਰ ਦੇ ਹਿੰਦੂ ਰਾਜਿਆਂ ਨੂੰ ਗਵਾਲੀਅਰ ਦੇ ਕਿਲੇ ਵਿੱਚੋਂ ਰਿਹਾਅ ਕਰਵਾਇਆ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਿੰਦੂਆਂ ਦੇ ਤਿਲਕ ਜੰਞੂ ਦੀ ਰਾਖੀ ਲਈ ਨਵੰਬਰ,1675 ਨੂੰ ਆਪਣੇ ਸੇਵਕਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਅਤੇ ਭਾਈ ਦਿਆਲਾ ਜੀ ਸਮੇਤ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਹੋਰ ਬਹੁਤ ਸਾਰੇ ਸਿੱਖਾਂ ਨੇ ਉਸ ਸਮੇਂ ਕੁਰਬਾਨੀਆਂ ਦੇ ਕੇ ਹਿੰਦੂਆਂ ਦੀ ਰੱਖਿਆ ਕੀਤੀ ਪਰ ਬ੍ਰਾਹਮਣੀ ਸੋਚ ਦੇ ਧਾਰਨੀਆਂ ਹਿੰਦੂਆਂ ਵਿੱਚ ਸਿੱਖ ਧਾਰਨਾਵਾਂ ਪ੍ਰਤੀ ਪੈਦਾ ਹੋਈ ਨਫਰਤ ਨੂੰ ਆਪਣੇ ਪੱਖ ਵਿੱਚ ਵਰਤਦਿਆਂ ਆਮ ਹਿੰਦੂ ਨੂੰ ਸਿੱਖਾਂ ਵਿਰੁੱਧ ਨਫਰਤ ਵਿੱਚ ਝੋਕਿਆ।

ਨੌਵੇਂ ਪਾਤਸ਼ਾਹ ਦੀ ਸ਼ਹੀਦੀ ਨੂੰ ਅਜੇ 30 ਸਾਲ ਵੀ ਪੂਰੇ ਨਹੀਂ ਸੀ ਹੋਏ ਕਿ 1704 ਈ. ਵਿੱਚ ਹਿੰਦੂ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਦੀ ਸ਼ਹੀਦੀ ਨੂੰ ਨਜ਼ਰ ਅੰਦਾਜ਼ ਕਰਦਿਆਂ ਔਰੰਗਜ਼ੇਬ ਦੀਆਂ ਸ਼ਾਹੀ ਫੌਜਾਂ ਨਾਲ ਮਿਲਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਿਲੇ ਦੀ ਘੇਰਾ ਬੰਦੀ ਕੀਤੀ ਜਿਸ ਤੇ ਨੌਂ ਮਹੀਨੇ ਇਸ ਕਿਲੇ ਵਿੱਚ ਲੜਾਈ ਚਲਦੀ ਰਹੀ। ਹਿੰਦੂ ਰਾਜਿਆਂ ਤੇ ਸ਼ਾਹੀ ਫੌਜਾਂ ਦੇ ਆਗੂਆਂ ਨੇ ਕਸਮਾਂ ਖਾਂਦਿਆਂ ਕਿਲਾ ਛੱਡਣ ਦੀ ਸੂਰਤ ਵਿੱਚ ਸਿੱਖ ਫੌਜ ਉਤੇ ਹਮਲਾ ਨਾ ਕਰਨ ਦੇ ਸਮਝੌਤੇ ਦੀ ਪੇਸ਼ਕਸ ਕੀਤੀ। ਆਖਰ ਗੁਰੂ ਸਾਹਿਬ ਨੇ ਖ਼ਾਲਸੇ ਦੀ ਬਹੁਸੰਮਤੀ ਦੇ ਫੈਸਲੇ ਨੂੰ ਸਵੀਕਾਰਦੇ

ਹੋਏ ਕਰੀਬ 700 ਸਿੰਘਾਂ ਸਮੇਤ ਕਿਲਾ ਛੱਡ ਦਿੱਤਾ ਪਰ ਮੌਕੇ ਦੀ ਤਾੜ ਵਿੱਚ ਬੈਠੇ ਹਿੰਦੂ ਰਾਜਿਆਂ ਤੇ ਮੁਗਲਾਂ ਨੇ ਖਾਧੀਆਂ ਕਸਮਾਂ ਤੋੜਕੇ ਗੁਰੂ ਸਾਹਿਬ ਤੇ ਸਿੱਖ ਫੌਜਾਂ ਉਤੇ ਹਮਲਾ ਕਰ ਦਿੱਤਾ । ਸਰਸਾ ਨਦੀ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦਾ ਵਿਛੋੜਾ ਪੈ ਗਿਆ । ਬਹੁਤ ਸਾਰੇ ਸਿੰਘ ਦੁਸ਼ਮਣਾਂ ਦੀਆਂ ਫੌਜਾਂ ਨਾਲ ਲੜਦੇ ਸ਼ਹੀਦ ਹੋਏ ਲਾਲਚ ਵੱਸ ਹੋਏ ਗੁਰੂ ਸਾਹਿਬ ਦੇ ਰਸੋਈਏ ਗੰਗੂ ਬ੍ਰਾਹਮਣ ਨੇ ਸ਼ਾਇਦ ਆਪਣੀ ਬ੍ਰਾਹਮਣਵਾਦੀ ਸੋਚ ਹੀ ਅੱਗੇ ਤੋਰਦਿਆਂ ਛੋਟੇ ਸਾਹਿਬਜਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਸ਼ਰਨ ਦੇਣ ਬਹਾਨੇ ਘਰ ਲਿਜਾਕੇ ਮੁਗਲ ਫੌਜ ਕੋਲ ਕੈਦ ਕਰਵਾ ਦਿੱਤਾ । ਹੁਕਮਰਾਨ ਸੂਬਾ ਸਰਹੰਦ ਵਜ਼ੀਰ ਖਾਨ ਨੇ ਛੋਟੇ ਸਾਹਿਬਜਾਦਿਆਂ ਉਤੇ ਦਿਲ ਕੰਬਾਊ ਅੱਤਿਆਚਾਰ ਕਰਦਿਆਂ ਉਹਨਾਂ ਨੂੰ ਜਿੰਦਾ ਨੀਹਾਂ ਵਿੱਚ ਚਿਣਵਾਕੇ ਸ਼ਹੀਦ ਕਰਵਾ ਦਿੱਤਾ ।

ਸੇਠ ਟੋਡਰ ਮੱਲ ਨੇ ਛੋਟੇ ਸਾਹਿਬਜਾਦਿਆਂ ਤੇ ਮਾਤਾ ਗੁਜਰੀ ਜੀ ਦਾ ਸਸਕਾਰ ਕਰਨ ਵਾਸਤੇ ਸੂਬਾ ਸਰਹਿੰਦ ਤੋਂ ਮੋਹਰਾਂ ਵਿਛਾਅ ਕੇ ਜਗ੍ਹਾ ਖਰੀਦੀ । ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਉਤੇ ਹਮਲਾ ਕਰਨ ਸਮੇਂ ਸੇਠ ਟੋਡਰ ਮੱਲ ਦੀ ਹਵੇਲੀ ਨੂੰ ਸੁਰੱਖਿਆ ਪ੍ਰਦਾਨ ਕੀਤੀ । ਹੁਣ ਵੀ ਸੇਠ ਟੋਡਰ ਮੱਲ ਦੇ ਨਾਮ ਉਤੇ ਫਤਿਹਗੜ੍ਹ ਸਾਹਿਬ ਵਿਖੇ ਵਿਸ਼ਾਲ ਲੰਗਰ ਹਾਲ ਸਥਾਪਤ ਕਰਕੇ ਉਹਨਾਂ ਦੀ ਕਰਨੀ ਨੂੰ ਸਦੀਵੀ ਬਣਾਉਣ ਦਾ ਉਪਰਾਲਾ ਕੀਤਾ ਗਿਆ ਹੈ ।

ਹਿੰਦੂ ਕੱਟੜਪੰਥੀਆਂ ਨੇ ਮੁਸੀਬਤ ਵੇਲੇ ਆਪਣੀ ਰੱਖਿਆ ਦਾ ਵਾਸਤਾ ਪਾ ਕੇ ਸਿੱਖਾਂ ਨੂੰ ਵਰਤਿਆ ਪਰ ਸਮਾਂ ਨਿਕਲਣ ਮਗਰੋਂ ਵਿਸ਼ਵਾਸ਼ਘਾਤ ਹੀ ਕੀਤਾ । ਹਿੰਦੂ ਵਿਚਾਰਧਾਰਕਾਂ ਨੇ ਸਿੱਖ ਫਲਸਫੇ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਤੋਂ ਇਲਾਵਾ ਭਾਰਤ ਦੀ ਆਜ਼ਾਦੀ ਮਗਰੋਂ ਸਿੱਖਾਂ ਨੂੰ ਗੁਲਾਮ ਬਣਾਕੇ ਰੱਖਣ ਲਈ ਹੀ ਉਸੇ ਤਰਜ ਉਤੇ ਦੋ ਵੱਡੇ ਹਮਲੇ ਕੀਤੇ ਜਿਸ ਤਰਜ ਉਤੇ ਬਾਹਰੀ ਧਾੜਵੀਆਂ ਨੇ ਹਿੰਦੂਆਂ ਨੂੰ ਦਬਾਅ ਕੇ ਰੱਖਣ ਲਈ ਅੱਤਿਆਚਾਰ ਕੀਤੇ ਸਨ । ਸ੍ਰੀ ਦੌਲਤ ਰਾਏ ਨੇ ਆਪਣੀ ਲਿਖਤ 'ਸਾਹਿਬੇ ਕਮਾਲ- ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਦੇ ਪੰਨਾ 36 ਉਤੇ ਲਿਖਿਆ ਹੈ, " ਕੁਤਬ-ਉ-ਦੀਨ ਐਬਕ ਨੇ ਮੇਰਠ ਦੇ ਸਾਰੇ ਮੰਦਰਾਂ ਤੇ ਬੁੱਤਾਂ ਨੂੰ ਤੋੜਿਆ, ਉਨ੍ਹਾਂ ਦੀ ਥਾਂ ਮਸਜਿਦਾਂ ਉਸਾਰੀਆਂ ਜਿਸਨੇ ਇਸਲਾਮ ਕਬੂਲ ਕਰਨ ਤੋਂ ਇਨਕਾਰ ਕੀਤਾ, ਉਸਨੂੰ ਕਤਲ ਕਰਵਾ ਦਿੱਤਾ । ਕੇਵਲ ਇਕ ਕਾਲੰਜ਼ਰ ਸ਼ਹਿਰ ਵਿੱਚ ਹੀ 113 ਹਿੰਦੂ ਮੰਦਰ ਢਾਹਕੇ ਮਸਜਿਦਾਂ ਬਣਵਾ ਦਿੱਤੀਆਂ

ਸਨ ਹਜ਼ਾਰਾਂ ਹਿੰਦੂ ਕਤਲ ਕੀਤੇ ਤੇ ਗੁਲਾਮ ਬਣਾਏ ਗਏ ।"

'ਤਿਬਕਾਤੇ ਨਾਸਰੀ' ਦੇ ਨੌਵੇਂ ਸਫੇ ਤੇ ਹੈ ਕਿ ਬਿਹਾਰ ਫਤਿਹ ਦੇ ਸਮੇਂ ਕੁਤਬਦੀਨ ਨੇ ਇੱਕ ਲੱਖ ਦੇ ਕਰੀਬ ਬ੍ਰਾਹਮਣ ਹੀ ਕਤਲ ਕੀਤੇ ਤੇ ਹਿੰਦੂਆਂ ਦਾ ਪ੍ਰਸਿੱਧ ਤੇ ਪੁਰਾਣਾ ਪੁਸਤਕਾਲਾ ਸਾੜ ਦਿੱਤਾ । ਤੈਮੂਰ ਨੇ ਦਿਆਲਪੁਰ ਦੇ 5000, ਅਯੁੱਧਿਆ (ਭਗਵਾਨ ਰਾਮ ਦੀ ਕਥਿਤ ਜਨਮ ਭੂਮੀ) ਦੇ 14000, ਬਨਾਰਸ ਦੇ 20000, ਬੁੱਤ-ਪੂਜ ਹਿੰਦੂਆਂ ਤੇ ਬ੍ਰਾਹਮਣਾਂ ਦਾ ਕਤਲ ਕੀਤਾ । ਉਹਨਾਂ ਨੇ ਬਾਲ-ਬੱਚਿਆਂ ਤੇ ਜਨਾਨੀਆਂ ਨੂੰ ਗੁਲਾਮ ਬਣਾਕੇ ਆਪਣੇ ਫੌਜੀਆਂ ਵਿੱਚ ਵੰਡ ਦਿੱਤਾ । ਉਸਨੇ ਭਟਨੇਰ ਸ਼ਹਿਰ ਦੇ 29000 ਹਿੰਦੂਆਂ ਨੂੰ ਇੱਕ ਥਾਂ ਇੱਕਤਰ ਕਰਕੇ ਜਿਊਂਦਿਆਂ ਨੂੰ ਹੀ ਅੱਗ ਲਾ ਕੇ ਸਾੜ ਦਿੱਤਾ ਤੇ ਅੱਗ ਵਿੱਚੋਂ ਨਿਕਲਕੇ ਭੱਜਦੇ 10000 ਹਿੰਦੂਆਂ ਦਾ ਕਤਲ ਕਰਵਾਇਆ ।

ਪੰਨਾ 14 ਤੇ ਅਮੀਰ ਖੁਸਰੋਂ ਅਨੁਸਾਰ ਜਲਾਲੁਦੀਨ ਨੇ ਮਾਲਵੇ ਤੇ ਗੁਜਰਾਤ ਦੇ ਇਲਾਕੇ ਨੂੰ ਇਥੋਂ ਤੱਕ ਲੁਟਿਆ ਕਿ ਉਥੋਂ ਦੀ ਹਿੰਦੂ ਵੱਸੋਂ ਕੋਲ ਨੰਗੇਜ਼ ਢੱਕਣ ਵਾਲੇ ਕੱਪੜਿਆਂ ਤੇ ਮਿੱਟੀ ਦੇ ਭਾਂਡਿਆਂ ਤੋਂ ਬਿਨਾ ਕੱਖ ਵੀ ਨਾ ਰਿਹਾ । 20 ਹਜ਼ਾਰ ਬੱਚੇ, ਮਰਦ ਤੇ ਸੁੰਦਰੀਆਂ ਉਸਨੇ ਆਪਣੇ ਲੋਕਾਂ ਵਿੱਚ ਇਨਾਮ ਵੱਜੋਂ ਵੰਡੀਆਂ। 14 ਹਜ਼ਾਰ ਹਿੰਦੂ ਰਿਸ਼ੀਆਂ ਦੇ ਸਿਰ ਵੱਢ ਕੇ ਕਿਲੇ ਦੀਆਂ ਕੰਧਾਂ ਉਤੇ ਰਖਵਾਏ ਤੇ ਹਰ ਇੱਕ ਉਤੇ ਦੀਵਾ ਜਗਾਕੇ ਰੌਸ਼ਨੀ ਕੀਤੀ ਤੇ ਪਿੱਛੇ ਜਮਨਾ ਨਦੀ ਵਿੱਚ ਸੁਟਵਾ ਦਿੱਤੇ ।

ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜਿਸ ਦੀਆਂ ਰਗਾਂ ਵਿੱਚ ਪੰਡਤ ਜਵਾਹਰ ਲਾਲ ਨਹਿਰੂ (ਜਿਸ ਨੇ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਸਿੱਖਾਂ ਨੂੰ ਇਨਸਾਫ ਦਿਵਾਉਣ ਤੇ ਉਹਨਾਂ ਦੀ ਇੱਛਾ ਅਨੁਸਾਰ ਸੰਵਿਧਾਨ ਬਣਾਉਣ ਦਾ ਵਾਅਦਾ ਕੀਤਾ ਸੀ ਤੇ ਆਜ਼ਾਦੀ ਮਗਰੋਂ ਅੱਖਾਂ ਫੇਰ ਲਈਆਂ ਸਨ) ਦਾ ਖੂਨ ਦੌੜ ਰਿਹਾ ਸੀ । ਉਸਨੇ ਬਕਾਇਦਾ ਆਪਣੇ ਪਿਤਾ ਦੇ ਨਕਸ਼ੇ ਕਦਮਾਂ ਉਤੇ ਚਲਦਿਆਂ, ਹਿੰਦੂ ਕੱਟੜਪੰਥੀਆਂ ਨੂੰ ਖੁਸ਼ ਕਰਨ ਲਈ ਸੋਚੀ ਸਮਝੀ ਸਾਜ਼ਿਸ ਤਹਿਤ ਸਿੱਖਾਂ ਦੇ ਧਾਰਮਿਕ ਸਥਾਨ ਸ੍ਰੀ ਹਰਮਿੰਦਰ ਸਾਹਿਬ ਤੇ 34 ਹੋਰ ਗੁਰਦੁਆਰਿਆਂ ਉਤੇ ਫੌਜੀ ਹਮਲਾ ਕਰਕੇ ਉਹਨਾਂ ਵਿੱਚ ਜੁੜੀ ਸੰਗਤ ਨੂੰ ਗੋਲੀਆਂ ਨਾਲ ਉਡਾਇਆ । ਸ੍ਰੀ ਅਕਾਲ ਤਖਤ ਸਾਹਿਬ ਜਿਸ ਤੋਂ ਜਾਰੀ ਕੀਤੇ ਗਏ ਹੁਕਮਨਾਮੇ ਦੀ ਸਿੱਖ ਜਗਤ ਅਕਾਲ ਦੇ ਹੁਕਮ ਵਾਂਗ ਪਾਲਣਾ ਕਰਦਾ ਹੈ ਨੂੰ ਢਹਿ-ਢੇਰੀ ਕੀਤਾ ਗਿਆ । ਸ੍ਰੀ ਗੁਰੂ ਗ੍ਰੰਥ ਸਾਹਿਬ ਜਿਸ ਨੂੰ ਸਿੱਖ ਗੁਰੂ ਦੀ ਦੇਹ ਮੰਨਦੇ ਹਨ ਨੂੰ

ਗੋਲੀਆਂ ਮਾਰੀਆਂ । ਅਜਾਇਬ ਘਰ ਤੇ ਤੋਸ਼ਾਖਾਨੇ ਨੂੰ ਅਗਨ ਭੇਟ ਕਰਕੇ ਗੁਰੂ ਸਾਹਿਬ ਦੀਆਂ ਹੱਥ ਲਿਖਤਾਂ, ਅਹਿਮ ਦਸਤਾਵੇਜ ਤੇ ਨਿਸ਼ਾਨੀਆਂ ਖਤਮ ਕਰ ਦਿੱਤੀਆਂ ਤੇ ਸਿੱਖ ਇਤਿਹਾਸ ਨਾਲ ਸਬੰਧਤ ਬਹੁਤ ਸਾਰੀਆਂ ਕੀਮਤੀ ਵਸਤਾਂ ਸਰਕਾਰ ਨੇ ਫੌਜੀ ਦਸਤਿਆਂ ਰਾਹੀਂ ਚੁਕਵਾ ਲਈਆਂ । ਸਿੱਖਾਂ ਵੱਲੋਂ ਵਾਰ-ਵਾਰ ਮੰਗ ਕਰਨ ਉਤੇ ਉਹ ਹੁਣ ਤੱਕ ਵਾਪਸ ਨਹੀਂ ਕੀਤੀਆਂ ਗਈਆਂ ।

ਸਰਕਾਰ ਦੀ ਸਿੱਖ ਵਿਰੋਧੀ ਕਾਰਵਾਈ ਨੇ ਸਿੱਖ ਜਗਤ ਦੇ ਹਿਰਦੇ ਵਲੂੰਧਰ ਦੇ ਰੱਖ ਦਿੱਤੇ । ਜ਼ਜ਼ਬਾਤੀ ਹੋਏ ਭਾਈ ਸਤਵੰਤ ਸਿੰਘ ਤੇ ਭਾਈ ਬੇਅੰਤ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਗੁਰੂ ਘਰਾਂ ਉਤੇ ਹਮਲਾ ਕਰਵਾਉਣ ਵਾਲੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ 31 ਅਕਤੂਬਰ 1984 ਨੂੰ ਗੋਲੀਆਂ ਨਾਲ ਛਲਣੀ ਕਰਕੇ ਬਦਲਾ ਲਿਆ । ਇੰਦਰਾ ਗਾਂਧੀ ਉਤੇ ਹੋਏ ਹਮਲੇ ਦੀ ਖ਼ਬਰ ਦੇਸ਼ ਭਰ ਅੰਦਰ ਜੰਗਲ ਦੀ ਅੱਗ ਵਾਂਗ ਫੈਲੀ ਪਰ ਹਿੰਦੂ ਕੱਟੜਪੰਥੀਆਂ ਨੇ ਤਾਂ ਮੌਤ ਦੀ ਖ਼ਬਰ ਆਉਣ ਤੋਂ ਪਹਿਲਾਂ ਹੀ ਗੁਪਤ ਮੀਟਿੰਗਾਂ ਕਰਕੇ ਸਿੱਖਾਂ ਨੂੰ ਇਸ ਘਟਨਾ ਦੀ ਕੀਮਤ ਚੁਕਵਾਉਣ ਲਈ ਯੋਜਨਾਵਾਂ ਉਲੀਕੀਆਂ । ਤਤਕਾਲੀ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੇ ਇੰਦਰਾ ਗਾਂਧੀ ਦੇ ਅਹਿਸਾਨਾਂ ਦਾ ਬਦਲਾ ਚੁਕਵਾਉਣ ਲਈ ਉਸਦੇ ਪੁੱਤਰ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਕੇ ਦੇਸ਼ ਦੀ ਵਾਗਡੋਰ ਉਸਨੂੰ ਸੰਭਾਈ ਪਰ ਇਸ ਕਾਰਵਾਈ ਨੇ ਤਾਂ ਸਿੱਖਾਂ ਨੂੰ ਭੁੱਖੇ ਬਘਿਆੜਾਂ ਅੱਗੇ ਸੁੱਟ ਦਿੱਤਾ । ਰਾਜ ਪ੍ਰਬੰਧ ਨੂੰ ਹੱਥਾਂ ਵਿੱਚ ਲੈਂਦਿਆਂ ਸਾਰ ਹੀ ਰਾਜੀਵ ਗਾਂਧੀ ਨੇ ਹਿੰਦੂ ਕੱਟੜਪੰਥੀਆਂ ਨੂੰ ਸਿੱਖਾਂ ਦੇ ਕਤਲੇਆਮ ਦੀ ਅਸਿੱਧੀ ਖੁੱਲ੍ਹੀ ਛੁੱਟੀ ਦੇ ਦਿੱਤੀ । ਸਦੀਆਂ ਪਹਿਲਾਂ ਇਹਨਾਂ ਕੱਟੜ ਪੰਥੀਆਂ ਦੇ ਪੁਰਖੇ ਬਾਹਰੀ ਧਾੜਵੀਆਂ ਅੱਗੇ ਭਿੱਜੀ ਬਿੱਲੀ ਬਣਕੇ ਦਿਨ ਕੱਟਦੇ ਸੀ ਪਰ ਸਮੇਂ ਦੀ ਸਰਕਾਰ ਦੇ ਇਸ਼ਾਰਿਆਂ ਉਤੇ ਇਹਨਾਂ ਗੁੰਡਾ ਅਨਸਰਾਂ ਨੇ ਦਿੱਲੀ ਅਤੇ ਹੋਰ ਅਣਗਿਣਤ ਸ਼ਹਿਰਾਂ ਵਿੱਚ ਸਿੱਖਾਂ ਉਤੇ ਅੱਤਿਆਚਾਰ ਕੀਤੇ । ਉਸ ਸਮੇਂ ਦੀਆਂ ਅਖ਼ਬਾਰਾਂ ਤੇ ਰਸਾਲਿਆਂ ਦੀ ਜ਼ੁਬਾਨੀ ਕੁੱਝ ਕੁ ਵੇਰਵੇ ਇਸ ਤਰ੍ਹਾਂ ਹਨ ।

### ਦਿੱਲੀ ਦੇ ਕਾਲੇ ਦਿਨ

" ਦਿੱਲੀ ਵਿੱਚ ਇਹ ਘੱਲੂਘਾਰਾ 31 ਅਕਤੂਬਰ ਸ਼ਾਮ ਨੂੰ ਹੀ ਸ਼ੁਰੂ ਹੋ ਗਿਆ । ਆਲ ਇੰਡੀਆ ਮੈਡੀਕਲ ਇੰਸਟੀਚਿਊਟ ਤੋਂ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਦੇ ਦਿਹਾਂਤ ਦੀ

ਖ਼ਬਰ ਸੁਣੀ ਤਾਂ ਭੀੜ ਨੇ ਸਭ ਤੋਂ ਪਹਿਲਾਂ ਇੰਸਟੀਚੀਊਟ ਦੇ ਬਾਹਰ ਇਕ ਸਿੱਖ ਸਕੂਟਰ ਵਾਲੇ ਉਤੇ ਹਮਲਾ ਕਰ ਦਿੱਤਾ । ਉਸ ਦੀ ਪੱਗ ਉਤਾਰੀ ਗਈ, ਉਸ ਨੂੰ ਕੁੱਟਿਆ ਗਿਆ । ਉਸ ਦਾ ਸਕੂਟਰ ਉਥੇ ਹੀ ਸਾੜ ਦਿੱਤਾ ਗਿਆ । ਉਦੋਂ ਹੀ ਸਾਈਕਲ ਤੇ ਜਾਂਦੇ ਇਕ ਸਿੱਖ ਉਤੇ ਹਮਲਾ ਕੀਤਾ ਗਿਆ । ਸਾਇਕਲ ਇਕ ਬਿਜਲੀ ਦੇ ਖੰਭੇ ਤੇ ਟੰਗ ਦਿੱਤਾ ਗਿਆ । ਥੋੜ੍ਹੀ ਦੂਰ ਹੀ ਡੀ.ਟੀ.ਸੀ. ਦੀ ਇਕ ਬੱਸ ਰੋਕ ਲਈ ਗਈ,ਉਸ 'ਚੋਂ ਦੋ ਸਿੱਖ ਨੌਜਵਾਨਾਂ ਨੂੰ ਬਾਹਰ ਕੱਢਿਆ ਗਿਆ ਤੇ ਉਨ੍ਹਾਂ ਨੂੰ ਲੋਹੇ ਦੀਆਂ ਡਾਂਗਾਂ ਨਾਲ ਕੁੱਟਿਆ ਗਿਆ, ਚਾਰ ਹਜ਼ਾਰ ਦੀ ਭੀੜ ਬੇਕਾਬੂ ਹੋ ਕੇ ਹਿੰਸਾ ਤੇ ਉਤਰ ਆਈ । 31 ਅਕਤੂਬਰ ਨੂੰ ਉਨ੍ਹਾਂ ਵੱਲੋਂ ਬੱਸਾਂ, ਸਕੂਟਰਾਂ ਤੇ ਹਮਲਾ ਕੀਤਾ ਗਿਆ, ਜਿਨ੍ਹਾਂ ਨੂੰ ਜਾਂ ਤਾਂ ਸਿੱਖ ਚਲਾ ਰਹੇ ਸਨ, ਜਾਂ ਉਨ੍ਹਾਂ ਦੇ ਮਾਲਕ ਸਿੱਖ ਸਨ, ਥੋਹੜੇ ਸਮੇਂ ਵਿੱਚ ਹੀ ਆਲ ਇੰਡੀਆ ਮੈਡੀਕਲ ਇੰਸਟੀਚੀਊਟ ਦੀਆਂ ਨਾਲ ਲਗਦੀਆਂ ਸੜਕਾਂ 'ਤੇ ਅੱਗਾਂ ਨਜ਼ਰ ਆ ਰਹੀਆਂ ਸਨ । ਸ਼ਾਮ ਦੇ 9 ਵਜੇ ਤੱਕ ਭੀੜ ਦੱਖਣੀ ਦਿੱਲੀ ਦੀਆਂ ਅਮੀਰ ਕਾਲੋਨੀਆਂ ਵਸੰਤ ਵਿਹਾਰ, ਹੌਜ਼ ਖਾਸ, ਪੰਚਸ਼ੀਲ ਇਨਕਲੇਵ, ਗਰੀਨ ਪਾਰਕ, ਡੀਫੈਂਸ ਕਾਲੋਨੀ, ਸਾਊਥ ਐਕਸਟੈਨਸ਼ਨ ਤੇ ਸਫਦਰਜੰਗ ਇਨਕਲੇਵ ਵਿੱਚ ਇਕ ਤੂਫਾਨ ਵਾਂਗ ਜਾਗ ਪਈ । ਇਉਂ ਲਗਦਾ ਸੀ ਜਿਵੇਂ ਕਾਲੋਨੀਆਂ 'ਚ ਭੀੜ ਨੇ ਸਲਾਹ ਨਾਲ ਲੁੱਟ ਮਾਰ ਤੇ ਸਾੜ ਫੂਕ ਲਈ ਵੰਡ ਲਈਆਂ ਹੋਣ । ਸਿੱਖਾਂ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ । ਟੈਲੀਵੀਜ਼ਨ, ਰੈਫਰੀਜਰੇਟਰ ਤੇ ਹੋਰ ਕੀਮਤੀ ਸਮਾਨ ਲੁੱਟਿਆ ਗਿਆ ਤੇ ਕਈ ਥਾਂ ਬਾਕੀ ਸਮਾਨ ਸਾੜ ਦਿੱਤਾ ਗਿਆ । ਘਰਾਂ 'ਚ ਰਹਿਣ ਵਾਲਿਆਂ ਨੂੰ ਉਨ੍ਹਾਂ ਦੇ ਗੁਆਂਢੀਆਂ ਨੇ ਆਸਰਾ ਦਿੱਤਾ । ਕਈ ਥਾਂ ਟਾਕਰਾ ਵੀ ਹੋ ਗਿਆ । ਰਾਤ 10 ਵਜੇ ਤਕ ਇਹ ਹਿੰਸਾ ਸਾਰੀ ਦਿੱਲੀ ਵਿੱਚ ਫੈਲ ਗਈ । ਇਸ ਨੂੰ ਕੌਣ ਠੱਲ੍ਹ ਪਾਉਂਦਾ ? ਰਾਤ ਨੂੰ 11.30 ਵਜੇ ਸੜਕਾਂ ਤੇ ਸਿਵਾਏ ਬਲ ਰਹੀਆਂ ਕਾਰਾਂ, ਸਕੂਟਰਾਂ ਅਤੇ ਮੋਟਰਾਂ ਦੇ ਹੋਰ ਕੋਈ ਨਹੀਂ ਸੀ ।

ਝੁੱਗੀਆਂ-ਝੌਂਪੜੀਆਂ ਅਤੇ ਵਸਾਈਆਂ ਗਰੀਬ ਕਾਲੋਨੀਆਂ ਜੋ ਕਾਂਗਰਸ ਦੇ ਵੋਟ ਬੈਂਕ ਹਨ , ਉਨ੍ਹਾਂ 'ਚੋਂ ਭੀੜਾਂ ਉਠੀਆਂ, ਲੋਕਲ ਲੀਡਰ ਉਨ੍ਹਾਂ ਦੇ ਨਾਲ ਸਨ ਤੇ ਉਨ੍ਹਾਂ ਨੇ ਜੋ ਜੀ ਆਇਆ ਕੀਤਾ ਪਰ ਪੁਲੀਸ ਮੂਕ ਦਰਸ਼ਕ ਬਣੀ ਹੋਈ ਸੀ । ਪੁਲੀਸ ਵਾਲੇ ਤਾਂ ਭੀੜ ਨੂੰ ਇਹ ਕਹਿ ਰਹੇ ਸਨ, "ਜੇ ਤੁਸੀਂ ਅੱਗ ਨਹੀਂ ਲਾਉਣੀ ਜਾਣਦੇ ਤਾਂ ਇਹ ਸੇਵਾ ਸਾਨੂੰ ਕਿਉਂ ਨਹੀਂ ਦੱਸਦੇ ?" ਇਕ ਹੋਰ ਪੁਲਸੀਆ ਕਹਿ ਰਿਹਾ ਸੀ, "ਤੁਹਾਨੂੰ ਕਾਹਲੀ

ਕਾਹਦੀ ਪਈ ਹੈ, ਹੌਲੀ-ਹੌਲੀ ਲੁੱਟੋ, ਬਹੁਤ ਸਮਾਂ ਹੈ । ਦਿੱਲੀ ਵਿੱਚ 30000 ਪੁਲਸੀਆਂ 'ਚੋਂ 6000 ਨੂੰ ਜਬਰੀ ਛੁੱਟੀ ਦੇ ਦਿੱਤੀ ਗਈ , ਕਿਉਂਕਿ ਉਹ ਸਿੱਖ ਸਨ । ਬਹੁਤ ਸਾਰੀ ਪੁਲੀਸ ਤੀਨ-ਮੂਰਤੀ ਦੇ ਆਲੇ-ਦੁਆਲੇ ਆਇਦ ਕਰ ਦਿੱਤੀ ਗਈ ਹੈ । ਪਰ ਬਹੁਤ ਪੁਲੀਸ ਬਾਹਰੋਂ ਆਏ ਪ੍ਰਾਹੁਣਿਆਂ ਦੇ ਖਿਆਲ ਰੱਖਣ ਤੇ ਲਾਈ ਹੋਈ ਹੈ ।" ਇਉਂ ਪੂਰੇ ਤਿੰਨ ਦਿਨ ਤੱਕ ਦਿੱਲੀ ਵਿੱਚ ਲਾਅ ਐਂਡ ਆਰਡਰ ਬਿਲਕੁੱਲ ਖਤਮ ਸੀ । ਸਭ ਸੁਲਝੇ ਵਿਅਕਤੀ ਘਰਾਂ 'ਚ ਸਹਿਮੇ ਬੈਠੇ ਸਨ ।

1 ਨਵੰਬਰ ਨੂੰ ਹਿੰਸਾ ਦੀ ਅੱਗ ਹੋਰ ਵੀ ਤੇਜ਼ ਹੋ ਗਈ । ਗੁੰਡਾ ਅਨਸਰਾਂ ਨੇ ਇਹ ਦੇਖ ਲਿਆ ਕਿ ਪੁਲੀਸ ਵੱਲੋਂ ਉਨ੍ਹਾਂ ਨੂੰ ਕੋਈ ਰੋਕ-ਟੋਕ ਨਹੀਂ ਸੀ, ਉਨ੍ਹਾਂ ਦੇ ਹੌਂਸਲੇ ਹੋਰ ਵੀ ਬੁਲੰਦ ਹੋ ਗਏ । ਦਿੱਲੀ ਦੇ ਆਸੇ ਪਾਸੇ ਦੇ ਪਿੰਡਾਂ 'ਚੋ ਭੀੜਾਂ ਦੀਆਂ ਭੀੜਾਂ ਦਿੱਲੀ 'ਚ ਦਾਖਲ ਹੋਈਆਂ ਤੇ ਸ਼ਰੇਆਮ ਲੁੱਟ-ਖਸੁੱਟ, ਸਾੜ-ਫੂਕ ਤੇ ਸਿੱਖਾਂ ਨੂੰ ਜਿੰਦਾ ਜਲਾਉਣ ਦੀਆਂ ਘਟਨਾਵਾਂ ਸਾਹਮਣੇ ਆਈਆਂ । ਉਦਾਹਰਣ ਦੇ ਤੌਰ ਤੇ ਸਫਦਰਜੰਗ ਇਨਕਲੇਵ ਦੇ 67 ਸਾਲਾਂ ਦੇ ਇੱਕ ਬਿਰਧ ਸਿੱਖ ਦੇ ਚਾਰ ਮੰਜ਼ਲੇ ਗੈਸਟ-ਹਾਊਸ ਦੀ ਤਬਾਹੀ ਮਚਾਉਣ ਵਾਲੀ ਭੀੜ ਨੇੜੇ ਦੇ ਮੁਹੰਮਦਪੁਰ ਪਿੰਡ ਦੀ ਸੀ । ਮੁਨੀਰਕਾ ਵਿਖੇ ਸਿੱਖਾਂ ਦੀਆਂ ਦੁਕਾਨਾਂ, ਗੁਰੂ-ਘਰਾਂ ਅਤੇ ਪੰਜਾਬ ਵੂਲਨ ਮਿਲ ਨੂੰ ਸਾੜਿਆ ਗਿਆ । ਵਸੰਤ ਵਿਹਾਰ ਵਿੱਚ ਪੈਟਰੋਲ ਪੰਪ ਨੂੰ ਅੱਗ ਲਾ ਦਿੱਤੀ ਗਈ । ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵੀ ਕੁੱਝ ਕੁ ਪਲਾਂ ਬਾਅਦ ਹੀ ਭਾਂਬੜ ਬਣ ਗਿਆ । ਇਕੋ ਹੀ ਵਿਧੀ ਨਾਲ ਸਭ ਥਾਂ ਭੀੜ ਤਬਾਹੀ ਮਚਾ ਰਹੀ ਸੀ । ਪੁਲੀਸ ਅਜੇ ਵੀ ਚੁੱਪ ਸੀ ।

ਦੁਪਹਿਰੇ 12 ਵਜੇ 4000 ਹਮਲਾਵਰ ਗੁਰਦੁਆਰਾ ਬੰਗਲਾ ਸਾਹਿਬ ਦੇ ਬਾਹਰ ਜਮ੍ਹਾਂ ਹੋ ਗਏ ਤੇ ਨਾਹਰੇ ਲਾਉਣੇ ਸ਼ੁਰੂ ਕੀਤੇ - "ਖਾਲਿਸਤਾਨ ਨਹੀਂ ਬਣੇਗਾ, ਖੂਨ ਕਾ ਬਦਲਾ ਖੂਨ" । ਪਰ ਜਦੋਂ ਗੁਰਦੁਆਰੇ ਦੇ ਅੰਦਰੋਂ ਉਨ੍ਹਾਂ ਨੂੰ ਟਾਕਰੇ ਦਾ ਸਾਹਮਣਾ ਕਰਨਾ ਪਿਆ ਤਾਂ ਹਮਲਾਵਰਾਂ ਦੀ ਭੀੜ ਤਿਤਰ-ਬਿਤਰ ਹੋ ਗਈ । ਫਿਰ ਉਹੀ ਭੀੜ ਐਨ ਪਾਰਲੀਮੈਂਟ ਦੇ ਨਾਲ ਗੁਰਦੁਆਰਾ ਰਕਾਬ ਗੰਜ ਸਾਹਿਬ ਵੱਲ ਚੱਲ ਪਈ । ਆਸੇ-ਪਾਸੇ ਖੜ੍ਹੀਆਂ ਕਾਰਾਂ, ਸਕੂਟਰਾਂ ਨੂੰ ਸਾੜ ਦਿੱਤਾ ਗਿਆ ਤੇ ਗੁਰੁਦਆਰੇ ਉਤੇ ਪਥਰਾਓ ਸ਼ੁਰੂ ਕੀਤਾ ਗਿਆ । ਗੁਰਦੁਆਰੇ 'ਚੋਂ ਬਾਹਰ ਆਉਂਦੇ ਦੋ ਸਿੱਖ ਨੌਜਵਾਨਾਂ ਨੂੰ ਕੁੱਟਣ ਪਿੱਛੋਂ ਸਾੜ ਦਿੱਤਾ ਗਿਆ । ਗੁਰਦੁਆਰੇ ਦੇ ਅੰਦਰੋਂ ਹਮਲਾਵਰਾਂ ਨੂੰ ਇਸ ਪਿੱਛੋਂ ਟਾਕਰੇ ਦਾ ਸਾਹਮਣਾ

ਕਰਨਾ ਪਿਆ ।

ਉਸੇ ਦਿਨ ਦੀ ਚੇਤਕ ਐਕਸਪ੍ਰੈਸ ਜੋ ਉਦੈਪੁਰ ਤੋਂ ਦਿੱਲੀ ਆਉਂਦੀ ਹੈ, ਦਿੱਲੀ ਛਾਉਣੀ ਦੇ ਨੇੜੇ, ਉਸ 'ਚੋਂ ਦੋ ਸਿੱਖਾਂ ਨੂੰ ਕੱਢ ਕੇ ਸਾੜਿਆ ਗਿਆ । ਮਾਇਆਪੁਰੀ ਵਿੱਚ ਇੱਕ ਸਿੱਖ ਤੇ ਉਸ ਦੇ ਦੋ ਪੁੱਤਰਾਂ ਨੂੰ ਜਿੰਦਾ ਜਲਾਇਆ ਗਿਆ । ਪਾਲਮ ਰੋਡ ਤੇ ਦੋ ਭਰਾਵਾਂ ਨੂੰ ਉਨ੍ਹਾਂ ਦੇ ਘਰ ਦੇ ਸਾਹਮਣੇ ਹੀ ਸਾੜ ਦਿੱਤਾ ਗਿਆ । ਜਨਕਪੁਰੀ ਦੇ ਡੀ ਬਲਾਕ ਵਿੱਚ ਕਈ ਮੌਤਾਂ ਹੋਈਆਂ । ਵਾਸੁਦੇਵ ਇਨਕਲੇਵ ਵਿੱਚ ਬਲਦੇਵ ਸਿੰਘ ਜੋ ਆਟੋ ਪਾਰਟਸ ਦਾ ਕੰਮ ਕਰਦਾ ਸੀ, ਨੇ ਜਦੋਂ ਬੰਦੂਕ ਨਾਲ ਕੁੱਝ ਕੁ ਟਾਕਰਾ ਕੀਤਾ ਤਾਂ ਕੁੱਝ ਦੇਰ ਬਾਅਦ ਹੀ ਗੁੰਡਿਆਂ ਨੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ । ਇਹੋ ਜਿਹੀਆ ਘਟਨਾਵਾਂ ਹੀ ਆਰ.ਕੇ.ਪੁਰਮ ਤੇ ਹੋਰ ਕਈ ਕਾਲੋਨੀਆਂ ਵਿੱਚ ਬੀਤੀਆਂ ।

ਉਧਰ ਮਲਕਾਗੰਜ ਵਿੱਚ 1 ਨਵੰਬਰ ਨੂੰ ਦੁਪਹਿਰੇ 11 ਸਿੱਖਾਂ ਨੂੰ ਜਿਉਂਦੇ ਸਾੜ ਦਿੱਤਾ ਗਿਆ । ਰਜਵੰਤ ਕੌਰ ਜੋ ਮਕਾਨ ਨੰਬਰ 574, ਕਬੀਰ ਬਸਤੀ, ਮਲਕਾ ਗੰਜ ਵਿੱਚ ਰਹਿੰਦੀ ਸੀ, ਉਸ ਨੇ ਆਪਣਾ ਦੁੱਖ ਇਉਂ ਸੁਣਾਇਆ, "ਦੁਪਹਿਰ ਬਾਅਦ 2 ਵਜੇ ਸਨ, ਅਸੀਂ ਬਾਹਰ ਦੇ ਰੌਲੇ-ਗੌਲੇ ਕਰਕੇ ਦਰਵਾਜਾ ਬੰਦ ਕੀਤਾ ਹੋਇਆ ਸੀ । ਬਹੁਤ ਸਾਰੇ ਗੁੰਡਿਆਂ ਨੇ ਆ ਕੇ ਸਾਰੇ ਘਰ ਤੇ ਪਥਰਾਉ ਕਰਨਾ ਸ਼ੁਰੂ ਕਰ ਦਿੱਤਾ । ਉਨ੍ਹਾਂ ਦਰਵਾਜਾ ਤੋੜ ਸੁੱਟਿਆ ਤੇ ਅੰਦਰ ਦਾਖਲ ਹੋ ਗਏ । ਉਨ੍ਹਾਂ ਮੇਰੇ ਪਤੀ ਦੇ ਗਰਦਨ ਤੇ ਚਾਕੂ ਰੱਖਿਆ ਤੇ ਉਸ ਨੂੰ ਬਾਹਰ ਲੈ ਗਏ । ਬਾਹਰ ਲਿਜਾ ਕੇ ਉਸ ਤੇ ਮਿੱਟੀ ਦਾ ਤੇਲ ਛਿੜਕਿਆ ਤੇ ਜਿਉਂਦੇ ਜੀ ਜਲਾ ਦਿੱਤਾ । ਇਉਂ ਹੀ ਮੇਰੇ ਪੁੱਤਰ ਨੂੰ ਸਾੜਿਆ ਗਿਆ । ਮੇਰਾ 32 ਵਰ੍ਹਿਆਂ ਦਾ ਭਤੀਜਾ ਜੋ ਉਸ ਸਵੇਰ ਹੀ ਕਰਨਾਲ ਤੋਂ ਆਇਆ ਸੀ, ਉਸਨੂੰ ਵੀ ਇਉਂ ਹੀ ਮਾਰ ਦਿੱਤਾ ਗਿਆ ।"

2 ਨਵੰਬਰ ਨੂੰ ਵੀ ਇਹ ਦੁਖਾਂਤ ਜਾਰੀ ਸੀ । ਡਾਕਟਰ ਰਾਮਾਨੀ, ਮੈਡੀਕਲ ਅਫਸਰ ਅਤੇ ਪੋਸਟ ਮਾਰਟਮ ਦੇ ਇੰਚਾਰਜ ਦਾ ਕਹਿਣਾ ਸੀ ਕਿ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ , ਥੋਹੜੇ ਜਿਹੇ ਚਿਰ ਬਾਅਦ ਹੀ ਸੈਂਕੜੇ ਲਾਸ਼ਾਂ ਹੋਰ ਆ ਜਾਂਦੀਆਂ ਸਨ , ਹਰ ਪਾਸੇ ਲਾਸ਼ਾਂ ਦੀ ਬੂ ਆ ਰਹੀ ਸੀ । ਬਹੁਤ ਸਾਰੀਆਂ ਲਾਸ਼ਾਂ ਪਛਾਣ ਤੋਂ ਬਾਹਰ ਸਨ । ਕਈਆਂ ਦੇ ਨੱਕਾਂ, ਕੰਨਾਂ ਤੇ ਅੱਖਾਂ ਵਿੱਚੋਂ ਅਜੇ ਵੀ ਖੂਨ ਵਹਿ ਰਿਹਾ ਸੀ । ਇਸ ਤੋਂ ਬਿਨਾ ਬਹੁਤ ਸਾਰੀਆਂ ਲਾਸ਼ਾਂ ਦਾ ਪੋਸਟ ਮਾਰਟਮ ਆਲ ਇੰਡੀਆ ਮੈਡੀਕਲ ਇੰਸਟੀਚੀਊਟ ਵਿੱਚ

ਕੀਤਾ ਗਿਆ ਸੀ ।

2 ਨਵੰਬਰ ਦੁਪਿਹਰ ਜਦੋਂ ਬੰਬਈ ਤੋਂ ਰਾਜਧਾਨੀ ਐਕਸਪ੍ਰੈਸ ਦਿੱਲੀ ਪਹੁੰਚੀ ਤਾਂ ਏਅਰ ਕੰਡੀਸ਼ਨ ਡੱਬਿਆਂ ਵਿੱਚੋਂ ਤਿੰਨ ਅਮੀਰ ਸਿੱਖਾਂ ਦੀਆਂ ਲਾਸ਼ਾਂ ਮਿਲੀਆਂ । ਉਨ੍ਹਾਂ ਨੂੰ ਲੋਹੇ ਦੀ ਰਾਡ ਨਾਲ ਕੋਹਿਆ ਗਿਆ ਸੀ ਤੇ ਖੋਪਰੀ ਭੰਨੀ ਹੋਈ ਸੀ ।

ਕਨਾਟ ਪਲੇਸ ਤੇ ਹੋਰ ਥਾਵਾਂ ਤੋਂ ਤਾਂ ਸਿੱਖਾਂ ਦੀਆ ਦੁਕਾਨਾਂ ਸਾੜੀਆਂ ਗਈਆਂ ਪਰ ਕਈ ਮੁੜ ਵਸਾਈਆਂ ਗਈਆਂ ਕਾਲੋਨੀਆਂ ਵਿੱਚ ਜੋ ਕਤਲੇਆਮ ਸਾਹਮਣੇ ਆਈ, ਉਸ ਦੇ ਅੱਗੇ ਆਸਾਮ ਦੀ ਨੈਲੀ ਕਤਲਾਮ ਵੀ ਕੋਈ ਅਰਥ ਨਹੀ ਰੱਖਦੀ । ਇਕ ਕਾਲੋਨੀ ਤ੍ਰਿਲੋਕਪੁਰੀ ਵਿੱਚ 32 ਨੰਬਰ ਬਲਾਕ ਵਿੱਚ ਸਾਰੀ ਆਬਾਦੀ ਸਿੱਖਾਂ ਦੀ ਸੀ, ਉਸ ਦੇ ਸਾਰੇ ਮਰਦਾਂ ਨੂੰ ਕਤਲ ਕਰ ਦਿੱਤਾ ਗਿਆ । ਕਿਉਂਕਿ ਦਿੱਲੀ ਦੀਆਂ ਕਈ ਆਬਾਦੀਆਂ ਵਿੱਚ ਤ੍ਰਿਲੋਕਪੁਰੀ ਵਾਲਿਆਂ ਜਾ ਕੇ ਲੁਟਿਆ – ਕੁਟਿਆ, ਸਿੱਖਾਂ ਨੇ ਉਨ੍ਹਾਂ ਨੂੰ ਮਾਲ ਲਿਆਂਦਿਆਂ ਦੇਖਿਆ ਸੀ, ਇਸ ਲਈ ਉਹ ਹਰ ਗਵਾਹੀ ਨੂੰ ਕਤਲ ਕਰਕੇ ਖਤਮ ਕਰਨ ਉਤੇ ਉਤਰ ਆਏ ।

ਇਨ੍ਹਾਂ ਘਟਨਾਵਾਂ ਲਈ ਜੋ ਦੋ ਨਾਂ ਬਾਰ-ਬਾਰ ਸਾਹਮਣੇ ਆਏ ਹਨ, ਉਹ ਹਨ ਕਾਂਗਰਸ ਦੇ ਐਮ.ਪੀ. ਧਰਮਦਾਸ ਸ਼ਾਸ਼ਤਰੀ ਅਤੇ ਸੱਜਣ ਕੁਮਾਰ ਅਤੇ ਉਨ੍ਹਾਂ ਨਾਲ ਹੋਰ ਲੋਕਲ ਕਾਂਗਰਸੀ ਨੇਤਾ ਵੀ ਸ਼ਾਮਲ ਸਨ ।

ਅਕਸ ਦਸੰਬਰ,1984

"ਕੁੱਝ ਕਾਲੋਨੀਆਂ ਦੀ ਸਾਰੀ ਦੀ ਸਾਰੀ ਆਬਾਦੀ ਮੌਤ ਦੇ ਘਾਟ ਉਤਾਰ ਦਿੱਤੀ ਗਈ । ਕੇਵਲ ਪੂਰਬੀ ਦਿੱਲੀ ਵਿੱਚ ਹੀ 500 ਮੌਤਾਂ ਹੋਈਆਂ । ਪੁਲੀਸ ਕਮਿਸ਼ਨਰ ਸੁਭਾਸ਼ ਟੈਂਡਨ ਨੇ ਕਿਹਾ ਕਿ ਮੌਤਾਂ ਕੇਵਲ 15 ਜਾਂ 20 ਹੋਈਆਂ ਹਨ । ਲੈਫਟੀਨੈਂਟ ਗਵਰਨਰ ਨੇ ਕਿਹਾ ਕਿ "ਸਥਿਤੀ ਕਾਬੂ ਵਿੱਚ ਹੈ" ਸਾਡੇ ਰਿਪੋਰਟਰ ਨੇ ਕੇਵਲ ਤ੍ਰਿਲੋਕਪੁਰੀ ਵਿੱਚ ਹੀ 350 ਲਾਸ਼ਾਂ ਦੇਖੀਆਂ । ਜਦੋਂ ਪੁਲੀਸ ਨੇ ਕਿਹਾ ਕਿ ਉਨ੍ਹਾਂ ਨੂੰ ਕਤਲੇਆਮ ਦਾ ਇਲਮ ਨਹੀਂ ਤਾਂ ਪੱਤਰਕਾਰਾਂ ਨੇ ਉਨ੍ਹਾਂ ਨੂੰ ਝਾੜਿਆ । ਸ਼ਾਹਦਰਾ ਵਿੱਚ 2 ਨਵੰਬਰ ਦੁਪਿਹਰ ਤਕ 75 ਲੋਕ ਕਤਲ ਕੀਤੇ ਜਾ ਚੁੱਕੇ ਸਨ । ਸੜਕਾਂ ਤੇ ਸੈਂਕੜੇ ਲਾਸ਼ਾਂ ਪਈਆਂ ਰਹੀਆਂ, ਜੋ ਸ਼ਾਮ ਨੂੰ ਹੀ ਚੁੱਕੀਆਂ ਗਈਆਂ । ਲਾਸ਼ਾਂ ਇਸ ਲਈ ਚੁੱਕ ਦਿੱਤੀਆਂ ਗਈਆਂ ਕਿਉਂਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਤਲਾਮ ਦੀ ਖ਼ਬਰ ਸੁਣ ਲਈ ਸੀ ਤੇ ਆਪ ਤਫਤੀਸ਼

ਕਰਨੀ ਸੀ ਪਰ ਸਕਿਉਰਟੀ ਨੇ ਉਹ ਪ੍ਰੋਗਰਾਮ ਰੱਦ ਕਰਵਾ ਦਿੱਤਾ । 1 ਨਵੰਬਰ ਨੂੰ ਇਹ ਸਾਰਾ ਇਲਾਕਾ ਅੱਗ ਦੀ ਲਪੇਟ ਵਿੱਚ ਨਜ਼ਰ ਆ ਰਿਹਾ ਸੀ । ਬਹੁਤ ਸਾਰੇ ਸਿੱਖਾਂ ਨੇ ਜਾਨ ਬਚਾਉਣ ਲਈ ਤੇ ਵਾਲ ਮੁਨਾ ਦਿੱਤੇ ਤੇ ਕਈ ਬਚਣ ਲਈ ਗੁਰਦੁਆਰੇ ਵਿੱਚ ਜਾ ਲੁਕੇ ਤੇ ਗੁਰਦੁਆਰਾ ਅਚਾਨਕ ਹੀ 200 ਸ਼ਰਨਾਰਥੀਆਂ ਲਈ ਕੈਂਪ ਬਣ ਗਿਆ ਤਾਂ ਉਸ ਸਮੇਂ ਤੱਕ ਉਨ੍ਹਾਂ ਦੇ ਖਾਣ-ਪੀਣ ਲਈ ਕੁੱਝ ਵੀ ਨਹੀਂ ਸੀ ਤੇ ਬਾਹਰ ਜ਼ੁਲਮ ਦੀ ਹਨੇਰੀ ਝੁੱਲ ਰਹੀ ਸੀ । ਉਸ ਸਮੇਂ ਜੋ ਮਦਦ ਪਹੁੰਚੀ, ਉਹ ਕੇਵਲ ਆਂਢੀ ਗੁਆਂਢੀ ਹਿੰਦੂਆਂ ਕੋਲੋਂ ਪਹੁੰਚੀ ।

ਫਰੈਂਡਸ ਕਾਲੋਨੀ ਵਿੱਚ ਇਕ ਸਿਪਾਹੀ ਨੂੰ ਵੀ ਜਿੰਦਾ ਸਾੜ ਦਿੱਤਾ ਗਿਆ । ਭਜਨਪੁਰੇ ਦੇ ਨੇੜੇ ਵਸਦੇ ਗਾਮੜੀ ਇਲਾਕੇ ਦੇ 21 ਦੇ 21 ਪਰਿਵਾਰਾਂ ਤੇ ਹਮਲਾ ਕੀਤਾ ਗਿਆ 40 ਤੋਂ 50 ਤੱਕ ਬੰਦੇ ਮਾਰੇ ਗਏ । ਪੰਜਾਬੀ ਕਾਲੋਨੀ ਰਾਖ ਦਾ ਢੇਰ ਬਣ ਗਈ, ਸ਼ਕਰਪੁਰ ਵਿੱਚ ਉਧੱਦਰ ਦਿਨ ਰਾਤ ਜਾਰੀ ਰਿਹਾ । ਸ਼ਕਰਪੁਰ ਤੇ ਕਲਿਆਨਪੁਰੀ ਵਿੱਚ ਕਾਤਲਾਂ ਨੇ ਕਾਫੀ ਕਹਿਰ ਮਚਾਇਆ ।

ਉਤੱਰੀ ਦਿੱਲੀ ਵਿੱਚ ਏਸ਼ੀਆ ਦੀ ਸਭ ਤੋਂ ਵੱਡੀ ਸਬਜ਼ੀ ਮੰਡੀ ਆਜ਼ਾਦਪੁਰ ਨੂੰ ਕਬਾੜਖਾਨਾ ਬਣਾ ਦਿੱਤਾ ਗਿਆ । ਸੈਂਕੜੇ ਟਰੱਕ ਸਾੜ ਦਿੱਤੇ ਗਏ । ਪੁਲੀਸ ਸਟੇਸ਼ਨ ਬਿਲਕੁੱਲ ਨਾਲ ਹੀ ਹੈ, ਪਰ ਪੁਲੀਸ ਉਦੋਂ ਕਿਧਰੇ ਨਜ਼ਰ ਨਹੀਂ ਆਈ ।"

(ਇੰਡੀਅਨ ਐਕਸਪ੍ਰੈਸ, 4 ਨਵੰਬਰ,1984)

"ਨਰੇਲੇ 'ਚੋਂ ਬਚਕੇ ਆਏ ਲੋਕਾਂ ਨੇ ਇਕ ਕੈਂਪ ਵਿੱਚ ਦੱਸਿਆ ਕਿ ਕਿਵੇਂ ਹਮਲਾਵਰਾਂ ਨੇ ਬੱਚਿਆਂ ਨੂੰ ਚੁੱਕ-ਚੁੱਕ ਕੇ ਛੱਤਾਂ ਤੋਂ ਸੁੱਟਿਆ, ਕਈ ਪਰਿਵਾਰਾਂ ਵਿੱਚੋਂ ਤਾਂ ਕੇਵਲ ਬੱਚੇ ਹੀ ਬਚ ਸਕੇ । ਕਈ ਘਰਾਂ ਦੇ ਜੀਅ ਗੁੰਮ ਹਨ । ਕਈ ਸਾਹਮਣੇ ਹੀ ਤਸੀਹੇ ਦੇ ਕੇ ਮਾਰ ਦਿੱਤੇ ਗਏ । ਕਈਆਂ ਕੋਲ ਇਕ ਰੁਪਈਏ ਤਕ ਵੀ ਨਹੀਂ ਸੀ, ਸਭ ਕੁੱਝ ਲੁੱਟ-ਪੁੱਟ ਲਿਆ ਗਿਆ ।"

"ਗਾਜ਼ੀਆਬਾਦ, ਸੀਲਮਪੁਰ, ਤੁਗਲਕਾਬਾਦ, ਮੋਦੀਨਗਰ, ਨਰੇਲਾ, ਮਹਾਰਾਸ਼ਟਰਾ, ਯੂ.ਪੀ., ਮੱਧ ਪ੍ਰਦੇਸ਼, ਹਰਿਆਣਾ ਦੇ ਕਈ ਸਟੇਸ਼ਨਾਂ ਤੇ ਸਿੱਖ ਭਿਆਨਕ ਆਤੰਕ ਦਾ ਸ਼ਿਕਾਰ ਹੋਏ, 4 ਨਵੰਬਰ ਨੂੰ ਵੀ ਗਾਜ਼ੀਆਬਾਦ (ਮਰੀਆਪਟ) ਕਿਸੇ ਨੇ ਗੱਡੀ ਦੀ ਜੰਜ਼ੀਰ ਖਿੱਚੀ ਤੇ ਬਾਹਰੋਂ ਭੀੜ ਨੇ ਗੱਡੀ ਤੇ ਹਮਲਾ ਬੋਲ ਦਿੱਤਾ । ਸਿੱਖਾਂ ਨੂੰ ਡੱਬਿਆਂ 'ਚੋਂ ਖਿੱਚ-ਖਿੱਚ ਕੇ ਬਾਹਰ ਲਿਆਂਦਾ ਗਿਆ । ਮਿੱਟੀ ਦਾ ਤੇਲ ਛਿੜਕਿਆ ਗਿਆ ਤੇ

ਅੱਗ ਲਾਈ ਗਈ । ਦਿੱਲੀ ਦੇ ਸਟੇਸ਼ਨਾਂ ਤੇ ਸਿੱਖ ਮੁਸਾਫਰਾਂ ਦੇ ਕੈਂਪ ਲਾਏ ਗਏ । ਔਰਤਾਂ ਦਾ ਗਹਿਣਾ ਲੁੱਟ ਲਿਆ ਗਿਆ । ਪਤੀ ਮਾਰ ਦਿੱਤੇ ਗਏ । ਕਈਆਂ ਦੇ ਬੱਚੇ ਮਾਰ ਦਿੱਤੇ ਗਏ । ਗਾਜ਼ੀਆਬਾਦ ਦੇ ਸਟੇਸ਼ਨ ਤੇ ਕਈਆਂ ਦੇ ਵਾਲ ਮੁੰਨ ਦਿੱਤੇ ਗਏ । ਕਾਠਮੰਡੂ ਤੋਂ ਆਏ ਇਕ ਮੁਸਾਫਰ ਤੋਂ ਗਾਜ਼ੀਆਬਾਦ ਸਟੇਸ਼ਨ ਤੇ 50000 ਰੁਪਏ ਵੀ ਲੁੱਟ ਲਏ ਗਏ ਤੇ ਉਸ ਨੂੰ ਮੌਤ ਦੇ ਘਾਟ ਵੀ ਉਤਾਰ ਦਿੱਤਾ ਗਿਆ । ਟਾਟਾ ਐਕਸਪ੍ਰੈਸ ਦੇ ਇਕ ਪੂਰੇ ਡੱਬੇ ਨੂੰ ਵੀ ਕਾਨਪੁਰ ਨੇੜੇ ਅੱਗ ਲਾ ਦਿੱਤੀ ਗਈ ।"

(ਹਿੰਦੁਸਤਾਨ ਟਾਈਮਜ਼, 3 ਨਵੰਬਰ,1984)

"ਦਿੱਲੀ ਦੇ ਦੰਗਿਆਂ ਵਿੱਚ 50,000 ਲੋਕ ਬੇਘਰ ਹੋ ਗਏ । ਇਨ੍ਹਾਂ ਵਿੱਚ 20,000 ਕੇਵਲ ਪੂਰਬੀ ਦਿੱਲੀ ਜਮਨਾਪਾਰ ਦੇ ਹੀ ਹਨ, 500 ਲੋਕ ਜਮਨਾ ਪਾਰ ਮਰ ਚੁੱਕੇ ਹਨ । ਜੋ ਕੈਂਪ ਲਾਏ ਗਏ ਹਨ, ਉਨ੍ਹਾਂ ਦੀ ਸਥਿਤੀ ਬਹੁਤ ਅਣਮਨੁੱਖੀ ਹੈ । ਸ਼ਾਹਦਰਾ ਦੇ ਸਰਕਾਰੀ ਸਕੂਲ 'ਚ ਇਕ ਔਰਤ ਕਹਿਣ ਲੱਗੀ, "ਮੈਨੂੰ ਪੰਜਾਬ ਲੈ ਜਾਓ ।" ਗੁੰਮ ਗਏ ਬੰਦਿਆਂ ਦੀ ਕੋਈ ਸੂਚੀ ਨਹੀਂ ਬਣੀ । ਨੰਦ ਨਗਰੀ ਦੀਆਂ 50 ਮੁਟਿਆਰਾਂ ਦਾ ਕੋਈ ਥਹੁ-ਪਤਾ ਨਹੀਂ । ਉਨ੍ਹਾਂ ਨੂੰ ਪੁਲੀਸ ਨੇ ਆਪਣੀ ਰੱਖਿਆ 'ਚ ਲਿਆ ਸੀ, ਪਰ ਉਸ ਪਿੱਛੋਂ ਉਨ੍ਹਾਂ ਦਾ ਕੋਈ ਪਤਾ ਨਹੀਂ ਲੱਗਿਆ । ਕੁਝ ਲੋਕਲ ਹਿੰਦੂ, ਕੈਂਪਾਂ ਵਿੱਚ ਸਿੱਖਾਂ ਨੂੰ ਖਾਣਾ ਪੁਚਾ ਰਹੇ ਸਨ । ਕੁਝ ਲੋਕ ਜੋ ਬਚ ਗਏ ਗੁਰਦੁਆਰਿਆਂ ਵਿੱਚ ਰੱਖੇ ਗਏ ਸਨ । ਕੈਂਪਾਂ ਵਿੱਚ ਜ਼ਖਮੀਆਂ ਨੂੰ ਦਵਾਈਆਂ ਦੇਣੀਆਂ ਮੁਸ਼ਕਲ ਹੋ ਰਹੀਆਂ ਸਨ । ਹਸਪਤਾਲਾਂ ਵਿੱਚ ਉਨ੍ਹਾਂ ਨੂੰ ਭੇਜਿਆ ਨਹੀਂ ਸੀ ਜਾ ਰਿਹਾ, ਕਿਉਂਕਿ ਹਸਪਤਾਲ ਪਹਿਲਾਂ ਹੀ ਭਰੇ ਹੋਏ ਸਨ ।"

(ਇੰਡੀਅਨ ਐਕਸਪ੍ਰੈਸ, 5 ਨਵੰਬਰ,1984)

"ਘੱਲੂਘਾਰੇ ਦੇ ਹਫਤਾ ਬਾਅਦ ਵੀ ਜਮਨਾ ਪਰ ਤ੍ਰਿਲੋਕਪੁਰੀ ਤੇ ਕਲਿਆਨਪੁਰੀ ਦੇ ਕੁੱਝ ਉਜੱੜੇ ਘਰਾਂ ਦੇ ਬਾਹਰ ਕਈ ਔਰਤਾਂ ਤੇ ਬੱਚੇ ਬੈਠੇ ਹੋਏ ਸਨ । ਇਨ੍ਹਾਂ ਔਰਤਾਂ ਦੇ ਪਤੀ ਉਨ੍ਹਾਂ ਦੇ ਸਾਹਮਣੇ ਸਾੜੇ ਗਏ ਸਨ । ਕਲਿਆਨਪੁਰੀ ਬਲਾਕ 11 ਤੇ 13 ਦੀਆਂ ਔਰਤਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਕਿਤੇ ਕੋਈ ਸਹਾਇਤਾ ਕੈਂਪ ਲੱਗੇ ਹਨ । ਇਹ ਔਰਤਾਂ ਇਥੇ ਬੈਠੀਆਂ ਕੇਵਲ ਖਾਲੀ ਅਸਮਾਨ ਨੂੰ ਘੂਰ ਰਹੀਆਂ ਸਨ । ਉਨ੍ਹਾਂ ਲਈ ਕੋਈ ਸਵਿਸ ਨਹੀਂ ਸੀ, ਬਚ ਗਏ ਆਂਢੀ-ਗੁਆਂਢੀ ਇਨ੍ਹਾਂ ਨੂੰ ਰੋਟੀ ਪਾਣੀ ਦੇ ਦਿੰਦੇ ਸਨ ।

ਤ੍ਰਿਲੋਕਪੁਰੀ ਦੀਆਂ ਝੁੱਗੀਆਂ ਦੀਆਂ ਦੀਵਾਰਾਂ ਵੀ ਘੱਟ ਹੀ ਨਜ਼ਰ ਆਉਂਦੀਆਂ

ਹਨ । ਕੇਵਲ ਇਕ ਦੀਵਾਰ ਉਤੇ ਗੁਰੂ ਨਾਨਕ ਦੇਵ ਜੀ ਅਤੇ ਨਾਲ ਹੀ ਇਕ ਹਿੰਦੂ ਦੇਵਤੇ ਦੀ ਤਸਵੀਰ ਨਜ਼ਰ ਆ ਰਹੀ ਸੀ । ਇਥੇ ਹਿੰਦੂਆਂ ਦੇ ਘਰਾਂ ਨੂੰ ਵੀ ਨਹੀਂ ਛੱਡਿਆ ਗਿਆ । ਬਹੁਤ ਸਾਰੀਆਂ ਲਾਸ਼ਾਂ ਨੇੜੇ ਹੀ ਨਹਿਰ ਵਿੱਚ ਸੁੱਟੀਆਂ ਹੋਈਆਂ ਵੀ ਮਿਲੀਆਂ ਕਲਿਆਨਪੁਰੀ 11 ਬਲਾਕ ਦੇ ਪ੍ਰੀਤਮ ਸਿੰਘ ਦਾ ਕਹਿਣਾ ਹੈ ਕਿ ਜਿਉ ਹੀ ਗੜਬੜ ਸ਼ੁਰੂ ਹੋਈ ਤਾਂ ਪੁਲੀਸ ਆਈ ਤੇ ਸਿੱਖਾਂ ਦੇ ਲਾਈਸੈਂਸੀ ਹਥਿਆਰ ਵੀ ਕਬਜੇ 'ਚ ਕਰ ਕੇ ਲੈ ਗਈ । ਉਹ ਨਿਹੱਥੇ ਹੋ ਗਏ ਤੇ ਗੁੰਡੇ ਕਈ ਵਾਰ ਆਏ, ਉਨ੍ਹਾਂ ਨੂੰ ਲੁੱਟਿਆ-ਪੁੱਟਿਆ ਤੇ ਸੈਂਕੜੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ । ਇਥੇ ਵਧੇਰੇ ਗਰੀਬ ਮਿਹਨਤੀ ਸਿੱਖ ਹੀ ਰਹਿੰਦੇ ਸਨ । ਇਕ ਹਿੰਦੂ ਦੁਕਾਨਦਾਰ ਨੇ ਵੀ ਸਿੱਖਾਂ ਨੂੰ ਬਚਾਉਣ ਲਈ ਗੁੰਡਿਆਂ ਦਾ ਟਾਕਰਾ ਕੀਤਾ, ਪਰ ਉਸ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ ।

(ਟਈਮਜ਼ ਆਫ ਇੰਡੀਆਂ, 10 ਨਵੰਬਰ,1984 )

**ਇਕੋ ਪਰਿਵਾਰ ਦੀਆਂ 21 ਵਿਧਵਾਂ ਔਰਤਾਂ**

"ਜਨਕਪੁਰੀ (ਸਾਗਰਪੁਰ) ਦਿੱਲੀ ਦੇ ਇਸ ਪਰਿਵਾਰ ਦੇ 72 ਮੈਂਬਰ ਸਨ, ਪਰ ਹੁਣ ਇਸ ਪਰਿਵਾਰ ਦੀਆਂ 29 ਵਿਧਵਾਂ ਔਰਤਾਂ ਅਤੇ ਕੇਵਲ ਇਕ ਮੁੰਡਾ ਬਚਿਆ ਹੈ, ਸਭ ਮਰਦਾਂ ਨੂੰ ਉਨ੍ਹਾਂ ਦੇ ਸਾਹਮਣੇ ਹੀ ਜਲਾਇਆ ਗਿਆ ਤੇ ਇਹ ਸਭ ਕੁੱਝ ਸਾਗਰਪੁਰ ਦੇ ਲੋਕਾਂ ਨੇ ਹੀ ਕੀਤਾ । ਇਹ ਵੱਡਾ ਪਰਿਵਾਰ ਸਾਗਰਪੁਰ ਵਿੱਚ ਜ਼ਮੀਨ ਖਰੀਦ ਕੇ ਗੰਗਾ ਨਗਰ ਤੋਂ ਆ ਕੇ ਵਸਿਆ ਸੀ । ਵੱਡੀ ਭੀੜ ਨੇ ਜਦੋਂ ਇਸ ਪਰਿਵਾਰ ਤੇ ਹਮਲਾ ਕੀਤਾ ਤਾਂ ਉਨ੍ਹਾਂ ਕੋਲ ਮਿੱਟੀ ਦੇ ਤੇਲ ਦੇ ਟੀਨ ਸਨ । ਉਨ੍ਹਾਂ ਪਹਿਲਾਂ ਕੇਵਲ ਲੁੱਟਣ ਦਾ ਡਰਾਵਾ ਦਿੱਤਾ ਪਰ ਫਿਰ ਇਕ-ਇਕ ਕਰ ਕੇ ਮਰਦਾਂ ਨੂੰ ਵੀ ਮੌਤ ਦੇ ਹਵਾਲੇ ਕਰ ਦਿੱਤਾ ਗਿਆ । ਇਹ ਪਰਿਵਾਰ ਤਿੰਨ ਭਰਾਵਾਂ ਦਾ ਸੀ-ਬੁੱਧ ਸਿੰਘ, ਹਰੀ ਸਿੰਘ, ਊਧਮ ਸਿੰਘ । ਅੱਗੋਂ ਉਨ੍ਹਾਂ ਦੇ ਪੁੱਤ-ਪੋਤਰੇ ਸਨ । ਭੀੜ ਪਹਿਲਾਂ ਦਿਨੇ ਆਈ, ਸ਼ਾਮ ਨੂੰ ਫਿਰ ਸ਼ਰਾਬੀ ਹੋ ਕੇ ਆਈ । ਘਰ ਸਾੜੇ ਗਏ । ਔਰਤਾਂ ਨੂੰ ਵੀ ਪੱਥਰਾਂ ਨਾਲ ਕੁੱਟਿਆ ਗਿਆ । ਅੱਠ ਵਰ੍ਹਿਆਂ ਦਾ ਬੰਟੀ ਸਭ ਕੁੱਝ ਦੇਖ ਕੇ ਪਾਗਲ ਹੋ ਗਿਆ ਹੈ, ਹਰ ਵੇਲੇ ਉਸ ਨੂੰ ਸੜਦੇ ਲੋਕ ਨਜ਼ਰ ਆਉਂਦੇ ਹਨ । ਕੇਵਲ ਬਲਦੇਵ ਸਿੰਘ ਬਚਿਆ ਹੈ, ਕਿਉਂਕਿ ਉਹ ਉਸ ਸਮੇਂ ਫੈਕਟਰੀ ਗਿਆ ਹੋਇਆ ਸੀ । ਘਰ ਦੀ ਇਕ ਨੂੰਹ ਸੁਖਦੇਵ ਕੌਰ ਅਜੇ ਪਿਛਲੇ ਮਹੀਨੇ ਹੀ ਵਿਆਹੀ ਆਈ ਸੀ, ਉਸ ਦਾ ਪਤੀ ਵੀ ਮਾਰਿਆ ਗਿਆ ਹੈ ਅਤੇ ਉਸ ਦੇ ਆਪਣੇ ਮਾਂ-ਪਿਉ ਵੀ ਨੰਦ ਨਗਰੀ ਦਿੱਲੀ ਵਿੱਚ ਮਾਰੇ ਗਏ ਹਨ ।

(ਇੰਡੀਅਨ ਐਕਸਪ੍ਰੈਸ, 12 ਨਵੰਬਰ 1984)

## ਗੱਡੀਆਂ 'ਚੋਂ ਕੱਢ-ਕੱਢ ਕੇ ਸਿੱਖਾਂ ਨੂੰ ਮਾਰਿਆ ਗਿਆ

" 2 ਨਵੰਬਰ ਨੂੰ ਦਿੱਲੀ ਦੇ ਤਿੰਨਾਂ ਵੱਡੇ ਰੇਲਵੇ ਸਟੇਸ਼ਨਾਂ ਤੇ ਭਿਆਨਕ ਖ਼ੂਨੀ ਆਤੰਕ ਨਜ਼ਰ ਆਇਆ । ਦੇਸ਼ ਦੇ ਵੱਖ-ਵੱਖ ਥਾਵਾਂ ਤੋਂ ਦਿੱਲੀ ਪਹੁੰਚ ਰਹੀਆਂ ਗੱਡੀਆਂ ਵਿੱਚ ਜ਼ਖਮੀ ਅਤੇ ਮਰੇ ਹੋਏ ਸਿੱਖਾਂ ਦੀ ਖਾਸੀ ਵੱਡੀ ਗਿਣਤੀ ਸੀ । ਉਦੋਂ ਤਕ ਦਿੱਲੀ ਵਿੱਚ ਇਹ ਖਬਰ ਫੈਲ ਚੁੱਕੀ ਸੀ ਕਿ ਨੇੜੇ ਦੇ ਰੇਲਵੇ ਸਟੇਸ਼ਨਾਂ ਗਾਜ਼ੀਆਬਾਦ, ਸਾਹਿਬਾਬਾਦ, ਸ਼ਾਹਦਰਾ, ਸੋਨੀਪਤ, ਤੁਗਲਕਾਬਾਦ, ਓਖਲਾ, ਬਲਭਗੜ੍ਹ ਆਦਿ ਤੇ ਹਿੰਸਕ ਭੀੜ ਗੱਡੀਆਂ ਨੂੰ ਰੋਕ-ਰੋਕ ਕੇ ਸਿੱਖਾਂ ਉਤੇ ਹਮਲੇ ਕਰ ਰਹੀ ਹੈ, ਪਰ ਦੋ ਦਿਨ ਬਾਅਦ ਤੱਕ ਵੀ ਕਿਸੇ ਕਿਸਮ ਦੀ ਸੁਰੱਖਿਆ ਦਾ ਪ੍ਰਬੰਧ ਨਹੀਂ ਕੀਤਾ ਗਿਆ । ਦਿੱਲੀ ਪਹੁੰਚਣ ਵਾਲੇ ਗੰਭੀਰ ਰੂਪ ਵਿੱਚ ਘਾਇਲ ਲੋਕਾਂ ਦੀ ਸੰਭਾਲ ਦਾ ਵੀ ਕੋਈ ਸੰਤੋਸ਼ਜਨਕ ਪ੍ਰਬੰਧ ਸਟੇਸ਼ਨਾਂ ਉਤੇ ਦਿਖਾਈ ਨਾ ਦਿੱਤਾ । ਸਭ ਤੋਂ ਜ਼ਿਆਦਾ ਤਕਲੀਫ ਦੇਣ ਵਾਲੀ ਸਥਿਤੀ ਇਹ ਸੀ ਕਿ ਜਿਨ੍ਹਾਂ ਘਾਇਲਾਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ, ਉਨ੍ਹਾਂ ਦੇ ਘਰ ਵਾਲਿਆਂ ਨੂੰ ਨਿਸ਼ਚਿਤ ਸੂਚਨਾ ਦੇਣ ਦਾ ਵੀ ਕੋਈ ਪ੍ਰਬੰਧ ਨਹੀਂ ਸੀ । ਸੈਂਕੜੇ ਲੋਕ ਅਨਿਸਚੇ, ਅਸੁਰੱਖਿਆ ਤੇ ਲਾਪ੍ਰਵਾਹੀ ਦੇ ਵਿੱਚ ਤ੍ਰਿਸ਼ੰਕੂ ਬਣੇ ਲਟਕੇ ਰਹੇ । ਇਸੇ ਲਈ ਉਨ੍ਹਾਂ ਦਾ ਦੁਖ ਹੋਰ ਡੂੰਘਾ ਹੋ ਰਿਹਾ ਸੀ । ਦਿੱਲੀ ਨੂੰ ਫੌਜ ਦੇ ਸਪੁਰਦ ਕਰ ਦਿੱਤੇ ਜਾਣ ਦੇ ਬਾਵਜੂਦ ਪੂਰਬੀ ਦਿੱਲੀ ਵਿੱਚ ਸਿੱਖਾਂ ਦੇ ਹੱਤਿਆ ਕਾਂਡ ਨੂੰ ਰੋਕਿਆ ਨਾ ਜਾ ਸਕਿਆ, ਕਿਉਂਕਿ ਫੌਜ ਦਾ ਕਹਿਣਾ ਸੀ ਕਿ ਪੁਲੀਸ ਉਨ੍ਹਾਂ ਨੂੰ ਮਿਲਵਰਤਣ ਨਹੀਂ ਸੀ ਦੇ ਰਹੀ । ਇਸੇ ਲਈ ਦਿੱਲੀ ਵਿੱਚ ਮੰਗੋਲਪੁਰੀ, ਸੁਲਤਾਨਪੁਰੀ, ਕਿਸ਼ਨਗੰਜ ਆਦਿ ਕਾਲੋਨੀਆਂ ਵਿੱਚ ਜਦੋਂ ਤਕ ਫੌਜ ਪਹੁੰਚੀ, ਵਧੇਰੇ ਸਿੱਖ ਤਬਾਹ ਹੋ ਚੁੱਕੇ ਸਨ । ਪੂਰਬੀ ਦਿੱਲੀ 'ਚ ਤ੍ਰਿਲੋਕਪੁਰੀ ਤੇ ਪੱਛਮੀ ਦਿੱਲੀ ਵਿੱਚ ਮੰਗੋਲਪੁਰੀ 'ਚ ਰਲਾ ਕੇ 700 ਤੋਂ 800 ਤਕ ਜਾਨਾਂ ਗਈਆਂ ।

(ਯੁਵਕਧਾਰਾ, ਨਵੰਬਰ 1984)

## ਇਕ ਕੈਂਪ ਦਾ ਦੁਖਾਂਤ

"ਇਸ ਘੱਲੂਘਾਰੇ ਦਾ ਸ਼ਿਕਾਰ ਹੋਏ ਵਿਅਕਤੀਆਂ ਲਈ ਜੋ ਕੈਂਪ ਲਾਏ ਗਏ, ਉਨ੍ਹਾਂ ਦੀ ਕਹਾਣੀ ਹੀ ਦੁਖਦਾਈ ਤੇ ਰੌਂਗਟੇ ਖੜੇ ਕਰ ਦੇਣ ਵਾਲੀ ਹੈ । ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰਾਂ-ਵੀਨਾ ਦਾਸ, ਆਰ.ਕੇ.ਦਾਸ, ਮਨੋਰੰਜਨ ਮੋਹੰਤੀ, ਅਸ਼ੀਸ਼ ਨੰਦੀ ਨੇ ਰਾਣੀ ਬਾਗ ਦਿੱਲੀ ਦੇ ਕੈਂਪ ਦੇ 400 ਬਚ ਗਏ ਵਿਅਕਤੀਆਂ, ਵਿਧਵਾਵਾਂ ਤੇ ਬੱਚਿਆਂ ਨਾਲ ਮੁਲਾਕਾਤ ਕੀਤੀ, ਉਹ ਇਸ ਪ੍ਰਕਾਰ ਹੈ :-

"ਇਥੇ ਹਾਜ਼ਰ ਬਹੁਤੇ ਸਿੱਖਾਂ ਨੂੰ ਦਾੜ੍ਹੀਆਂ ਮੁੰਨਵਾਉਣ ਲਈ ਮਜਬੂਰ ਕੀਤਾ ਗਿਆ ਸੀ। ਬਹੁਤ ਸਾਰੇ ਸਿੱਖਾਂ ਦੀਆਂ ਦਾੜ੍ਹੀਆਂ ਤੇ ਵਾਲ ਕੈਂਪ ਵਿੱਚ ਪਹੁੰਚਣ ਤੋਂ ਪਿੱਛੋਂ ਪੁਲੀਸ ਇੰਸਪੈਕਟਰ ਦੀ ਦੇਖ-ਰੇਖ ਵਿੱਚ ਮੁੰਨੇ ਗਏ। ਇਹ ਲੋਕ ਇਸ ਘਟਨਾ ਕਾਰਨ ਅਜੇ ਵੀ ਭੈ-ਭੀਤ ਸਨ। ਲੋਕਾਂ ਦੇ ਲੱਗੀਆਂ ਸੱਟਾਂ, ਜ਼ਖਮ ਅਜੇ ਨਜ਼ਰ ਆ ਰਹੇ ਸਨ। ਕੁੱਝ ਔਰਤਾਂ ਨੇ ਅੱਗ ਨਾਲ ਸੜੇ ਅੰਗ ਦਿਖਾਏ। ਇਕ ਔਰਤ ਨੇ ਦੱਸਿਆ ਕਿ ਉਸ ਦੇ ਪਤੀ ਤੇ ਜਦੋਂ ਤੇਲ ਛਿੜਕ ਕੇ ਅੱਗ ਲਾਈ ਗਈ ਤਾਂ ਉਹ ਉਸ ਨੂੰ ਚਿੰਬੜ ਗਈ ਤੇ ਉਸ ਨੂੰ ਖਿੱਚ ਕੇ ਵੱਖਰਾ ਕੀਤਾ ਗਿਆ, ਇਉਂ ਉਹ ਝੁਲਸੀ ਗਈ। ਉਸ ਦੇ ਵੀ ਝਿੰਮਣੀਆਂ, ਭਰਵੱਟੇ, ਠੋਡੀ, ਹੱਥ, ਸੜੇ ਹੋਏ ਸਨ। ਕਈ ਬੱਚੇ ਵੀ ਜ਼ਖਮੀ ਸਨ, ਉਹਨਾਂ ਦੇ ਸਿਰਾਂ ਤੇ ਪੱਟੀਆਂ ਬੱਝੀਆਂ ਹੋਈਆਂ ਸਨ। ਬਲਾਕ-ਏ ਵਿੱਚ ਰਹਿੰਦੇ ਕੇਵਲ ਚਾਰ ਮਰਦ ਹੀ ਬਚੇ ਸਨ। ਬਾਕੀ ਸਭ ਮਾਰ ਦਿੱਤੇ ਗਏ ਸਨ। ਬਲਾਕ ਏ-4 ਤੇ ਸੀ-4 ਦੇ ਸਾਰੇ ਮਰਦ ਮਾਰੇ ਗਏ ਸਨ। ਸੀ-4 ਦੇ 60 ਮਰਦ ਮਾਰੇ ਗਏ। ਔਰਤਾਂ ਨੇ ਦੱਸਿਆ ਕਿ ਉਹਨਾਂ ਨੂੰ ਹਮਲਾਵਰ ਗੁੰਡਿਆਂ ਨੇ ਆਖਿਆ ਕਿ ਜੇ ਉਹਨਾਂ ਸ਼ੋਰ ਪਾਇਆ ਜਾਂ ਮਰਦਾਂ ਨੂੰ ਬਚਾਉਣ ਦਾ ਯਤਨ ਕੀਤਾ, ਤਾਂ ਉਹਨਾਂ ਤੇ ਉਹਨਾਂ ਦੀਆਂ ਧੀਆਂ ਦਾ ਰੇਪ ਕੀਤਾ ਜਾਏਗਾ ਨੌਜਵਾਨ ਮੁੰਡਿਆਂ ਨੂੰ ਮਾਵਾਂ ਨੇ ਕੁੜੀਆਂ ਦਾ ਲਿਬਾਸ ਪਹਿਨਾ ਕੇ ਬਚਾਇਆ। ਬੱਚਿਆਂ ਨੂੰ ਫਿਰ ਵੀ ਪਛਾਣ ਕੇ ਕੋਹ ਦਿੱਤਾ ਗਿਆ। ਅਸੀਂ ਸੁਲਤਾਨਪੁਰੀ ਕਾਲੋਨੀ ਵਿੱਚ ਜਾ ਕੇ ਦੇਖਿਆ ਕਿ ਕਿਵੇਂ ਪੂਰੀ ਸਕੀਮ ਨਾਲ ਤਬਾਹੀ ਮਚਾਈ ਗਈ ਸੀ। ਜਿੱਥੇ ਗਲੀਆਂ ਲਾਸ਼ਾਂ ਸਾੜੀਆਂ ਗਈਆਂ ਸਨ, ਉਥੇ ਹੁਣ ਰੇਤ ਪਾਈ ਗਈ ਸੀ, ਪਰ ਅਸੀਂ ਥੋੜ੍ਹੀ ਜਿਹੀ ਰੇਤ ਨੂੰ ਪਰ੍ਹਾਂ ਕਰ ਕੇ ਦੇਖਦੇ ਤਾਂ ਬਲੇ ਵਾਲ ਲੱਭਦੇ ਜਾਂ ਕਿਤੇ ਕਿਤੇ ਕੋਨਿਆਂ ਤੇ ਇਕੱਠੀ ਹੋਈ ਰਾਖ ਵਿੱਚ ਹੱਡੀਆਂ ਦੇ ਟੁਕੜੇ। ਟੁੱਟੇ-ਫੁੱਟੇ ਘਰਾਂ ਦੀਆਂ ਦੀਵਾਰਾਂ ਤੇ ਖੂਨ ਦੇ ਨਿਸ਼ਾਨ ਸਨ। ਆਬਾਦੀ ਵਿਚਲਾ ਗੁਰਦੁਆਰਾ ਬਿਲਕੁੱਲ ਹੀ ਸਵਾਹ ਹੋ ਚੁੱਕਾ ਸੀ। ਗਰੰਥੀ ਦੀ ਲਾਸ਼ ਦੀ ਰਾਖ ਉਥੇ ਹੀ ਪਈ ਸੀ। ਕੁੱਝ ਉਥੇ ਗਏ ਗੁਆਂਢੀ ਹਿੰਦੂਆਂ ਨੇ ਵੀ ਜੋ ਦੁਖਾਂਤ ਦੀ ਕਹਾਣੀ ਸੁਣਾਈ, ਉਸ ਤੋਂ ਇਉਂ ਬਣੀ : ਬਲਾਕ ਸੀ-4 ਦੇ ਸਿੱਖਾਂ ਦੇ ਘਰਾਂ ਤੇ 2 ਨਵੰਬਰ ਨੂੰ ਸਵੇਰੇ 10 ਵਜੇ ਹਮਲਾ ਕੀਤਾ ਗਿਆ, ਹਮਲਾਵਰ ਨੇੜੇ ਦੇ ਪਿੰਡ ਪੂਟ ਤੋਂ ਆਏ ਗੁੱਜਰ ਸਨ, ਕੁੱਝ ਲੋਕ ਬਲਾਕ-ਸੀ ਤੋਂ ਵੀ ਉਨ੍ਹਾਂ ਦੇ ਨਾਲ ਸਨ। ਸਾਰੀ ਭੀੜ ਵਿੱਚ ਜਮਾਂਦਾਰ ਅਤੇ ਗੁੰਡੇ ਸਨ। ਉਹਨਾਂ ਨੇ ਘਰਾਂ ਦੀਆਂ ਚੀਜ਼ਾਂ ਲੁੱਟੀਆਂ, ਸਿੱਖ ਮਰਦਾਂ ਨੂੰ ਬਾਹਰ ਘੜੀਸਿਆ। ਕੁੱਝ ਹੋਰ ਸਿੱਖਾਂ ਕੋਲ ਜੋ ਡਾਂਗਾਂ-ਸੋਟੀਆਂ, ਇਕ ਅੱਧ ਕੋਲ ਜੋ ਬੰਦੂਕ ਆਦਿ ਸੀ, ਉਹ ਬਾਹਰ ਆਏ। ਕੁਝ ਦੇਰ ਲੜਾਈ ਹੋਈ ਇੰਨੀ ਦੇਰ ਨੂੰ ਪੁਲੀਸ ਤੇ ਐਸ.ਐਚ.ਓ ਆ ਗਏ। ਪੁਲੀਸ ਨੇ ਭੀੜ ਨੂੰ ਖਿੰਡਾ ਦਿੱਤਾ ਅਤੇ ਸਿੱਖਾਂ ਨੂੰ ਹਿਰਾਸਤ ਵਿੱਚ

ਲੈ ਲਿਆ । ਉਹਨਾਂ ਦੀਆਂ ਤਲਵਾਰਾਂ ਆਦਿ ਲੈ ਲਈਆਂ ਤੇ ਨਿਹੱਥਿਆਂ ਨੂੰ ਫਿਰ ਘਰ ਜਾਣ ਲਈ ਆਖਿਆ । ਹੁਣ ਫਿਰ ਭੀੜ ਆਈ ਤੇ ਉਹਨਾਂ ਨੇ ਸਿੱਖਾਂ ਨੂੰ ਘਰਾਂ ਚੋ ਕੱਢ ਕੇ ਕੁੱਟਿਆ, ਮਾਰਿਆ, ਸਾੜਿਆ ਤੇ ਘਰਾਂ ਨੂੰ ਅੱਗ ਲਗਾਈ । ਜੋ ਮਰਦ ਬਚ ਗਏ ਉਹਨਾਂ ਤੇ ਹਮਲਾ ਅਗਲੀ ਸਵੇਰ ਵਿੱਚ ਕੀਤਾ ਗਿਆ । ਐਸ.ਐਚ.ਓ. ਹਰੀ ਭੱਟੀ ਨੇ ਸਿੱਖ ਮੁਖੀ ਸੁੰਦਰ ਸਿੰਘ ਨੂੰ ਆਪ ਗੋਲੀ ਨਾਲ ਮਾਰਿਆ । ਸਿੱਖਾਂ ਦੇ ਨਿਕਲਣ ਲਈ ਆਸ-ਪਾਸ ਦੇ ਰਾਹ ਪੁਲੀਸ ਦੇ ਬੰਦ ਕਰ ਦਿੱਤੇ ਸਨ । ਇਉਂ ਐਸ.ਐਚ.ਓ. ਦੀ ਦੇਖ ਰੇਖ ਵਿੱਚ ਹੀ ਇਹ ਸਾਰਾ ਦੁਖਾਂਤ ਵਾਪਰਿਆ । ਚਾਰ ਕੁੜੀਆਂ ਨੂੰ ਗੁੰਡੇ ਚੁੱਕ ਕੇ ਲੈ ਗਏ ਤੇ ਤੀਜੇ ਦਿਨ ਵਾਪਸ ਭੇਜੀਆਂ ਗਈਆਂ । ਕੈਂਪ ਵਿੱਚ ਕੁੱਝ ਔਰਤਾਂ ਇਹ ਸਭ ਕੁੱਝ ਦੱਸਦੀਆਂ ਬੇਹੋਸ਼ ਹੋ ਗਈਆਂ । ਏ-2 ਦੇ ਇੱਕ ਸਿੱਖ ਪਰਿਵਾਰ ਨੂੰ ਏ-4 ਦੇ ਪੂਰਬੀਆਂ ਨੇ ਲੁਕਾਈ ਰੱਖਿਆ । ਕੁਝ ਪਰਿਵਾਰਾਂ ਨੂੰ ਉਥੋਂ ਦੇ ਹੀ ਮੁਸਲਮਾਨ ਪਰਿਵਾਰਾਂ ਨੇ ਲੁਕਾਈ ਰੱਖਿਆ । ਕੁੱਝ ਹਿੰਦੂਆਂ ਨੂੰ ਗੁੰਡਿਆਂ ਨੇ ਡਰਾਇਆ ਵੀ, ਉਹਨਾਂ ਦੇ ਬੱਚਿਆਂ ਨੂੰ ਕਤਲ ਕਰਨ ਤੇ ਔਰਤਾਂ ਨੂੰ ਰੇਪ ਕਰਨ ਦਾ ਡਰਾਵਾ ਦਿੱਤਾ । ਸਾਨੂੰ ਸਿੱਖਾਂ ਨੇ ਇਕ ਹਿੰਦੂ ਮਿਲਾਇਆ, ਜਿਸ ਨੇ 16 ਸਿੱਖਾਂ ਦੀ ਜਾਨ ਬਚਾਈ ਸੀ । ਫਿਰ ਵੀ ਇਥੇ... ਕੇਵਲ ਨੌਜਵਾਨ ਸਿੱਖ ਹੀ ਮਾਰੇ ਗਏ । ਕੁੱਝ ਸਿੱਖ ਜੋ ਅਜੇ ਵੀ ਆਪਣੇ ਬਰਬਾਦ ਹੋਏ ਘਰਾਂ 'ਚ ਕਿਸੇ ਕੋਨੇ ਲੁਕੇ ਹੋਏ ਸਨ , ਜਦੋਂ ਉਹ ਆਪਣੀ ਭੁੱਖ ਪਿਆਸ ਤੋਂ ਆਤੁਰ ਹੋ ਕੇ ਬਾਹਰ ਨਿਕਲੇ ਤਾਂ ਉਹਨਾਂ ਨੂੰ ਉਦੋਂ ਮਾਰਿਆ ਗਿਆ ।

ਕੈਂਪਾਂ ਵਿੱਚ ਜੋ ਵਿਅਕਤੀ ਹਾਜ਼ਰ ਸਨ , ਉਹ ਕਈ ਉਹਨਾਂ ਲੋਕਾਂ ਨੂੰ ਪਛਾਣਦੇ ਸਨ, ਜਿਨ੍ਹਾਂ ਨੇ ਬਾਹਰੋਂ ਗੁੰਡਿਆਂ ਨੂੰ ਉਤਸ਼ਾਹਤ ਕੀਤਾ, ਆਪ ਵੀ ਲੁੱਟਿਆ-ਪੁੱਟਿਆ ਤੇ ਕਤਲਾਮ 'ਚ ਹਿੱਸਾ ਲਿਆ । ਇਹ ਸਨ ਇਕ ਗੋਰਖਾ ਡੈਨੀ, ਪ੍ਰਾਪਰਟੀ ਡੀਲਰ ਪਰੇਮ ਚੰਦ, ਅਸ਼ੋਕ ਕੁਮਾਰ, ਸੁਨੀਲ ਕੁਮਾਰ, ਆਦਿ । ਸੱਜਣ ਕੁਮਾਰ ਕਾਂਗਰਸੀ ਐਮ.ਪੀ. ਦਾ ਖਾਸ ਏਜੰਟ ਜੈ ਕਿਸ਼ਨ ਇਹਨਾਂ ਦਾ ਨੇਤਾ ਸੀ । ਉਸ ਨੇ ਹੀ ਇਸ ਜ਼ੁਲਮ ਦਾ ਮਾਹੌਲ ਬਣਾਇਆ ਸੀ । ਹੌਲਦਾਰ ਜੈ ਭਗਵਾਨ ਨੇ ਇਕ ਘਰ 'ਚ ਇਕ ਔਰਤ ਨੂੰ ਬਚਾਉਣ ਦੇ ਬਹਾਨੇ ਦਾਖਲ ਹੋ ਕੇ ਉਸ ਦਾ ਰੇਪ ਕੀਤਾ ।

ਇਸ ਆਬਾਦੀ ਵਿੱਚ ਵਧੇਰੇ ਸਿੱਖ ਰਾਜਸਥਾਨ (ਅਲਵਰ) ਤੋਂ ਆ ਕੇ ਵਸੇ ਸਨ । ਜੋ ਪਹਿਲਾਂ ਸਿੰਧ ਪਾਕਿਸਤਾਨ ਤੋਂ ਉਥੇ ਆਏ ਸਨ । ਇਹ ਸਿੱਖ ਪੰਜਾਬੀ ਵੀ ਘੱਟ ਹੀ ਬੋਲ ਸਕਦੇ ਸਨ । ਆਪਣੇ ਰਵਾਇਤੀ ਧੰਦੇ ਕਰਦੇ ਸਨ, ਜਿਵੇਂ ਜੁਲਾਹਾ ਜਾਂ ਤਰਖਾਣਾ ਕੰਮ, ਕੁਝ ਸਬਜ਼ੀ ਵੇਚਦੇ ਸਨ , ਕੱਝ ਸਕੂਟਰ-ਰਿਕਸ਼ਾ ਚਲਾਉਂਦੇ ਸਨ । ਐਮਰਜੈਂਸੀ ਵਿੱਚ ਇਹਨਾਂ ਨੂੰ ਝੁੱਗੀਆਂ-ਝੋਪੜੀਆਂ 'ਚੋਂ ਕੱਢ ਕੇ ਇਥੇ ਵਸਾਇਆ ਗਿਆ ਸੀ । ਪਿਛਲੇ

ਕੁਝ ਸਾਲਾਂ ਵਿੱਚ ਕੁਝ ਮਰਦ ਅਰਬ ਦੇਸ਼ਾਂ ਵਿੱਚ ਜਾ ਕੇ ਮਿਹਨਤ ਮਜ਼ਦੂਰੀ ਕਰ ਕੇ ਵੀ ਪੈਸੇ ਕਮਾ ਕੇ ਲਿਆਂਦੇ ਸਨ। ਅਜੇ ਮਸਾਂ ਉਹਨਾਂ ਆਪਣੇ ਕਰਜ਼ੇ ਹੀ ਲਾਹੇ ਸਨ। ਇਉਂ ਇਹਨਾਂ ਲੋਕਾਂ ਦਾ ਤਾਂ ਸਮੇਂ ਦੀ ਪੰਜਾਬ ਦੀ ਸਿਆਸਤ ਨਾਲ ਦੂਰ ਪਾਰ ਦਾ ਵੀ ਕੋਈ ਸਬੰਧ ਨਹੀ ਸੀ। ਸਗੋਂ ਸਾਰੇ ਹੀ ਕਾਂਗਰਸ ਦੇ ਵੋਟਰ ਸਨ। ਇਸ ਕੈਂਪ 'ਚੋਂ ਕੋਈ ਵਾਪਸ ਸੁਲਤਾਨਪੁਰੀ ਮੁੜਨ ਲਈ ਤਿਆਰ ਨਹੀਂ ਸੀ, ਉਹਨਾਂ ਨੂੰ ਆਪਣੇ ਬੱਚਿਆਂ ਦੀਆਂ ਚੀਕਾਂ ਸੁਣਦੀਆਂ ਹਨ। ਔਰਤਾਂ ਨੂੰ ਆਪਣੇ ਸੜ ਰਹੇ ਪਤੀਆਂ ਦੇ ਦ੍ਰਿਸ਼ ਨਜ਼ਰ ਆ ਰਹੇ ਸਨ। ਉਹਨਾਂ ਕੋਲ ਵਸਣ ਲਈ ਕੁਝ ਵੀ ਨਹੀਂ ਸੀ। ਪੁਲਸੀਆਂ ਦੀਆਂ ਅੱਖਾਂ ਉਹਨਾਂ ਨੂੰ ਘੂਰ ਰਹੀਆਂ ਸਨ। ਅਸੀਂ 12 ਨਵੰਬਰ ਨੂੰ ਜਦੋਂ ਫਿਰ ਕੈਂਪ ਪੁੱਜੇ ਤਾਂ ਸਾਡੇ ਡਰ ਠੀਕ ਨਿਕਲੇ। ਵਧੇਰੇ ਲੋਕਾਂ ਨੂੰ ਜਬਰੀ ਕੈਂਪ 'ਚੋਂ ਭੇਜ ਦਿੱਤਾ ਗਿਆ ਸੀ, ਪੰਜਾਹ-ਪੰਜਾਹ ਰੁਪਏ ਦੇ ਕੇ। ਉਹ ਵੀ ਅੱਧੇ ਲੋਕਾਂ ਦੇ ਹੱਥਾਂ 'ਚ ਨਹੀਂ ਪਹੁੰਚੇ। ਜਦੋਂ ਅਸੀਂ ਉਥੇ ਉਹਨਾਂ ਲੋਕਾਂ ਕੋਲ ਪਹੁੰਚੇ ਉਹ 24 ਘੰਟੇ ਤੋਂ ਭੁੱਖੇ-ਭਾਣੇ ਸਨ। ਪੁਲੀਸ ਭੋਲ- ਭਾਲੇ ਲੋਕਾਂ ਤੋਂ ਦਸਤਖਤ ਕਰਵਾ ਰਹੀ ਸੀ ਕਿ ਉਹ ਆਪਣੇ ਹਮਲਾਵਰਾਂ ਨੂੰ ਨਹੀਂ ਪਛਾਣਦੇ। ਇਹ ਇਕ ਕੈਂਪ ਦੀ ਕਹਾਣੀ ਹੈ, ਅਨੁਮਾਨ ਲਾਉ ਕੈਪਾਂ ਦੇ ਦੁਖਾਂਤ ਦਾ।"

(ਇੰਡੀਅਨ ਐਕਸਪ੍ਰੈਸ, 15 ਨਵੰਬਰ,1984)

**ਦਿੱਲੀ ਦਾ ਘੱਲੂਘਾਰਾ ਸੋਚੀ ਸਮਝੀ ਸਕੀਮ ਅਨੁਸਾਰ ਹੋਇਆ।**

"ਪੀਪਲਜ਼ ਯੂਨੀਅਨ ਫਾਰ ਡੈਮੋਕ੍ਰੈਟਿਕ ਰਾਈਟਸ ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਨੇ ਇਕ ਰਿਪੋਰਟ ਵਿੱਚ ਆਖਿਆ ਹੈ ਕਿ 1 ਨਵੰਬਰ ਤੋਂ 10 ਨਵੰਬਰ 1984 ਤੱਕ ਜੋ ਕੁਝ ਵੀ ਵਾਪਰਿਆ ਇਹ ਇਕ ਸੋਚੀ ਸਮਝੀ ਯੋਜਨਾ ਦੇ ਅਨੁਸਾਰ ਹੀ ਵਾਪਰਿਆ। ਇਸ ਵਿੱਚ ਕਾਂਗਰਸ (ਇ:) ਦੇ ਨੇਤਾ ਅਤੇ ਪ੍ਰਸ਼ਾਸਨ ਦੇ ਅਧਿਕਾਰੀ ਸ਼ਾਮਲ ਸਨ। ਭਾਵੇਂ ਇਸ ਗੱਲ ਨੂੰ ਅਮਲ ਵਿੱਚ ਕੁੱਝ ਗਰੁੱਪਾਂ ਨੇ ਹੀ ਲਿਆਂਦਾ। ਪੁਲੀਸ ਲਗਭਗ ਸਾਰੇ ਦੁਖਾਂਤ ਦੀ ਜਾਣ ਕੇ ਹੀ ਚੁੱਪ ਦਰਸ਼ਕ ਬਣੀ ਰਹੀ ਜਾਂ ਸਿੱਖਾਂ ਦੇ ਖਿਲਾਫ ਸਾਹਮਣੇ ਆਈ ਹਿੰਸਾ ਵਿੱਚ ਜਾਣ ਕੇ ਭਾਗੀਦਾਰ ਬਣੀ। ਖਾਸ ਤੌਰ ਤੇ ਤ੍ਰਿਲੋਕਪੁਰੀ ਵਿੱਚ ਪੁਲੀਸ ਹਿੰਸਾਵਾਦੀਆਂ ਨੇ ਨਾਲ ਸ਼ਾਮਲ ਸੀ ਆਪਣੀਆਂ ਜੀਪਾਂ 'ਚੋਂ ਹਿੰਸਾਵਾਦੀਆਂ ਨੂੰ ਤੇਲ ਦਿੱਤਾ ਗਿਆ। ਐਸ.ਐਚ.ਓ. ਸੁਰਵੀ ਸੰਘ ਉਦੋਂ ਉਥੇ ਪਹੁੰਚਿਆ ਜਦੋਂ ਤ੍ਰਿਲੋਕਪੁਰੀ ਵਿੱਚ ਲੁੱਟਮਾਰ ਤੇ ਕਤਲਾਮ ਜਾਰੀ ਸੀ। ਜੋ ਸਿਪਾਹੀ ਉਥੇ ਹਾਜ਼ਰ ਵੀ ਸਨ, ਉਨ੍ਹਾਂ ਦੀ ਡਿਊਟੀ ਹਟਾ ਲਈ ਤਾਂ ਕਿ ਹਿੰਸਾਵਾਦੀ ਖੁੱਲ੍ਹੇ ਤੌਰ ਤੇ ਲੁੱਟਮਾਰ, ਕਤਲਾਮ ਤੇ ਔਰਤਾਂ ਦੇ ਰੇਪ ਕਰ ਸਕਣ। ਸ਼ਕਰਪੁਰ ਦੇ ਏ.ਐਸ.ਪੀ. ਮਲਹੋਤਰਾ ਨੇ

ਲਕਸ਼ਮੀ ਨਗਰ ਅਤੇ ਗੁਰੂ ਨੰਗਲ ਨਗਰ ਵਿੱਚ ਭੀੜ ਨੂੰ ਉਕਸਾਇਆ ਕਿ ਉਹ ਗੁਰਦੁਆਰੇ ਨੂੰ ਅੱਗ ਲਾ ਦੇਣ ਅਤੇ ਤਰਲੋਚਨ ਸਿੰਘ ਭਾਟੀਆ (ਕਾਂਗਰਸ ਇੰ:) ਦਾ ਖ਼ੂਨ ਕਰ ਦੇਣ । ਮਲਹੋਤਰਾ ਭੀੜ ਦੇ ਨਾਲ ਸੀ । ਉਸ ਨੇ ਭੀੜ ਨੂੰ ਹਥਿਆਰ ਵੀ ਦਿੱਤੇ । ਇਸ ਰਿਪੋਰਟ ਨੇ ਮ੍ਰੀ ਐਚ.ਕੇ.ਐਲ. ਭਗਤ ਬ੍ਰਾਡਕਾਸਟਿੰਗ ਮਨਿਸਟਰ ਨੂੰ ਇਸ ਸਥਿਤੀ ਲਈ ਖਾਸ ਜ਼ਿੰਮੇਵਾਰ ਠਹਿਰਾਇਆ ਹੈ । ਗਾਂਧੀ ਨਗਰ ਦੇ ਥਾਣੇ ਉਹ ਉਨ੍ਹਾਂ ਦੋਸ਼ੀ ਲੋਕਾਂ ਨੂੰ ਛੁਡਾਉਣ ਲਈ ਪਹੁੰਚਿਆ, ਜਿਨ੍ਹਾਂ ਨੂੰ ਇਸ ਕਤਲਾਮ ਪਿੱਛੋਂ ਗ੍ਰਿਫਤਾਰ ਕੀਤਾ ਗਿਆ ਸੀ । ਇਕ ਮੀਨੀਅਰ ਪੁਲੀਸ ਅਫਸਰ ਨੇ ਇਸ ਬਾਰੇ ਦੱਸਦਿਆਂ ਇਹ ਕਿਹਾ, "ਸ਼ੇਰ ਪਿੰਜਰੇ ਸੇ ਨਿਕਾਲ ਦੀਆ, ਫਿਰ ਕਹਿਤੇ ਹੈਂ ਪਕੜ ਕੇ ਲੇ ਆਓ।" 5 ਨਵੰਬਰ ਨੂੰ ਕਾਂਗਰਸੀ ਐਮ.ਪੀ. ਧਰਮਦਾਸ ਸ਼ਾਸਤਰੀ ਕਰੋਲ ਬਾਗ ਥਾਣੇ ਪਹੁੰਚਿਆ ਤੇ ਉਹ ਆਦਮੀ ਛੱਡ ਦੇਣ ਲਈ ਆਖਿਆ ਜੋ ਇਸ ਸਬੰਧੀ ਫੜੇ ਗਏ ਸਨ । ਇਕ ਹੋਰ ਕਾਂਗਰਸੀ ਐਮ.ਪੀ. ਜਗਦੀਸ਼ ਟਾਈਟਲਰ 6 ਨਵੰਬਰ ਨੂੰ ਇਕ ਪ੍ਰੈਸ ਕਾਨਫਰੰਸ ਵਿੱਚ ਪੁਲੀਸ ਦੇ ਅਧਿਕਾਰੀਆਂ ਨੂੰ ਕਹਿਣ ਲੱਗਾ, "ਤੁਸੀਂ ਮੇਰੇ ਆਦਮੀ ਫੜ ਕੇ ਰਿਲੀਫ ਦੇ ਕੰਮ ਵਿੱਚ ਵਿਘਨ ਪਾ ਰਹੇ ਹੋ" । ਇਉਂ ਇਕ ਹੋਰ ਕਾਂਗਰਸੀ ਐਮ.ਪੀ. ਸੱਜਣ ਕੁਮਾਰ ਨੇ ਮੰਗੋਲਪੁਰੀ ਵਿੱਚ ਹਰੇਕ ਲੁਟੇਰੇ ਤੇ ਊਧਮ ਮਚਾਉਣ ਵਾਲੇ ਨੂੰ ਸ਼ਰਾਬ ਦੀ ਬੋਤਲ ਤੇ ਪੈਸੇ ਦਿੱਤੇ । ਇਉਂ ਇਸ ਰਿਪੋਰਟ ਵਿੱਚ ਲਲਿਤ ਮਾਕਨ, ਬਾਬੂ ਰਾਮ ਸ਼ਰਮਾਂ, ਡਾ. ਅਸ਼ੋਕ ਕੁਮਾਰ, ਜਗਦੀਸ਼ ਚੰਦਰ, ਈਸ਼ਰ ਸਿੰਘ, ਕੈਜ ਅਹਿਮਦ ਤੇ ਕਈ ਹੋਰ ਸਥਾਨਕ ਕਾਂਗਰਸੀਆਂ ਨੂੰ ਇਸ ਦੁਖਾਂਤ ਵਿੱਚ ਸਰਗਰਮ ਦੱਸਿਆ ਹੈ ।

ਭਾਰਤ ਦੇ ਹਰ ਪ੍ਰਦੇਸ਼ ਤੇ ਹਰ ਵਿਸ਼ੇਸ਼ ਨਗਰ ਵਿੱਚ ਘੱਲੂ- ਘਾਰਾ ਹੋਇਆ ਹੈ । ਕਸ਼ਮੀਰ ਤੋਂ ਲੈ ਕੇ ਬੰਗਾਲ ਤੱਕ ਬੰਬਈ ਤਕ ਹੋਰ ਨਗਰਾਂ ਤਕ । ਕੁਝ ਕੁ ਪ੍ਰਦੇਸ਼ਾਂ ਤੇ ਸ਼ਹਿਰਾਂ ਬਾਰੇ ਚਰਚਾ ਇਉਂ ਹੈ :-

ਸੰਡੇ ਅਬਜ਼ਰਵਰ(24ਨਵੰਬਰ,1984)

## ਉੱਤਰ ਪ੍ਰਦੇਸ਼

"31 ਅਕਤੂਬਰ ਨੂੰ ਦੁਪਹਿਰ ਤੋਂ ਪਹਿਲੀ ਨਵੰਬਰ ਦੀ ਸ਼ਾਮ ਤੱਕ ਉੱਤਰ ਪ੍ਰਦੇਸ਼ ਵਿੱਚ ਕਿਤੇ ਵੀ ਸਰਕਾਰ ਨਹੀਂ ਸੀ, 31 ਦੀ ਸ਼ਾਮ ਨੂੰ ਜਿੱਥੇ ਵੀ ਸਿੱਖ ਸੜਕ ਤੇ ਦਿਖਾਈ ਦਿੰਦਾ, ਉਸ ਨੂੰ ਫੜ ਕੇ ਕੁੱਟਿਆ ਜਾਂਦਾ, ਪੱਗ ਸਾੜ ਦਿੱਤੀ ਜਾਂਦੀ । ਰਾਤ ਨੂੰ ਲੁੱਟ ਮਾਰ ਤੇ ਸਾੜ ਫੂਕ ਸ਼ੁਰੂ ਹੋਈ । ਗੱਲ ਇੰਦਰਾ ਗਾਂਧੀ ਦੇ ਸ਼ਹਿਰ ਇਲਾਹਬਾਦ ਤਂ ਹੀ ਸ਼ੁਰੂ ਕਰੀਏ । 3 ਵਜੇ ਤੱਕ 150 ਥਾਵਾਂ ਤੇ ਸਾੜ-ਫੂਕ ਹੋ ਚੁੱਕੀ ਸੀ । ਇਸ ਪਿੱਛੋਂ ਸ਼ਹਿਰ ਨੂੰ ਫੌਜ ਦੇ ਹਵਾਲੇ ਕੀਤਾ ਗਿਆ । ਹਰ ਪਾਸੇ ਅੱਗ ਤੇ ਧੂੰਆਂ ਨਜ਼ਰ ਆ ਰਿਹਾ ਸੀ । ਉੱਤਰ ਪ੍ਰਦੇਸ਼ ਦਾ

ਐਸਾ ਕੋਈ ਜ਼ਿਲ੍ਹਾ ਨਹੀਂ ਸੀ, ਜਿੱਥੇ ਇਹ ਅੱਗ ਨਾ ਫੈਲੀ । ਅਮੇਠੀ 'ਚ ਤੋੜ-ਫੋੜ ਹੋਈ, ਸੁਲਤਾਨਪੁਰ, ਹਰਦੋਈ, ਫੈਜ਼ਾਬਾਦ, ਇਲਾਹਾਬਾਦ, ਬਨਾਰਸ, ਬਾਂਦਾ, ਗੋਂਡਾ, ਰੁਦਰਪੁਰ, ਰਾਮਪੁਰ, ਮੁਰਾਦਾਬਾਦ, ਹਾਪੁੜ, ਪਿਲਖੁਆ, ਮਥੁਰਾ, ਫਿਰੋਜ਼ਾਬਾਦ, ਆਗਰਾ ਸਭ ਥਾਂ ਕਰਫਿਊ ਲਾਇਆ ਗਿਆ, ਹਰ ਥਾਂ ਸਕੂਟਰ, ਕਾਰਾਂ, ਟਰੱਕ, ਮਕਾਨ ਸਾੜੇ ਗਏ । ਉਤੱਰ ਪ੍ਰਦੇਸ਼ ਵਿੱਚ ਸਿੱਖਾਂ ਦੇ ਕਾਫੀ ਸਿਨੇਮਾ ਘਰ ਹਨ, ਉਹਨਾਂ 'ਚੋਂ ਪਤਾ ਨਹੀਂ ਕਿੰਨੇ ਕੁ ਬਚੇ ਹਨ । ਰਾਜਧਾਨੀ ਲਖਨਊ ਵਿੱਚ ਚਾਰ ਬਾਗ ਸਟੇਸ਼ਨ ਤੇ ਤਿੰਨ ਸਿੱਖਾਂ ਨੂੰ ਪੰਜਾਬ ਮੇਲ ਤੋਂ ਉਤਾਰ ਕੇ ਜਿੰਦਾ ਜਲਾ ਦਿੱਤਾ ਕਿਉਂਕਿ ਉਥੇ ਇਹ ਅਫਵਾਹ ਸੀ ਕਿ ਪੰਜਾਬ ਮੇਲ ਵਿੱਚ ਹਿੰਦੂਆਂ ਦੀਆਂ ਲਾਸ਼ਾਂ ਆਈਆਂ ਹਨ । ਕੇਵਲ ਕਾਨਪੁਰ ਸ਼ਹਿਰ ਵਿੱਚ ਹੀ 6 ਕਰੋੜ ਤੋਂ ਵੱਧ ਦੀ ਸੰਪਤੀ ਦੇ ਨੁਕਸਾਨ ਦਾ ਅੰਦਾਜ਼ਾ ਹੈ । ਇਹ ਨਿਸ਼ਚਿਤ ਹੈ ਕਿ ਜੇ ਅਧਿਕਾਰੀ ਚਾਹੁੰਦੇ ਤਾਂ ਇਸ ਪੈਮਾਨੇ ਤੇ ਸਾੜ-ਫੂਕ ਨਾ ਹੁੰਦੀ, ਇੱਕਾ-ਦੁੱਕਾ ਘਟਨਾਵਾਂ ਹੋ ਕੇ ਰਹਿ ਜਾਂਦੀਆਂ । ਕਈ ਥਾਵਾਂ ਤੇ ਪੁਲੀਸ ਆਪ ਲੁੱਟਣ ਵਾਲਿਆਂ ਵਿੱਚ ਸ਼ਾਮਿਲ ਸੀ । ਕਿਤੇ ਤਾਂ ਲਾਸ਼ਾਂ ਢੋਣ ਦੇ ਲਈ ਬੁਲਾਏ ਗਏ ਪ੍ਰਸ਼ਾਸਨ ਦੇ ਟਰੱਕ ਲੁੱਟ-ਮਾਰ ਦਾ ਮਾਲ ਢੋਅ ਰਹੇ ਸਨ ।

ਕਾਨਪੁਰ ਵਿੱਚ ਸਿੱਖ ਆਬਾਦੀ ਕਾਫੀ ਸੀ । ਦਿੱਲੀ ਤੋਂ ਪਿੱਛੋਂ ਇਥੇ ਮੌਤ ਦਾ ਤਾਂਡਵ ਸਭ ਤੋਂ ਵੱਧ ਨਜ਼ਰ ਆਇਆ ਹੈ । ਇਥੇ ਸਿੱਖ ਪਰਿਵਾਰਾਂ (ਸਿੰਧੂ ਇੰਡੀਅਨ ਆਇਲ ਦੇ ਮਾਲਕ ਇੰਦਰਜੀਤ ਸਿੰਘ ਦੇ ਪਰਿਵਾਰ ਦੀ ਉਦਾਹਰਣ ਸਾਹਮਣੇ ਹੈ) ਨੂੰ ਜਿੰਦਾ ਜਲਾ ਦਿੱਤਾ ਗਿਆ । ਤੇਲ ਦੇ ਟੈਂਕਰਾਂ ਚ ਸੁੱਟਿਆ ਗਿਆ । ਛੱਤ ਤੋਂ ਔਰਤਾਂ ਨੂੰ ਬੱਲੇ ਸੁੱਟਿਆ, 72 ਘੰਟੇ ਲਗਾਤਾਰ ਜ਼ੁਲਮ ਦੀ ਇਹ ਕਹਾਣੀ ਜਾਰੀ ਰਹੀ । ਇਕ ਸਿੱਖ ਨੇ ਹਮਲਾਵਰਾਂ ਦਾ ਟਾਕਰਾ ਢਾਈ ਘੰਟੇ ਤਕ ਮਿਰਚਾਂ ਦਾ ਚੂਰਾ ਵਰਸਾ ਕੇ ਕੀਤਾ, ਪਰ ਅਖੀਰ ਉਸ ਨੂੰ ਵੀ ਸਾੜ ਸੁੱਟਿਆ ਗਿਆ । ਬਾਬੂ ਪੁਰਵਾ ਦੇਵ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਦੇ ਹੈਡਮਾਸਟਰ ਨੇ ਵੀ ਕਈ ਘੰਟੇ ਗੋਲੀ ਚਲਾ ਕੇ ਹਮਲਾਵਰਾਂ ਨੂੰ ਦੂਰ ਰੱਖਿਆ, ਪਰ ਅਖੀਰ ਉਸ ਨੂੰ ਵੀ ਮਾਰ ਦਿੱਤਾ ਗਿਆ । ਉਸ ਦੀ ਪਤਨੀ ਤੇ ਮਾਂ ਨੇ ਛੱਤ ਤੋਂ ਕੁੱਦ ਕੇ ਜਾਨ ਦੇ ਦਿੱਤੀ । ਵੀਹ ਸਾਲ ਦੀ ਕੁੜੀ ਨੇ ਆਪ ਹੀ ਅੱਗ ਵਿੱਚ ਛਾਲ ਮਾਰ ਦਿੱਤੀ । ਇਕ 18 ਮਹੀਨੇ ਦੀ ਬੱਚੀ ਨੂੰ ਅੱਗ ਵਿੱਚ ਸੁੱਟਿਆ ਗਿਆ । ਗੁਰਜਿੰਦਰ ਚਾਵਲਾ ਨੇ ਆਪਣੇ ਪਤੀ ਨੂੰ ਬਚਾਉਣ ਲਈ ਫਸਾਦੀਆਂ ਨੂੰ 40 ਹਜ਼ਾਰ ਰੁਪਏ ਦਿੱਤੇ । ਉਹ ਪੈਸੇ ਵੀ ਲੈ ਗਏ ਤੇ ਉਸ ਦੇ ਸਾਹਮਣੇ ਹੀ ਉਸਦਾ ਪਤੀ ਵੀ ਕਤਲ ਕਰ ਦਿੱਤਾ ।

"ਕਾਨਪੁਰ ਵਿੱਚ 2 ਲੱਖ ਸਿੱਖ ਰਹਿੰਦੇ ਹਨ , ਪਰ ਇਸ ਘੱਲੂ ਘਾਰੇ ਵਿੱਚ

ਕੋਈ ਵੀ ਹਾਦਸੇ ਤੋਂ ਅਛੂਤਾ ਨਹੀਂ ਰਿਹਾ । ਇਥੇ 200 ਮੌਤਾਂ ਹੋਈਆਂ ਹਨ । ਫੂਲਬਾਗ ਚੌਕ, ਸਹਾਰਾ, ਪ੍ਰੇਮ ਨਗਰ, ਜਵਾਹਰ ਨਗਰ, ਗੋਵਿੰਦ ਨਗਰ, ਦਾਦਾ ਨਗਰ ਗੁਮਟੀ ਨੰ: 6, ਪੀ.ਰੋਡ, ਵਿਜੇ ਨਗਰ, ਬਾਰਾਂ ਦੇਵੀ, ਨਿਰਾਲਾ ਨਗਰ ਸਹਿਤ ਸਾਰਾ ਪੱਛਮੀ ਖੇਤਰ ਅੱਗ ਤੇ ਤੋੜ-ਫੋੜ ਦੀ ਲਪੇਟ ਵਿੱਚ ਸੀ । ਨਵੀਨ ਮਾਰਕੀਟ ਵਿੱਚ 29 ਦੁਕਾਨਾਂ ਸਾੜੀਆਂ ਗਈਆਂ । ਦੀਪ, ਨਿਖਾਰ ਪੈਲੇਸ, ਗੁਰਦੇਵ ਪੈਲੇਸ ਤੇ ਸੰਗਮ ਸਿਨਮੇ ਨੂੰ ਸਾੜ ਸੁੱਟਿਆ ਗਿਆ । ਔਰਤਾਂ ਨਾਲ ਕੀ ਵਿਹਾਰ ਹੋਇਆ ? ਨਾ ਅਸੀਂ ਪੁੱਛਿਆ, ਨਾ ਸਾਨੂੰ ਸ਼ਰਮ ਦੇ ਮਾਰਿਆਂ ਕਿਸੇ ਨੇ ਦੱਸਿਆ । ਕੇਵਲ ਖੂਬਸੂਰਤ ਚਿਹਰਿਆਂ ਤੇ ਜਲਦੀਆਂ ਅੱਖੀਆਂ ਹੀ ਸਾਨੂੰ ਨਜ਼ਰ ਆਈਆਂ,ਜੋ ਪੂਰੀ ਕਹਾਣੀ ਕਹਿ ਰਹੀਆਂ ਸਨ । ਫੌਜ ਨੇ 11 ਪੁਲਸੀਆਂ ਨੂੰ ਲੁੱਟ-ਮਾਰ ਕਰਨ ਦੇ ਦੋਸ਼ ਵਿੱਚ ਬੰਦੀ ਬਣਾਇਆ ਹੈ । ਕਾਨਪੁਰ ਵਿੱਚ ਕੇਵਲ ਗੋਵਿੰਦ ਨਗਰ ਲੇਬਰ ਕਾਲੋਨੀ ਹੀ ਅਜਿਹੀ ਹੈ ਜਿਥੇ ਕੋਈ ਨੁਕਸਾਨ ਨਹੀਂ ਹੋਇਆ ਕਿਉਂਕਿ ਸਾਰੀ ਰਾਤ ਹਿੰਦੂ ਸਿੱਖ ਮਿਲ ਕੇ ਹਮਲਾਵਰਾਂ ਦਾ ਸਾਹਮਣਾ ਕਰਦੇ ਰਹੇ । ਸ਼ਰਨਾਰਥੀਆਂ ਦਾ ਕਹਿਣਾ ਹੈ ਕਿ ਕਾਂਗਰਸ ਦੇ ਨੇਤਾਵਾਂ ਨੇ ਹੀ ਉਨ੍ਹਾਂ ਨੂੰ ਲੁਟਵਾਇਆ ।

## ਬੋਕਾਰੋ :

"1 ਨਵੰਬਰ ਦੀ ਸਵੇਰ ਕੋਇਲੇ ਦੇ ਸਥਾਨਾਂ ਦੇ ਸਿੱਖਾਂ ਲਈ ਤਬਾਹੀ ਦਾ ਸੰਦੇਸ਼ ਲਿਆਈ । ਮਾਰ ਕੁਟਾਈ ਦੀ ਪਹਿਲੀ ਘਟਨਾ ਝਰੀਆਂ ਤੋਂ ਸ਼ੁਰੂ ਹੋਈ । ਕੁਲਦੀਪ ਸਿੰਘ ਨਾਂ ਦੇ ਵਿਅਕਤੀ ਦੀ ਕਾਰ ਸਾੜ ਦਿੱਤੀ ਗਈ । ਦੁਕਾਨਾਂ ਦੀ ਲੁੱਟ-ਮਾਰ ਸ਼ੁਰੂ ਹੋ ਗਈ । ਧਨਬਾਦ, ਸਿੰਦਰੀ ਤੇ ਬੋਕਾਰੋ ਵਿੱਚ ਵੀ ਉਦੋਂ ਹੀ ਲੁੱਟ-ਮਾਰ, ਸਾੜ-ਫੂਕ ਸ਼ੁਰੂ ਹੋ ਗਈ । ਚਾਸ ਬਾਜ਼ਾਰ ਵਿੱਚ ਧਨਬਾਦ ਦੇ ਜੋਰਾ ਫਾਟਕ ਰੋਡ ਅਤੇ ਮਨਈ ਟਾਂਡ ਵਾਂਗ ਸਿੱਖਾਂ ਦੀਆਂ ਦੁਕਾਨਾਂ ਤੇ ਮਕਾਨਾਂ ਨੂੰ ਚੁਣ-ਚੁਣ ਕੇ ਸਾੜਿਆ ਤੇ ਲੁੱਟਿਆ ਗਿਆ । ਧਨਬਾਦ ਤੇ ਝਰੀਆ ਵਿੱਚ ਜਿੱਥੇ ਲੁੱਟਮਾਰ ਤੇ ਸਾੜ-ਫੂਕ ਗੁੰਡਿਆਂ ਤੇ ਅਸਮਾਜਿਕ ਤੱਤਾਂ ਨੇ ਪੁਲੀਸ ਦੀ ਦੇਖ-ਰੇਖ ਵਿੱਚ ਕੀਤੀ, ਉਥੇ ਬੋਕਾਰੇ ਵਿੱਚ ਵਧੇਰੇ ਭੂਮਿਕਾ ਗੁਆਂਢੀਆਂ ਨੇ ਅਦਾ ਕੀਤੀ । ਲੋਕਾਂ ਨੂੰ ਜਿੰਦਾ ਜਲਾਇਆ ਗਿਆ ਗੋਲੀਆਂ ਨਾਲ ਉਡਾਇਆ ਗਿਆ । ਉਪਕਾਰ ਸਿੰਘ, ਜਿਸ ਦੇ 5 ਟਰੱਕਾਂ ਤੇ ਮਕਾਨ ਨੂੰ ਵੀ ਅੱਗ ਲਗਾਈ ਗਈ ਦੇ ਅਨੁਸਾਰ ਫਸਾਦੀਆਂ ਦੇ ਨਾਲ 2 ਸਫੈਦ ਕਾਰਾਂ 5 ਮੋਟਰ ਸਾਈਕਲ ਚਲਾ ਰਹੇ ਸਨ, ਉਨ੍ਹਾਂ ਕੋਲ ਕੁੱਝ ਪੈਟਰੋਲ ਦੇ ਟੀਨ ਸਨ। ਰਿਪੋਰਟਾਂ ਵਿੱਚ ਇੰਕਾ ਨੇਤਾਵਾਂ ਦੇ ਨਾਮ ਸਾਹਮਣੇ ਆਏ ਹਨ । ਇਉਂ ਜੋ ਹਮਲਾਵਰ ਸਨ , ਉਹ ਪੂਰੀ ਤਿਆਰੀ ਨਾਲ ਆਏ । ਕੈਂਪਾਂ ਦੇ ਸ਼ਰਨਾਰਥੀ ਦੁੱਖ ਭਰੀਆਂ ਗੱਲਾਂ ਇੰਵ ਸੁਣਾਉਂਦੇ ਹਨ । "ਸੈਕਟਰ 9 ਵਿੱਚ ਪਹਿਲਾਂ ਹਮਲਾਵਰਾਂ ਨੇ ਜੋਗਿੰਦਰ ਸਿੰਘ ਤੇ ਉਸ ਦੀ

ਪਤਨੀ ਦੀ ਹੱਤਿਆ ਕੀਤੀ, ਬਾਅਦ ਵਿੱਚ ਤਿੰਨ ਸਾਲਾਂ ਦੇ ਲੜਕੇ ਨੂੰ ਚਾਰ ਮੰਜ਼ਲਾਂ ਤੋਂ ਥੱਲੇ ਸੜਕ ਤੇ ਸੁੱਟ ਦਿੱਤਾ ਗਿਆ । ਸੈਕਟਰ 9 ਦੇ ਹੀ ਲਖਨ ਸਿੰਘ ਨੂੰ ਚੌਰਾਹੇ ਤੇ ਲਿਆ ਕੇ ਪੈਟਰੋਲ ਛਿੜਕ ਕੇ ਜਿੰਦਾ ਜਲਾ ਦਿੱਤਾ ਗਿਆ । ਸੀਤਲ ਸਿੰਘ ਦੇ ਸੀਨੇ ਅਤੇ ਪੁੜਪੁੜੀਆਂ ਚ ਚਾਰ ਗੋਲੀਆਂ ਮਾਰੀਆਂ ਗਈਆਂ । ਕੇਵਲ ਬੋਕਾਰੋ 'ਚ ਹੀ ਇਉਂ ਸੌ ਤੋਂ ਵੱਧ ਬੰਦੇ ਮਾਰੇ । ਹਜ਼ਾਰੀਬਾਗ ਤੇ ਰਾਂਚੀ ਵਿੱਚ ਵੀ ਦੰਗੇ ਉਸੇ ਸਮੇਂ ਹੀ ਭੜਕੇ ਤੇ ਇਸੇ ਰੂਪ ਵਿੱਚ ਹੀ ਹਾਦਸੇ ਉਥੇ ਸਾਹਮਣੇ ਆਏ ।

## ਪਟਨਾ:

" ਪਟਨੇ ਵਿੱਚ 1 ਨਵੰਬਰ ਨੂੰ ਕਰਫਿਊ ਲਗਾਇਆ, ਪਰ ਹਾਲਾਤ ਹੋਰ ਵੀ ਵਿਗੜ ਗਏ । ਗਾਇ ਘਾਟ ਮੁਹੱਲੇ ਦੇ ਗੁਰਦੁਆਰੇ ਨੂੰ ਅੱਗ ਲਾਉਣ ਦਾ ਯਤਨ ਕੀਤਾ ਗਿਆ ਸੀ । ਉਸ ਸਮੇਂ ਹੀ ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਦੇ ਨਾਲ ਸਿੱਖਾਂ ਦੀਆਂ ਦੁਕਾਨਾਂ ਤੇ ਘਰਾਂ ਉਤੇ ਹਮਲੇ ਕੀਤੇ ਗਏ । ਇਹ ਘਟਨਾਵਾਂ 31 ਅਕਤੂਬਰ ਨੂੰ ਹੀ ਸ਼ੁਰੂ ਹੋ ਗਈਆਂ ਸਨ । ਕਰਫਿਊ 13 ਘੰਟੇ ਬਾਅਦ ਲਾਇਆ ਗਿਆ। 31 ਤਾਰੀਕ ਨੂੰ ਘਟਨਾਵਾਂ ਹੋਈਆਂ, ਉਨ੍ਹਾਂ ਦਾ ਸਬੰਧ ਲੁੱਟ-ਮਾਰ ਨਾਲ ਵਧੇਰੇ ਸੀ । ਫਰੇਜ਼ਰ ਰੋਡ ਤੇ ਇਕ ਪੰਜਾਬੀ ਹੋਟਲ ਤੇ ਹਮਲਾ ਕੀਤਾ ਗਿਆ । ਮੁਰਗਿਆਂ ਦੀ ਇਕ ਦੁਕਾਨ ਨੂੰ ਅੱਗ ਲਾ ਦਿੱਤੀ ਗਈ । ਟਾਇਰਾਂ ਦੀ ਇੱਕ ਦੁਕਾਨ ਲੁੱਟੀ ਗਈ । ਚਿਰੀਆਂ ਟਾਂਡ ਪੁਲ ਅਤੇ ਪਟਨਾ ਜੰਕਸ਼ਨ ਵਿੱਚ ਕਈ ਦੁਕਾਨਾਂ ਤੇ ਹਮਲਾ ਕੀਤਾ ਗਿਆ । ਇਨ੍ਹਾਂ 'ਚੋ ਵਧੇਰੇ ਦੁਕਾਨਾਂ ਸਿੱਖਾਂ ਦੀਆਂ ਸਨ । ਪਰ ਕੁੱਝ ਅਮੀਰ ਹਿੰਦੂਆਂ ਤੇ ਬਿਹਾਰੀਆਂ ਦੀਆਂ ਦੁਕਾਨਾਂ ਵੀ ਲੁੱਟ ਲਈਆਂ ਗਈਆਂ । ਜਿਉਂ-ਜਿਉਂ ਸ਼ਹਿਰ ਵਿੱਚ ਖਬਰ ਫੈਲੀ, ਅਪਰਾਧੀ ਵਧਦੇ ਗਏ । ਰਾਤ ਤੱਕ ਕੁੱਕੜ ਬਾਗ, ਕਦਮਕੁਆ, ਅਸ਼ੋਕ ਰਾਜਪਥ, ਪਟਨਾ ਸਿਟੀ ਆਬਾਦੀਆਂ ਵਿੱਚ ਸਿੱਖਾਂ ਦੀਆਂ ਦੁਕਾਨਾਂ ਲੁੱਟਣ ਤੋਂ ਬਿਨਾਂ ਘਰਾਂ ਉਤੇ ਹਮਲੇ ਵੀ ਹੋਏ ਤੇ ਮਾਰ-ਕਾਟ ਅਤੇ ਕਤਲਾਂ ਦੀਆਂ ਘਟਨਾਵਾਂ ਸਾਹਮਣੇ ਆਈਆਂ । ਕੁੱਝ ਸਿੰਧੀਆਂ ਦੀਆਂ ਦੁਕਾਨਾਂ ਵੀ ਲੁੱਟੀਆਂ ਗਈਆਂ । ਸ਼ਰਾਬ ਦੀਆਂ ਦੁਕਾਨਾਂ ਵੀ ਲੁੱਟੀਆਂ ਗਈਆਂ । ਖਾਜੇਕਲਾ ਦੇ ਖ਼ਾਲਸਾ ਗਲਾਸ ਸਟੋਰ ਤੇ 10000 ਦੀ ਭੀੜ ਨੇ ਹਮਲਾ ਕੀਤਾ ਤੇ ਉਸ ਨੂੰ ਤਹਿਸ ਨਹਿਸ ਕਰ ਦਿੱਤਾ ਨਾਲ ਹੀ ਪੰਜ ਦੁਕਾਨਾਂ ਹੋਰ ਲੁੱਟੀਆਂ । ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਦੇ ਕੋਲ ਉਸ ਸਮੇਂ ਰੱਖਿਆ ਲਈ ਪੁਲੀਸ ਦਾ ਇਕ ਵੀ ਜਵਾਨ ਨਹੀਂ ਸੀ । ਉਥੇ ਪਹੁੰਚੇ ਕਈ ਸਿੱਖਾਂ ਦੇ ਚਿਹਰਿਆਂ ਉਤੇ ਜ਼ਖਮ ਤੇ ਪੱਟੀਆਂ ਸਨ । ਉਹ ਲੋਕ ਚੌਂਕ ਸ਼ਿਕਾਰਪੁਰ ਤੇ ਕਾਲੀ ਸਥਾਨ ਦੇ ਸਿੱਖਾਂ ਦੀ ਮਾਰ ਕੁਟਾਈ ਬਾਰੇ ਦੱਸ ਰਹੇ ਸਨ । ਗੁਰਦੁਆਰੇ ਦਾ ਫੋਨ ਕੱਟ ਦਿੱਤਾ ਗਿਆ ਸੀ । ਸਿੱਖ ਉਥੇ ਵੀ ਸਹਿਮੇ ਹੋਏ ਸਨ ।"

ਕਲਕੱਤਾ :

"ਜਗ੍ਹਾ-ਜਗ੍ਹਾ ਟਰਾਮਾਂ, ਬੱਸਾਂ ਤੇ ਸਿੱਖਾਂ ਦੀਆਂ ਦੁਕਾਨਾਂ ਨੂੰ ਅੱਗ ਲਗਾਈ ਗਈ। ਜਿਥੇ ਕਿਧਰੇ ਭੀੜ ਦੇ ਵੱਸ ਪੈ ਗਏ ਉਹਨਾਂ ਦੀ ਜੰਮ ਕੇ ਪਿਟਾਈ ਕੀਤੀ ਗਈ। ਕਲਕੱਤੇ ਦੇ ਕਈ ਗੁਰਦੁਆਰਿਆਂ ਤੇ ਹਮਲਾ ਕੀਤਾ ਗਿਆ। ਦੱਖਣੀ ਕਲਕੱਤੇ ਦੇ ਰਾਸ ਬਿਹਾਰੀ ਸਥਿਤ ਗੁਰਦੁਆਰੇ ਤੇ 3000 ਤੋਂ ਵੱਧ ਦੀ ਭੀੜ ਨੇ ਹਮਲਾ ਕੀਤਾ ਉਤਰੀ ਕਲਕੱਤੇ ਦੇ ਬੜਾ ਬਾਜ਼ਾਰ ਗੁਰਦੁਆਰੇ ਤੇ ਵੀ ਇਕ ਵੱਡੀ ਭੀੜ ਨੇ ਹਮਲਾ ਕੀਤਾ ਅਤੇ ਉਸ ਦੇ ਆਸ-ਪਾਸ ਖੜੀਆਂ ਕਾਰਾਂ ਸਕੂਟਰਾਂ ਨੂੰ ਅੱਗ ਲਾ ਦਿੱਤੀ ਗਈ। ਫਾਇਰ ਬਰਗੇਡ ਦੀਆਂ ਗੱਡੀਆਂ ਅੱਗ ਬੁਝਾਉਣ ਪਹੁੰਚੀਆਂ, ਉਹਨਾਂ ਉਤੇ ਵੀ ਭੀੜ ਵੱਲੋਂ ਪਥਰਾਉ ਕੀਤਾ ਗਿਆ। ਕਈ ਕਰਮਚਾਰੀ ਜ਼ਖਮੀ ਹੋ ਗਏ। ਅਖੀਰ ਬੈਰਕਪੁਰ ਤੋਂ ਫੌਜ ਨੂੰ ਬੁਲਾਇਆ ਗਿਆ। ਉਹਨਾਂ ਨੇ 22 ਵਾਰ ਗੋਲੀ ਚਲਾਈ। ਹਰ ਗੁਰਦੁਆਰੇ ਦੇ ਆਲੇ-ਦੁਆਲੇ ਫੌਜ ਤਾਇਨਾਤ ਕਰ ਦਿੱਤੀ ਗਈ। ਫਿਰ ਵੀ ਦੁਪਿਹਰ ਤੋਂ ਲੈ ਕੇ ਰਾਤ ਤੱਕ ਸੜਕਾਂ ਤੇ ਸੜਦੀਆਂ ਗੱਡੀਆਂ ਦੇਖੀਆਂ ਜਾ ਸਕਦੀਆਂ ਸਨ। ਸਿੱਖਾਂ ਦੇ ਦਰਜਨਾਂ ਹੋਟਲ ਦੁਕਾਨਾਂ ਇਸ ਲਪੇਟ ਵਿੱਚ ਆ ਗਏ। ਸਿੱਖਾਂ ਦੇ ਇਕ ਸਕੂਲ ਦੀ ਬੱਸ ਟਾਲੀਗੰਜ ਰੋਡ ਤੇ ਸਾੜ ਦਿੱਤੀ ਗਈ। ਦੱਖਣੀ ਕਲਕੱਤੇ ਵਿੱਚ ਭਵਾਨੀ ਪੁਰ ਵਿੱਚ ਸਿੱਖਾਂ ਦੇ ਇਕ ਸਕੂਲ ਤੇ ਹਿੰਸਕ ਭੀੜ ਨੇ ਹਮਲਾ ਕੀਤਾ। ਇਕ ਪੂਰੇ ਪਰਿਵਾਰ ਨੂੰ ਘਰ 'ਚੋਂ ਕੱਢ ਕੇ ਕੁੱਟਿਆ ਗਿਆ।

ਰੇਲ ਗੱਡੀਆਂ ਵਿੱਚ ਸਿੱਖਾਂ ਤੇ ਚਾਕੂ ਨਾਲ ਹਮਲਾ ਕੀਤਾ ਗਿਆ। ਕਲਕੱਤਾ ਵਿੱਚ ਕਈ ਥਾਂ (ਦੇਸ਼ਪ੍ਰਿਯ ਪਾਰਕ, ਹੇਅਰ ਸਟਰੀਟ, ਮਹਾਤਮਾ ਗਾਂਧੀ ਰੋਡ, ਸਿਆਲਦਾ) ਹਿੰਸਕ ਭੀੜ ਤੇ ਸਿੱਖਾਂ ਵਿੱਚ ਜੰਮ ਕੇ ਟਾਕਰਾ ਹੋਇਆ। 1 ਨਵੰਬਰ ਨੂੰ ਕਲਕੱਤੇ ਦੇ ਸਾਰੇ ਗੁਰਦੁਆਰੇ ਭੀੜ ਦੇ ਹਿੰਸਕ ਹਮਲਿਆਂ ਦਾ ਸ਼ਿਕਾਰ ਬਣੇ ਹੋਏ ਸਨ ਕਿਉਂਕਿ ਹਿੰਸਕ ਭੀੜ ਨੂੰ ਇਹ ਪਤਾ ਸੀ ਕਿ ਸਿੱਖ ਗੁਰਦੁਆਰਿਆਂ ਵਿੱਚ ਚਲੇ ਗਏ ਹਨ। ਅਮਹਸਰਟ ਸਟਰੀਟ ਵਿੱਚ ਇਕ ਸਿੱਖ ਦੇ ਹੋਟਲ ਤੇ ਬੰਬ ਸੁੱਟੇ ਗਏ। ਬੰਡੇਲ ਰੋਡ ਤੇ ਇੱਕ ਸਿੱਖ ਦੇ ਗੈਰਿਜ ਨੂੰ ਅੱਗ ਲਗਾਈ ਗਈ। ਥਾਂ-ਥਾਂ ਤੇ ਅਜਿਹੀਆਂ ਘਟਨਾਵਾਂ ਹੋਈਆਂ। ਲਾਲ ਬਾਜ਼ਾਰ ਪੁਲੀਸ ਸਟੇਸ਼ਨ ਵਿੱਚ 800 ਸਿੱਖਾਂ ਨੇ ਸ਼ਰਨ ਲਈ ਹੋਈ ਸੀ।

ਰਵੀਵਾਰ11-17ਨਵੰਬਰ,1984

## ਸਿੱਖਾਂ ਦੇ ਮਨ ਦੇ ਸ਼ੰਕੇ

ਸਿੱਖਾਂ ਵਿੱਚ ਅਫਵਾਹ ਅਤੇ ਸ਼ੱਕ ਹੈ ਕਿ ਅਸਲ ਵਿੱਚ ਉਨ੍ਹਾਂ ਦੇ 5000 ਬੰਦੇ ਮਾਰੇ ਗਏ ਹਨ। ਫੌਜ ਵਿੱਚ ਸਿੱਖ ਰੈਜੀਮੈਂਟ ਨੂੰ ਤੋੜਿਆ ਜਾ ਰਿਹਾ ਹੈ। ਜਿਸ ਯੋਜਨਾ ਨਾਲ ਸਾਰੇ ਭਾਰਤ 'ਚ ਸਿੱਖਾਂ ਨੂੰ ਮਾਰਿਆ ਗਿਆ ਹੈ, ਇਹ ਯੋਜਨਾ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਤੋਂ ਪਹਿਲਾਂ ਹੀ ਬਣਾਈ ਗਈ ਸੀ। ਉਨ੍ਹਾਂ ਨੂੰ ਇਹ ਸ਼ੱਕ ਇਸ ਲਈ ਠੀਕ ਜਾਪਦਾ ਹੈ ਕਿਉਂਕਿ ਉਨ੍ਹਾਂ ਨੂੰ ਤਬਾਹ ਹੁੰਦਿਆਂ ਦੇਖ ਨਾ ਹੀ ਪੁਲੀਸ ਨੇ ਪ੍ਰਵਾਹ ਕੀਤੀ ਤੇ ਨਾ ਹੀ ਪ੍ਰਬੰਧਕਾਂ ਨੇ। ਸਗੋਂ ਕਈ ਪ੍ਰਬੰਧਕਾਂ ਨੇ ਗੁੰਡਿਆਂ ਨੂੰ ਸ਼ਹਿ ਦਿੱਤੀ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਸੇ ਲਈ ਕਈ ਅਫਸਰਾਂ ਨੂੰ ਝਟਪਟ ਬਦਲਿਆ ਸੀ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ 2577 ਫੜੇ ਗਏ ਦੋਸ਼ੀਆਂ ਨੂੰ ਸਜ਼ਾ ਜ਼ਰੂਰ ਦਿੱਤੀ ਜਾਏਗੀ। ਜਗਦੀਸ਼ ਟਾਈਟਲਰ ਐਮ.ਪੀ. (ਕਾਂਗਰਸ) ਨੇ ਉਨ੍ਹਾਂ ਆਪਣੇ ਕੁਝ ਵਿਅਕਤੀਆਂ ਨੂੰ ਰਿਹਾਅ ਵੀ ਕਰਵਾਇਆ ਜਿਨ੍ਹਾਂ ਲੁੱਟਮਾਰ ਦੀਆਂ ਘਟਨਾਵਾਂ 'ਚ ਹਿੱਸਾ ਲਿਆ।

(ਨਿਊਜ਼ਵੀਕ, ਨਿਊਯਾਰਕ, 19 ਨਵੰਬਰ 1984)

## ਸਿੱਖਾਂ ਨੂੰ ਯਹੂਦੀਆਂ ਵਾਂਗ ਕਤਲ ਕੀਤਾ ਗਿਆ

"ਹਿਟਲਰ ਦੇ ਨਾਜ਼ੀ ਜਰਮਨੀ ਤੋਂ ਲੈ ਕੇ 1984 ਦੇ ਭਾਰਤ ਤੱਕ ਇਕ ਲੰਮੀ ਵਿੱਥ ਹੈ ਪਰ ਦੋਨਾਂ ਵਿੱਚ ਕੁੱਝ ਸਮਾਨਤਾ ਹੈ। ਹਿਟਲਰ ਵੀ ਯਹੂਦੀਆਂ ਦਾ ਕਤਲਾਮ ਕਰ ਕੇ ਤਾਕਤ 'ਚ ਅਇਆ ਸੀ ਤੇ ਭਾਰਤ ਵਿੱਚ ਫਾਸ਼ਿਜ਼ਮ ਨੇ ਉਹੀ ਰੂਪ ਦਿਖਾਇਆ ਹੈ। ਖੱਦਰਧਾਰੀ ਹਿੰਦੂ ਕੱਟੜਵਾਦ ਨੇ ਗੁੰਡਿਆਂ ਨਾਲ ਮਿਲ ਕੇ ਉਸੇ ਹੀ ਕਿਸਮ ਦਾ ਕਤਲਾਮ ਕੀਤਾ। ਦਿੱਲੀ ਵਿੱਚ ਸਿੱਖ ਪੰਜਾਬੀਆਂ ਚ ਸਭ ਤੋਂ ਵੱਧ ਅਮੀਰ ਹਨ ਤੇ ਇਸ ਸਮੇਂ ਝੁੱਗੀ-ਝੌਂਪੜੀ ਵਾਲਿਆਂ ਨੂੰ ਉਨ੍ਹਾਂ ਵਿਰੁੱਧ ਭੜਕਾਉਣਾ ਕੋਈ ਮੁਸ਼ਕਲ ਨਹੀਂ। ਇਹ 'ਧਾੜਵੀ' ਲੋਕ ਜਿਨ੍ਹਾਂ ਇਲਾਕਿਆਂ 'ਚੋਂ ਆਏ' ਇਹ ਇਲਾਕੇ ਕਾਂਗਰਸੀ ਐਮ.ਪੀਆਂ ਤੇ ਨੇਤਾਵਾਂ ਐਚ.ਕੇ.ਐਲ. ਭਗਤ, ਸੱਜਣ ਕੁਮਾਰ, ਧਰਮਵੀਰ ਸ਼ਾਸਤਰੀ ਤੇ ਅਰਜਨ ਦਾਸ ਦੇ ਹਨ।"

ਸੰਡੇ ਆਬਜ਼ਰਵਰ-11ਨਵੰਬਰ 1984

# ਕਵਿਤ

# ਪੁਲੀਸ ਵੱਲੋਂ ਜੋ ਖਪਾਏ ਗਏ



ਸ੍ਰ. ਬਲਦੇਵ ਸਿੰਘ ਕਰਤਾਰਪੁਰ



ਬਾਪੂ ਜਸਵੰਤ ਸਿੰਘ ਖ਼ਤਰਾਣਾ




ਸੁਖਵੰਤ ਸਿੰਘ ਉਰਫ ਸੁਖਦੇਵ ਸਿੰਘ



ਅਮਰੀਕ ਸਿੰਘ ਗਦੱਈਆ ਖ਼ਤਰਾਣਾ



ਕੁਲਵੰਤ ਸਿੰਘ ਚੌਕੀਮਾਨ



ਮਾਤਾ ਬਚਨ ਕੌਰ ਅਤੇ ਹੋਰ ਔਰਤਾਂ ਪੁਲੀਸ ਵੱਲੋਂ ਗਾਇਬ ਕੀਤੇ ਮਰਦਾ ਦੀਆਂ ਫੋਟੋਆਂ ਨਾਲ

ਹਰਬੰਸ ਸਿੰਘ ਚੌਕੀਮਾਨ

# ਪੁਲੀਸ ਵੱਲੋਂ ਖਪਾਏ ਗਏ



ਬਾਪੂ ਲਾਲ ਸਿੰਘ ਸ਼ਤਰਾਣਾ



ਕਸ਼ਮੀਰ ਸਿੰਘ ਸ਼ਤਰਾਣਾ



ਅਮਰੀਕ ਸਿੰਘ ਸ਼ਤਰਾਣਾ



ਤਰਨਜੀਤ ਸਿੰਘ ਸ਼ਤਰਾਣਾ



ਬਾਪੂ ਕੇਹਰ ਸਿੰਘ ਸ਼ਤਰਾਣਾ



ਗੁਰਮੇਲ ਸਿੰਘ ਮੇਲਾ ਕੜਿਆਲ



ਦਲਬੀਰ ਸਿੰਘ ਧਾਦਰਾਂ (ਧੂਰੀ)



ਗੁਲਵੀਰ ਸਿੰਘ (ਭੋਲਾ) ਕੜਿਆਲ

# ਜੋ ਖਪਾਏ ਗਏ

ਮੁਗਲ ਜਰਵਾਣਿਆਂ ਦੇ ਨਕਸ਼-ਏ-ਕਦਮਾਂ ਉਤੇ ਚੱਲਦਿਆਂ ਹਿੰਦੁਸਤਾਨੀ ਹਿੰਦੂ ਕੱਟੜਪੰਥੀਆਂ ਨੇ ਸਿੱਖਾਂ ਦੀ 'ਕੁਲਨਾਸ਼' ਤੇ 'ਨਸਲਕੁਸ਼ੀ' ਕਰਨ ਦੇ ਇਰਾਦੇ ਨਾਲ ਪਹਿਲਾਂ 1947 ਵਿੱਚ ਫੇਰ 1984 ਵਿੱਚ ਵੱਡਾ ਹਮਲਾ ਕਰਵਾਕੇ ਆਪਣੇ ਮਨਸੂਬਿਆਂ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕੀਤੀ ਸੀ । ਜਿਸ ਦੇ ਤਹਿਤ ਹੱਕਾਂ ਲਈ ਜੂਝਦੇ ਮੁੱਠੀ ਭਰ ਸਿੰਘਾਂ ਦੀ ਆੜ ਹੇਠ 1984 ਤੋਂ ਲੈ ਕੇ 1994 ਤੱਕ ਕਾਨੂੰਨ ਦੇ ਰਾਖਿਆਂ ਨੇ ਕਾਨੂੰਨ ਨੂੰ ਛਿੱਕੇ ਟੰਗਕੇ ਇਨਾਮ ਤੇ ਤਰੱਕੀਆਂ ਹਾਸਲ ਕਰਨ ਵਾਸਤੇ ਹਜ਼ਾਰਾਂ ਹੀ ਨਿਹੱਥੇ ਨੌਜਵਾਨਾਂ, ਬਜ਼ੁਰਗਾਂ ਨੂੰ ਸ਼ਹੀਦ ਕੀਤਾ । ਹਜ਼ਾਰਾਂ ਲਾਸ਼ਾਂ ਨੂੰ ਲਾਵਾਰਿਸ ਦੱਸਕੇ ਅਗਨ ਭੇਟ ਕੀਤਾ ਤੇ ਹਜ਼ਾਰਾਂ ਹੀ ਲਾਸ਼ਾਂ ਨੂੰ ਦਰਿਆਵਾਂ ਤੇ ਨਹਿਰਾਂ ਵਿੱਚ ਰੋੜ੍ਹਿਆ ਗਿਆ ਹੈ । ਸੁਰੱਖਿਆ ਦਸਤਿਆਂ ਵੱਲੋਂ ਘਰਾਂ ਵਿੱਚੋਂ ਚੁੱਕੇ ਵਿਅਕਤੀਆਂ ਦੀ ਹੁਣ ਤੱਕ ਉਘ-ਸੁੱਘ ਨਹੀਂ ਪਈ । ਪੁੱਤਰਾਂ ਨੂੰ ਉਡੀਕਦੀਆਂ ਵਖਤ ਦੀਆਂ ਮਾਰੀਆਂ ਮਾਵਾਂ ਦੀਆਂ ਅੱਖਾਂ ਵਿੱਚੋਂ ਪਾਣੀ ਸੁੱਕ ਚੁੱਕਾ ਹੈ । ਜਦੋਂ ਬੂਹਾ ਖੜਕਦਾ ਹੈ ਤਾਂ ਉਹ ਆਸ-ਉਮੀਦ ਨਾਲ ਭੱਜਕੇ ਬੂਹਾ ਖੋਲ੍ਹਦੀਆਂ ਹਨ ਤੇ ਬਾਹਰ ਵਾਵਰੋਲਾ ਦੇਖਕੇ ਸਹਿਮੀਆਂ ਹੋਈਆਂ ਮੰਜੇ ਉਤੇ ਮੂਧੜੇ ਮੂੰਹ ਆ ਡਿੱਗਦੀਆਂ ਹਨ, ਤੇ ਘੰਟਿਆਂ-ਬੱਧੀ ਆਪਣੀ ਕਿਸਮਤ ਨੂੰ ਕੋਸਦੀਆਂ ਹਨ ।

ਮਸੂਮ ਬੱਚੇ ਆਪਣੀ ਮਾਂ ਤੇ ਦਾਦੀ ਮਾਂ ਨੂੰ ਪੁੱਛਦੇ ਹਨ, "ਪਾਪਾ ਕਦੋਂ ਆਉਣਗੇ?" ਉਹ ਭਰੇ ਮਨ ਅਨਭੋਲ ਜਿੰਦਾਂ ਜਿਹਨਾਂ ਨੂੰ ਉਹਨਾਂ ਦੇ ਪਾਪਾ ਦਾ ਪਿਆਰ ਨਹੀਂ ਨਸੀਬ ਹੋਇਆ । ਉਹਨਾਂ ਨੂੰ ਉਹਨਾਂ ਦੇ ਪਾਪਾ ਦੇ ਕੱਲ ਆਉਣ ਦਾ ਝੂਠਾ ਦਿਲਾਸਾ ਦੇ ਕੇ ਸੁਆ ਦਿੰਦੀਆਂ ਹਨ ਅਤੇ ਸਵੇਰ ਹੋਣ ਤੇ ਜਦੋਂ ਉਹਨਾਂ ਨੂੰ ਪਾਪਾ ਨਹੀਂ ਮਿਲਦਾ ਤਾਂ ਉਹ ਢਿਲਕੇ ਮੂੰਹ ਨਾਲ ਸਾਰੀ ਦਿਹਾੜੀ ਪਾਪਾ ਦੀ ਉਡੀਕ ਵਿੱਚ ਗੁਜ਼ਾਰ ਦਿੰਦੇ ਹਨ । ਲੰਮੇ ਸਮੇਂ ਤੋਂ ਸੰਤਾਪ ਹੰਢਾਉਂਦੀਆਂ ਉਹ ਕਰਮਾਂ ਮਾਰੀਆਂ ਨਾ ਸੁਹਾਗਣਾਂ ਰਹੀਆਂ ਹਨ ਤੇ ਨਾ ਹੀ ਵਿਧਵਾ ਅਖਵਾ ਸਕਦੀਆਂ ਹਨ । ਇਹਨਾਂ ਅਭਾਗੇ ਵਿਅਕਤੀਆਂ ਦੇ ਨਾਂ ਜੋ ਜਾਇਦਾਦ ਅਤੇ ਪੈਸਾ ਸੀ ਉਹ ਹੁਣ ਵੀ ਉਹਨਾਂ ਦੇ ਨਾਂ ਹੈ । ਉਸਨੂੰ ਵਾਰਸਾਂ ਦੇ ਨਾਂ ਕਰਵਾਉਣ ਲਈ ਉਹਨਾਂ ਦੇ ਮੌਤ ਸਰਟੀਫਿਕੇਟਾਂ ਦੀ ਜ਼ਰੂਰਤ ਹੈ । ਪੁਲੀਸ ਵੱਲੋਂ ਫਰਜ਼ੀ ਮੁਕਾਬਲਿਆਂ ਰਾਹੀਂ ਮਾਰਕੇ ਖਪਾਏ ਵਿਅਕਤੀਆਂ ਦੇ ਮੌਤ ਸਰਟੀਫਿਕੇਟ ਜਾਰੀ ਨਾ ਕੀਤੇ ਜਾਣ ਕਰਕੇ ਉਹਨਾਂ ਦੇ ਵਾਰਸਾਂ ਨੂੰ ਦੋਹਰਾ ਸੰਤਾਪ ਹੰਢਾਉਣਾ ਪੈ ਰਿਹਾ ਹੈ ।

ਸਬ-ਡਵੀਜਨ ਪਾਤੜਾਂ ਦੇ ਪਿੰਡ ਸ਼ੁਤਰਾਣਾ ਦੀ ਵਾਸੀ ਜੰਗੀਰ ਕੌਰ ਪਤਨੀ

ਲਾਲ ਸਿੰਘ ਦੇ ਪਰਿਵਾਰ ਵਿੱਚ ਛੇ ਪੁੱਤਰ ਅਤੇ ਦੋ ਧੀਆਂ ਸਨ। ਪੂਰੇ ਪਰਿਵਾਰ ਨਾਲ ਦਿਨ-ਰਾਤ ਘਰ ਦਾ ਵਿਹੜਾ ਭਰਿਆ ਰਹਿੰਦਾ ਸੀ। ਮਾਪਿਆਂ ਨੇ ਆਪਣੇ ਬੱਚਿਆਂ ਨੂੰ ਵਧੀਆ ਸਿੱਖਿਆ ਪਰਦਾਨ ਕਰਵਾ ਕੇ ਉਹਨਾਂ ਨੂੰ ਆਪਣੇ ਪੈਰਾਂ ਉਤੇ ਖੜੇ ਕਰਨ ਦਾ ਸੁਪਨਾ ਸੰਜੋਇਆ ਸੀ। ਸੁਖੀ ਵੱਸਦੇ ਇਸ ਪਰਿਵਾਰ ਦਾ ਵੱਡਾ ਪੁੱਤਰ ਰਜਵੰਤ ਸਿੰਘ ਵਿਦਿਆ ਪ੍ਰਾਪਤੀ ਮਗਰੋਂ ਕੋ-ਆਪਰੇਟਿਵ ਸੁਸਾਇਟੀ ਵਿੱਚ ਨੌਕਰੀ ਕਰਨ ਲੱਗ ਪਿਆ ਸੀ ਤੇ ਉਸਦੇ ਦੋ ਭਰਾ ਬਲਵੰਤ ਸਿੰਘ ਤੇ ਵਜ਼ੀਰ ਸਿੰਘ ਆਪਣੇ ਪਿਤਾ ਲਾਲ ਸਿੰਘ ਨਾਲ ਖੇਤੀ ਵਿੱਚ ਜੁੱਟ ਗਏ। ਚੌਥਾ ਪੁੱਤਰ ਅਮਰੀਕ ਸਿੰਘ ਬੀ.ਏ. ਪਾਸ ਕਰਕੇ ਪਿੰਡ ਬਾਦਸ਼ਾਹਪੁਰ ਵਿਖੇ ਕਿਸੇ ਪ੍ਰਾਇਵੇਟ ਸਕੂਲ ਵਿੱਚ ਅਧਿਆਪਕ ਲੱਗ ਗਿਆ। ਛੋਟਿਆਂ ਵਿੱਚੋਂ ਕਸ਼ਮੀਰ ਸਿੰਘ ਮੋਟਰਾਂ ਬੰਨਣ ਦਾ ਕੰਮ ਕਰਨ ਲੱਗ ਪਿਆ ਤੇ ਨਛੱਤਰ ਸਿੰਘ ਨੂੰ ਆਉਣ-ਜਾਣ ਤੇ ਘਰੇਲੂ ਕਬੀਲਦਾਰੀ ਦੀ ਜਿੰਮੇਵਾਰੀ ਸੌਂਪੀ ਗਈ। ਇਸੇ ਦੌਰਾਨ ਪਰਿਵਾਰ ਦੇ ਤਿੰਨ ਵੱਡੇ ਪੁੱਤਰਾਂ ਅਤੇ ਦੋ ਧੀਆਂ ਸੁਰਜੀਤ ਕੌਰ ਤੇ ਗੁਰਮੀਤ ਕੌਰ ਦੇ ਵਿਆਹ ਵੀ ਹੋ ਗਏ ਤੇ ਮਾਪੇ ਅੱਧਿਓ ਵੱਧ ਕਬੀਲਦਾਰੀ ਨਿਪਟਾ ਕੇ ਜਿੰਮੇਵਾਰੀਓ ਹੌਲੇ ਹੋ ਗਏ। ਉਹਨਾਂ ਦੀ ਸੁੱਖਾਂ ਭਰੀ ਜ਼ਿੰਦਗੀ ਉਤੇ ਪੁਲੀਸ ਨੇ ਤਿੱਖੀਆਂ ਨਜ਼ਰਾਂ ਰੱਖਣੀਆਂ ਸ਼ੁਰੂ ਕਰ ਦਿੱਤੀਆਂ। ਪੁਲੀਸ ਨੇ ਘਰ ਦੀ ਜਿੰਮੇਵਾਰੀ ਨਿਭਾਉਂਦੇ ਨਛੱਤਰ ਸਿੰਘ ਨੂੰ ਦੋ-ਚਾਰ ਵਾਰੀ ਜ਼ਮੀਨ ਦੇ ਝਗੜੇ ਵਿੱਚ ਘਰੋਂ ਚੁੱਕ ਕੇ ਅੱਤਿਆਚਾਰ ਕੀਤਾ ਤੇ ਇਸੇ ਤਰ੍ਹਾਂ ਪੁਲੀਸ ਦਾ ਸਤਾਇਆ ਹੋਇਆ ਉਹ ਇਕ ਦਿਨ ਘਰੋਂ ਫਰਾਰ ਹੋ ਗਿਆ। ਮਗਰੋਂ ਉਸਨੇ ਸੰਘਰਸ਼ ਕਰ ਰਹੇ ਨੌਜਵਾਨਾਂ ਨਾਲ ਸੰਪਰਕ ਬਣਾ ਲਿਆ ਤਾਂ ਪੁਲੀਸ ਨੇ ਉਕਤ ਪਰਿਵਾਰ ਨੂੰ ਸ਼ਰੇਆਮ ਤੰਗ ਪ੍ਰੇਸ਼ਾਨ ਕਰਦਿਆਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਨਛੱਤਰ ਸਿੰਘ ਫੜਾ ਦਿਉ ਨਹੀਂ ਤਾਂ ਪਰਿਵਾਰ ਨੂੰ ਗੋਲੀਆਂ ਨਾਲ ਉਡਾ ਦਿੱਤਾ ਜਾਵੇਗਾ। ਇਸ ਤਰ੍ਹਾਂ ਮਾੜੇ ਦਿਨਾਂ ਦਾ ਪਰਛਾਵਾਂ ਉਹਨਾਂ ਉਤੇ ਲਗਾਤਾਰ ਜਾਰੀ ਰਿਹਾ ਪੁਲੀਸ ਨੇ ਬਾਦਸ਼ਾਹਪੁਰ ਦੇ ਪ੍ਰਾਈਵੇਟ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਉਂਦੇ ਅਮਰੀਕ ਸਿੰਘ ਨੂੰ 1992 ਵਿੱਚ ਚੁੱਕ ਕੇ ਉਸ ਉਤੇ ਅਣਮਨੁੱਖੀ ਤਸ਼ੱਦਦ ਕੀਤਾ। ਵਾਰ-ਵਾਰ ਪੁਲੀਸ ਵੱਲੋਂ ਅਜਿਹਾ ਕਰਨ ਉਤੇ ਮਾਰਚ 1993 ਵਿੱਚ ਪੁਲੀਸ ਤਸ਼ੱਦਦ ਦਾ ਸਤਾਇਆ ਹੋਇਆ ਬਲਵੰਤ ਸਿੰਘ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਸ਼ੁਤਰਾਣਾ ਪਿੰਡ ਛੱਡ ਗਿਆ, ਉਹਨਾਂ ਨਾਲ ਘਰੋਂ ਗਿਆ ਅਮਰੀਕ ਸਿੰਘ ਮੁਹਾਲੀ ਜਾ ਕੇ ਇਕ ਪ੍ਰਾਇਵੇਟ ਫੈਕਟਰੀ ਵਿੱਚ ਨੌਕਰੀ ਕਰਨ ਲੱਗ ਪਿਆ ਸੀ। ਜੂਨ 1993 ਨੂੰ ਜਦੋਂ ਉਹ ਸਾਇਕਲ ਤੇ ਫੈਕਟਰੀ ਜਾ ਰਿਹਾ ਸੀ ਤਾਂ ਪੁਲੀਸ ਨੇ ਉਸਨੂੰ ਰਸਤੇ ਵਿੱਚੋਂ ਹੀ ਚੁੱਕ ਲਿਆ ਤੇ ਫਿਰ ਲੱਖ ਕੋਸ਼ਿਸ਼ਾਂ ਕਰਨ ਤੇ ਪੁਲੀਸ ਨੇ ਉਸ ਬਾਰੇ ਕੁੱਝ ਨਹੀਂ ਦੱਸਿਆ।

ਪੁਲੀਸ ਨੇ ਅਮਰੀਕ ਸਿੰਘ ਨਾਲ ਵਾਪਰੀ ਘਟਨਾ ਅਤੇ ਆਪਣੀਆਂ ਕਰਤੂਤਾਂ ਉਤੇ ਪਰਦਾ ਪਾਈ ਰੱਖਣ ਲਈ ਉਕਤ ਪਰਿਵਾਰ ਉਤੇ ਆਪਣਾ ਕਹਿਰ ਜਾਰੀ ਰੱਖਿਆ। ਉਹਨਾਂ ਦਾ ਮਾਲ ਡੰਗਰ ਖੋਲ੍ਹ ਦਿੱਤਾ। ਇੱਥੋਂ ਤੱਕ ਕੇ ਉਹਨਾਂ ਦੇ ਖੇਤਾਂ ਵਿੱਚ ਖੜੀਆਂ ਫਸਲਾਂ ਵਾਹ ਦਿੱਤੀਆਂ ਤੇ ਖੇਤਾਂ ਵਿੱਚ ਕੰਮ ਕਰਨ ਵਾਲਿਆਂ ਦੀ ਕੁੱਟ-ਮਾਰ ਕਰਕੇ ਉਹਨਾਂ ਨੂੰ ਭਜਾ ਦਿੱਤਾ। ਪੁਲੀਸ ਵੱਲੋਂ ਕਹਿਰ ਦੀ ਝੁਲਾਈ ਹਨੇਰੀ ਵਿੱਚ ਆਉਣੋ ਪਰਿਵਾਰ ਦਾ ਕੋਈ ਮੈਂਬਰ ਨਾ ਬਚ ਸਕਿਆ। ਨਛੱਤਰ ਸਿੰਘ ਤੋਂ ਛੋਟਾ ਕਸ਼ਮੀਰ ਸਿੰਘ ਪਿੰਡ ਸ਼ੁਤਰਾਣਾ ਵਿੱਚ ਬਿਜਲੀ ਦੀਆਂ ਮੋਟਰਾਂ ਬੰਨਣ ਦਾ ਕੰਮ ਕਰਦਾ ਸੀ ਤੇ ਪੁਲੀਸ ਚੌਂਕੀ ਸ਼ੁਤਰਾਣਾ ਦੇ ਇੰਨਚਾਰਜ ਜਸਵੰਤ ਸਿੰਘ ਨੇ ਹੋਰ ਪੁਲੀਸ ਸਟੇਸ਼ਨਾਂ ਦੀ ਪੁਲੀਸ ਨਾਲ ਮਿਲ ਕੇ 19 ਮਾਰਚ,1993 ਨੂੰ ਦਿਨ ਦੇ ਢਾਈ ਵਜੇ ਕਸ਼ਮੀਰ ਸਿੰਘ ਨੂੰ ਘੇਰਾ ਪਾਇਆ। ਉਹ ਗੁਰਦੁਆਰਾ ਨਾਮ ਜਪੁ ਸਾਹਿਬ ਵਿੱਚੋਂ ਬਚ ਕੇ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਸਮੇਂ ਤਿਆਰ ਬੈਠੀ ਪੁਲੀਸ ਨੇ ਗੋਲੀ ਮਾਰਕੇ ਉਸਨੂੰ ਸ਼ੁਤਰਾਣਾ ਦੇ ਖੇਤਾਂ ਵਿੱਚ ਹੀ ਢੇਰੀ ਕਰ ਦਿੱਤਾ ਤੇ ਛੇਤੀ ਨਾਲ ਪੁਲੀਸ ਉਸ ਦੀ ਲਾਸ਼ ਲੈ ਕੇ ਕਿਸੇ ਪਾਸੇ ਨਿਕਲ ਗਈ। ਪਿੰਡ ਵਾਸੀਆਂ ਵੱਲੋਂ ਭੱਜ-ਦੌੜ ਕਰਨ ਉਤੇ ਵੀ ਪੁਲੀਸ ਨੇ ਉਸਦੀ ਲਾਸ਼ ਨਹੀਂ ਦਿੱਤੀ ਸਗੋਂ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਗਿਆ ਕਿ ਕਸ਼ਮੀਰ ਸਿੰਘ ਦੇ ਗੋਲੀ ਲੱਗੀ ਹੈ ਉਸ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਠੀਕ ਹੋਣ ਉਪਰੰਤ ਉਸਨੂੰ ਛੱਡ ਦਿੱਤਾ ਜਾਵੇਗਾ।

ਇਸ ਘਟਨਾ ਦੀ ਜਾਣਕਾਰੀ ਮਿਲਣ ਉਪਰੰਤ ਉਸਦਾ ਪਿਤਾ ਲਾਲ ਸਿੰਘ ਆਪਣੇ ਬੇਦੋਸ਼ੇ ਪੁੱਤਰ ਦਾ ਪਤਾ ਲੈਣ ਵਾਸਤੇ ਪੁਲੀਸ ਚੌਂਕੀ ਸ਼ੁਤਰਾਣਾ ਵਿਖੇ ਗਿਆ ਤਾਂ ਭੂਤਰੇ ਹੋਏ ਪੁਲੀਸ ਮੁਲਾਜ਼ਮਾਂ ਨੇ ਮਾੜਾ ਸਲੂਕ ਕੀਤਾ ਤੇ ਵਹਿਸ਼ੀਆਨਾ ਢੰਗ ਨਾਲ ਉਸ ਦੀ ਕੁੱਟ-ਮਾਰ ਕਰਦਿਆਂ ਬਜ਼ੁਰਗ ਦੀ ਦਾਹੜੀ ਪੁੱਟੀ ਤੇ ਪੱਗ ਲਾਹਕੇ ਉਸਨੂੰ ਰੋਲਿਆ। ਇਸੇ ਦੌਰਾਨ ਉਸਦੇ ਸਿਰ ਵਿੱਚ ਸੱਟ ਲੱਗੀ ਜਿਸ ਵਿੱਚੋਂ ਖੂਨ ਵਹਿਣਾ ਸ਼ੁਰੂ ਹੋ ਗਿਆ ਤੇ ਪੁਲੀਸ ਮੁਲਾਜ਼ਮਾਂ ਨੇ ਅਣਮਨੁੱਖੀ ਤਸ਼ੱਦਦ ਕਰਨ ਉਪਰੰਤ ਜ਼ਖਮੀ ਹਾਲਤ ਵਿੱਚ ਬਿਨਾ ਕੋਈ ਇਲਾਜ ਦੇ ਉਸਨੂੰ ਹਵਾਲਤ ਵਿੱਚ ਬੰਦ ਕਰ ਦਿੱਤਾ। ਉਹ ਸਾਰੀ ਰਾਤ ਜ਼ਖਮਾਂ ਤੇ ਕੁੱਟ-ਮਾਰ ਦੀਆਂ ਪੀੜਾਂ ਨਾਲ ਤੜਫਦਾ ਰਿਹਾ। ਉਸੇ ਹਵਾਲਾਤ ਵਿੱਚ ਜਰਨੈਲ ਸਿੰਘ ਸ਼ੁਤਰਾਣਾ ਦੇ ਤਾਏ ਦਾ ਪੁੱਤ ਭਰਾ ਸੇਵਾ ਸਿੰਘ ਬੰਦ ਕੀਤਾ ਹੋਇਆ ਸੀ। ਜਿਸ ਤੋਂ ਪਤਾ ਲੱਗਾ ਕਿ ਕਿਸ ਤਰ੍ਹਾਂ ਪੁਲੀਸ ਨੇ ਲਾਲ ਸਿੰਘ ਉਤੇ ਬਿਨਾ ਕੋਈ ਕੇਸ ਦਰਜ ਕੀਤਿਆਂ ਗੈਰ-ਕਾਨੂੰਨੀ ਹਿਰਾਸਤ ਵਿੱਚ ਲੈ ਕੇ ਉਸ ਉਤੇ ਅੱਤਿਆਚਾਰ ਕੀਤਾ। ਅਗਲੀ ਸਵੇਰੇ ਲਾਲ ਸਿੰਘ ਨੂੰ ਪੁਲੀਸ ਨੇ ਹਵਾਲਾਤ ਵਿੱਚੋਂ ਕੱਢਿਆ ਤੇ ਉਸ ਗੱਡੀ ਵਿੱਚ ਬਿਠਾ ਲਿਆ ਜਿਸ ਵਿੱਚ ਉਸਦੇ ਪੁੱਤਰ ਕਸ਼ਮੀਰ ਸਿੰਘ ਦੀ ਲਾਸ਼ ਪਈ ਸੀ। ਇਸ ਉਪਰੰਤ ਪੁਲੀਸ

ਵਾਲੇ ਉਸ ਗੱਡੀ ਨੂੰ ਲੈ ਕੇ ਸਮਾਣੇ ਵੱਲ ਤੁਰ ਗਏ । ਉਸਤੋਂ ਬਾਅਦ ਦੋਵੇਂ ਪਿਓ ਤੇ ਪੁੱਤਰ ਦੀ ਕੋਈ ਉਘੱ-ਸੁੱਘ ਨਹੀਂ ਪਈ । ਇਸ ਕਾਰਵਾਈ ਨੂੰ ਥਾਣੇਦਾਰ ਜਸਵੰਤ ਸਿੰਘ ਨੇ ਅੰਜਾਮ ਦਿੱਤਾ ਸੀ । ਜਿਸਨੇ ਸ਼ੁਤਰਾਣਾ ਦੇ ਗੁਰੂ ਘਰ ਵਿੱਚ ਲੱਗੀਆਂ 1978 ਦੇ ਸਾਕੇ ਦੇ 13 ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਠੁੱਡੇ ਮਾਰਕੇ ਖਰਾਬ ਕੀਤੀਆਂ ਸਨ ਤੇ ਆਪਣੀ ਸੋੜੀ ਸੋਚ ਦਾ ਸਬੂਤ ਦਿੱਤਾ ਸੀ ।

ਪਿਤਾ ਤੇ ਭਰਾਵਾਂ ਦੀ ਹੋਣੀ ਬਾਰੇ ਸੋਚਦਿਆਂ ਇਸ ਪਰਿਵਾਰ ਦੀ ਧੀ ਸੁਰਜੀਤ ਕੌਰ ਸਦਮਾਂ ਸਹਿਣ ਨਾ ਕਰ ਸਕੀ ਤੇ ਲਗਾਤਾਰ ਰੋਂਦੀ ਕੁਰਲਾਉਂਦੀ ਉਹ ਵੀ ਦਮ ਤੋੜ ਗਈ । ਦੁੱਖਾਂ ਦੀ ਮਾਰੀ ਜੰਗੀਰ ਕੌਰ ਇਸ ਚੌਥੇ ਸਦਮੇ ਨੂੰ ਵੀ ਅਕਾਲ ਪੁਰਖ ਦਾ ਭਾਣਾਂ ਸਮਝਕੇ ਹੰਢਾਉਂਦੀ ਰਹੀ । ਜੰਗੀਰ ਕੌਰ ਦੀ ਵੱਡੀ ਧੀ ਗੁਰਮੀਤ ਕੌਰ ਦਾ ਵਿਆਹ ਪਿੰਡ ਮੰਡਵੀ ਜਿਲ੍ਹਾ ਸੰਗਰੂਰ ਦੇ ਅਜੀਤ ਸਿੰਘ ਨਾਲ ਹੋਇਆ ਸੀ । ਪੁਲੀਸ ਨੇ ਅਜੀਤ ਸਿੰਘ ਨੂੰ ਵੀ ਘਰੋਂ ਚੁੱਕ ਕੇ ਉਸ ਉਤੇ ਅਣਮਨੁੱਖੀ ਤਸ਼ੱਦਦ ਕੀਤਾ ਅਜੀਤ ਸਿੰਘ ਹੁਣ ਤੱਕ ਵੀ ਕੰਮ ਕਾਰ ਕਰਨੋਂ ਅਸਮਰੱਥ ਹੈ । 1986 ਤੋਂ 93 ਦੇ ਦਰਮਿਆਨ ਇਸ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਪੁਲੀਸ ਨੇ ਕਿੱਤੇ ਖਪਾ ਦਿੱਤਾ । ਪੁਲੀਸ ਨੇ ਪਰਿਵਾਰ ਉਤੇ ਫੇਰ ਵੀ ਕਹਿਰ ਜਾਰੀ ਰੱਖਿਆਂ । ਪੁਲੀਸ ਤਸ਼ੱਦਦ ਦੇ ਸਤਾਏ ਜੰਗੀਰ ਕੌਰ ਤੇ ਉਸਦੇ ਤਿੰਨ ਵੱਡੇ ਪੁੱਤਰ ਰਾਜਵੰਤ ਸਿੰਘ, ਵਜ਼ੀਰ ਸਿੰਘ ਤੇ ਬਲਵੰਤ ਸਿੰਘ ਘਰ ਛੱਡਕੇ ਕਿਤੇ ਹੋਰ ਜਾ ਬੈਠੇ ਮਗਰੋਂ ਪੁਲੀਸ ਨੇ ਜੰਗੀਰ ਕੌਰ ਦੇ ਘਰ ਦਾ ਕੀਮਤੀ ਸਮਾਨ ਗਾਇਬ ਕਰ ਦਿੱਤਾ ਤੇ ਮਕਾਨਾਂ ਦੀਆਂ ਛੱਤਾਂ ਉਧੇੜ ਕੇ ਗਾਡਰ ਬਾਲੇ ਉਤਾਰ ਕੇ ਲੈ ਗਈ । ਪੰਜਾਬ ਵਿੱਚ 1997 ਵਿੱਚ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਬਣਨ ਮਗਰੋਂ ਜਦੋਂ ਕੁੱਝ ਮਹੌਲ ਸ਼ਾਂਤ ਹੋਇਆ ਤੇ ਉਹ ਵਾਪਸ ਆਪਣੇ ਘਰ ਆਏ ਇਸੇ ਦੌਰਾਨ ਰਾਜਵੰਤ ਸਿੰਘ ਦੀ ਨੌਕਰੀ ਜਾਂਦੀ ਰਹੀ ਹੈ ਘਰ ਘਾਟ ਬਰਬਾਦ ਹੋ ਚੁੱਕਿਆ ਹੈ ।

ਜੰਗੀਰ ਕੌਰ ਆਪਣੇ ਤਿੰਨ ਜਵਾਨ ਪੁੱਤਰਾਂ ਤੇ ਪਤੀ ਲਾਲ ਸਿੰਘ ਬਾਰੇ ਪੁਲੀਸ ਤੋਂ ਪੁੱਛਦੀ ਹੈ ਪਰ ਪੁਲੀਸ ਇਸ ਬਾਰੇ ਕੋਈ ਸਬੂਤ ਨਹੀਂ ਦੇ ਰਹੀ ਜਿਸ ਕਰਕੇ ਉਹਨਾਂ ਦੇ ਨਾਮ ਚੜੀ ਜ਼ਮੀਨ ਜਾਇਦਾਦ ਕਿਸੇ ਹੋਰ ਦੇ ਨਾਂ ਨਹੀਂ ਚੜ ਰਹੀ 15/16 ਸਾਲਾਂ ਤੋਂ ਉਹ ਆਪਣੇ ਪੁੱਤਰਾਂ ਤੇ ਪਤੀ ਦੀ ਬੇਸਬਰੀ ਨਾਲ ਉਡੀਕ ਕਰ ਰਹੀ ਹੈ । ਰਜਵੰਤ ਸਿੰਘ ਦੀ ਪਿੰਡ ਦੁਤਾਲ ਵਿਚਲੀ ਰਿਹਾਇਸ਼ ਵੀ ਪੁਲਿਸ ਨੇ ਢਹਿ ਢੇਰੀ ਕਰ ਦਿੱਤੀ ਸੀ ਤੇ ਉਸਦੀ 5 ਹਾਰਸ ਪਾਵਰ ਦੀ ਮੋਟਰ ਟਿਊਵਬੈਲ ਵਾਲਾ ਪੱਖਾ ਤੇ ਬੋਰ ਦਾ ਸਮਾਨ, ਚਾਰ ਸਿਲਾਈ ਮਸ਼ੀਨਾਂ 100 ਫੁੱਟ ਪੱਟਾ, ਸਜ਼ੂਕੀ ਮੋਟਰ ਸਾਈਕਲ (ਪੀ.ਸੀ. ਆਰ 2448)

ਦੋ 2 ਸਾਇਕਲ, ਬੈਡ ਤੇ 10 ਮੰਜੇ, ਇਕ ਪੇਟੀ, 2 ਡਰੰਮ, 7 ਗਰਮ ਤੇ 6 ਠੰਡੇ ਬਿਸਤਰੇ, 4 ਟਰੰਕ, 150 ਮੀਟਰ ਖੁੱਲ੍ਹਾ ਕੱਪੜਾ, 20 ਤਿਆਰ ਸੂਟ ਤੇ 5 ਗਰਮ ਸੂਟ, 7 ਤੋਲੇ ਸੋਨਾ, 10 ਹਜ਼ਾਰ ਨਕਦ, 2 ਘੜੀਆਂ, ਟੈਲੀਵੀਜ਼ਨ, ਰੇਡੀਓ, ਡਿਨਰ ਸੈਟ, ਟੇਪ ਰਿਕਾਰਡ, ਫਰਿਜ਼, ਕੂਲਰ, ਚਾਰ ਕੁਰਸੀਆਂ, ਮੇਜ, 2 ਟਾਈਮ ਪੀਸ, 1 ਅਲਮਾਰੀ, ਰਸੋਈ ਦੇ ਭਾਂਡੇ, 5 ਛੱਤ ਵਾਲੇ ਪੱਖੇ, 2 ਟੇਬਲ ਫੈਨ, ਪੁਲੀਸ ਨੇ ਰਫਾ-ਦਫਾ ਕਰ ਦਿੱਤੇ ।

ਇਸ ਪਰਿਵਾਰ ਉਤੇ ਇਨ੍ਹਾਂ ਕਹਿਰ ਢਹਿਣ ਮਗਰੋਂ ਵੀ ਪੁਲੀਸ ਨੇ ਪਰਿਵਾਰ ਨੂੰ ਤੰਗ ਪ੍ਰਸ਼ਾਨ ਕਰਨਾ ਬੰਦ ਨਹੀਂ ਕੀਤਾ ਹਾਲੇ ਵੀ ਜਦੋਂ ਕੋਈ ਪੁਲੀਸ ਅਫਸਰ ਬਦਲਕੇ ਆਉਂਦਾ ਹੈ ਤਾਂ ਉਹ ਇਕ ਵਾਰੀ ਜੰਗੀਰ ਕੌਰ ਦੇ ਘਰ ਜਾ ਕੇ ਖੁੰਜੇ ਫਰੋਲਦਾ ਹੋਇਆ ਉਸਦੇ ਪਤੀ ਤੇ ਜਵਾਨ ਪੁੱਤਰਾਂ ਨੂੰ ਭਾਲਣ ਦੀ ਕੋਸ਼ਿਸ਼ ਕਰਦਾ ਹੈ ਪਰ ਗਮਾਂ ਦੀ ਮਾਰੀ ਬੇਵੱਸ ਹੋਈ ਜੰਗੀਰ ਕੌਰ ਢਲੀ ਉਮਰੇ ਸਾਰੀ ਦਿਹਾੜੀ ਸੜਕ ਵੱਲ ਦੇਖਦੀ ਰਹਿੰਦੀ ਹੈ ਸ਼ਾਇਦ ਕੁਦਰਤ ਕੋਈ ਕ੍ਰਿਸ਼ਮਾਂ ਕਰ ਦੇਵੇ ਉਸਦੇ ਘਰ ਕਿਸੇ ਮੈਂਬਰ ਦੇ ਜਿਉਂਦੇ ਹੋਣ ਦੀ ਖ਼ਬਰ ਆ ਜਾਵੇ ।

ਲਾਲ ਸਿੰਘ ਦੇ ਪਰਿਵਾਰ ਤੇ ਹੋਰਨਾਂ ਉਤੇ ਜਬਰ ਜ਼ੁਲਮ ਤੇ ਅੱਤਿਆਚਾ੦ ਬਣਕੇ ਢਹਿਣ ਵਾਲਾ ਪੁਲੀਸ ਚੌਂਕੀ ਸ਼ੁਤਰਾਣਾ ਦੇ ਤਤਕਾਲੀ ਇੰਚਾਰਜ ਜਸਵੰਤ ਸਿੰਘ ਦੀ ਪਿੰਡ ਸ਼ੁਤਰਾਣਾ ਵਿਖੇ ਹੀ ਦਰਦਨਾਕ ਮੌਤ ਹੋਈ 1993 ਵਿੱਚ ਆਏ ਵੱਡੇ ਹੜ੍ਹ ਦੌਰਾਨ ਉਹ ਆਪਣੇ ਹੋਰ ਸਾਥੀਆਂ ਨਾਲ ਕਿਸ਼ਤੀ ਵਿੱਚ ਬੈਠਕੇ ਪਾਣੀ ਵਿੱਚ ਘਿਰੇ ਹੋਏ ਕੁੱਝ ਨੌਜਵਾਨਾਂ ਨੂੰ ਫੜਨ ਲਈ ਕਿਸੇ ਦੇ ਘਰ ਵੱਲ ਜਾ ਰਿਹਾ ਸੀ ਕਿ ਅਚਾਨਕ ਹੀ ਕਿਸ਼ਤੀ ਪਲਟ ਗਈ ਤੇ ਉਸ ਵਿੱਚ ਸਵਾਰ ਸਾਰੇ ਹੀ ਵਿਅਕਤੀ ਉਸ ਘਟਨਾ ਵਿੱਚ ਡੁੱਬ ਗਏ । ਕੁਝ ਦੇਰ ਜਸਵੰਤ ਸਿੰਘ ਪਾਣੀ ਵਿੱਚ ਬਚਾਓ ਲਈ ਹੱਥ ਪੈਰ ਮਾਰਦਾ ਹੋਇਆ ਬਚਾਓ-ਬਚਾਓ ਚੀਕਦਾ ਵੀ ਰਿਹਾ ਪਰ ਕੋਈ ਉਸਦੀ ਜਾਨ ਦਾ ਸਹਾਰਾ ਨਾ ਬਣ ਸਕਿਆ ।

ਉਸਦੀ ਮੌਤ ਉਪਰੰਤ ਸਰਕਾਰੀ ਅਧਿਕਾਰੀਆਂ ਨੇ ਉਸਨੂੰ ਬਹਾਦਰੀ ਦੇ ਕਈ ਐਵਾਰਡ ਦਿੰਦਿਆਂ ਹੋਇਆਂ ਉਸਦੇ ਪਰਿਵਾਰ ਨੂੰ ਸਰਕਾਰ ਵੱਲੋਂ ਲੱਖਾਂ ਰੁਪਏ ਦਿਵਾਏ ਉਸ ਵੇਲੇ ਕਾਂਗਰਸ ਦੇ ਬੇਅੰਤ ਸਿੰਘ ਦੀ ਅਗਵਾਈ ਵਿੱਚ ਸਰਕਾਰ ਚੱਲ ਰਹੀ ਸੀ । ਇਲਾਕੇ ਦੇ ਲੋਕਾਂ ਵੱਲੋਂ ਸਰਕਾਰ ਦੀ ਇਸ ਕਾਰਵਾਈ ਦਾ ਵਿਰੋਧ ਕੀਤੇ ਜਾਣ ਦੇ ਬਾਵਜੂਦ ਸਰਕਾਰ ਆਪਣੇ ਫੈਸਲੇ ਉਤੇ ਅੜੀ ਰਹੀ ਸਪਸ਼ਟ ਹੈ ਕਿ ਸਰਕਾਰ ਨੇ ਉਕਤ ਪੁਲੀਸ ਅਧਿਕਾਰੀ ਤੇ ਮੁਲਾਜ਼ਮਾਂ ਵੱਲੋਂ ਕੀਤੀਆਂ ਕਹਿਰਾਨਾਂ ਕਾਰਵਾਈਆਂ ਨੂੰ ਜਾਇਜ਼ ਠਹਿਰਾਉਂਦਿਆਂ ਘਟਨਾਵਾਂ ਦੇ ਖਿਲਾਫ ਕੋਈ ਪੜਤਾਲ ਨਹੀਂ ਕਰਵਾਈ ।

ਪਿੰਡ ਕਰਤਾਰਪੁਰ ਦਾ ਬਦਲੇਵ ਸਿੰਘ ਪੁੱਤਰ ਨਿਰੰਜਣ ਸਿੰਘ ਪਿੰਡ ਨਾਈ ਵਾਲਾ ਦੇ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਸਿੰਘ ਦੀ ਸੇਵਾ ਨਿਭਾਉਂਦਾ ਸੀ । ਉਸਨੂੰ 1991 ਵਿੱਚ ਲੋਹੜੀ ਦੀ ਰਾਤ ਨੂੰ ਸੰਧਿਆ ਵੇਲੇ ਦੇ ਪਾਠ ਮਗਰੋਂ ਅਗਵਾ ਕਰ ਲਿਆ ਗਿਆ । ਹੁਣ ਤੱਕ ਉਸਦਾ ਪਤਾ ਨਹੀਂ ਲੱਗਿਆ । ਉਸਦੀ ਪਤਨੀ ਬਲਵਿੰਦਰ ਕੌਰ ਨੇ ਉਹਨਾਂ ਦੀ ਭਾਲ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ।

ਸ. ਬਲਦੇਵ ਸਿੰਘ ਉਚੇਰਾ ਲੰਮਾਂ ਗੱਭਰੂ ਨਿੱਤਨੇਮ ਦਾ ਧਾਰਨੀ, ਤਿਆਰ ਬਰ ਤਿਆਰ ਸਿੰਘ ਉਹ ਉਸ ਸਮੇਂ ਸਿੰਘ ਸੱਜੋਂ ਲਹਿਰ ਨਾਲ ਜੁੜਿਆ ਹੋਣ ਕਰਕੇ ਸਿੱਖੀ ਦਾ ਪ੍ਰਚਾਰ ਕਰਦਾ ਹੋਇਆ, ਗੁਰੂ ਗ੍ਰੰਥ ਸਾਹਿਬ ਤੇ ਖਾਲਸਾ ਪੰਥ ਤੋਂ ਬੇ-ਮੁੱਖ ਹੋਏ ਪਤਿਤ ਸਿੰਘਾਂ ਨੂੰ ਅੰਮ੍ਰਿਤ ਛਕਾਉਣ ਵਾਲੇ ਪੰਜ ਸਿੰਘ ਦੇ ਜਥੇ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਸੀ । ਪੁਲੀਸ ਨੂੰ ਉਹਨਾਂ ਵੱਲੋਂ ਕੀਤਾ ਜਾਂਦਾ ਕੰਮ ਚੰਗਾ ਨਾ ਲੱਗਿਆ । ਜਿਸ ਸਮੇਂ ਉਹ ਬਲਾਕ ਪਾਤੜਾਂ ਦੇ ਹੀ ਪਿੰਡ ਭੂੰਡ ਬੇਹ ਵਿਖੇ ਗੁਰੂ ਘਰ ਵਿੱਚ ਸੇਵਾ ਕਰਦਾ ਸੀ । ਉਸਨੂੰ ਅਗਵਾ ਕੀਤੇ ਜਾਣ ਤੋਂ ਕੋਈ ਤਿੰਨ-ਚਾਰ ਮਹੀਨੇ ਪਹਿਲਾਂ ਦੀ ਗੱਲ ਹੈ ਕਿ ਸ਼ੁਤਰਾਣਾ ਪੁਲੀਸ ਚੌਂਕੀ ਦੀ ਪੁਲੀਸ ਨੇ ਉਸਨੂੰ ਪਿੰਡ ਭੂੰਡ ਬੇਹ ਤੋਂ ਚੁੱਕ ਲਿਆ ਤੇ ਉਸ ਉਤੇ ਅਣਮਨੁੱਖੀ ਤਸ਼ੱਦਦ ਕੀਤਾ ਪਿੰਡ ਕਰਤਾਰਪੁਰ, ਜੈਖਰ ਅਤੇ ਭੂੰਡ ਬੇਹ ਦੇ ਵਾਸੀਆਂ ਨੇ ਇੱਕਠੇ ਹੋ ਪੁਲੀਸ ਉਤੇ ਦਬਾਅ ਪਾਇਆ ਤੇ ਪੁਲੀਸ ਨੇ ਉਸਨੂੰ ਇਸ ਸ਼ਰਤ ਉਤੇ ਛੱਡਿਆ ਕਿ ਉਹ ਅੱਗੋਂ ਤੋਂ ਅੰਮ੍ਰਿਤਪਾਨ ਨਹੀਂ ਕਰਵਾਉਣ ਜਾਵੇਗਾ ।

ਬਲਦੇਵ ਸਿੰਘ ਪੁਲੀਸ ਦੀ ਇਸ ਗੱਲ ਨਾਲ ਸਹਿਮਤ ਨਹੀਂ ਸੀ ਪਰ ਤਿੰਨ ਪਿੰਡਾਂ ਦੀਆਂ ਪੰਚਾਇਤਾਂ ਨੇ ਉਸ ਉਤੇ ਜ਼ੋਰ ਪਾ ਕੇ ਤੇ ਪੁਲੀਸ ਨੂੰ ਭਰੋਸੇ ਦੇ ਕੇ ਉਸਨੂੰ ਪੁਲੀਸ ਤੋਂ ਛੁਡਵਾਲਿਆ ਇਸ ਤੋਂ ਬਾਅਦ ਵਿੱਚ ਬਲਦੇਵ ਸਿੰਘ ਹੀ ਭੂੰਡ ਬੇਹ ਵਾਲਾ ਗੁਰਦੁਆਰਾ ਛੱਡਕੇ ਪਿੰਡ ਨਾਈਵਾਲਾ ਦੇ ਗੁਰਦੁਆਰੇ ਆਗਿਆ ਇਸ ਗੁਰੂ ਘਰ ਵਿੱਚ ਉਹ ਇਕੱਲਾ ਹੀ ਰਾਤ ਨੂੰ ਰਹਿੰਦਾ ਸੀ ਤੇ ਉਸਦੇ ਬੱਚੇ ਪਿੰਡ ਕਰਤਾਰਪੁਰ ਵਿੱਚ ਰਹਿੰਦੇ ਸੀ ।

ਲੋਹੜੀ ਦੀ ਰਾਤ ਨੂੰ ਗੁਰੂ ਗ੍ਰੰਥ ਸਾਹਿਬ ਦਾ ਸੁੱਖ ਆਸਣ ਕਰਕੇ ਹਟਿਆ ਤਾਂ ਉਸ ਨਾਲ ਭਾਣਾ ਵਾਪਰ ਗਿਆ । ਇਸ ਘਟਨਾ ਦਾ ਸਵੇਰੇ ਉਸ ਵੇਲੇ ਪਤਾ ਲੱਗਿਆ ਜਦੋਂ ਗ੍ਰੰਥੀ ਸਿੰਘ ਨੇ ਚਾਰ ਵਜੇ ਉਠਕੇ ਗੁਰਦੁਆਰਾ ਸਾਹਿਬ ਦਾ ਸਪੀਕਰ ਨਾ ਲਾਇਆ । ਲੋਕਾਂ ਨੇ ਮਨ ਹੀ ਮਨ ਵਿੱਚ ਇਸ ਗੱਲ ਦਾ ਬੁਰਾ ਮਨਾਇਆ ਤੇ ਜਦੋਂ ਗੁਰੂ ਘਰ ਜਾ ਕੇ ਦੇਖਿਆ ਤਾਂ ਗ੍ਰੰਥੀ ਸਿੰਘ ਉਥੇ ਨਹੀਂ ਸੀ । ਉਸਦੇ ਰਹਾਇਸ਼ੀ ਕਮਰੇ ਦਾ ਬੂਹਾ ਖੁੱਲ੍ਹਾਂ ਪਿਆ ਸੀ ਤੇ ਜਿਸ ਖੂੰਡੇ ਦਾ ਉਹ ਭੋਰਾ ਵੀ ਵਿਸਾਹ ਨਹੀਂ ਸੀ ਖਾਂਦਾ, ਅੰਦਰ ਹੀ ਪਿਆ

ਸੀ । ਮੇਜ ਉਤੇ ਪ੍ਰਸ਼ਾਦੇ ਤੇ ਦੁੱਧ ਦਾ ਗਲਾਸ ਉਤੇ ਤਰ੍ਹਾਂ ਹੀ ਢੱਕਿਆ ਪਿਆ ਸੀ ਜਿਵੇਂ ਪ੍ਰਸ਼ਾਦਾ ਦੇਣ ਵਾਲਾ ਢੱਕ ਕੇ ਗਿਆ ਸੀ । ਸਪਸ਼ਟ ਹੋ ਗਿਆ ਕਿ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਕਰਨ ਮਗਰੋਂ ਹੀ ਚੁੱਕ ਲਿਆ ਗਿਆ ਸੀ ।

ਕਾਲੇ ਦਿਨਾਂ ਦੇ ਦੌਰਾਨ ਲੋਕ ਹਨੇਰਾ ਹੋਣ ਤੋਂ ਪਹਿਲਾਂ ਹੀ ਘਰਾਂ ਦੇ ਬੂਹੇ ਬੰਦ ਕਰਕੇ ਸੌਂ ਜਾਂਦੇ ਤੇ ਦੂਜਾ ਗੁਰਦੁਆਰਾ ਪਿੰਡ ਤੋਂ ਬਾਹਰਵਾਰ ਹੋਣ ਕਰਕੇ ਇਸ ਘਟਨਾ ਦਾ ਕਿਸੇ ਨੂੰ ਪਤਾ ਨਾ ਲੱਗਿਆ । ਪਿੰਡ ਵਾਸੀਆਂ ਨੇ ਇਸ ਬਾਰੇ ਜਾਣਕਾਰੀ ਜਦੋਂ ਉਸਦੇ ਪਰਿਵਾਰ ਨੂੰ ਦਿੱਤੀ ਤਾਂ ਪਿੰਡ ਕਰਤਾਪੁਰ ਵੀ ਸਹਿਮ ਗਿਆ । ਬਲਵਿੰਦਰ ਕੌਰ ਤੇ ਪਿੰਡ ਵਾਸੀਆਂ ਨੇ ਪਿੰਡ ਨਾਈਵਾਲਾ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਤੇ ਥਾਣਾ ਪਾਤੜਾਂ ਵਿਖੇ ਟਰੈਕਟਰਾਂ ਟਰਾਲੀਆਂ ਉਤੇ ਆ ਕੇ ਪੁਲੀਸ ਨੂੰ ਉਕਤ ਘਟਨਾ ਦੀ ਜਾਣਕਾਰੀ ਦਿੱਤੀ ਪੁਲੀਸ ਨੇ ਉਸਨੂੰ ਲੱਭਣ ਦਾ ਭਰੋਸਾ ਤਾਂ ਦਿਵਾਇਆ ਪਰ ਕੋਈ ਠੋਸ ਕਾਰਵਾਈ ਨਾ ਕੀਤੀ ।

ਬਲਜਿੰਦਰ ਕੌਰ ਵੱਲੋਂ ਉਸ ਸਮੇਂ ਦੇ ਰਾਜਪਾਲ ਪੰਜਾਬ, ਡੀ.ਸੀ. ਪਟਿਆਲਾ, ਡੀ.ਜੀ.ਪੀ. ਪੰਜਾਬ ਆਦਿ ਨੂੰ ਪੱਤਰ ਲਿਖਕੇ ਨਿਆਂ ਦੀ ਮੰਗ ਵੀ ਕੀਤੀ ਗਈ ਪਰ ਪਾਤੜਾਂ ਪੁਲੀਸ ਨੇ ਲੋਕਾਂ ਵੱਲੋਂ ਦਬਾਅ ਪਾਉਣ ਦੇ ਬਾਵਜੂਦ ਉਸਦੀ ਰਿਪੋਰਟ ਤੱਕ ਵੀ ਦਰਜ ਨਾ ਕੀਤੀ ਪਰ ਬਲਵਿੰਦਰ ਕੌਰ ਨੂੰ ਤੰਗ ਪ੍ਰੇਸ਼ਾਨ ਕਰਨਾਂ ਜ਼ਰੂਰ ਸ਼ੁਰੂ ਕਰ ਦਿੱਤਾ ਉਸਨੇ ਪੁਲੀਸ ਦਬਾਅ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਮਿਹਨਤ ਮਜ਼ਦੂਰੀ ਕਰਕੇ ਦੋ ਪੁੱਤਰਾਂ ਤੇ ਇਕ ਧੀ ਦਾ ਪਾਲਣ ਪੋਸ਼ਣ ਜਾਰੀ ਰੱਖਿਆ । ਬਲਵਿੰਦਰ ਕੌਰ ਨਾ ਹੁਣ ਸੁਹਾਗਣ ਹੈ ਨਾ ਵਿਧਵਾ ਉਸ ਨੇ ਪਤੀ ਦੇ ਚੱਲੇ ਜਾਣ ਮਗਰੋਂ ਆਪਣੇ ਆਪ ਨੂੰ ਤੇ ਆਪਣੇ ਪਰਿਵਾਰ ਨੂੰ ਸਿੱਖੀ ਨਾਲ ਜੋੜਕੇ ਰੱਖਣ ਵਿੱਚ ਸਫਲਤਾ ਹਾਸਲ ਕੀਤੀ ਹੈ ਉਸਨੂੰ ਲੱਗਦਾ ਹੈ ਕਿ ਪੁਲੀਸ ਨੇ ਉਸਦੇ ਪਤੀ ਨੂੰ ਫਰਜ਼ੀ ਮੁਕਾਬਲੇ ਵਿੱਚ ਮਾਰਕੇ ਉਸਦੀ ਲਾਸ਼ ਨੂੰ ਲਾਵਾਰਿਸ ਦੱਸਦਿਆਂ ਸਸਕਾਰ ਕਰਕੇ ਸਾਰੇ ਸਬੂਤ ਖਤਮ ਕਰ ਦਿੱਤੇ ਹਨ । ਇਸੇ ਕਰਕੇ ਪੁਲੀਸ ਨੇ ਉਸ ਸਮੇਂ ਐਫ.ਆਈ.ਆਰ. ਦਰਜ ਨਹੀਂ ਕੀਤੀ ਜੇ ਪੁਲੀਸ ਇਹ ਕਾਰਵਾਈ ਕਰਦੀ ਤਾਂ ਉਸਨੂੰ ਇਸ ਸਬੰਧੀ ਜਵਾਬ ਦੇਹ ਹੋਣਾ ਪੈਣਾ ਸੀ ।

ਪਿੰਡ ਕੁਲਾਰਾਂ (ਸਮਾਣਾ) ਦੇ ਕਸ਼ਮੀਰ ਸਿੰਘ (15) ਪੁੱਤਰ ਕਾਕਾ ਸਿੰਘ ਉਸਦੀ ਭੂਆ ਦਾ ਮੁੰਡਾ ਕੁਲਵੰਤ ਸਿੰਘ (17) ਪੁੱਤਰ ਹੰਸਾ ਸਿੰਘ ਵਾਸੀ ਮਾਜਰੀ (ਸਮਾਣਾ) ਆਪਣੀ ਭੈਣ ਨੂੰ ਮਿਲਣ ਵਾਸਤੇ ਪਿੰਡ ਕਿਸ਼ਨ ਪੁਰਾ, ਭਵਾਨੀਗੜ੍ਹ (ਸੰਗਰੂਰ) ਗਏ ਸੀ । ਉਹਨਾਂ ਨੂੰ ਉਥੋਂ ਡੀ.ਐਸ.ਪੀ.ਗੁਰਦੀਪ ਸਿੰਘ ਥਾਣਾ ਇੰਚਾਰਜ ਗੁਰਮੇਲ ਸਿੰਘ ਨੇ ਪੁੱਛ ਗਿੱਛ ਕਰਨ ਲਈ 26 ਜੂਨ 1992 ਨੂੰ ਚੁੱਕ ਲਿਆ ਸੀ । ਪੰਜ ਭੈਣਾਂ ਦਾ ਇਕਲੋਤਾ ਭਰਾ

ਕਸ਼ਮੀਰ ਸਿੰਘ ਉਸ ਸਮੇਂ ਨਾਬਾਲਗ ਸੀ ਜਿਸ ਨੂੰ ਪੁਲੀਸ ਅਧਿਕਾਰੀਆਂ ਨੇ ਆਪਣੀ ਤਰੱਕੀ ਲਈ ਸ਼ਿਕਾਰ ਬਣਾ ਲਿਆ ਲੱਗਦਾ ਹੈ ।

ਕਾਕਾ ਸਿੰਘ ਦੀਆਂ ਪੰਜ ਧੀਆਂ ਵਿਹੜੇ ਵਿੱਚ ਜਾਮਣ ਦੇ ਦਰਖਤ ਉਤੇ ਪੀਘਾਂ ਪਾ ਕੇ ਖੇਡਦੀਆਂ ਹੋਈਆਂ ਦੁਆਵਾਂ ਕਰਦੀਆਂ ਸੀ, 'ਇਕ ਵੀਰ ਦੇਈ ਵੇ ਰੱਬਾ ਸੌਹੁ ਖਾਣ ਨੂੰ ਬੜਾ ਚਿੱਤ ਕਰਦਾ' ਉਹਨ੍ਹਾਂ ਦੇ ਮਾਪੇ ਗੁਰਬਾਣੀ ਦੀ ਪੰਕਤੀ "ਪੁੱਤੀ ਗੰਡ ਪਵੈ" ਸੰਸਾਰ ਨੂੰ ਮੁੱਖ ਰੱਖਕੇ ਪੁੱਤਰ ਦੀ ਦਾਤ 'ਵਾਹਿਗੁਰੂ' ਪਾਸੋਂ ਮੰਗਦੇ ਸਨ ।

ਅਕਾਲ ਪੁਰਖ ਨੇ ਉਹਨਾਂ ਦੀ ਬੇਨਤੀ ਨੂੰ ਪਰਵਾਨ ਕਰਦਿਆਂ ਉਹਨਾਂ ਨੂੰ ਖੁਸ਼ੀਆਂ ਬਖਸ਼ ਦਿੱਤੀਆਂ ਤੇ ਸਾਰਾ ਪਰਿਵਾਰ ਕਸ਼ਮੀਰ ਸਿੰਘ ਨੂੰ ਦੇਖਕੇ ਉਡਿਆ ਫਿਰਦਾ ਸੀ । ਜਦੋਂ ਉਹ ਪੰਦਰਾਂ ਸਾਲ ਦਾ ਹੋਇਆ ਤਾਂ ਐਸੀ ਹਨੇਰੀ ਆਈ, ਜਿਸਨੇ ਕਾਕਾ ਸਿੰਘ ਦੇ ਪਰਿਵਾਰ ਦੇ ਨਾਲ ਹੰਸਾ ਸਿੰਘ ਦੇ ਪਰਿਵਾਰ ਦੀਆਂ ਸਾਰੀਆਂ ਖੁਸ਼ੀਆਂ ਤਹਿਸ-ਨਹਿਸ ਕਰ ਦਿੱਤੀਆਂ ਸਨ । ਦਿਹਾੜੀ ਦੱਪਾ ਕਰਕੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਕਾਕਾ ਸਿੰਘ ਵਾਸਤੇ ਨਵੀਆਂ ਮੁਸੀਬਤਾਂ ਖੜੀਆਂ ਹੋ ਗਈਆਂ । ਉਹ ਉਸ ਦਿਨ ਤੋਂ ਹੀ ਆਪਣੇ ਪੁੱਤਰ ਤੇ ਭਾਣਜੇ ਦੀ ਭਾਲ ਲਈ ਭੱਜ ਪਿਆ । ਪਰ ਹੁਣ ਤੱਕ ਉਸਦੇ ਕਸ਼ਮੀਰ ਸਿੰਘ ਤੇ ਕੁਲਵੰਤ ਸਿੰਘ ਦੇ ਜਿਉਂਦੇ ਹੋਣ ਦਾ ਕੋਈ ਸਬੂਤ ਹੱਥ ਨਹੀਂ ਲੱਗਾ । ਹੱਥ ਲੱਗੀ ਹੈ ਸਿਰਫ ਨਿਰਾਸ਼ਾ ।

ਸੁਰੱਖਿਆ ਦਸਤਿਆਂ ਨੇ ਉਨ੍ਹੀ ਦਿਨੀ ਲੋਕਾਂ ਉਤੇ ਆਪਣੇ ਜ਼ੁਲਮ ਦਾ ਨੰਗਾ ਨਾਚ ਜਾਰੀ ਰੱਖਦਿਆਂ ਹਰ ਚੜ੍ਹਦੇ ਸੂਰਜ ਨਵੇਂ ਅਤਿਆਚਾਰੀ ਕਾਰਨਾਮੇ ਨੂੰ ਅੰਜਾਮ ਦਿੱਤਾ । ਪੁਲੀਸ ਨੇ ਹਰ ਪੱਖੋਂ ਨਿਰਲੇਪ ਪਰਿਵਾਰਾਂ ਤੋਂ ਇਲਾਵਾ ਸਿੱਖ ਸੰਘਰਸ਼ ਵਿੱਚ ਕੁੱਦੇ ਹੋਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਅਤਿਆਚਾਰ ਦਾ ਸ਼ਿਕਾਰ ਬਣਾਇਆ ਸਗੋਂ ਉਹਨਾਂ ਦੇ ਅਗੇਲਰੇ ਰਿਸ਼ਤੇਦਾਰਾਂ ਤੱਕ ਨੂੰ ਵੀ ਨਾ ਬਖਸ਼ਿਆ ਤੇ ਪੁਲੀਸ ਨੇ ਬਿਨਾ ਕਾਨੂੰਨੋਂ ਮਿਲੇ ਵੱਧ ਅਧਿਕਾਰਾਂ ਤੇ ਕਾਨੂੰਨਾਂ ਰਾਹੀ ਦਹਿਸ਼ਤੀ ਅਧਿਕਾਰਾਂ ਦੀ ਰੱਜਕੇ ਦੁਰ ਵਰਤੋਂ ਕੀਤੀ । ਜਰਨੈਲ ਸਿੰਘ ਸ਼ੁਤਰਾਣਾ ਸੰਘਰਸ਼ ਵਿੱਚ ਕੁੱਦ ਕੇ ਘਰੋਂ ਫਰਾਰ ਹੋਇਆ ਤੇ ਪੁਲੀਸ ਨੇ ਉਸਦੇ ਪਰਿਵਾਰੇ ਉਤੇ ਅੰਤਾਂ ਦਾ ਕਹਿਰ ਢਾਹਣਾ ਜਾਰੀ ਰੱਖਿਆ । ਆਜ਼ਾਦੀ ਘੁਲਾਟੀਏ ਜਥੇਦਾਰ ਵਰਿਆਮ ਸਿੰਘ ਜਿਹਨਾਂ ਦਾ ਆਜ਼ਾਦੀ ਦੀ ਲਹਿਰਾਂ ਵਿੱਚ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ, ਦੇ ਪੁੱਤਰ ਗਿਆਨੀ ਕੇਹਰ ਸਿੰਘ ਤੇ ਬੀਬੀ ਲਾਭ ਕੌਰ ਦੀ ਕੁੱਖੋਂ ਜਨਮੇ ਜਰਨੈਲ ਸਿੰਘ, ਅਵਤਾਰ ਸਿੰਘ ਤੇ ਹਰਭਜਨ ਸਿੰਘ ਵਿੱਚੋਂ ਜਰਨੈਲ ਸਿੰਘ ਸ਼ੁਤਰਾਣਾ ਆਪਣੇ ਦਾਦੇ ਦੇ ਨਕਸ਼ੇ-ਏ-ਕਦਮ ਉਤੇ ਚਲਦਾ ਹੋਇਆ ਸਿੱਖ ਕੌਮ ਦੀ ਆਜ਼ਾਦੀ ਲਈ ਸ਼ੁਰੂ ਕੀਤੀ ਲੜਾਈ ਵਿੱਚ ਸ਼ਾਮਲ ਹੋ ਗਿਆ । ਪੁਲੀਸ ਨੇ

ਉਸਦੀ ਭਾਲ ਵਿੱਚ ਉਸਦੇ ਨਾਲ ਸੰਬਧਤ ਪਰਿਵਾਰਾਂ ਉਤੇ ਜੋ ਅਤਿਆਚਾਰ ਕੀਤਾ ਉਸਦੀ ਦਾਸਤਾਨ ਬੜੀ ਲੰਮੀ ਹੈ ।

ਜਥੇਦਾਰ ਵਰਿਆਮ ਸਿੰਘ ਨੇ ਜੈਤੋ ਤੇ ਗੁਰੂ ਕੇ ਬਾਗ ਮੋਰਚਿਆਂ ਵਿੱਚ ਹਿੱਸਾ ਲਿਆ ਤੇ ਉਹ ਸ਼ਹੀਦ ਭਗਤ ਸਿੰਘ ਨਾਲ ਲਹੌਰ ਜੇਲ੍ਹ 'ਚ ਵੀ ਬੰਦ ਰਹੇ ।

ਉਹਨਾਂ ਦੇ ਪੁੱਤਰ ਗਿਆਨੀ ਕੇਹਰ ਸਿੰਘ ਨੂੰ ਜਰਨੈਲ ਸਿੰਘ ਦਾ ਪਿਤਾ ਹੋਣ ਦੇ ਜ਼ੁਰਮ ਵਿੱਚ ਸੁਰੱਖਿਆ ਦਸਤਿਆਂ ਨੇ ਮੰਡੀ ਅਹਿਮਦਗੜ੍ਹ ਤੋਂ ਉਸ ਸਮੇਂ ਚੁੱਕ ਲਿਆ ਜਦੋਂ ਉਹ ਕਿਸੇ ਰਿਸ਼ਤੇਦਾਰੀ ਵਿੱਚ ਗਿਆ ਹੋਇਆ ਸੀ । ਪੁਲੀਸ ਤਸ਼ੱਦਦ ਦਾ ਸਤਾਇਆ ਹੋਇਆ ਸਾਰਾ ਪਰਿਵਾਰ ਘਰੋਂ ਬੇਘਰ ਹੋ ਗਿਆ । ਪੁਲੀਸ ਨੇ ਸੁੰਨੇ ਮਕਾਨਾਂ ਵਿੱਚੋਂ ਸਾਰਾ ਕੀਮਤੀ ਸਮਾਨ ਚੁੱਕ ਲਿਆ, ਮਾਲ ਡੰਗਰ ਖੋਲ੍ਹ ਦਿੱਤੇ, ਫਸਲਾਂ ਵਾਹ ਦਿੱਤੀਆਂ ਤੇ ਅੰਤ ਮਕਾਨ ਵੀ ਢਾਹ ਦਿੱਤੇ । ਪੁਲੀਸ ਵੱਲੋਂ ਚੁੱਕੇ ਗਿਆਨੀ ਕੇਹਰ ਸਿੰਘ ਦੀ ਹੁਣ ਤੱਕ ਕੋਈ ਉਘ-ਸੁੱਘ ਨਹੀਂ ਪਈ ।

ਆਜ਼ਾਦੀ ਘਲਾਟੀਏ ਜਥੇਦਾਰ ਵਰਿਆਮ ਦੇ ਦੂਸਰੇ ਪੁੱਤਰ ਦਲੀਪ ਸਿੰਘ ਦੇ ਪਰਿਵਾਰ ਨੂੰ ਪੁਲੀਸ ਨੇ ਇਹ ਕਹਿਕੇ ਸਿਕੰਜ਼ੇ ਵਿੱਚ ਲੈ ਲਿਆ ਕਿ ਤੁਹਾਡੇ ਕੋਲ ਜਰਨੈਲ ਸਿੰਘ ਆਉਂਦਾ ਹੈ । ਪੁਲੀਸ ਨੇ ਜਰਨੈਲ ਸਿੰਘ ਦੇ ਤਾਏ ਦਲੀਪ ਸਿੰਘ ਦੇ ਪੁੱਤਰ ਸੇਵਾ ਸਿੰਘ, ਸੰਤੋਖ ਤੇ ਤਰਨਜੀਤ ਸਿੰਘ ਉਤੇ ਅਣਮਨੁੱਖੀ ਤਸ਼ੱਦਦ ਜਾਰੀ ਰੱਖਿਆ । ਪੁਲੀਸ ਦੇ ਵਹਿਸ਼ੀ ਜ਼ੁਲਮ ਦੇ ਸ਼ਿਕਾਰ ਹੋ ਰਹੇ ਸੇਵਾ ਸਿੰਘ ਦੇ ਹੱਥ ਨਕਾਰਾ ਹੋ ਗਏ ਸੀ । ਪੁਲੀਸ ਨੇ ਆਪਣੇ ਜਬਰ ਦਾ ਸ਼ਿਕਾਰ ਇਹਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਬਣਾਉਣਾ ਜਾਰੀ ਰੱਖਿਆ ਜਿਸ ਕਰਕੇ ਸ. ਸੇਵਾ ਸਿੰਘ ਦੀ ਸਾਲੀ ਦਾ ਪੁੱਤਰ ਨਿਸ਼ਾਨ ਸਿੰਘ ਵੀ ਸਿੱਖ ਸੰਘਰਸ਼ ਵਿੱਚ ਕੁੱਦ ਪਿਆ ਤੇ ਆਪਣੇ ਪਰਿਵਾਰ ਉਤੇ ਹੋਏ ਪੁਲਸੀਆਂ ਦੇ ਜ਼ੁਲਮ ਦੇ ਬਦਲੇ ਲੈਂਦਿਆਂ ਸ਼ਹੀਦੀ ਜਾਮ ਪੀ ਗਿਆ । ਸੇਵਾ ਦਾ ਛੋਟਾ ਭਰਾ ਚਰਨਜੀਤ ਸਿੰਘ ਪੁਲੀਸ ਤੋਂ ਦੁਖੀ ਹੋਇਆ ਆਸੇ ਪਾਸੇ ਰਹਿਣ ਲੱਗ ਪਿਆ । ਪੁਲੀਸ ਨੇ ਉਸਨੂੰ ਕਾਬੂ ਕਰਨ ਵਾਸਤੇ ਦਲੀਪ ਸਿੰਘ ਦੇ ਪਰਿਵਾਰ ਦੀਆਂ ਔਰਤਾਂ ਤੇ ਉਸਦੇ ਮੁੰਡਿਆਂ ਨੂੰ ਚੁੱਕ ਲਿਆ । ਆਖਰ ਦੁਖੀ ਪਰਿਵਾਰ ਨੇ 3 ਨਵੰਬਰ 1992 ਨੂੰ ਤਰਨਜੀਤ ਸਿੰਘ ਨੂੰ ਪੁਲੀਸ ਚੌਂਕੀ ਸ਼ੁਤਰਾਣਾ ਦੇ ਇੰਚਾਰਜ ਵੱਸਣ ਕੋਲ ਪਿੰਡ ਦੀ ਪੰਚਾਇਤ ਰਾਹੀਂ ਪੇਸ਼ ਕਰ ਦਿੱਤਾ ਸੀ ।

ਤਰਨਜੀਤ ਸਿੰਘ ਤੋਂ ਕੁਝ ਦਿਨ ਪਹਿਲਾਂ ਅਮਰੀਕ ਸਿੰਘ ਗਦੱਈਆ ਪੁੱਤਰ ਗੁਰਬਚਨ ਸਿੰਘ ਨੂੰ ਪਿੰਡ ਵਾਸੀਆਂ ਨੇ ਸੀ.ਆਈ.ਏ.ਸਟਾਫ (ਸਮਾਣਾ) ਦੇ ਇੰਚਾਰਜ ਗੁਰਮੇਲ ਸਿੰਘ ਕੋਲ ਤੇ ਸੁਖਵਿੰਦਰ ਸਿੰਘ ਸੁੱਖਾ ਪੁੱਤਰ ਗੁਰਬਚਨ ਸਿੰਘ ਨੂੰ ਡੀ.ਐਸ. ਪੀ. (ਸਮਾਣਾ) ਵਰਿੰਦਰ ਸਿੰਘ ਕੋਲ ਪੇਸ਼ ਕੀਤਾ ਸੀ । ਪੁਲੀਸ ਨੇ ਇਨ੍ਹਾਂ ਤਿੰਨਾਂ ਨੂੰ ਅਦਾਲਤ

ਵਿੱਚ ਪੇਸ਼ ਕਰਕੇ ਇਨ੍ਹਾਂ ਪਾਸੋਂ ਖਾੜਕੂਆਂ ਬਾਰੇ ਪੁੱਛਗਿੱਛ ਕਰਨ ਲਈ 18 ਨਵੰਬਰ ਤੱਕ ਦਾ ਪੁਲੀਸ ਰਿਮਾਂਡ ਲਿਆ ਸੀ। ਇਸ ਦੌਰਾਨ ਇਹਨਾਂ ਉਤੇ ਭਾਰੀ ਤਸ਼ੱਦਦ ਹੋਇਆ 18 ਨਵੰਬਰ 1992 ਨੂੰ ਜਦੋਂ ਇਹਨ੍ਹਾਂ ਨੂੰ ਅਦਾਲਤ ਵਿੱਚ ਫੇਰ ਪੇਸ਼ ਕੀਤਾ ਤਾਂ ਦਿੜ੍ਹਬਾ ਦੀ ਪੁਲੀਸ ਨੇ ਇਨ੍ਹਾਂ ਤੋਂ ਪੁੱਛਗਿੱਛ ਕਰਨ ਵਾਸਤੇ ਕੁਝ ਦਿਨਾਂ ਦਾ ਰਿਮਾਂਡ ਹਾਸਲ ਕਰਲਿਆ। ਦਿੜ੍ਹਬਾ ਪੁਲੀਸ ਇਨ੍ਹਾਂ ਨੂੰ ਲੈ ਕੇ ਘੁੰਮਦੀ ਰਹੀ ਤੇ ਆਖਰ ਪੁਲੀਸ ਨੇ ਇਕ ਨਵੀਂ ਕਹਾਣੀ ਲੋਕਾਂ ਦੇ ਸਾਹਮਣੇ ਪੇਸ਼ ਕਰਦਿਆਂ ਕਿਹਾ, 'ਪੁਲੀਸ ਪਾਰਟੀ ਉਕਤ ਤਿੰਨੇ ਵਿਅਕਤੀਆਂ ਨੂੰ ਲੈ ਕੇ ਹੱਥਿਆਰ, ਗੋਲੀ ਸਿੱਕਾ, ਬਰਾਮਦ ਕਰਨ ਜਾ ਰਹੀ ਸੀ ਤੇ ਜਿਉਂ ਹੀ ਪੁਲੀਸ ਪਾਰਟੀ 24 ਨਵੰਬਰ ਦੀ ਰਾਤ ਨੂੰ ਜਿਲ੍ਹਾ ਸੰਗਰੂਰ ਦੇ ਪਿੰਡ ਚੱਠਾ ਖੁਰਦ ਪਹੁੰਚੀ ਤਾਂ ਛੁਪਕੇ ਬੈਠੇ ਖਾੜਕੂਆਂ ਨੇ ਉਸ ਉਤੇ ਹਮਲਾ ਕਰ ਦਿੱਤਾ। ਇਸ ਮੁਕਾਬਲੇ ਵਿੱਚ ਕਿਸੇ ਵੀ ਪੁਲੀਸ ਕਰਮਚਾਰੀ ਦੇ ਚੋਟ ਨਹੀਂ ਲੱਗੀ ਪਰ ਖਾੜਕੂ ਤਿੰਨਾਂ ਵਿਅਕਤੀਆਂ ਨੂੰ ਛੁਡਾਕੇ ਲੈ ਗਏ।' ਪੁਲੀਸ ਇਸ ਤਰ੍ਹਾਂ ਇਨ੍ਹਾਂ ਤਿੰਨਾਂ ਵਿਅਕਤੀਆਂ ਨੂੰ ਖਪਾਉਣ ਵਿੱਚ ਸਫਲ ਹੋ ਗਈ। ਇਸ ਘਟਨਾ ਤੋਂ ਮਗਰੋਂ ਇਹਨਾਂ ਦੇ ਜਿਉਂਦੇ ਹੋਣ ਜਾਂ ਮੁਕਾਬਲਾ ਹੋਏ ਹੋਣ ਦੀ ਖ਼ਬਰ ਉਨ੍ਹਾਂ ਦੇ ਵਾਰਸਾਂ ਨੂੰ ਨਹੀਂ ਮਿਲੀ। ਪੁਲੀਸ ਵੱਲੋਂ ਝੂਠੇ ਪੁਲੀਸ ਮੁਕਾਬਲੇ ਵਿੱਚ ਖਪਾਏ ਤਰਨਜੀਤ ਸਿੰਘ ਤੇ ਅਮਰੀਕ ਸਿੰਘ ਗਦੱਈਆ ਦੀਆਂ ਪਤਨੀਆਂ ਹੁਣ ਤੱਕ ਇਹ ਸਮਝਣ 'ਚ ਅਸਮਰਥ ਹਨ ਕਿ ਉਨ੍ਹਾਂ ਦੇ ਪਤੀਆਂ ਨੇ ਭਾਰਤ ਸਰਕਾਰ ਦਾ ਕੀ ਵਿਗਾੜਿਆ ਸੀ ਜਿਸ ਦੀ ਉਨ੍ਹਾਂ ਨੂੰ ਇਹ ਸਜ਼ਾ ਮਿਲੀ ਹੈ।

ਪਿੰਡ ਸ਼ੁਤਰਾਣਾ ਦਾ ਜਸਵੰਤ ਸਿੰਘ (60) ਪੁੱਤਰ ਆਸਾ ਸਿੰਘ ਜਿਸਦਾ ਪਿੰਡ ਤੋਂ ਹਟਵਾਂ ਭਾਖੜਾ ਨਹਿਰ ਦੇ ਨੇੜੇ ਡੇਰਾ ਹੈ, ਉਹ ਖੇਤੀ ਕਰਦਾ ਸੀ ਉਸਦਾ ਪਰਿਵਾਰ ਸੁੱਖਾਂ ਭਰੇ ਦਿਨ ਗੁਜ਼ਾਰਦਾ ਸੀ। ਉਹਨਾਂ ਕਦੇ ਕਿਸੇ ਦੇ ਮਾਮਲੇ ਵਿੱਚ ਦਖਲ ਨਹੀਂ ਸੀ ਦਿੱਤਾ। ਉਸ ਨੂੰ ਵੀ ਪੁਲੀਸ ਜਬਰ ਦਾ ਸ਼ਿਕਾਰ ਹੀ ਨਹੀਂ ਹੋਣਾ ਪਿਆ ਸਗੋਂ ਆਪਣੀ ਜਾਨ ਗਵਾਉਣੀ ਪਈ ਉਸਦਾ ਕਸੂਰ ਸੀ ਕਿ ਉਹ ਜਰਨੈਲ ਸਿੰਘ ਸ਼ੁਤਰਾਣਾ ਦੇ ਤਾਏ ਦਲੀਪ ਸਿੰਘ ਦਾ ਪੁੱਤਰ ਸੁੰਤਤਰਤਾ ਸੰਗਰਾਮੀ ਵਰਿਆਮ ਸਿੰਘ ਦਾ ਸਾਲਾ ਸੀ। ਸ਼ੁਤਰਾਣਾ ਪੁਲੀਸ ਚੌਂਕੀ ਵਿੱਚ 1992 ਨੂੰ ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਭੋਗ ਵਾਲੇ ਦਿਨ ਪੁਲੀਸ ਨੇ ਪਿੰਡ ਵਾਸੀਆਂ ਨੂੰ ਕਿਹਾ ਦੁੱਧ ਲੈ ਆਉਣਾ ਹੈ, ਗੁਰੂ ਘਰ ਦਾ ਪ੍ਰੇਮੀ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਅਥਾਹ ਵਿਸ਼ਵਾਸ ਰੱਖਣ ਵਾਲਾ ਜਸਵੰਤ ਸਿੰਘ ਘਰੋਂ ਦੁੱਧ ਦੀ ਡੋਲਣੀ ਭਰਕੇ ਪੁਲੀਸ ਚੌਂਕੀ ਸ਼ੁਤਰਾਣਾ ਆਣ ਪਹੁੰਚਿਆ। ਪ੍ਰਬੰਧਕਾਂ ਨੂੰ ਦੁੱਧ ਸੰਭਾਲਕੇ ਆਪ ਸੇਵਾ ਵਿੱਚ ਜੁਟ ਗਿਆ। ਇਕ ਪੁਲੀਸ ਅਫਸਰ ਹਰਭਜਨ ਸਿੰਘ ਨੇ ਜਿਉ ਹੀ ਉਸ ਨੂੰ ਬੈਠਿਆਂ ਦੇਖਿਆ ਤੇ ਗੁੱਸੇ ਵਿੱਚ ਆ ਕੇ ਉਸਨੇ ਜਸਵੰਤ ਸਿੰਘ ਦੇ ਐਸਾ

ਠੁੱਡ ਮਾਰਿਆ ਉਹ ਪੁੱਠਾ ਹੋ ਕੇ ਡਿੱਗ ਪਿਆ ਤੇ ਖੂਨ ਵਹਿਣਾ ਸ਼ੁਰੂ ਹੋ ਗਿਆ । ਪੁਲੀਸ ਨੇ ਉਸ ਨੂੰ ਉਸ ਵਕਤ ਗੱਡੀ ਵਿੱਚ ਪਾਇਆ ਤੇ ਥਾਣੇ ਵਿੱਚੋਂ ਬਾਹਰ ਲੈ ਗਈ । ਉਸ ਤੋਂ ਮਗਰੋਂ ਉਸਦਾ ਕੋਈ ਪਤਾ ਨਹੀਂ ਲੱਗਿਆ । ਉਸਦੀ ਪਤਨੀ ਪ੍ਰੀਤਮ ਕੌਰ ਨੂੰ ਪੁਲੀਸ ਚੌਂਕੀ ਵਿੱਚ ਦੁੱਧ ਲੈ ਕੇ ਜਾਣ ਦਾ ਪਛਤਾਵਾ ਅੱਜ ਵੀ ਵੱਢ-ਵੱਢ ਖਾ ਰਿਹਾ ਹੈ ।

ਪਿੰਡ ਕਲਾਰਾਂ ਦੇ ਹੀ ਮੂਲ ਵਾਸੀ ਤੇ ਮਸ਼ਹੂਰ ਖਾੜਕੂ ਸੁਖਰਾਮ ਸਿੰਘ ਸੁੱਖੀ ਦੀ ਮਾਤਾ ਬਚਨ ਕੌਰ ਪਤਨੀ ਜੈਮਲ ਸਿੰਘ ਨੂੰ ਪੁਲੀਸ ਉਸਦੇ ਘਰੋਂ ਹੀ ਸੁਖਰਾਮ ਸਿੰਘ ਸੁੱਖੀ ਦੇ ਮੁਕਾਬਲੇ ਵਿੱਚ ਸ਼ਹੀਦ ਹੋ ਜਾਣ ਮਗਰੋਂ ਲੈ ਗਈ ਸੀ । ਮਾਤਾ ਬਚਨ ਕੌਰ ਬਾਰੇ ਉਸਦੇ ਸਾਕ ਸਬੰਧੀਆਂ ਵੱਲੋਂ ਪੁੱਛ-ਪੜਤਾਲ ਕਰਨ ਉਤੇ ਨੇੜਲੇ ਥਾਣਿਆਂ ਦੀ ਪੁਲੀਸ ਨੇ ਕੋਈ ਰਾਹ ਨਹੀਂ ਦਿੱਤਾ ਜਿਸ ਦਿਨ ਬਚਨ ਕੌਰ ਨੂੰ ਪੁਲੀਸ ਨੇ ਚੁੱਕਿਆ, ਲੋਕਾਂ ਦੇ ਦੱਸਣ ਅਨੁਸਾਰ ਪਿੰਡ ਦੇ ਬਾਹਰ ਵਾਰ ਗੋਲੀਆਂ ਚੱਲਣ ਦੀ ਆਵਾਜ਼ ਆਈ ਸੀ । ਉਸ ਤੋਂ ਮਗਰੋਂ ਬਚਨ ਕੌਰ ਦਾ ਪਤਾ ਨਹੀਂ ਲੱਗਿਆ । ਪੁਲੀਸ ਨੇ ਉਸਨੂੰ ਕਿੱਥੇ ਖਪਾ ਦਿੱਤਾ ਹੈ ਉਸਦੇ ਵਾਰਸਾਂ ਨੂੰ ਤਾਂ ਉਸਦੀ ਲਾਸ਼ ਤੱਕ ਵੀ ਨਹੀਂ ਮਿਲੀ ।

ਗੁਰਤੇਜ ਸਿੰਘ ਵਾਸੀ ਘੁੰਮਣ ਕਲਾਂ ਜਿਲ੍ਹਾ ਬਠਿੰਡਾ ਨੂੰ 21 ਜੁਲਾਈ 1992 ਨੂੰ ਐਸ.ਐਚ.ਓ. ਸੁਰਜੀਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਘਰੋਂ ਹੀ ਚੁੱਕ ਕੇ ਲੈ ਗਿਆ ਸੀ । ਉਦੋਂ ਤੋਂ ਹੀ ਉਸਦੀ ਪਤਨੀ ਵੀਰਪਾਲ ਕੌਰ, ਮਾਤਾ ਮਲਕੀਤ ਕੌਰ ਉਸਦੀ ਭਾਲ ਲਈ ਅਦਾਲਤਾਂ ਵਿੱਚ ਤੇ ਹਰ ਥਾਂ-ਕੁਥਾਂ ਠੋਕਰਾਂ ਖਾ ਰਹੀਆਂ ਹਨ । ਉਹਨਾਂ ਦੀ ਧੀ ਅਮਨਦੀਪ ਕੌਰ ਦੇ ਪੁੱਤਰ ਜੁਰਬੀਰ ਸਿੰਘ ਉਨ੍ਹਾਂ ਦੀ ਉਡੀਕ ਵਿੱਚ ਹਰ ਪਲ ਗੁਜ਼ਾਰ ਰਹੇ ਹਨ ।

ਗੁਰਤੇਜ ਸਿੰਘ ਪਿੰਡ ਘੁੰਮਣ ਕਲਾਂ ਜ਼ਿਲ੍ਹਾ ਬਠਿੰਡਾ ਤੋਂ ਆਈ.ਟੀ.ਆਈ. ਕਰਨ ਮਗਰੋਂ ਬਿਜਲੀ ਬੋਰਡ ਵਿੱਚ ਨੌਕਰੀ ਕਰਦਾ ਸੀ । ਕਿਸੇ ਮੁਖਬਰ ਵੱਲੋਂ ਦਿੱਤੀ ਝੂਠੀ ਇਤਲਾਹ ਤੇ ਪੁਲੀਸ ਉਸਨੂੰ ਚੁੱਕ ਕੇ ਲੈ ਗਈ । ਉਸਦੀ ਪਤਨੀ ਵੀਰ ਪਾਲ ਕੌਰ ਨੇ ਹਾਈ ਕੋਰਟ ਵਿੱਚ ਪੁਲੀਸ ਖਿਲਾਫ ਕੇਸ ਪਾਇਆ ਹੋਇਆ ਹੈ ਪਰ ਹਲੇ ਤੱਕ ਪੱਲੇ ਕੁਝ ਨਹੀਂ ਪਿਆ । ਉਹ ਆਪਣੇ ਪਿੰਡ ਵਿੱਚ ਜ਼ਿੰਦਗੀ ਦੇ ਔਖੇ ਸਮੇਂ ਨੂੰ ਪਰਿਵਾਰ ਨਾਲ 'ਅਕਾਲ ਪੁਰਖ' ਦਾ ਭਾਣਾ ਮੰਨਕੇ ਗੁਜ਼ਾਰ ਰਹੀ ਹੈ ।

ਸੁਖਦੇਵ ਸਿੰਘ ਬੀਰ ਵਾਸੀ ਮੰਡੀ ਕਲਾਂ ਬਾਲਿਆਂਵਾਲੀ ਨੂੰ ਪੁਲੀਸ ਥਾਣਾ ਬਾਲਿਆਂਵਾਲੀ ਦੇ ਮੁਖੀ ਕੇਵਲ ਸਿੰਘ ਦੀ ਅਗਵਾਈ ਹੇਠ 5 ਜੂਨ 1991 ਦੀ ਰਾਤ ਨੂੰ ਗਿਆਰਾਂ ਵਜੇ ਗੱਡੀ (ਡੀ.ਏ.ਵੀ. 1880) ਵਿੱਚ ਸੁੱਟ ਕੇ ਲੈ ਗਈ ਸੀ । ਉਸ ਤੋ ਮਗਰੋਂ ਉਸਦਾ ਕੋਈ ਥਹੁ ਪਤਾ ਨਹੀਂ ਲੱਗਿਆ । ਇਸ ਸਬੰਧੀ ਥਾਣੇ ਬਲਿਆਂਵਾਲੀ ਵਿੱਚ ਰਿਪੋਰਟ ਤਾਂ ਦਰਜ ਕਰ ਲਈ ਸੀ ਪਰ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ ।

ਉਸਦੀ ਮਾਤਾ ਤੇਜ ਕੌਰ ਨੇ ਪੁੱਤਰ ਦੇ ਵਿਛੋੜੇ ਵਿੱਚ ਅੱਖਾਂ ਦੀ ਰੋਸ਼ਨੀ ਗੁਆ ਲਈ ਹੈ। ਉਹਨਾਂ ਇਨਸਾਫ ਲਈ ਪੰਜਾਬ ਦੇ ਰਾਜਪਾਲ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਪੱਤਰ ਲਿਖੇ ਸਨ ਪਰ ਨਿਰਾਸ਼ਾ ਹੀ ਪੱਲੇ ਪਈ ਹੈ। ਪੁੱਤਰ ਦੀ ਭਾਲ ਵਿੱਚ ਭਟਕਦਾ ਉਸਦਾ ਪਿਤਾ ਗੁਰਦਿਆਲ ਸਿੰਘ ਇਸ ਸੰਸਾਰ ਤੋਂ ਚੱਲ ਵਸਿਆ ਹੈ। ਉਸਦੇ ਭਰਾ ਜਰਨੈਲ ਸਿੰਘ ਤੇ ਭੂਰਾ ਸਿੰਘ ਅਨੁਸਾਰ ਪੁਲੀਸ ਉਹਨਾਂ ਦੇ ਭਰਾ ਨੂੰ ਜਾਣ ਬੁੱਝ ਕੇ ਪ੍ਰੇਸ਼ਾਨ ਕਰਦੀ ਹੋਈ ਹਰ ਰੋਜ਼ ਉਸਨੂੰ ਥਾਣੇ ਵਿੱਚ ਸੱਦ ਲੈਂਦੀ ਸੀ। ਬੀ.ਏ.ਪਾਸ ਸੁਖਦੇਵ ਸਿੰਘ ਬੀਰ ਅੰਮ੍ਰਿਤਧਾਰੀ ਹੋਣ ਕਰਕੇ ਪੰਜ ਬਾਣੀਆਂ ਦਾ ਨਿੱਤਨੇਮੀ ਸੀ। ਉਹ ਸਵੇਰੇ ਸ਼ਾਮ ਗੁਰੂ ਘਰ ਜਾਂਦਾ ਸੀ। ਇਸ ਕਰਕੇ ਪੁਲੀਸ ਨੇ ਤਿੰਨ ਵਾਰੀ ਉਸ ਉਤੇ ਅਣਮਨੁੱਖੀ ਤਸ਼ੱਦਦ ਕੀਤਾ ਸੀ, ਪਰ ਉਸਨੇ ਸਿੱਖੀ ਵੱਲੋਂ ਮੁੱਖ ਨਹੀਂ ਮੋੜਿਆ।

ਇਸੇ ਹੀ ਪਿੰਡ ਦੇ ਅੰਮ੍ਰਿਤਪਾਲ ਸਿੰਘ ਭਾਈਕਾ (17) ਪੁੱਤਰ ਕੇਹਰ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸਨੂੰ 1992 ਵਿੱਚ ਸਵੇਰੇ ਚਾਰ ਵਜੇ ਸਿਵਲ ਵਰਦੀ' ਚ ਆਈ ਪੁਲੀਸ ਲੈ ਗਈ ਸੀ। ਪੁੱਤਰ ਦੇ ਵਿਛੋੜੇ ਨੂੰ ਸਹਿਣ ਨਾ ਕਰਦਾ ਹੋਇਆ ਕੇਹਰ ਸਿੰਘ ਦੁਨੀਆ ਤੋਂ ਕੂਚ ਕਰ ਗਿਆ ਹੈ।

ਸੰਤੋਖ ਸਿੰਘ ਵਾਸੀ ਮੰਡੀ ਕਲਾਂ ਵਿੱਚ ਹੀ ਮੈਡੀਕਲ ਪ੍ਰੈਕਟੀਸ਼ਨਰ ਵਜੋਂ ਕੰਮ ਕਰਦਾ ਸੀ। ਉਸਨੂੰ ਪੁਲੀਸ ਦਿਨ ਦਿਹਾੜੇ ਚੁੱਕ ਕੇ ਲੈ ਗਈ ਸੀ। ਉਸਦੀ ਪਤਨੀ ਤੇ ਬੱਚਿਆਂ ਨੇ ਉਸਦੀ ਬਹੁਤ ਜ਼ਿਆਦਾ ਭਾਲ ਕੀਤੀ ਪਰ ਉਸਦਾ ਕੋਈ ਪਤਾ ਨਹੀਂ ਲੱਗਿਆ।

ਜ਼ਿਲ੍ਹਾ ਸੰਗਰੂਰ ਦੀ ਸਬ ਡਵੀਜਨ ਮੂਨਕ ਦੇ ਪਿੰਡ ਕੜੈਲ ਤੋਂ ਕਾਲੇ ਦਿਨਾਂ ਦੀ ਭੇਂਟ ਚੜ੍ਹੇ ਕਿਸਾਨ ਰਣਜੀਤ ਸਿੰਘ ਪੁੱਤਰ ਰੋਣਕ ਸਿੰਘ ਦੇ ਘਰ ਕੁੱਝ ਪੱਤਰਕਾਰ ਗਏ, ਪਤਾ ਲੱਗਿਆ ਉਸਦਾ ਪਰਿਵਾਰ ਪਟਿਆਲੇ ਚਲਾ ਗਿਆ ਹੈ। ਮੰਜੇ ਉਤੇ ਬੈਠੇ ਬਜ਼ੁਰਗ ਨਾਲ ਗੱਲ ਹੋਈ। ਉਸਨੇ ਲੰਮਾ ਹਉਂਕਾ ਭਰਦਿਆਂ ਕਿਹਾ, " ਪੱਤਰਕਾਰੋ ਪੰਜਾਬ ਦੀ ਪੁਲੀਸ ਨਾਲ ਪੰਗਾਂ ਲੈਣ ਦਾ ਕੋਈ ਫਾਇਦਾ ਨਹੀਂ ਹੋਣਾ। ਇਸ ਜੰਗਲ ਰਾਜ ਵਿੱਚ ਕਿਸੇ ਨੂੰ ਕੋਈ ਇਨਸਾਫ ਨਹੀਂ ਮਿਲਦਾ।" ਉਨ੍ਹਾਂ ਕਾਲੇ ਦਿਨਾਂ ਵਿੱਚ ਪੁਲੀਸ ਨੇ ਬੇਦੋਸ਼ੇ ਲੋਕਾਂ ਨੂੰ ਮਾਰਿਆ, ਘਰਾਂ ਵਿੱਚ ਵੜਕੇ ਇੱਜ਼ਤਾਂ ਨੂੰ ਹੱਥ ਪਾਏ, ਲੱਖਾਂ ਰੁਪਏ ਦੇ ਇਨਾਮ ਅਤੇ ਤਰੱਕੀਆਂ ਲੈ ਕੇ ਪੁਲੀਸ ਵਾਲੇ ਅਫਸਰ ਬਣ ਬੈਠੇ ਹਨ।

ਰਣਜੀਤ ਸਿੰਘ (40) ਕੁ ਸਾਲ ਦਾ ਸੀ। ਘਰ ਵਿੱਚ ਉਸਦੀ ਪਤਨੀ ਤੋਂ ਇਲਾਵਾ ਉਸਦਾ ਪੁੱਤਰ ਤੇ ਧੀ ਵੀ ਸਨ। 1993 ਵਿੱਚ ਪੁਲੀਸ ਉਸਨੂੰ ਘਰੋਂ ਚੁੱਕ ਕੇ ਲੈ ਜਾਂਦੀ ਤੇ ਛੱਡ ਦਿੰਦੀ ਸੀ। ਆਖਰਕਾਰ ਇੱਕ ਰਾਤ ਪੁਲੀਸ ਮੁਲਾਜ਼ਮ ਬਲਦੇਵ ਸਿੰਘ ਕਾਲਾ, ਇੰਚਾਰਜ ਗੁਰਦਿਆਲ ਸਿੰਘ, ਡੀ.ਐਸ.ਪੀ (ਸੁਨਾਮ) ਜਗਦੀਸ਼ ਸਿੰਘ, ਰਣਜੀਤ

ਸਿੰਘ ਨੂੰ ਘਰੋਂ ਲੈ ਗਏ । ਉਸਤੋਂ ਮਗਰੋਂ ਉਸਦਾ ਕੋਈ ਪਤਾ ਨਹੀਂ ਲੱਗਿਆ ਕਿ ਪੁਲੀਸ ਨੇ ਉਸਨੂੰ ਕਿਹੜਾ ਖਾੜਕੂ ਬਣਾ ਕੇ ਮੌਤ ਦੇ ਘਾਟ ਉਤਾਰਿਆ ਹੈ ।

ਪੁਲੀਸ ਦੀ ਹਨੇਰਗਰਦੀ ਦੀ ਦੌਰਾਨ ਪੁਲੀਸ ਦੇ ਹੱਥ ਚੜ੍ਹੇ ਦੋ ਨੌਜਵਾਨਾਂ ਨੂੰ ਉਡੀਕਦਿਆਂ ਬਜ਼ੁਰਗ ਮਾਪਿਆਂ ਦੀਆਂ ਅੱਖਾਂ ਵਿੱਚੋਂ ਹੰਝੂ ਮੁਕ ਗਏ ਹਨ, ਪਰ ਉਨ੍ਹਾਂ ਦੀਆਂ ਅੱਖੀਆਂ ਅਜੇ ਵੀ ਪੁੱਤਰਾਂ ਨੂੰ ਉਡੀਕ ਰਹੀਆਂ ਹਨ ਤੇ ਪੁੱਤਰਾਂ ਬਾਰੇ ਅਜੇ ਤੱਕ ਪਤਾ ਨਹੀਂ ਲੱਗਿਆ ਕਿ ਪੁਲੀਸ ਨੇ ਕਿੱਥੇ ਖਪਾਏ ਹਨ । ਇਹ ਦਰਦ ਕਹਾਣੀ ਮਾਨਸਾ ਜ਼ਿਲ੍ਹੇ ਦੇ ਪਿੰਡ ਉਭਾ ਦੇ ਦਲਿਤ ਪਰਿਵਾਰ ਦੇ ਚਰਨ ਸਿੰਘ ਦੀ ਹੈ ਜੋ ਹੁਣ ਬੇਵੱਸੀ ਕਾਰਨ ਮਾਨਸਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਦਾ ਘਰ ਦੀ ਆਰਥਿਕ ਤੰਗੀ ਤੇ ਸਰਕਾਰੇ ਦਰਬਾਰੇ ਪਹੁੰਚ ਨਾ ਹੋਣ ਕਾਰਨ ਦੋ ਪੁੱਤਰਾਂ ਦੇ ਵਿਛੋੜੇ ਦਾ ਦਰਦ ਸਬਰ ਦਾ ਘੁੱਟ ਜਾਣਕੇ ਪੀ ਰਿਹਾ ਹੈ । ਉਨ੍ਹਾਂ ਨੂੰ ਸ਼ੱਕ ਹੈ ਕਿ ਪੁਲੀਸ ਨੇ ਤਰੱਕੀ ਹਾਸਲ ਕਰਨ ਲਈ, ਉਸਦੇ ਪੁੱਤਰਾਂ ਨੂੰ ਹਜ਼ਾਰਾਂ ਨੌਜ਼ਵਾਨਾਂ ਵਾਂਗ ਗੋਲੀ ਦਾ ਨਿਸ਼ਾਨਾ ਬਣਾਇਆ ਹੈ ।

ਚਰਨ ਸਿੰਘ ਨੇ ਭਾਵਕ ਹੁੰਦਿਆਂ ਹੋਇਆਂ ਦੱਸਿਆਂ ਕਿ 20 ਜੁਲਾਈ 1992 ਦੀ ਰਾਤ ਨੂੰ ਕਰੀਬ ਢਾਈ ਵਜੇ ਪੁਲੀਸ ਮੁਲਜ਼ਮ ਉਸਦੇ ਘਰ ਦੀਆਂ ਕੰਧਾਂ ਟੱਪ ਕੇ ਅੰਦਰ ਦਾਖਲ ਹੋਏ । ਉਸਦੇ ਪਰਿਵਾਰ ਦੇ ਮੈਂਬਰਾਂ ਨਾਲ ਬਦਸਲੂਕੀ ਕਰਨ ਤੋਂ ਬਾਅਦ ਬਿਨਾ ਕਿਸੇ ਕਾਰਨ ਉਸਦੇ ਦੋ ਪੁੱਤਰਾਂ ਨਾਇਬ ਸਿੰਘ ਅਤੇ ਕਾਕਾ ਸਿੰਘ ਨੂੰ ਪੁੱਛਗਿੱਛ ਕਰਨ ਵਾਸਤੇ ਨਾਲ ਲੈ ਗਏ । ਦੋ ਮੁੰਡਿਆਂ ਤੋਂ ਇਲਾਵਾ ਪੁਲੀਸ ਚਰਨ ਸਿੰਘ ਦੇ ਭਰਾ ਤੇ ਜੀਜੇ ਨੂੰ ਲੈ ਗਈ ਸੀ । ਉਨ੍ਹਾਂ ਤੇ ਪੁਲੀਸ ਵਾਲੇ ਤਸ਼ੱਦਦ ਕਰਕੇ ਇਹੀ ਪੁੱਛਦੇ ਰਹੇ ਕਿ ਸਿਕੰਦਰ ਸਿੰਘ ਲਹਿਰਾਗਾਗਾ ਕਿੱਥੇ ਹੈ । ਚਰਨ ਸਿੰਘ ਤੇ ਸੁਰਜੀਤ ਕੌਰ ਨੇ ਪੁਲੀਸ ਦੇ ਕਾਰਨਾਮੇ ਤੋਂ ਮਗਰੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪ੍ਰਸ਼ਾਸ਼ਨਿਕ ਅਧਿਕਾਰੀਆਂ ਤੱਕ ਪਹੁੰਚ ਕੀਤੀ ਹੈ ਪਰ ਉਨ੍ਹਾਂ ਦੀ ਫਰਿਆਦ ਕਿਸੇ ਨੇ ਨਹੀਂ ਸੁਣੀ ।

ਇਹ ਦਰਦ ਕਹਾਣੀ ਬਜ਼ੁਰਗ ਮਾਤਾ ਬਚਨ ਕੌਰ ਪਤਨੀ ਹਰੀ ਸਿੰਘ ਪਿੰਡ ਬਖ਼ਤੜੀ ਵਾਲਾ ਭਵਾਨੀਗੜ੍ਹ (ਸੰਗਰੂਰ) ਦੀ ਹੈ ਜਿਸਦੇ ਦੋ ਪੁੱਤਰਾਂ ਬਹਾਦਰ ਸਿੰਘ (27) ਸੌਦਾਗਰ ਸਿੰਘ (25) ਸਾਲ ਨੂੰ 20 ਦਸੰਬਰ 1992 ਦੀ ਰਾਤ ਨੂੰ ਡੀ.ਐਸ.ਪੀ. ਪ੍ਰਿਤਪਾਲ ਸਿੰਘ ਵਿਰਕ ਦੀ ਅਗਵਾਈ'ਚ ਆਈ ਪੁਲੀਸ, ਘਰ ਵਿੱਚ ਸੁੱਤਿਆਂ ਨੂੰ ਉਠਾ ਕੇ ਪੁੱਛ ਪੜਤਾਲ ਕਰਨ ਵਾਸਤੇ ਲੈ ਗਈ ਸੀ ।

ਬਹਾਦਰ ਸਿੰਘ ਤੇ ਸੌਦਾਗਰ ਸਿੰਘ ਜਦੋਂ ਕਬੀਲਦਾਰੀ ਸਾਂਭਣ ਵਾਲੇ ਹੋਏ ਤਾਂ ਪਰਿਵਾਰ ਉਤੇ ਪੁਲੀਸ ਜ਼ਬਰ ਦੀ ਹਨੇਰੀ ਝੁਲ ਪਈ । ਪੁਲੀਸ ਉਹਨਾਂ ਨੂੰ ਘਰੋਂ ਚੁੱਕ ਕੇ ਲੈ ਜਾਂਦੀ ਤੇ ਤਸ਼ੱਦਦ ਕਰਦੀ ਪਿੰਡ ਵਾਸੀ ਛੁਡਵਾ ਲਿਆਂਦੇ, ਫੇਰ ਪੁਲੀਸ ਘਰੋਂ ਫੜਨ ਆ

ਜਾਂਦੀ, 20 ਦਸੰਬਰ ਰਾਤ ਨੂੰ ਪੁਲੀਸ ਦੋਵੇਂ ਭਰਾਵਾਂ ਨੂੰ ਐਸਾ ਲੈ ਗਈ ਹੁਣ ਤੱਕ ਉਨ੍ਹਾਂ ਦੀ ਉਘ-ਸੁੱਘ ਨਹੀਂ ਪਈ । ਬਚਨ ਕੌਰ ਨੇ ਪੁੱਤਰਾਂ ਦੀ ਭਾਲ ਲਈ ਬੜੀ ਭੱਜ-ਦੌੜ ਕੀਤੀ ਪਰ ਉਨ੍ਹਾਂ ਨੂੰ ਭਾਲਣ ਵਿੱਚ ਉਹ ਅਸਫਲ ਰਹੀ ਹੈ । ਉਨ੍ਹਾਂ ਦੀਆਂ ਪਤਨੀਆਂ ਸੁਰਿੰਦਰ ਕੌਰ ਤੇ ਜਸਵੰਤ ਕੌਰ ਆਪਣੇ ਬੱਚਿਆਂ ਨੂੰ ਪਾਲਦੀਆਂ ਹੋਈਆਂ ਕੁਝ ਸਾਲਾਂ ਵਿੱਚ ਬੁਢੀਆਂ ਹੋ ਗਈਆਂ ਹਨ । ਮਾਤਾ ਬਚਨ ਕੌਰ ਦੇ ਤੀਸਰੇ ਪੁੱਤਰ ਨਾਜ਼ਰ ਸਿੰਘ ਅਨੁਸਾਰ ਪੁਲੀਸ ਵਾਲੇ ਘਰੋਂ ਦੋ ਲਾਇਸੈਂਸੀ 315 ਬੋਰ ਦੀਆਂ ਰਾਈਫਲਾਂ ਵੀ ਲੈ ਗਏ ਸਨ । ਉਨ੍ਹਾਂ ਦਾ ਵੀ ਪਤਾ ਨਹੀਂ ਪੁਲੀਸ ਨੇ ਕਿੱਥੇ ਖਪਾਈਆਂ ਹਨ । ਉਨ੍ਹਾਂ ਦੀ ਗੁੰਮਸ਼ੁਦਗੀ ਦੇ ਅਧਾਰਤ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿੱਚ ਕੇਸ ਪਾਇਆ ਸੀ ਜਿਸਨੂੰ ਅਦਾਲਤ ਨੇ ਇਸ ਕਰਕੇ ਰੱਦ ਕਰ ਦਿੱਤਾ ਕਿ ਚਾਰ ਸਾਲ ਬਾਅਦ ਇਸ ਉਤੇ ਸੁਣਵਾਈ ਨਹੀਂ ਹੋ ਸਕਦੀ । ਇਸ ਕਰਕੇ ਹੁਣ ਜ਼ਿਲ੍ਹਾ ਅਦਾਲਤ ਵਿੱਚ ਕੇਸ ਪਾਇਆ ਹੈ । ਹੁਣ ਉਨ੍ਹਾਂ ਦੇ ਸਰਟੀਫਿਕੇਟ ਮਿਲਣ ਦੀ ਆਸ ਬੱਝੀ ਹੈ । ਪੁਲੀਸ ਵੱਲੋਂ ਉਨ੍ਹਾਂ ਨੂੰ ਮੁਕਾਬਲੇ ਵਿੱਚ ਮਾਰ ਦਿੱਤੇ ਜਾਣ ਦੇ ਉਨ੍ਹਾਂ ਪਾਸ ਕੋਈ ਸਬੂਤ ਨਹੀਂ । ਇਸ ਕਰਕੇ ਉਹਨਾਂ ਦੇ ਨਾਂ ਚੜੀ ਹੋਈ ਜ਼ਮੀਨ ਜਾਇਦਾਦ ਉਨ੍ਹਾਂ ਦੇ ਬੱਚਿਆਂ ਦੇ ਨਾਮ ਨਹੀਂ ਹੋ ਰਹੀ । ਮਾਲ ਵਿਭਾਗ ਵਾਲੇ ਉਨ੍ਹਾਂ ਦੇ ਜਿਉਂਦੇ ਹੋਣ ਜਾਂ ਮਰੇ ਹੋਣ ਦੇ ਸਬੂਤ ਦੀ ਮੰਗ ਕਰਦੇ ਹਨ । ਉਨ੍ਹਾਂ ਦੀਆਂ ਪਤਨੀਆਂ, ਬਜ਼ੁਰਗ ਮਾਤਾ ਬਚਨ ਕੌਰ ਤੇ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਆਉਣ ਦੀ ਬੇ-ਸਬਰੀ ਨਾਲ ਉਡੀਕ ਕਰਦੇ ਹਨ । ਪਰ ਉਹ ਕੱਲ੍ਹ ਅੱਜ ਤੱਕ ਨਹੀਂ ਆਈ ਜਦੋਂ ਉਨ੍ਹਾਂ ਬੱਚਿਆਂ ਦੇ ਪਾਪਾ ਘਰ ਪਰਤਣਗੇ ।

ਗੁਰਬਾਜ਼ ਸਿੰਘ ਪੁੱਤਰ ਕੁੰਦਣ ਸਿੰਘ ਵਾਸੀ ਸ਼ੁਤਰਾਣਾ, ਪੰਜਾਬੀ ਯੂਨੀਵਰਸਿਟੀ (ਪਟਿਆਲਾ) ਵਿੱਚ ਪੜ੍ਹਦਾ ਸੀ ਉਸਨੂੰ ਪੁਲੀਸ ਨੇ ਦਿਨ ਵੇਲੇ ਪਟਿਆਲਾ ਤੋਂ ਕਾਬੂ ਕਰ ਲਿਆ ਸੀ । ਉਸਦੇ ਸਾਥੀਆਂ ਰਾਹੀਂ ਜਦੋਂ ਇਸ ਗੱਲ ਦਾ ਪਤਾ ਲੱਗਿਆ ਤੇ ਉਸਦੇ ਵਾਰਸਾਂ ਨੇ ਪੱਤਵੰਤੇ ਸੱਜਣਾਂ ਨੂੰ ਨਾਲ ਲੈ ਜਾ ਕੇ ਪੁਲੀਸ ਤੋਂ ਪੁੱਛਿਆ ਤਾਂ ਪੁਲੀਸ ਸਾਫ ਹੀ ਮੁੱਕਰ ਗਈ । ਕੁਝ ਦਿਨਾਂ ਮਗਰੋਂ ਸੰਗਰੂਰ ਜ਼ਿਲ੍ਹੇ ਦੀ ਪੁਲੀਸ ਨੇ ਪਿੰਡ ਦਸੌਂਦਾ ਸਿੰਘ ਵਾਲਾ ਕੋਲ ਝੂਠਾ ਮੁਕਾਬਲਾ ਬਣਾ ਕੇ ਤਿੰਨ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ । ਇਸ ਮੁਕਾਬਲੇ ਵਿੱਚ ਗੁਰਬਾਜ਼ ਸਿੰਘ ਮਾਰਿਆ ਗਿਆ । ਦੂਸਰਾ ਵਿਅਕਤੀ ਲੋਕਾਂ ਅਨੁਸਾਰ ਜੋਗਾ ਸਿੰਘ ਵਾਸੀ ਕਾਕੜਾ ਨੇੜੇ ਭਵਾਨੀਗੜ੍ਹ ਸੰਗਰੂਰ ਸੀ । ਉਹ ਇੱਕ ਪ੍ਰਾਈਵੇਟ ਬੱਸ ਬਲਾਉਂਦਾ ਸੀ । ਉਸਨੂੰ ਪੁਲੀਸ ਨੇ ਉਸ ਵਕਤ ਕਾਬੂ ਕੀਤਾ ਸੀ ਜਦੋਂ ਉਹ ਸਮਾਣਾ ਦੇ ਬੱਸ ਅੱਡੇ ਵਿੱਚ ਬੈਠਾ ਚਾਹ ਪੀ ਰਿਹਾ ਸੀ । ਤੀਸਰੇ ਵਿਅਤਕੀ ਬਾਰੇ ਕੋਈ ਪਤਾ ਨਹੀਂ ਲੱਗ ਸਕਿਆ ਇਹ ਕੌਣ ਸੀ ਜਾਂ ਕਿੱਥੋ ਫੜਿਆ ਗਿਆ ਸੀ ?

ਦਲਬੀਰ ਸਿੰਘ (22) ਪੁੱਤਰ ਬਲਵੰਤ ਸਿੰਘ ਵਾਸੀ ਧਾਂਦਰਾ, ਧੂਰੀ (ਸੰਗਰੂਰ) 22 ਨਵੰਬਰ 1993 ਨੂੰ ਅਮਰਗੜ੍ਹੋਂ ਘਰ ਨੂੰ ਸਕੂਟਰ ਉਤੇ ਆ ਰਿਹਾ ਸੀ । ਉਸਨੂੰ ਨਾਕਾ ਲਾਈ ਖੜੇ ਹੌਲਦਾਰ ਲਾਲ ਚੰਦ ਨੇ ਹੱਥ ਦੇ ਕੇ ਚੌਂਦੇ ਵਾਲੇ ਮੋੜ ਉਤੇ ਰੋਕਿਆ ਤੇ ਉਸਨੂੰ ਚੁੱਕ ਕੇ ਥਾਣਾ ਅਮਰਗੜ੍ਹ ਲੈ ਗਏ । ਉਥੇ ਇੰਸਪੈਕਟਰ ਗੁਰਮੇਲ ਸਿੰਘ ਏ.ਐਸ.ਆਈ. ਲਖਵਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਉਸ ਉਤੇ ਅਣਮਨੁੱਖੀ ਤਸ਼ੱਦਦ ਕੀਤਾ । ਉਸ ਮਗਰੋਂ ਪੁਲੀਸ ਉਸਨੂੰ ਪਤਾ ਨਹੀਂ ਕਿੱਥੇ ਲੈ ਗਈ ? ਅੱਜ ਤੱਕ ਉਸਦਾ ਪਤਾ ਨਹੀਂ ਲੱਗਿਆ । ਉਸਦੇ ਵਾਰਸਾਂ ਦਾ ਕਹਿਣਾ ਹੈ ਕਿ ਜਦੋਂ ਇਸ ਬਾਰੇ ਥਾਣੇ ਜਾ ਕੇ ਪੁੱਛਿਆ ਤਾਂ ਉਨ੍ਹਾਂ ਕਿਹਾ, "ਫੜਿਆ ਸੀ ਪਰ ਛੱਡ ਦਿੱਤਾ ਹੈ ਹੁਣ ਸਾਨੂੰ ਕੋਈ ਪਤਾ ਨਹੀਂ । ਤੁਸੀਂ ਉਸਦੀ ਭਾਲ ਕਰੋ ਕਿਤੇ ਰਿਸ਼ਤੇਦਾਰੀ ਵਿੱਚ ਨਾ ਚਲਾ ਗਿਆ ਹੋਵੇ" । ਉਹਨਾਂ ਵੱਲੋਂ ਕਹਿਣ ਉਤੇ ਧੂਰੀ ਪੁਲੀਸ ਥਾਣੇ ਵਾਲਿਆਂ ਨੇ ਉਸਦੀ ਗੁੰਮਸ਼ੁਦਗੀ ਬਾਰੇ ਐਫ.ਆਈ.ਆਰ.ਵੀ. ਦਰਜ ਨਹੀਂ ਕੀਤੀ ।

ਸੰਤੋਖ ਸਿੰਘ ਪਿੰਡ ਕਾਕਾ ਕੰਡਿਆਲਾ (ਤਰਨਤਾਰਨ) 11 ਸਤੰਬਰ 1992 ਦੀ ਦੁਪਹਿਰ ਨੂੰ ਕਿਸੇ ਕੰਮ ਤੋਂ ਵਾਪਸ ਘਰ ਆ ਰਿਹਾ ਸੀ । ਉਸਦੇ ਘਰ ਅੱਗੇ ਲੋਕਾਂ ਦੀ ਭੀੜ ਜਮਾਂ ਹੋਈ ਸੀ । ਸਾਰੇ ਲੋਕ ਉਸ ਵੱਲ ਹਮਦਰਦੀ ਭਰੀਆਂ ਅੱਖਾਂ ਨਾਲ ਡਰੇ-ਡਰੇ ਦੇਖ ਰਹੇ ਸੀ । ਜਿਉਂ ਹੀ ਉਹ ਉਸ ਭੀੜ ਕੋਲ ਆਇਆ ਤਾਂ ਇਕ ਆਵਾਜ਼ ਆਈ - "ਤੁਹਾਡੇ ਕੁਲਦੀਪ ਸਿੰਘ ਨੂੰ ਕੁਝ ਦੇਰ ਪਹਿਲਾਂ ਪੁਲੀਸ ਚੁੱਕ ਕੇ ਲੈ ਗਈ ਹੈ ।" ਇਹ ਸੁਣਦੇ ਸਾਰ ਹੀ ਉਸਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ । ਉਸਨੇ ਲੰਮਾਂ ਹਉਂਕਾ ਲੈਂਦਿਆਂ ਕਿਹਾ, "ਮਾਲਕ ਸੁੱਖ ਰੱਖੇ ।"

ਇਕੱਠੇ ਹੋਏ ਲੋਕਾਂ ਨੇ ਉਸਨੂੰ ਦੱਸਿਆ ਪੁਲੀਸ ਦੀ ਜੀਪ ਬੜੀ ਤੇਜੀ ਨਾਲ ਆਈ । ਉਹ ਸਿੱਧੀ ਇਥੇ ਆ ਕੇ ਰੁਕੀ । ਉਸ ਵਿੱਚ ਬੈਠੇ ਪੁਲੀਸ ਕਰਮਚਾਰੀਆਂ ਨੇ ਛਾਲਾਂ ਮਾਰਦਿਆਂ ਸਾਰ ਹੀ ਕੁਲਦੀਪ ਸਿੰਘ (27) ਨੂੰ ਦਬੋਚ ਲਿਆ ਤੇ ਜੀਪ ਵਿੱਚ ਸੁੱਟਕੇ ਤੁਰਦੇ ਬਣੇ । ਉਹਨਾਂ ਕਿਸੇ ਦੀ ਕੋਈ ਗੱਲ ਨਹੀਂ ਸੁਣੀ । ਕੁਲਦੀਪ ਸਿੰਘ ਪਿੰਡ ਵਿੱਚ ਛੋਟਾ ਜਿਹਾ ਕਿਸਾਨ ਸੀ । ਉਹ 24 ਘੰਟੇ ਖੇਤੀ ਨਾਲ ਜੁੜਿਆ ਰਹਿੰਦਾ ਸੀ । ਉਸ ਦੇ ਕਿਸੇ ਖਾੜਕੂ ਗਰੁੱਪ ਨਾਲ ਕੋਈ ਸਬੰਧ ਨਹੀਂ ਸੀ । ਪੁਲੀਸ ਨੇ ਉਸਨੂੰ ਪਤਾ ਨਹੀਂ ਕਿਉਂ ਚੁੱਕ ਲਿਆ ਹੈ ? ਪੁਲੀਸ ਦੀ ਇਹ ਘਿਨਾਉਣੀ ਕਾਰਵਾਈ ਲੋਕਾਂ ਦੇ ਗਲੇ ਤੋਂ ਹੇਠਾਂ ਨਹੀਂ ਸੀ ਉਤਰ ਰਹੀ ।

ਸੰਤੋਖ ਸਿੰਘ ਆਪਣੇ ਪੁੱਤਰ ਦੀ ਰਿਹਾਈ ਲਈ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਦਰ-ਦਰ ਧੱਕੇ ਖਾਂਦਾ ਰਿਹਾ ਪਰ ਪੁਲੀਸ ਨੇ ਕੋਈ ਪੱਲਾ ਨਾ ਫੜਾਇਆ । ਚਾਰ ਦਿਨਾਂ ਮਗਰੋਂ ਐਸ.ਐਸ.ਪੀ. ਦਰਸ਼ਨ ਸਿੰਘ ਨਾਲ ਗੱਲ ਹੋਈ ਤਾਂ ਉਸਨੇ ਹੱਥ ਇੱਕ ਚਿੱਠੀ

ਫੜਾਉਂਦਿਆਂ ਕਿਹਾ, "ਜਾਉ ਆਪਣੇ ਪੁੱਤਰ ਦੀਆਂ ਅਸਥੀਆਂ ਲੈ ਲਉ।" ਇਹ ਪੰਡਿਤ ਨੂੰ ਲਿਖਿਆ ਗਿਆ। ਜਿਸ ਵਿੱਚ ਲਿਖਿਆ ਸੀ ਕਿ ਮਹਿਤੇ ਥਾਣੇ ਤਹਿਤ ਮਾਰੇ ਗਏ ਚਾਰ ਖਾੜਕੂਆਂ ਵਿੱਚੋਂ ਅਣਪਛਾਤਾ ਕੁਲਦੀਪ ਸਿੰਘ ਸੀ ਉਸਦੇ ਫੁੱਲ ਚੁਗਾ ਦਿਓ।

ਸੰਤੋਖ ਸਿੰਘ ਜਦੋਂ ਪੰਡਿਤ ਕੋਲ ਪਹੁੰਚਿਆ ਤਾਂ ਉਸਨੇ ਅਸਥੀਆਂ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇੱਥੇ ਅਜਿਹੇ ਕਿਸੇ ਵੀ ਵਿਅਕਤੀ ਦਾ ਸਸਕਾਰ ਨਹੀਂ ਕੀਤਾ ਗਿਆ। ਇਸ ਤਰ੍ਹਾਂ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰੇ ਗਏ ਕੁਲਦੀਪ ਸਿੰਘ ਦੀ ਧੀ ਹੁਣ ਕੋਠੇ ਜਿੱਡੀ ਹੋ ਚੁੱਕੀ ਹੈ। ਉਹ ਅੱਜ ਵੀ ਆਪਣੇ ਪਿਤਾ ਦੇ ਆਉਣ ਦਾ ਰਾਹ ਤੱਕਦੀ ਰਹਿੰਦੀ ਹੈ। ਇਹ ਕਹਾਣੀ ਤਰਨ ਤਾਰਨ ਜਿਲ੍ਹੇ ਵਿੱਚ ਇਕ ਪਰਿਵਾਰ ਦੀ ਨਹੀਂ ਪੰਜਾਬ ਭਰ ਵਿੱਚ ਹਜ਼ਾਰਾਂ ਹੀ ਅਜਿਹੇ ਕੇਸ ਹਨ। ਜਿਨ੍ਹਾਂ ਨੂੰ ਪੁਲੀਸ ਨੇ ਖਪਾਇਆ ਹੈ। ਉਨ੍ਹਾਂ ਦੀਆਂ ਲਾਸ਼ਾਂ ਨੂੰ ਅਣਪਛਾਣੀਆਂ ਦੱਸਕੇ ਉਨ੍ਹਾਂ ਦੇ ਸਸਕਾਰ ਕੀਤੇ ਹਨ।

ਸੁਖਵਿੰਦਰ ਸਿੰਘ ਪੁੱਤਰ ਨੰਬਰਦਾਰ ਗਿਆਨ ਸਿੰਘ ਵਾਸੀ ਮੱਲਿਆ (ਤਰਨ ਤਾਰਨ) 12 ਦਸੰਬਰ 1991 ਨੂੰ ਮੁੱਡੀ ਪਿੰਡ ਤੋਂ ਵਾਪਸ ਆ ਰਿਹਾ ਸੀ ਉਸਨੂੰ ਰਸਤੇ ਵਿੱਚੋਂ ਹੀ ਪੁਲੀਸ ਨੇ ਚੁੱਕ ਲਿਆ ਸੀ। ਪਤਾ ਲੱਗਣ ਉਤੇ ਜਦੋਂ ਗਿਆਨ ਸਿੰਘ ਗੋਇੰਦਵਾਲ ਥਾਣੇ ਗਿਆ ਤਾਂ ਉਥੋਂ ਦੇ ਐਸ.ਐਚ.ਓ. ਤੇਗ ਬਹਾਦਰ ਸਿੰਘ ਨੂੰ ਮਿਲਿਆ ਉਨ੍ਹਾਂ ਨੇ ਕੋਈ ਆਈ-ਗਈ ਨਾ ਦਿੱਤੀ। ਉਹਨਾਂ ਦੱਸਿਆ ਕਿ ਜਦੋਂ ਉਸਨੇ ਕਿਸੇ ਬੰਦੇ ਨੂੰ ਨਾਲ ਲੈ ਕੇ ਥਾਣਾ ਇੰਚਾਰਜ ਨਾਲ ਗੱਲ ਕੀਤੀ ਤਾਂ ਉਸਨੇ ਉਸ ਤੋਂ ਪੈਸਿਆਂ ਦੀ ਮੰਗ ਕਰਦਿਆਂ ਕਿਹਾ ਕਿ ਪੁਲੀਸ ਅੱਤਵਾਦੀਆਂ ਦੀ ਥਾਂ ਨਿਰਦੋਸ਼ਾਂ ਨੂੰ ਮਾਰ ਕੇ ਪੁਲੀਸ ਅਧਿਕਾਰੀ ਰੈਂਕ ਵਧਾਉਣ ਤੇ ਇਨਾਮ ਲੈਣ ਦੀ ਦੌੜ ਵਿੱਚ ਲੱਗੇ ਹੋਏ ਹਨ।

ਦਲਬੀਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਦੁਗਾਲ, ਪਾਤੜਾਂ (ਪਟਿਆਲਾ) ਖੇਤੀ ਕਰਦਾ ਸੀ। ਉਸਦਾ ਛੋਟਾ ਭਰਾ ਖਾੜਕੂ-ਸਫਾਂ ਵਿੱਚ ਸਰਗਰਮ ਹੋ ਗਿਆ। ਪੁਲੀਸ ਨੇ ਸੁਰਜੀਤ ਸਿੰਘ ਦੇ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਇਕ ਦਿਨ ਐਸਾ ਆਇਆ ਕਿ ਪੁਲੀਸ ਉਸਦੇ ਪੁੱਤਰ ਨੂੰ ਪਾਤੜਾਂ ਸ਼ਹਿਰ ਤੋਂ ਪੜਤਾਲ ਕਰਨ ਵਾਸਤੇ ਕਹਿ ਕੇ ਲੈ ਗਈ, ਉਸ ਤੋਂ ਮਗਰੋਂ ਉਹ ਵਾਪਸ ਘਰ ਨਹੀਂ ਆਇਆ।

ਸ. ਸੁਰਜੀਤ ਸਿੰਘ ਜਿਸਦੀ ਉਮਰ ਬੈਠਕੇ ਖਾਣ ਦੀ ਹੈ। ਵਕਤ ਦਾ ਮਾਰਿਆ ਉਹ ਟੋਕਰੀ ਚੁੱਕ ਕੇ ਡੰਗਰਾਂ ਨੂੰ ਪੱਠੇ ਪਾਉਂਦਾ ਹੋਇਆ ਵਿਹੜੇ 'ਚ ਮੰਜੀ ਡਾਹਕੇ ਬੈਠ ਗਿਆ। ਵਿਹੜੇ ਵਿੱਚ ਖੇਡਦੇ ਮੁੰਡਿਆਂ ਨੂੰ ਕੁਝ ਆਖਦਾ ਹੋਇਆ ਉਹ ਗਹਿਰੀ ਸੋਚ ਵਿੱਚ ਡੁੱਬ ਗਿਆ। ਸ਼ਾਇਦ ਉਹ ਬੀਤੇ ਦੇ ਉਹਨਾਂ ਦਿਨਾਂ ਨੂੰ ਯਾਦ ਕਰ ਰਿਹਾ ਹੋਵੇ ਜਦੋਂ ਉਸਦੇ ਜਿਗਰ ਦਾ ਟੁਕੜਾ ਦਲਬੀਰ ਸਿੰਘ ਘਰੋਂ ਕੰਮ ਕਾਰ ਲਈ ਪਾਤੜਾਂ ਸ਼ਹਿਰ ਗਿਆ

ਹੋਇਆ ਸੀ । 8 ਅਕਤੂਬਰ 1992 ਨੂੰ ਅਕਾਲੀ ਆਗੂ ਬਲਜਿੰਦਰ ਸਿੰਘ ਹਰਿਆਉ ਨੇ ਉਸਨੂੰ ਆਪਣੇ ਭਰਾ ਪ੍ਰਗਟ ਸਿੰਘ ਨਾਲ ਟਰੈਕਟਰ ਉਤੇ ਬੈਠਾ ਕੇ ਪਿੰਡ ਨੂੰ ਤੋਰ ਦਿੱਤਾ । ਪਿੰਡ ਦਿਓਗੜ੍ਹ ਨੇੜੇ ਸਬ-ਇੰਸਪੈਕਟਰ ਗੁਰਮੇਲ ਸਿੰਘ ਨੇ ਨਾਕਾ ਲਾਇਆ ਹੋਇਆ ਸੀ । ਜਿਉਂ ਹੀ ਟਰੈਕਟਰ ਉਸ ਨਾਕੇ ਉਤੇ ਪਹੁੰਚਿਆ ਤਾਂ ਪੁਲੀਸ ਪਾਰਟੀ ਨੇ ਉਸਨੂੰ ਟਰੈਕਟਰ ਉਤੋਂ ਉਤਾਰ ਕੇ ਟਰੈਕਟਰ ਤੋਰ ਦਿੱਤਾ ।

ਇਸ ਘਟਨਾ ਦੀ ਜਾਣਕਾਰੀ ਸੁਰਜੀਤ ਸਿੰਘ ਹੁਰਾਂ ਨੂੰ 3 ਦਿਨਾਂ ਮਗਰੋਂ ਠੇਕੇ ਉਤੇ ਕੰਮ ਕਰਦੇ ਇਕ਼ ਨੌਜਵਾਨ ਧਿਆਨ ਸਿੰਘ ਨੇ ਦਿੱਤੀ । ਇਸ ਉਪਰੰਤ ਉਹਨਾਂ ਉਕਤ ਆਗੂ ਨਾਲ ਸੰਪਰਕ ਕੀਤਾ ਕਿਉਂਕਿ ਪੁਲੀਸ ਵਾਲੇ ਉਸ ਨੂੰ ਜਾਣਦੇ ਸੀ । ਉਸ ਨੇ ਉਹਨ੍ਹਾਂ ਨੂੰ ਭਰੋਸਾ ਦਵਾਇਆ ਕੋਈ ਗੱਲ ਨਹੀਂ ਆਪਾਂ ਉਸ ਨੂੰ ਛੁਡਾ ਲਵਾਂਗੇ । ਇਕ- ਇਕ ਦਿਨ ਕਰਕੇ ਹਫਤਾ ਬੀਤ ਗਿਆ । ਸੁਰਜੀਤ ਸਿੰਘ ਪਿੰਡ ਦੇ ਪੱਤਵੰਤੇ ਸੱਜਣਾਂ ਨੂੰ ਨਾਲ ਲੈ ਕੇ ਅਕਾਲੀ ਆਗੂ ਦੇ ਘਰ ਗਿਆ । ਉਸਨੇ ਆਪਣੇ ਮਿੱਤਰ ਗੁਰਮੇਲ ਸਿੰਘ ਨਾਲ ਸੰਪਰਕ ਕਰਨ ਦਾ ਭਰੋਸਾ ਦੁਵਾਇਆ ਤੇ ਉਹਨਾਂ ਨੂੰ ਘਰੋਂ ਤੋਰ ਦਿੱਤਾ । ਘਟਨਾ ਤੋਂ ਦਸਵੇਂ ਦਿਨ ਇਹ ਜਵਾਬ ਦਿੱਤਾ ਪੁਲੀਸ ਵਾਲੇ ਕਹਿੰਦੇ ਹਨ ਕਿ ਉਨ੍ਹਾਂ ਨੇ ਤਾਂ ਉਸਨੂੰ ਫੜਿਆ ਹੀ ਨਹੀਂ । ਇਹ ਗੱਲ ਸੁਣਕੇ ਸੁਰਜੀਤ ਸਿੰਘ ਦੇ ਪੈਰਾਂ ਹੈਠੋਂ ਜ਼ਮੀਨ ਨਿਕਲ ਗਈ । ਭਰੇ ਮਨ ਨਾਲ ਘਰ ਆ ਗਿਆ । ਉਨ੍ਹਾਂ ਪੁੱਤਰ ਦੀ ਭਾਲ ਲਈ ਵੱਖ-ਵੱਖ ਪੁਲੀਸ ਥਾਣਿਆਂ ਤੇ ਪੁਲੀਸ ਅਫਸਰਾਂ ਨਾਲ ਸੰਪਰਕ ਬਣਾਇਆ । ਉਸਨੂੰ ਦਲਬੀਰ ਸਿੰਘ ਦੇ ਜਿਉਂਦੇ ਹੋਣ ਜਾਂ ਮੁਕਾਬਲੇ ਵਿੱਚ ਮਾਰੇ ਜਾਣ ਦੀ ਕੋਈ ਭਿਣਕ ਨਹੀਂ ਪਈ ।

ਦਲਬੀਰ ਸਿੰਘ ਦੀ ਪਤਨੀ ਗੁਰਮੀਤ ਕੌਰ ਨੂੰ ਅੱਜ ਵੀ ਆਪਣੇ ਸਿਰ ਦੇ ਸਾਈਂ ਦੀ ਉਡੀਕ ਹੈ । ਉਸਦੇ ਘਰੋਂ ਚਲੇ ਜਾਣ ਮਗਰੋਂ ਉਹ ਨਾ ਸੁਹਾਗਣ ਹੈ ਨਾਂ ਵਿਧਵਾ । ਉਸਦਾ ਪੁੱਤਰ ਦੁਪਿੰਦਰ ਸਿੰਘ ਅੱਜ ਵੀ ਆਪਣੇ ਪਿਤਾ ਦੇ ਘਰ ਆਉਣ ਦੀ ਉਡੀਕ ਕਰਦਾ ਹੈ ।

ਪੁਲੀਸ ਵੱਲੋਂ ਗਾਇਬ ਕੀਤੇ ਆਪਣੇ ਪੁੱਤਰ ਦੀ ਭਾਲ ਲਈ ਸੁਰਜੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ 10 ਰੁਪਏ ਦਾ ਇਕ ਹਲਫੀਆ ਬਿਆਨ ਕਰਵਾ ਕੇ ਦਿੱਤਾ ਸੀ । ਸ੍ਰ. ਮਾਨ ਨੇ ਉਹਨਾਂ ਨੂੰ ਹਾਈ ਕੋਰਟ ਵਿੱਚ ਕੇਸ ਪਾਉਣ ਦਾ ਭਰੋਸਾ ਦਵਾਇਆ ਸੀ । ਇਸ ਤੋਂ ਇਲਾਵਾ ਉਹਨਾਂ ਮਨੁੱਖੀ ਅਧਿਕਾਰ ਕਮਿਸ਼ਨ ਚੰਡੀਗੜ੍ਹ ਤੱਕ ਪਹੁੰਚ ਕੀਤੀ ਪਰ ਕੋਈ ਸਫਲਤਾ ਨਹੀਂ ਮਿਲੀ ।

ਸੁਰਜੀਤ ਸਿੰਘ ਦਾ ਛੋਟਾ ਪੁੱਤਰ ਸੁਖਚੈਨ ਸਿੰਘ ਦੁਗਾਲ, ਰਣਬੀਰ ਕਾਲਜ (ਸੰਗਰੂਰ) ਵਿਖੇ ਬੀ.ਏ. ਦੀ ਪੜ੍ਹਾਈ ਕਰ ਰਿਹਾ ਸੀ । ਪੜ੍ਹਾਈ ਕਰਨ ਦੇ ਨਾਲ-ਨਾਲ ਉਹ ਸਿੱਖ ਸਟੂਡੈਂਟ ਫੈਡਰੇਸ਼ਨ ਜਿਲ੍ਹਾ ਸੰਗਰੂਰ ਦਾ ਜਨਰਲ ਸਕੱਤਰ ਬਣ ਗਿਆ । ਇਸ ਤੋਂ

ਮਗਰੋਂ ਉਹ ਪੁਲੀਸ ਦੀਆਂ ਅੱਖਾਂ ਵਿੱਚ ਰੜਕਣ ਲੱਗ ਗਿਆ, 13 ਮਈ 1987 ਵਿੱਚ ਪੁਲੀਸ ਨੇ ਉਸ ਦੇ ਉਤੇ ਹਲਵਰਾ ਨੂੰ ਪਨਾਹ ਦੇਣ ਦਾ ਝੂਠਾ ਕੇਸ ਬਣਾਕੇ, ਉਸ ਨੂੰ ਕਾਬੂ ਕਰ ਲਿਆ ਤੇ ਉਸ ਉਤੇ ਅਣਮਨੁੱਖੀ ਤਸ਼ੱਦਦ ਕੀਤਾ । ਪੁਲੀਸ ਵੱਲੋਂ ਜੇਲ੍ਹ ਭੇਜ ਗਏ ਸੁਖਚੈਨ ਸਿੰਘ ਦੀ ਉਸਦੇ ਮਾਪਿਆ ਨੇ 1 ਜਨਵਰੀ 1988 ਵਿੱਚ ਜ਼ਮਾਨਤ ਕਰਵਾ ਕੇ ਰਿਹਾਅ ਕਰਵਾ ਲਿਆ । ਜੇਲ੍ਹ ਵਿੱਚੋਂ ਆਉਣ ਮਗਰੋਂ ਪੰਜਾਬ ਦੀ ਪੁਲੀਸ ਨੇ ਉਸਨੂੰ ਕਈ ਵਾਰੀ ਚੁੱਕਿਆ ਤੇ ਛੱਡ ਦਿੱਤਾ । ਰਿਹਾਅ ਹੋਣ ਮਗਰੋਂ ਕਰੀਬ ਸਾਢੇ ਚਾਰ ਮਹੀਨਿਆਂ ਬਾਅਦ ਹਰਿਆਣਾ ਦੀ ਪੁਲੀਸ ਨੇ 27 ਮਈ 1988 ਨੂੰ ਇਕ ਝੂਠਾ ਕੇਸ ਪਾ ਕੇ ਉਸਨੂੰ ਫੇਰ ਕਾਬੂ ਕੀਤਾ ਤੇ ਜੇਲ੍ਹ ਭੇਜ ਦਿੱਤਾ । ਨੌ ਮਹੀਨਿਆਂ ਮਗਰੋਂ ਦਸੰਬਰ 1989 ਨੂੰ ਉਸ ਦੀ ਜਮਾਨਤ ਹੋਈ । ਰਿਹਾਅ ਹੋਣ ਮਗਰੋਂ ਉਹ ਪਿੰਡ ਦੇ ਗੁਰੂ ਘਰ ਦੀ ਨਵੀਂ ਬਣ ਰਹੀ ਇਮਾਰਤ ਦੀ ਸੇਵਾ ਕਰਵਾਉਣ ਲੱਗ ਪਿਆ ਸੀ । ਪੰਜਾਬ ਦੀ ਪੁਲੀਸ ਨੇ ਉਸ ਦਾ ਖਹਿੜਾ ਨਾ ਛੱਡਿਆ । ਪੁਲੀਸ ਤਸ਼ੱਦਦ ਦਾ ਸਤਾਇਆ ਹੋਇਆ 1991 ਦੇ ਪਹਿਲੇ ਹਫਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਮਗਰੋਂ ਉਹ ਫਰਾਰ ਹੋ ਗਿਆ ਉਸਤੋਂ ਬਾਅਦ ਮੁੜਕੇ ਉਹ ਵਾਪਿਸ ਘਰ ਨਹੀਂ ਆਇਆ । 24 ਅਗਸਤ 1992 ਨੂੰ ਪੁਲੀਸ ਨੇ ਮਾਡਲ ਟਾਊਨ ਪਟਿਆਲਾ ਨੇੜੇ ਪੀ.ਆਰ.ਟੀ.ਸੀ. ਦੀ ਵਰਕਸ਼ਾਪ ਕੋਲ ਇਕ ਪੁਲੀਸ ਮੁਕਾਬਲੇ ਵਿੱਚ ਉਸਨੂੰ ਸ਼ਹੀਦ ਕਰ ਦਿੱਤਾ । ਉਸ ਤੋਂ ਮਗਰੋਂ ਪੁਲੀਸ ਨੇ ਉਸ ਦੀ ਸ਼ਨਾਖਤ ਲਈ ਉਹਨਾਂ ਨੂੰ ਨਹੀਂ ਬੁਲਾਇਆ । ਨਾ ਹੀ ਉਸ ਦੀ ਲਾਸ਼ ਉਹਨਾਂ ਦੇ ਹਵਾਲੇ ਕੀਤੀ ਜਦੋਂ ਪੁਲੀਸ ਉਤੇ ਦਬਾਅ ਪਾਇਆ ਤਾਂ ਉਹਨਾਂ ਨੇ ਕਿਹਾ ਉਸਦਾ ਸਸਕਾਰ ਕਰ ਦਿੱਤਾ ਹੈ ਹੁਣ ਉਸ ਦੀਆਂ ਅਸਥੀਆਂ ਪਈਆਂ ਹਨ । ਉਹ ਲੈ ਜਾਉ ਪੁਲੀਸ ਨੇ ਸ. ਸੁਰਜੀਤ ਸਿੰਘ ਦੀ ਝੋਲੀ ਵਿੱਚ ਸੁਖਚੈਨ ਸਿੰਘ ਦੀਆਂ ਅਸਥੀਆਂ ਵਾਲਾ ਝੋਲਾ ਪਾ ਕੇ ਉਸ ਦੀ ਕਹਾਣੀ ਖਤਮ ਕਰ ਦਿੱਤੀ ਸੀ ।

ਸਰਬਜੀਤ ਸਿੰਘ ਪੁੱਤਰ ਸ੍ਰ. ਬਲਵੀਰ ਸਿੰਘ ਵਾਸੀ ਪਿੰਡ ਭੱਦਲ ਵੱਡ (ਨੇੜੇ ਧੂਰੀ) ਸੰਗਰੂਰ ਦੇ ਭੈਣ ਦੇ ਇਕਲੋਤੇ ਭਰਾ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਪ੍ਰੋਫੈਸਰ ਸੁਖਜਿੰਦਰ ਸਿੰਘ ਕਾਲੀਆ ਰਾਹੀਂ ਐਸ.ਐਸ.ਪੀ. ਸੰਗਰੂਰ ਕੋਲ 10 ਜੁਲਾਈ 1993 ਨੂੰ ਉਸ ਸਮੇਂ ਪੇਸ਼ ਕਰਵਾਇਆ ਸੀ, ਜਦੋਂ ਪੁਲੀਸ ਉਸ ਪਾਸੋਂ ਪੁੱਛ ਗਿੱਛ ਕਰਨ ਦੇ ਬਹਾਨੇ ਪਰਿਵਾਰਕ ਮੈਂਬਰਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਸੀ ।

ਸਰਬਜੀਤ ਸਿੰਘ, ਭਗਵਾਨ ਗੁਰਮਤਿ ਕਾਲਜ ਪਟਿਆਲਾ ਦਾ ਹੋਣਹਾਰ ਵਿਦਿਆਰਥੀ ਹੋਣ ਨਾਲ ਸਾਇਕਲਿੰਗ ਦਾ ਵਰਸਿਟੀ ਗੋਲਡ ਮੈਡਲਿਸਟ ਵੀ ਸੀ । ਪੁਲੀਸ ਨੇ ਉਹਨਾਂ ਨੂੰ ਭਰੋਸਾ ਦੁਵਾਇਆ ਸੀ ਕਿ ਤੁਸੀਂ ਸਰਬਜੀਤ ਨੂੰ ਇੱਕ ਵਾਰੀ ਪੇਸ਼

ਕਰ ਦਿਉ ਉਸ ਪਾਸੋਂ ਪੁੱਛਗਿੱਛ ਕਰਕੇ ਉਸਨੂੰ ਤੁਰੰਤ ਹੀ ਛੱਡ ਦਿੱਤਾ ਜਾਵੇਗਾ । ਬਲਵੀਰ ਸਿੰਘ ਨੇ ਪੁਲੀਸ ਦੀਆਂ ਗੱਲਾਂ ਉਤੇ ਇਤਬਾਰ ਕਰਕੇ ਆਪਣੇ ਇਕਲੌਤੇ ਚਿਰਾਗ ਨੂੰ ਆਪਣੇ ਸਾਥੀਆ ਦੀ ਮਦਦ ਨਾਲ ਪੁਲੀਸ ਦੇ ਹਵਾਲੇ ਕਰ ਦਿੱਤਾ । ਪੁਲੀਸ ਅੱਖਾਂ ਫੇਰ ਗਈ । ਉਦੋਂ ਤੋਂ ਲੈ ਕੇ ਹੁਣ ਤੱਕ ਉਸਦਾ ਕੋਈ ਪਤਾ ਨਹੀਂ ਲੱਗਿਆ । ਉਸ ਦਾ ਪਿਤਾ ਪੁਲੀਸ ਅਫਸਰਾਂ ਦੇ ਦਫਤਰਾਂ ਤੋਂ ਲੈ ਕੇ ਕੋਰਟ ਕਚਿਹਰੀਆਂ ਦੀ ਖਾਕ ਛਾਣਦਾ ਹੋਇਆ ਇਸ ਆਸ ਨਾਲ ਤੁਰਿਆ ਫਿਰਦਾ ਹੈ ਕਿ ਸ਼ਾਇਦ ਉਸਦੇ ਜਿਗਰ ਦਾ ਟੁਕੜਾ ਕਿਧਰੋਂ ਮਿਲ ਹੀ ਜਾਵੇ ।

ਉਕਤ ਘਟਨਾ ਤੋਂ ਪਹਿਲਾਂ ਬਲਬੀਰ ਸਿੰਘ ਨੇ ਉਸ ਸਮੇਂ ਦੇ ਪੁਲੀਸ ਮੁਖੀ ਕੇ.ਪੀ.ਐਸ. ਗਿੱਲ ਤੱਕ ਪਹੁੰਚ ਕਰਕੇ ਆਪਣੇ ਪੁੱਤਰ ਦੇ ਨਿਰਦੋਸ਼ ਹੋਣ ਦੀ ਗੱਲ ਕੀਤੀ ਕਿ ਪੁਲੀਸ ਵੱਲੋਂ ਉਸਨੂੰ ਵਾਰ-ਵਾਰ ਤੰਗ ਪ੍ਰੇਸ਼ਾਨ ਕਿਉਂ ਕੀਤਾ ਜਾ ਰਿਹਾ ਹੈ ? ਉਸਨੇ ਅਜਿਹਾ ਕੀ ਜ਼ੁਲਮ ਕਰ ਦਿੱਤਾ ਹੈ ? 'ਗਿੱਲ' ਇਹਨਾਂ ਸਵਾਲਾਂ ਦਾ ਜਵਾਬ ਤਾਂ ਨਹੀਂ ਸੀ ਦੇ ਪਾ ਰਿਹਾ ਪਰ ਇਹ ਜ਼ਰੂਰ ਆਖਿਆ, "ਤੁਸੀਂ ਉਸਨੂੰ ਪੰਜਾਬ ਤੋਂ ਬਾਹਰ ਕੱਢ ਦਿਉ ਫੇਰ ਹੀ ਉਸਦਾ ਬਚਾਅ ਹੋ ਸਕਦਾ ਹੈ ਨਹੀਂ ਤਾਂ ਪੁਲੀਸ ਉਸਨੂੰ ਫੜਕੇ ਸਜ਼ਾ ਦੇਵੇਗੀ ਹੀ।"

ਪਟਿਆਲਾ ਦੀ ਪੁਲੀਸ ਨੇ ਸਰਬਜੀਤ ਸਿੰਘ ਉਤੇ ਕੇਸ ਪਾ ਦਿੱਤਾ ਸੀ । ਉਸ ਦੀ ਤਰੀਕ ਭੁਗਤਣ ਲਈ ਉਸ ਨੂੰ ਯੂ.ਪੀ. ਤੋਂ ਪਟਿਆਲੇ ਆਉਣਾ ਪੈ ਰਿਹਾ ਸੀ । ਉਸ ਸਮੇਂ ਦਾ ਐਸ.ਐਸ. ਪੀ. ਜਸਵਿੰਦਰ ਸਿੰਘ ਉਸ ਨਾਲ ਪਤਾ ਨਹੀਂ ਕਿਉਂ ਖਾਰ ਖਾਂਦਾ ਸੀ । ਉਸਨੇ ਇਹ ਵੀ ਮੰਨਿਆ ਸੀ ਕਿ ਉਸਨੇ ਉਸਨੂੰ ਕਿਸੇ ਵੀ ਹਾਲਤ ਵਿੱਚ ਛੱਡਣਾ ਨਹੀਂ । ਬਲਵੀਰ ਸਿੰਘ ਨੇ ਪੁਲੀਸ ਅੱਗੇ ਬੇਵੱਸ ਹੁੰਦਿਆਂ ਜਦੋਂ ਆਪਣੇ ਪੁੱਤਰ ਨੂੰ ਹੱਥੀ ਪੇਸ਼ ਕਰ ਦਿੱਤਾ ਸੀ ਤਾਂ ਉਸ ਤੋਂ ਮਗਰੋਂ ਪੁਲੀਸ ਨੇ ਅੱਜ-ਕੱਲ ਕਰਦਿਆਂ ਹੋਇਆਂ ਉਸਨੂੰ ਗਾਇਬ ਕਰ ਦਿੱਤਾ । ਜਿਸ ਐਸ.ਐਸ. ਪੀ. ਕੋਲ ਉਸਨੂੰ ਪੇਸ਼ ਕੀਤਾ ਸੀ ਉਹ ਸਾਫ ਹੀ ਮੁੱਕਰ ਗਿਆ, " ਕਿਹੜਾ ਸਰਬਜੀਤ? ਉਹ ਕਿਸੇ ਸਰਬਜੀਤ ਨੂੰ ਨਹੀਂ ਜਾਣਦਾ ।" ਉਸਨੇ ਆਪਣੇ ਪੁੱਤਰ ਦੀ ਭਾਲ ਲਈ ਹਰ ਹੀਲਾ ਵਰਤਿਆ ਪਰ ਹਕੂਮਤ ਤੇ ਅਦਾਲਤਾਂ ਉਸਨੂੰ ਪੁਲੀਸ ਤੋਂ ਇਨਸਾਫ ਨਹੀਂ ਦੁਆ ਸਕੀਆਂ । ਭਾਰਤੀ ਲੋਕਤੰਤਰ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਥੇ ਕਾਨੂੰਨ ਸਭ ਲਈ ਇਕ ਹੈ ਪਰ ਬਲਵੀਰ ਸਿੰਘ ਨੇ ਕਾਨੂੰਨ ਦੇ ਦੋਹਰੇ ਮਾਪ ਦੰਡਾਂ ਨੂੰ ਆਪਣੇ ਪਿੰਡੇ ਉਤੇ ਹੰਢਾਇਆ ਹੈ । ਅਦਾਲਤ ਵਿੱਚ ਸਰਬਜੀਤ ਸਿੰਘ ਦੀ ਰਿੱਟ ਵੀ ਪੁਲੀਸ ਦੇ ਹੱਥ ਕੰਡਿਆਂ ਅੱਗੇ ਜਦੋਂ ਰੱਦ ਹੋ ਗਈ ਤਾਂ ਉਹ ਥੱਕਿਆ-ਟੁੱਟਿਆ ਆਪਣੇ ਘਰ ਬੈਠ ਗਿਆ । ਉਸਨੂੰ ਅਜੇ ਵੀ ਇਹ ਆਸ ਹੈ ਕਿ ਜਿਹੜੇ ਪੁਲੀਸ ਅਫਸਰਾਂ ਨੇ ਉਸਦੇ ਪੁੱਤਰ ਨੂੰ ਗਾਇਬ ਕੀਤਾ ਹੈ । ਉਹਨਾਂ ਨੂੰ ਅਦਾਲਤ ਸਜ਼ਾ ਦੇਵੇਗੀ ਤੇ ਇਕ ਦਿਨ ਉਸਨੂੰ ਇਨਸਾਫ ਮਿਲੇਗਾ ।

ਕੁਲਵੰਤ ਸਿੰਘ ਚੌਂਕੀਮਾਨ ਪੁੱਤਰ ਕਮਿੱਕਰ ਸਿੰਘ ਮਾਤਾ ਪ੍ਰੀਤਮ ਕੌਰ ਵਾਸੀ ਚੌਂਕੀਮਾਨ ਨੇੜੇ ਜਗਰਾਉਂ ਨੂੰ 30 ਸਤੰਬਰ 1993 ਨੂੰ ਅੱਧੀ ਰਾਤ ਵੇਲੇ ਜਗਰਾਉਂ ਦੀ ਪੁਲੀਸ ਗੁਰਮੀਤ ਸਿੰਘ ਦੀ ਅਗਵਾਈ ਵਿੱਚ ਘਰੋਂ ਚੁੱਕ ਕੇ ਲੈ ਗਈ ਸੀ । ਉਸਦਾ ਦੋਸ਼ ਇਹ ਸੀ ਉਹ ਖਾੜਕੂ ਤਰਸੇਮ ਸਿੰਘ ਸੇਮਾਂ (ਕਾਉਂਕੇ) ਦੀ ਭੂਆ ਦਾ ਮੁੰਡਾ ਸੀ । ਪ੍ਰੀਤਮ ਕੌਰ ਆਪਣੇ ਪੁੱਤਰ ਦੀ ਰਿਹਾਈ ਬਾਰੇ ਉਚੱ ਅਧਿਕਾਰੀਆਂ ਕੋਲ ਪਹੁੰਚ ਕਰ ਰਹੀ ਸੀ । ਇਹ ਗੱਲ ਪੁਲੀਸ ਦੇ ਹਜ਼ਮ ਨਾ ਆਈ। ਪੁਲੀਸ ਨੇ ਪ੍ਰੀਤਮ ਕੌਰ ਨੂੰ ਗ੍ਰਿਫਤਾਰ ਕਰਕੇ ਡੇਢ ਮਹੀਨਾ ਆਪਣੀ ਹਿਰਾਸਤ ਵਿੱਚ ਰੱਖਿਆ ਤੇ ਉਸਦੇ ਘਰ ਵਾਲੇ ਕਮਿੱਕਰ ਸਿੰਘ ਨੂੰ ਉਸਦੇ ਸਾਹਮਣੇ ਹੀ ਨੰਗਾ ਕਰਕੇ ਕੁੱਟਿਆ ਮਾਰਿਆ ਸੀ । ਪੁਲੀਸ ਨੇ ਮਾਂ ਤੇ ਪੁੱਤਰ ਨੂੰ ਇਕੋ ਹੀ ਕੋਠੜੀ ਵਿੱਚ ਬੰਦ ਕਰਕੇ ਰੱਖਿਆ । ਪ੍ਰੀਤਮ ਕੌਰ ਅੱਜ ਵੀ ਉਸ ਵੇਲੇ ਦੇ ਦ੍ਰਿਸ਼ਾਂ ਨੂੰ ਯਾਦ ਕਰਕੇ ਕੰਬ ਉਠਦੀ ਹੈ । ਉਸ ਸਮੇਂ ਬੁੱਚੜਖਾਨਿਆਂ ਵਿੱਚ ਕੋਹੀ ਜਾਂਦੀ ਜਵਾਨੀ ਬਾਰੇ ਦੱਸਦੀ ਦੀਆਂ ਭੁੱਬਾਂ ਨਿਕਲ ਜਾਂਦੀਆਂ ਹਨ । ਉਸਦੇ ਦੱਸਣ ਅਨੁਸਾਰ ਉਸਦੇ ਪੁੱਤਰ ਨੂੰ ਜਦੋਂ ਆਖਰੀ ਵਾਰੀ ਉਸ ਤੋਂ ਜੁਦਾ ਕੀਤਾ ਸੀ ਤਾਂ ਉਸਦੇ ਪੁੱਤਰ ਨੇ ਹੋਣੀ ਨੂੰ ਭਾਪਦਿਆਂ ਉਸਨੂੰ ਕਿਹਾ ਸੀ, "ਬੱਸ ਮਾਂ ਹੁਣ ਮੈਂ ਨਹੀਂ ਤੈਨੂੰ ਮਿਲਣਾ ।" ਉਸਨੇ ਆਪਣੇ ਪੁੱਤਰ ਦੇ ਮੂੰਹੋਂ ਇਹ ਸ਼ਬਦ ਸੁਣਕੇ ਬੁਰਾ ਮਨਾਇਆ ਸੀ ਪਰ ਉਹੀ ਸ਼ਬਦ 'ਸੱਚ' ਨਿਕਲੇ ।

9 ਅਕਤੂਬਰ,1993 ਨੂੰ ਕੁਲਵੰਤ ਸਿੰਘ ਚੌਂਕੀਮਾਨ, ਬਲਜੀਤ ਸਿੰਘ, ਗੁਰਦੀਪ ਸਿੰਘ ਤਿੰਨੇ ਹੀ ਪਿੰਡ ਚੌਂਕੀਮਾਨ ਤੇ ਉਜਾਗਰ ਸਿੰਘ ਪਿੰਡ ਬਿੰਝਲ ਨੂੰ ਥਾਣੇਦਾਰ ਗੁਰਮੀਤ ਸਿੰਘ ਨੇ ਹੱਥਕੜੀ ਮਾਰਕੇ ਬਾਹਰ ਵੱਲ ਘਸੀਟਿਆ ਤਾਂ ਭਾਣਾ ਵਾਪਰਨ ਤੋਂ ਡਰਦੀ ਪ੍ਰੀਤਮ ਕੌਰ ਨੇ ਦੁਹਾਈ ਪਾ ਦਿੱਤੀ ਤਾਂ ਕੋਲ ਖੜੇ ਐਸ.ਐਸ.ਪੀ. ਹਰਿੰਦਰ ਸਿੰਘ ਚਾਹਲ ਨੇ ਉਸਦੇ ਚਪੇੜਾਂ ਮਾਰੀਆਂ ਤੇ ਧਮਕੀਆਂ ਦਿੱਤੀਆਂ, "ਬੁੱਢੀਏ ਪਰੇ ਹੋ ਕੇ ਬੈਠ ਜਾ ਨਹੀਂ ਤਾਂ ਤੈਨੂੰ ਭਰੋਵਾਲ ਵਾਲੀ ਨਹਿਰ ਵਿੱਚ ਰੋੜ੍ਹ ਦਿਆਂਗੇ ।" ਬਸ ਉਸ ਮਨਹੂਸ ਰਾਤ ਤੋਂ ਬਾਅਦ ਉਹ ਆਪਣੇ ਪੁੱਤਰ ਦਾ ਮੂੰਹ ਦੇਖਣ ਨੂੰ ਤਰਸ ਗਈ ਸੀ । ਇਹ ਦਾਸਤਾਨ ਸੁਣਾਉਂਦੀ ਹੋਈ ਭੁੱਬੀ ਮਾਰਦੀ ਰੋ ਪਈ, "ਜਿੰਨੇ ਕੁ ਜੋਗੇ ਸੀ ਪੁੱਤਰ ਨੂੰ ਛਡਾਉਣ ਲਈ ਜੋਰ ਲਾਇਆ ਪਰ ਸਭ ਕੋਸ਼ਿਸ਼ਾਂ ਬੇਅਰਥ ਹੋ ਗਈਆਂ ਸਨ ।"

ਮਾਤਾ ਪ੍ਰੀਤਮ ਕੌਰ ਸਿਆਸੀ ਅਗੂਆਂ ਦੇ ਦਰਾਂ ਉਤੇ ਜਾਂਦੀ ਤਾਂ ਉਹ ਉਸਨੂੰ ਧਰਵਾਸ ਦਿੰਦੇ ਹੋਏ ਸਿਫਾਰਸ਼ੀ ਚਿੱਠੀਆਂ ਲਿਖਕੇ ਹੱਥ ਫੜਾ ਦਿੰਦੇ । ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਉਹ ਤ੍ਰਿਲੋਕ ਸਿੰਘ ਡੱਲੇ ਦੇ ਘਰ ਮਿਲੀ ਤੇ ਸ੍ਰ. ਮਾਨ ਨੇ ਆਪਣੇ ਵੱਲੋਂ ਯਤਨ ਕੀਤੇ ਪਰ ਕੋਈ ਯੋਗ ਸਫਲਤਾ ਨਹੀਂ ਮਿਲੀ । ਉਹ ਆਪਣੇ ਵੱਲੋਂ ਫਰਿਆਦ ਲੈ ਕੇ ਇਕ ਵਾਰੀ ਸ੍ਰ. ਪ੍ਰਕਾਸ਼ ਸਿੰਘ ਦੇ ਦਰਬਾਰ

ਵਿੱਚ ਉਹਨਾਂ ਨੂੰ ਮਿਲੀ ਸੀ ਤੇ ਉਨ੍ਹਾਂ ਇਕ ਚਿੱਠੀ ਡੀ.ਐਸ.ਪੀ. ਅਸ਼ੋਕ ਪੁਰੀ ਦੇ ਨਾਂ ਲਿਖਕੇ ਦਿੱਤੀ। ਪੁਰੀ ਉਸ ਸਮੇਂ ਜਗਰਾਓ ਦਾ ਡੀ.ਐਸ.ਪੀ. ਸੀ। ਉਸਨੂੰ ਕੁਲਵੰਤ ਸਿੰਘ ਦੀ ਹੋਣੀ ਦਾ ਪੂਰਾ ਗਿਆਨ ਸੀ। ਇਸ ਲਈ ਉਹਨੇ ਆਪਣਾ ਇਕ ਮੁਲਾਜ਼ਮ ਬੀਬੀ ਪ੍ਰੀਤਮ ਕੌਰ ਨਾਲ ਭੇਜ ਕੇ ਡੀ.ਐਸ.ਰਾਜਪੂਤ ਵਕੀਲ ਰਾਹੀਂ ਪੰਜਾਬ ਹਰਿਆਣਾ ਵਿੱਚ ਰਿਟ ਪਵਾ ਦਿੱਤੀ ਸੀ। ਇਸ ਤੋਂ ਮਗਰੋਂ ਕੋਰਟ ਦੇ ਹੁਕਮਾਂ ਤੇ ਸੀ.ਬੀ.ਆਈ. ਨੇ ਇਸ ਕੇਸ ਸਬੰਧੀ ਪੰਜਾਬ ਦੇ ਐਸ.ਐਸ.ਪੀ. ਹਰਿੰਦਰ ਸਿੰਘ ਚਾਹਲ ਐਸ.ਐਸ.ਪੀ. ਸ਼ਿਵ ਕੁਮਾਰ, ਰਘਬੀਰ ਸਿੰਘ ਦੇ ਖਿਲਾਫ 364 ਏ 344, 347, 384 ਅਤੇ 120 ਬੀ. ਅਧੀਨ ਮੁਕੱਦਮਾ ਦਰਜ ਕੀਤਾ ਗਿਆ ਸੀ। ਇਸ ਉਪਰੰਤ ਉਕਤ ਪੁਲੀਸ ਅਧਿਕਾਰੀਆਂ ਜਿਨ੍ਹਾਂ ਬਾਰੇ ਮਸ਼ਹੂਰ ਹੈ ਕਿ ਉਨ੍ਹਾਂ ਕੁਝ ਜਿਲ੍ਹਿਆਂ ਵਿੱਚ ਲੋਕਾਂ ਦੀਆਂ ਜ਼ਮੀਨਾਂ 'ਤੇ ਕਥਿਤ ਨਜਾਇਜ਼ ਕਬਜੇ ਕੀਤੇ ਹਨ। ਉਨ੍ਹਾਂ ਦੇ ਬੰਦੇ ਉਸਨੂੰ ਪੈਸਿਆਂ ਦਾ ਲਾਲਚ ਦਿੰਦੇ ਰਹੇ ਪਰ ਉਹ ਆਪਣੇ ਫੈਸਲੇ ਉਤੇ ਅੜੀ ਹੋਈ ਇਹੀ ਕਹਿੰਦੀ ਰਹੀ ਉਹ ਕਿਵੇਂ ਆਪਣੇ ਪੁੱਤਰ ਦਾ ਮੁੱਲ ਵੱਟ ਲਵੇ ? ਉਸਦੀ ਦਿਲੀ ਇੱਛਾ ਸੀ ਕਿ ਉਸਦੇ ਪੁੱਤਰ ਦੇ ਕਾਤਲ ਜੇਲ੍ਹ ਦੀਆਂ ਸਲਾਖਾਂ ਪਿੱਛੇ ਹੋਣ। ਜਦੋਂ ਇਹਨ੍ਹਾਂ ਨੂੰ ਅਹਿਸਾਸ ਹੋਇਆ ਇਹ ਮਾਤਾ ਪਿੱਛੇ ਹੱਟਣ ਵਾਲੀ ਨਹੀਂ ਤਾਂ ਉਹਨਾਂ ਪਿੰਡ ਦੇ ਹੀ ਇਕ ਨੇਕੇ ਨਾਂ ਦੇ ਬੰਦੇ ਤੋਂ ਆਪਣੇ ਹੱਕ ਵਿੱਚ ਗਵਾਹੀ ਦਿਵਾ ਲਈ ਕਿ ਉਸਨੇ ਕੁਲਵੰਤ ਸਿੰਘ ਨੂੰ ਜਿਉਂਦਾ ਦੇਖਿਆ ਹੈ। ਨੇਕਾ ਪੁਲੀਸ ਦਾ ਟਾਊਟ ਸੀ ਤੇ ਇਸ ਤਰ੍ਹਾਂ ਸੀ.ਬੀ.ਆਈ. ਦੀ ਅਦਾਲਤ ਨੇ ਉਕਤ ਪੁਲੀਸ ਕਰਮਚਾਰੀ ਤੇ ਅਧਿਕਾਰੀਆਂ ਨੂੰ ਬਰੀ ਕਰ ਦਿੱਤਾ। ਇਸ ਤੋਂ ਮਗਰੋਂ ਉਸ ਬਜ਼ੁਰਗ ਔਰਤ ਲਈ ਇਨਸਾਫ ਦੇ ਸਾਰੇ ਹੀ ਬੂਹੇ ਬੰਦ ਹੋ ਗਏ ਸਨ। ਉਹ ਹੁਣ ਆਪਣੇ ਪੁੱਤਰ ਨੂੰ ਯਾਦ ਕਰਦੀ ਹੋਈ ਪੁਲੀਸ ਅਫਸਰਾਂ ਦੇ ਕੀਰਨੇ ਪਾਉਂਦੀ ਹੈ ਪਰ ਉਸਦੀ ਸੁਣਨ ਵਾਲਾ ਕੋਈ ਨਹੀਂ।

ਅਜਿਹੀ ਹੀ ਕਹਾਣੀ ਇਸੇ ਪਿੰਡ ਦੇ ਹਰਬੰਸ ਸਿੰਘ ਦੀ ਮਾਤਾ ਗੁਰਮੇਲ ਕੌਰ ਦੀ ਹੈ। ਪੁਲੀਸ ਵੱਲੋਂ ਚੁੱਕੇ ਉਸਦੇ ਪੁੱਤਰ ਦਾ ਜਿੱਥੇ ਹੁਣ ਤੱਕ ਕੋਈ ਥਹੁ ਪਤਾ ਨਹੀਂ ਲੱਗਿਆ ਉਥੇ ਪੁਲੀਸ ਨੇ ਗੁਰਮੇਲ ਕੌਰ ਨੂੰ ਵੀ ਜਗਰਾਉਂ ਦੀ ਪੁਲੀਸ ਨੇ ਇਕ ਮਹੀਨਾ ਨਾਜਾਇਜ਼ ਹਿਰਾਸਤ ਵਿੱਚ ਰੱਖਕੇ ਉਸਨੂੰ ਅੰਤਾਂ ਦਾ ਜ਼ਲੀਲ ਕੀਤਾ।

ਸ਼ਹੀਦ ਭਗਤ ਸਿੰਘ ਦੇ ਭਾਣਜ-ਜੁਆਈ ਕੁਲਜੀਤ ਸਿੰਘ ਢੱਟ ਨੂੰ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਗੜ੍ਹੀ ਤੋਂ 23 ਮਾਰਚ,1989 ਨੂੰ ਪੁਲੀਸ ਨੇ ਚੁੱਕਿਆ ਸੀ। ਉਸ ਤੋਂ ਮਗਰੋਂ ਉਸਦਾ ਪਤਾ ਹੀ ਨਹੀਂ ਲੱਗਿਆ। ਕੁਲਜੀਤ ਸਿੰਘ ਦੇ ਪਰਿਵਾਰ ਅਨੁਸਾਰ 1996 ਵਿੱਚ ਸੁਪਰੀਮ ਕੋਰਟ ਨੇ ਕੁਲਜੀਤ ਸਿੰਘ ਦੇ ਕਾਤਲਾਂ ਖਿਲਾਫ ਮੁਕੱਦਮਾ ਚਲਾਉਣ ਲਈ ਸਰਕਾਰ ਨੂੰ ਹੁਕਮ ਦਿੱਤੇ ਸਨ ਪਰ ਹੋਇਆ ਕੁਝ ਨਹੀਂ। ਕਾਤਲਾਂ ਨੂੰ ਸਰਕਾਰ ਦੀ

ਹਮਾਇਤ ਹੈ ਇਸ ਕਰਕੇ ਕੇਸ ਅਦਾਲਤਾਂ ਵਿੱਚ ਲਟਕ ਰਿਹਾ ਹੈ । ਕੁਲਜੀਤ ਸਿੰਘ ਨੂੰ ਅਗਵਾ ਕਰਵਾਉਣ ਵਿੱਚ ਐਸ.ਐਸ. ਪੀ. ਅਜੀਤ ਸਿੰਘ ਸੰਧੂ ਦਾ ਹੱਥ ਸੀ ਜਿਸਨੇ ਸ੍ਰ. ਜਸਵੰਤ ਸਿੰਘ ਖਾਲੜਾ ਕੇਸ ਦੀ ਪੜਤਾਲ ਸ਼ੁਰੂ ਹੋਣ ਬਾਅਦ ਖੁਦਕੁਸ਼ੀ ਕਰ ਲਈ ਸੀ । ਉਸ ਸਮੇਂ ਸੰਧੂ ਦਸੂਹਾ ਦਾ ਡੀ.ਐਸ.ਪੀ. ਸੀ । ਜਸਪਾਲ ਸਿੰਘ ਇਸੇ ਥਾਣੇ ਵਿੱਚ ਐਸ.ਐਚ. ਓ. ਵੱਜੋਂ ਨਿਯੁਕਤ ਸੀ ।

ਕੁਲਜੀਤ ਸਿੰਘ ਪਿੰਡ ਦਾ ਸਰਪੰਚ ਹੋਣ ਕਰਕੇ ਅਕਸਰ ਹੀ ਨਿਰਦੋਸ਼ ਮੁੰਡਿਆਂ ਨੂੰ ਖਾੜਕੂਵਾਦ ਨਾਲ ਸਬੰਧਤ ਕੇਸਾਂ ਵਿੱਚ ਪਿੰਡੋਂ ਚੁੱਕਣ ਦੇ ਮਾਮਲੇ ਵਿੱਚ ਅਜੀਤ ਸਿੰਘ ਸੰਧੂ ਨਾਲ ਝਗੜਦਾ ਰਹਿੰਦਾ ਸੀ । ਪਰਿਵਾਰ ਅਨੁਸਾਰ ਸ਼ੁਰੂ ਵਿੱਚ ਤਾਂ ਪੁਲੀਸ ਨੇ ਕੁਲਜੀਤ ਸਿੰਘ ਨੂੰ ਗ੍ਰਿਫਤਾਰ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਸੀ ।

ਭਗਤ ਸਿੰਘ ਦੀ ਭੈਣ ਪ੍ਰਕਾਸ਼ ਕੌਰ ਨੇ ਆਪਣੇ ਜੁਆਈ ਕੁਲਜੀਤ ਸਿੰਘ ਦੀ ਰਿਹਾਈ ਲਈ ਉਚ ਅਧਿਕਾਰੀਆਂ ਕੋਲ ਪਹੁੰਚ ਕੀਤੀ ਤਾਂ ਉਨ੍ਹਾਂ ਮੰਨ ਲਿਆ ਕਿ ਕੁਲਜੀਤ ਸਿੰਘ ਹਿਰਾਸਤ ਵਿੱਚ ਲਿਆ ਸੀ ਪਰ ਉਹ ਪੁਲੀਸ ਹਿਰਾਸਤ ਵਿੱਚੋਂ ਦੌੜ ਗਿਆ । ਇਸ ਪਿਛੋਂ ਕੁਲਜੀਤ ਦੇ ਪਰਿਵਾਰ ਵਾਲਿਆਂ ਤੇ ਉਸਦੀ ਪਤਨੀ ਗੁਰਮੀਤ ਕੌਰ ਇਸ ਮਸਲੇ ਨੂੰ 9 ਸਤੰਬਰ 1989 ਨੂੰ ਸੁਪਰੀਮ ਕੋਰਟ ਵਿੱਚ ਲੈ ਗਈ । ਸੁਪਰੀਮ ਕੋਰਟ ਵੱਲੋਂ ਜਸਟਿਸ ਐਚ.ਐਸ. ਰਨਦੇਵ ਸੇਵਾ ਮੁਕਤ ਦੀ ਅਗਵਾਈ ਵਿੱਚ ਇਕ ਕਮਿਸ਼ਨ ਸਥਾਪਿਤ ਕੀਤਾ । ਕਮਿਸ਼ਨ ਨੇ 1993 ਵਿੱਚ ਆਪਣੀ ਰਿਪੋਰਟ ਜਾਰੀ ਕੀਤੀ ਇਸ ਰਿਪੋਰਟ ਵਿੱਚ ਸਾਫ ਤੌਰ ਉਤੇ ਇਹ ਗੱਲ ਸਾਹਮਣੇ ਆਈ ਕਿ ਪੁਲੀਸ ਅਫਸਰ ਅਜੀਤ ਸਿੰਘ ਸੰਧੂ, ਜਸਪਾਲ ਸਿੰਘ ਨੇ ਕੁਲਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ । ਇਸ ਮਾਮਲੇ ਵਿੱਚ ਐਸ.ਐਚ,ਓ. ਸਰਦੂਲ ਸਿੰਘ ਤੇ ਇਕ ਹੋਰ ਐਸ.ਐਚ.ਓ. ਸੀਤਾ ਰਾਮ ਅਤੇ ਐਸ.ਐਸ. ਬਸਰਾ ਵੀ ਇਸ ਸਾਜ਼ਿਸ਼ ਵਿੱਚ ਸ਼ਾਮਲ ਸਨ ।

ਪੁਲੀਸ ਮੁਲਾਜ਼ਮਾਂ ਨੇ ਕਮਿਸ਼ਨ ਦੀ ਰਿਪੋਰਟ ਉਤੇ ਇਤਰਾਜ ਕੀਤਾ ਪਰ ਇਹ ਵੀ ਸਵੀਕਾਰ ਕੀਤਾ ਕਿ ਉਨ੍ਹਾਂ ਨੇ ਕੁਲਜੀਤ ਸਿੰਘ ਹਿਰਾਸਤ ਵਿੱਚ ਲਿਆ ਸੀ । ਸਰਕਾਰ ਵੱਲੋਂ ਕਮਿਸ਼ਨ ਦੁਆਰਾ ਦੋਸ਼ੀ ਸਾਬਤ ਕੀਤੇ ਵਿਅਕਤੀਆਂ ਵਿਰੁੱਧ ਢਿੱਲ ਵਰਤੀ ਜਾਣ ਉਤੇ ਸੁਪਰੀਮ ਕੋਰਟ ਨੇ ਸਬੰਧਤ ਪੁਲੀਸ ਮੁਲਾਜ਼ਮਾਂ ਨੂੰ ਸਸਪੈਂਡ ਕਰਨ ਅਤੇ ਉਹਨਾਂ ਦੇ ਖਿਲਾਫ ਮੁਕੱਦਮਾ ਦਾਇਰ ਕਰਨ ਦੇ ਨਿਰਦੇਸ਼ ਦਿੱਤੇ । ਪੰਜਾਬ ਸਰਕਾਰ ਨੇ ਪੁਲੀਸ ਮੁਲਾਜ਼ਮਾਂ ਦੀ ਮਦਦ ਕਰਨ ਵਾਸਤੇ ਨਵਾਂ ਤਰੀਕਾ ਲੱਭ ਲਿਆ ਤੇ ਮਾਮਲੇ ਨੂੰ ਲਮਕਾਈ ਰੱਖਣ ਲਈ ਇਸਦੀ ਪੜਤਾਲ ਵਾਸਤੇ ਡੀ.ਆਈ.ਜੀ. ਜੇ. ਪੀ. ਵਿਰਦੀ ਨੂੰ ਸੌਂਪ ਦਿੱਤੀ । ਕੁਝ ਸਮੇਂ ਮਗਰੋਂ ਵਿਰਦੀ ਨੇ ਪੇਸ਼ ਕੀਤੀ ਰਿਪੋਰਟ ਵਿੱਚ ਪੁਲੀਸ ਮੁਲਾਜ਼ਮਾਂ ਨੂੰ ਧਾਰਾ

365 ਆਈ.ਪੀ.ਸੀ. ਅਧੀਨ ਦੋਸ਼ੀ ਠਹਿਰਾਇਆ । ਸੁਪਰੀਮ ਕੋਰਟ ਦੇ ਚੀਫ ਜਸਟਿਸ ਏ.ਐਸ.ਆਨੰਦ ਨੇ ਵਿਰਦੀ ਰਿਪੋਰਟ ਨੂੰ ਪੱਖਪਾਤੀ ਦੱਸਦਿਆਂ ਵਿਰਦੀ ਦੀ ਜਦੋਂ ਖਿਚਾਈ ਕੀਤੀ ਤਾਂ ਵਿਰਦੀ ਨੇ ਧਾਰਾ 365 ਦੀ ਥਾਂ 364 ਲਾ ਦਿੱਤੀ ਜਿਸਦਾ ਮਕਸਦ ਸੀ ਕਿ ਅਗਵਾ ਕਤਲ ਕਰਨ ਦੇ ਮਨੋਰਥ ਨਾਲ ਕੀਤਾ ਗਿਆ । ਇਸ ਦੇ ਨਾਲ ਧਾਰਾ 468 ਅਤੇ 120 ਬੀ. ਸੀ । ਸੁਪਰੀਮ ਕੋਰਟ ਨੇ ਜਦੋਂ ਪੁਲੀਸ ਮੁਲਾਜ਼ਮਾਂ ਨੂੰ ਗ੍ਰਿਫਤਾਰ ਕਰਨ ਦੇ ਨਿਰਦੇਸ਼ ਦਿੱਤੇ ਤੇ ਮਈ 1997 ਵਿੱਚ ਪੁਲੀਸ ਅਫਸਰ ਅਜੀਤ ਸਿੰਘ ਸੰਧੂ ਨੇ ਫਤਿਹਗੜ੍ਹ ਰੇਲ ਗੱਡੀ ਅੱਗੇ ਕੁੱਦਕੇ ਖੁਦਕੁਸ਼ੀ ਕਰ ਲਈ । ਪਰ ਜਸਪਾਲ ਸਿੰਘ, ਸਰਦੂਲ ਸਿੰਘ ਅਤੇ ਸੀਤਾ ਰਾਮ ਨੇ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਇਕ ਅਰਜੀ ਦੇ ਕੇ ਕਿਹਾ ਉਹਨਾਂ ਦੇ ਖਿਲਾਫ ਕੇਸ ਚਲਾਉਣ ਵਾਸਤੇ ਲੋੜੀਂਦੀ ਮਨਜ਼ੂਰੀ ਨਹੀਂ ਲਈ ਇਸ ਤਰ੍ਹਾਂ ਉਹ ਉਕਤ ਕੇਸ ਨੂੰ ਲਮਕਾਉਣ ਵਿੱਚ ਇਕ ਵਾਰੀ ਫੇਰ ਸਫਲ ਹੋ ਗਏ ।

ਟਹਿਲ ਸਿੰਘ ਪੁੱਤਰ ਸ਼ੀਸ਼ਾ ਸਿੰਘ ਵਾਸੀ ਹੋਤੀਪੁਰ ਤਹਿ: ਮੂਣਕ, ਜਿਲ੍ਹਾ ਸੰਗਰੂਰ ਨੂੰ ਉਸਦੇ ਵਾਰਸ ਤੇ ਪਿੰਡ ਦੇ ਪੱਤਵੰਤੇ ਸੱਜਣ ਥਾਣਾ ਖਨੌਰੀ ਤੋਂ 9 ਅਪ੍ਰੈਲ 1993 ਛੁਡਾ ਕੇ ਲੈ ਜਾ ਰਹੇ ਸੀ । ਪੁਲਿਸ ਨਾਲ ਸਾਰੀ ਗੱਲਬਾਤ ਹੋਣ ਮਗਰੋਂ ਪਿੰਡ ਵਾਸੀਆਂ ਨੇ ਟਹਿਲ ਸਿੰਘ ਤੇ ਉਸਦੇ ਨਾਲ ਇਕ ਵਿਅਕਤੀ ਨੂੰ ਖਨੌਰੀ ਤੋਂ ਬੱਸ ਵਿੱਚ ਬੈਠਾ ਦਿੱਤਾ । ਪੁਲੀਸ ਨੇ ਮੌਕੇ ਦਾ ਫਾਇਦਾ ਉਠਾਉਂਦਿਆਂ ਉਸਦਾ ਪਿੱਛਾ ਕੀਤਾ ਤੇ ਬੱਸ ਨੂੰ ਖਨੌਰੀ ਨੇੜੇ ਭਾਖੜਾ ਨਹਿਰ ਉਤੇ ਰੋਕ ਕੇ ਟਹਿਲ ਸਿੰਘ ਨੂੰ ਉਤਾਰ ਲਿਆ । ਇਹਨਾਂ ਵਿਅਕਤੀਆਂ ਨੇ ਪੁਲੀਸ ਦੀ ਵਰਦੀ ਪਾਈ ਹੋਈ ਸੀ ਤੇ ਮੂੰਹ ਬੰਨੇ ਹੋਏ ਤੇ ਸਰਕਾਰੀ ਜਿਪਸੀ ਸੀ । ਰੌਲਾ ਪਾਉਣ ਦੇ ਬਾਵਜੂਦ ਉਹ ਟਹਿਲ ਸਿੰਘ ਨੂੰ ਵਾਪਸ ਖਨੌਰੀ ਵੱਲ ਲੈ ਗਏ ਸਨ । ਉਸ ਤੋਂ ਮਗਰੋਂ ਉਸ ਦਾ ਕੋਈ ਪਤਾ ਨਹੀਂ ਲੱਗਿਆ ।

ਅੱਠਵੀਂ ਪਾਸ ਕਰਕੇ ਟਹਿਲ ਸਿੰਘ ਆਰਥਿਕ ਮਜ਼ਬੂਰੀਆਂ ਕਰਕੇ ਪੀਟਰ ਰੇਹੜਾ ਚਲਾਉਣ ਲੱਗ ਪਿਆ । ਰੇਹੜਾ ਚਲਾਉਂਦੇ ਸਮੇਂ ਮੂਣਕ ਵਾਲੀ ਪੁਲੀਸ ਉਕਤ ਘਟਨਾ ਤਂ ਇਕ ਮਹੀਨਾ ਪਹਿਲਾਂ ਉਸ ਨੂੰ ਚੁੱਕ ਕੇ ਲੈ ਗਈ ਸੀ । ਇਕ ਮਹੀਨਾ ਮੂਣਕ ਪੁਲੀਸ ਨੇ ਉਸ ਉਤੇ ਅਣ-ਮਨੁੱਖੀ ਤਸ਼ੱਦਦ ਕਰਦਿਆਂ ਹੋਇਆ ਉਸਦੀ ਉਘ-ਸੁੱਘ ਨਾ ਪੈਣ ਦਿੱਤੀ । ਮੂਣਕ ਤੋਂ ਪਾਤੜਾਂ ਪੁਲੀਸ ਪੁੱਛ ਗਿੱਛ ਲਈ ਲੈ ਆਈ । ਪਾਤੜਾਂ ਪੁਲੀਸ ਨੇ ਕੁਝ ਦਿਨ ਸ਼ੁਤਰਾਣਾ ਪੁਲੀਸ ਚੌਂਕੀ ਵਿੱਚ ਰੱਖਿਆ ਉਥੋਂ ਉਸਨੂੰ ਭਵਾਨੀਗੜ੍ਹ ਪੁਲੀਸ ਲੈ ਗਈ ਭਵਾਨੀਗੜ੍ਹ ਤੋਂ ਸਮਾਣਾ ਪੁਲੀਸ ਨੇ ਟਹਿਲ ਸਿੰਘ ਨੂੰ ਲਿਆ ਕੇ ਉਸਤੇ ਤਸ਼ੱਦਦ ਕੀਤਾ ਸੀ । ਇਥੋਂ ਫੇਰ ਖਨੌਰੀ ਦੀ ਪੁਲੀਸ ਲੈ ਗਈ ਸੀ ।

ਪਿੰਡ ਵਾਸੀਆਂ ਭੱਜ ਦੌੜ ਕਰਕੇ ਜਦੋਂ ਖਨੌਰੀ ਪੁਲੀਸ ਤੋਂ ਛੁਡਾ ਲਿਆ ਤੇ

ਪੁਲੀਸ ਗਿਣੀ-ਮਿਥੀ ਸਾਜ਼ਿਸ ਤਹਿਤ ਉਹਨਾਂ ਨੂੰ ਬੱਸ ਵਿਚੋਂ ਉਤਾਰਕੇ ਲੈ ਗਈ ਉਸ ਤੋਂ ਮਗਰੋਂ ਪੁਲੀਸ ਨੇ ਸਾਫ ਇਨਕਾਰ ਕਰਦਿਆਂ ਕਿਹਾ ਕਿ ਉਹ ਉਸਨੂੰ ਬੱਸ ਵਿੱਚੋਂ ਉਤਾਰ ਕੇ ਨਹੀਂ ਲਿਆਏ । ਇਸ ਲਈ ਤੁਸੀਂ ਉਸਦੀ ਕਿਸੇ ਹੋਰ ਥਾਂ ਉਤੇ ਪੜਤਾਲ ਕਰੋ । ਉਸਦੇ ਵਾਰਸਾਂ ਨੂੰ ਸ਼ੱਕ ਹੈ ਕਿ ਪੁਲੀਸ ਨੇ ਟਹਿਲ ਸਿੰਘ ਨੂੰ ਮਾਰਕੇ ਉਸਦੀ ਲਾਸ਼ ਖੁਰਦ-ਬੁਰਦ ਕਰ ਦਿੱਤੀ ਹੈ ।

ਮਨੁੱਖੀ ਅਧਿਕਾਰਾਂ ਨਾਲ ਸਬੰਧਿਤ ਆਗੂ ਤੇ ਵਕੀਲ ਕੁਲਵੰਤ ਸਿੰਘ ਨੂੰ ਉਸ ਦੇ ਦੋ ਸਾਲ ਦੇ ਬੱਚੇ ਅਤੇ ਪਤਨੀ ਨੂੰ ਕਤਲ ਕਰਨ ਵਿੱਚ ਵੀ ਡੀ.ਐਸ.ਪੀ. ਜਸਪਾਲ ਸਿੰਘ ਦੀ ਅਹਿਮ ਭੂਮਿਕਾ ਸਾਹਮਣੇ ਆਈ ਹੈ । ਇਸ ਸਬੰਧੀ ਉਸਦੇ ਖਿਲਾਫ ਵੱਖ-ਵੱਖ ਅਦਾਲਤਾਂ ਵਿੱਚ ਕੇਸ ਚੱਲ ਰਹੇ ਹਨ । ਸੀ.ਬੀ.ਆਈ ਦੀ ਪੜਤਾਲ ਮਗਰੋਂ ਸਪਸ਼ਟ ਹੋਇਆ ਕਿ ਵਕੀਲ ਕਲਵੰਤ ਸਿੰਘ ਨੂੰ ਡੀ.ਐਸ.ਪੀ. ਜਸਪਾਲ ਸਿੰਘ ਐਸ.ਐਚ.ਓ. ਅਰਵਿੰਦਰ ਪਾਲ ਸਿੰਘ ਅਤੇ ਇੰਸਪੈਕਟਰ ਗੁਰਬਚਨ ਸਿੰਘ ਵੱਲੋਂ ਸੀ.ਆਈ.ਏ. ਰੋਪੜ ਵਿੱਚ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ । ਜਦੋਂ ਕੁਲਵੰਤ ਸਿੰਘ ਨੂੰ ਥਾਣੇ ਅੰਦਰ ਪੁੱਠਾ ਲਮਕਾਇਆ ਗਿਆ ਤਾਂ ਹੇਠਾਂ ਡਿੱਗ ਪੈਣ ਕਰਕੇ ਸਿਰ ਵਿੱਚ ਸੱਟ ਲੱਗੀ । ਜੋ ਜਾਨ ਲੇਵਾ ਸਾਬਿਤ ਹੋਈ । ਇਸ ਘਟਨਾ ਮਗਰੋਂ ਪੁਲੀਸ ਨੇ ਆਪਣੀ ਕਾਲੀ ਕਰਤੂਤ ਉਤੇ ਪਰਦਾ ਪਾਉਣ ਲਈ ਜ਼ੁਲਮ ਉਤੇ ਜ਼ੁਲਮ ਕਰਦਿਆਂ ਕੁਲਵੰਤ ਸਿੰਘ ਦੇ (ਦੋ ਸਾਲਾਂ) ਦੇ ਪੁੱਤਰ ਅਤੇ ਉਸਦੀ ਪਤਨੀ ਦਾ ਕਤਲ ਕਰਕੇ ਨਹਿਰ ਵਿੱਚ ਸੁੱਟ ਦਿੱਤਾ । ਕੁਲਵੰਤ ਸਿੰਘ ਉਸਦੇ ਪੁੱਤਰ ਤੇ ਪਤਨੀ ਦੀਆਂ ਲਾਸ਼ਾਂ ਭਾਵੇ ਨਹੀਂ ਮਿਲੀਆਂ ਪਰ ਉਹਨਾਂ ਦੀ ਕਾਰ ਜਿਸ ਵਿੱਚ ਕੁਲਵੰਤ ਸਿੰਘ ਦੀ ਪਤਨੀ ਤੇ ਬੱਚਾ ਥਾਣੇ ਗਏ ਸੀ । ਉਹ ਟੁੱਟੇ ਭੱਜੇ ਰੂਪ ਵਿੱਚ ਭਾਖੜਾ ਨਹਿਰ ਵਿੱਚੋਂ ਪ੍ਰਾਪਤ ਹੋਈ ਸੀ ।

ਵਕੀਲ ਤੇ ਉਸਦੇ ਪਰਿਵਾਰ ਦੇ ਭੇਦਭਰੀ ਹਾਲਤ ਵਿੱਚ ਗੁੰਮ ਹੋਣ ਮਗਰੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਬਾਰ ਐਸ਼ੋਸੀਏਸ਼ਨ ਦੇ ਸਦੇ ਉਤੇ ਜਦੋਂ ਛੇ ਦਿਨ ਹੜਤਾਲ ਰਹੀ ਤੇ ਪੁਲੀਸ ਨੇ ਹਰਪ੍ਰੀਤ ਸਿੰਘ ਲੱਕੀ ਨਾਲ ਹੋਰ ਵਿਅਕਤੀਆਂ ਉਪਰ ਝੂਠਾ ਕੇਸ ਪਾ ਦਿੱਤਾ । ਬਾਰ ਐਸ਼ੋਸੀਏਸਨ ਨੇ ਮੁੜ ਹਾਈ ਕੋਰਟ ਵਿੱਚ ਅਰਜੀ ਦਿੱਤੀ ਤੇ ਦੋਸ਼ ਲਾਇਆ ਕਿ ਪੁਲੀਸ ਨੇ ਹੋਰ ਵਿਅਕਤੀਆਂ ਦੇ ਖਿਲਾਫ ਹੀ ਮੁਕੱਦਮਾ ਦਰਜ ਕਰ ਦਿੱਤਾ ਹੈ । ਅਦਾਲਤ ਨੇ ਪੰਜ ਮੈਂਬਰੀ ਬੈਂਚ ਵੱਲੋਂ ਪੁਲੀਸ ਦੀ ਪੜਤਾਲ ਨੂੰ ਸਹੀ ਕਰਾਰ ਦਿੱਤਾ ਗਿਆ ਤੇ ਬਾਰ ਐਸ਼ੋਸੀਏਸ਼ਨ ਦੀ ਅਰਜੀ ਰੱਦ ਕਰ ਦਿੱਤੀ ।

ਇਸ ਪਿੱਛੋਂ ਵਕੀਲ ਦੇ ਪਰਿਵਾਰ ਤੇ ਬਾਰ ਐਸ਼ੋਸੀਏਸ਼ਨ ਨੇ ਨਿਆਂ ਲੈਣ ਲਈ ਸੁਪਰੀਮ ਕੋਰਟ ਵਿੱਚ ਅਪੀਲ ਦਾਇਰ ਕੀਤੀ ਜਿਸ ਉਤੇ ਸੁਪਰੀਮ ਕੋਰਟ ਨੇ 1994 ਵਿੱਚ ਸੀ.ਬੀ.ਆਈ. ਵੱਲੋਂ ਕੀਤੀ ਗਈ ਪੜਤਾਲ ਵਿੱਚ ਸੀ.ਬੀ.ਆਈ. ਨੇ ਉਕਤ ਪੁਲੀਸ ਮੁਲਾਜ਼ਮਾਂ

ਨੂੰ ਵਕੀਲ ਨੂੰ ਅਗਵਾ ਕਰਨ ਤੇ ਉਸਦੇ ਪਰਿਵਾਰ ਨੂੰ ਮਾਰਨ ਲਈ ਦੋਸ਼ੀ ਠਹਿਰਾਇਆ । ਇਸੇ ਦੌਰਾਨ ਸੁਪਰੀਮ ਕੋਰਟ ਨੇ ਵਕੀਲ ਦੇ ਪਰਿਵਾਰ ਲਈ 10 ਲੱਖ ਰੁਪਏ ਦਾ ਮੁਆਵਜਾ ਦੇਣ ਲਈ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਤੇ ਹਰਪ੍ਰੀਤ ਸਿੰਘ ਲੱਕੀ ਜਿਸ ਉਤੇ ਝੂਠਾ ਕੇਸ ਪਾਇਆ ਸੀ ਉਸਨੂੰ 8 ਲੱਖ ਰੁਪਏ ਮੁਆਵਜਾ ਦੇਣ ਲਈ ਰਾਜ ਸਰਕਾਰ ਨੂੰ ਆਖਿਆ ।

ਇਥੇ ਇਹ ਵੀ ਜ਼ਿਕਰ ਯੋਗ ਹੈ ਕਿ ਜਿਸ ਡੀ.ਐਸ.ਪੀ. ਜਸਪਾਲ ਸਿੰਘ ਉਤੇ ਸ੍ਰ. ਜਸਵੰਤ ਸਿੰਘ ਖਾਲੜਾ, ਕੁਲਜੀਤ ਸਿੰਘ, ਵਕੀਲ ਕੁਲਵੰਤ ਸਿੰਘ ਉਸਦਾ ਬੇਟਾ ਤੇ ਪਤਨੀ ਨੂੰ ਅਗਵਾ ਕਰਕੇ ਮਾਰਨ ਦੇ ਸੰਗੀਨ ਦੋਸ਼ ਲੱਗੇ ਹੋਣ ਕਾਰਨ ਉਸਨੂੰ ਪੰਜਾਬ ਦੇ ਗਵਰਨਰ ਸ੍ਰੀ ਐਸ.ਐਫ. ਰੋਡਰਿਗਜ ਵੱਲੋਂ ਇਕ ਕੇਸ ਵਿੱਚ 7-7 ਸਾਲ ਦੀਆਂ ਹੋਈਆਂ ਸਜ਼ਾਵਾਂ ਮੁਆਫ ਕੀਤੀਆਂ ਗਈਆਂ ਹਨ । ਇਨ੍ਹਾਂ ਮੁਲਾਜ਼ਮਾਂ ਨੂੰ ਰਾਸ਼ਟਰਪਤੀ ਵੱਲੋਂ ਬਹਾਦਰੀ ਐਵਾਰਡ ਦਿੱਤੇ ਗਏ ਹਨ । ਕੀ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਸਵਾਲ ਉਠਾਏ ਜਾ ਰਹੇ ਹਨ ਕਿ ਵਰਦੀਧਾਰੀ ਅੱਤਵਾਦੀ ਪੁਲੀਸ ਅਫਸਰਾਂ ਨੂੰ ਅਜਿਹੇ ਐਵਾਰਡ ਦੇ ਕੇ ਭਾਰਤੀ ਸਟੇਟ ਦੇ ਉਚੱ ਆਹੁਦੇਦਾਰਾਂ ਨੇ ਆਪਣੇ ਆਪ ਨੂੰ ਕਲੰਕਿਤ ਨਹੀਂ ਕੀਤਾ ?

ਭਾਈ ਕੁਲਬੀਰ ਸਿੰਘ ਭੋਲਾ ਪੁੱਤਰ ਸ੍ਰ. ਗੁਰਦਿੱਤ ਸਿੰਘ ਨਿਵਾਸੀ ਪਿੰਡ ਕੜਿਆਲ ਥਾਣਾ ਦਿੜ੍ਹਬਾ ਜ਼ਿਲ੍ਹਾ ਸੰਗਰੂਰ ਉਨ੍ਹਾਂ ਸਿੱਖ ਨੌਜਵਾਨਾਂ 'ਚੋਂ ਹਨ ਜਿਨ੍ਹਾਂ ਨੂੰ ਪੰਜਾਬ ਪੁਲਿਸ ਨੇ ਖਾੜਕੂਵਾਦ ਦੇ ਦਿਨਾਂ ਵਿੱਚ ਘਰੋਂ ਚੁੱਕਿਆ ਪਰ ਅਜੇ ਤੱਕ ਵਾਪਸ ਨਹੀ ਆਏ ਅਤੇ ਨਾ ਹੀ ਉਨ੍ਹਾਂ ਨੂੰ ਲਾਪਤਾ ਕਰਨ ਦੇ ਜਿੰਮੇਵਾਰ ਪੁਲੀਸ ਅਫਸਰਾਂ ਅਤੇ ਕਰਮਚਾਰੀਆਂ ਖਿਲਾਫ ਕੋਈ ਕਾਰਵਾਈ ਤਾਂ ਕੀ ਕਰਨੀ ਸੀ ਕਿਸੇ ਸਰਕਾਰ ਨੇ ਪੜਤਾਲ ਕਰਾਉਣ ਦੀ ਲੋੜ ਵੀ ਨਹੀਂ ਸਮਝੀ ।

ਕੁਲਬੀਰ ਸਿੰਘ ਭੋਲਾ ਨੂੰ ਉਸਦੇ ਸਾਥੀ ਗੁਰਮੇਲ ਸਿੰਘ ਮੇਲਾ ਦੇ ਘਰੋਂ ਰਾਤ ਨੌ ਵਜੇ 30 ਮਾਰਚ 1992 ਨੂੰ ਥਾਣਾ ਭਵਾਨੀਗੜ੍ਹ ਦੀ ਪੁਲਿਸ ਜਿਸ ਦੀ ਅਗਵਾਈ ਇੰਸਪੈਕਟਰ ਗੁਰਦੀਪ ਸਿੰਘ 'ਪੰਨੂੰ' ਕਰ ਰਹੇ ਸਨ, ਨੇ ਚੁੱਕ ਲਿਆ ਸੀ । ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੇ ਉਨ੍ਹਾਂ ਦੀ ਬਹੁਤ ਭਾਲ ਕੀਤੀ ਪਰ ਕਿਸੇ ਨੇ ਅੱਜ ਤਾਂਈ ਉਨ੍ਹਾਂ ਦਾ ਥਹੁ ਪਤਾ ਨਹੀਂ ਦੱਸਿਆ । ਪੁਲੀਸ ਸਾਫ ਮੁੱਕਰ ਗਈ । ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਪਹਿਲਾਂ ਪੁਲੀਸ ਟਾਲ ਮਟੋਲ ਕਰਦੀ ਰਹੀ ਪਰ ਬਾਅਦ ਵਿੱਚ ਉਹ ਸਾਫ ਮੁੱਕਰ ਗਈ । ਭਾਈ ਭੋਲਾ ਦੀ ਮਾਤਾ ਜੂਨ 2006 ਨੂੰ ਭੋਲਾ-ਭੋਲਾ ਕਰਦੀ ਅਕਾਲ ਚਲਾਣਾ ਕਰ ਗਈ । ਉਨ੍ਹਾਂ ਦੇ ਭਰਾ ਡਾਕਟਰ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਪੁਲੀਸ ਵੱਲੋਂ ਭੋਲਾ ਨੂੰ ਚੱਕੇ ਜਾਣ ਤੋਂ ਬਾਅਦ ਮਾਤਾ ਬਲਵੀਰ ਕੌਰ ਨੇ ਚੈਨ ਦੀ ਸਾਹ ਨਹੀ ਲਈ, 82 ਸਾਲ ਦੀ ਉਮਰ ਭੋਗ ਚੁੱਕੇ ਪਿਤਾ ਗੁਰਦਿੱਤ ਸਿੰਘ ਨੂੰ ਅਜੇ ਵੀ ਆਸ ਹੈ ਕਿ ਭੋਲਾ ਇੱਕ ਦਿਨ ਜ਼ਰੂਰ ਘਰ ਆਵੇਗਾ ।

ਪਰਿਵਾਰ ਨੇ ਉਸਦੀ ਕੋਈ ਅੰਤਿਮ ਰਸਮ ਨਹੀਂ ਕੀਤੀ ਅਤੇ ਨਾ ਹੀ ਉਨ੍ਹਾਂ ਨੂੰ ਭੋਲਾ ਦੀ ਮੌਤ ਦਾ ਸਰਟੀਫਿਕੇਟ ਮਿਲਿਆ ਹੈ ।

ਭਾਈ ਭੋਲਾ ਚਾਰ ਭਰਾਵਾਂ ਅਤੇ ਦੋ ਭੈਣਾਂ ਵਿੱਚੋਂ ਸਭ ਤੋਂ ਛੋਟੇ ਸਨ । ਛੋਟਾ ਹੋਣ ਕਰਕੇ ਮਾਤਾ-ਪਿਤਾ ਦਾ ਲਗਾਓ ਵੀ ਭਾਈ ਭੋਲਾ ਨਾਲ ਸੀ । ਉਹ ਸਾਬਤ ਸੂਰਤ ਗੁਰਸਿੱਖ ਸੀ । ਉਨ੍ਹਾਂ ਦਾ ਸੁਭਾਅ ਮਿਲਾਪੜਾ ਸੀ ।

ਦੂਜੇ ਪਾਸੇ ਭਾਈ ਗੁਰਮੇਲ ਸਿੰਘ ਮੇਲਾ ਪੁੱਤਰ ਸਾਧੂ ਸਿੰਘ ਉਹ ਵੀ ਪਿੰਡ ਕੜਿਆਲ ਥਾਣਾ ਦਿੜ੍ਹਬਾ ਜਿਲ੍ਹਾ ਸੰਗਰੂਰ ਦੇ ਰਹਿਣ ਵਾਲੇ ਸਨ । ਕੁਲਬੀਰ ਸਿੰਘ ਭੋਲਾ ਗੁਰਮੇਲ ਸਿੰਘ ਮੇਲਾ ਇੱਕੋ ਪਿੰਡ ਦੇ ਹੋਣ ਕਰਕੇ ਅਤੇ ਦੋਵੇਂ ਗੁਰਸਿੱਖ ਤੇ ਗੁਰਮਤਿ ਦੇ ਧਾਰਨੀ ਹੋਣ ਕਰਕੇ ਇੱਕਠੇ ਹੀ ਵਿਚਰਦੇ ਸਨ । ਉਨ੍ਹਾਂ ਦਾ ਪਿਆਰ ਭਰਾਵਾਂ ਤੋਂ ਵੀ ਵੱਧ ਸੀ । ਉਹ ਇਕੱਠੇ ਹੀ ਪੰਜਾਬ ਪੁਲੀਸ ਦੇ ਜ਼ੁਲਮ ਦਾ ਸ਼ਿਕਾਰ ਹੋਏ, 30 ਮਾਰਚ 1992 ਨੂੰ ਰਾਤ ਦੇ ਨੌ ਵੱਜੇ ਭਾਈ ਭੋਲਾ ਤੇ ਭਾਈ ਮੇਲਾ ਸਿੰਘ ਨੂੰ ਇਕੱਠਿਆਂ ਹੀ ਭਵਾਨੀਗੜ੍ਹ ਜਿਲ੍ਹਾ ਸੰਗਰੂਰ ਦੀ ਪੁਲੀਸ ਨੇ ਚੁੱਕਿਆ ਸੀ । ਦੋਵੇਂ ਇਕੱਠੇ ਭਾਈ ਮੇਲਾ ਦੇ ਘਰ ਪ੍ਰਸ਼ਾਦਾ ਛੱਕਣ ਦੀ ਤਿਆਰੀ ਕਰ ਰਹੇ ਸਨ ਕਿ ਪੁਲੀਸ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਲੈ ਗਈ । ਅਜੇ ਤੱਕ ਭਾਈ ਭੋਲਾ ਵਾਂਗ ਭਾਈ ਮੇਲਾ ਦੀ ਕੋਈ ਉਘ ਸੁੱਘ ਨਹੀਂ ਮਿਲੀ । ਉਨ੍ਹਾਂ ਨੂੰ ਚੁੱਕਣ ਵਾਲੇ ਪੁਲਸੀਆਂ ਨੂੰ ਤਰੱਕੀਆਂ ਦੇ ਕੇ ਨਿਵਾਜਿਆ ਗਿਆ ਹੈ । ਸਾਧੂ ਸਿੰਘ ਆਪਣੇ ਪੁੱਤਰ ਦੇ ਘਰ ਆਉਣ ਦੀ ਉਡੀਕ ਕਰਦਾ ਹੋਇਆ ਇਸ ਜਹਾਨ ਤੋਂ ਕੂਚ ਕਰ ਗਿਆ ਹੈ ਪਰ ਉਸ ਨੂੰ ਜਿਉਂਦੇ ਜੀ ਆਪਣੇ ਜਿਗਰ ਦੇ ਟੁਕੜੇ ਦਾ ਕੋਈ ਪਤਾ ਨਹੀਂ ਲੱਗਿਆ ।

ਭਾਈ ਮੇਲਾ ਦੀ ਮਾਤਾ ਤੇਜ ਕੌਰ ਆਪਣੇ ਪੁੱਤਰ ਦੀ ਉਡੀਕ ਵਿੱਚ ਹੈ । ਉਨਾਂ ਦੱਸਿਆ ਕਿ ਉਨ੍ਹਾਂ ਭਾਈ ਮੇਲਾ ਅਤੇ ਭਾਈ ਭੋਲਾ ਦੀ ਉਘ-ਸੁੱਘ ਲਗਾਉਣ ਲਈ ਬਹੁਤ ਕੋਸ਼ਿਸ਼ ਕੀਤੀ । ਵੱਡੇ ਅਫਸਰਾਂ ਅਤੇ ਰਾਜਨੀਤਕ ਆਗੂਆਂ ਦੇ ਹਾੜ੍ਹੇ ਵੀ ਕੱਢੇ ਪਰ ਮੇਲਾ ਵਾਪਸ ਨਹੀਂ ਮੋੜਿਆ । ਉਹ ਉਸ ਨੂੰ ਸ਼ਹੀਦ ਵੀ ਨਹੀਂ ਕਹਿ ਸਕਦੇ, ਜਿਉਂਦਾ ਵੀ ਨਹੀਂ ਕਹਿ ਸਕਦੇ । ਉਸਨੇ ਅੱਖਾਂ ਵਿੱਚ ਅਥਰੂ ਭਰਕੇ ਕਿਹਾ ਕਿ ਸਾਨੂੰ ਅਸਲੀਅਤ ਤਾਂ ਦੱਸ ਦਿੱਤੀ ਜਾਵੇ । ਅਸੀਂ ਲਿਖਕੇ ਦੇਣ ਨੂੰ ਤਿਆਰ ਹਾਂ ਕਿ ਅਸੀਂ ਕੋਈ ਕਾਰਵਾਈ ਨਹੀਂ ਕਰਦੇ ।

ਇਸ ਤਰ੍ਹਾਂ ਕਥਿਤ ਸਿੱਖ ਲੀਡਰਸ਼ਿਪ ਦੀ ਕੁਤਾਹੀ, ਅਵੇਸਲੇਪਣ ਅਤੇ ਕੁਰਸੀ ਦੇ ਮੋਹ ਨੇ ਸਿੱਖ ਨੌਜਵਾਨਾਂ ਨੂੰ ਬੀਤੇ ਦੀਆਂ ਕਹਾਣੀਆਂ ਬਣਾ ਦਿੱਤਾ ਹੈ ।

ਭਾਰਤੀ ਸੁਰੱਖਿਆ ਦਲਾਂ ਵੱਲੋਂ ਭਾਈ ਅਵਤਾਰ ਸਿੰਘ ਸ਼ਤਰਾਣਾ 'ਤੇ ਕੀਤੇ ਅਣਮਨੁੱਖੀ
ਤਸ਼ੱਦਦ ਦੀ ਮੂੰਹ ਬੋਲਦੀ ਤਸਵੀਰ





# ਝੂਠੇ ਪੁਲੀਸ ਮੁਕਾਬਲਿਆਂ ਦੀ ਭੇਂਟ ਚੜ੍ਹੇ



ਬੀਬੀ ਚਰਨਜੀਤ ਕੌਰ
ਨਵਾਂ ਗਾਂਉ



ਬੀਬੀ ਕਵਲਜੀਤ ਕੌਰ



ਭਾਈ ਕੁਲਵੰਤ ਸਿੰਘ ਕੰਤਾ
ਨਵਾਂ ਗਾਂਉ



ਭਾਈ ਧਰਮਵੀਰ ਸਿੰਘ
ਕੰਮੋਕੇ



ਭਾਈ ਜੁਗਰਾਜ ਸਿੰਘ ਸਿੰਧੜਾ



ਭਾਈ ਹਰਜਿੰਦਰ ਸਿੰਘ ਰਿੰਦਾ



ਵਕੀਲ ਕੁਲਵੰਤ ਸਿੰਘ ਉਨ੍ਹਾਂ ਦੀ ਪਤਨੀ ਤੇ ਬੱਚਾ

# ਝੂਠੇ ਪੁਲੀਸ ਮੁਕਾਬਲੇ

ਸੁਰੱਖਿਆ ਦਸਤਿਆਂ ਨੂੰ ਮਿਲੇ ਵੱਧ ਅਧਿਕਾਰਾਂ ਦੀ ਨਜਾਇਜ਼ ਵਰਤੋਂ ਕਰਦਿਆਂ ਪੁਲੀਸ ਦਲਾਂ ਤੇ ਸੈਨਿਕ ਦਸਤਿਆਂ ਨੇ ਅਮਨ-ਅਮਾਨ ਨਾਲ ਵਸਦੇ ਪਰਿਵਾਰਾਂ ਉਤੇ ਕਹਿਰ ਦੀ ਜੋ ਹਨੇਰੀ ਝੁਲਾਈ ਉਸਦੀ ਤੜਪ ਸਿਰਫ ਉਨ੍ਹਾਂ ਪਰਿਵਾਰਾਂ ਨੂੰ ਮਿਲਕੇ ਹੀ ਪਤਾ ਲਗ ਸਕਦੀ ਹੈ ਜਿਨ੍ਹਾਂ ਦੇ ਘਰਾਂ ਵਿੱਚੋਂ ਪੁਲੀਸ ਨੇ ਦਿਨੇ ਰਾਤ ਨੌਜਵਾਨਾਂ ਨੂੰ ਚੁੱਕ ਕੇ ਤਸ਼ੱਦਦ ਮਗਰੋਂ ਝੂਠੇ ਪੁਲੀਸ ਮੁਕਾਬਲਿਆਂ ਰਾਹੀ ਸਦਾ ਦੀ ਨੀਂਦ ਸੁਆ ਦਿੱਤਾ । ਹਕੂਮਤਾਂ ਨੇ ਮੁਗਲ ਜਰਵਾਣਿਆਂ ਦੇ ਕਾਰਨਮਿਆਂ ਨੂੰ ਮਾਤ ਪਾਉਂਦਿਆਂ ਨਿਰਦੋਸ਼ ਨੌਜਵਾਨਾਂ ਨੂੰ ਖੋਫਨਾਕ ਤਸੀਹੇ ਦਿੱਤੇ । ਮੁਗਲ ਹਕੂਮਤਾਂ ਨੇ ਜੁਝਾਰੂ ਸਿੰਘਾਂ ਦੇ ਬੰਦ-ਬੰਦ ਕੱਟੇ ਖੋਪਰੀਆਂ ਲਾਹੀਆਂ ਚਰਖੜੀਆਂ ਤੇ ਚਾੜ੍ਹਿਆ ਅਤੇ ਆਰਿਆਂ ਨਾਲ ਚੀਰਿਆ । ਹਿੰਦੁਸਤਾਨੀ ਹਕੂਮਤ ਦੇ ਰਾਖਿਆਂ ਨੇ ਆਪਣੇ ਇਨਾਮਾਂ ਤੇ ਤਰੱਕੀਆਂ ਲਈ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰਨ ਤੋਂ ਪਹਿਲਾਂ ਉਹਨਾਂ ਦੇ ਗੁਪਤ ਤੇ ਨਾਜ਼ੁਕ ਅੰਗਾਂ ਵਿੱਚੋਂ ਲੋਹੇ ਦੀਆਂ ਗਰਮ ਰਾੜਾਂ ਆਰ-ਪਾਰ ਕੀਤੀਆਂ, ਕਰੰਟ ਲਾਏ, ਜਮੂਰਾਂ ਨਾਲ ਨਹੁੰ ਖਿੱਚੇ, ਗਰਮ ਪ੍ਰੈਸਾਂ ਲਾ ਕੇ ਉਹਨਾਂ ਦੇ ਜਿਸਮ ਨੂੰ ਸਾੜਿਆ ਤੇ ਗਰਮ ਪਾਣੀ ਵਿੱਚ ਉਬਾਲਕੇ ਉਹਨਾਂ ਦਾ ਖਾਤਮਾ ਕੀਤਾ । ਪੁਲੀਸ ਤਸ਼ੱਦਦ ਦੌਰਾਨ ਮਾਰੇ ਗਏ ਨਿਰਦੋਸ਼ ਨੌਜਵਾਨਾਂ ਦੀ ਸੂਚੀ ਬਹੁਤ ਲੰਬੀ ਹੈ ਤੇ ਉਹਨਾਂ ਵਿੱਚ ਕੁੱਝ ਦਾ ਵੇਰਵਾ ਇਸ ਤਰ੍ਹਾਂ ਹੈ ।

ਪਿੰਡ ਸ਼ੁਤਰਾਣਾ ਦੇ ਜਰਨੈਲ ਸਿੰਘ ਸ਼ੁਤਰਾਣਾ ਦਾ ਛੋਟਾ ਭਰਾ ਅਵਤਾਰ ਸਿੰਘ ਸ਼ੁਤਰਾਣਾ ਜਰਨੈਲ ਸਿੰਘ ਦੇ ਘਰੋਂ ਫਰਾਰ ਹੋਣ ਮਗਰੋਂ ਪੰਜਾਬ ਦੀ ਸਿਆਸਤ ਵਿੱਚ ਹਿੱਸਾ ਲੈਣ ਲੱਗ ਪਿਆ, 12 ਅਗਸਤ 1992 ਨੂੰ ਦਿਨੇ ਅਵਤਾਰ ਸਿੰਘ ਪਾਤੜਾਂ ਤੋਂ ਪਿੰਡ ਨੂੰ ਆ ਰਿਹਾ ਸੀ । ਕਿ ਪੁਲੀਸ ਪਾਰਟੀ ਜਿਸ ਦੀ ਅਗਵਾਈ ਉਸ ਸਮੇਂ ਪਾਤੜਾਂ ਥਾਣੇ ਦਾ ਇੰਚਾਰਜ ਸੁਖਵਿੰਦਰ ਸਿੰਘ 'ਸੰਘਾ' ਕਰ ਰਿਹਾ ਸੀ । ਉਸਨੇ ਰਸਤੇ ਵਿੱਚੋਂ ਹੀ ਉਸਨੂੰ ਚੁੱਕ ਲਿਆ ਤੇ ਉਸ ਤੋਂ ਪੁੱਛ-ਪੜਤਾਲ ਕਰਨ ਲਈ ਸੀ.ਆਈ.ਏ. ਸਟਾਫ ਕੁਰਾਲੀ ਭੇਜ ਦਿੱਤਾ । ਜਿੱਥੇ ਉਸ ਉਤੇ ਅਜਿਹਾ ਅਣਮਨੁੱਖੀ ਤਸ਼ੱਦਦ ਢਾਹਿਆ ਜਿਸ ਨੂੰ ਦੇਖਕੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ । ਤਫਤੀਸ਼ ਦੌਰਾਨ ਗਰੇਵਾਲ ਇੰਸਪੈਕਟਰ ਨੇ ਅਵਤਾਰ ਸਿੰਘ ਦੇ ਸਰੀਰ ਉਤੇ ਗਰਮ ਪ੍ਰੈਸਾਂ ਲਾ ਕੇ ਕੋਹਿਆ ਤੇ ਉਸਦੀਆਂ ਕੱਛਾਂ ਵਿੱਚੋਂ ਤਿੱਖੇ ਸੂਏ ਲੰਘਾ ਦਿੱਤੇ ਗਏ । ਕਰੰਟ ਲਾ ਲਾ ਕੇ ਉਸਦਾ ਸਰੀਰ ਲੂਹ ਦਿੱਤਾ ਗਿਆ । ਸੱਤ ਦਿਨ ਅਵਤਾਰ ਸਿੰਘ ਦਿਲ ਕੰਬਾਊ ਤਸੀਹੇ ਸਹਿੰਦਾ ਰਿਹਾ । ਪੁਲੀਸ ਨੇ ਜਦੋਂ ਦੇਖਿਆ ਕਿ ਉਸਦਾ ਬਚਣਾ

ਮੁਸ਼ਕਲ ਹੈ ਤਾਂ ਪੁਲੀਸ ਨੇ ਝੂਠੀ ਕਹਾਣੀ ਬਣਾਦਿਆਂ 19 ਅਗਸਤ 1992 ਨੂੰ ਪਿੰਡ ਗੁਰਦਿਆਲਪੁਰਾ ਨੇੜੇ ਹਜ਼ਾਰਾਂ ਏਕੜ ਬੀੜ ਵਿੱਚ ਅਵਤਾਰ ਸਿੰਘ ਤਾਰੀ ਨੂੰ ਗੋਲੀਆਂ ਮਾਰਕੇ ਛਲਣੀ-ਛਲਣੀ ਕਰ ਦਿੱਤਾ । ਪਿੰਡ ਵਾਸੀਆਂ ਅਨੁਸਾਰ ਦਿਲ ਕੰਬਾਊ ਤਸ਼ੱਦਦ ਸਹਾਰਦਾ ਹੋਇਆ ਅਵਤਾਰ ਸਿੰਘ ਪ੍ਰਾਣ ਤਾਂ ਪਹਿਲਾਂ ਹੀ ਤਿਆਗ ਗਿਆ ਸੀ ਘਟਨਾ ਦੀ ਖ਼ਬਰ ਮਿਲਦੇ ਸਾਰ ਹੀ ਲੋਕਾਂ ਨੇ ਪੁਲੀਸ ਦਾ ਘਿਰਾਓ ਕਰ ਦਿੱਤਾ ਤੇ ਜਮ ਪੁਲੀਸ ਤੇ ਪੰਜਾਬ ਸਰਕਾਰ ਦੇ ਖਿਲਾਫ ਨਾਅਰੇਬਾਜੀ ਵੀ ਕੀਤੀ । ਲੋਕਾਂ ਦੇ ਰੋਹ ਨੂੰ ਦੇਖਦਿਆਂ ਪੁਲੀਸ ਨੂੰ ਹੱਥਾਂ-ਪੈਰਾਂ ਦੀਆਂ ਪੈ ਗਈਆਂ । ਪੁਲੀਸ ਨੇ ਇਸ ਮਨਘੜਤ ਕਹਾਣੀ ਨੂੰ ਛੁਪਾਈ ਰੱਖਣ ਲਈ ਲੋਕਾਂ ਨੂੰ ਭਰੋਸੇ ਵਿੱਚ ਲੈਂਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਲਾਸ਼ ਤਾਂ ਨਹੀਂ ਦੇਣਗੇ ਪਰ ਜਿੱਥੇ ਲੋਕ ਕਹਿਣਗੇ ਲਾਸ਼ ਦਾ ਉਥੇ ਹੀ ਸਸਕਾਰ ਕਰ ਦਿੱਤਾ ਜਾਵੇਗਾ । ਪਰ ਲਾਸ਼ ਨੇ ਨੇੜੇ ਕਿਸੇ ਨੂੰ ਨਹੀਂ ਆਉਣ ਦਿੱਤਾ ਜਾਵੇਗਾ ।

ਗੁੱਸੇ ਵਿੱਚ ਲੋਕਾਂ ਨੇ ਜਦੋਂ ਪੁਲੀਸ ਦੀ ਇਸ ਸ਼ਰਤ ਨੂੰ ਨਾ-ਮਨਜ਼ੂਰ ਕਰਦਿਆਂ ਖੁਦ ਹੀ ਲਾਸ਼ ਦਾ ਸਸਕਾਰ ਕਰਨ ਦੀ ਜਿੱਦ ਕੀਤੀ ਤਾਂ ਲੋਕਾਂ ਅੱਗੇ ਬੇਵੱਸ ਹੋਈ ਪੁਲੀਸ ਨੇ ਲਾਸ਼ ਪਿੰਡ ਵਾਸੀਆਂ ਦੇ ਹਵਾਲੇ ਕਰ ਦਿੱਤੀ । ਉਸ ਲਾਸ਼ ਨੂੰ ਦੇਖਕੇ ਉਸਨੂੰ ਦਿੱਤੇ ਗਏ ਹੌਲਨਾਕ ਤਸੀਹਿਆਂ ਦਾ ਪਤਾ ਲੱਗਿਆ । ਪੁਲੀਸ ਦੇ ਕਾਲੇ ਕਾਰਨਾਮਿਆਂ ਨੂੰ ਉਜਾਗਰ ਕਰਨ ਵਾਸਤੇ ਅਵਤਾਰ ਸਿੰਘ ਦੀ ਲਾਸ਼ ਦੀਆਂ ਫੋਟੋਆਂ ਖਿੱਚਣ ਮਗਰੋਂ ਉਸਦਾ ਸੰਗਤ ਨੇ ਮਰਿਆਦਾ ਅਨੁਸਾਰ ਸਸਕਾਰ ਕਰ ਦਿੱਤਾ ਸੀ ।

ਜੁਗਰਾਜ ਸਿੰਘ ਪੁੱਤਰ ਰਘਬੀਰ ਸਿੰਘ ਵਾਸੀ ਰਤਨਗੜ੍ਹ ਸਿੰਧੜਾਂ (ਸੰਗਰੂਰ) ਨੂੰ ਬੀ.ਏ.ਦੀ ਪੜ੍ਹਾਈ ਕਰਕੇ ਜਦੋਂ ਨੌਕਰੀ ਨਾ ਮਿਲੀ ਤਾਂ ਉਸਨੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਸੀ । ਖੇਤਾਂ ਵਿੱਚ ਕੰਮ ਕਰਦੇ ਨੂੰ ਵੱਖ-ਵੱਖ ਥਾਣਿਆਂ ਦੀ ਪੁਲੀਸ ਦਿਨੇ ਰਾਤੀ ਚੁੱਕ ਕੇ ਲੈ ਜਾਂਦੀ ਸੀ । ਘਰਦਿਆਂ ਵੱਲੋਂ ਭੱਜ-ਦੌੜ ਕਰਨ ਉਤੇ ਉਸਨੂੰ ਛੱਡ ਦਿੱਤਾ ਜਾਂਦਾ । ਇਸ ਤਰ੍ਹਾਂ ਉਸਦੇ ਨਾਲ ਕਈ ਵਾਰੀ ਹੋਇਆ ਪਰ ਉਹ ਹੌਂਸਲੇ ਦੇ ਨਾਲ ਜ਼ਿੰਦਗੀ ਜਿਉਂਣ ਵਿੱਚ ਵਿਸ਼ਵਾਸ ਰੱਖਦਾ ਸੀ । ਚੁੱਕ-ਚਕਾਈ ਦੇ ਮਾਮਲੇ ਤਹਿਤ ਇਕ ਰਾਤ ਨੂੰ ਸੀ.ਆਈ.ਏ. ਸਟਾਫ ਪਟਿਅਲਾ ਦਾ 'ਗਰੇਵਾਲ' ਪੁਲੀਸ ਪਾਰਟੀ ਨਾਲ ਘਰ ਆਇਆ ਤੇ ਸਾਰੇ ਪਰਿਵਾਰ ਦੇ ਸਾਹਮਣੇ ਸੁੱਤੇ ਪਏ ਜੁਗਰਾਜ ਸਿੰਘ ਨੂੰ ਉਠਾਕੇ ਪੁੱਛ-ਪੜਤਾਲ ਲਈ ਨਾਲ ਲੈ ਗਿਆ ।

ਉਸਦੇ ਪਰਿਵਾਰ ਵੱਲੋਂ ਪੈਰਵਾਈ ਕਰਨ ਉਤੇ ਕੁਝ ਦਿਨਾਂ ਮਗਰੋਂ ਪੁਲੀਸ ਨੇ ਅਖ਼ਬਾਰਾਂ ਵਿੱਚ ਖ਼ਬਰ ਲਗਵਾਈ ਕਿ ਪੁਲੀਸ ਨੇ 'ਪਤਲੀ ਗਰੁੱਪ' ਨਾਲ ਸਬੰਧ ਰੱਖਣ ਵਾਲੇ ਕੁਝ ਖਾੜਕੂਆਂ ਨੂੰ ਅਸਲੇ ਤੇ ਵਿਦੇਸ਼ੀ ਕਰੰਸੀ ਸਮੇਤ ਢਕੜੱਬੇ ਕੋਲੋਂ ਘੇਰਾ ਪਾ ਕੇ ਕਾਬੂ ਕੀਤਾ ਹੈ । ਇਹ ਖ਼ਬਰ ਪੜ੍ਹਕੇ ਉਸਦੇ ਪਰਿਵਾਰਕ ਮੈਂਬਰਾਂ ਦੇ ਹੱਥਾਂ-ਪੈਰਾਂ ਦੇ ਤੋਤੇ

ਉੜ ਗਏ । ਪੁਲੀਸ ਤਾਂ ਉਸਨੂੰ ਘਰੋਂ ਲੈ ਕੇ ਗਈ ਸੀ ਹੁਣ ਕਹਾਣੀ ਕੀ ਬਣਾਕੇ ਪੇਸ਼ ਕਰ ਦਿੰਤੀ ਹੈ । ਆਖਰ ਪਰਿਵਾਰ ਵੱਲੋਂ ਪੁਲੀਸ ਤੱਕ ਕੀਤੀ ਪਹੁੰਚ ਰੰਗ ਲਿਆਈ । ਪੁਲੀਸ ਇਸ ਗੱਲ ਉਤੇ ਸਹਿਮਤ ਹੋ ਗਈ ਕਿ ਉਹ ਅਸਲੇ ਤੇ ਵਿਦੇਸ਼ੀ ਕਰੰਸੀ ਦਾ ਕੇਸ ਪਾ ਕੇ ਉਸਨੂੰ ਅਦਾਲਤ ਵਿੱਚ ਪੇਸ਼ ਕਰ ਦੇਵੇਗੀ ।

ਪੁਲੀਸ ਨੇ ਰਿਮਾਂਡ ਲੈ ਕੇ ਉਸਦੀ ਪੁੱਛ-ਗਿੱਛ ਕਰਦਿਆਂ ਹੋਇਆਂ ਦੋ ਮਹੀਨਿਆਂ ਮਗਰੋਂ ਉਸਨੂੰ ਤੇ ਉਸਦੇ ਸਾਥੀਆਂ ਨੂੰ ਪਟਿਆਲਾ ਦੀ ਅਦਾਲਤ ਵਿੱਚ ਪੇਸ਼ ਕੀਤਾ । ਉਸਦੇ ਮਾਪਿਆਂ ਵੱਲੋਂ ਕੀਤੀ ਚਾਰਾ-ਜ਼ੋਰੀ ਉਤੇ ਜੁਗਰਾਜ ਸਿੰਘ ਨੂੰ ਜਮਾਨਤ ਮਿਲ ਗਈ । ਜੇਲ੍ਹ ਵਿੱਚੋਂ ਬਾਹਰ ਆਉਣ ਮਗਰੋਂ ਵੀ ਪੁਲੀਸ ਉਸਨੂੰ ਤੇ ਉਸਦੇ ਪਰਿਵਾਰ ਨੂੰ ਤੰਗ ਕਰਦੀ ਰਹੀ । 28 ਅਕਤੂਬਰ 1992 ਨੂੰ ਉਸਨੇ ਨਾਭੇ ਦੀ ਅਦਾਲਤ ਵਿੱਚ ਤਰੀਕ ਭੁਗਤਣ ਜਾਣਾ ਸੀ ਕਿ ਉਸਦੇ ਘਰੋਂ ਨਿਕਲਦਿਆਂ ਹੀ ਦਿੜ੍ਹਬਾ ਥਾਣੇ ਵਿੱਚ ਤਾਇਨਾਤ ਏ.ਐਸ.ਆਈ. ਨਾਜ਼ਰ ਸਿੰਘ ਪੁਲੀਸ ਪਾਰਟੀ ਸਮੇਤ ਉਸਦੇ ਪਿੱਛੇ ਲੱਗ ਪਿਆ । ਜਦੋਂ ਉਹ ਸਕੂਟਰ ਉਤੇ ਪਿੰਡ ਬਰਾਸ ਦੇ ਨੇੜੇ ਚੋਅ ਦੀ ਪਟੜੀ ਤੇ ਜਾ ਰਿਹਾ ਸੀ ਤਾਂ ਅੱਗੋਂ ਆਈ ਘੱਗਾ ਪੁਲੀਸ ਨੇ ਉਸਨੂੰ ਵੰਗਾਰਿਆ । ਕਾਹਲ ਵਿੱਚ ਉਸਦੇ ਸਕੂਟਰ ਦਾ ਸੰਤੁਲਨ ਬਿਗੜ ਗਿਆ ਤੇ ਉਹ ਡਿੱਗ ਪਿਆ । ਪੁਲੀਸ ਨੇ ਉਸਨੂੰ ਉਥੇ ਹੀ ਗੋਲੀਆਂ ਮਾਰਕੇ ਢੇਰ ਕਰ ਦਿੱਤਾ । ਪੁਲੀਸ ਵਾਲੇ ਜਦੋਂ ਉਸ ਦੀ ਲਾਸ਼ ਨੂੰ ਲੈ ਕੇ ਚੱਲੇ ਹੀ ਸੀ ਤਾਂ ਮਨਹੂਸ ਖ਼ਬਰ ਸੁਣਕੇ ਉਸਦਾ ਪਿਤਾ ਰਘਬੀਰ ਸਿੰਘ ਤੇ ਪਿੰਡ ਵਾਸੀ ਉਸ ਥਾਂ ਉਤੇ ਆ ਗਏ ਜਿੱਥੇ ਪੁਲੀਸ ਨੇ ਇਕ ਹੋਣਹਾਰ ਨੌਜਵਾਨ ਨੂੰ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰ ਮੁਕਾਇਆ ਸੀ । ਪੁਲੀਸ ਨੇ ਇਹ ਕਾਰਨਾਮਾ ਕਾਨੂੰਨ ਆਪਣੇ ਹੱਥਾਂ ਵਿੱਚ ਲੈ ਕੇ ਕੀਤਾ ਸੀ । ਜੇ ਪੁਲੀਸ ਚਾਹੁੰਦੀ ਤਾਂ ਉਸ ਨਿਹੱਥੇ ਨੌਜਵਾਨ ਨੂੰ ਗ੍ਰਿਫਤਾਰ ਕਰ ਸਕਦੀ ਸੀ । ਘਟਨਾ ਵਾਲੀ ਥਾਂ ਉਤੇ ਇੱਕਤਰ ਹੋਏ ਲੋਕਾਂ ਨੇ ਪੁਲੀਸ ਨੂੰ ਵਿਸ਼ਵਾਸ ਵਿੱਚ ਲੈ ਕੇ ਉਸਦਾ ਸਸਕਾਰ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਹੀ ਕੀਤਾ ।

ਇਸ ਘਟਨਾ ਤੋਂ ਪਹਿਲਾਂ ਪੁਲੀਸ ਉਸਦੇ 12 ਸਾਲ ਦੇ ਪੁੱਤਰ ਜਤਿੰਦਰ ਸਿੰਘ ਤੇ ਪਿਤਾ ਰਘਬੀਰ ਸਿੰਘ ਉਤੇ ਵੀ ਅਣਮਨੁੱਖੀ ਤਸ਼ੱਦਦ ਕਰਦੀ ਰਹੀ ਸੀ । ਭਾਵੇਂ ਇਸ ਘਟਨਾ ਨੂੰ ਡੇਢ ਦਹਾਕੇ ਤੋਂ ਵੱਧ ਸਮਾਂ ਬੀਤ ਗਿਆ ਹੈ ਹੁਣ ਵੀ ਪਰਿਵਾਰ ਦੇ ਮੈਂਬਰ ਬੀਤੇ ਦੀ ਘਟਨਾਂ ਨੂੰ ਯਾਦ ਕਰਕੇ ਸਹਿਮ ਜਾਂਦੇ ਹਨ ।

ਪਿੰਡ ਨਵਾਂਗਉ ਡੇਰਾ ਜ਼ੁਲਮਗੜ੍ਹ ਤਹਿਸੀਲ ਮੂਣਕ ਜ਼ਿਲ੍ਹਾ ਸੰਗਰੂਰ ਵਿੱਚ ਰਹਿੰਦੇ ਸ. ਬਲਕਾਰ ਸਿੰਘ ਦੇ ਪਰਿਵਾਰ ਨੇ ਵੀ 1984 ਤੋਂ ਮਗਰੋਂ ਸਿੱਖੀ ਧਾਰਨ ਕੀਤੀ, 1990 ਦੇ ਦਿਨਾਂ ਵਿੱਚ ਇਸ ਇਲਾਕੇ ਵਿੱਚ ਭਾਈ ਜਰਨੈਲ ਸਿੰਘ ਸ਼ੁਤਰਾਣਾ ਅਤੇ ਭਾਈ

ਨਛੱਤਰ ਸਿੰਘ ਸ਼ੁਤਰਾਣਾ ਸਿੱਖ ਸੰਘਰਸ਼ ਵਿੱਚ ਯੋਗਦਾਨ ਪਾਉਂਦਿਆਂ ਸਰਗਰਮ ਹੋ ਚੁੱਕਾ ਸਨ। ਅਪ੍ਰੈਲ 1990 ਵਿੱਚ ਸ੍ਰ. ਬਲਕਾਰ ਸਿੰਘ ਦੇ ਸਪੁੱਤਰ ਭਾਈ ਜਸਵੰਤ ਸਿੰਘ ਅਤੇ ਉਸਦੇ ਦੋਸਤ ਸਾਹਿਬ ਸਿੰਘ ਨੂੰ ਸੀ.ਆਈ.ਏ. ਸਟਾਫ ਲੱਢਾ ਕੋਠੀ ਸੰਗਰੂਰ ਦੀ ਪੁਲੀਸ ਨੇ ਚੁੱਕ ਲਿਆ ਅਤੇ ਖਾੜਕੂਆਂ ਨਾਲ ਸੰਬੰਧਾਂ ਦੇ ਦੋਸ਼ ਤਹਿਤ ਉਨ੍ਹਾਂ ਤੇ ਤਸ਼ੱਦਦ ਕੀਤਾ ।ਸਮੇਂ-ਸਮੇਂ ਤੇ ਪੁਲੀਸ ਪਰਿਵਾਰ ਨੂੰ ਤੰਗ ਕਰਦੀ ਰਹੀ। ਅਕਤੂਬਰ 1992 ਵਿ ਸੀ.ਆਈ.ਏ. ਸਟਾਫ ਸਮਾਣਾ (ਪਟਿਆਲਾ) ਦੇ ਇੰਚਾਰਜ ਸੰਤ ਕੁਮਾਰ ਭਾਂਵਰੀ ਦੀ ਅਗਵਾਈ ਹੇਠ ਪੁਲੀਸ ਪਾਰਟੀ ਨੇ ਬਲਕਾਰ ਸਿੰਘ ਦੇ ਵੱਡੇ ਪੁੱਤਰ ਜੋ ਕਿ ਘਰ ਵਾਹੀ ਦਾ ਕੰਮ ਹੀ ਕਰਦਾ ਸੀ, ਭਾਈ ਕੁਲਵੰਤ ਸਿੰਘ ਉਰਫ ਕੰਤਾ ਨੂੰ ਚੁੱਕ ਲਿਆ ਉਸ ਵੇਲੇ ਉਹ ਪਾਤੜਾਂ ਦੀ ਇੱਕ ਦੁਕਾਨ ਤੇ ਹੈਰੋਂ ਠੀਕ ਕਰਵਾ ਰਿਹਾ ਸੀ। ਪੁਲੀਸ ਦੀ ਗੱਡੀ ਦੇ ਨੰਬਰ ਤੋਂ ਪਤਾ ਲੱਗਾ ਕਿ ਪੁਲੀਸ ਸੀ.ਆਈ.ਏ. ਸਟਾਫ ਸਮਾਣਾ ਦੀ ਸੀ। ਪੁਲੀਸ ਕੋਲ ਜਿੰਮੇਵਾਰ ਵਿਅਕਤੀਆਂ ਅਤੇ ਰਿਸ਼ਤੇਦਾਰਾਂ ਨੇ ਫਰਿਆਦ ਕੀਤੀ ਕਿ ਉਹ ਕੰਤੇ ਨੂੰ ਛੱਡ ਦੇਵੇ ਪਹਿਲਾਂ ਪੁਲੀਸ ਮੰਨੀ ਹੀ ਨਾ ਪਰ ਬਾਅਦ ਵਿੱਚ ਕੰਤੇ ਕੋਲੋਂ ਪੁੱਛ-ਪੜਤਾਲ ਕਰਨ ਉਪਰੰਤ ਛੱਡਣ ਲਈ ਸਹਿਮਤ ਹੋ ਗਈ। ਭਾਈ ਸਾਹਿਬ 'ਤੇ 17 ਦਿਨ ਸੀ.ਆਈ.ਏ ਸਮਾਣਾ ਅਤੇ 4 ਦਿਨ ਪਟਿਆਲਾ ਦੀ 'ਮਾਈ ਦੀ ਸਰਾਂ' ਵਿੱਚ ਅੰਨ੍ਹਾ ਤਸ਼ੱਦਦ ਕੀਤਾ। ਜਦੋਂ ਉਹ ਚੱਲਣ ਫਿਰਨ ਤੋਂ ਅਸਮੱਰਥ ਹੋ ਗਿਆ ਤਾਂ ਇੱਕ ਰਾਜਨੀਤਿਕ ਸ਼ਿਫਾਰਸ਼ ਤੇ ਭਾਈ ਕੰਤੇ ਨੂੰ ਛੱਡ ਦਿੱਤਾ ਗਿਆ। ਅਜੇ ਉਹ ਆਪਣਾ ਇਲਾਜ ਕਰਵਾ ਹੀ ਰਿਹਾ ਸੀ ਤਾਂ ਸਿੱਖ ਨੌਜਵਾਨਾਂ ਦੇ ਸ਼ਿਕਾਰੀ ਪੁਲਸੀਆਂ ਨੇ ਭਾਈ ਕੰਤੇ ਨੂੰ ਚੁੱਕਣ ਲਈ ਅੱਧੀ ਰਾਤ ਨੂੰ ਘਰ ਨੂੰ ਘੇਰਾ ਪਾ ਲਿਆ। ਕੁਦਰਤੀ ਉਹ ਘਰ ਵਿੱਚ ਮੌਜੂਦ ਨਹੀਂ ਸੀ। ਉਹ ਦੋ ਮਿੰਟ ਪਹਿਲਾਂ ਝੋਨੇ ਨੂੰ ਲਗਾਏ ਪਾਣੀ ਦਾ ਨੱਕਾ ਮੋੜਨ ਗਿਆ ਸੀ। ਪੁਲੀਸ ਮਾਤਾ ਪ੍ਰੀਤਮ ਕੌਰ ਅਤੇ ਪਰਿਵਾਰ ਨੂੰ ਧਮਕੀਆਂ ਦਿੰਦੀ ਵਾਪਸ ਚਲੀ ਗਈ। ਉਸ ਦਿਨ ਤੋਂ ਪੁਲੀਸ ਦੇ ਕਹਿਰ ਤੋਂ ਡਰਦਾ ਹੋਇਆ ਭਾਈ ਕੁਲਵੰਤ ਸਿੰਘ ਕੰਤਾ ਘਰੋਂ ਭਗੋੜਾ ਹੋ ਗਿਆ। ਉਸਨੇ ਨਿਸ਼ਚਾ ਕਰ ਲਿਆ ਕਿ ਪੁਲੀਸ ਕੋਲੋਂ ਨਜਾਇਜ਼ ਕੁੱਟ ਖਾਣ ਦੀ ਥਾਂ ਕੁੱਝ ਕਰਕੇ ਵਿਖਾਉਣਾ ਚੰਗਾ ਹੈ। ਪੁਲੀਸ ਕਈ ਦਿਨ ਉਸਨੂੰ ਪੇਸ਼ ਹੋਣ ਲਈ ਕਹਿੰਦੀ ਰਹੀ ਪਰ ਭਾਈ ਕੰਤਾ ਨੇ ਪੇਸ਼ ਹੋਣ ਤੋਂ ਨਾਂਹ ਕਰ ਦਿੱਤੀ। ਪੁਲੀਸ ਨੇ ਖਫਾ ਹੋ ਕੇ ਭਾਈ ਕੰਤਾ ਦੇ ਪਰਿਵਾਰ ਨੂੰ ਘਰੋਂ ਬੇਘਰ ਕਰ ਦਿੱਤਾ ਅਤੇ ਘਰ ਵਿੱਚ ਸੰਗਰੂਰ ਪੁਲੀਸ ਨੇ ਪੁਲੀਸ ਚੌਂਕੀ ਬਿਠਾ ਦਿੱਤੀ। ਪੁਲੀਸ ਨੇ ਪੰਜ ਏਕੜ ਜ਼ਮੀਨ ਤੇ ਕਬਜ਼ਾ ਕਰ ਲਿਆ। ਮੱਝਾਂ ਅਤੇ ਹੋਰ ਪਸ਼ੂ ਵੇਚ ਦਿੱਤੇ। ਅਪ੍ਰੈਲ 1993 ਵਿੱਚ ਕਣਕ ਵੱਢਕੇ ਪੁਲੀਸ ਲੈ ਗਈ। ਭਾਈ ਕੰਤਾ ਭਾਈ ਜਰਨੈਲ ਸਿੰਘ ਸ਼ੁਤਰਾਣਾ ਅਤੇ ਭਾਈ ਨਛੱਤਰ ਸਿੰਘ ਸ਼ੁਤਰਾਣਾ ਦੀ ਅਗਵਾਈ ਵਿੱਚ ਖਾੜਕੂ ਸੰਘਰਸ਼

ਸੰਘਰਸ਼ ਵਿੱਚ ਕੁੱਦ ਪਿਆ । ਲੱਤ ਤੋਂ ਅਪੰਗ ਫੌੜੀਆਂ ਸਹਾਰੇ ਚੱਲਣ ਵਾਲਾ ਬਲਕਾਰ ਸਿੰਘ ਪਰਿਵਾਰ ਸਮੇਤ ਸਮਾਣੇ ਆ ਗਿਆ । ਪੁਲੀਸ ਨੇ ਇੱਥੇ ਵੀ ਉਸਦੇ ਪਰਿਵਾਰ ਦਾ ਖਹਿੜਾ ਨਾ ਛੱਡਿਆ । ਭਾਈ ਕੰਤਾ ਦੇ ਤਿੰਨ ਮਾਸੂਮ ਬੱਚਿਆਂ, ਤਿੰਨ ਭਰਾਵਾਂ, ਭਾਈ ਕੰਤਾ ਦੀ ਪਤਨੀ, ਮਾਤਾ ਅਤੇ ਪਿਤਾ ਨੂੰ ਵਾਰ ਵਾਰ ਤਸ਼ੱਦਦ ਦਾ ਸ਼ਿਕਾਰ ਬਣਾਇਆ ਤੇ ਵਾਰ-ਵਾਰ ਪੁਲੀਸ ਹਿਰਾਸਤ ਵਿੱਚ ਨਜਾਇਜ਼ ਤੌਰ ਤੇ ਰੱਖਿਆ ।

20 ਨਵੰਬਰ 1995 ਨੂੰ ਸਦਰ ਥਾਣਾ ਸਮਾਣਾ ਅਤੇ ਸੀ.ਆਈ.ਏ. ਸਟਾਫ ਸਮਾਣਾ ਦੇ ਇੰਸਪੈਕਟਰਾਂ ਜਸਪਾਲ ਸਿੰਘ ਅਤੇ ਰਾਜਵਿੰਦਰ ਸਿੰਘ ਨੇ ਭਾਈ ਕੰਤਾ ਦੀ ਪਤਨੀ ਬੀਬੀ ਚਰਨਜੀਤ ਕੌਰ ਤੇ ਦੋ ਦਿਨ ਤਸ਼ੱਦਦ ਢਾਹਿਆ ਅਤੇ ਧਮਕੀ ਦੇ ਕੇ ਛੱਡ ਦਿੱਤਾ ਗਿਆ ਕਿ ਜੇਕਰ ਉਸਨੇ ਭਾਈ ਕੰਤਾ ਦਾ ਟਿਕਾਣਾ ਨਾ ਦੱਸਿਆ ਜਾਂ ਉਸਨੂੰ ਪੇਸ਼ ਨਾ ਕੀਤਾ ਤਾਂ ਉਹ ਉਸਦਾ ਪਰਿਵਾਰ ਖਤਮ ਕਰ ਦੇਣਗੇ । ਪੁਲੀਸ ਨੇ ਦਿੱਤੀ ਧਮਕੀ ਉਸ ਸਮੇਂ ਸੱਚ ਕਰਕੇ ਵਿਖਾ ਦਿੱਤੀ ਜਦੋਂ 29 ਨਵੰਬਰ 1995 ਦੀ ਰਾਤ ਨੂੰ ਇਕ ਵੈਨ ਆਈ ਅਤੇ ਕੰਧਾਂ ਟੱਪਕੇ ਘਰ ਵਿੱਚ ਸਾਦੇ ਕੱਪੜਿਆਂ ਵਿੱਚ ਪੰਜ-ਛੇ ਵਿਅਕਤੀ ਦਾਖਲ ਹੋ ਗਏ । ਉਹ ਪਰਿਵਾਰ ਦੇ ਮੈਂਬਰਾਂ ਨੂੰ ਇਹ ਕਹਿਕੇ ਨਾਲ ਚੱਲਣ ਦੀ ਜਿੱਦ ਕਰ ਰਹੇ ਸਨ ਕਿ ਉਨ੍ਹਾਂ ਨੂੰ ਭਾਈ ਕੰਤਾ ਬਾਹਰ ਖੇਤਾਂ ਵਿੱਚ ਬੁਲਾ ਰਿਹਾ ਹੈ । ਜਦੋਂ ਪਰਿਵਾਰ ਦੇ ਮੈਂਬਰਾਂ ਨੇ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ ਤਾਂ ਉਹ ਪਰਿਵਾਰਕ ਮੈਂਬਰਾਂ ਦੀ ਖਿੱਚਾ-ਧੂਹੀ ਕਰਨ ਲੱਗ ਪਏ । ਇਸ ਸਮੇਂ ਹੋਈ ਧੱਕਾ ਮੁੱਕੀ ਵਿੱਚ ਹਥਿਆਰਬੰਦ ਵਿਅਕਤੀਆਂ ਨੇ ਬੀਬੀ ਚਰਨਜੀਤ ਕੌਰ
ਨੂੰ ਖਿੱਚ ਕੇ ਵੈਨ ਵਿੱਚ ਸੁਟਿਆ ਤੇ ਚਲਦੇ ਬਣੇ । ਭਾਈ ਕੰਤੇ ਦੀ ਮਾਤਾ ਪ੍ਰੀਤਮ ਕੌਰ ਨੇ ਉਸੇ ਵਕਤ ਥਾਣਾ ਸਮਾਣਾ, ਸੀ.ਆਈ.ਏ. ਸਟਾਫ ਸਮਾਣਾ ਅਤੇ ਪੁਲੀਸ ਚੌਂਕੀ ਸਿਟੀ ਸਮਾਣਾ ਜਾ ਕੇ ਪਤਾ ਕੀਤਾ ਪਰ ਬੀਬੀ ਚਰਨਜੀਤ ਕੌਰ ਦਾ ਪਤਾ ਨਾ ਲੱਗਾ । ਬੀਬੀ ਚਰਨਜੀਤ ਕੌਰ ਦੀ ਉਘ-ਸੁੱਘ ਲਗਾਉਣ ਲਈ ਬਜ਼ੁਰਗ ਮਾਤਾ ਸਾਰੀ ਰਾਤ ਭਟਕਦੀ ਰਹੀ । ਸਵੇਰੇ ਸੱਤ ਵਜੇ ਦੋ ਪੁਲਿਸ ਮੁਲਾਜ਼ਮਾਂ ਨੇ ਘਰ ਆ ਕੇ ਦੱਸਿਆ ਕਿ ਚਰਨਜੀਤ ਕੌਰ ਦੀ ਗੋਲੀਆਂ ਨਾਲ ਵਿੰਨ੍ਹੀ ਲਾਸ਼ ਸ਼ਹਿਰ ਤੋਂ ਸੱਤ ਕਿਲੋਮੀਟਰ ਦੂਰ ਪਿੰਡ ਮਵੀ ਕਲਾਂ ਦੀ ਇੱਕ ਮੋਟਰ ਦੇ ਕੋਠੇ ਦੇ ਬਾਹਰ ਪਈ ਹੈ । ਪਰਿਵਾਰਕ ਮੈਂਬਰਾਂ ਨੇ ਉਸਦੀ ਸ਼ਨਾਖਤ ਕੀਤੀ ਅਤੇ ਲਾਸ਼ ਦਾ ਪੋਸਟਮਾਰਟਮ ਕਰਵਾਇਆ । ਬੀਬੀ ਪ੍ਰੀਤਮ ਕੌਰ ਦੇ ਕਥਿਤ ਬਿਆਨਾਂ ਨੂੰ ਆਪਣੇ ਅਨੁਸਾਰ ਲਿਖ ਕੇ ਪੁਲੀਸ ਨੇ ਕਤਲ ਦਾ ਕੇਸ ਦਰਜ ਕਰ ਲਿਆ । ਇਸ ਤਰ੍ਹਾਂ ਪੁਲੀਸ ਆਪਣੇ ਕਾਰੇ ਤੇ ਮਿੱਟੀ ਪਾਉਣ ਵਿੱਚ ਕਾਮਯਾਬ ਹੋ ਗਈ ।

ਉਧਰ ਭਾਈ ਕੁਲਵੰਤ ਸਿੰਘ ਕੰਤਾ ਬੇਫਿਕਰ ਹੋ ਕੇ ਸਿੱਖ ਸੰਘਰਸ਼ ਵਿੱਚ ਲੱਗਾ

ਰਿਹਾ । ਇਸ ਸਮੇਂ ਦੌਰਾਨ ਪਰਿਵਾਰ ਤੇ ਪੁਲੀਸ ਤਸ਼ੱਦਦ ਦਾ ਦੌਰ ਚਲਦਾ ਰਿਹਾ । ਭਾਈ ਕੰਤਾ ਨੇ ਆਪਣੇ ਗਰੁੱਪ ਸਮੇਤ ਹਰਿਆਣਾ ਅਤੇ ਯੂ.ਪੀ. ਤੱਕ ਸਰਗਰਮੀਆਂ ਵਧਾ ਦਿੱਤੀਆਂ । ਉੱਤਰ ਪ੍ਰਦੇਸ਼ ਦੇ ਤਰਾਈ ਖੇਤਰ ਵਿੱਚ ਭਾਈ ਕੰਤਾ ਬਾਬਾ ਸੁਰਜੀਤ ਸਿੰਘ ਦੇ ਨਾਮ ਤੇ ਵਿਚਰਦੇ ਰਹੇ । ਪੰਜਾਬ, ਹਰਿਆਣਾ ਅਤੇ ਯੂ.ਪੀ. ਦੀ ਪੁਲੀਸ ਨੇ ਭਾਈ ਕੰਤਾ ਦੇ ਸਿਰ ਦਾ ਇਨਾਮ 10 ਲੱਖ ਤੋਂ ਵੱਧ ਰੱਖਿਆ । 22 ਅਗਸਤ 1999 ਦੇ ਇੱਕ ਅਖ਼ਬਾਰ ਦੀ ਖ਼ਬਰ ਇਸ ਤਰ੍ਹਾਂ ਛਪੀ ।

"ਕਮਾਂਡੋ ਦਸਤੇ ਨੇ ਤਰਾਈ ਖੇਤਰ ਵਿੱਚ ਦੋ ਆਤੰਕੀ ਮਾਰੇ, 21 ਅਗਸਤ (ਬਿਊਰੋ) ਰਾਸ਼ਟਰੀ ਸੁਰੱਖਿਆ ਗਾਰਦ (ਐਨ.ਐਸ.ਜੀ) ਦੇ ਕਮਾਂਡੋ ਦਸਤੇ ਨੇ ਦੋ ਖਤਰਨਾਕ ਖਾਲਿਸਤਾਨੀ ਆਤੰਕੀਆਂ ਨੂੰ ਮਾਰ ਸੁਟਿਆ ਹੈ । ਉਨ੍ਹਾਂ ਦਾ ਸਬੰਧ ਖਾਲਿਸਤਾਨ ਕਮਾਂਡੋ ਫੋਰਸ (ਪੰਜਵਾੜ) ਨਾਲ ਸੀ ।

ਬੀਤੇ ਵੀਰਵਾਰ ਨੂੰ ਦਿੱਲੀ ਵਿੱਚ 50 ਕਿਲੋਗ੍ਰਾਮ ਆਰ.ਡੀ.ਐਕਸ ਦੇ ਨਾਲ ਪਕੜੇ ਗਏ ਅੱਤਵਾਦੀਆਂ ਦੀ ਗ੍ਰਿਫਤਾਰੀ ਤੋਂ ਬਾਅਦ ਤਰਾਈ ਖੇਤਰ ਵਿੱਚ ਕੁੱਝ ਅੱਤਕਵਾਦੀਆਂ ਦੇ ਛੁੱਪੇ ਹੋਣ ਦੀ ਇਤਲਾਹ ਮਿਲੀ ਸੀ । ਦਿੱਲੀ ਵਿੱਚ ਗ੍ਰਿਫਤਾਰ ਕੀਤੇ ਅੱਤਵਾਦੀ ਬਖਸ਼ੀਸ਼ ਸਿੰਘ ਨੇ ਦੱਸਿਆ ਕਿ ਦੋ ਅੱਤਵਾਦੀਆਂ ਦੀ ਸ਼ਨਾਖਤ ਨਵਾਂਗਾਉਂ (ਸੰਗਰੂਰ) ਦੇ ਨਿਵਾਸੀ ਕੁਲਵੰਤ ਸਿੰਘ ਉਰਫ ਕਾਂਤਾ ਉਰਫ ਬਾਬਾ ਸੁਰਜੀਤ ਸਿੰਘ ਉਰਫ ਸਰਬਰ ਸਿੰਘ ਪੁੱਤਰ ਬਲਕਾਰ ਸਿੰਘ ਅਤੇ ਰਾਮਪੁਰ ਜਨਪਦ ਦੇ ਥਾਣਾ ਬਿਲਾਸਪੁਰ ਦੇ ਪਿੰਡ ਚੱਕਫੇਰੀ ਨਿਵਾਸੀ ਯਾਦਵਿੰਦਰ ਸਿੰਘ ਉਰਫ ਨਿਹੰਗ ਪੁੱਤਰ ਵਰਿਆਮ ਵੱਜੋਂ ਹੋਈ ਹੈ । ਉਨ੍ਹਾਂ ਕੋਲੋਂ ਤਿੰਨ ਆਧੁਨਿਕ ਤਕਨੀਕ ਨਾਲ ਬਣੇ ਪਿਸਤੌਲ ਅਤੇ ਭਾਰੀ ਮਾਤਰਾ ਵਿੱਚ ਗੋਲਾ-ਬਰੂਦ ਮਿਲਿਆ ਹੈ । ਕੇਂਦਰੀ ਖੁਫੀਆ ਸੂਤਰਾਂ ਨੂੰ ਸ਼ੱਕ ਹੈ ਕਿ ਮਾਰੇ ਗਏ ਅੱਤਵਾਦੀਆਂ ਨੇ ਆਰ.ਡੀ.ਐਕਸ ਨੇੜੇ ਹੀ ਛੁਪਾ ਕੇ ਰੱਖਿਆ ਹੈ । ਦੋਨੋਂ ਖਾੜਕੂ ਲਾਹੌਰ ਵਿੱਚ ਸਥਿਤ ਪਰਮਜੀਤ ਸਿੰਘ ਪੰਜਵਾੜ ਗਰੁੱਪ ਨਾਲ ਸੰਬਧਤ ਸਨ । ਇਹ ਪੰਜਾਬ ਵਿੱਚ ਸਭ ਤੋਂ ਵੱਧ ਸਰਗਰਮ ਖਾੜਕੂ ਸੰਗਠਨਾਂ ਵਿੱਚੋਂ ਇੱਕ ਹਨ । ਐਨ.ਐਸ.ਜੀ. ਦੇ ਕਮਾਂਡੋ ਦਸਤੇ ਨੇ ਰੁਦਰਪੁਰ ਦੇ ਰੁਦਰਵਿਹਾਰ ਇਲਾਕੇ ਨੂੰ ਚਾਰੇ ਪਾਸਿਓਂ ਘੇਰ ਲਿਆ ਅਤੇ ਢਾਈ ਦਰਜਨ ਜਵਾਨਾਂ ਨੇ ਇੱਕ ਮਕਾਨ ਨੂੰ ਕੇਂਦਰ ਬਿੰਦੂ ਮੰਨਕੇ, ਕਾਲੇ ਕੱਪੜੇ ਪਾਏ ਹੋਏ ਅਤੇ ਹੱਥਾਂ ਵਿੱਚ ਅਸਾਲਟਾਂ ਲੈ ਕੇ ਢਾਈ ਘੰਟੇ ਘੇਰਾਬੰਦੀ ਕੀਤੀ । ਜਵਾਨਾਂ ਨੇ ਮਕਾਨ ਤੇ ਹਮਲਾ ਕੀਤਾ ਤਾਂ ਮਕਾਨ ਵਿੱਚ ਛਿੱਪੇ ਖਾੜਕੂਆਂ ਨੇ ਜਵਾਬੀ ਫਾਇਰਿੰਗ ਕਰ ਦਿੱਤੀ । ਇਸ ਗੋਲਾਬਾਰੀ ਵਿੱਚ ਦੋਵੇਂ ਖਾੜਕੂ ਮਾਰੇ ਗਏ । .....ਮਾਰੇ ਗਏ ਕੁਲਵੰਤ ਸਿੰਘ ਤੇ ਪੰਜਾਬ, ਦਿੱਲੀ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਲਗਭਗ ਚਾਰ ਦਰਜਨਾਂ ਫਿਰੌਤੀਆਂ ਅਤੇ

ਅਗਵਾਹ ਅਤੇ ਪੰਜਾਹ ਹਤਿਆਵਾਂ ਦਾ ਦੋਸ਼ ਸੀ। ਸਹਾਰਨਪੁਰ ਵਿਚ ਦੋ ਥਾਣਾ ਮੁਖੀਆਂ ਨੂੰ ਬੰਬ ਨਾਲ ਉਡਾਉਣ ਦਾ ਦੋਸ਼ ਵੀ ਇੰਨ੍ਹਾਂ ਦੇ ਸਿਰਾਂ ਤੇ ਸੀ। 3 ਜੂਨ 1999 ਨੂੰ ਦਿੱਲੀ ਦੇ ਚਾਂਦਨੀ ਚੌਂਕ ਅਤੇ ਹੋਲੰਬੀਕਲਾਂ ਰੇਲਵੇ ਸਟੇਸ਼ਨ ਤੇ ਬੰਬ ਵਿਸਫੋਟ ਵੀ ਇਨ੍ਹਾਂ ਨੇ ਕੀਤੇ ਸਨ।"

ਇਸ ਤਰ੍ਹਾਂ ਭਾਈ ਕੰਤਾ ਸਿੱਖ ਸੰਘਰਸ਼ ਵਿੱਚ ਜੂਝਦਿਆਂ ਸ਼ਹੀਦ ਹੋ ਗਏ। ਉਨ੍ਹਾਂ ਦੀ ਲਾਸ਼ ਰੁਦਰਪੁਰ ਤੋਂ ਲਿਆਂਦੀ ਅਤੇ ਸਸਕਾਰ ਗੁਰਮਤਿ ਮਰਿਆਦਾ ਨਾਲ ਸਮਾਣਾ ਦੇ ਸ਼ਮਸ਼ਾਨਘਾਟ ਵਿੱਚ ਕਰ ਦਿੱਤਾ ਗਿਆ।

ਜਸਵੰਤ ਸਿੰਘ ਉਰਫ ਬਘੇਲ ਸਿੰਘ ਪੁੱਤਰ ਵੈਦ ਵੀਰ ਸਿੰਘ ਵਾਸੀ ਬਕਰਾਹਾ ਪਾਤੜਾਂ (ਪਟਿਆਲਾ) ਬਾਦਸ਼ਾਹਪੁਰ ਮੰਡੀ ਵਿੱਚ ਟਿਊਬਵੈਲਾਂ ਦੀਆਂ ਮੋਟਰਾਂ ਠੀਕ ਕਰਨ ਦਾ ਕੰਮ ਕਰਦਾ ਸੀ। ਬਚਪਨ ਤੋਂ ਹੀ ਬੜਾ ਮਿਲਾਪੜਾ ਤੇ ਸਾਊ ਸੁਭਾਅ ਦਾ ਮਾਲਕ ਸੀ। ਮੁੱਢਲੀ ਵਿਦਿਆ ਹਾਸਲ ਕੀਤੀ ਤੇ ਜ਼ਮੀਨ ਥੋੜ੍ਹੀ ਹੋਣ ਕਾਰਣ ਉਸਨੇ ਮੋਟਰਾਂ ਬੰਨਣ ਦਾ ਕੰਮ ਸਿੱਖ ਕੇ ਬਾਦਸ਼ਾਹਪੁਰ ਵਿੱਚ ਦੁਕਾਨ ਕਰ ਲਈ। ਅੰਮ੍ਰਿਤ ਭਾਵੇਂ ਉਸ ਨੇ ਸ੍ਰੀ ਹਰਿਮੰਦਰ ਸਾਹਿਬ ਉਤੇ ਭਾਰਤੀ ਸੈਨਾ ਦੇ ਹਮਲੇ ਉਪਰੰਤ ਛਕਿਆ ਸੀ ਪਰ ਗੁ. ਇਤਿਹਾਸ ਤੇ ਗੁਰਮਤਿ ਨਾਲ ਇਹ ਪਹਿਲਾਂ ਤੋਂ ਹੀ ਜੁੜਿਆ ਹੋਇਆ ਸੀ। ਉਸਦੇ ਪਿਤਾ ਵੈਦ ਵੀਰ ਸਿੰਘ ਨੂੰ ਗੁਰਬਾਣੀ ਦਾ ਗਿਆਨ ਸੀ ਤੇ ਉਹ ਗੁਰਬਾਣੀ ਦੀ ਵਿਆਖਿਆ ਵੀ ਬਹੁਤ ਵਧੀਆ ਕਰਦੇ ਸਨ। ਇਸੇ ਕਰਕੇ ਸਾਰਾ ਹੀ ਪਰਿਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਥਾਹ ਵਿਸ਼ਵਾਸ ਰੱਖਦਾ ਸੀ ਤੇ ਵਹਿਮਾਂ-ਭਰਮਾਂ ਦਾ ਵਿਰੋਧ ਕਰਦਾ ਹੋਇਆ ਗੁਰੂ ਦੀ ਮੱਤ ਅਨੁਸਾਰ ਜੀਵਨ ਜਿਉਂਣ ਲਈ ਹਰ ਇਕ ਨੂੰ ਪ੍ਰੇਰਣਾ ਦਿੰਦਾ ਸੀ।

ਗੁਰਮਤਿ ਵਿਚਾਰਧਾਰਾ ਦੇ ਧਾਰਨੀ ਜਸਵੰਤ ਸਿੰਘ ਦੇ ਜੀਵਨ ਵਿੱਚ 1984 ਦੇ ਫੌਜੀ ਹਮਲੇ ਮਗਰੋਂ ਇਕ ਦਮ ਬਦਲਾਓ ਆ ਗਿਆ ਤੇ ਉਸਨੇ ਆਪਣੇ ਪਿਤਾ ਵਾਂਗ ਨਿਹੰਗ ਸਿੰਘਾਂ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ। ਤਿਆਰ-ਬਰ-ਤਿਆਰ ਖਾਲਸਾ ਸੱਜਕੇ ਤਿੰਨ ਫੁੱਟੀ ਕਿਰਪਾਨ ਪਹਿਨਕੇ ਜਦੋਂ ਉਹ ਬਾਦਸ਼ਾਹਪੁਰ ਮੰਡੀ ਵਿੱਚ ਆਪਣੀ ਦੁਕਾਨ ਉਤ ਆਇਆ ਤਾਂ ਲੋਕ ਦੇਖ ਕੇ ਹੈਰਾਨ ਹੋ ਰਹੇ ਸੀ। ਅੰਮ੍ਰਿਤ ਛਕਾਉਣ ਤੋਂ ਬਾਅਦ ਨਿਹੰਗ ਸਿੰਘਾਂ ਨੇ ਜਸਵੰਤ ਸਿੰਘ ਦਾ ਨਾਂ ਬਦਲਕੇ ਬਘੇਲ ਸਿੰਘ ਰੱਖ ਦਿੱਤਾ ਸੀ।

ਸ੍ਰੀ ਦਰਬਾਰ ਸਾਹਿਬ ਉਤੇ ਹਮਲੇ ਤੋਂ ਬਾਅਦ ਕਰਫਿਊ ਹਟਾਇਆ ਤੇ ਹਲਾਤ ਹੌਲੀ-ਹੌਲੀ ਆਮ ਵਰਗੇ ਹੋ ਰਹੇ ਸਨ। ਉਸ ਸਮੇਂ ਬਾਦਸ਼ਾਹਪੁਰ ਦਾ ਇਕ ਦੁਕਾਨਦਾਰ ਗੋਰਾ ਲਾਲ ਜੋ ਕਿ ਦੇਖਣ ਨੂੰ ਸ਼ਰੀਫ ਸੀ, ਉਸਨੇ ਦੁਕਾਨ ਖੋਲ੍ਹੀ ਲੱਡੂ ਵੰਡਣੇ ਸ਼ੁਰੂ ਕਰ ਦਿੱਤੇ

। ਲੋਕ ਆਉਂਦੇ ਤੇ ਦੋਵੇਂ ਹੱਥ ਜੋੜਕੇ ਲੱਡੂ ਲਈ ਜਾ ਰਹੇ ਸੀ । ਇਸੇ ਦੌਰਾਨ ਭਾਈ ਬਘੇਲ ਸਿੰਘ ਉਸਦੀ ਦੁਕਾਨ ਉਤੇ ਆ ਗਿਆ ਕਿਉਂਕਿ ਉਸਦੇ ਉਸ ਦੁਕਾਨਦਾਰ ਨਾਲ ਬਹੁਤ ਸੁਖਾਵੇਂ ਸਬੰਧ ਸੀ । ਬਘੇਲ ਸਿੰਘ ਦੇ ਘਰ ਦਾ ਸੌਦਾ ਵੀ ਉਸੇ ਦੁਕਾਨ ਤੋਂ ਹੀ ਜਾਂਦਾ ਸੀ । ਜਦੋਂ ਉਹ ਦੁਕਾਨ ਉਤੇ ਆਇਆ ਤਾਂ ਗੋਰਾ ਲਾਲ ਨੇ ਦੋ ਲੱਡੂ ਉਸਨੂੰ ਫੜਾ ਦਿੱਤੇ । ਉਸਨੇ ਲੱਡੂ ਫੜਦਿਆਂ ਪੁੱਛਿਆ, "ਲਾਲਾ ਜੀ ! ਲੱਡੂ ਕਿਸ ਖੁਸ਼ੀ ਵਿੱਚ ਵੰਡ ਰਹੇ ਹੋ ?" ਲਾਲਾ ਜੀ ਤੇ ਜਨ-ਸੰਘ ਦਾ ਪ੍ਰਭਾਵ ਸੀ ਉਸਨੇ ਕਿਹਾ, "ਸਰਕਾਰ ਨੇ ਫੌਜੀ ਹਮਲਾ ਕਰਕੇ ਗੁਰਦੁਆਰੇ ਵਿੱਚ ਲੁਕੇ ਹੋਏ ਅੱਤਵਾਦੀਆਂ ਨੂੰ ਮਾਰ ਸੁਟਿਆ ਹੈ ।" ਇਹ ਸੁਣਕੇ ਉਸਨੂੰ ਗੁੱਸਾ ਤਾਂ ਬਹੁਤ ਆਇਆ ਪਰ ਉਹ ਉਸਨੂੰ ਅੰਦਰ ਹੀ ਅੰਦਰ ਪੀ ਗਿਆ ਤੇ ਲੱਡੂ ਉਸਦੀ ਦੁਕਾਨ ਤੇ ਰੱਖਕੇ ਉਹ ਚੁੱਪ-ਚਾਪ ਚਲਾ ਗਿਆ ।

ਇਸ ਘਟਨਾ ਤੋਂ ਤਿੰਨ ਸਾਲ ਮਗਰੋਂ ਗੋਰਾ ਲਾਲ ਦੀ ਰਾਤ ਸਮੇਂ ਉਸਦੇ ਮਕਾਨ ਵਿੱਚ ਗੋਲੀਆਂ ਮਾਰਕੇ ਹੱਤਿਆ ਕੀਤੀ ਗਈ । ਲੋਕ ਹੈਰਾਨ ਸੀ ਕਿ ਮੰਡੀ ਦੇ ਬਾਹਰ ਖੁੱਲ੍ਹੀ ਜਗ੍ਹਾ ਵਿੱਚ ਬਣਾਈ ਕੋਠੀ ਉਤੇ ਖਾੜਕੂਆਂ ਨੇ ਪਤਾ ਨਹੀਂ ਕਿਵੇਂ ਚੜ੍ਹਕੇ ਉਸ ਦੀ ਹੱਤਿਆ ਕੀਤੀ ਸੀ । ਇਹ ਸਭ ਕੁੱਝ ਲੋਕਾਂ ਲਈ ਬੁਝਾਰਤ ਸੀ । ਮੰਡੀ ਵਿੱਚ ਹੋਈ ਇਹ ਪਹਿਲੀ ਘਟਨਾ ਜਸਵੰਤ ਸਿੰਘ ਉਰਫ ਬਘੇਲ ਸਿੰਘ ਦੇ ਨਾਂ ਲੱਗ ਗਈ ਕਿਉਂਕਿ ਕੁੱਝ ਲੋਕਾਂ ਨੂੰ ਉਕਤ ਕਹਾਣੀ ਦਾ ਪਤਾ ਸੀ । ਉਸ ਤੋਂ ਮਗਰੋਂ ਉਹ ਮੁੜਕੇ ਭਾਵੇਂ ਕਦੇ ਬਾਦਸ਼ਾਹਪੁਰ ਮੰਡੀ ਵਿੱਚ ਨਹੀਂ ਸੀ ਆਇਆ ਪਰ ਲੋਕ ਉਸਦੇ ਨਾਂ ਤੋਂ ਡਰਦੇ ਸੀ ।

ਪਹਿਲੀ ਸਤੰਬਰ 1987 ਨੂੰ ਬਟਾਲਾ ਦੀ ਪੁਲੀਸ ਨੇ ਉਸ ਨੂੰ ਕਿਸੇ ਟਿਕਾਣੇ ਤੋਂ ਕਾਬੂ ਕਰ ਲਿਆ ਤੇ 9 ਦਿਨ ਉਸ ਉਤੇ ਅਣਮਨੁੱਖੀ ਤਸ਼ੱਦਦ ਕਰਦੀ ਰਹੀ । ਆਖਰ 9 ਸਤੰਬਰ ਨੂੰ ਬਟਾਲਾ ਦੀ ਪੁਲੀਸ ਨੇ ਬਟਾਲਾ ਦੇ ਨੇੜੇ ਪਿੰਡ ਚੌਧਰੀ ਵਾਲਾ ਕੋਲ ਇਕ ਝੂਠਾ ਪੁਲੀਸ ਮੁਕਾਬਲਾ ਬਣਾਕੇ ਮਾਰ ਦਿੱਤਾ ਸੀ । ਜਿਸ ਥਾਂ ਉਤੇ ਉਸਦਾ ਮੁਕਾਬਲਾ ਦਿਖਾਇਆ ਗਿਆ ਲੋਕਾਂ ਦੇ ਦੱਸਣ ਅਨੁਸਾਰ ਉਸ ਥਾਂ ਉਤੇ ਕੋਈ ਖੂਨ ਆਦਿ ਨਹੀਂ ਸੀ ਡੁੱਲਿਆ ਹੋਇਆ । ਇਥੋਂ ਜ਼ਾਹਰ ਹੁੰਦਾ ਸੀ ਕਿ ਬਘੇਲ ਸਿੰਘ ਦੀ ਮੌਤ ਅਣ-ਮਨੁੱਖੀ ਤਸ਼ੱਦਦ ਨਾਲ ਹੋਈ ਸੀ । ਪੁਲੀਸ ਨੇ ਉਸਦੇ ਸਿਰ ਰੱਖਿਆ ਇਨਾਮ ਤੇ ਤਰੱਕੀਆਂ ਲੈਣ ਲਈ ਡਰਾਮਾ ਕੀਤਾ ਸੀ । ਪੁਲੀਸ ਨੇ ਉਸਦੀ ਲਾਸ਼ ਦੀ ਸ਼ਨਾਖਤ ਲਈ ਉਹਨਾਂ ਦੇ ਮਾਤਾ-ਪਿਤਾ ਨੂੰ ਨਹੀਂ ਸੀ ਮਿਲਿਆ । ਉਸਦੀ ਲਾਸ਼ ਨੂੰ ਲਵਾਰਿਸ ਦੱਸਕੇ ਉਹਨਾਂ ਦਾ ਸਸਕਾਰ ਕਰ ਦਿੱਤਾ ਸੀ । ਉਸਦੇ ਮਾਪਿਆਂ ਨੂੰ ਇਸ ਘਟਨਾ ਦਾ ਅਖਬਾਰ ਪੜ੍ਹਕੇ ਪਤਾ ਲੱਗਿਆ ਸੀ । ਉਸਦੀ ਪਤਨੀ ਜਸਵਿੰਦਰ ਕੌਰ ਤੇ ਉਸਦੇ ਲੜਕੇ ਪ੍ਰਭਜੋਤ ਸਿੰਘ ਨੂੰ ਉਸਦੀ ਲਾਸ਼ ਦੇਖਣੀ ਵੀ ਨਸੀਬ ਨਹੀਂ ਹੋਈ ।

ਬਚਿੱਤਰ ਸਿੰਘ ਪੁੱਤਰ ਸ੍ਰ. ਝਿਰਮਲ ਸਿੰਘ ਪਿੰਡ ਅਰਨੌ ਡੇਰਾ ਮਝੈਲ ਫਾਰਮ ਤਹਿ: ਪਾਤੜਾਂ(ਪਟਿਆਲਾ) ਨੂੰ ਪੁਲੀਸ ਨੇ ਫੜਕੇ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ । ਪੁਲੀਸ ਉਸਨੂੰ ਵਾਰ-ਵਾਰ ਫੜਦੀ ਤੇ ਜ਼ਲੀਲ ਕਰਕੇ ਛੱਡ ਦਿੰਦੀ । ਇਹ ਸਿਲਸਿਲਾ ਕਾਫੀ ਦੇਰ ਤੱਕ ਚੱਲਦਾ ਰਿਹਾ । ਆਖਰ ਪੁਲੀਸ ਤਸ਼ੱਦਦ ਤੋਂ ਡਰਦਾ ਬਚਿੱਤਰ ਸਿੰਘ ਪੁਲੀਸ ਨੂੰ ਦੇਖ ਕੇ ਆਸੇ ਪਾਸੇ ਹੋਣ ਲੱਗ ਪਿਆ, ਜਦੋਂ ਉਹ ਪੁਲੀਸ ਵੱਲੋਂ ਵਾਰ-ਵਾਰ ਗੇੜੇ ਮਾਰਨ ਉਤੇ ਨਾ ਮਿਲਿਆ ਤਾਂ ਪੁਲੀਸ ਨੇ ਉਸ ਦੂਸਰੇ ਪਰਿਵਾਰਕ ਮੈਬਰਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ।

ਉਸ ਦੇ ਪਰਿਵਾਰ ਵਾਲਿਆਂ ਨੇ ਕੁੱਝ ਸਿਆਣੇ ਬੰਦਿਆਂ ਨਾਲ ਸਲਾਹ ਕਰਕੇ ਫੈਸਲਾ ਕੀਤਾ ਕਿ ਬਚਿੱਤਰ ਸਿੰਘ ਨੂੰ ਪੇਸ਼ ਕਰਕੇ ਪੁਲੀਸ ਦੀ ਬੇਇਜ਼ਤੀ ਤੋਂ ਬਚਿਆ ਜਾਵੇ । ਕੁਝ ਦਿਨਾਂ ਵਿੱਚ ਉਹਨਾਂ ਕੁਝ ਪੱਤਵੰਤੇ ਸੱਜਣਾਂ ਰਾਹੀਂ ਐਸ.ਪੀ.(ਡੀ.) ਗੁਰਨਾਮ ਸਿੰਘ ਨਾਲ ਗੱਲ ਬਾਤ ਕਰਕੇ ਉਸਨੂੰ ਪਟਿਆਲੇ ਜਾ ਕੇ ਪੇਸ਼ ਕਰ ਦਿੱਤਾ । ਇਕ-ਦੋ ਦਿਨਾਂ ਮਗਰੋਂ ਅਖ਼ਬਾਰਾਂ ਵਿੱਚ ਖ਼ਬਰ ਆਈ ਕਿ ਥਾਣਾ ਕੋਤਵਾਲੀ ਦੀ ਪੁਲੀਸ ਟੁਕੜੀ ਨੇ ਨਦੀ ਉਤੇ ਮੜੀਆਂ ਨੇੜੇ ਘੜੋਲੀਆਂ ਗੇਟ ਉਤੇ ਨਾਕਾ ਲਾਇਆ ਹੋਇਆ ਸੀ । ਇਕ ਵਿਅਕਤੀ ਬੁੱਕਲ ਮਾਰੀ ਅੱਗੇ ਵੱਧ ਰਿਹਾ ਸੀ । ਜਿਉਂ ਹੀ ਪੁਲੀਸ ਨੇ ਉਸਨੂੰ ਵੰਗਰਿਆਂ ਤਾਂ ਉਹ ਭੱਜ ਪਿਆ । ਪੁਲੀਸ ਨੇ ਉਸ ਨੂੰ ਫੜਕੇ ਜਦੋਂ ਤਲਾਸ਼ੀ ਲਈ ਤਾਂ ਉਸ ਪਾਸੋਂ ਬਾਰਾਂ ਬੋਰ ਦੀ ਬੰਦੂਕ ਜਿਸ ਦੀਆਂ ਨਾਲੀਆਂ ਕੱਟੀਆਂ ਹੋਈਆਂ ਸੀ ਤੇ ਚਾਰ ਜਿੰਦਾ ਕਾਰਤੂਸ ਬਰਾਮਦ ਹੋਏ ਸਨ । ਪੁਲੀਸ ਨੇ ਉਸਦੇ ਖਿਲਾਫ ਐਫ.ਆਈ.ਆਰ. ਨੰਬਰ 21 ਧਾਰਾ 25/54/59 ਆਰਮਡ ਐਕਟ ਦੇ ਅਧੀਨ ਮੁਕੱਦਮਾ ਦਰਜ ਕਰ ਲਿਆ ਸੀ । ਇਹ ਖ਼ਬਰ ਪੜ੍ਹ ਕੇ ਉਸ ਦੇ ਵਾਰਸ ਹੈਰਾਨ ਹੋਏ, ਪੇਸ਼ ਕਰਨ ਮਗਰੋਂ ਪੁਲੀਸ ਨੇ ਕਹਾਣੀ ਕੀ ਬਣਾ ਦਿੱਤੀ ਉਹਨਾਂ ਨੂੰ ਚਿੰਤਾ ਵੱਢ-ਵੱਢ ਖਾ ਰਹੀ ਸੀ ?

ਪੁਲੀਸ ਨੇ ਬਚਿੱਤਰ ਸਿੰਘ ਨੂੰ ਤਸ਼ੱਦਦ ਵਿੱਚ ਮਾਰਨ ਮਗਰੋਂ ਇਕ ਹੋਰ ਕਹਾਣੀ ਬਣਾਕੇ ਪੇਸ਼ ਕੀਤੀ ਕਿ ਬਚਿੱਤਰ ਸਿੰਘ ਨੇ ਪੁਲੀਸ ਹਿਰਾਸਤ ਵਿੱਚ ਪੱਖੇ ਨਾਲ ਪੱਗ ਨਾਲ ਗਲ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ ਹੈ । ਪੁਲੀਸ ਦੀ ਇਹ ਕਿੰਨੀ ਹਾਸੋ-ਹੀਣੀ ਕਹਾਣੀ ਸੀ । ਪੁਲੀਸ ਆਮ ਦੋਸ਼ ਵਿੱਚ ਫੜੇ ਗਏ ਵਿਅਕਤੀ ਤੋਂ ਪੱਗ ਪਰਨਾ ਆਦਿ ਉਤਰਾ ਕੇ ਹਵਾਲਾਤ ਵਿੱਚ ਭੇਜਦੀ ਹੈ ਫੇਰ ਜਿਸ ਵਿਅਕਤੀ ਉਤੇ ਇੰਨ੍ਹਾਂ ਸੰਗੀਨ ਦੋਸ਼ ਲੱਗਿਆ ਹੋਵੇ, ਉਸਨੂੰ ਪੱਗ ਸਮੇਤ ਕਿਵੇਂ ਬੰਦ ਕੀਤਾ ਗਿਆ ? ਇਹ ਗੱਲ ਸਮਝ ਤੋਂ ਬਾਹਰ ਹੈ ।

ਪੁਲੀਸ ਨੇ ਉਸਦੇ ਵਾਰਸਾਂ ਨੂੰ ਸੁਨੇਹਾ ਭੇਜ ਕੇ ਪਟਿਆਲੇ ਬੁਲਾ ਲਿਆ । ਜਦੋਂ ਨੂੰ ਉਹ ਉਥੇ ਗਏ ਉਦੋਂ ਤੱਕ ਪੁਲੀਸ ਨੇ ਉਸ ਦਾ ਪੋਸਟਮਾਰਟਮ ਵੀ ਕਰਵਾ ਲਿਆ ਸੀ

। ਉਥੇ ਗਏ ਬੰਦਿਆਂ ਨੂੰ ਮਿਲਣ ਤਾਂ ਪਹਿਲਾਂ ਪੁਲੀਸ ਵਾਲੇ ਪਿੰਡ ਆ ਗਏ, ਉਹਨਾਂ ਉਸਦੀ ਮਾਤਾ ਨੂੰ ਕਿਹਾ, " ਤੁਹਾਡਾ ਮੁੰਡਾ ਛੱਡਣਾ ਹੈ, ਤੁਸੀਂ ਦਸਤਖਤ ਕਰ ਦਿਓ ।" ਪੁਲੀਸ ਨੇ ਕਾਗਜ਼ੀ ਕਾਰਵਾਈ ਕਰਕੇ ਉਕਤ ਘਟਨਾ ਬਾਰੇ ਦੱਸਿਆ । ਇੰਨੀ ਦੇਰ ਨੂੰ ਲਾਸ਼ ਲੈਣ ਗਏ ਉਹ ਵਿਅਕਤੀ ਆ ਪਹੁੰਚੇ । ਪੁਲੀਸ ਲਾਸ਼ ਦੇਣ ਤੋਂ ਇਨਕਾਰ ਕਰ ਰਹੀ ਸੀ । ਆਖਰ ਪੰਤਵੰਤੇ ਸੱਜਣਾਂ ਦੇ ਦਖਲ ਦੇਣ ਉਤੇ ਪੁਲੀਸ ਨੇ ਬਿਨਾ ਉਸਦੀ ਲਾਸ਼ ਦਿਖਾਏ, ਉਸਦਾ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਸਸਕਾਰ ਕਰ ਦਿੱਤਾ । ਇਸ ਮੌਕੇ ਸੰਗਰੂਰ ਤੇ ਪਟਿਆਲੇ ਜਿਲ੍ਹੇ ਦੀ ਇੰਨੀ ਜ਼ਿਆਦਾ ਪੁਲੀਸ ਸੀ ਕਿ ਉਸ ਸਮੇਂ ਸਸਕਾਰ ਮੌਕੇ ਉਹਨੇ ਬੰਦੇ ਨਹੀਂ ਸਨ ।

ਭਾਈ ਗੁਰਚਰਨ ਸਿੰਘ ਚਾਨਾ ਦੱਧਾਹੂਰ ਪੁੱਤਰ ਸ੍ਰ. ਜੁਗਿੰਦਰ ਸਿੰਘ, ਮਾਤਾ ਸੁਰਜੀਤ ਕੌਰ (ਮੰਗਾ) 1984 ਦੇ ਘੱਲੂਘਾਰੇ ਤੋਂ ਬਾਅਦ ਉਸਦਾ ਰੂਪੋਸ਼ ਸਿੰਘਾਂ ਨਾਲ ਮੇਲ ਜੋਲ ਹੋ ਗਿਆ ਜਿਸ ਕਰਕੇ 1986 ਵਿੱਚ ਪੁਲੀਸ ਨੇ ਉਸਨੂੰ ਗ੍ਰਿਫਤਾਰ ਕਰਕੇ ਫਰੀਦਕੋਟ ਜੇਲ੍ਹ 'ਚ ਬੰਦ ਕਰ ਦਿੱਤਾ । ਇਸੇ ਦੌਰਾਨ ਹੀ ਉਸਨੂੰ ਸੰਗਰੂਰ ਜੇਲ੍ਹ ਭੇਜ ਦਿੱਤਾ ਗਿਆ ਜਿੱਥੋਂ 22 ਜੂਨ 1986 ਨੂੰ ਜਮਾਨਤ ਤੇ ਜੇਲ੍ਹ ਵਿੱਚੋਂ ਰਿਹਾਅ ਹੋਇਆ ਸੀ । ਜੇਲ੍ਹ ਵਿੱਚੋਂ ਨਿਕਲਦਿਆਂ ਹੀ ਪੁਲੀਸ ਨੇ ਉਸਨੂੰ ਫੇਰ ਫੜ੍ਹ ਲਿਆ, ਫਰੀਦਕੋਟ ਦੇ ਸੀ.ਆਈ.ਏ ਸਟਾਫ ਵਿੱਚ ਭੇਜ ਦਿੱਤਾ ਦੋ ਮਹੀਨੇ ਵੱਖ-ਵੱਖ ਥਾਣਿਆਂ ਵਿੱਚ ਰੱਖ ਕੇ ਪੁਲੀਸ ਨੇ ਉਸ ਉਤੇ ਫੇਰ ਕੇਸ ਪਾ ਕੇ 27 ਅਕਤੂਬਰ 1987 ਫਿਰੋਜ਼ਪੁਰ ਜੇਲ੍ਹ ਭੇਜ ਦਿੱਤਾ, 8 ਮਾਰਚ 1988 ਜਮਾਨਤ ਮਗਰੋਂ ਉਹ ਜਦੋਂ ਫਿਰੋਜ਼ਪੁਰ ਜੇਲ੍ਹ ਵਿੱਚੋਂ ਰਿਹਾਅ ਹੋ ਰਿਹਾ ਸੀ । ਘੱਲ ਕਲਾਂ ਥਾਣੇ ਵਾਲਿਆਂ ਨੇ ਉਸਨੂੰ ਫੇਰ ਕਾਬੂ ਕਰ ਲਿਆ । ਪਿੰਡ ਦੀ ਪੰਚਾਇਤ ਵੱਲੋਂ ਪੁਲੀਸ ਉਤੇ ਦਬਾਅ ਪਾਉਣ ਮਗਰੋਂ 25 ਮਾਰਚ ਨੂੰ ਇਕ ਵਾਰੀ ਤਾਂ ਪੁਲੀਸ ਨੇ ਉਸਨੂੰ ਛੱਡ ਦਿੱਤਾ ਸੀ । 11 ਅਪ੍ਰੈਲ ਨੂੰ ਫਿਰ ਗ੍ਰਿਫਤਾਰ ਕਰ ਲਿਆ । 25 ਮਈ 1988 ਨੂੰ ਜਮਾਨਤ ਹੋਣ ਉਤੇ ਰਿਹਾਅ ਹੋਇਆ ।

ਪੁਲੀਸ ਦੀ ਇਹ ਫੜੋ-ਫੜਾਈ ਦੀ ਲੁਕਣ-ਮੀਤੀ ਤੋਂ ਭਾਈ ਗੁਰਚਰਨ ਸਿੰਘ ਚਾਨਾ ਦੱਧਾਹੂਰ ਨੂੰ ਅਹਿਸਾਸ ਹੋ ਗਿਆ ਕਿ ਪੁਲੀਸ ਉਸਨੂੰ ਮਾਰਕੇ ਹੀ ਦਮ ਲਵੇਗੀ । ਪਰ ਉਹ ਆਪਣੇ ਮਾਰਗ ਤੋਂ ਪਿੱਛੇ ਨਹੀਂ ਹਟਿਆ, 31 ਮਈ 1989 ਨੂੰ ਬਾਘਾ ਪੁਰਾਣੇ ਦੀ ਪੁਲੀਸ ਨੇ ਭਾਈ ਸਾਹਿਬ ਨੂੰ ਫੜਕੇ ਅੱਠ ਦਿਨ ਦਾ ਰਿਮਾਂਡ ਲੈ ਲਿਆ ਤੇ ਆਪਣੀ ਅਸਲੀ ਮਨਸ਼ਾ ਦਿਖਾਉਣੀ ਸ਼ੁਰੂ ਕਰ ਦਿੱਤੀ ।ਪੰਚਾਇਤ ਵੱਲੋਂ ਸਖਤ ਇਤਰਾਜ਼ ਕਰਨ ਉਤੇ ਪੁਲੀਸ ਨੇ ਭਾਈ ਸਾਹਿਬ ਨੂੰ ਕੋਰਟ ਵਿੱਚ ਪੇਸ਼ ਕਰ ਦਿੱਤਾ, 8 ਜੂਨ ਦੀ ਰਾਤ ਨੂੰ ਬਾਘਾ ਪੁਰਾਣਾ ਦੇ ਨੇੜੇ ਲੰਗੇਆਣਾ ਦੀ ਡਰੇਨ ਉਤੇ ਅੱਧੀ ਰਾਤ ਨੂੰ ਝੂਠੇ ਪੁਲੀਸ ਮੁਕਾਬਲੇ

ਵਿੱਚ ਮਾਰ ਦਿੱਤਾ । 9 ਜੂਨ ਦੀ ਰਾਤ ਨੂੰ ਰੇਡੀਓ ਤੋਂ ਮੁਕਾਬਲੇ ਦੀ ਖ਼ਬਰ ਸੁਣੀ ਤੇ 10 ਜੂਨ ਨੂੰ ਅਖ਼ਬਾਰਾਂ ਦੀ ਮੁੱਖ ਸੁਰਖੀ ਸੀ ਕਿ ਪੁਲੀਸ ਮੁਕਾਬਲੇ ਵਿੱਚ ਗੁਰਚਰਨ ਸਿੰਘ ਚਾਨਾ ਮਾਰਿਆ ਗਿਆ ਹੈ । ਜਿਹੜੇ ਲੋਕ ਕੁਝ ਦਿਨ ਪਹਿਲਾਂ ਉਸਨੂੰ ਪੁਲੀਸ ਹਿਰਾਸਤ ਵਿੱਚ ਦੇਖਕੇ ਆਏ ਸੀ ਇਹ ਮਨਹੂਸ ਖ਼ਬਰ ਪੜ੍ਹਕੇ ਉਹਨਾਂ ਦੇ ਪੈਰਾਂ ਹੈਠੋਂ ਜ਼ਮੀਨ ਨਿਕਲ ਗਈ । ਉਹਨਾਂ ਦੇ ਮਨਾਂ ਅੰਦਰ ਪੁਲੀਸ ਦੀ ਉਕਤ ਝੂਠੀ ਕਹਾਣੀ ਪ੍ਰਤੀ ਭਾਰੀ ਰੋਸ ਸੀ ਪਰ ਕੀਤਾ ਕੀ ਜਾਂਦਾ । ਪੰਜਾਬ ਵਿੱਚ ਪੁਲੀਸ ਰਾਜ ਸੀ । ਕਾਨੂੰਨ ਨਾ ਦੀ ਕੋਈ ਚੀਜ਼ ਨਹੀਂ ਸੀ ਇਸ ਕਰਕੇ ਕਿਸੇ ਨੂੰ ਨਿਆਂ ਮਿਲਣ ਦੀ ਕੋਈ ਆਸ ਉਮੀਦ ਨਹੀਂ ਸੀ ।

ਹਰਦੀਪ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਜੈਖਰ ਤਹਿਸੀਲ ਪਾਤੜਾਂ (ਪਟਿਆਲਾ) ਦਾ ਦਰਸ਼ਨੀ ਜਵਾਨ ਸੀ । ਘਰ ਵਿੱਚ ਖੁੱਲ੍ਹਾ ਖਾਣ-ਪੀਣ ਨੂੰ ਹੋਣ ਕਰਕੇ ਉਹ ਦਿਨਾਂ ਵਿੱਚ ਹੀ ਜਵਾਨ ਹੋ ਗਿਆ ਸੀ । ਮਾਪਿਆਂ ਦਾ ਲਾਡਲਾ ਪੁੱਤਰ ਹੋਣ ਤੇ ਉਹ ਦਸਵੀਂ ਜਮਾਤ ਦੀ ਪੜ੍ਹਾਈ ਵੀ ਪੂਰੀ ਨਾ ਕਰ ਸਕਿਆ । ਪੜ੍ਹਾਈ ਛੱਡਕੇ ਪਿਤਾ-ਪੁਰਖੀ ਧੰਦੇ ਖੇਤੀ ਵਿੱਚ ਜੁਟ ਗਿਆ । ਮਾਪਿਆਂ ਨੇ ਉਸਦਾ ਵਿਆਹ ਸਿੱਖ ਰੀਤੀ-ਰਿਵਾਜ਼ਾਂ ਅਨੁਸਾਰ ਲਖਵਿੰਦਰ ਕੌਰ ਨਾਲ ਕਰ ਦਿੱਤਾ ਸੀ । ਉਹ ਤੇ ਉਸਦੀ ਪਤਨੀ ਖੁਸ਼ੀਆਂ ਭਰਿਆ ਜੀਵਨ ਗੁਜ਼ਾਰਦੇ ਹੋਏ ਆਪਣੇ ਮਾਤਾ-ਪਿਤਾ ਦੀ ਸੇਵਾ ਦੇ ਨਾਲ ਸਾਰਾ ਕਾਰੋਬਾਰ ਵੀ ਸੰਭਾਲ ਰਹੇ ਸੀ । ਹੱਸਦੇ-ਵੱਸਦੇ ਘਰ ਵਿੱਚ ਖੁਸ਼ੀਆਂ ਦੀ ਉਸ ਸਮੇਂ ਕੋਈ ਹੱਦ ਨਾ ਰਹੀ ਜਦੋਂ ਉਹਨਾਂ ਦੇ ਘਰ ਅਕਾਲ ਪੁਰਖ ਦੀ ਅਪਾਰ ਬਖਸ਼ਿਸ਼ ਸਦਕਾ ਇਕ ਪੁੱਤਰ ਨੇ ਜਨਮ ਲਿਆ । ਉਹ ਖੇਤ ਜਾਂਦਾ ਤੇ ਖੇਤੋਂ ਵਾਪਸ ਆ ਕੇ ਆਪਣੇ ਪੁੱਤਰ ਨੂੰ ਦੇਖਦਾ ਤਾਂ ਉਸਦਾ ਸਾਰਾ ਥਕੇਵਾਂ ਉਤਰ ਜਾਂਦਾ ਸੀ । ਉਸਦਾ ਪਿਤਾ ਹਰਜਿੰਦਰ ਸਿੰਘ ਘਰ ਵਿੱਚ ਆਈਆਂ ਖੁਸ਼ੀਆਂ ਵਿੱਚ ਫੁਲਿਆ ਨਾ ਸਮਾਉਂਦਾ ਹੋਇਆ 'ਵਾਹਿਗੁਰੂ' ਅੱਗੇ ਅਰਦਾਸਾਂ ਕਰਦਾ ਸੀ । "ਹੇ ਮਾਲਕਾ! ਜਿਸ ਤਰ੍ਹਾਂ ਖੁਸ਼ੀਆਂ ਸਾਨੂੰ ਬਖਸ਼ੀਆਂ ਨੇ ਇਸ ਤਰ੍ਹਾਂ ਦੀਆਂ ਖੁਸ਼ੀਆਂ ਸਭ ਨੂੰ ਦੇਵੀਂ ।"

ਖੁਸ਼ੀਆਂ ਵਿੱਚ ਲੀਨ ਪਰਿਵਾਰ ਦੇ ਮਨ ਵਿੱਚ ਇਹ ਖਿਆਲ ਕਦੇ ਨਹੀਂ ਸੀ ਆਇਆ ਕਿ ਕੁਦਰਤ ਦੇ ਨਿਯਮ ਅਨੁਸਾਰ ਖੁਸ਼ੀਆਂ ਤੋਂ ਮਗਰੋਂ ਦੁੱਖਾਂ ਭਰੇ ਦਿਨ ਵੀ ਆ ਸਕਦੇ ਹਨ । ਇਕ ਦਿਨ ਉਹ ਮਨਹੂਸ ਘੜੀ ਆ ਹੀ ਗਈ, 6 ਅਗਸਤ 1992 ਦੀ ਸਵੇਰ ਦਾ ਸੂਰਜ ਵੀ ਨਹੀਂ ਸੀ ਚੜਿਆ । ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਸਿੰਘ ਨੇ ਆਵਾਜ਼ ਦਿੱਤੀ "ਗੁਰੂ ਦੇ ਪਿਆਰਿਓ, ਉਠੋ ਸਵੇਰੇ ਦੇ ਚਾਰ ਵੱਜ ਚੁੱਕੇ ਹਨ, ਪ੍ਰਭਾਤ ਵੇਲਾ ਹੋ ਗਿਆ ਹੈ, ਦੋ ਘੜੀਆਂ ਉਸ ਮਾਲਕ ਦਾ ਸਿਮਰਨ ਕਰ ਲਓ, ਜਿਸ ਨੇ ਅਣਮੁੱਲਾ ਮਨੁੱਖੀ ਜਾਮਾਂ ਦੇ ਕੇ ਭੇਜਿਆ ਹੈ ।"

ਹਰਜਿੰਦਰ ਸਿੰਘ ਬਾਹਰ ਵਿਹੜੇ ਵਿੱਚ ਪਿਆ ਸੀ । ਉਹ ਗੁਰੂ ਘਰ ਵਿੱਚੋਂ ਆਈ ਗ੍ਰੰਥੀ ਸਿੰਘ ਆਵਾਜ਼ ਸੁਣ ਕੇ ਉਠੱ ਪਿਆ । ਰੋਜ਼ਾਨਾ ਵਾਂਗ ਉਸਨੇ ਪਹਿਲਾਂ ਪਸ਼ੂਆਂ ਨੂੰ ਪੱਠੇ ਪਾਏ ਤੇ ਇਸ਼ਨਾਨ ਕੀਤਾ, ਮੰਜੀ ਉਤੇ ਬੈਠਕੇ ਰੱਬ ਦਾ ਜਾਪ ਕਰਨ ਲੱਗ ਪਿਆ । ਦੋ ਵਿਅਕਤੀਆਂ ਨੇ ਆਣ ਦਰਵਾਜਾ ਖੜਕਾਇਆ । ਜਿਉਂ ਹੀ ਉਸਨੇ ਉਠਕੇ ਬੂਹਾ ਖੋਲ੍ਹਿਆ ਤਾਂ ਉਹਨਾਂ ਕਿਹਾ, "ਬਾਪੂ ਜੀ ਅਸੀਂ ਚਾਹ ਪੀਣੀ ਹੈ।" ਹਰਜਿੰਦਰ ਸਿੰਘ ਵੱਲੋਂ ਨਾਹ-ਨੁੱਕਰ ਕਰਨ ਉਤੇ ਉਹਨ੍ਹਾਂ ਅਸਲਾ ਮੋਢਿਆਂ ਤੋਂ ਉਤਾਰਦਿਆਂ ਕਿਹਾ," ਆ ਦੇਖੀਆਂ ਨੇ- ਅੱਜ ਤਾਂ ਅਸੀਂ ਚਾਹ ਪੀ ਕੇ ਜਾਵਾਂਗੇ, ਫੇਰ ਕਦੇ ਮੁੜਕੇ ਆਉਂਦੇ ਨਹੀਂ ।"

ਹਰਜਿੰਦਰ ਸਿੰਘ ਨੇ ਉਹਨਾਂ ਨੂੰ ਅੰਦਰ ਬੈਠਾਇਆ ਤੇ ਆਪਣੀ ਧਰਮ ਪਤਨੀ ਨੂੰ ਉਠਾਕੇ ਚਾਹ ਬਣਾਉਣ ਲਈ ਆਖ ਦਿੱਤਾ ਤੇ ਆਪ ਉਹਨਾਂ ਦੋ ਨੌਜਵਾਨਾਂ ਕੋਲ ਆ ਬੈਠਾ । ਚਾਹ ਬਣਨ ਮਗਰੋਂ ਉਸਦੀ ਪਤਨੀ ਚਾਹ ਲੈ ਕੇ ਆਈ ਤੇ ਬਾਹਰੋਂ ਹੀ ਚਾਹ ਫੜਾਕੇ ਮੁੜ ਗਈ । ਗਰਮੀ ਦੇ ਦਿਨ ਹੋਣ ਕਰਕੇ ਪੰਜ ਵਜੇ ਹੀ ਚਿੱਟਾ ਦਿਨ ਚੜ੍ਹ ਆਇਆ । ਉਹਨਾਂ ਸੋਚਿਆਂ ਇਹਨਾਂ ਨੂੰ ਚਾਹ ਪਿਲਾਕੇ ਛੇਤੀ ਹੀ ਤੋਰ ਦਿੰਦੇ ਹਾਂ ਪਰ ਪ੍ਰਮਾਤਮਾ ਨੂੰ ਕੁੱਝ ਹੋਰ ਮਨਜ਼ੂਰ ਸੀ । ਉਸ ਦਿਨ ਅਚਾਨਕ ਹੀ ਘੱਗਾ ਥਾਣੇ ਦੀ ਪੁਲੀਸ ਨੇ ਪਿੰਡ ਵਿੱਚ ਨਿਕਲਦੀ ਨਜਾਇਜ਼ ਸ਼ਰਾਬ ਫੜਨ ਲਈ ਛਾਪਾ ਮਾਰਿਆ ਸੀ । ਪੁਲੀਸ ਵਾਲੇ ਘਰਾਂ ਦੀ ਤਲਾਸ਼ੀ ਕਰਦੇ ਹੋਏ ਜਿਉਂ ਹੀ ਹਰਜਿੰਦਰ ਸਿੰਘ ਦੇ ਘਰ ਆਏ ਤਾਂ ਉਸਦੇ ਚਿਹਰੇ ਦਾ ਰੰਗ ਉਡੱ ਗਿਆ । ਪੁਲਿਸ ਵਾਲੇ ਜਦੋਂ ਉਸ ਬੈਠਕ ਵੱਲ ਵੱਧ ਰਹੇ ਸੀ ਤਾਂ ਉਸ ਸਮੇਂ ਅੰਦਰ ਬੈਠੇ ਹਰਦੀਪ ਸਿੰਘ ਦੀ ਪਤਨੀ ਦੇ ਮਾਮੇ ਤਰਲੋਕ ਸਿੰਘ 'ਪੈਂਦ' ਉਸ ਦੇ ਸਾਥੀ ਆਤਮਾ ਸਿੰਘ 'ਬਾਵਾ' ਨੇ ਅੰਦਰ ਪੁਜੀਸ਼ਨਾਂ ਲੈ ਲਈਆਂ ਤੇ ਅਸਾਲਟਾਂ ਦੇ ਘੋੜਿਆਂ ਉਤੇ ਉਂਗਲਾਂ ਰੱਖਕੇ ਉਹ ਅੰਦਰੋਂ ਬਾਹਰ ਆ ਗਏ । ਜਿਉਂ ਹੀ ਡੇਰਾ ਜੱਟਾਂ ਦਾ ਖਾੜਕੂ ਆਤਮਾ ਸਿੰਘ 'ਬਾਵਾ' ਪੁਲੀਸ ਵਾਲਿਆਂ ਉਤੇ ਗੋਲੀ ਚਲਾਉਣ ਲੱਗਿਆ ਸੀ ਤਾਂ ਹਰਦੀਪ ਸਿੰਘ ਦੀ ਮਾਤਾ ਨੇ ਰੋਲਾ ਪਾਇਆ, "ਪੁੱਤਰ ਬਾਵਿਆ ਇਹ ਜ਼ੁਲਮ ਨਾ ਕਰੀ, ਪੁਲੀਸ ਉਹਨਾਂ ਦਾ ਘਰ-ਘਾਟ ਬਰਬਾਦ ਕਰ ਦੇਵੇਗੀ ।"

ਇਹ ਸੁਣਕੇ ਬਾਵੇ ਦੇ ਮਨ ਮੇਹਰ ਪਈ ਉਹ ਹਵਾ ਵਿੱਚ ਗੋਲੀਆਂ ਚਲਾਉਂਦਾ ਹੋਇਆ ਇਕ ਪਾਸੇ ਤੇ ਤਰਲੋਕ ਸਿੰਘ 'ਪੈਂਦ' ਦੂਸਰੇ ਪਾਸੇ ਚਲਾ ਗਿਆ । ਪੁਲੀਸ ਦੇ ਮੁਲਾਜ਼ਮ ਆਪਣੀਆਂ ਬੰਦੂਕਾਂ ਤੇ ਕਾਰਤੂਸ ਸੁੱਟਕੇ ਲੰਮੇ ਪੈ ਕੇ ਨਿਕਲ ਗਏ । ਜਦੋਂ ਗੋਲੀਆਂ ਦੀ ਆਵਾਜ਼ ਬੰਦ ਹੋਈ ਫੇਰ ਆ ਕੇ ਪੁਲੀਸ ਵਾਲਿਆਂ ਨੇ ਆਪਣਾ ਅਸਲਾ ਚੁੱਕਿਆ । ਬੱਸ ਦੇਖਦੇ ਹੀ ਦੇਖਦੇ ਵਾਇਰਲੈਸ ਉਤੇ ਸੁਨੇਹਾ ਮਿਲਦੇ ਸਾਰ ਹੀ ਗੱਡੀਆਂ ਭਰਕੇ ਆਈ ਫੌਜ ਤੇ ਪੁਲੀਸ ਨੇ ਪਿੰਡ ਨੂੰ ਚਾਰੇ ਪਾਸਿਓਂ ਘੇਰ ਲਿਆ ।

ਪੁਲੀਸ ਤੇ ਆਰਮੀ ਨੇ ਸਾਂਝਾ ਐਕਸ਼ਨ ਕਰਦਿਆਂ ਆਤਮਾ ਸਿੰਘ ਉਰਫ ਬਾਵਾ ਨੂੰ ਇਕ ਕੁੱਪ ਵਿੱਚ ਤੇ ਤਰਲੋਕ ਸਿੰਘ ਪੈਂਦ ਨੂੰ ਸੰਪੂਰਨ ਸਿੰਘ ਦੇ ਬਾਗਲ ਵਿੱਚ ਗੋਲੀਆਂ ਮਾਰਕੇ ਢੇਰੀ ਕਰ ਦਿੱਤਾ । ਇਸ ਉਪਰੰਤ ਥਾਣਾ ਘੱਗਾ ਦੇ ਇੰਚਾਰਜ ਕੁਲਦੀਪ ਸਿੰਘ ਸੇਖੋਂ ਦੀ ਅਗਵਾਈ ਵਿੱਚ ਪੁਲੀਸ ਹਰਦੀਪ ਸਿੰਘ ਦੇ ਘਰ ਆਈ । ਉਸ ਸਮੇਂ ਉਹ ਪਸ਼ੂਆਂ ਨੂੰ ਪੱਠੇ ਪਾ ਰਿਹਾ ਸੀ । ਪੁਲੀਸ ਨੇ ਉਸਨੂੰ ਵੰਗਾਰਿਆ ਤੇ ਉਹ ਉਕਤ ਘਟਨਾ ਕਰਕੇ ਡਰਿਆ ਹੋਇਆ ਭੱਜ ਪਿਆ । ਮਗਰ ਹੀ ਉਸ ਦੀ ਮਾਤਾ ਭੱਜ ਪਈ । ਉਸਦੇ ਦੱਸਣ ਅਨੁਸਾਰ ਥਾਣੇਦਾਰ ਨੇ ਉਸਨੂੰ ਰੁਕਣ ਦੀ ਆਵਾਜ਼ ਦੇਣ ਦੀ ਥਾਂ ਆਪਣੇ ਜਵਾਨਾਂ ਨੂੰ ਕਿਹਾ ਕਿ ਇਸ ਦੇ ਗੋਲੀ ਮਾਰੋ ਇਹ ਨਿਕਲ ਨਾ ਜਾਵੇ । ਜਦੋਂ ਕਿ ਪੁਲੀਸ ਉਸਨੂੰ ਅਸਾਨੀ ਨਾਲ ਫੜ੍ਹ ਸਕਦੀ ਸੀ ਪਰ ਉਸਨੇ ਅਜਿਹਾ ਕਰਨ ਦੀ ਥਾਂ ਰੋਂਦੀ ਕੁਰਲਾਦੀ ਮਾਂ ਦੀਆਂ ਅੱਖਾਂ ਸਾਹਮਣੇ ਹੀ ਉਸ ਨਿਰੋਦਸ਼ ਤੇ ਅਨਭੋਲ ਦਰਸ਼ਨੀ ਜਵਾਨ ਨੂੰ ਸ਼ਮਸ਼ਾਨਘਾਟ ਦੇ ਨੇੜੇ ਗੋਲੀਆਂ ਮਾਰਕੇ ਢੇਰੀ ਕਰ ਦਿੱਤਾ । ਢੇਰ ਹੋਏ ਉਕਤ ਤਿੰਨੇ ਵਿਅਕਤੀਆਂ ਦੀਆਂ ਲਾਸ਼ਾਂ ਵਿੱਚ ਪੁਲੀਸ ਨੇ ਕਈ-ਕਈ ਗੋਲੀਆਂ ਮਾਰਕੇ ਆਪਣੀ ਬਹਾਦਰੀ ਦਿਖਾਈ । ਪੁਲੀਸ ਦੇ ਉਚੱ ਅਧਿਕਾਰੀਆਂ ਨੇ ਆ ਕੇ ਮੌਕਾ ਦੇਖਿਆ ਤਾਂ ਉਸ ਸਮੇਂ ਇੱਕਠੇ ਹੋਏ ਪਿੰਡ ਵਾਸੀਆਂ ਨੇ ਉਹਨਾਂ ਕੋਲ ਫਰਿਆਦ ਕਰਦਿਆਂ ਕਿਹਾ, "ਪੁਲੀਸ ਨੇ ਨਿਰਦੋਸ਼ ਹਰਦੀਪ ਸਿੰਘ ਨੂੰ ਜਾਣ ਬੁੱਝ ਕੇ ਮਾਰਿਆ ਹੈ ਜੇਕਰ ਪੁਲੀਸ ਚਾਹੁੰਦੀ ਤਾਂ ਉਸ ਨੂੰ ਫੜ੍ਹ ਸਕਦੀ ਸੀ । ਪਿੰਡ ਵਾਸੀਆਂ ਵਿੱਚ ਪੈਦਾ ਹੋ ਰਹੇ ਰੋਸ ਨੂੰ ਦੇਖਦਿਆਂ ਪੁਲੀਸ ਉਹਨਾਂ ਦੀਆਂ ਲਾਸ਼ਾਂ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲੈ ਗਈ ਸੀ ।

ਪੁਲੀਸ ਨੇ ਹਰਦੀਪ ਸਿੰਘ ਦੇ ਮਾਤਾ,ਪਿਤਾ ਤੇ ਉਸਦੀ ਪਤਨੀ ਤੇ ਹੋਰ ਪਰਿਵਾਰ ਦੇ ਮੈਂਬਰਾਂ ਨੂੰ ਘਰੋਂ ਕੱਢਕੇ ਘਰ ਨੂੰ ਸੀਲ ਕਰ ਲਿਆ ਸੀ । ਇਕ ਵਾਰੀ ਤਾਂ ਪੁਲੀਸ ਨੇ ਪਿੰਡ ਵਾਸੀਆਂ ਨੂੰ ਨਿਰੋਦਸ਼ ਹਰਦੀਪ ਸਿੰਘ ਦੀ ਲਾਸ਼ ਪਿੰਡ ਵਿੱਚ ਸਸਕਾਰ ਕਰਨ ਲਈ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਫਿਰ ਉਚ-ਅਧਿਕਾਰੀਆਂ ਨੇ ਪਿੰਡ ਵਾਸੀਆਂ ਦੇ ਰੋਹ ਨੂੰ ਦੇਖਦਿਆਂ ਹੋਇਆਂ ਆਪਣੀ ਹਾਜ਼ਰੀ ਵਿੱਚ ਸਸਕਾਰ ਕਰਨ ਦੀ ਇਜ਼ਾਜਤ ਦੇ ਦਿੱਤੀ ਸੀ ।

ਹਰਦੀਪ ਸਿੰਘ ਦੇ ਸਸਕਾਰ ਮਗਰੋਂ ਪੁਲੀਸ ਨੇ ਉਹਨਾ ਦੇ ਘਰ ਤਲਾਸੀ ਲੈਂਦਿਆਂ ਉਹਨਾਂ ਦੀ ਲਾਇਸੰਸੀ 315 ਬੋਰ ਦੀ ਬੰਦੂਕ, ਢਾਈ ਤੋਲੇ ਸੋਨਾ ਤੇ ਘਰ ਵਿੱਚ ਪਈਆਂ ਕੀਮਤੀ ਵਸਤਾਂ ਚੁੱਕ ਕੇ ਲੈ ਗਈ ਸੀ । ਪੁਲੀਸ ਨੇ ਆਪਣੀ ਗਲਤੀ ਨੂੰ ਛੁਪਾਉਣ ਲਈ ਹਰਜਿੰਦਰ ਸਿੰਘ ਦੇ ਖਿਲਾਫ ਉਲਟੀ ਕਾਰਵਾਈ ਕਰਦਿਆਂ ਹੋਇਆਂ ਉਹਨਾਂ ਦੇ ਖਿਲਾਫ ਮੁਕੱਦਮਾ ਨੰਬਰ 44 ਧਾਰਾ 307, 34 ਆਈ.ਪੀ.ਸੀ. 25 ਆਰਮਜ਼ ਐਕਟ 3.4.5

ਟਾਡਾ ਐਕਟ ਅਧੀਨ ਕਾਰਵਾਈ ਸ਼ੁਰੂ ਕਰ ਦਿੱਤੀ ਸੀ ।

ਨੌਜਵਾਨ ਪੁੱਤਰ ਦੇ ਗ਼ਮ ਵਿੱਚ ਡੁੱਬੇ ਹੋਏ ਹਰਜਿੰਦਰ ਸਿੰਘ ਨੇ ਉੱਚ ਅਧਿਕਾਰੀਆਂ ਕੋਲ ਰੌਲਾ ਪਾਇਆ ਕਿ ਪੁਲੀਸ ਨੇ ਉਸਦੇ ਪੁੱਤਰ ਨੂੰ ਨਜਾਇਜ਼ ਮਾਰਿਆ ਹੈ ਤਾਂ ਪੁਲੀਸ ਨੇ ਉਹਨਾਂ ਨੂੰ ਧਮਕੀਆਂ ਦਿੰਦਿਆਂ ਕਿਹਾ ਕਿ ਜੇਕਰ ਤੁਸੀਂ ਇਹ ਰੌਲਾ ਪਾਉਣਾ ਬੰਦ ਨਾ ਕੀਤਾ ਤਾਂ ਤੁਹਾਨੂੰ ਟਾਡਾ ਅਧੀਨ ਜੇਲ੍ਹ ਅੰਦਰ ਸੁੱਟ ਦਿੱਤਾ ਜਾਵੇਗਾ । ਪੁਲੀਸ ਦਾ ਡੰਗ ਤੇਜ ਦੇਖਕੇ ਉਹਨਾਂ ਪੁਲੀਸ ਦੇ ਖਿਲਾਫ਼ ਕੋਈ ਵੀ ਕਾਰਵਾਈ ਨਾ ਕਰਨ ਦਾ ਇਕ ਵਾਰੀ ਮੰਨ ਬਣਾ ਲਿਆ ਸੀ । ਹਾਲਾਤ ਸੁਖਾਵੇਂ ਹੋਣ ਮਗਰੋਂ ਪੁਲਿਸ ਨੇ ਉਹਨਾਂ ਨੂੰ ਬੰਦੂਕ ਤਾਂ ਵਾਪਸ ਕਰ ਦਿੱਤੀ ਸੀ ਪਰ ਉਹਨਾਂ ਦਾ ਸੋਨਾ ਤੇ ਕੀਮਤੀ ਵਸਤਾਂ ਵਾਪਸ ਨਹੀਂ ਕੀਤੀਆਂ ।

ਪੰਜਾਬ ਵਿੱਚ ਅਮਨ-ਅਮਾਨ ਹੋਣ ਉਪਰੰਤ ਹਰਜਿੰਦਰ ਸਿੰਘ ਇਨਸਾਫ ਲੈਣ ਵਾਸਤੇ 8 ਸਤੰਬਰ ਨੂੰ ਇਕ ਦਰਖਾਸਤ ਚੇਅਰਮੈਨ ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ ਚੰਡੀਗੜ੍ਹ ਨੂੰ ਭੇਜੀ ਸੀ । ਜਿਸਦੇ ਜਵਾਬ ਵਿੱਚ ਉਸਨੇ ਕਿਹਾ ਸੀ ਕਿ ਮਨੁੱਖੀ ਅਧਿਕਾਰ ਕਮਿਸ਼ਨ ਇਕ ਸਾਲ ਪਹਿਲਾਂ ਵਾਪਰੀ ਘਟਨਾਂ ਦੀ ਪੜਤਾਲ ਕਰਵਾ ਸਕਦਾ ਹੈ ਇਸ ਲਈ 8 ਸਾਲ ਬੀਤ ਜਾਣ ਮਗਰੋਂ ਇਸ ਦੀ ਜਾਂਚ ਕਰਵਾਉਣਾ ਉਸਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦੀ । ਹਰਜਿੰਦਰ ਸਿੰਘ ਦੇ ਪਰਿਵਾਰ ਦੀ ਕਿਸੇ ਵੀ ਸਿੱਖ ਜਥੇਬੰਦੀ ਨੇ ਸਾਰ ਨਹੀਂ ਲਈ । ਭਾਵੇਂ ਇਨਸਾਫ ਮਿਲਣ ਦੇ ਉਹਨਾਂ ਲਈ ਸਾਰੇ ਦਰਵਾਜੇ ਬੰਦ ਹੋ ਪਏ ਹਨ ਫੇਰ ਵੀ ਹਰਜਿੰਦਰ ਸਿੰਘ, ਉਸਦੀ ਪਤਨੀ ਅਤੇ ਉਸਦੇ ਨੂੰਹ-ਪੋਤਰਾ ਅਜੇ ਵੀ ਇਨਸਾਫ ਮਿਲਣ ਦੀ ਆਸ ਲੈ ਕੇ ਦਿਨ ਕੱਟ ਰਹੇ ਹਨ । ਪਤਾ ਨਹੀਂ ਕਦੋਂ ਉਹਨਾਂ ਦੀਆਂ ਆਸਾਂ ਨੂੰ ਬੂਰ ਆਵੇਗਾ ? ਉਸ ਕਰਮਾਂ ਮਾਰੀ ਦਾ ਕੀ ਕਸੂਰ ਸੀ ਜਿਹੜੀ ਪੁਲੀਸ ਦੀ ਗਲਤੀ ਕਰਕੇ ਲੰਮੇ ਸਮੇਂ ਤੋਂ ਰੰਡੇਪਾ ਕੱਟ ਰਹੀ ਹੈ ? ਉਸਨੂੰ ਸਜ਼ਾ ਕਿਸ ਗੱਲ ਦੀ ਹੈ ਜਦੋਂ ਕਿ ਪੁਲੀਸ ਨੇ ਉਸਦੇ ਪਤੀ ਨੂੰ ਮਾਰ ਕੇ ਇਨਾਮ ਤੇ ਤਰੱਕੀਆਂ ਲਈਆਂ ਹਨ ?

ਹਰਵਿੰਦਰ ਸਿੰਘ ਹਿੰਦਾ ਪੁੱਤਰ ਦਰਬਾਰਾ ਸਿੰਘ ਵਾਸੀ ਹਰਿਆਊ ਖੁਰਦ ਤਹਿ: ਪਾਤੜਾਂ (ਪਟਿਆਲਾ) ਨੇ ਦਸਵੀਂ ਜਮਾਤ ਦੀ ਪੜ੍ਹਾਈ ਪੂਰੀ ਕਰਨ ਮਗਰੋਂ ਦਵਿੰਦਰਾ ਮੈਡੀਕਲ ਹਾਲ ਪਾਤੜਾਂ ਉਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ । ਇਸ ਦੁਕਾਨ ਉਤੇ ਮੈਡੀਕਲ ਦੀ ਪ੍ਰੈਕਟਿਸ ਕਰਦੇ ਡਾਕਟਰ ਤੋਂ ਉਸਨੇ ਡਾਕਟਰੀ ਸਿੱਖ ਕੇ ਪਿੰਡ ਵਿੱਚ ਹੀ ਡਾਕਟਰੀ ਦੀ ਦੁਕਾਨ ਕਰ ਲਈ ਸੀ । ਕਾਲੇ ਦਿਨਾਂ ਦੇ ਦੌਰ ਵਿੱਚ ਪੁਲੀਸ ਤੇ ਆਰਮੀ ਨੇ ਪਾਤੜਾਂ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿੱਚ ਦਖਲ ਦੇਣਾ ਸ਼ੁਰੂ ਕੀਤਾ ਤੇ ਲੋਕਾਂ ਵਿੱਚ ਉਹਨਾਂ ਪ੍ਰਤੀ ਰੋਸ ਪੈਦਾ ਹੋ ਗਿਆ । ਪੁਲੀਸ ਤੇ ਆਰਮੀ ਦੇ ਗੁਰਦੁਆਰਾ ਸਾਹਿਬ ਵਿੱਚ ਵਰਦੀ ਸਮੇਤ ਆਉਣ ਉਤੇ ਇਕੱਠੇ ਹੋਏ ਲੋਕਾਂ ਨੇ ਸਰਕਾਰ

ਦੇ ਖਿਲਾਫ ਪੁਲੀਸ ਤੇ ਆਰਮੀ ਦੀ ਕਾਰਵਾਈ ਤੋਂ ਖਫਾ ਹੋ ਕੇ ਨਾਅਰੇਬਾਜ਼ੀ ਕੀਤੀ । ਹਰਵਿੰਦਰ ਸਿੰਘ ਵੀ ਇਸ ਨਾਅਰੇਬਾਜ਼ੀ ਵਿੱਚ ਸ਼ਾਮਿਲ ਸੀ । ਪੁਲੀਸ ਨੇ ਇਸ ਨੌਜਵਾਨ ਉਤੇ ਤਿੱਖੀ ਨਜ਼ਰ ਰੱਖੀ ਕਿਉਂਕਿ ਇਹ ਵੱਧ ਚੜ੍ਹ ਕੇ ਨਾਅਰੇਬਾਜ਼ੀ ਕਰ ਰਿਹਾ ਸੀ ।

ਪੁਲੀਸ ਨੇ ਇਹ ਕਿੜ ਕੱਢਣ ਵਾਸਤੇ ਹਰਵਿੰਦਰ ਸਿੰਘ ਨੂੰ ਗ੍ਰਿਫਤਾਰ ਕਰਕੇ ਉਸਨੂੰ ਬੜੀ ਬੁਰੀ ਤਰ੍ਹਾਂ ਕੁੱਟਿਆ-ਮਾਰਿਆ । ਫਿਰ ਮੌਕੇ ਉਤੇ ਆਏ ਡੀ.ਐਸ.ਪੀ.ਨੇ ਉਸਨੂੰ ਮੁਆਫੀ ਮੰਗਣ ਦੀ ਜਦੋਂ ਪੇਸ਼ਕਸ ਕੀਤੀ ਤਾਂ ਲੋਕ ਭੜਕ ਪਏ । ਇਕ ਪਾਸੇ ਪੁਲੀਸ ਨੇ ਨਿਰਦੋਸ਼ ਨੌਜਵਾਨ ਨੂੰ ਬੇ-ਰਹਿਮੀ ਨਾਲ ਕੁੱਟਿਆ ਹੈ । ਦੂਜੇ ਪਾਸੇ ਪੁਲੀਸ ਵੱਲੋਂ ਮੁਆਫੀ ਮੰਗਣ ਲਈ ਅਸਿੱਧਾ ਦਬਾਅ ਪਾਇਆ ਜਾ ਰਿਹਾ ਸੀ ।

ਆਖਰ ਪੁਲੀਸ ਨੇ ਲੋਕਾਂ ਦੇ ਗੁੱਸੇ ਅੱਗੇ ਝੁਕਦਿਆਂ ਹੋਇਆਂ ਗੁਰਦੁਆਰਾ ਸਾਹਿਬ ਤੋਂ ਫੜੇ ਸਾਰੇ ਨੌਜਵਾਨਾਂ ਨੂੰ ਬਿਨਾ ਕੋਈ ਕੇਸ ਦਰਜ ਕੀਤੇ ਰਿਹਾਅ ਕਰ ਦਿੱਤਾ, 1990 ਵਿੱਚ ਪੁਲੀਸ ਨੇ ਉਸਨੂੰ ਪਿੰਡ ਵਿੱਚ ਕੀਤੀ ਡਾਕਟਰੀ ਦੀ ਦੁਕਾਨ ਵਿੱਚੋਂ ਉਸ ਸਮੇਂ ਚੁੱਕ ਲਿਆ ਜਦੋਂ ਉਹ ਮਰੀਜ਼ਾਂ ਨੂੰ ਦਵਾਈ ਦੇ ਰਿਹਾ ਸੀ । ਪਾਤੜਾਂ ਪੁਲੀਸ ਨੇ ਉਸਨੂੰ ਥਾਣੇ ਵਿੱਚ ਲਿਆ ਕੇ ਉਸ ਉਤੇ ਅਣਮਨੁੱਖੀ ਤਸ਼ਦਦ ਢਾਹਿਆ । ਪਿੰਡ ਵਾਸੀਆਂ ਤੇ ਉਸਦੇ ਵਾਰਸਾਂ ਨੇ ਉਸਦੀ ਸਫਾਈ ਦੇ ਕੇ ਛੁਡਾ ਲਿਆ । ਕੁੱਝ ਸਮਾਂ ਲੰਘਿਆ ਪੁਲੀਸ ਨੇ ਉਸਨੂੰ ਫਿਰ ਘਰੋਂ ਹੀ ਚੁੱਕ ਲਿਆ । ਇਸ ਤਰ੍ਹਾਂ ਪੰਜ-ਛੇ ਵਾਰੀ ਪਾਤੜਾਂ ਥਾਣੇ ਦੇ ਇੰਚਾਰਜ ਸੁਖਵਿੰਦਰ ਸਿੰਘ ਸੰਘਾ ਨੇ ਉਸਨੂੰ ਗ੍ਰਿਫਤਾਰ ਕਰਕੇ ਕੁੱਟਿਆ-ਮਾਰਿਆ । ਆਖਰ ਉਹ ਇਹ ਕਹਿੰਦਾ ਹੋਇਆ ਘਰੋਂ ਭੱਜ ਗਿਆ ਕਿਹੜਾ ਨਿਤਾਂ-ਪ੍ਰਤੀ ਪੁਲੀਸ ਤੋਂ ਛਿੱਤਰ ਖਾਵੇ । ਉਸ ਦੇ ਘਰੋਂ ਭੱਜ ਜਾਣ ਮਗਰੋਂ ਪੁਲੀਸ ਨੇ ਉਸਦੇ ਵਾਰਸਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ । ਦੋ-ਚਾਰ ਵਾਰੀ ਪੁਲੀਸ ਨੇ ਹਰਵਿੰਦਰ ਸਿੰਘ ਦੇ ਮਾਤਾ-ਪਿਤਾ ਤੇ ਭੈਣ ਭਰਾਵਾਂ ਨੂੰ ਥਾਣੇ ਲਿਜਾ ਕੇ ਉਹਨਾਂ ਨੂੰ ਬੁਰਾ ਭਲਾ ਬੋਲਦਿਆਂ ਹੋਇਆਂ ਉਹਨਾਂ ਦੀ ਇੱਜ਼ਤ ਨੂੰ ਮਿੱਟੀ 'ਚ ਰੋਲਿਆ। ਆਖਰ ਉਹਨਾਂ ਦਾ ਵੱਡਾ ਪੁੱਤਰ ਜੋ ਫੌਜ ਵਿੱਚ ਨੌਕਰੀ ਕਰਦਾ ਸੀ ਉਹ ਉਸਦੇ ਕੋਲ ਚਲੇ ਗਏ ।

ਇਸ ਤੋਂ ਬਾਅਦ ਵਿੱਚ ਗਲਤ ਹਰਕਤਾਂ ਕਰਦੀ ਪਿੰਡ ਵਿਚਲੀ ਪੁਲੀਸ ਚੌਂਕੀ ਉਤੇ ਰਾਤ ਸਮੇਂ ਖਾੜਕੂਆਂ ਨੇ ਹਮਲਾ ਕਰਕੇ ਕੁਝ ਪੁਲੀਸ ਕਰਮਚਾਰੀਆਂ ਨੂੰ ਮਾਰ ਮੁਕਾਇਆ । ਹਮਲਾ ਕਰਨ ਵਾਲੇ ਵਿਅਕਤੀ ਬਚ ਨਿਕਲਣ ਵਿੱਚ ਸਫਲ ਹੋ ਗਏ ਸਨ । ਇਸ ਤੋਂ ਮਗਰੋਂ ਪੁਲੀਸ ਨੇ ਬਹੁਤ ਸਾਰੇ ਪਿੰਡ ਦੇ ਨੌਜਵਾਨਾਂ ਨੂੰ ਫੜਕੇ ਤਸ਼ੱਦਦ ਦਾ ਸ਼ਿਕਾਰ ਬਣਾਇਆ । ਹਰਵਿੰਦਰ ਸਿੰਘ ਹਿੰਦਾ ਪਿੰਡ ਆਉਂਦਾ ਤੇ ਗੇੜਾ ਮਾਰਕੇ ਵਾਪਸ ਚਲਾ ਜਾਂਦਾ ਸੀ । ਉਸਦੇ ਘਰ ਕੋਈ ਵੀ ਨਹੀਂ ਸੀ ਇਸ ਕਰਕੇ ਉਸਨੂੰ ਫੜਨਾ ਹੋਰ ਵੀ ਔਖਾ ਹੋ ਗਿਆ । ਖਾੜਕੂ ਸਰਗਰਮੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦਿਆਂ ਉਹਨਾਂ

ਦਾ ਕਿਤੇ ਪੁਲੀਸ ਨਾਲ ਮੁਕਾਬਲਾ ਹੋ ਗਿਆ ਜਿਸ ਦੌਰਾਨ ਉਸਦੀ ਲੱਤ ਵਿੱਚ ਗੋਲੀ ਵੱਜ ਗਈ ਸੀ ਪਰ ਉਹ ਕਿਸੇ ਤਰੀਕੇ ਬਚ ਨਿਕਲਣ ਵਿੱਚ ਸਫਲ ਹੋ ਗਿਆ । ਲੱਤ ਵਿੱਚ ਲੱਗੀ ਗੋਲੀ ਦਾ ਉਹ ਪਾਉਂਟਾ ਸਾਹਿਬ ਦੇ ਗੁਰਦੁਆਰਾ ਸਾਹਿਬ ਵਿੱਚ ਇਲਾਜ ਕਰਵਾ ਰਿਹਾ ਸੀ । ਉਸ ਨੇ ਉਥੋਂ ਇਕ ਚਿੱਠੀ ਲਿਖ ਕੇ ਪਿੰਡ ਭੇਜੀ । ਜਦੋਂ ਇਕ ਔਰਤ ਉਹ ਚਿੱਠੀ ਪਿੰਡ ਵਿੱਚ ਰਹਿੰਦੇ ਉਸਦੇ ਸਬੰਧਤ ਵਿਅਕਤੀ ਨੂੰ ਦੇਣ ਜਾ ਰਹੀ ਸੀ ਤਾਂ ਉਹ ਇਕ ਪੁਲੀਸ ਕੈਟ ਦੇ ਹੱਥ ਲੱਗ ਗਈ । ਸਾਰਾ ਭੇਦ ਖੁੱਲ੍ਹ ਗਿਆ । ਸੀ.ਆਈ.ਏ. ਸਟਾਫ ਸਮਾਣਾ ਦਾ ਗੁਰਮੇਲ ਸਿੰਘ ਜੇਰੇ ਇਲਾਜ ਹਰਵਿੰਦਰ ਸਿੰਘ ਹਿੰਦਾ ਨੂੰ ਪਾਉਂਟਾ ਸਾਹਿਬ ਤੋਂ ਗ੍ਰਿਫਤਾਰ ਕਰ ਲਿਆ । ਪੁਲੀਸ ਨੇ ਕਈ ਦਿਨ ਸੀ.ਆਈ.ਏ.ਸਟਾਫ ਸਮਾਣਾ ਵਿੱਚ ਉਸ ਉਤੇ ਅਣ-ਮਨੁੱਖੀ ਤਸ਼ੱਦਦ ਕੀਤਾ । ਆਖਰ ਪੁਲੀਸ ਤਸ਼ੱਦਦ ਨਾ ਸਹਾਰਦਿਆਂ ਹੋਇਆ ਉਸਦੀ ਮੌਤ ਹੋ ਗਈ ਤਾਂ ਪੁਲੀਸ ਨੇ 28 ਸਤੰਬਰ 1993 ਦੀ ਰਾਤ ਨੂੰ ਪਿੰਡ ਹਰਿਆਊ ਖੁਰਦ ਦੇ ਗੁਰਦੁਆਰਾ ਸਾਹਿਬ ਕੋਲ ਝੂਠਾ ਪੁਲੀਸ ਮੁਕਾਬਲਾ ਬਣਾ ਕੇ ਉਸਨੂੰ ਢੇਰੀ ਕੀਤਾ ਹੋਇਆ ਦਿਖਾ ਦਿੱਤਾ ।

ਮੁਕਾਬਲੇ ਦੀ ਖ਼ਬਰ ਸੁਣਨ ਮਗਰੋਂ ਪਿੰਡ ਵਾਸੀ ਜਦੋਂ ਉਸ ਥਾਂ ਉਤੇ ਆਏ ਸਨ ਉਸ ਸਮੇਂ ਹਰਿੰਦਰ ਸਿੰਘ ਦੀ ਗੋਲੀਆਂ ਵਿੰਨੀ ਲਾਸ਼ ਪਈ ਸੀ ਪਰ ਉਸਦੇ ਆਸ-ਪਾਸ ਖੂਨ ਡੁੱਲਿਆ ਹੋਇਆ ਜਦੋਂ ਨਜ਼ਰ ਨਾ ਆਇਆ ਤਾਂ ਪਿੰਡ ਵਾਸੀ ਝਟ ਸਮਝ ਗਏ ਇਹ ਝੂਠਾ ਪੁਲੀਸ ਮੁਕਾਬਲਾ ਹੋਇਆ । ਇਸ ਤੋਂ ਮਗਰੋਂ ਪੁਲੀਸ ਨੇ ਉਸਦੀ ਲਾਸ਼ ਪਿੰਡ ਵਾਸੀਆਂ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਸੀ । ਪੋਸਟ ਮਾਰਟਮ ਦੇ ਬਹਾਨੇ ਪੁਲੀਸ ਨੇ ਲਾਸ਼ ਨੂੰ ਸਮਾਣਾ ਲਿਜਾ ਕੇ ਉਸਦਾ ਸਸਕਾਰ ਕਰ ਦਿੱਤਾ ਸੀ । ਇਸ ਘਟਨਾ ਦਾ ਜਦੋਂ ਉਸਦੇ ਮਾਪਿਆਂ ਨੂੰ ਕਈ ਦਿਨਾਂ ਮਗਰੋਂ ਪਤਾ ਲੱਗਿਆ ਤਾਂ ਉਹ ਵਾਪਸ ਘਰ ਆ ਗਏ । ਪੁਲੀਸ ਨੇ ਫਿਰ ਵੀ ਉਹਨਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਜਾਰੀ ਰੱਖਿਆ ।

ਪੁਲੀਸ ਨੇ ਇਹ ਕਹਾਣੀ ਪੱਤਰਕਾਰਾਂ ਕੋਲ ਇਸ ਤਰ੍ਹਾਂ ਪੇਸ਼ ਕੀਤੀ ਕਿ ਰਾਤ ਦੇ ਹਨੇਰੇ ਵਿੱਚ ਕੁਝ ਵਿਅਕਤੀ ਪਿੰਡ ਵਿੱਚ ਦਾਖਲ ਹੁੰਦੇ ਦਿਖਾਈ ਦਿੱਤੇ । ਜਦੋਂ ਪੁਲੀਸ ਨੇ ਉਹਨਾਂ ਨੂੰ ਵੰਗਾਰਿਆ ਤੇ ਉਹਨਾਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ । ਪੁਲੀਸ ਨੇ ਆਪਣੇ ਬਚਾਅ ਲਈ ਗੋਲੀ ਚਲਾਈ ਤਾਂ ਦੁਵੱਲੀ ਫਾਇਰਿੰਗ ਵਿੱਚ ਇਕ ਵਿਅਕਤੀ ਮਾਰਿਆ ਗਿਆ । ਬਾਕੀ ਬਚ ਕੇ ਨਿਕਲਣ ਵਿੱਚ ਸਫਲ ਹੋ ਗਏ । ਮਾਰੇ ਗਏ ਵਿਅਕਤੀ ਦੀ ਪਛਾਣ ਹਰਵਿੰਦਰ ਸਿੰਘ ਹਿੰਦਾ ਵੱਜੋਂ ਹੋਈ ਹੈ ਜੋ ਕਿ ਇਸ ਪਿੰਡ ਦਾ ਹੀ ਵਾਸੀ ਸੀ । ਅਖ਼ਬਾਰ ਵਿੱਚ ਆਈ ਇਹ ਖ਼ਬਰ ਪੜ੍ਹਕੇ ਉਹ ਲੋਕ ਹੈਰਾਨ ਸਨ ਜਿਹਨਾਂ ਕੁਝ ਦਿਨ ਪਹਿਲਾਂ ਸੀ.ਆਈ.ਏ. ਸਟਾਫ ਸਮਾਣਾ ਵਿੱਚ ਬੁਰੀ ਤਰ੍ਹਾਂ ਕੁੱਟੇ ਮਾਰੇ ਹੋਏ ਹਰਵਿੰਦਰ

ਸਿੰਘ ਨੂੰ ਬੈਠਿਆ ਦੇਖਿਆ ਸੀ ।

ਮੇਵਾ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਪੈਂਦ ਤਹਿਸੀਲ ਪਾਤੜਾਂ (ਪਟਿਆਲਾ) ਖੇਤੀ ਬਾੜੀ ਕਰਦਾ ਸੀ । ਕਿਸੇ ਵੱਲੋਂ ਸ਼ਿਕਾਇਤ ਕਰਨ ਤੇ ਸੀ.ਆਈ.ਏ. ਸਟਾਫ ਪਟਿਆਲਾ ਦੀ ਪੁਲੀਸ 1990 ਵਿੱਚ ਮੇਵਾ ਸਿੰਘ ਨੂੰ ਘਰੋਂ ਲੈ ਗਈ ਸੀ । 8-10 ਦਿਨ ਪੁਲੀਸ ਨੇ ਲਗਾਤਾਰ ਉਸ ਉੱਤੇ ਅੱਤਿਆਚਾਰ ਕੀਤਾ । ਪਿੰਡ ਵਾਸੀਆਂ ਤੇ ਪਰਿਵਾਰ ਵਾਲਿਆਂ ਵੱਲੋਂ ਪੁਲੀਸ ਦੇ ਉਚ ਅਧਿਕਾਰੀਆਂ ਤੱਕ ਪਹੁੰਚ ਕਰਨ ਉਤੇ ਪੁਲੀਸ ਨੇ ਉਸਨੂੰ ਪਿੰਡ ਵਾਸੀਆਂ ਹਵਾਲੇ ਇਸ ਸ਼ਰਤ ਤੇ ਕੀਤਾ ਕਿ ਉਹ ਕੋਈ ਕਾਰਵਾਈ ਨਹੀਂ ਕਰਨ ਦੇਣਗੇ । ਪੁਲੀਸ ਨੇ ਉਸ ਉਤੇ ਇੰਨਾ ਜ਼ਿਆਦਾ ਤਸ਼ੱਦਦ ਕੀਤਾ ਸੀ ਕਿ ਮੇਵਾ ਸਿੰਘ ਤੁਰ-ਫਿਰ ਵੀ ਨਹੀਂ ਸਕਦਾ । ਗੱਡੀ ਵਿੱਚ ਉਸਨੂੰ ਪਟਿਆਲੇ ਤੋਂ ਘਰ ਲਿਆਂਦਾ । ਦੋ ਮਹੀਨੇ ਦੇ ਇਲਾਜ ਮਗਰੋਂ ਉਹ ਉਠਕੇ ਤੁਰਨ-ਫਿਰਨ ਜੋਕਰਾ ਹੋਇਆ ਸੀ । ਪਿੰਡ ਵਿੱਚ ਅਕਸਰ ਹੀ ਗੇੜਾ ਮਾਰਦੀ ਪੁਲੀਸ ਮੇਵਾ ਸਿੰਘ ਉਤੇ ਵਿਸ਼ੇਸ਼ ਧਿਆਨ ਰੱਖਦੀ ਸੀ । ਜਦੋਂ ਉਸਨੂੰ ਪਤਾ ਲੱਗਿਆ ਕਿ ਉਹ ਹੁਣ ਠੀਕ ਹੈ ਤੇ ਖੇਤ ਵਿੱਚ ਜਾ ਕੇ ਕੰਮ ਕਾਰ ਕਰਵਾਉਂਦਾ ਹੈ । ਪੁਲੀਸ ਗੱਡੀ ਭਰਕੇ ਫੇਰ ਉਸਨੂੰ ਚੁੱਕਣ ਵਾਸਤੇ ਉਸ ਦੇ ਘਰ ਆਈ ਤੇ ਉਹ ਭੱਜ ਗਿਆ । ਮੁੜਕੇ ਘਰ ਨਹੀਂ ਆਇਆ । ਪੁਲੀਸ ਨੇ ਉਸਦੇ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕੀਤਾ । ਪੁਲੀਸ ਦੀ ਮਾਰ ਤੋਂ ਡਰਦੀ ਮੇਵਾ ਸਿੰਘ ਦੀ ਪਤਨੀ ਹਰਬੰਸ ਕੌਰ ਆਖਰ ਆਪਣੇ ਬੱਚਿਆਂ ਨੂੰ ਲੈ ਕੇ ਪਿੰਡੋਂ ਚਲੀ ਗਈ ।

ਹਰਬੰਸ ਕੌਰ ਆਪਣੇ ਘਰ ਉਦੋਂ ਆਈ ਜਦੋਂ ਉਸਨੂੰ ਪਤਾ ਲੱਗਿਆ ਕਿ ਪੁਲੀਸ ਨੇ ਉਸਦੇ ਪਤੀ ਨੂੰ ਇਕ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰ ਦਿੱਤਾ ਹੈ । ਘਰੋਂ ਭੱਜਿਆ ਮੇਵਾ ਸਿੰਘ ਸੰਘਰਸ਼ਵਾਦੀਆਂ ਨਾਲ ਜਾ ਰਲਿਆ । ਮੁੜਕੇ ਜਿਉਂਦੇ ਜੀ ਉਹ ਘਰ ਨਹੀਂ ਵੜਿਆ । ਉਕਤ ਘਟਨਾ ਦੇ ਦੋ ਸਾਲ ਬੀਤ ਜਾਣ ਮਗਰੋਂ ਉਸ ਦੇ ਚੇਚਕ ਨਿਕਲ ਆਈ ਜਿਸ ਦਾ ਇਲਾਜ ਕਰਵਾਉਣ ਲਈ ਉਹ ਪਿੰਡ ਨੂਰਪੁਰ ਵਿਖੇ ਆਪਣੇ ਇਕ ਰਿਸ਼ਤੇਦਾਰ ਦੇ ਘਰ ਠਹਿਰਿਆ ਹੋਇਆ ਸੀ । ਗੁਲ੍ਹਾੜ ਪੁਲੀਸ ਚੌਂਕੀ ਵਾਲਿਆਂ ਨੂੰ ਮੇਵਾ ਸਿੰਘ ਦੇ ਇਥੇ ਠਹਿਰੇ ਹੋਣ ਦੀ ਭਿਣਕ ਪਈ ਤੇ ਪੁਲਿਸ ਨੇ ਉਸ ਘਰ ਨੂੰ ਘੇਰਾ ਪਾ ਲਿਆ । ਚੇਚਕ ਤੇ ਬੁਖਾਰ ਦਾ ਭੰਨਿਆ ਹੋਇਆ ਉਹ ਸੋਟੇ ਦੇ ਸਹਾਰੇ ਘਰੋਂ ਨਿਕਲਕੇ ਖੇਤਾਂ ਵੱਲ ਚਲਾ ਗਿਆ ਜਿੱਥੇ ਪੁਲੀਸ ਨੇ ਖਾਲੀ ਹੱਥੀਂ ਮੇਵਾ ਸਿੰਘ ਨੂੰ ਮੁਕਾਬਲੇ ਵਿੱਚ ਮਾਰਨ ਦਾ ਦਾਅਵਾ ਕੀਤਾ । ਪੁਲੀਸ ਚਾਹੁੰਦੀ ਤਾਂ ਉਸਨੂੰ ਫੜਕੇ ਲੈ ਜਾ ਸਕਦੀ ਸੀ ਪਰ ਪੁਲੀਸ ਮੁਲਾਜ਼ਮਾਂ ਵਿੱਚ ਫੀਤੀਆਂ ਲਗਵਾਉਣ ਤੇ ਇਨਾਮ ਪ੍ਰਾਪਤ ਕਰਨ ਦੀ ਲੱਗੀ ਹੋੜ ਨੇ ਪੁਲੀਸ ਨੂੰ ਅਜਿਹਾ ਨਹੀਂ ਕਰਨ ਦਿੱਤਾ ।

ਲੋਕਾਂ ਅਨੁਸਾਰ ਗੋਲੀਆਂ ਵਿੰਨ੍ਹੀ ਲਾਸ਼ ਨੂੰ ਚੁੱਕ ਕੇ ਪੁਲੀਸ ਸਮਾਣੇ ਲੈ ਗਈ ਤੇ ਉਸਦੇ ਵਾਰਸਾਂ ਨੂੰ ਸੂਚਿਤ ਕੀਤੇ ਬਿਨਾ ਹੀ ਪੁਲੀਸ ਨੇ ਮੇਵਾ ਸਿੰਘ ਦੀ ਲਾਸ਼ ਨੂੰ ਲਾਵਾਰਿਸ ਦੱਸਕੇ ਸਸਕਾਰ ਕਰ ਦਿੱਤਾ । ਇਸ ਕਥਿਤ ਮੁਕਾਬਲੇ ਦੀ ਖਬਰ ਜਦੋਂ ਟੈਲੀਵਿਜ਼ਨ ਉਤੇ ਆਈ ਤਾਂ ਮੇਵਾ ਸਿੰਘ ਦੇ ਪਰਿਵਾਰ ਨੂੰ ਪਤਾ ਲੱਗਿਆ । ਜਦੋਂ ਤੱਕ ਉਸਦਾ ਪਰਿਵਾਰ ਤੇ ਪਿੰਡ ਵਾਸੀ ਲਾਸ਼ ਲੈਣ ਲਈ ਸਮਾਣੇ ਗਏ ਤਾਂ ਉਹਨਾਂ ਦੱਸਿਆ ਕਿ ਉਸਦਾ ਸਸਕਾਰ ਕਰ ਦਿੱਤਾ ਹੈ ।

ਇਸ ਘਟਨਾ ਤੋਂ ਮਗਰੋਂ ਹਰਬੰਸ ਕੌਰ ਆਪਣੇ ਬੱਚਿਆਂ ਨੂੰ ਲੈ ਕੇ ਫਿਰ ਪਿੰਡ ਆ ਗਈ । ਪੁਲੀਸ ਨੇ ਫਿਰ ਉਸਨੂੰ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ । ਇਕ ਦਿਨ ਪੁਲੀਸ ਹਰਬੰਸ ਕੌਰ ਦੇ ਵੱਡੇ ਲੜਕੇ ਗੁਰਮੁੱਖ ਸਿੰਘ ਨੂੰ ਘਰੋਂ ਚੁੱਕ ਲੈ ਗਈ ਤੇ ਉਸ ਉਤੇ ਅਣਮਨੁੱਖੀ ਤਸ਼ੱਦਦ ਕੀਤਾ । ਪੁਲੀਸ ਦੀ ਇਸ ਕਾਰਵਾਈ ਤੋਂ ਖਫਾ ਹੋਏ ਪਿੰਡ ਵਾਸੀਆਂ ਨੇ ਪੁਲੀਸ ਨੂੰ ਕਿਹਾ, "ਤੁਹਾਡੀਆਂ ਅਜਿਹੀਆਂ ਹਰਕਤਾਂ ਕਰਕੇ ਨੌਜਵਾਨ ਘਰੋਂ ਭਗੌੜੇ ਹੁੰਦੇ ਹਨ ਪਰ ਤੁਸੀ ਬਾਜ ਨਹੀਂ ਆਉਂਦੇ । ਪੁਲੀਸ ਦੀ ਨਿੰਦਣਯੋਗ ਕਾਰਵਾਈ ਸਦਕਾ ਮੇਵਾ ਸਿੰਘ ਮੌਤ ਦੇ ਮੂੰਹ ਵਿਚ ਗਿਆ ਹੈ ਹੁਣ ਉਸ ਦੇ ਪਰਿਵਾਰ ਦੇ ਮਗਰ ਪੈ ਗਈ ਹੈ । ਪਿੰਡ ਵਾਸੀਆਂ ਦੇ ਰੋਹ ਨੂੰ ਦੇਖਦਿਆਂ ਪੁਲੀਸ ਨੇ ਗੁਰਮੁੱਖ ਸਿੰਘ ਨੂੰ ਛੱਡ ਤਾਂ ਦਿੱਤਾ ਪਰ ਉਸਦੇ ਘਰ ਵਿੱਚ ਗੇੜਾ ਮਾਰਨਾ ਜਾਰੀ ਰੱਖਿਆ। ਹੁਣ ਵੀ ਜਦੋਂ ਇਲਾਕੇ ਵਿੱਚ ਕੋਈ ਘਟਨਾ ਘਟਦੀ ਹੈ ਤਾਂ ਪੁਲੀਸ ਮੇਵਾ ਸਿੰਘ ਦੇ ਘਰ ਜਾ ਕੇ ਪੁੱਛ-ਗਿੱਛ ਕਰਦੀ ਹੈ ।

ਗੁਰਤੇਜ ਸਿੰਘ ਗੇਜੀ ਪੁੱਤਰ ਬੰਤਾ ਸਿੰਘ ਪਿੰਡ ਸੇਲਵਾਲਾ ਤਹਿ: ਪਾਤੜਾਂ (ਪਟਿਆਲਾ) ਦਾ ਰਹਿਣ ਵਾਲਾ ਸੀ । ਅੱਜ-ਕਲ ਉਸਦਾ ਪਰਿਵਾਰ ਸਰਾਭਾ ਨਗਰ ਗਲੀ ਨੰ: 1 ਚੁਨਾਗਰਾ ਰੋਡ ਪਾਤੜਾਂ ਵਿਖੇ ਰਹਿੰਦਾ ਹੈ । 12 ਦਸੰਬਰ 1990 ਦੀ ਗੱਲ ਹੈ ਗੁਰਤੇਜ ਸਿੰਘ ਆਪਣੇ ਇਕ ਸਾਥੀ ਨਾਲ ਸ਼ਾਮ ਵੇਲੇ ਭਵਾਨੀਗੜ੍ਹ ਆਪਣੀ ਮਾਮੀ ਦੀ ਲੜਕੀ (ਭੈਣ) ਦਾ ਘਰੇਲੂ ਝਗੜਾ ਨਿਪਟਾਉਣ ਲਈ ਗਿਆ ਸੀ । ਉਸਨੂੰ ਕੀ ਪਤਾ ਸੀ ਹੁਣ ਘਰੋਂ ਨਿਕਲਿਆ ਹੋਇਆ ਉਹ ਮੁੜਕੇ ਘਰ ਵਾਪਸ ਨਹੀਂ ਆਵੇਗਾ ।

ਭਵਾਨੀਗੜ੍ਹ ਰਾਤ ਦੇ ਅੱਠ ਕੁ ਵਜੇ ਝਗੜਾ ਨਿਪਟਾ ਕੇ ਜਦੋਂ ਉਹ ਤੁਰਨ ਲੱਗੇ ਤਾਂ ਉਸਦੀ ਭੈਣ ਨੇ ਉਸਨੂੰ ਰੁਕਣ ਲਈ ਬੜਾ ਜੋਰ ਲਾਇਆ ਪਰ ਉਹ ਜੀਪ ਹੋਣ ਕਰਕੇ ਉਥੇ ਨਾ ਰੁਕੇ । ਪਾਤੜਾਂ ਨੂੰ ਆਉਂਦਿਆਂ ਜਿਉਂ ਹੀ ਉਹਨਾਂ ਦੀ ਗੱਡੀ ਦਿੜ੍ਹਬਾ ਥਾਣੇ ਦੇ ਅਧੀਨ ਆਉਂਦੇ ਪਿੰਡ ਕਮਾਲਪੁਰ ਪਹੁੰਚੀ ਤਾਂ ਪੁਲੀਸ ਨਾਕਾ ਲਾਈ ਬੈਠੀ ਸੀ । ਪੁਲੀਸ ਨੇ ਉਹਨਾਂ ਦੀ ਗੱਡੀ ਨੂੰ ਰੁਕਣ ਦਾ ਇਸ਼ਾਰਾ ਕਰਨ ਲਈ ਬੈਟਰੀ ਦੀ ਲਾਈਟ ਮਾਰੀ । ਗੁਰਤੇਜ ਸਿੰਘ ਗੇਜੀ ਦਾ ਸਾਥੀ ਜੋ ਗੱਡੀ ਚਲਾ ਰਿਹਾ ਸੀ ਉਸਨੇ ਬਰੇਕ ਮਾਰੀ ਤਾਂ ਗੇਜੀ

ਭੰਜਕੇ ਜਦੋਂ ਜੀਪ ਵਿੱਚੋਂ ਬਾਹਰ ਨਿਕਲਿਆ ਤਾਂ ਡਿੱਗ ਪਿਆ । ਦਿੜ੍ਹਬਾ ਥਾਣੇ ਦੇ ਇੰਚਾਰਜ ਬਲਦੇਵ ਸਿੰਘ ਦੀ ਅਗਵਾਈ ਵਿੱਚ ਬੈਠੀ ਪੁਲੀਸ ਨੇ ਗੁਰਤੇਜ ਸਿੰਘ ਨੂੰ ਉਥੇ ਹੀ ਦੱਬ ਲਿਆ । ਉਸਦੇ ਸਾਥੀ ਨੂੰ ਪੁਲੀਸ ਨੇ ਬਾਹਾਂ ਖੜੀਆਂ ਕਰਨ ਲਈ ਆਖਿਆ ਤਾਂ ਉਹ ਗੱਡੀ ਵਿੱਚੋਂ ਬਾਹਰ ਆਇਆ ਤੇ ਬਾਹਾਂ ਖੜੀਆਂ ਕਰਕੇ ਖੜੋ ਗਿਆ । ਇਸ ਤਰ੍ਹਾਂ ਪੁਲੀਸ ਨੇ ਦੋਵਾਂ ਨੂੰ ਹੀ ਕਾਬੂ ਕਰਕੇ ਉਥੇ ਹੀ ਪਹਿਲਾਂ ਉਹਨਾਂ ਦੀ ਕੁੱਟ-ਮਾਰ ਕੀਤੀ । ਫੇਰ ਪੁਲੀਸ ਉਹਨਾਂ ਨੂੰ ਥਾਣਾ ਦਿੜ੍ਹਬਾ ਵਿੱਚ ਲੈ ਆਈ ਜਿੱਥੇ ਪੁਲੀਸ ਨੇ ਉਹਨਾਂ ਨੂੰ ਪਿੱਪਲ ਨਾਲ ਬੰਨ੍ਹ ਕੇ ਉਹਨਾਂ ਉਤੇ ਅਣਮਨੁੱਖੀ ਤਸ਼ੱਦਦ ਕੀਤਾ । ਇਸ ਕੁੱਟ-ਮਾਰ ਦੌਰਾਨ ਉਹਨਾਂ ਵਿੱਚੋਂ ਇਕ ਦੇ ਕਸੂਤੀ ਸੱਟ ਵੱਜਣ ਕਰਕੇ ਉਸਦੀ ਮੌਤ ਹੋ ਗਈ । ਡਰਦੀ ਮਾਰੀ ਪੁਲੀਸ ਨੇ ਦੂਸਰੇ ਸਾਥੀ ਨੂੰ ਮੌਤ ਦੀ ਘਾਟ ਉਤਾਰ ਦਿੱਤਾ । ਪੁਲੀਸ ਨੇ ਇਸ ਜ਼ੁਲਮ ਉਤੇ ਪਰਦਾ ਪਾਉਣ ਲਈ ਝੂਠੀ ਕਹਾਣੀ ਬਣਾਕੇ ਉਸ ਥਾਂ ਉਤੇ ਲੈ ਗਈ ਜਿੱਥੇ ਉਹਨਾਂ ਦੀ ਜੀਪ ਖੜੀ ਸੀ । ਉਸ ਥਾਂ ਉਤੇ ਦੋਵਾਂ ਨੂੰ ਗੋਲੀਆਂ ਮਾਰਕੇ ਫਰਜ਼ੀ ਪੁਲੀਸ ਮੁਕਾਬਲਾ ਬਣਾ ਦਿੱਤਾ । ਇਸ ਘਟਨਾ ਦੀ ਖਬਰ ਮਿਲਣ ਤੇ ਜਦੋਂ ਲੋਕ ਘਟਨਾ ਵਾਲੀ ਥਾਂ ਉਤੇ ਗਏ ਤੇ ਉਸ ਥਾਂ ਉਤੇ ਕੋਈ ਖੂਨ ਆਦਿ ਨਹੀਂ ਸੀ ਡੁੱਲ੍ਹਿਆ ਹੋਇਆ ਜਿਸ ਥਾਂ ਉਤੇ ਪੁਲੀਸ ਨੇ ਉਹਨਾਂ ਦਾ ਮੁਕਾਬਲਾ ਦਿਖਾਇਆ ਸੀ ।

ਲੋਕਾਂ ਵੱਲੋਂ ਲਾਸ਼ਾਂ ਦੀ ਮੰਗ ਕਰਨ ਉਤੇ ਪੁਲੀਸ ਨੇ ਉਹਨਾਂ ਦੀਆਂ ਲਾਸ਼ਾਂ ਇਸ ਕਰਕੇ ਨਾ ਦਿੱਤੀਆਂ ਕਿ ਉਹਨਾਂ ਦੀ ਘਿਨਾਉਣੀ ਹਰਕਤ ਦਾ ਰਾਜ ਖੁੱਲ੍ਹ ਜਾਵੇਗਾ। ਪੁਲੀਸ ਨੇ ਖੁਦ ਹੀ ਉਹਨਾਂ ਦਾ ਸਸਕਾਰ ਕਰ ਦਿੱਤਾ। ਗੁਰਤੇਜ ਸਿੰਘ ਦੇ ਨਾਲ ਜੋ ਉਸਦਾ ਸਾਥੀ ਪੁਲੀਸ ਨੇ ਮੌਤ ਦੀ ਘਾਟ ਉਤਾਰਿਆ ਸੀ ਉਸਦੇ ਵਾਰਸਾਂ ਵੱਲੋਂ ਮਨ੍ਹਾਂ ਕਰਨ ਉਤੇ ਉਸਦਾ ਨਾਮ ਨਹੀਂ ਲਿਖਿਆ ਗਿਆ ਕਿਉਂਕਿ ਉਹਨਾਂ ਦਾ ਪਰਿਵਾਰ ਪੁਲੀਸ ਦੇ ਤਸ਼ੱਦਦ ਤੇ ਡਰਦਾ ਕੁੱਝ ਵੀ ਕਹਿਣ ਲਈ ਤਿਆਰ ਨਹੀਂ ।

ਜੈਮਲ ਸਿੰਘ ਘੋੜਾ ਪੁੱਤਰ ਫੌਜਾ ਸਿੰਘ ਵਾਸੀ ਹਰਿਆਊ ਖੁਰਦ ਤਹਿ: ਪਾਤੜਾਂ (ਪਟਿਆਲਾ) ਸਕੂਲ ਵਿੱਚੋਂ ਹਟ ਕੇ ਮੋਟਰਾਂ ਬੰਨਣ ਦਾ ਕੰਮ ਸਿੱਖਣ ਲੱਗ ਪਿਆ ਸੀ । ਇਸੇ ਦੌਰਾਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿੱਚ ਪੁਲੀਸ ਵੱਲੋਂ ਪ੍ਰਵੇਸ਼ ਕਰਨ ਉਤੇ ਲੋਕਾਂ ਵਿੱਚ ਪੁਲੀਸ ਪ੍ਰਤੀ ਰੋਹ ਜਾਗਿਆ । ਪੁਲੀਸ ਖਿਲਾਫ ਜੈਮਲ ਸਿੰਘ ਦੀ ਅਗਾਂਹਵਧੂ ਕਾਰਵਾਈ ਨੂੰ ਦੇਖਦੇ ਪੁਲੀਸ ਨੇ ਉਸਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ । ਆਖਰ ਉਸਦੇ ਮਾਪਿਆਂ ਨੇ ਉਸਨੂੰ ਥਾਣਾ ਪਾਤੜਾਂ ਦੇ ਤਤਕਾਲੀ ਇੰਚਾਰਜ ਸੁਖਵਿੰਦਰ ਸਿੰਘ ਸੰਘਾ ਕੋਲ ਪੇਸ਼ ਕਰ ਦਿੱਤਾ ।

ਪੁਲੀਸ ਨੇ ਉਸ ਉਤੇ ਅੱਤਿਆਚਾਰ ਕਰਦਿਆਂ ਕਿਹਾ, "ਤੈਨੂੰ ਅੱਤਵਾਦੀ ਬਣਾਕੇ ਛੱਡਾਂਗੇ।" 3-4 ਦਿਨ ਦੀ ਭਾਰੀ ਕੁੱਟ ਮਾਰ ਮਗਰੋਂ ਜੈਮਲ ਸਿੰਘ ਦੇ ਪਰਿਵਾਰ

ਵਾਲਿਆਂ ਨੇ ਪੁਲੀਸ ਨੂੰ ਭਰੋਸੇ ਵਿੱਚ ਲੈ ਕੇ ਉਸਨੂੰ ਛੁਡਾ ਲਿਆ ਪਰ ਪੁਲੀਸ ਨੇ ਉਸਦਾ ਖਹਿੜਾ ਨਾ ਛੱਡਿਆ । ਪੁਲੀਸ ਤਸ਼ੱਦਦ ਤੋਂ ਡਰਦਾ ਹੋਇਆ ਉਹ ਮਹਿਤਾ ਚੌਂਕ ਚਲਾ ਗਿਆ ।

ਇਸ ਉਪਰੰਤ ਪਿੰਡ ਹਰਿਆਊ ਖੁਰਦ ਵਿੱਚ ਬੈਠੀ ਪੁਲੀਸ ਨੇ ਜਦੋਂ ਪਿੰਡ ਦੀਆਂ ਧੀਆਂ-ਭੈਣਾਂ ਨਾਲ ਜਬਰ-ਜਨਾਹ ਕਰਨਾ ਸ਼ੁਰੂ ਕੀਤਾ ਤਾਂ ਜੈਮਲ ਸਿੰਘ ਘੋੜਾ ਉਸ ਦੇ ਸਾਥੀਆਂ ਨੇ ਪਿੰਡ ਵਿਚਲੀ ਪੁਲੀਸ ਚੌਂਕੀ ਉਤੇ ਹਮਲਾ ਕਰਕੇ ਤਿੰਨ ਪੁਲੀਸ ਮੁਲਾਜ਼ਮਾਂ ਨੂੰ ਮਾਰ ਸੁੱਟਿਆ । ਇਸ ਘਟਨਾ ਤੋਂ ਮਗਰੋਂ ਪੁਲੀਸ ਨੇ ਫੇਰ ਜੈਮਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ । ਪੱਤਵੰਤੇ ਸੱਜਣਾਂ ਨੇ ਉਸਨੂੰ ਛੁਡਾ ਲਿਆ । ਪਰ ਪੁਲਿਸ ਨੇ ਉਸਦਾ ਖਹਿੜਾ ਨਾ ਛੱਡਿਆ ਤਾਂ ਉਹ ਫੇਰ ਭਗੋੜਾ ਹੋ ਗਿਆ ਤੇ ਯੂ.ਪੀ. ਵੱਲ ਨਿਕਲ ਗਿਆ । ਸੁਖਵਿੰਦਰ ਸਿੰਘ ਸੰਘਾ ਨੇ ਜੈਮਲ ਸਿੰਘ ਦੇ ਡੇਰੇ ਵਿੱਚ ਜਾ ਉਸਦੇ ਵਾਰਸਾਂ ਨੂੰ ਕਿਹਾ, " ਜੈਮਲ ਸਿੰਘ ਪੇਸ਼ ਕਰ ਦਿਓ, ਨਹੀਂ ਤਾਂ ਤੁਹਾਡੇ ਦੂਸਰੇ ਮੁੰਡਿਆਂ ਨੂੰ ਘਰੋਂ ਭੱਜਣ ਲਈ ਮਜਬੂਰ ਕਰ ਦਿੱਤਾ ਜਾਵੇਗਾ ।"

ਜੈਮਲ ਸਿੰਘ ਦੇ ਵਾਰਸਾਂ ਨੇ ਉਸਨੂੰ ਯੂ.ਪੀ. ਵਿੱਚੋਂ ਲਿਆ ਕੇ ਪੁਲੀਸ ਚੌਂਕੀ ਸ਼ੁਤਰਾਣਾ ਦੇ ਵਿੱਚ ਜੀਤ ਸਿੰਘ ਦੇ ਸਾਹਮਣੇ ਪੇਸ਼ ਕਰ ਦਿੱਤਾ ਜਿਥੋਂ ਪੁਲੀਸ ਨੇ ਤਿੰਨ-ਚਾਰ ਦਿਨਾਂ ਮਗਰੋਂ ਸਮਾਣਾ ਦੀ ਅਦਾਲਤ ਵਿੱਚ ਪੇਸ਼ ਕਰਕੇ ਜੇਲ੍ਹ ਭੇਜ ਦਿੱਤਾ ਸੀ । ਜਮਾਨਤ ਹੋਣ ਮਗਰੋਂ ਉਹ ਪੁਲੀਸ ਤਸ਼ੱਦਦ ਤੋਂ ਡਰਦਾ ਘੱਰੋਂ ਭੱਜ ਗਿਆ । ਇਕ ਦਿਨ ਪੁਲੀਸ ਤੇ ਸੁਰੱਖਿਆਂ ਦਲਾਂ ਨੇ ਜੈਮਲ ਸਿੰਘ ਨੂੰ ਘੇਰਾ ਪਾ ਲਿਆ ਤੇ ਡੇਰਾ ਬਾਊਆਂ ਦੇ ਨੇੜੇ ਹੋਏ ਮੁਕਾਬਲੇ ਦੌਰਾਨ ਜੈਮਲ ਸਿੰਘ ਦੇ ਪੱਟ ਵਿੱਚ ਗੋਲੀ ਲੱਗੀ ਸੀ । ਜਖ਼ਮੀ ਹੋਇਆ ਭੱਜਕੇ ਉਹ ਕਮਾਦ ਵਿੱਚ ਜਾ ਵੜਿਆ । ਪੁਲੀਸ ਤੇ ਫੌਜ ਨੇ ਸਾਂਝੀ ਕਾਰਵਾਈ ਕਰਦਿਆਂ ਜਖਮੀ ਹੋਏ ਜੈਮਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਗੋਲੀਆਂ ਮਾਰਕੇ ਉਸਨੂੰ ਉਥੇ ਹੀ ਢੇਰੀ ਕਰ ਦਿੱਤਾ ਸੀ । ਇਸ ਘਟਨਾ ਤੋਂ ਮਗਰੋਂ ਆਰਮੀ ਨੇ ਉਸਦੀ ਲਾਸ਼ ਨੂੰ ਪਿੰਡ ਲਿਜਾਕੇ ਦਾਹ ਸਸਕਾਰ ਕਰ ਦਿੱਤਾ ਸੀ ।

ਭਾਈ ਦਿਲਾਵਰ ਸਿੰਘ



ਭਾਈ ਹਰਜਿੰਦਰ ਸਿੰਘ
ਜਿੰਦਾ



ਭਾਈ ਸੁਖਦੇਵ ਸਿੰਘ
ਸੁੱਖਾ



ਭਾਈ ਸਤਵੰਤ ਸਿੰਘ



ਭਾਈ ਦਵਿੰਦਰ ਪਾਲ ਸਿੰਘ
ਭੁਲਰ



ਭਾਈ ਬਲਵੰਤ ਸਿੰਘ
ਰਾਜੋਆਣਾ



ਭਾਈ ਜਗਤਾਰ ਸਿੰਘ
ਹਵਾਰਾ



ਭਾਈ ਕੇਹਰ ਸਿੰਘ

# ਪਾਸਕੂ ਵਾਲਾ ਤਰਾਜੂ

ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਦੀ 11 ਸਾਲਾਂ ਬਾਅਦ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਸੁਣਵਾਈ ਕਰਦਿਆਂ ਮੁੱਖ ਮੁਲਜ਼ਮ ਜਗਤਾਰ ਸਿੰਘ ਹਵਾਰਾ ਅਤੇ ਬਲਵੰਤ ਸਿੰਘ ਰਾਜੋਆਣਾ ਨੂੰ ਮੌਤ ਦੀ ਸਜ਼ਾ ਅਤੇ ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ ਤੇ ਲਖਵਿੰਦਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਜਦੋਂ ਕਿ ਨਵਜੋਤ ਸਿੰਘ ਨੂੰ ਬਰੀ ਕਰਦਿਆਂ ਨਸੀਬ ਸਿੰਘ ਨੂੰ ਵੀ 10 ਸਾਲਾਂ ਦੀ ਸਜ਼ਾ ਸੁਣਾਈ ਹੈ। ਅਦਾਲਤ ਦੇ ਇਸ ਫੈਸਲੇ ਨੇ ਸਿੱਖ ਕੌਮ ਲਈ ਇਕ ਵਾਰੀ ਫੇਰ ਜਿੱਥੇ ਢੇਰ ਸਾਰੀਆਂ ਮੁਸ਼ਕਲਾਂ ਪੈਦਾ ਕੀਤੀਆਂ ਹਨ ਉਥੇ ਸਿੱਖਾਂ ਲਈ ਅਜਿਹੇ ਬਹੁਤੇ ਸਾਰੇ ਸਵਾਲ ਪੈਦਾ ਕਰ ਦਿੱਤੇ ਹਨ ਜਿਨ੍ਹਾਂ ਬਾਰੇ ਗੰਭੀਰਤਾ ਨਾਲ ਸੋਚਣਾ ਬਣਦਾ ਹੈ।

ਇਸ ਨਾਜ਼ੁਕ ਮੌਕੇ ਸਿੱਖ ਕੌਮ ਨੂੰ ਸੰਘਰਸ਼ ਦੀ ਰੂਪ ਰੇਖਾ ਤਿਆਰ ਕਰਨ ਲਈ ਬੜੇ ਸੰਜਮ ਤੋਂ ਕੰਮ ਲੈਣਾ ਪਵੇਗਾ, ਕਿਉਂਕਿ ਸਿੱਖੀ ਉਤੇ ਸੋਚੀ ਸਮਝੀ ਸਾਜਿਸ਼ ਤਹਿਤ ਕਈ ਪਾਸਿਉਂ ਹਮਲੇ ਹੋ ਰਹੇ ਹਨ, ਜਿਵੇਂ ਕਿ ਡੇਰਾ ਸਿਰਸਾ, ਅਸ਼ੂਤੋਸ਼, ਆਰ.ਐਸ.ਐਸ. ਅਤੇ ਕੁੱਝ ਹੋਰ ਸਿੱਖੀ ਲਿਬਾਸ ਵਿੱਚ ਵਿਚਰਦੇ ਹੋਏ, ਸਿੱਖੀ ਨੂੰ ਖਤਮ ਕਰਨ ਵਿੱਚ ਰੁੱਝੇ ਹੋਏ ਹਨ। ਇਹਨਾਂ ਸਿੱਖ ਵਿਰੋਧੀਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਸਿੱਖ ਆਗੂਆਂ ਉਤੇ ਦੇਸ਼ ਧਰੋਹ ਦੇ ਮੁਕੱਦਮੇ ਦਰਜ ਕਰਕੇ ਉਹਨਾਂ ਨੂੰ ਜੇਲ੍ਹਾਂ ਵਿੱਚ ਸੁਟਿਆ ਜਾ ਰਿਹਾ ਹੈ। ਇਕ ਪਾਸੇ ਭਾਰਤੀ ਸੰਵਿਧਾਨ ਦੀ ਧਾਰਾ 19 ਅਨੁਸਾਰ ਹਰ ਭਾਰਤੀ ਨੂੰ ਬੋਲਣ ਦੀ ਪੂਰਨ ਆਜ਼ਾਦੀ ਹੈ ਜਿਸਦੇ ਤਹਿਤ ਸੁਪਰੀਮ ਕੋਰਟ ਨੇ 1995 ਤੇ 2000 ਵਿੱਚ ਦੇਸ਼ ਧਰੋਹੀ ਦੇ ਮੁਕਦਮਿਆਂ ਵਿੱਚੋਂ ਦੋ ਵਿਅਕਤੀਆਂ ਨੂੰ ਬਰੀ ਕਰਦਿਆਂ ਕਿਹਾ ਹੈ ਕਿ ਖਾਲਿਸਤਾਨ ਪੱਖੀ ਨਾਹਰੇ ਲਾਉਣ, ਅਮਨ ਸ਼ਾਂਤੀ ਨਾਲ ਉਸਦਾ ਪ੍ਰਚਾਰ ਕਰਨ ਅਤੇ ਖਾਲਿਸਤਾਨ ਦੇ ਪੋਸਟਰ ਰੱਖਣ ਵਾਲਾ ਦੇਸ਼ ਧਰੋਹੀ ਨਹੀਂ ਹੋ ਸਕਦਾ।

31 ਅਗਸਤ 1995 ਨੂੰ ਪੰਜਾਬ ਸਕੱਤਰੇਤ ਚੰਡੀਗੜ੍ਹ ਮੁਹਰੇ ਹੋਏ ਇਕ ਬੰਬ

ਧਮਾਕੇ ਵਿੱਚ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਸਮੇਤ 16 ਵਿਅਕਤੀਆਂ ਦੀ ਮੌਤ ਹੋ ਗਈ ਸੀ । ਦੱਸਿਆ ਜਾਂਦਾ ਹੈ ਕਿ ਇਸ ਬੰਬ ਧਮਾਕੇ ਲਈ ਦਿਲਾਵਰ ਸਿੰਘ ਪੁੱਤਰ ਹਰਨੇਕ ਸਿੰਘ ਮਨੁੱਖੀ ਬੰਬ ਬਣਿਆ ਸੀ । ਇਸ ਬੰਬ ਦੇ ਚੱਲਣ ਨਾਲ ਜਿੱਥੇ ਬੇਅੰਤ ਸਿੰਘ ਤੇ ਹੋਰਾਂ ਦੇ ਚੀਥੜੇ ਉਡ ਗਏ ਸੀ ਉਥੇ ਦਿਲਾਵਰ ਸਿੰਘ ਦੇ ਸਰੀਰ ਦੇ ਵੀ ਪੂਰੀ ਤਰ੍ਹਾਂ ਚੀਥੜੇ ਉਡ ਗਏ ਸੀ । ਇਸ ਕਾਂਡ ਵਿੱਚ ਪੁਲੀਸ ਨੇ 9 ਵਿਅਕਤੀਆਂ ਨੂੰ ਵੱਖ ਵੱਖ ਥਾਵਾਂ ਤੋਂ ਗ੍ਰਿਫਤਾਰ ਕੀਤਾ ਸੀ । ਇਸ ਬਹੁ ਚਰਚਿਤ ਬੇਅੰਤ ਸਿੰਘ ਕਤਲ ਕੇਸ ਦਾ ਫੈਸਲਾ ਯੂ.ਟੀ.ਦੇ ਐਡੀਸ਼ਨਲ ਸ਼ੈਸ਼ਨ ਜੱਜ ਰਵੀ ਕੁਮਾਰ ਸੋਂਧੀ ਨੇ 27 ਜੁਲਾਈ 2007 ਨੂੰ ਸਖਤ ਸੁਰੱਖਿਆ ਵਾਲੀ ਮਾਡਲ ਜੇਲ੍ਹ ਬੁੜੈਲ ਵਿੱਚ ਸੁਣਾਉਂਦਿਆਂ ਅਦਾਲਤ ਨੇ ਪੰਜ ਮੁਲਜ਼ਮਾਂ ਨੂੰ ਕਤਲ ਅਤੇ ਇਰਾਦਾ ਕਤਲ ਲਈ ਦੋਸ਼ੀ ਠਹਿਰਾਇਆ ਹੈ ਕੇਸ ਦੇ ਇਕ ਹੋਰ ਮੁਲਜ਼ਮ ਨਸੀਬ ਸਿੰਘ ਨੂੰ ਧਮਾਕਾਖੇਜ਼ ਸਮੱਗਰੀ ਰੱਖਣ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ । ਜਦੋਂ ਕਿ ਅਦਾਲਤ ਨੇ ਨਵਜੋਤ ਸਿੰਘ ਛਾਬੜਾ ਨੂੰ ਸਾਫ ਬਰੀ ਕੀਤਾ ਹੈ ।

ਅਦਾਲਤ ਵੱਲੋਂ ਉਕਤ ਫੈਸਲੇ ਤੱਕ ਪਹੁੰਚਣ ਲਈ ਸੀ.ਬੀ.ਆਈ ਵੱਲੋਂ 9 ਵਿਅਕਤੀਆਂ ਨੂੰ ਸਜ਼ਾ ਦਿਵਾਉਣ ਲਈ ਲੱਗਭਗ 500 ਗਵਾਹ ਤਿਆਰ ਕੀਤੇ ਗਏ ਸਨ ਜਿਨ੍ਹਾਂ ਵਿੱਚੋਂ ਅਦਾਲਤ ਨੇ ਸਰਕਾਰੀ ਧਿਰ ਦੇ 236 ਅਤੇ ਬਚਾਅ ਪੱਖ ਦੇ 25 ਗਵਾਹਾਂ ਦੇ ਬਿਆਨ ਲਏ । ਅਦਾਲਤ ਨੇ ਪੰਜ ਮੁਲਜ਼ਮਾਂ ਜਗਤਾਰ ਸਿੰਘ ਹਵਾਰਾ, ਬਲਵੰਤ ਸਿੰਘ ਰਾਜੋਆਣਾ, ਗੁਰਮੀਤ ਸਿੰਘ, ਲਖਵਿੰਦਰ ਸਿੰਘ ਤੇ ਸ਼ਮਸ਼ੇਰ ਸਿੰਘ ਨੂੰ ਆਈ.ਪੀ.ਸੀ. ਦੀ ਧਾਰਾ 120 ਬੀ 306, 307, 309, 302 ਅਤੇ ਧਮਾਕਾਖੇਜ਼ ਸਮੱਗਰੀ ਰੱਖਣ ਦੀ ਧਾਰਾ 5 ਅਤੇ 6 ਤਹਿਤ ਦੋਸ਼ੀ ਠਹਿਰਾਇਆ ਹੈ । ਅਦਾਲਤ ਨੇ ਇਕ ਹੋਰ ਵਿਅਕਤੀ ਨਸੀਬ ਸਿੰਘ ਨੂੰ ਐਕਸਪਲੋਜਨ ਐਕਟ ਦੀ ਧਾਰਾ 5 ਅਤੇ 6 ਦੇ ਤਹਿਤ ਇਸੇ ਕੇਸ ਵਿੱਚੋਂ ਦੋਸ਼ੀ ਕਰਾਰ ਦਿੱਤਾ ਹੈ ।

31 ਜੁਲਾਈ ਨੂੰ ਅਦਾਲਤ ਨੇ ਉਕਤ ਵਿਅਕਤੀਆਂ ਵਿਚੋਂ ਬਲਵੰਤ ਸਿੰਘ ਰਾਜੋਆਣਾ ਤੇ ਜਗਤਾਰ ਸਿੰਘ ਹਵਾਰਾ ਨੂੰ ਮੌਤ ਦੀ ਸਜ਼ਾ ਅਤੇ ਤਿੰਨ ਹੋਰਾਂ ਨੂੰ ਉਮਰ ਕੈਦ ਸੁਣਾਈ ਹੈ । ਅਦਾਲਤ ਨੇ ਇਕ ਹੋਰ ਦੋਸ਼ੀ ਪਾਏ ਨਸੀਬ ਸਿੰਘ ਨੂੰ 10 ਸਾਲ ਦੀ ਸਜ਼ਾ ਸੁਣਾਈ ਸੀ ਪਰ ਉਸ ਵੱਲੋਂ ਜੇਲ੍ਹ ਵਿੱਚ ਵੱਧ ਸਮਾਂ ਗੁਜ਼ਾਰੇ ਜਾਣ ਕਾਰਨ ਰਿਹਾਅ ਕਰਨਾ ਪਿਆ ਹੈ ।

ਸਜ਼ਾ ਦੀ ਮਿਆਦ ਉਤੇ ਬਹਿਸ ਦੌਰਾਨ ਬਚਾਅ ਪੱਖ ਦੇ ਵਕੀਲ ਨੇ ਸੀ.ਬੀ.ਆਈ. ਦੇ ਵਕੀਲਾਂ ਦੇ ਉਹਨਾਂ ਦਾਅਵਿਆਂ ਨੂੰ ਚੁਨੌਤੀ ਦਿੱਤੀ ਜਿਹਨਾਂ ਵਿੱਚੋਂ ਇਸ ਮਸਲੇ ਨੂੰ ਦਰਲੱਭ ਤੋਂ ਦੁਰਲੱਭ ਕਿਹਾ ਗਿਆ ਸੀ । ਉਹਨਾਂ ਕਿਹਾ ਹੈ ਕਿ ਇਹ ਮਾਮਲਾ ਬਿਲਕੁਲ ਇਸ ਤਰ੍ਹਾਂ ਦਾ ਨਹੀਂ ਜਿਸ ਤਰ੍ਹਾਂ ਸੀ.ਬੀ.ਆਈ. ਨੇ ਪੇਸ਼ ਕੀਤਾ ਹੈ । ਬਚਾਅ ਪੱਖ ਨੇ

ਮੁਲਜ਼ਮਾਂ ਦੇ ਹੱਕ ਵਿੱਚ ਕਈ ਦਲੀਲਾਂ ਅਤੇ ਦੋ ਕਿਤਾਬਚੇ ਪੇਸ਼ ਕਰਦਿਆਂ ਕਿਹਾ ਹੈ ਕਿ ਇਹਨਾਂ ਨੂੰ ਸਜ਼ਾ ਦਿੰਦੇ ਸਮੇਂ ਰਿਆਇਤ ਵਰਤੀ ਜਾਣੀ ਚਾਹੀਦੀ ਹੈ । ਉਹਨਾਂ ਮੌਤ ਦੀ ਸਜ਼ਾ ਦਾ ਵਿਰੋਧ ਕੀਤਾ । ਬਹਿਸ ਜਾਰੀ ਰੱਖਦਿਆਂ ਬਚਾਅ ਪੱਖ ਦੇ ਵਕੀਲ ਅਰਵਿੰਦ ਠਾਕਰ ਨੇ ਕਈ ਅਦਾਲਤੀ ਫੈਸਲਿਆਂ ਦਾ ਹਵਾਲਾ ਦਿੱਤਾ । ਇੰਦਰਾ ਗਾਂਧੀ ਦੇ ਕਤਲ ਮਗਰੋਂ ਸਿੱਖਾਂ ਦੇ ਕਤਲੇਆਮ ਨਾਲ ਸਬੰਧਤ ਇਕ ਮਾਮਲੇ ਦਾ ਜਿਕਰ ਕਰਦਿਆਂ ਵਕੀਲ ਨੇ ਕਿਹਾ ਕਿ ਖਰੈਤੀ ਲਾਲ ਨੇ 14 ਸਿੱਖਾਂ ਨੂੰ ਮਾਰ ਦਿੱਤਾ ਸੀ ਪਰ ਉਸਨੂੰ ਸਿਰਫ ਉਮਰ ਕੈਦ ਹੀ ਦਿੱਤੀ ਗਈ ਹੈ ਕਿਉਂਕਿ ਉਸ ਬਾਰੇ ਇਹ ਦਲੀਲ ਸੀ ਕਿ ਉਸਨੇ ਭਾਵਨਾਂ ਦੇ ਦਬਾਅ ਹੇਠ ਆ ਕੇ ਇਹ ਕਾਰਾ ਕਰ ਦਿੱਤਾ ਸੀ ਤਾਂ ਹਵਾਰਾ ਅਤੇ ਉਸਦੇ ਸਾਥੀਆਂ ਨੂੰ ਸਜ਼ਾ-ਏ-ਮੌਤ ਕਿਉਂ ? ਜਦੋਂ ਕਿ ਇਹਨਾਂ ਨੇ ਵੀ ਭਾਵਨਾਵਾਂ ਦੇ ਰੌਅ ਵਿੱਚ ਬੇਅੰਤ ਸਿੰਘ ਦਾ ਕਤਲ ਕੀਤਾ ਹੈ । ਇਕ ਹੋਰ ਮਾਮਲੇ ਦਾ ਹਵਾਲਾ ਦਿੰਦਿਆਂ ਉਹਨਾਂ ਕਿਹਾ ਕਿ 1983 ਵਿੱਚ ਆਂਧਰਾ ਪ੍ਰਦੇਸ਼ ਦੇ ਵਾਰੰਗਲ ਜ਼ਿਲ੍ਹੇ ਵਿੱਚ ਨਕਸਲੀਆਂ ਵੱਲੋਂ ਇਕ ਆਈ.ਪੀ.ਐਸ. ਅਧਿਕਾਰੀ ਅਤੇ 17 ਪੁਲੀਸ ਅਧਿਕਾਰੀਆਂ ਦੀ ਹੱਤਿਆ ਕੀਤੀ ਗਈ ਸੀ ਪਰ ਉਹਨਾਂ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਨਹੀਂ ਸੁਣਾਈ ਗਈ । ਇਸ ਤਰ੍ਹਾਂ ਹਰਿਆਣਾ ਵਿੱਚ ਕੁਝ ਸਾਲ ਪਹਿਲਾਂ ਵਾਪਰੇ ਮਹਿਮ ਕਾਂਡ ਜਿਸ ਵਿੱਚ ਕਈ ਜਾਨਾਂ ਗਈਆਂ ਸੀ ਉਸ ਵਿੱਚ ਕਿਸੇ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਨਹੀਂ ਸੁਣਾਈ ਗਈ ।

ਸ੍ਰੀ ਠਾਕੁਰ ਨੇ ਕ਼ਥਿਤ ਤੌਰ ਉਤੇ ਇਹ ਵੀ ਦਲੀਲ ਦਿੱਤੀ ਕਿ ਬੇਅੰਤ ਸਿੰਘ ਦਾ ਕਤਲ ਵਹਿਸ਼ੀਆਨਾ ਕਤਲ ਨਹੀਂ ਸੀ । ਉਹਨਾਂ ਕਿਹਾ ਕਿ ਜੇ ਹਵਾਰਾ ਨਿਰਦਾਈ ਹੁੰਦਾ ਤਾਂ ਉਹ ਜੇਲ੍ਹ ਤੋਂ ਫਰਾਰ ਹੋਣ ਸਮੇਂ ਆਮ ਲੋਕਾਂ ਦਾ ਕਤਲ ਕਰ ਸਕਦਾ ਸੀ । ਇਸੇ ਦੌਰਾਨ ਬਚਾਅ ਪੱਖ ਦੇ ਵਕੀਲ ਨੇ ਬੇਅੰਤ ਸਿੰਘ ਦੇ ਸ਼ਾਸਨ ਨੂੰ ਮੁਗਲਾਂ ਤੋਂ ਵੀ ਭੈੜਾ ਰਾਜ ਦਸਦਿਆਂ ਕਿਹਾ ਹੈ ਕਿ ਉਸਦੇ ਰਾਜ ਸਮੇਂ ਪੁਲੀਸ ਵੱਲੋਂ ਨਾ ਸਿਰਫ ਥਾਣਿਆਂ ਵਿੱਚ ਕਤਲ ਕੀਤੇ ਗਏ ਸਗੋਂ ਔਰਤਾਂ ਨਾਲ ਬਲਾਤਕਾਰ ਵੀ ਕੀਤੇ ਗਏ ਸਨ । ਅਜਿਹਾ ਨਾ ਤਾਂ ਕਦੇ ਮੁਗਲ ਸਾਸ਼ਨ ਵਿੱਚ ਹੋਇਆ ਅਤੇ ਨਾ ਹੀ ਅੰਗਰੇਜ਼ਾਂ ਦੇ ਰਾਜ ਸਮੇਂ ਵਾਪਰਿਆ ਸੀ । ਉਕਤ ਹੱਤਿਆਵਾਂ ਅਤੇ ਬਲਾਤਕਾਰ ਕਿਸੇ ਵੀ ਗੈਰਤਮੰਦ ਵਿਅਕਤੀ ਨੂੰ ਸਮਾਜ ਦੀ ਰੱਖਿਆ ਵਾਸਤੇ ਕੁਝ ਵੀ ਕਰਨ ਲਈ ਪ੍ਰੇਰਤ ਕਰ ਸਕਦੇ ਹਨ । ਉਹਨਾਂ ਇਹੀ ਕਿਹਾ ਹੈ ਕਿ ਮੁਲਜ਼ਮ ਠਹਿਰਾਏ ਗਏ ਵਿਅਕਤੀਆਂ ਦੀ ਬੇਅੰਤ ਸਿੰਘ ਨਾਲ ਕੋਈ ਨਿਜੀ ਦੁਸ਼ਮਣੀ ਨਹੀਂ ਸੀ । ਉਹਨਾਂ ਵੱਲੋਂ ਇਹ ਕਾਰਾ ਸਮਾਜ ਨੂੰ ਬਚਾਉਣ ਲਈ ਕੀਤਾ ਗਿਆ ਸੀ ।

28 ਜੁਲਾਈ 07 ਦੇ ਪੰਜਾਬੀ ਟ੍ਰਿਬਿਊਨ ਵਿੱਚ ਛਪੀ ਇਕ ਰਿਪੋਰਟ ਵਿੱਚ ਦਰਸਾਇਆ ਗਿਆ ਹੈ ਕਿ ਤਿੰਨ ਜਾਂਚ ਏਜੰਸੀਆਂ ਪੰਜਾਬ ਪੁਲੀਸ, ਸੀ.ਬੀ.ਆਈ. ਤੇ

ਚੰਡੀਗੜ੍ਹ ਪੁਲੀਸ ਵੱਲੋਂ ਉਕਤ ਘਟਨਾ ਦੀ ਕੀਤੀ ਗਈ ਸ਼ੁਰੂਆਤੀ ਜਾਂਚ ਆਪਸ ਵਿੱਚ ਮੇਲ ਨਹੀਂ ਸੀ ਖਾ ਰਹੀ । ਜਦੋਂ ਤੱਕ ਇਹ ਸ਼ਨਾਖਤ ਨਹੀਂ ਹੋ ਗਈ ਕਿ ਮੁੱਖ ਮੁਲਜ਼ਮ ਦਿਲਾਵਰ ਸਿੰਘ ਹੀ ਮਨੁੱਖੀ ਬੰਬ ਬਣਿਆ ਸੀ ਤਿੰਨੇ ਜਾਂਚ ਏਜੰਸੀਆਂ ਵੱਖ-ਵੱਖ ਥਿਊਰੀਆਂ ਉਤੇ ਚੱਲ ਰਹੀਆਂ ਸਨ ।

ਬੇਅੰਤ ਸਿੰਘ ਕਤਲ ਕਾਂਡ ਵਿੱਚ ਸ਼ਾਮਲ ਕੀਤੇ ਗਏ ਵਿਅਕਤੀਆਂ ਦੇ ਖਿਲਾਫ ਪੁਲੀਸ ਕੋਲ ਕੋਈ ਅਪਰਾਧਕ ਦਸਤਾਵੇਜ ਨਹੀਂ ਸਨ ਜਿਸ ਨਾਲ ਇਹਨਾਂ ਨੂੰ ਕੋਈ ਫਾਂਸੀ ਵਰਗੀ ਸਖਤ ਸਜ਼ਾ ਸੁਣਾਈ ਜਾ ਸਕੇ । ਇਸ ਲਈ ਪੁਲੀਸ ਨੇ ਸੋਚੀ ਸਮਝੀ ਸਾਜ਼ਿਸ ਤਹਿਤ ਜੇਲ੍ਹ ਵਿੱਚੋਂ ਸੁਰੰਗ ਪੁਟਵਾਕੇ 27 ਜਨਵਰੀ 2004 ਦੀ ਰਾਤ ਨੂੰ ਉਹਨਾਂ ਨੂੰ ਭਜਾਉਣ ਵਿੱਚ ਉਹਨਾਂ ਦੀ ਕਥਿਤ ਮਦਦ ਕੀਤੀ । ਜੇਲ੍ਹ ਵਿੱਚੋਂ ਸੁਰੰਗ ਪੁੱਟੀ ਜਾਣ ਵਾਲੀ ਘਟਨਾ ਵਿੱਚ ਪੁਲੀਸ ਸ਼ਾਮਲ ਨਾ ਹੁੰਦੀ ਤਾਂ ਇਸ ਘਟਨਾ ਨੂੰ ਅੰਜ਼ਾਮ ਨਹੀਂ ਸੀ ਦਿੱਤਾ ਜਾ ਸਕਦਾ ਕਿਉਂਕਿ ਜੇਲ੍ਹ ਅੰਦਰ ਬੰਦ ਵਿਅਕਤੀਆਂ ਕੋਲ ਜਦੋਂ ਅਜਿਹੇ ਔਜ਼ਾਰ ਨਹੀਂ ਸਨ ਤਾਂ ਇਸ ਲਈ ਵਰਤੇ ਗਏ ਔਜ਼ਾਰ ਤੇ ਰੱਸਾ ਕਿਥੋਂ ਤੇ ਕਿਵੇਂ ਆਇਆ ? ਫੇਰ ਪੁੱਟੀ ਗਈ ਮਿੱਟੀ ਕਿਥੇ ਗਾਇਬ ਕੀਤੀ ? ਸੁਰੰਗ ਪੁੱਟਣੀ ਘੰਟੇ ਦੋ ਘੰਟੇ ਦਾ ਕੰਮ ਨਹੀਂ ਸੀ ? ਇਸ ਦੀ ਪੁਟਾਈ ਦੌਰਾਨ ਕਿਸੇ ਅਧਿਕਾਰੀ ਜਾਂ ਕਰਮਚਾਰੀ ਨੇ ਉਹਨਾਂ ਦੀ ਬੈਰਕ ਵਿੱਚ ਗੇੜਾ ਕਿਉਂ ਨਾ ਮਾਰਿਆ ? ਜੇ ਮਾਰਿਆ ਸੀ ਤਾਂ ਉਨ੍ਹਾਂ ਨੂੰ ਇਹਨਾਂ ਦੀ ਇਸ ਯੋਜਨਾ ਦਾ ਪਤਾ ਕਿਉਂ ਨਾ ਲੱਗਿਆ ? ਕੀ ਇਸ ਸਾਰੀ ਘਟਨਾ ਤੋਂ ਸਪਸ਼ਟ ਨਹੀ ਹੁੰਦਾ ਕਿ ਪੁਲੀਸ ਨੇ ਸਿੱਖ ਨੌਜਵਾਨਾਂ ਦੇ ਖਿਲਾਫ ਅਹਿਮ ਦਸਤਾਵੇਜ ਤਿਆਰ ਕਰਨ ਲਈ ਉਹਨਾਂ ਨੂੰ ਸੁਰੰਗ ਪੁੱਟਣ ਲਈ ਲੋੜੀਂਦਾ ਸਮਾਨ ਮੁਹੱਇਆ ਕਰਵਾਇਆ ਤੇ ਉਹਨਾਂ ਦੀ ਅਸਿੱਧੇ ਤੌਰ ਉਤੇ ਮਦਦ ਵੀ ਕੀਤੀ । ਮੁੜ ਕੇ ਲੋੜ ਪੈਣ ਉਤੇ ਪੁਲੀਸ ਇਹ ਦਸਤਾਵੇਜ ਅਦਾਲਤ ਵਿੱਚ ਪੇਸ਼ ਕਰਕੇ ਇਹ ਦਿਖਾਉਣ ਵਿੱਚ ਸਫਲ ਹੋ ਗਈ ਕਿ ਇਹ ਵਿਅਕਤੀ ਅਪਰਾਧਕ ਕਾਰਵਾਈਆਂ ਨਾਲ ਜੁੜੇ ਹੋਏ ਸਨ । ਪੁਲੀਸ ਨੇ ਬਲਵੰਤ ਸਿੰਘ ਰਾਜੋਆਣਾ ਨੂੰ ਅਜਿਹੀ ਕਿਸੇ ਵੀ ਸਾਜ਼ਿਸ਼ ਵਿੱਚ ਇਸ ਕਰਕੇ ਸ਼ਾਮਲ ਨਹੀਂ ਕੀਤਾ ਕਿਉਂਕਿ ਉਸਨੇ ਕੇਸ ਨਹੀਂ ਲੜਿਆ ਇਸ ਕਰਕੇ ਉਸਨੂੰ ਸਜ਼ਾ ਮਿਲਣੀ ਯਕੀਨੀ ਸੀ ।

ਅਦਾਲਤ ਦੇ ਫੈਸਲੇ ਮਗਰੋਂ ਸਿੱਖ ਜਥੇਬੰਦੀਆਂ ਤੇ ਆਮ ਲੋਕ ਮਾਯੂਸ ਹਨ ਕਿ ਅਦਾਲਤ ਨੇ ਵਕੀਲਾਂ ਵੱਲੋਂ ਦਿੱਤੀਆਂ ਦਲੀਲਾਂ ਤੇ ਕੇਸ ਵਿਚਲੀਆਂ ਕਮੀਆਂ ਨੂੰ ਨਜ਼ਰ ਅੰਦਾਜ਼ ਕਰਕੇ ਬਲਵੰਤ ਸਿੰਘ ਰਾਜੋਆਣਾ ਤੇ ਜਗਤਾਰ ਸਿੰਘ ਹਵਾਰਾ ਨੂੰ ਮੌਤ ਦੀ ਜੋ ਸਜ਼ਾ ਸੁਣਾਈ ਹੈ ਇਹ ਭਾਰਤ ਵਿਚਲੇ ਸਿੱਖ ਵਿਰੋਧੀ ਸੰਗਠਨਾਂ ਨੂੰ ਖੁਸ਼ ਕਰਨ ਤੋਂ ਸਿਵਾਏ ਹੋਰ ਕੁਝ ਵੀ ਨਹੀਂ ।

ਅਦਾਲਤ ਦੇ ਫੈਸਲੇ ਨੂੰ ਖਿੜੇ ਮੱਥੇ ਪਰਵਾਨ ਕਰਦਿਆਂ ਸਿੱਖ ਨੌਜਵਾਨਾਂ ਨੇ ਸਜ਼ਾ ਸੁਣਾਉਣ ਵਾਲੇ ਜੱਜ ਦਾ ਧੰਨਵਾਦ ਕਰਕੇ ਸਿੱਖ ਕੌਮ ਨੂੰ ਚੜ੍ਹਦੀ ਕਲਾ ਵਿੱਚ ਰਹਿਣ ਦਾ ਸੰਦੇਸ਼ ਦਿੱਤਾ ਹੈ ਕਿ ਉਹਨਾਂ ਦੇ ਇਸ ਵਰਤਾਰੇ ਨੂੰ ਦੇਖ ਕੇ ਅਦਾਲਤ ਵਿੱਚ ਹਾਜ਼ਰ ਲੋਕ ਹੱਕੇ-ਬੱਕੇ ਰਹਿ ਗਏ ਕਿ ਇਹਨਾਂ ਨੇ ਹੱਸ-ਹੱਸ ਕੇ ਮੌਤ ਨੂੰ ਵਰਨ ਵਾਲਾ ਸਿੱਖ ਕੌਮ ਦਾ ਉਹ ਮਾਣਮੱਤਾ ਇਤਿਹਾਸ ਫੇਰ ਦੁਹਰਾ ਦਿੱਤਾ ਹੈ ।

ਸਿੱਖਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਵਾਲੇ ਸਿੱਖ ਆਗੂ ਸਿਮਰਨਜੀਤ ਸਿੰਘ ਮਾਨ ਅਤੇ ਉਸ ਦੇ 20 ਸਾਥੀਆਂ ਨੇ ਜਦੋਂ ਸਿੱਖਾਂ ਦੇ ਕਾਤਲ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਬੁੱਤ ਉਤੇ ਉਸਨੂੰ ਮਾਰਨ ਵਾਲੇ ਸ਼ਹੀਦ ਭਾਈ ਦਿਲਾਵਰ ਸਿੰਘ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰਿਆਂ ਵਾਲੀਆਂ ਤਖਤੀਆਂ ਪਾ ਕੇ ਸਰਕਾਰ ਨੂੰ ਨੋਟਿਸ ਦਿੱਤਾ ਸੀ ਕਿ ਸਿੱਖਾਂ ਦੇ ਕਾਤਲਾਂ ਦੇ ਬੁੱਤ ਪੰਜਾਬ ਵਿੱਚੋਂ ਹਟਾਏ ਜਾਣ । ਇਸ ਬਦਲੇ ਸ੍ਰ. ਮਾਨ ਤੇ ਉਸ ਦੇ ਸਾਥੀਆਂ ਦੇ ਖਿਲਾਫ ਦੇਸ਼ ਧਰੋਹ ਦੇ ਮੁਕੱਦਮੇ ਦਰਜ ਕਰਕੇ ਉਹਨਾਂ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਸੀ । ਇਥੇ ਸਵਾਲ ਪੈਦਾ ਹੁੰਦਾ ਹੈ ਕੀ ਬੇਅੰਤ ਸਿੰਘ ਦਾ ਬੁੱਤ ਰਾਸ਼ਟਰ ਹੈ ? ਜਿਸ ਉਤੇ ਤਖਤੀਆਂ ਪਾਉਣ ਨਾਲ ਸਿੱਖ ਆਗੂ ਸਰਦਾਰ ਮਾਨ ਤੇ ਉਹਨਾਂ ਦੇ ਸਾਥੀ ਦੇਸ਼ ਧਰੋਹੀ ਬਣ ਗਏ ਹਨ । ਇਸ ਪਿੱਛੇ ਜਿੱਥੇ ਸ੍ਰ. ਬਾਦਲ ਦੀ ਸ. ਮਾਨ ਤੋਂ ਬਦਲਾ ਲਊ ਨੀਤੀ ਕੰਮ ਕਰਦੀ ਹੈ, ਉਥੇ ਕੇਂਦਰ ਦੀ ਸਿੱਖਾਂ ਨੂੰ ਦਬਾਅ ਕੇ ਰੱਖਣ ਦੀ ਗਿਣੀ ਮਿੱਥੀ ਸਾਜ਼ਿਸ਼ ਵੀ ਹੈ ।

ਜਿਸ ਮੁੱਖ ਮੰਤਰੀ ਬੇਅੰਤ ਸਿੰਘ ਨੇ ਆਪਣੇ ਸ਼ਾਸਨ ਕਾਲ ਵਿੱਚ ਸ੍ਰੀ ਅਕਾਲ ਤਖਤ ਸਹਿਬ ਦੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਸਮੇਤ ਅਨੇਕਾਂ ਸਿੰਘਾਂ-ਸਿੰਘਣੀਆਂ ਨੂੰ ਕੋਹ-ਕੋਹ ਕੇ ਸ਼ਹੀਦ ਕੀਤਾ, ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਰਵਾਇਆ ਹੈ ਕੇਂਦਰ ਸਰਕਾਰ ਨੇ ਉਸਨੂੰ ਸਜ਼ਾ ਦੇਣ ਦੀ ਥਾਂ ਸਿੱਖਾਂ ਦੀ ਨਸਲਕੁਸ਼ੀ ਕਰਨ ਦੀ ਖੁੱਲ੍ਹ ਦਿੱਤੀ ਸੀ । ਸਿੱਖਾਂ ਦੀ ਹੁੰਦੀ ਨਸਲਕੁਸ਼ੀ ਨੂੰ ਰੋਕਣ ਤੇ ਜ਼ਬਰ ਨੂੰ ਠੱਲ ਪਾਉਣ ਲਈ ਭਾਈ ਦਿਲਾਵਰ ਸਿੰਘ ਨੂੰ ਇਹ ਕਾਰਨਾਮਾ ਕਰਨਾ ਪਿਆ ਸੀ ।

ਅਦਾਲਤ ਦੇ ਫੈਸਲੇ ਮਗਰੋਂ ਜਿੱਥੇ ਹਵਾਰਾ ਤੇ ਰਾਜੋਆਣਾ ਨੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ ਉਥੇ ਅਦਾਲਤ ਦੇ ਇਸ ਫੈਸਲੇ ਮਗਰੋਂ ਜੋ ਕੁੱਝ ਸਿੱਖ ਕੌਮ ਨੇ ਮਹਿਸੂਸ ਕੀਤਾ ਹੈ ਉਸਨੂੰ ਉਸਦੇ ਚਿਹਰੇ ਤੋਂ ਸਾਫ ਪੜ੍ਹਿਆ ਜਾ ਸਕਦਾ ਹੈ । ਇਕ ਬਜ਼ੁਰਗ ਨੇ ਉਹਨਾਂ ਦੀ ਲੰਮੀ ਉਮਰ ਦੀ ਕਾਮਨਾਂ ਕਰਦਿਆਂ ਗਲਾ ਭਰ ਕੇ ਕਿਹਾ ਹੈ, " ਕੀ ਭਾਰਤ ਅੰਦਰ ਜੋ ਕਾਨੂੰਨ ਹੈ ਉਹ ਸਿਰਫ ਤੇ ਸਿਰਫ ਸਿੱਖਾਂ ਉਤੇ ਹੀ ਲਾਗੂ ਹੁੰਦਾ ਹੈ ਹੋਰਨਾਂ ਉਤੇ ਨਹੀਂ ? ਸਮਝ ਨਹੀਂ ਆਉਂਦੀ ਸਰਕਾਰਾਂ ਸਿੱਖਾਂ ਨਾਲ ਕਿਉਂ ਧੱਕਾ ਕਰਦੀਆਂ ਨੇ ?"

ਇਸ ਫੈਸਲੇ ਸਬੰਧੀ ਵੱਖ-ਵੱਖ ਧਰਮਾਂ ਮਜ਼ਹਬਾਂ ਤੇ ਸਮੁਦਾਇਆਂ ਦੇ ਲੋਕਾਂ ਨਾਲ ਗੱਲ ਹੋਈ ਤਾਂ ਉਹਨਾਂ ਵਿੱਚੋਂ 95% ਲੋਕਾਂ ਦੀ ਰਾਏ ਸੀ ਕਿ ਇਹਨਾਂ ਨੂੰ ਫਾਂਸੀ ਦੀ ਸਜ਼ਾ ਨਹੀਂ ਹੋਣੀ ਚਾਹੀਦੀ। ਕਿਉਂਕਿ ਅਦਾਲਤ ਦੇ ਇਸ ਫੈਸਲੇ ਨਾਲ ਸਿੱਖ ਭਾਈਚਾਰੇ ਵਿੱਚ ਇਕ ਗਲਤ ਸੁਨੇਹਾ ਜਾਵੇਗਾ। ਸਿੱਖ ਤਾਂ ਪਹਿਲਾਂ ਹੀ ਇਹ ਮਹਿਸੂਸ ਕਰਦੇ ਹਨ। ਜਿਹੜੇ ਵਿਅਕਤੀਆਂ ਨੇ ਸਿੱਖਾਂ ਦਾ ਸ਼ਿਕਾਰ ਕੀਤਾ ਹੈ ਸਰਕਾਰ ਨੇ ਉਹਨਾਂ ਨੂੰ ਇਨਾਮ ਤਰੱਕੀਆਂ ਤੇ ਵਜ਼ੀਰੀਆਂ ਬਖਸ਼ੀਆਂ ਹਨ। ਜੇਕਰ ਸਿੱਖਾਂ ਨੇ ਸਿੱਖਾਂ ਉਤੇ ਜਬਰ ਜ਼ੁਲਮ ਤੇ ਅੱਤਿਆਚਾਰ ਕਰਨ ਵਾਲਿਆਂ ਨੂੰ ਮਾਰਿਆ ਹੈ ਤਾਂ ਉਸਦੇ ਬਦਲੇ ਸਿੱਖਾਂ ਨੂੰ ਮੌਤ ਦੀ ਸਜ਼ਾ ਪ੍ਰਾਪਤ ਹੋਈ ਹੈ।

1984 ਤੋਂ 1994 ਤੱਕ 70 ਹਜ਼ਾਰ ਨਿਰਦੋਸ਼ ਸਿੱਖਾਂ ਨੂੰ ਫਰਜ਼ੀ ਮੁਕਾਬਲਿਆਂ ਤੇ ਜੇਲ੍ਹਾਂ ਅੰਦਰ ਅੰਨਾ ਤਸ਼ਦੱਦ ਕਰਕੇ ਉਹਨਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਹੈ। ਜਿਹਨਾਂ ਵਿੱਚੋਂ ਚਾਰ ਸਿੱਖ ਨੌਜਵਾਨਾਂ ਸ਼ਹੀਦ ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਨੂੰ ਇੰਦਰਾ ਗਾਂਧੀ ਕਤਲ ਕਾਂਡ ਵਿੱਚ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਤੇ ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਜਰਨਲ ਏ.ਐਸ.ਵੈਦਿਆ ਦੇ ਕਤਲ ਕਾਂਡ ਵਿੱਚ ਫਾਂਸੀ ਲਾਈ ਗਈ ਹੈ। ਜਦੋਂ ਕਿ ਇਕ ਨੌਜਵਾਨ ਭਾਈ ਦਵਿੰਦਰ ਪਾਲ ਸਿੰਘ ਭੁੱਲਰ ਨੂੰ ਕਾਫੀ ਸਮਾਂ ਪਹਿਲਾਂ ਤੋਂ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਉਸਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਾਉਣ ਲਈ ਚਾਰਾ-ਜੋਰੀ ਕਰ ਰਹੀ ਸਿੱਖ ਕੌਮ ਲਈ ਉਸ ਸਮੇਂ ਹੋਰ ਮੁਸ਼ਕਲਾਂ ਪੈਦਾ ਹੋ ਗਈਆਂ ਜਦੋਂ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਬਿਨਾ ਸਬੂਤਾਂ ਤੇ ਗਵਾਹਾਂ ਦੇ ਫੈਸਲਾ ਸੁਣਾਇਆ ਤੇ ਦੋ ਹੋਰ ਸਿੰਘਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ।

ਅਦਾਲਤ ਦੇ ਇਸ ਫੈਸਲੇ ਨੇ ਜਿੱਥੇ ਸਿੱਖ ਭਾਈ ਚਾਰੇ ਦੇ ਮਨਾਂ ਅੰਦਰ ਰੋਸ ਪੈਦਾ ਕੀਤਾ ਹੈ ਉਥੇ ਸਿੱਖ ਭਾਈਚਾਰਾ ਇਸ ਬਾਰੇ ਗੰਭੀਰਤਾ ਨਾਲ ਸੋਚ ਰਿਹਾ ਹੈ ਕਿ ਇਹ ਸਿਰਫ ਸਿੱਖਾਂ ਤੇ ਮੁਸਲਮਾਨਾਂ ਨੂੰ ਹੀ ਕਿਉਂ ਮਿਲ ਰਹੀਆਂ ਹਨ ? ਕੀ ਉਹ ਭਾਰਤ ਦੇ ਨਾਗਰਿਕ ਨਹੀਂ ? ਜੇਕਰ ਹਨ ਤਾਂ ਉਹਨਾਂ ਦੇ ਕਾਤਲਾਂ ਨੂੰ ਅਜਿਹੀਆਂ ਸਜ਼ਾਵਾਂ ਕਿਉਂ ਨਹੀਂ ਦਿੱਤੀਆ ਜਾਦੀਆਂ ਕਿਉਂਕਿ ਉਹ ਬੁਹਗਿਣਤੀ ਨਾਲ ਸਬੰਧਤ ਹੁੰਦੇ ਹਨ।

ਮੇਰੀ ਅਦਾਲਤਾਂ ਨੂੰ ਬੇਨਤੀ ਹੈ ਕਿ ਉਹ ਇਨਸਾਫ ਦੇ ਤਰਾਜੂ ਅਨੁਸਾਰ ਹੀ ਫੈਸਲੇ ਦੇ ਕੇ ਸਿੱਖ ਭਾਈਚਾਰੇ ਦੇ ਮਨਾਂ ਅੰਦਰ ਪੈਦਾ ਹੋਈਆਂ ਸਿੱਖ ਵਿਰੋਧੀ ਭਾਵਨਾਵਾਂ ਨੂੰ ਖਤਮ ਕਰਨ ਤਾਂ ਕਿ ਨਿਆਂ ਪਾਲਿਕਾ ਉਤੇ ਲੋਕਾਂ ਦਾ ਬਣਿਆ ਵਿਸ਼ਵਾਸ਼ ਸਦਾ ਕਾਇਮ ਰਹਿ ਸਕੇ।

ਸ਼ਹੀਦ ਗੁਰਚਰਨ ਸਿੰਘ ਚੰਨ
ਉਨ੍ਹਾਂ ਦੀ ਪਤਨੀ ਰਾਜ ਕੋਰ



ਭਾਈ ਖੜਕ ਸਿੰਘ ਘਿੱਲੀ



ਸ਼ਹੀਦ ਭਾਈ ਖੜਕ ਸਿੰਘ ਘਿੱਲੀ
ਸ਼ਹੀਦੀ (21-4-92)

ਬੀਬੀ ਸੁਰਿੰਦਰ ਕੋਰ ਠਰੂਆ



# ਪੁਲੀਸ ਦਾ ਕਹਿਰ

ਸਿੱਖ ਇਤਿਹਾਸ ਵਿੱਚੋਂ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਮਿਲਦੀਆਂ ਹਨ, ਜਿਹਨਾਂ ਅਕਾਲ ਪੁਰਖ ਦੇ ਚਰਨਾਂ ਵਿੱਚ ਸੱਚੀ ਭਾਵਨਾ ਨਾਲ ਅਰਦਾਸ ਕੀਤੀ ਹੈ। ਉਸਦੀ ਅਰਦਾਸ ਪ੍ਰਵਾਨ ਹੋਈ ਹੈ। ਅਜਿਹੀ ਅਰਦਾਸ ਇਕ ਭੈਣ ਨੇ ਆਪਣੇ ਵੀਰ ਤੇ ਭਰਜਾਈ ਬਾਰੇ ਕੀਤੀ ਸੀ। ਜਿਹਨਾਂ ਨੂੰ ਇਨਾਮਾਂ ਤੇ ਤਰੱਕੀਆਂ ਪਿੱਛੇ ਲੱਗੀ ਪੁਲੀਸ ਮਨੁੱਖੀ ਅਧਿਕਾਰਾਂ ਦਾ ਘਾਣ ਕਰਦੀ ਹੋਈ ਘਰੋਂ ਚੁੱਕ ਕੇ ਲੈ ਗਈ ਸੀ। ਵੀਰ ਤੇ ਭਰਜਾਈ ਦੀ ਭਾਲ ਕਰਦਿਆਂ ਉਸਨੇ ਅਕਾਲ ਪੁਰਖ ਨੂੰ ਹਾਜ਼ਰ-ਨਾਜ਼ਰ ਮੰਨ ਕੇ ਅਰਦਾਸ ਕੀਤੀ ਸੀ ਕਿ ਸੱਚੇ ਪਾਤਸ਼ਾਹ ਮੈਨੂੰ ਮੇਰੇ ਵੀਰ ਤੇ ਭਰਜਾਈ ਦੀ ਮਾੜੀ ਖ਼ਬਰ ਨਾ ਮਿਲੇ ਜੇਕਰ ਤੇਰੇ ਹੁਕਮ ਅਨੁਸਾਰ ਉਹਨਾਂ ਨੂੰ ਕੁਝ ਹੋ ਗਿਆ ਤਾਂ ਖ਼ਬਰ ਮਿਲਣ ਤੋਂ ਪਹਿਲਾਂ ਮੇਰੀ ਜਾਨ ਨਿਕਲ ਜਾਵੇ। ਇਹ ਅਰਦਾਸ ਉਸ ਬੀਬੀ ਨੇ ਕੀਤੀ ਸੀ, ਜਿਸਨੂੰ ਸਿੱਖੀ ਨਾਲ ਅਥਾਹ ਪਿਆਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਦ੍ਰਿੜ ਵਿਸ਼ਵਾਸ਼ ਸੀ। 1984 ਵਿੱਚ ਸਿੱਖ ਵਿਰੋਧੀ ਕੇਂਦਰ ਸਰਕਾਰ ਨੇ ਸਿੱਖਾਂ ਨੂੰ ਦਬਾਉਣ ਅਤੇ ਸਬਕ ਸਿਖਾਉਣ ਦੀ ਨੀਅਤ ਨਾਲ ਸਿਫਤੀ ਦੇ ਘਰ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਹੋਰ ਬਹੁਤ ਸਾਰੇ ਗੁਰਦੁਆਰਿਆਂ ਉਤੇ ਫੌਜੀ ਹਮਲਾ ਕਰਵਾ ਕੇ ਸਿੱਖਾਂ ਦੀ ਅਣਖ ਨੂੰ ਵੰਗਾਰਿਆ ਸੀ। ਸਿੱਖ ਮਰਜੀਵੜਿਆਂ ਨੇ ਜ਼ਾਲਮ ਸਰਕਾਰ ਦੀ ਵੰਗਾਰ ਨੂੰ ਕਬੂਲ ਕਰਦਿਆਂ ਹੋਇਆਂ ਜਦੋਂ ਭਾਜੀ ਮੋੜਨੀ ਸ਼ੁਰੂ ਕੀਤੀ ਤਾਂ ਭਾਰਤ ਸਰਕਾਰ ਦੇ ਇਸ਼ਾਰਿਆਂ ਉਤੇ ਮੁਗਲ

ਜਰਵਾਣਿਆਂ ਵਾਂਗ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ ਗਏ ਸਨ। ਲਾਲਚ ਵੱਸ ਪਏ ਪੁਲੀਸ ਕਰਮਚਾਰੀਆਂ ਤੇ ਅਧਿਕਾਰੀਆਂ ਨੇ ਸੰਘਰਸ਼ ਦੇ ਰਾਹ ਤੁਰੇ ਨੌਜਵਾਨਾਂ ਦੀ ਆੜ ਵਿੱਚ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਬਿਨਾ ਕਿਸੇ ਕਾਰਨ ਮੌਤ ਦੇ ਘਾਟ ਉਤਾਰਦਿਆਂ ਉਹਨਾਂ ਦੇ ਘਰ ਬਰਬਾਦ ਕੀਤੇ ਸਨ। ਅਜਿਹੀਆਂ ਹਜ਼ਾਰਾਂ ਹੀ ਦਿਲ ਕੰਬਾਊ ਕਹਾਣੀਆਂ ਵਿੱਚੋਂ ਇਕ ਜਿਲ੍ਹਾ ਪਟਿਆਲਾ ਵਿੱਚ ਬੀਬੀ ਸੋਹਨਜੀਤ ਕੌਰ ਦੇ ਪਰਿਵਾਰ ਨਾਲ ਘਟੀ ਹੈ।

ਪਿੰਡ ਠਰੂਆ ਤਹਿਸੀਲ ਪਾਤੜਾਂ (ਪਟਿਆਲਾ) ਦਾ ਜੰਮਪਲ ਗੁਰਚਰਨ ਸਿੰਘ ਪੁੱਤਰ ਸ਼ੰਗਾਰਾ ਸਿੰਘ, ਮੋਤੀ ਬਾਗ ਪਟਿਆਲਾ ਵਿਖੇ ਆਪਣੇ ਪਰਿਵਾਰ ਸਮੇਤ ਸੁੱਖਾਂ ਭਰੀ ਜ਼ਿੰਦਗੀ ਬਸਰ ਕਰਦਾ ਸੀ, 7 ਜੂਨ 1992 ਨੂੰ ਸਿਵਲ ਕਪੜਿਆਂ ਵਿੱਚ ਬੰਦੂਕਾਂ ਤੇ ਅਸਲੇ ਨਾਲ ਲੈਸ ਵਿਅਕਤੀਆਂ ਨੇ ਉਸਦੇ ਘਰ ਨੂੰ ਘੇਰਾ ਪਾ ਲਿਆ। ਜਿਹੜਾ ਅਸਲਾ ਉਹਨਾਂ ਕੋਲ ਸੀ ਉਸ ਤੋਂ ਸਪਸ਼ਟ ਹੁੰਦਾ ਸੀ ਕਿ ਇਹ ਪੁਲੀਸ ਹੈ। ਛੱਤ ਉਤੇ ਖੜਿਆ ਗੁਰਚਰਨ ਸਿੰਘ ਸਮਝ ਗਿਆ ਕਿ ਵਰਦੀ ਵਿੱਚ ਆਈ ਪੁਲੀਸ ਉਸਨੂੰ ਚੁੱਕ ਕੇ ਮਾਰ ਦੇਵੇਗੀ। ਇਸ ਤਰ੍ਹਾਂ ਇਕ ਦੋ ਵਾਰੀ ਉਸ ਉਤੇ ਪੁਲੀਸ ਨੇ ਪਹਿਲਾਂ ਵੀ ਅਣ-ਮਨੁੱਖੀ ਤਸ਼ੱਦਦ ਕੀਤਾ ਸੀ। ਇਸ ਘਟਨਾ ਨੂੰ ਦੇਖ ਕੇ ਉਸਨੇ ਰੌਲਾ ਪਾਇਆ ਜਿਸ ਨੂੰ ਆਂਢੀਆਂ-ਗੁਆਢੀਆਂ ਨੇ ਵੀ ਸੁਣਿਆ, ਇਹ ਰੌਲਾ ਸੁਣ ਕੇ ਉਸਦੀ ਮਦਦ ਲਈ ਕੋਈ ਆਉਂਦਾ, ਇੰਨੇ ਨੂੰ ਉਸਨੇ ਘਰ ਦੇ ਪਿਛਲੇ ਪਾਸੇ ਵੱਲ ਛਾਲ ਮਾਰ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਅਸਲੇ ਨਾਲ ਲੈਸ ਵਿਅਕਤੀਆਂ ਨੇ ਗੋਲੀ ਚਲਾ ਦਿੱਤੀ। ਉਸਦੇ ਮੱਥੇ 'ਚ ਗੋਲੀ ਲੱਗਣ ਨਾਲ ਖੂਨ ਦਾ ਫੁਹਾਰਾ ਫੁੱਟ ਪਿਆ, ਉਕਤ ਆਏ ਵਿਅਕਤੀਆਂ ਨੇ ਕਾਲਾ ਕੱਪੜਾ ਉਸਦੇ ਮੂੰਹ ਉਤੇ ਪਾਇਆ ਤੇ ਉਸਨੂੰ ਆਪਣੀ ਗੱਡੀ 'ਚ ਸੁੱਟ ਲਿਆ। ਇਸੇ ਦੌਰਾਨ ਉਹਨਾਂ ਵਿਅਕਤੀਆਂ ਨੇ ਗੁਰਚਰਨ ਸਿੰਘ ਦੇ ਬੇਟੇ ਕੰਵਰਵਿਸ਼ਵਜੀਤ ਸਿੰਘ (3 ਸਾਲ) ਤੇ ਇਸ ਤੋਂ ਛੋਟੀ ਬੇਟੀ ਪ੍ਰੀਤੀ, ਉਸਦੀ ਪਤਨੀ ਰਾਜ ਕੌਰ ਤੇ ਮਾਸੀ ਕੁਲਦੇਵ ਕੌਰ (40) ਨੂੰ ਅਗਵਾ ਕਰਕੇ ਗੱਡੀਆਂ ਵਿੱਚ ਸੁੱਟ ਲਿਆ। ਕਿਸੇ ਆਂਢੀ-ਗੁਆਂਢੀ ਨੂੰ ਦੱਸੇ ਬਿਨਾ ਹੀ ਗੱਡੀਆਂ ਭਜਾ ਕੇ ਲੈ ਗਏ। ਮੁਹੱਲਾ ਵਾਸੀ ਪੁਲੀਸ ਦੀ ਇਸ ਘਿਨਾਉਣੀ ਹਰਕਤ ਤੋਂ ਬਹੁਤ ਦੁਖੀ ਸੀ।

ਇਸ ਘਟਨਾ ਤੋਂ ਮਗਰੋਂ ਮਹੱਲਾ ਵਾਸੀਆਂ ਨੂੰ ਪਤਾ ਲੱਗਿਆ ਕਿ ਗੁਰਚਰਨ ਸਿੰਘ ਚੰਨ, ਬੀਬੀ ਸੋਹਨਜੀਤ ਕੌਰ ਦਾ ਭਰਾ ਹੈ। ਜਿਸ ਦਾ ਪਤੀ ਬਲਵੀਰ ਸਿੰਘ ਉਰਫ ਮੰਗਲ ਸਿੰਘ ਘਿੱਲੀ ਪੁਤਰ ਲਾਭ ਸਿੰਘ 20 ਅਪ੍ਰੈਲ 1992 ਨੂੰ ਢੋਲੇ ਵਾਲਾ ਚੌਕ ਲੁਧਿਆਣਾ ਵਿਖੇ ਇਕ ਪੁਲੀਸ ਮੁਕਾਬਲੇ ਵਿੱਚ ਸ਼ਹੀਦ ਹੋ ਚੁੱਕਿਆ ਸੀ। ਆਪਣੇ ਪਤੀ ਦੀ ਘਾਟ ਨੂੰ ਪੂਰੀ ਕਰਨ ਅਤੇ ਉਹਨਾਂ ਦੀ ਜਥੇਬੰਦੀ ਨੂੰ ਜਿੰਦਾ ਰੱਖਣ ਵਾਸਤੇ ਸੋਹਨਜੀਤ ਕੌਰ ਨੇ ਅਖਬਾਰਾਂ ਵਿਚ ਬਿਆਨ ਦਿੱਤੇ ਸਨ। ਪੁਲੀਸ ਨੂੰ ਸ਼ੱਕ ਸੀ ਕਿ ਉਹ ਆਪਣੇ ਭਰਾ ਕੋਲ

ਠਹਿਰੀ ਹੋਈ ਹੈ । ਜਦੋਂ ਪੁਲੀਸ ਨੇ ਸਿਵਲ ਕੱਪੜਿਆਂ ਵਿੱਚ ਛਾਪਾ ਮਾਰਿਆ ਉਹਨਾਂ ਦੇ ਘਰ ਵਿੱਚ ਸੋਹਨਜੀਤ ਕੌਰ ਨਾ ਮਿਲੀ । ਘਰ ਬੈਠੇ ਨਿਰਦੋਸ਼ਾਂ ਨੂੰ ਪੁਲੀਸ ਚੁੱਕ ਕੇ ਕਿਸੇ ਅਣਦੱਸੀ ਥਾਂ ਉਤੇ ਲੈ ਗਈ ਸੀ ।

ਗੁਰਚਰਨ ਸਿੰਘ ਚੰਨ ਤੇ ਉਸਦੀ ਪਤਨੀ, ਬੱਚੇ ਤੇ ਮਾਸੀ ਨੂੰ ਚੁੱਕ ਕੇ ਲੈ ਜਾਣ ਵਾਲੀ ਖ਼ਬਰ ਸ਼ਹਿਰ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ ਪਰ ਉਹਨਾਂ ਦੀ ਫਰਿਆਦ ਸੁਣਨ ਵਾਲਾ ਕੋਈ ਨਹੀਂ ਸੀ । ਇਹ ਖ਼ਬਰ ਮਿਲਦੇ ਸਾਰ ਚੰਨ ਤੇ ਰਾਜ ਕੌਰ ਦੇ ਮਾਪਿਆਂ ਨੇ ਉਹਨਾਂ ਦੀ ਭਾਲ ਵਾਸਤੇ ਪੁਲੀਸ ਅਫ਼ਸਰਾਂ ਕੋਲ ਪਹੁੰਚ ਕਰਨੀ ਸ਼ੁਰੂ ਕਰ ਦਿੱਤੀ ਸੀ । ਪੁਲੀਸ ਅਫ਼ਸਰਾਂ ਨੇ ਲਾਰਿਆਂ ਤੋਂ ਬਿਨਾ ਕੁਝ ਵੀ ਉਹਨਾਂ ਦੇ ਪੱਲੇ ਨਾ ਪਿਆ, ਅੱਜ-ਕੱਲ ਕਰਦਿਆਂ ਦਿਨ ਬੀਤਦੇ ਜਾ ਰਹੇ ਸੀ । ਉਹਨਾਂ ਦੇ ਜਿਉਂਦੇ ਹੋਣ ਜਾਂ ਪੁਲੀਸ ਵੱਲੋਂ ਚੁੱਕ ਕੇ ਜਾਣ ਦੀ ਖ਼ਬਰ ਨਹੀਂ ਮਿਲ ਰਹੀ ਸੀ । ਪੁਲੀਸ ਅਫ਼ਸਰ ਇਹ ਕਹਿ ਕੇ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕਰਦੇ ਸੀ ਕਿ ਪੁਲੀਸ ਨੂੰ ਸਿਵਲ ਕੱਪੜਿਆਂ ਵਿੱਚ ਜਾਣ ਦੀ ਕੀ ਲੋੜ ਸੀ ? ਇਹ ਕਾਰਨਾਮਾ ਪੁਲੀਸ ਦਾ ਨਹੀਂ ਕਿਸੇ ਜਥੇਬੰਦੀ ਦਾ ਹੋ ਸਕਦਾ ਹੈ । ਇਸ ਲਈ ਅਸੀਂ ਪੜਤਾਲ ਕਰ ਰਹੇ ਹਾਂ ਪਤਾ ਲੱਗਣ ਸਾਰ ਹੀ ਤੁਹਾਨੂੰ ਦੱਸ ਦਿੱਤਾ ਜਾਵੇਗਾ ।

ਗੁਰਚਰਨ ਸਿੰਘ ਚੰਨ ਦੀ ਭੈਣ ਸੁਰਿੰਦਰ ਕੌਰ ਪਤਨੀ ਗੁਰਦੇਵ ਸਿੰਘ ਸਾਗਰਾ ਬਾਲਾਕ ਪਾਤੜਾਂ (ਪਟਿਆਲਾ) ਨੇ ਆਪਣੇ ਭਰਾ ਗੁਰਚਰਨ ਸਿੰਘ ਉਸਦੀ ਪਤਨੀ ਰਾਜ ਕੌਰ, ਮਾਸੀ ਕੁਲਦੇਵ ਕੌਰ, ਭਰਾ ਦੇ ਨੰਨੇ-ਮੁੰਨੇ ਬੱਚਿਆਂ ਦੀ ਭਾਲ ਸ਼ੁਰੂ ਕਰਦੇ ਸਮੇਂ ਪ੍ਰਮਾਤਮਾ ਨੂੰ ਹਾਜ਼ਰ-ਨਾਜ਼ਰ ਮੰਨ ਕੇ ਆਰਦਾਸ ਕੀਤੀ ਸੀ ਕਿ ਹੇ ਵਾਹਿਗੁਰੂ ਜਿਸ ਕਾਰਜ ਲਈ ਮੈਂ ਜਾ ਰਹੀ ਹਾਂ, ਉਸ ਕਾਰਜ ਦੀ ਪੂਰਤੀ ਲਈ ਮੇਰੇ ਅੰਗ-ਸੰਗ ਸਹਾਈ ਹੋ ਕੇ ਮਦਦ ਕਰਨੀ । ਜੇਕਰ ਦਰਿੰਦਿਆਂ ਨੇ ਉਹਨਾਂ ਉਤੇ ਅਣ-ਮਨੁੱਖੀ ਤਸ਼ੱਦਦ ਕਰਕੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ ਹੈ ਤਾਂ ਉਹਨਾਂ ਦੀ ਖ਼ਬਰ ਮਿਲਣ ਤੋਂ ਪਹਿਲਾਂ ਉਸਨੂੰ ਚੁੱਕ ਲਵੀਂ । ਇਸ ਅਰਦਾਸ ਤੋਂ ਮਗਰੋਂ ਜਿਸ ਹੌਂਸਲੇ ਤੇ ਦ੍ਰਿੜ੍ਹਤਾ ਨਾਲ ਸੁਰਿੰਦਰ ਕੌਰ ਨੇ ਉਹਨਾਂ ਦੀ ਭਾਲ ਸ਼ੁਰੂ ਕੀਤੀ, ਉਸਨੇ ਪੁਲੀਸ ਨੂੰ ਹਿਲਾ ਕੇ ਰੱਖ ਦਿੱਤਾ ।

ਇਸ ਅਭਿਆਨ ਵਿੱਚ ਜੁੱਟੀ ਸੁਰਿੰਦਰ ਕੌਰ ਨੂੰ ਅਜੇ ਕੁਝ ਹੀ ਦਿਨ ਹੋਏ ਸੀ, ਇਕ ਮੁਸੀਬਤ ਉਸ ਉਤੇ ਹੋਰ ਆਣ ਪਈ । 19 ਦਸੰਬਰ 1992 ਨੂੰ ਨਾਭਾ ਪੁਲੀਸ ਨੇ ਝੂਠੇ ਕੇਸ ਵਿੱਚ ਉਸਦੇ ਭਰਾ ਸਵਰਨ ਸਿੰਘ, ਉਸਦੀ ਭੈਣ ਸੋਹਨਜੀਤ ਕੌਰ ਤੇ ਉਸਦੇ ਭਰਾ ਦੇ ਇਕ ਦੋਸਤ ਗੁਰਨਾਮ ਸਿੰਘ ਨੂੰ ਨਾਭਾ ਪੁਲੀਸ ਨੇ ਉਸ ਸਮੇਂ ਕਾਬੂ ਕਰ ਲਿਆ ਜਦੋਂ ਉਸ ਦਾ ਪਿਤਾ ਸ਼ਿੰਗਾਰਾ ਸਿੰਘ ਤੇ ਕੁਝ ਹੋਰ ਸਾਥੀ ਸਵਰਨ ਸਿੰਘ ਨੂੰ ਪੇਸ਼ ਕਰਨ ਜਾ ਰਹੇ ਸੀ । ਸੋਹਨਜੀਤ ਕੌਰ ਨੂੰ ਪੁਲੀਸ ਨੇ ਫੜ ਕੇ ਖੁਸ਼ੀ ਮਨਾਈ, ਕਿਉਂਕਿ ਪੁਲੀਸ ਉਸ ਦੀ ਭਾਲ

ਵਿੱਚ ਪਹਿਲਾਂ ਹੀ ਜੁਟੀ ਹੋਈ ਸੀ। ਸੁਰਿੰਦਰ ਕੌਰ ਵੱਲੋਂ ਉਚੱ ਅਧਿਕਾਰੀਆਂ ਤੱਕ ਪਹੁੰਚ ਕਰਕੇ ਵੀਰ ਦੀ ਰਿਹਾਈ ਲਈ ਵਕਾਲਤ ਕਰਨ ਕਰਕੇ ਪੁਲੀਸ ਉਤੇ ਕੁਝ ਦਬਾਅ ਪੈ ਗਿਆ। ਜਿਸ ਕ਼ਰਕੇ ਪੁਲੀਸ ਨੇ ਭੈਣ ਸੋਹਨਜੀਤ ਕੌਰ ਤੇ ਭਰਾ ਸਵਰਨ ਸਿੰਘ ਜੋ ਪੁਲੀਸ ਦੀ ਨੌਕਰੀ ਕਰਦਾ ਸੀ ਨੂੰ ਟਾਡਾ ਕੇਸ ਹੇਠ ਜੇਲ੍ਹ ਭੇਜ ਦਿੱਤਾ। ਬਾਕੀ ਮੈਂਬਰਾਂ ਨੂੰ ਛੱਡਣ ਬਾਰੇ ਗੱਲ ਸਿਰੇ ਨਾ ਚੜ੍ਹੀ। ਪੁਲੀਸ ਉਹਨਾਂ ਨੂੰ ਤਾਂ ਛੱਡਦੀ ਜੇਕਰ ਪੁਲੀਸ ਨੇ ਉਹਨਾਂ ਨਾਲ ਇਨਸਾਨਾਂ ਵਾਲਾ ਸਲੂਕ ਕੀਤਾ ਹੁੰਦਾ। ਗੁਰਚਰਨ ਸਿੰਘ ਦੇ ਸਿਰ ਵਿੱਚ ਲੱਗੀ ਗੋਲੀ ਦਾ ਇਲਾਜ਼ ਕਰਵਾਉਣ ਦੀ ਥਾਂ ਪੁਲੀਸ ਨੇ ਉਸ ਉਤੇ ਤਸ਼ੱਦਦ ਕੀਤਾ। ਉਹ ਜ਼ਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਇਸ ਦੁਨੀਆ ਤੋਂ ਕੂਚ ਕਰ ਚੁੱਕਾ ਸੀ। ਪੁਲੀਸ ਨੇ ਇਸ ਪਾਪ ਉਤੇ ਪਰਦਾ ਪਾਉਣ ਲਈ ਉਸਦੀ ਪਤਨੀ ਰਾਜ ਕੌਰ ਤੇ ਮਾਸੀ ਕੁਲਦੇਵ ਕੌਰ ਨੂੰ ਅਣ-ਮਨੁੱਖੀ ਤਸ਼ੀਹੇ ਦੇ ਕੇ ਸਦਾ ਦੀ ਨੀਂਦ ਸੁਲ੍ਹਾ ਦਿੱਤਾ ਸੀ। ਪਹਿਲਾਂ ਤਾਂ ਪੁਲੀਸ ਉਹਨਾਂ ਬਾਰੇ ਮੰਨਦੀ ਹੀ ਨਹੀਂ ਸੀ। ਫੇਰ ਮੰਨ ਤਾਂ ਗਈ ਪਰ ਛੱਡਣ ਤੋਂ ਇਨਕਾਰ ਕਰਦੀ ਰਹੀ।

ਉਹਨਾਂ ਦੇ ਦੋਵੇਂ ਨੰਨੇ-ਮੁੰਨੇ ਬੱਚੇ ਜੋ ਚੰਗੀ ਤਰ੍ਹਾਂ ਬੋਲਣਾ ਵੀ ਨਹੀਂ ਸੀ ਸਿੱਖੇ, ਪੁਲੀਸ ਨੇ ਉਹਨਾਂ ਨੂੰ ਤੇ ਉਹਨਾਂ ਦੇ ਮਾਪਿਆਂ ਤੇ ਹੋਰ ਰਿਸ਼ਤੇਦਾਰਾਂ ਤੋਂ ਦੂਰ ਰੱਖਦਿਆਂ ਹੋਇਆਂ ਜਲੰਧਰ ਬੱਸ ਸਟੈਂਡ ਦੇ ਅੰਦਰ ਬਣੀ ਪੁਲੀਸ ਚੌਂਕੀ ਵਿੱਚ ਛੱਡ ਦਿੱਤਾ ਸੀ। ਉਥੇ ਅਮਰ ਸਿੰਘ ਮੁਲਾ ਜੋ ਰਿਕਸ਼ਾ ਸਟੈਂਡ ਉਤੇ ਪਰਚੀਆਂ ਕੱਟਦਾ ਸੀ ਉਸ ਦੀ ਆਪਣੀ ਕੋਈ ਔਲਾਦ ਨਹੀਂ ਸੀ। ਪੁਲੀਸ ਦੇ ਕਹਿਣ ਉਤੇ ਉਹ ਦੋਵੇਂ ਬੱਚਿਆਂ ਨੂੰ ਆਪਣੇ ਘਰ ਲੈ ਗਿਆ। ਉਸਨੇ ਬਾਅਦ 'ਚ ਬੱਚਿਆਂ ਦੇ ਵਾਰਸਾਂ ਨੂੰ ਦੱਸਿਆ ਕਿ ਦੋਵੇਂ ਬੱਚੇ ਪੁਲੀਸ ਕੋਲ ਰੋਂਦੇ ਸਨ। ਉਹਨਾਂ ਪੁਲੀਸ ਦੇ ਵਾਰ-ਵਾਰ ਕਹਿਣ ਉਤੇ ਰੋਟੀ ਨਾ ਖਾਧੀ। ਉਸ ਸਮੇਂ ਹਾਲਤ ਬੜੇ ਤਰਸ ਯੋਗ ਸੀ। ਉਹ ਰੋਂਦੇ-ਰੋਂਦੇ ਮੰਮੀ-ਪਾਪਾ ਪੁਕਾਰਦੇ ਰਹਿੰਦੇ ਸੀ। ਉਸਤੋਂ ਬੱਚਿਆਂ ਦੀ ਇਹ ਤਰਸਯੋਗ ਹਾਲਤ ਦੇਖੀ ਨਾ ਗਈ। ਉਹ ਉਹਨਾਂ ਨੂੰ ਆਪਣੇ ਘਰ ਲੈ ਗਿਆ। ਆਖਰ ਬੱਚੇ ਹਾਲਾਤ ਨਾਲ ਸਮਝੌਤਾ ਕਰਕੇ ਉਹਨਾਂ ਵਿੱਚ ਘੁਲ-ਮਿਲ ਗਏ ਸੀ।

ਸੁਰਿੰਦਰ ਕੌਰ ਆਪਣਾ ਘਰ-ਬਾਰ ਤਿਆਗ ਕੇ ਆਪਣੇ ਭਰਾ, ਭਰਜਾਈ ਤੇ ਬੱਚਿਆਂ ਨੂੰ ਪੁਲੀਸ ਦੇ ਚੁੰਗਲ ਵਿੱਚੋਂ ਛੁਡਾਉਣ ਲਈ ਜਦੋ-ਜ਼ਹਿਦ ਕਰਦੀ ਹੋਈ ਪੁਲੀਸ ਅਫਸਰਾਂ ਕੋਲ ਪਹੁੰਚ ਕਰ ਰਹੀ ਸੀ। ਪੁਲੀਸ ਅਫਸਰਾਂ ਦੀਆਂ ਇਹ ਗੱਲਾਂ ਕਿ ਬਸ ਥੋੜੇ ਦਿਨਾਂ ਤੱਕ ਚੰਨ, ਉਸਦੀ ਘਰ ਵਾਲੀ ਰਾਜ ਤੇ ਮਾਸੀ ਕੁਲਦੇਵ ਕੌਰ ਨਾਲ ਦੋਵੇਂ ਬੱਚਿਆਂ ਨੂੰ ਛੱਡ ਦਿੱਤਾ ਜਾਵੇਗਾ। ਇਹ ਸੁਣ-ਸੁਣ ਕੇ ਉਸਦਾ ਪੁਲੀਸ ਤੋਂ ਵਿਸ਼ਵਾਸ ਉਠ ਚੁੱਕਿਆ

ਸੀ । ਆਖਰ ਉਸਨੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਤੱਕ ਪਹੁੰਚ ਕੀਤੀ । ਉਸਨੇ ਵੀ ਪੁਲੀਸ ਵੱਲੋਂ ਫੜੇ ਦੋ ਬੱਚਿਆਂ ਤੇ ਤਿੰਨ ਵਿਅਕਤੀਆਂ ਨੂੰ ਛੱਡਣ ਦਾ ਭਰੋਸਾ ਦਿਵਾਇਆ ਤੇ ਕਿਹਾ, "ਮੈਨੂੰ ਪੁਲੀਸ ਤੋਂ ਇਹਨਾਂ ਬਾਰੇ ਪੁੱਛ-ਗਿੱਛ ਕਰ ਲੈਣ ਦਿਉ ।" ਬੇਅੰਤ ਸਿੰਘ ਦੀਆਂ ਇਹਨਾਂ ਮਿੱਠੀਆਂ ਗੱਲਾਂ ਨਾਲ ਸੁਰਿੰਦਰ ਕੌਰ ਨੂੰ ਇੰਝ ਲੱਗਿਆ ਜਿਵੇਂ ਉਸ ਨੂੰ ਸਫਲਤਾ ਮਿਲ ਜਾਵੇਗੀ । ਮੁੱਖ ਮੰਤਰੀ ਵੱਲੋਂ ਦਵਾਏ ਭਰੋਸੇ ਨੂੰ ਜਦੋਂ ਆਸਾਂ ਦਾ ਬੂਰ ਪੈਂਦਾ ਨਜ਼ਰ ਨਾ ਆਇਆ ਤਾਂ 11 ਦਸੰਬਰ ਨੂੰ ਸੁਰਿੰਦਰ ਕੌਰ ਡੀ.ਆਈ.ਜੀ. ਪਟਿਆਲਾ ਨੂੰ ਮਿਲੀ । ਉਹਨਾਂ ਪਹਿਲਾਂ ਦੀ ਵਾਂਗ ਫੇਰ ਭਰੋਸਾ ਦਵਾਇਆ, "ਬੀਬੀ ਪਰਸੋਂ ਤੇਰੇ ਪਰਿਵਾਰ ਨੂੰ ਛੱਡ ਦਿੱਤਾ ਜਾਵੇਗਾ । ਤੂੰ ਅੱਜ ਆਪਣੇ ਘਰ ਜਾਹ, ਤੇ ਆਰਾਮ ਕਰ ।" ਇਹ ਸੁਣਕੇ ਉਹ ਖੁਸ਼ੀ -ਖੁਸ਼ੀ ਸਿੱਧੀ ਆਪਣੇ ਘਰ ਸਾਗਰੇ ਪਿੰਡ ਚਲੀ ਗਈ । ਉਹ ਵੀਰ ਚੰਨ ਦਾ ਮੁੱਖੜਾ ਤੱਕਣ ਦੀ ਆਸ ਉਮੀਦ ਲੈ ਕੇ ਇੰਨੀ ਖੁਸ਼ੀ ਸੀ ਕਿ ਉਸਦੇ ਘਰਦਿਆਂ ਦੇ ਅਨੁਸਾਰ ਉਸਦੀ ਖੁਸ਼ੀ ਨੂੰ ਬਿਆਨ ਨਹੀਂ ਸੀ ਕੀਤਾ ਜਾ ਸਕਦਾ। ਉਸਨੂੰ ਕੀ ਪਤਾ ਸੀ ਰਾਤ ਨੂੰ ਉਸ ਨਾਲ ਕੀ ਬੀਤਣੀ ਹੈ । ਇਹ ਖੁਸ਼ੀ ਪਲ ਦੋ ਪਲ ਦੀ ਸੀ । ਆਖਰ ਪਰਿਵਾਰ ਉਤੇ ਦੁੱਖਾਂ ਦਾ ਪਹਾੜ ਟੁੱਟਣ ਵਾਲਾ ਹੈ । ਜਿਹੜੇ ਬੱਚਿਆਂ ਦਾ ਉਹ ਹਰ ਰੋਜ਼ ਆ ਕੇ ਮੂੰਹ ਦੇਖਦੀ ਸੀ । ਉਹ ਤੇਰਾ ਮੂੰਹ ਦੇਖਣ ਨੂੰ ਤਰਸਦੇ ਰਹਿਣਗੇ । ਜ਼ਿੰਦਗੀ ਵਿੱਚ ਛੋਟੀਆਂ-ਛੋਟੀਆਂ ਕਦਮਾਂ ਭਰਦੇ ਹਰ ਦੁੱਖ-ਸੁੱਖ ਵਿੱਚ ਮਾਂ ਦੀ ਦਲੇਰੀ ਤੇ ਦ੍ਰਿੜਤਾ ਨੂੰ ਯਾਦ ਕਰਕੇ ਕੋਸੇ ਹੰਝੂ ਵਹਾਇਆ ਕਰਨਗੇ ।

12 ਦਸੰਬਰ ਨੂੰ ਉਹ ਕਿਤੇ ਨਹੀਂ ਗਈ । ਬਸ ਘਰ ਵਿੱਚ ਹੀ ਵੀਰ ਤੇ ਭਰਜਾਈ ਤੇ ਉਹਨਾਂ ਦੇ ਬੱਚਿਆਂ ਦੀ ਆਮਦ ਦੀ ਤਿਆਰੀ ਕਰਨ ਵਿੱਚ ਰੁੱਝੀ ਰਹੀ । ਰਾਤ ਨੂੰ 10 ਵਜੇ ਕੁਝ ਵਿਅਕਤੀਆਂ ਨੇ ਆਣ ਬੂਹਾ ਖੜਕਾਇਆ ਤੇ ਬੂਹਾ ਖੋਲ੍ਹਣ ਲਈ ਆਵਾਜ਼ਾਂ ਦਿੱਤੀਆਂ । ਇਹ ਆਵਾਜ਼ਾਂ ਅਣ-ਪਛਾਣੀਆਂ ਸਨ । ਜਿਹਨਾਂ ਨੂੰ ਸੁਣ ਕੇ ਸਾਰਾ ਪਰਿਵਾਰ ਸਹਿਮ ਗਿਆ । ਇਹਨਾਂ ਆਵਜ਼ਾਂ ਉਤੇ ਜਦੋਂ ਉਹਨਾਂ ਬੂਹਾ ਨਾ ਖੋਲ੍ਹਿਆ ਤੇ ਬਾਰੀਆਂ ਰਾਹੀਂ ਉਹਨਾਂ ਨੇ ਬਦੂਕਾਂ ਦੀਆਂ ਨਾਲੀਆਂ ਅੰਦਰ ਕਰਕੇ ਧਮਕੀ ਦਿੱਤੀ ਕਿ ਜੇਕਰ ਬੂਹਾ ਨਾ ਖੋਲ੍ਹਿਆ ਤੇ ਸਾਰਿਆਂ ਨੂੰ ਹੀ ਭੁੰਨ ਦਿੱਤਾ ਜਾਵੇਗਾ । ਇਸ ਧਮਕੀ ਮਗਰੋਂ ਜਦੋਂ ਉਹਨਾਂ ਬੂਹਾ ਖੋਲ੍ਹਿਆ ਤਾਂ ਬਾਹਰ ਵਰਦੀ ਧਾਰੀ ਪੁਲੀਸ ਖੜੀ ਸੀ ।

ਉਹਨਾਂ ਵਿੱਚੋਂ ਇਕ ਅਫਸਰ ਨੇ ਕਿਹਾ, " ਸੁਰਿੰਦਰ ਕੌਰ ਬਾਹਰ ਆ ਜਾਵੇ ।" ਜਦੋਂ ਉਹ ਦਹਿਲੀਜ਼ ਤੋਂ ਬਾਹਰ ਆਈ ਤਾਂ ਉਹ ਕਹਿਣ ਲੱਗਾ, "ਤੂੰ ਭਰਾ-ਭਰਜਾਈ, ਉਹਨਾਂ ਦੇ ਬੱਚਿਆਂ ਤੇ ਮਾਸੀ ਨੂੰ ਮਿਲਣ ਲਈ ਬੜੀ ਵਿਅਕੁਲ ਹੈਂ । ਆ ਤੈਨੂੰ ਮਿਲਾ ਦੇਈਏ ।" ਉਸ ਨੇ ਸੋਚਿਆ ਸ਼ਾਇਦ ਪੁਲੀਸ ਵਾਲੇ ਘਰ ਛੱਡਣ ਆਏ ਹਨ । ਉਹ ਨੰਗੇ

ਪੈਰੀ ਜਦੋਂ ਅੱਗੇ ਵੱਧਣ ਲੱਗੀ ਤਾਂ ਪੁਲੀਸ ਵਾਲਿਆਂ ਨੇ ਉਸਨੂੰ ਚੁੱਕ ਕੇ ਐਲਵਨ ਨਿਸ਼ਾਨ ਵਿੱਚ ਸੁੱਟ ਕੇ ਗੱਡੀਆਂ ਮੋੜੀਆਂ । ਜਾਣ ਤੋਂ ਪਹਿਲਾਂ ਪੁਲੀਸ ਨੇ ਉਸਦੇ ਬਾਕੀ ਪਰਿਵਾਰ ਨੂੰ ਅੰਦਰ ਬੰਦ ਕਰ ਦਿੱਤਾ । ਬਾਹਰੋਂ ਕੁੰਡਾ ਲੱਗਿਆ ਹੋਣ ਕਰਕੇ ਜਦੋਂ ਬੂਹਾ ਨਾ ਖੁਲ੍ਹਿਆ ਤਾਂ ਰੋਸ਼ਨਦਾਨ ਰਾਹੀਂ ਸੁਰਿੰਦਰ ਕੌਰ ਦੇ ਪਤੀ ਤੇ ਨਿੱਕੇ-ਨਿੱਕੇ ਬੱਚਿਆਂ ਨੇ ਗੱਡੀਆਂ ਜਾਂਦੀਆਂ ਦੇਖੀਆਂ । ਘਰ ਵਿੱਚ ਚੀਕ-ਚਿਹਾੜਾ ਸੀ । ਕੋਈ ਆਂਢੀ-ਗੁਆਂਢੀ ਡਰ ਮਾਰਾ ਉਹਨਾਂ ਦੀ ਮਦਦ ਲਈ ਨਹੀਂ ਸੀ ਆ ਰਿਹਾ । ਫੇਰ ਛੋਟੇ ਜਿਹੇ ਬੱਚੇ ਸ਼ਿਰਮਲਜੀਤ ਸਿੰਘ ਨੇ ਨਿੱਕੇ-ਨਿੱਕੇ ਹੱਥ ਵਿਰਲਾ ਵਿੱਚੋਂ ਪਾ ਕੇ ਬੂਹਾ ਖੋਲ੍ਹਿਆ । ਉਸ ਸਮੇਂ ਰਾਤ ਦੇ 12 ਵੱਜ ਚੁੱਕੇ ਸੀ । ਆਖਰਾਂ ਦੀ ਠੰਡ ਵਿੱਚ ਗੁਰਦੇਵ ਸਿੰਘ ਬੱਚਿਆਂ ਨੂੰ ਨਾਲ ਲੈ ਕੇ ਆਪਣੇ ਸਹੁਰੇ ਘਰ ਪਹੁੰਚਿਆ ਤੇ ਸਾਰੀ ਕਹਾਣੀ ਦੱਸੀ। ਸਵੇਰ ਹੁੰਦੇ ਸਾਰ ਹੀ ਬਜ਼ੁਰਗ ਪਿਤਾ ਸ਼ਿੰਗਾਰਾ ਸਿੰਘ, ਮਾਤਾ ਜੋਗਿੰਦਰ ਕੌਰ, ਸੁਰਿੰਦਰ ਦਾ ਪਤੀ ਸੁਖਦੇਵ ਸਿੰਘ, ਸੁਰਿੰਦਰ ਦੀ ਭਾਲ ਲਈ ਥਾਣਿਆਂ ਦੇ ਬੂਹੇ ਅੱਗੇ ਜਾ ਬੈਠੇ ਪਰ ਪੱਲੇ ਕੁਝ ਨਾ ਪਿਆ । ਜਿਸ ਤਰ੍ਹਾਂ ਪੁਲੀਸ ਨੇ ਗੁਰਚਰਨ ਸਿੰਘ ਚੰਨ ਤੇ ਉਸ ਨਾਲ ਚੁੱਕੀਆਂ ਔਰਤਾਂ ਤੇ ਬੱਚਿਆਂ ਨੂੰ ਗਾਇਬ ਕੀਤਾ ਹੋਇਆ ਸੀ ਉਸੇ ਹੀ ਤਰ੍ਹਾਂ ਸੁਰਿੰਦਰ ਕੌਰ ਦੀ ਸੂਹ ਨਹੀਂ ਸੀ ਨਿਕਲ ਰਹੀ ।

ਇਸ ਤੋਂ ਪਹਿਲਾਂ 16 ਅਗਸਤ 1992 ਨੂੰ ਪੁਲੀਸ ਨੇ ਬੀਬੀ ਸੋਹਨਜੀਤ ਕੌਰ ਦੀ ਮਾਤਾ ਜੋਗਿੰਦਰ ਕੌਰ ਨੂੰ ਸੀ.ਆਈ.ਸਟਾਫ ਪਟਿਆਲਾ ਨੇ ਚੁੱਕ ਕੇ,ਉਸ ਉਤੇ ਅਣਮਨੁੱਖੀ ਤਸ਼ੱਦਦ ਕਰਦਿਆਂ ਹੋਇਆਂ ਉਸ ਤੋਂ ਵਾਰ-ਵਾਰ ਬੀਬੀ ਸੋਹਨਜੀਤ ਕੌਰ ਬਾਰੇ ਪੁਛਿਆ ਗਿਆ । ਮਾਤਾ ਜੋਗਿੰਦਰ ਕੌਰ ਨੇ ਦੱਸਿਆ ਕਿ ਜਦੋਂ ਪੁਲੀਸ ਨੇ ਸਿਵਲ ਕਪੜਿਆਂ ਵਿੱਚ ਉਸਦੇ ਲੜਕੇ ਗੁਰਚਰਨ ਸਿੰਘ ਨੂੰ ਚੁੱਕਿਆ ਸੀ ਤਾਂ ਉਸ ਤੋਂ ਮਗਰੋਂ ਸੁਰਿੰਦਰ ਕੌਰ ਨੇ ਅਰਦਾਸ ਕੀਤੀ ਸੀ ਕਿ ਹੇ ਵਾਹਿਗੁਰੂ ਮੈਨੂੰ ਮੇਰੇ ਵੀਰ-ਭਰਜਾਈ ਦੀ ਮਾੜੀ ਖ਼ਬਰ ਨਾ ਮਿਲੇ ਜੇਕਰ ਤੇਰੇ ਹੁਕਮ ਅਨੁਸਾਰ ਉਹਨਾਂ ਨੂੰ ਕੁੱਝ ਹੋ ਗਿਆ ਤਾਂ ਖ਼ਬਰ ਮਿਲਣ ਤੋਂ ਪਹਿਲਾਂ ਮੈਨੂੰ ਚੁੱਕ ਲਵੀਂ। ਉਸਨੇ ਗਲਾ ਭਰਕੇ ਕਿਹਾ, "ਜਦੋਂ ਸੁਰਿੰਦਰ ਕੌਰ ਨੂੰ ਪੁਲੀਸ ਨੇ ਚੁੱਕਿਆ ਸੀ ਉਹ ਤੁਰੰਤ ਹੀ ਸਮਝ ਗਈ ਸੀ ਕਿ ਉਸ ਵੱਲੋਂ ਕੀਤੀ ਗਈ ਅਰਦਾਸ ਪੂਰੀ ਹੋ ਗਈ ਲੱਗਦੀ ਹੈ । ਆਪਣੇ ਆਪ ਨੂੰ ਤੇ ਆਪਣੇ ਬੱਚਿਆਂ ਨੂੰ ਜੋਖਮ ਵਿੱਚ ਪਾ ਕੇ ਭਰਾ ਦੀ ਭਾਲ ਕਰਦੀ ਸੁਰਿੰਦਰ ਕੌਰ ਨੂੰ ਇਹ ਨਹੀਂ ਸੀ ਪਤਾ ਲੱਗਿਆ ਕਿ ਪੁਲੀਸ ਨੇ ਉਸ ਦੇ ਭਰਾ ਨੂੰ ਸ਼ਹੀਦ ਕਰ ਦਿੱਤਾ ਹੈ ।" ਸੁਰਿੰਦਰ ਕੌਰ ਦੇ ਚੁੱਕੇ ਜਾਣ ਮਗਰੋਂ ਉਹਨਾਂ ਦੀ ਭਾਲ ਲਈ ਪੈਰਵੀ ਕਰਨ ਵਾਲਾ ਕੋਈ ਅਜਿਹਾ ਮੈਂਬਰ ਨਹੀਂ ਸੀ ਬਚਿਆ ਜੋ ਇੰਨੀ ਭੱਜ-ਦੌੜ ਕਰ ਸਕਦਾ ।

ਭਾਣਾ 'ਵਾਹਿਗੁਰੂ' ਦਾ ਸੁਰਿੰਦਰ ਕੌਰ ਮਗਰੋਂ, ਬੀਬੀ ਸੋਹਨਜੀਤ ਕੌਰ ਦੀ

ਟਾਡਾ ਕੇਸ ਵਿੱਚੋਂ ਜਮਾਨਤ ਹੋ ਗਈ । ਜਦੋਂ ਉਸਨੂੰ ਰਿਹਾਅ ਹੁੰਦਿਆ ਦੱਸਿਆ ਕਿ ਪੁਲੀਸ ਬੀਬੀ ਸੁਰਿੰਦਰ ਕੌਰ ਨੂੰ ਰਾਤ ਸਮੇਂ ਚੁੱਕ ਕੇ ਲੈ ਗਈ ਹੈ। ਇਸ ਉਪਰੰਤ ਸੋਹਨਜੀਤ ਕੌਰ ਸਾਬਕਾ ਲੋਕ ਸਭਾ ਮੈਂਬਰ ਪਟਿਆਲਾ ਅਮਰਜੀਤ ਕੌਰ ਕੋਲ ਦਿੱਲੀ ਗਈ ਤੇ ਪਰਿਵਾਰ ਦੇ 6 ਮੈਂਬਰ ਪੁਲੀਸ ਵੱਲੋਂ ਚੁੱਕ ਕੇ ਖਪਾਏ ਹੋਣ ਬਾਰੇ ਗੱਲ ਕੀਤੀ । ਉਸ ਨੇ ਵਿਥਿਆ ਸੁਣਨ ਮਗਰੋਂ ਸਲਾਹ ਦਿੱਤੀ ਕਿ ਕਿਸੇ ਕੋਲ ਜਾਣ ਦੀ ਕੋਈ ਲੋੜ ਨਹੀਂ । ਇਸ ਗੁੰਡੇ ਰਾਜ ਵਿੱਚ ਤੁਹਾਡੀ ਕਿਸੇ ਨੇ ਕੋਈ ਫਰਿਆਦ ਨਹੀਂ ਸੁਣਨੀ । ਇਸ ਲਈ ਜੇਕਰ ਤੁਸੀ ਇਨਸਾਫ ਚਾਹੁੰਦੇ ਹੋ ਤਾਂ ਸਿੱਧਾ ਸੁਪਰੀਮ ਕੋਰਟ ਵਿੱਚ ਕੇਸ ਕਰ ਦਿਉ । ਫੇਰ ਤਾਂ ਤੁਹਾਡੀ ਕੋਈ ਗੱਲ ਸੁਣੀ ਜਾ ਸਕਦੀ ਹੈ ਵਰਨਾ ਪੁਲੀਸ ਰਾਜ ਵਿੱਚ ਕਿਸੇ ਦੀ ਕੋਈ ਸੁਣਵਾਈ ਨਹੀਂ ।

ਬਸ ਫੇਰ ਕੀ ਸੀ ਸੁਪਰੀਮ ਕੋਰਟ ਵਿੱਚ ਕੇਸ ਪਾਉਂਦਿਆਂ ਸਾਰ ਹੀ ਪੁਲੀਸ ਨੇ ਸੋਹਨਜੀਤ ਕੌਰ ਦੇ ਮਾਤਾ ਪਿਤਾ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ । ਪੁਲੀਸ ਭੱਜੀ ਫਿਰੇ ਕਦੇ ਰਿਸ਼ਤੇਦਾਰ ਨੂੰ ਘਰ ਲਿਆ, ਕਦੇ ਕਿਸੇ ਦੀ ਸ਼ਿਫਾਰਸ਼ ਕਰਵਾਏ । ਆਖਰ ਭਾਈਚਾਰੇ ਦੇ ਦਬਾਅ ਪਾਉਣ ਉਤੇ ਜਦੋਂ ਡੀ.ਐਸ.ਪੀ. ਸੁਖਦੇਵ ਸਿੰਘ ਭੱਟੀ ਨਾਲ ਗੱਲ ਹੋਈ ਤਾਂ ਉਸਨੇ ਬੜੀ ਨਿਮਰਤਾ ਨਾਲ ਕਿਹਾ, "ਤੁਹਾਡਾ ਪੁੱਤਰ ਸਿਰ ਵਿੱਚ ਗੋਲੀ ਲੱਗਣ ਤੇ ਜ਼ਿਆਦਾ ਕੁੱਟ ਮਾਰ ਕੀਤੀ ਜਾਣ ਕਰਕੇ ਦਮ ਤੋੜ ਗਿਆ ਸੀ । ਇਸ ਸਮੇਂ ਉਹਨਾਂ ਕੋਲ ਤਿੰਨ ਔਰਤਾਂ ਤੇ ਦੋ ਬੱਚੇ ਠੀਕ ਠਾਕ ਹਨ । ਤੁਸੀਂ ਕੇਸ ਵਾਪਸ ਲੈ ਲਓ ਤਾਂ ਅਸੀਂ ਉਹਨਾਂ ਨੂੰ ਛੱਡ ਦੇਵਾਂਗੇ ।" ਇਸ ਉਪਰੰਤ ਉਹਨਾਂ ਦੇ ਮਾਪਿਆਂ ਨੇ ਸੋਚਿਆ ਕਿ ਇਕ-ਇਕ ਪੁੱਤਰ ਤਾਂ ਕਈਆਂ ਦਾ ਸ਼ਹੀਦ ਹੋ ਚੁੱਕਿਆ ਹੈ । ਬਾਕੀ ਮੈਂਬਰ ਘਰ ਆਉਣ ਨਾਲ ਤਿੰਨ ਘਰ ਵੱਸਦੇ ਰਹਿਣਗੇ, ਇਹ ਸੋਚਕੇ ਉਹਨਾਂ ਨੇ ਸੋਹਨਜੀਤ ਕੌਰ ਨੂੰ ਕੇਸ ਵਾਪਸ ਲੈਣ ਲਈ ਮਜ਼ਬੂਰ ਕਰ ਦਿੱਤਾ । ਕੇਸ ਵਾਪਿਸ ਲੈਣ ਮਗਰੋਂ ਪੁਲੀਸ ਨੇ ਸਾਰਾ ਰਾਜ ਖੋਲ੍ਹਦਿਆਂ ਦੱਸਿਆ "ਬੀਬੀ ਸੁਰਿੰਦਰ ਕੌਰ, ਗੁਰਚਰਨ ਸਿੰਘ ਚੰਨਾ, ਰਾਜ ਕੌਰ ਅਤੇ ਬੀਬੀ ਕੁਲਦੇਵ ਕੌਰ ਦੀ ਮੌਤ ਹੋ ਚੁੱਕੀ ਹੈ । ਇਸ ਸਮੇਂ ਉਹਨਾਂ ਕੋਲ ਦੋਵੇਂ ਬੱਚੇ ਹਨ ਜੋ ਕਿ ਜਲੰਧਰ ਰਹਿੰਦੇ ਹਨ ਉਹ ਦੋਵੇਂ ਹੀ ਵਾਪਿਸ ਕਰ ਦਿੰਦੇ ਹਾਂ ।" ਇਹ ਅਸਲੀਅਤ ਸਾਹਮਣੇ ਆਉਣ ਮਗਰੋਂ ਸਭ ਨੂੰ ਬੜਾ ਪਛਤਾਵਾ ਹੋਇਆ ਕਿ ਪੁਲੀਸ ਨੇ ਉਹਨਾਂ ਦੇ ਨਾਲ ਹਰ ਕਦਮ ਉਤੇ ਧੋਖਾ ਕੀਤਾ ਹੈ ।

ਇੱਥੇ ਇਹ ਵੀ ਜਿਕਰ ਕਰਨਾ ਬਣਦਾ ਹੈ ਕਿ ਮਾਸੀ ਕੁਲਦੇਵ ਕੌਰ ਪਤਨੀ ਸਵਰਗਵਾਸੀ ਹਰਦੇਵ ਸਿੰਘ ਅਦਾਲਤ ਬਜ਼ਾਰ ਪਟਿਆਲਾ ਦਾ ਆਪਣੇ ਪਤੀ ਦੀ ਮੌਤ ਮਗਰੋਂ ਆਪਣੇ ਜੇਠ ਨਾਲ ਜਾਇਦਾਦ ਸਬੰਧੀ ਕੋਈ ਝਗੜਾ ਚਲਦਾ ਸੀ । ਇਸ ਲਈ

ਉਹ ਗੁਰਚਰਨ ਸਿੰਘ ਕੋਲੋਂ ਸਲਾਹ ਮਸ਼ਵਰਾ ਲੈਣ ਲਈ ਉਸ ਦਿਨ ਉਸਦੇ ਘਰ ਆਈ ਸੀ। ਜਿਥੋਂ ਪੁਲੀਸ ਉਸਨੂੰ ਵੀ ਚੁੱਕ ਕੇ ਲੈ ਗਈ ਸੀ। ਉਸ ਨੂੰ ਵੀ ਗੁਰਚਰਨ ਸਿੰਘ ਚੰਨ ਹੋਰਾਂ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਬੀਬੀ ਸੋਹਨਜੀਤ ਕੌਰ ਜਿਸ ਦੇ ਪਰਿਵਾਰ ਨਾਲ ਇੰਨੀ ਵੱਡੀ ਘਟਨਾ ਘਟੀ ਉਹ ਪਰਿਵਾਰ ਦੇ ਦਰਦ ਨੂੰ ਸੀਨੇ ਵਿੱਚ ਛੁਪਾ ਕੇ ਫੇਰ ਕੌਮ ਦੀ ਸੇਵਾ ਵਿੱਚ ਜੁੱਟ ਗਏ। ਸ਼ਹੀਦ ਪਰਿਵਾਰਾਂ ਦੀ ਸੇਵਾ ਕਰਨ ਦਾ ਸੰਕਲਪ ਲੈ ਕੇ ਜਦੋਂ ਉਹ ਸ੍ਰੀ ਅਨੰਦਪੁਰ ਸਾਹਿਬ ਕਿਸੇ ਪਰਿਵਾਰ ਕੋਲ ਉਹਨਾਂ ਦੀ ਮਦਦ ਲਈ ਗਈ ਸੀ ਤਾਂ ਉਥੇ ਡਾ: ਪ੍ਰੀਤਮ ਸਿੰਘ ਚਮਕੌਰ ਸਾਹਿਬ ਪਤੀ-ਪਤਨੀ ਦੋਵਾਂ ਨੂੰ ਪੁਲੀਸ ਨੇ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ। ਉਹਨਾਂ ਦੇ ਬੱਚੇ ਰੁਲ ਰਹੇ ਸਨ। ਜਿਹਨਾਂ ਨੂੰ ਦੇਖਦੇ ਮਨ ਵਿੱਚ ਆਇਆ ਕਿਉਂ ਨਾ ਇਹਨਾਂ ਬੱਚਿਆਂ ਦੀ ਪਰਵਰਿਸ਼ ਦਾ ਬੀੜਾ ਉਠਾਇਆ ਜਾਵੇ। ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਉਹਨਾ ਦੇ ਪਰਿਵਾਰ ਵਾਂਗ ਕਈ ਮਾਂਵਾ ਦੇ ਪੁੱਤਰ ਪੁਲੀਸ ਦੇ ਤਸ਼ੱਦਦ ਦੇ ਸ਼ਿਕਾਰ ਹੋਏ ਹਨ। ਹੋਰ ਕੁੱਝ ਨਹੀਂ ਤਾਂ ਉਹਨਾਂ ਦੇ ਪਿੱਛੇ ਰਹੇ ਮਾਸੂਮ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਸਮੇਂ ਦੇ ਹਾਣ ਦੇ ਬਣਾਇਆ ਜਾਵੇ। ਇਸ ਤਰ੍ਹਾਂ ਉਹਨਾਂ ਦੇ ਜ਼ਖਮਾਂ ਉਤੇ ਮਲ੍ਹਮ ਲਾ ਕੇ ਉਹਨਾਂ ਦੇ ਮਾਪਿਆਂ ਵਾਲਾ ਫਰਜ਼ ਨਿਭਾਇਆ ਜਾਵੇ।

ਉਹਨਾਂ ਬਾਬਾ ਨਛੱਤਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਮਾਤਾ ਗੁਜਰੀ ਸਹਾਰਾ ਟਰਸਟ ਦਾ ਨਿਰਮਾਣ ਕਰਕੇ ਕੌਮ ਦੀ ਪਨੀਰੀ ਨੂੰ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਸੀ। ਉਹਨਾਂ ਦੇ ਰਹਿਣ ਸਹਿਣ ਤੇ ਪੜ੍ਹਾਈ ਦਾ ਖਰਚ ਪੂਰਾ ਕਰਨ ਲਈ ਘਰ-ਘਰ ਜਾ ਕੇ ਉਗਰਾਹੀ ਕਰਕੇ ਮੁਸ਼ਕਿਲਾਂ ਨੂੰ ਹੱਲ ਕਰਨਾ ਸ਼ੁਰੂ ਕਰ ਦਿੱਤਾ, ਪਰ ਆਪਣੇ ਦਿਲ ਦੇ ਜਖਮਾਂ ਨੂੰ ਕਿਸੇ ਅੱਗੇ ਨੰਗਾ ਨਹੀਂ ਕੀਤਾ, ਸਗੋਂ ਦੂਜਿਆਂ ਲਈ ਜਿਉਂਣ ਦੀ ਹਿੰਮਤ ਕੀਤੀ ਹੈ। ਜਿਵੇਂ ਹੀ ਟਰਸਟ ਦਾ ਨਾਂ ਸੰਗਤ ਵਿੱਚ ਉਜਾਗਰ ਹੋਇਆ ਤਿਵੇਂ ਹੀ ਚੌਧਰ ਦੇ ਭੁੱਖੇ ਲੋਕਾਂ ਨੇ ਘੁਸਪੈਠ ਕਰਨੀ ਸ਼ੁਰੂ ਕਰ ਦਿੱਤੀ ਹੈ। ਸੋਹਨਜੀਤ ਕੌਰ ਦਾ ਨਿਸ਼ਚਾ ਦ੍ਰਿੜ ਹੈ। ਉਹ ਲੋਕਾਂ ਦੀ ਮਦਦ ਨਾਲ ਆਪਣੇ ਮਿਸ਼ਨ ਨੂੰ ਸਫਲ ਬਣਾਉਣ ਲਈ ਨਿਰੰਤਰ ਅੱਗੇ ਵੱਧ ਰਹੀ ਹੈ। ਅੱਜ ਸੈਕੜਿਆਂ ਦੀ ਗਿਣਤੀ ਵਿੱਚ ਬਾਬਾ ਨਛੱਤਰ ਸਿੰਘ ਤੇ ਬੀਬੀ ਸੋਹਨਜੀਤ ਕੌਰ ਦੀ ਦੇਖ ਰੇਖ ਹੇਠ ਸ਼ਹੀਦ ਸਿੰਘਾਂ ਦੇ ਬੱਚੇ ਵਿੱਦਿਆ ਹਾਸਲ ਕਰਦੇ ਹੋਏ ਸਿੱਖ ਇਤਿਹਾਸ ਨਾਲ ਜੁੜੇ ਹੋਏ ਹਨ। ਜਿਸ ਮਾਰਗ ਦੇ ਪਾਂਧੀ ਬਾਬਾ ਤੇ ਬੀਬੀ ਬਣੇ ਹੋਏ ਹਨ। ਉਹ ਸੇਵਾ ਦਾ ਮਾਰਗ ਜਿੱਥੇ ਸ਼ਲਾਘਾਯੋਗ ਹੈ ਉਥੇ ਚੁਨੌਤੀਆਂ ਭਰਿਆ ਵੀ ਹੈ।

# ਮੌਤ ਦੇ ਮੂੰਹੋਂ ਬਚਾਅ

ਦੁਨੀਆ ਵਿੱਚ ਵਿਰਲੇ ਹੀ ਅਜਿਹੇ ਇਨਸਾਨ ਹਨ ਜੋ ਦੂਸਰਿਆਂ ਦੀਆਂ ਦੁੱਖ ਤਕਲੀਫਾਂ ਨੂੰ ਆਪਣੀਆਂ ਸਮਝ ਕੇ ਉਹਨਾਂ ਦੀ ਮਦਦ ਕਰਦੇ ਹਨ। ਆਪਣੇ ਉਤੇ ਆਈਆਂ ਮੁਸੀਬਤਾਂ ਦਾ ਹੱਸ ਕੇ ਟਾਕਰਾ ਕਰਨ ਤੇ ਚੜ੍ਹਦੀ ਕਲਾ ਵਾਲਾ ਜੀਵਨ ਬਿਤਾਉਣਾ ਉਹਨਾਂ ਦੀ ਜ਼ਿੰਦਗੀ ਦਾ ਅਤੁੱਟ ਅੰਗ ਹੁੰਦਾ ਹੈ। ਅਜਿਹੇ ਇਨਸਾਨਾਂ ਵਿੱਚੋਂ ਬੀਬੀ ਸੁਰਿੰਦਰ ਕੌਰ ਪਤਨੀ ਸ੍ਰ. ਬਲਵੰਤ ਸਿੰਘ ਇਕ ਹੈ ਜਿਸ ਦੇ ਪੇਕਾ ਤੇ ਸੁਹਰਾ ਪਰਿਵਾਰ ਦੇ ਨੌ ਮੈਂਬਰ ਕਾਲੇ ਦਿਨਾਂ ਦੌਰਾਨ ਪੁਲੀਸ ਤੇ ਗੁੰਡਿਆਂ ਦੀ ਭੇਟ ਚੜ ਗਏ ਸਨ। ਫੇਰ ਵੀ ਉਸਨੇ ਜ਼ਿੰਦਗੀ ਤੋਂ ਹਾਰ ਨਹੀਂ ਮੰਨੀ ਤੇ ਨਾ ਹੀ ਆਪਣੇ ਚਿਹਰੇ ਉਤੇ ਕਦੇ ਉਦਾਸੀ ਲਿਆਂਦੀ ਹੈ। ਉਹ ਹਰ ਮੁਸ਼ਕਿਲ ਦਾ ਟਾਕਰਾ ਕਰਦੀ ਹੋਈ ਹੋਰ ਲੋਕਾਂ ਨੂੰ ਅਕਾਲ ਪੁਰਖ ਦੇ ਭਾਣੇ ਅੰਦਰ ਰਹਿ ਕੇ ਜ਼ਿੰਦਗੀ ਜਿਉਣ ਦੀ ਪ੍ਰੇਰਣਾ ਦਿੰਦੀ ਹੋਈ ਕਹਿੰਦੀ ਹੈ, "ਜ਼ਿੰਦਗੀ ਸੰਘਰਸ਼ ਹੈ ਇਸਨੂੰ ਹੱਸ ਕੇ ਬਤੀਤ ਕਰਨਾ ਚਾਹੀਦਾ ਹੈ।"

ਸੁਰਿੰਦਰ ਕੌਰ ਦਾ ਜਨਮ ਗੁਰਸਿੱਖ ਪਿਤਾ ਕਾਲਾ ਸਿੰਘ ਦੇ ਘਰ ਮਾਤਾ ਹਰਬੰਸ ਕੌਰ ਦੀ ਕੁੱਖੋਂ ਨਵੀਂ ਦਿੱਲੀ ਸਹਾਦਰਾ ਵਿਖੇ ਹੋਇਆ ਸੀ। ਉਦੋਂ ਕਿਸੇ ਨੂੰ ਵੀ ਇਹ ਅਨੁਮਾਨ ਨਹੀਂ ਸੀ ਕਿ ਇਹ ਲੜਕੀ ਜ਼ਿੰਦਗੀ ਵਿੱਚ ਇੰਨੇ ਦੁੱਖ-ਮੁਸੀਬਤਾਂ ਨੂੰ ਝੱਲਣ ਮਗਰੋਂ ਵੀ ਹਾਰ ਨਹੀਂ ਮੰਨੇਗੀ ਸਗੋਂ ਲੋਕਾਂ ਲਈ ਪ੍ਰੇਰਣਾ ਦਾ ਸਰੋਤ ਬਣ ਕੇ ਹਰ ਦੁੱਖ ਮੁਸ਼ੀਬਤ ਨੂੰ ਉਸ ਅਕਾਲ ਪੁਰਖ ਦਾ ਭਾਣਾ ਮੰਨਦੀ ਹੋਈ ਚੜ੍ਹਦੀ ਕਲਾ ਵਿੱਚ ਰਹੇਗੀ। ਘਰ

ਵਿੱਚ ਦੋਵੇਂ ਭਰਾਵਾਂ ਤੋਂ ਛੋਟੀ ਹੋਣ ਕਰਕੇ ਉਸਦੇ ਪਿਤਾ ਨੇ ਜਿੱਥੇ ਉਸਦੀ ਹਰ ਗੱਲ ਪੂਰੀ ਕੀਤੀ ਉਥੇ ਰਜਵਾਂ ਪਿਆਰ ਵੀ ਦਿੱਤਾ । ਗੁਰਸਿੱਖ ਅਸੂਲਾਂ ਦੇ ਧਾਰਨੀ ਉਸਦੇ ਮਾਤਾ ਪਿਤਾ ਨੇ ਮੁੰਡਿਆਂ ਤੇ ਕੁੜੀ ਵਿੱਚ ਕੋਈ ਅੰਤਰ ਨਹੀਂ ਸੀ ਸਮਝਿਆ । ਸ਼ਹਿਰ ਦੀਆਂ ਗਲੀਆਂ-ਬਜ਼ਾਰਾਂ ਵਿੱਚ ਆਪਣੀਆਂ ਸਹੇਲੀਆਂ ਨਾਲ ਹੱਸਦੀ-ਖੇਡਦੀ ਉਹ ਜਵਾਨ ਹੋ ਗਈ ।

ਸੁਰਿੰਦਰ ਕੌਰ ਦੇ ਦੋ ਭਰਾਵਾਂ ਦੀ ਸ਼ਾਦੀ ਕਰਨ ਮਗਰੋਂ ਆਖਰ ਉਹ ਦਿਨ ਵੀ ਆ ਗਿਆ ਜਦੋਂ ਮੁੱਢ-ਕਦੀਮ ਤੋਂ ਚੱਲੇ ਆਉਂਦੇ ਦਸਤੂਰ ਅਨੁਸਾਰ ਉਸਦੇ ਮਾਪਿਆਂ ਨੇ ਪੰਜਾਬ ਦੇ ਜਿਲ੍ਹਾ ਪਟਿਆਲਾ ਦੇ ਪਿੰਡ ਸ਼ੁਤਰਾਣਾ ਵਿੱਚ ਸ. ਲਾਲ ਸਿੰਘ ਦੇ ਸਪੁੱਤਰ ਬਲਵੰਤ ਸਿੰਘ ਨਾਲ ਰਿਸ਼ਤਾ ਕਰਕੇ ਕੁਝ ਸਮੇਂ ਮਗਰੋਂ ਸਿੱਖੀ ਸਿਧਾਤਾਂ ਤੇ ਗੁਰਮਤਿ ਅਨੁਸਾਰ ਸੁਰਿੰਦਰ ਕੌਰ ਦੀ ਬਲਵੰਤ ਸਿੰਘ ਨਾਲ ਸ਼ਾਦੀ ਕਰ ਦਿੱਤੀ । ਸੁਰਿੰਦਰ ਕੌਰ ਆਪਣੇ ਸਹੁਰੇ ਪਿੰਡ ਸ਼ੁਤਰਾਣਾ ਆ ਗਈ । ਕੁਝ ਸਮਾਂ ਸ਼ੁਤਰਾਣਾ ਰਹਿਣ ਮਗਰੋਂ ਉਸਦਾ ਪਤੀ ਉਸਨੂੰ ਨਾਲ ਲੈ ਕੇ ਦਿੱਲੀ ਚਲਾ ਗਿਆ ਤੇ ਉਥੇ ਹੀ ਰਹਿਣ ਲੱਗ ਪਿਆ ।

ਉਸਦੇ ਪਿਤਾ ਕਾਲਾ ਸਿੰਘ ਦੇ ਘਰ ਖੁਸ਼ੀਆਂ ਦਾ ਖੇੜਾ ਸੀ । ਛੋਟੇ-ਛੋਟੇ ਬੱਚਿਆਂ ਨਾਲ ਘਰ ਭਰਿਆ-ਭਰਿਆ ਰਹਿੰਦਾ ਸੀ । ਇਹ ਖੁਸ਼ੀਆਂ ਗਮ ਵਿੱਚ ਉਸ ਸਮੇਂ ਬਦਲ ਗਈਆਂ ਜਦੋਂ 1981-82 ਵਿੱਚ ਸੁਰਿੰਦਰ ਕੌਰ ਦੀ ਮਾਤਾ ਹਰਬੰਸ ਕੌਰ ਅਕਾਲ ਚਲਾਣਾ ਕਰ ਗਈ । ਘਰ ਦਾ ਮਹੌਲ ਖੁਸ਼ੀਆਂ ਦੀ ਥਾਂ ਗਮ ਵਿੱਚ ਬਦਲ ਗਿਆ । ਸੁਰਿੰਦਰ ਕੌਰ ਤੇ ਇਸ ਘਟਨਾ ਉਪਰੰਤ ਆਪਣੇ ਪਿਤਾ ਦੀ ਦੇਖ-ਭਾਲ ਕਰਨ ਦੀ ਜਿੰਮੇਵਾਰੀ ਆ ਪਈ । ਉਸਨੇ ਮਾਂ ਦੀ ਮੌਤ ਤੋਂ ਬਾਅਦ ਅਕਸਰ ਹੀ ਘਰ ਵਿੱਚ ਜਿੰਮੇਵਾਰੀ ਵਾਲਾ ਰੋਲ ਨਿਭਾਇਆ ਜਿਸ ਕਰਕੇ ਉਸਦਾ ਪਿਤਾ ਉਸ ਤੋਂ ਬਹੁਤ ਖੁਸ਼ ਸੀ । ਸਮਾਂ ਆਪਣੀ ਚਾਲੇ ਚਲਦਾ ਗਿਆ । ਸੁਰਿੰਦਰ ਕੌਰ ਨੂੰ ਮਾਂ ਦੀ ਮੌਤ ਦਾ ਦੁੱਖ ਸੀ ਪਰ ਉਸਨੇ ਉਸਨੂੰ ਚਿਤਾਰ ਕੇ ਆਪਣੇ ਪਿਤਾ ਨੂੰ ਇਸ ਦਾ ਅਹਿਸਾਸ ਨਹੀਂ ਸੀ ਹੋਣ ਦਿੱਤਾ ।

1984 ਵਿੱਚ ਸਿੱਖਾਂ ਦੇ ਪ੍ਰਾਣਾਂ ਤੋਂ ਪਿਆਰੇ ਗੁਰਦੁਆਰਾ ਸ੍ਰੀ ਹਰਮਿੰਦਰ ਸਾਹਿਬ ਉਤੇ ਸਰਕਾਰ ਨੇ ਫੌਜੀ ਹਮਲਾ ਕਰਵਾ ਕੇ ਸਿੱਖਾਂ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ ਸਨ । ਇਸ ਘਟਨਾਂ ਮਗਰੋਂ ਦਿੱਲੀ ਤੇ ਪੰਜਾਬ ਦੇ ਸਿੱਖਾਂ ਵਿੱਚ ਕੇਂਦਰ ਸਰਕਾਰ ਪ੍ਰਤੀ ਭਾਰੀ ਰੋਸ ਸੀ । ਫੌਜੀ ਹਮਲੇ ਵਾਲੀ ਘਟਨਾ ਨੇ ਪੰਜਾਬ ਵਿੱਚ ਧੁਖਦੀ ਅੱਗ ਉਤੇ ਤੇਲ ਪਾਉਣ ਦਾ ਕੰਮ ਕੀਤਾ । ਪੰਜਾਬ ਵਿੱਚ ਹਿੰਸਕ ਵਾਰਦਾਤਾਂ ਵਧਣੀਆਂ ਸ਼ੁਰੂ ਹੋ ਗਈਆਂ ਸਨ । ਇਹਨਾਂ ਦਿਨਾਂ ਦੌਰਾਨ ਸੁਰਿੰਦਰ ਕੌਰ ਦੇ ਸਹੁਰੇ ਪਰਿਵਾਰ ਦਾ ਪਿੰਡ ਸ਼ੁਤਰਾਣਾ ਵਿਖੇ ਕਿਸੇ ਨਾਲ ਜਮੀਨ ਪਿੱਛੇ ਝਗੜਾ ਹੋ ਗਿਆ । ਉਸਦਾ ਪਤੀ ਉਸਨੂੰ ਤੇ ਬੱਚਿਆਂ ਨੂੰ ਦਿੱਲੀ ਛੱਡਕੇ ਵਾਪਸ

ਪਿੰਡ ਸ਼ੁਤਰਾਣਾ ਆ ਗਿਆ ਸੀ ।

31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਦੀ ਖ਼ਬਰ ਦਿੱਲੀ ਵਿੱਚ ਫੈਲਦਿਆਂ ਸਾਰ ਹੀ ਦਿੱਲੀ ਵਿੱਚ ਸਿੱਖਾਂ ਲਈ ਕੋਹਰਾਮ ਮੱਚ ਗਿਆ । ਹਰ ਪਾਸੇ ਕਤਲੋਗਾਰਤ, ਸਿੱਖਾਂ ਦੇ ਘਰਾਂ, ਵਪਾਰਿਕ ਅਦਾਰਿਆਂ. ਟਰਾਂਸਪੋਰਟਾਂ ਨੂੰ ਅੱਗਾਂ ਲਾਈਆ ਜਾ ਰਹੀਆਂ ਸਨ । ਸੜ ਰਹੇ ਵਾਹਨਾਂ ਤੇ ਫੈਕਟਰੀਆਂ ਤੇ ਘਰਾਂ ਦਾ ਧੂੰਆਂ ਆਕਾਸ਼ ਨੂੰ ਛੋਹ ਰਿਹਾ ਸੀ । ਹਰ ਪਾਸੇ ਗੁੰਡਾ ਗਰਦੀ ਸੀ । ਕਾਨੂੰਨ ਨਾਂ ਦੀ ਚੀਜ਼ ਨਜ਼ਰੀਂ ਨਹੀਂ ਸੀ ਆ ਰਹੀ । ਨਿਹੱਥੇ ਸਿੱਖਾਂ ਨੂੰ ਬੇ-ਰਹਿਮੀ ਨਾਲ ਮਾਰਿਆ ਜਾ ਰਿਹਾ ਸੀ । ਸਰਕਾਰ ਦੇ ਇਸ਼ਾਰਿਆਂ ਉਤੇ ਗੁੰਡੇ ਅਕਸਰ ਸਿੱਖਾਂ ਦੇ ਘਰ ਲੁੱਟਦੇ ਹੋਏ ਉਹਨਾਂ ਦੀਆਂ ਔਰਤਾਂ ਤੇ ਧੀਆਂ-ਭੈਣਾਂ ਦੀਆਂ ਇੱਜ਼ਤਾਂ ਨਾਲ ਖਿਲਵਾੜ ਕਰ ਰਹੇ ਸੀ । ਇਸ ਮੌਕੇ ਸੁਰਿੰਦਰ ਕੌਰ ਸਿਆਣਪ ਤੋਂ ਕੰਮ ਲੈਂਦੀ ਹੋਈ ਆਪਣੇ ਬੱਚੇ ਸਮੇਤ ਦੋਵੇਂ ਭਰਾਵਾਂ ਦੇ ਪਰਿਵਾਰਾਂ ਨੂੰ ਨਾਲ ਲੈ ਕੇ ਕਿਸੇ ਦੇ ਘਰ ਚਲੀ ਗਈ । ਲੁਟੇਰਿਆਂ ਨੇ ਨੋਨੀ ਰੋਡ ਉਤੇ ਸਥਿਤ ਉਹਨਾਂ ਦੇ ਘਰ ਦੀ ਲੁੱਟ ਕਰਨ ਮਗਰੋਂ ਘਰ ਨੂੰ ਅੱਗ ਲਾ ਦਿੱਤੀ ਸੀ । ਇਸ ਕਤਲੇਆਮ ਵਿੱਚ ਘਰੋਂ ਬਾਹਰ ਗਏ ਸੁਰਿੰਦਰ ਕੌਰ ਦੇ 4 ਮੈਂਬਰ ਦਰਿੰਦਿਆਂ ਦੀ ਦਰਿੰਦਗੀ ਦਾ ਸ਼ਿਕਾਰ ਹੋ ਗਏ ਸਨ ਜਿਹਨਾਂ ਵਿੱਚ ਸੁਰਿੰਦਰ ਕੌਰ ਦਾ ਪਿਤਾ ਕਾਲਾ ਸਿੰਘ, ਪੁੱਤਰ ਖੁਸ਼ਹਾਲ ਸਿੰਘ, ਉਸਦਾ ਤਾਇਆ ਹਰਨਾਮ ਸਿੰਘ ਜਿਸ ਨੇ ਵਿਆਹ ਹੀ ਨਹੀਂ ਸੀ ਕਰਵਾਇਆ । ਉਸਦੇ ਭਰਾ ਗੁਰਮੁੱਖ ਸਿੰਘ ਤੇ ਸੁਰਿੰਦਰ ਸਿੰਘ ਦੀ ਮੌਤ ਹੋ ਗਈ ।

ਤਿੰਨ ਪਰਿਵਾਰਾਂ ਦੀ ਜ਼ਿੰਮੇਵਾਰੀ ਉਸਦੇ ਸਿਰ ਆਣ ਪਈ । ਉਸਨੇ ਹੌਂਸਲਾ ਨਹੀਂ ਹਾਰਿਆ । ਆਪਣੀਆਂ ਭਰਜਾਈਆਂ ਨੂੰ ਅਕਾਲ ਪੁਰਖ ਦਾ ਭਾਣਾ ਮੰਨਣ ਦੀ ਪ੍ਰੇਰਣਾ ਕਰਦਿਆਂ ਹੋਇਆਂ ਉਹਨਾਂ ਨੂੰ ਨਾਲ ਲੈ ਕੇ ਪਿੰਡ ਸ਼ੁਤਰਾਣੇ ਆ ਗਈ । ਸਭ ਕੁਝ ਲੁੱਟਿਆ-ਪੁਟਿਆ ਜਾਣ ਮਗਰੋਂ ਗੁਜਾਰਾ ਕਰਨਾ ਮੁਸ਼ਕਲ ਹੋ ਗਿਆ । ਬਲਵੰਤ ਸਿੰਘ ਨੇ ਸੁਰਿੰਦਰ ਕੌਰ ਦੀ ਹਰ ਗੱਲ ਉਤੇ ਫੁੱਲ ਚੜਾਉਂਦਿਆਂ ਹੋਇਆਂ ਕਦੇ ਕਿਸੇ ਚੀਜ਼ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ । ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਕਤ ਪੰਜ ਮੌਤਾਂ ਨੇ ਸੁਰਿੰਦਰ ਕੌਰ ਤੇ ਬਲਵੰਤ ਸਿੰਘ ਨੂੰ ਮਾਨਸਿਕ ਤੌਰ ਉਤੇ ਪੂਰੀ ਤਰ੍ਹਾਂ ਤੋੜ ਦਿੱਤਾ ਸੀ ਪਰ ਉਹਨਾਂ ਨੂੰ ਦਿੱਲੀ ਕਾਂਡ ਕਰਕੇ ਮਿਲ ਰਹੀ ਹਮਦਰਦੀ ਤੇ ਸਿੱਖ ਇਤਿਹਾਸ ਵਿਚਲੀਆਂ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਹਨ ਜੋ ਉਹਨਾਂ ਨੂੰ ਸਰੀਰਕ ਤੇ ਵਿਚਾਰਧਾਰਕ ਤੌਰ ਉਤੇ ਮਜ਼ਬੂਤੀ ਪ੍ਰਦਾਨ ਕਰ ਰਹੀਆਂ ਸਨ । ਸੁਰਿੰਦਰ ਕੌਰ ਦੀਆਂ ਭਰਜਾਈਆਂ ਜਦੋਂ ਦਿੱਲੀ ਘਟਨਾ ਨੂੰ ਲੈ ਕੇ ਉਦਾਸ ਹੁੰਦੀਆਂ ਤਾਂ ਉਹ ਕਹਿੰਦੀ, " ਇਹ ਆਪਣੇ ਨਾਲ ਹੀ ਨਹੀ ਵਾਪਰਿਆ, ਸਮੁੱਚੀ ਸਿੱਖ ਕੌਮ ਇਹ ਸੰਤਾਪ ਹੰਢਾ ਰਹੀ ਹੈ । ਆਪਣੀ ਹੋਂਦ ਬਚਾਉਣ ਲਈ ਮੁੱਢ-ਕਦੀਮ ਤੋਂ ਸਿੱਖ

ਕੁਰਬਾਨੀਆਂ ਕਰਦੇ ਆਏ ਹਨ ਜਿਸ ਦੀ ਕੀਮਤ ਸਿੱਖਾਂ ਨੂੰ ਅਜਿਹੀਆਂ ਘਟਨਾਵਾਂ ਦੇ ਸ਼ਿਕਾਰ ਹੋ ਕੇ ਉਤਾਰਨੀ ਪਈ ਹੈ ।

ਇਸ ਘਟਨਾ ਤੋਂ ਮਗਰੋਂ ਉਹਨਾਂ ਦਾ ਪਰਿਵਾਰ ਪੂਰੀ ਤਰ੍ਹਾਂ ਆਪਣੇ ਪੈਰਾਂ ਉਤੇ ਖੜਾ ਵੀ ਨਹੀਂ ਸੀ ਹੋਇਆ ਕਿ ਸੁਰਿੰਦਰ ਕੌਰ ਦੇ ਸਹੁਰਾ ਪਰਿਵਾਰ ਦੀ ਜ਼ਮੀਨ ਬਦਲੇ ਪਿੰਡ ਵਿੱਚ ਹੀ ਕਿਸੇ ਨਾਲ ਲੜਾਈ ਹੋ ਗਈ । ਮਾਮਲਾ ਥਾਣੇ ਤੱਕ ਚਲਾ ਗਿਆ । ਵਿਰੋਧੀ ਧਿਰ ਨੇ ਪੰਜਾਬ ਦੇ ਖਰਾਬ ਹੋ ਰਹੇ ਹਾਲਾਤਾਂ ਦਾ ਫਾਇਦਾ ਉਠਾਉਂਦਿਆਂ ਪਾਤੜਾਂ ਪੁਲੀਸ ਨਾਲ ਗੰਢ-ਤੁੱਪ ਕਰਕੇ ਉਹਨ੍ਹਾਂ ਨੂੰ ਦਬਾਉਣਾ ਸ਼ੁਰੂ ਕਰ ਦਿੱਤਾ । ਇਸ ਕੇਸ ਦੀ ਅਗਵਾਈ ਕਰਦੇ ਉਸਦੇ ਦਿਉਰ ਨਛੱਤਰ ਸਿੰਘ ਨੂੰ ਫੜਕੇ ਥਾਣਾ ਇੰਚਾਰਜ ਗੁਰਨਾਮ ਸਿੰਘ ਨੇ ਉਸ ਉਤੇ ਅਣ-ਮਨੁੱਖੀ ਤਸ਼ੱਦਦ ਕੀਤਾ । ਨਛੱਤਰ ਸਿੰਘ ਦੇ ਮਾਤਾ ਪਿਤਾ ਤੇ ਭੈਣ-ਭਰਾਵਾਂ ਨੇ ਬੈਠ ਕੇ ਵਿਰੋਧੀ ਧਿਰ ਨਾਲ ਨਛੱਤਰ ਸਿੰਘ ਤੋਂ ਬਾਹਰੇ ਹੋ ਕੇ ਸਮਝੌਤਾ ਕਰਕੇ ਉਸਨੂੰ ਛੁਡਾ ਲਿਆ । ਫੈਸਲਾ ਹੋਇਆ ਕਿ ਜ਼ਮੀਨ ਦਾ ਕੇਸ ਚੱਲਦਾ ਰਹੇਗਾ । ਥਾਣੇਦਾਰ ਨੇ ਨਛੱਤਰ ਸਿੰਘ ਨੂੰ ਛੱਡਣ ਲੱਗਿਆ ਕਿਹਾ , "ਤੂੰ ਘਰ ਦਾ ਚੌਧਰੀ ਬਣਿਆ ਫਿਰਦਾ ਹੈਂ ਤੈਨੂੰ ਅੱਤਵਾਦੀ ਬਣਾ ਕੇ ਮਾਰਾਂਗਾ" । ਉਸਨੇ ਘਰ ਜਾ ਕੇ ਇਹ ਗੱਲ ਕਰਦਿਆਂ ਝਗੜਾ ਕੀਤਾ । ਉਸ ਸਮੇਂ ਉਸਦੀ ਗੱਲ ਵੱਲ ਕਿਸੇ ਨੇ ਧਿਆਨ ਨਾ ਦਿੱਤਾ । ਸੁਰਿੰਦਰ ਕੌਰ ਨੇ ਦਿਉਰ ਦੀ ਤਰਫਦਾਰੀ ਕਰਦਿਆਂ ਆਪਣੇ ਪਤੀ ਨੂੰ ਸਮਝਾਇਆ, "ਇਸ ਦੀ ਗੱਲ ਵਿੱਚ ਵਜ਼ਨ ਹੈ ।"

ਇਸ ਘਟਨਾ ਤੋਂ ਕੁਝ ਦਿਨ ਮਗਰੋਂ ਪੁਲੀਸ ਨੇ ਫੇਰ ਨਛੱਤਰ ਸਿੰਘ ਨੂੰ ਘਰੋਂ ਚੁੱਕ ਲਿਆ । ਅਣਮਨੁੱਖੀ ਤਸ਼ੱਦਦ ਕੀਤਾ ਇਸ ਤੋਂ ਮਗਰੋਂ ਚੁੱਕ-ਚੁਕਾਈ ਦਾ ਮਾਮਲਾ ਸ਼ੁਰੂ ਹੋ ਗਿਆ । ਪੁਲੀਸ ਦਾ ਸਤਾਇਆ ਹੋਇਆ ਉਹ ਇਹ ਕਹਿ ਕੇ ਘਰੋਂ ਭੱਜ ਗਿਆ ਕਿ ਰੋਜ਼-ਰੋਜ਼ ਬਿਨਾ ਵਜ੍ਹਾ ਪੁਲੀਸ ਦੀਆਂ ਡਾਂਗਾਂ ਨਹੀਂ ਖਾਈਆਂ ਜਾਂਦੀਆਂ । ਘਰ ਉਤੇ ਪੁੱਠਾ ਚੱਕਰ ਫੇਰ ਚੱਲ ਪਿਆ । ਨਛੱਤਰ ਸਿੰਘ ਬਦਲੇ ਪੁਲੀਸ ਹੋਰ ਮੈਂਬਰਾਂ ਨੂੰ ਘਰੋਂ ਚੁੱਕ ਕੇ ਉਹਨਾਂ ਤੇ ਜ਼ੁਲਮ ਕਰਨ ਲੱਗ ਪਈ । ਪੰਜਾਬ ਵਿੱਚ ਚੱਲ ਰਹੀ ਕਾਲੀ ਹਨੇਰੀ ਦੌਰਾਨ ਪੁਲੀਸ ਨੂੰ ਮਿਲੇ ਵੱਧ ਅਧਿਕਾਰਾਂ ਦਾ ਨਜਾਇਜ਼ ਫਾਇਦਾ ਉਠਾਉਂਦਿਆਂ ਪੁਲੀਸ ਨੇ ਸੁਰਿੰਦਰ ਕੌਰ ਦੇ ਪਤੀ ਬਲਵੰਤ ਸਿੰਘ, ਉਸਦੇ ਭਰਾ ਕਸ਼ਮੀਰ ਸਿੰਘ, ਅਮਰੀਕ ਸਿੰਘ, ਰਜਵੰਤ ਸਿੰਘ, ਵਜ਼ੀਰ ਸਿੰਘ ਨੂੰ ਚੁੱਕ ਲਿਆ । ਸੁਰਿੰਦਰ ਕੌਰ ਇਹਨਾਂ ਨੂੰ ਛੁਡਾਉਣ ਲਈ ਪੈਰਵੀ ਕਰ ਰਹੀ ਸੀ । ਆਖਰ ਉਸਨੇ ਪੰਜਾਬ ਪੁਲੀਸ ਦੇ ਡਾਇਰੈਕਟਰ ਜਰਨਲ ਜੇ.ਐਫ.ਰਿਬੈਰੋ ਨਾਲ ਸੰਪਰਕ ਕਰਕੇ ਇਹਨਾਂ ਸਾਰਿਆਂ ਨੂੰ ਪੁਲੀਸ ਤੋਂ ਛੁਡਾ ਲਿਆ । ਪੁਲੀਸ ਨੂੰ ਇਹਨਾਂ ਤੋਂ ਇਲਾਵਾ ਸੁਰਿੰਦਰ ਕੌਰ ਵੀ ਰੜਕਣ ਲੱਗ ਪਈ ।

ਪੁਲੀਸ ਨੇ ਇਸ ਪਰਿਵਾਰ ਉਤੇ ਆਪਣੇ ਜ਼ੁਲਮ ਦਾ ਡੰਡਾ ਜਾਰੀ ਰੱਖਿਆ । ਸੁਰਿੰਦਰ ਕੌਰ ਦਾ ਦਿਉਰ ਅਮਰੀਕ ਸਿੰਘ ਜਿਹੜਾ ਬਾਦਸ਼ਾਹਪੁਰ ਪ੍ਰਾਈਵੇਟ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਉਂਦਾ ਸੀ ਉਹ ਪੁਲੀਸ ਤੋਂ ਡਰਦਾ ਹੋਇਆ ਪਿੰਡ ਛੱਡ ਕੇ ਮੁਹਾਲੀ ਕਿਸੇ ਪ੍ਰਾਈਵੇਟ ਫੈਕਟਰੀ 'ਚ ਨੌਕਰੀ ਕਰਨ ਲੱਗ ਪਿਆ ਸੀ । ਇਕ ਦਿਨ ਜਦੋਂ ਉਹ ਸਾਇਕਲ ਤੇ ਫੈਕਟਰੀ ਜਾ ਰਿਹਾ ਸੀ ਤਾਂ ਪੁਲੀਸ ਨੇ ਉਸਨੂੰ ਰਸਤੇ ਵਿੱਚੋਂ ਚੁੱਕ ਲਿਆ । ਮੁੜ ਕੇ ਉਸਦਾ ਪਤਾ ਨਹੀਂ ਲੱਗਿਆ । ਉਸ ਲਈ ਸੁਰਿੰਦਰ ਕੌਰ ਵੱਲੋਂ ਕੀਤੀ ਭੱਜ-ਦੌੜ ਇਸ ਵਾਰੀ ਕੰਮ ਨਾ ਆਈ । ਕੁਝ ਸਮੇਂ ਮਗਰੋਂ ਉਸਦੇ ਇਕ ਹੋਰ ਦਿਉਰ ਕਸ਼ਮੀਰ ਸਿੰਘ ਜੋ ਪਿੰਡ ਵਿੱਚ ਮੋਟਰਾਂ ਬੰਨਣ ਦਾ ਕੰਮ ਕਰਦਾ ਪੁਲੀਸ ਨੇ ਉਸਨੂੰ ਪਿੰਡ ਵਿੱਚ ਹੀ ਗੋਲੀਆਂ ਮਾਰਕੇ ਮਾਰ ਦਿੱਤਾ ਉਸ ਦਾ ਪਤਾ ਲੈਣ ਗਏ ਉਸਦੇ ਪਿਤਾ ਲਾਲ ਸਿੰਘ ਨੂੰ ਪੁਲੀਸ ਚੌਕੀ ਵਿੱਚ ਹੀ ਬੰਦ ਕਰ ਲਿਆ ਮੁੜ ਕੇ ਉਸ ਬਾਰੇ ਵੀ ਕੁੱਝ ਨਾ ਦੱਸਿਆ ।

ਸੁਰਿੰਦਰ ਕੌਰ ਦੇ ਪਤੀ ਬਲਵੰਤ ਸਿੰਘ ਨੂੰ ਸੀ.ਆਈ.ਏ. ਸਮਾਣਾ ਨੇ ਚੁੱਕ ਲਿਆ । ਉਸਨੂੰ ਰੁੱਖ ਨਾਲ ਪੁੱਠਾ ਲਮਕਾ ਕੇ ਪੁਲੀਸ ਕਈ ਦਿਨ ਅਣਮਨੁੱਖੀ ਤਸ਼ੱਦਦ ਕਰਦੀ ਹੋਈ ਉਹਨਾਂ ਤੋਂ ਨਛੱਤਰ ਸਿੰਘ ਤੇ ਅਮਰੀਕ ਸਿੰਘ ਬਾਰੇ ਪੁੱਛਦੀ ਰਹੀ । ਉਹਨਾਂ ਦੇ ਪੈਰਾਂ ਨੂੰ ਬੇੜੀਆਂ ਲਾ ਦਿੱਤੀਆਂ ਸਨ । ਆਖਰ ਸੁਰਿੰਦਰ ਕੌਰ ਦੀ ਮਿਹਨਤ ਰੰਗ ਲਿਆਈ । ਉਸਨੇ ਆਪਣੇ ਪਤੀ ਨੂੰ ਛੁਡਾ ਲਿਆ । ਇਸ ਉਪਰੰਤ ਉਸਦੀ ਨਣਦ ਸੁਰਜੀਤ ਕੌਰ ਪਰਿਵਾਰ ਉਤੇ ਆ ਰਹੀਆਂ ਮੁਸੀਬਤਾਂ ਨੂੰ ਸਹਿਣ ਨਾ ਕਰਦੀ ਹੋਈ ਦਮ ਤੋੜ ਗਈ ।

ਇਸ ਘਟਨਾ ਮਗਰੋਂ ਬਲਵੰਤ ਸਿੰਘ, ਸੁਰਿੰਦਰ ਕੌਰ ਤੇ ਬੱਚਿਆਂ ਨੂੰ ਨਾਲ ਲੈ ਕੇ ਆਨੰਦਪੁਰ ਸਾਹਿਬ ਚਲਾ ਗਿਆ ਬਾਬੇ ਬਲਕਾਰ ਸਿੰਘ ਕੋਲ ਰਹਿਣਾ ਸ਼ੁਰੂ ਕਰ ਦਿੱਤਾ ਉਥੋਂ ਜਦੋਂ ਪੁਲੀਸ ਦਾ ਜੋਰ ਵੱਧ ਗਿਆ ਇਕ ਦਿਨ ਸੁਰਿੰਦਰ ਕੌਰ ਨੇ ਆਪਣੇ ਪਤੀ ਨੂੰ ਕਿਹਾ, " ਤੁਸੀਂ ਇਥੋਂ ਨਿਕਲ ਜਾਉ ਨਹੀਂ ਤਾਂ ਪੁਲੀਸ ਨੇ ਤੁਹਾਡੇ ਪਿਤਾ ਲਾਲ ਸਿੰਘ ਤੇ ਤੁਹਾਡੇ ਭਰਾ ਅਮਰੀਕ ਸਿੰਘ, ਕਸ਼ਮੀਰ ਸਿੰਘ ਵਾਂਗ ਝੂਠਾ ਮੁਕਾਬਲਾ ਬਣਾ ਦੇਣਾ ਹੈ ।" ਉਹ ਚਲੇ ਗਏ ।

ਇਸ ਗੱਲ ਨੂੰ ਕੁੱਝ ਹੀ ਦਿਨ ਬੀਤੇ ਸੀ ਇਕ ਦਿਨ ਉਹ ਆਪਣੀ ਭਰਜਾਈ ਨੂੰ ਮਿਲਣ ਗਈ ਪਹਿਲਾਂ ਤਾਂ ਉਹ ਕਹਿੰਦੀ ਸੀ ਉਸ ਦਾ ਕੋਈ ਬਾਕੀ ਨਹੀਂ ਪਰ ਉਸ ਦਿਨ ਪੁਲੀਸ ਨੇ ਸਿਵਲ ਵਰਦੀ ਵਿੱਚ ਉਸਦਾ ਪਿੱਛਾ ਕੀਤਾ ਜਦੋਂ ਉਹ ਉਥੋਂ ਵਾਪਸ ਆਈ ਤਾਂ ਪੁਲੀਸ ਨੇ ਉਸਦੀ ਭਰਜਾਈ ਨੂੰ ਚੁੱਕ ਲਿਆ ਤੇ ਉਸ ਦੇ ਆਉਣ ਤੋਂ ਪਹਿਲਾਂ ਆਨੰਦਪੁਰ ਆਣ ਪਹੁੰਚੀ ਤੇ ਸੁਰਿੰਦਰ ਕੌਰ ਦੇ ਬੱਚਿਆਂ ਤੋਂ ਸੁਰਿੰਦਰ ਕੌਰ ਬਾਰੇ ਪੁੱਛਿਆ ਤਾਂ ਉਹਨਾਂ ਕਿਹਾ, " ਸਾਨੂੰ ਪਤਾ ਨਹੀਂ, ਉਹ ਸਵੇਰ ਦੀ ਗਈ ਹੋਈ ਹੈ ।" ਪੁਲੀਸ ਪਾਰਟੀ ਦੇ ਜਾਣ

ਮਗਰੋਂ ਉਹ ਡੇਰੇ ਆ ਗਈ । ਜਦੋਂ ਬੱਚਿਆਂ ਨੇ ਉਸ ਨੂੰ ਦੱਸਿਆ ਕਿ ਮਾਮੀ ਨੂੰ ਕੁੱਝ ਬੰਦੇ ਇਥੇ ਲੈ ਕੇ ਆਈ ਸੀ ਪਰ ਉਹ ਲੱਗਦੇ ਪੁਲੀਸ ਵਾਲੇ ਸੀ । ਉਹ ਸਮਝ ਗਈ ਇਹ ਸਭ ਕੁਝ ਪੁਲੀਸ ਹੀ ਕਰ ਰਹੀ ਹੈ । ਅਗਲੇ ਦਿਨ ਉਹ ਫੇਰ ਮੁਹਾਲੀ ਚਲੀ ਗਈ ਉਸਨੇ ਆਪਣੀ ਭਰਜਾਈ ਨੂੰ ਸਮਝਾ ਦਿੱਤਾ । ਉਹ ਪੁਲੀਸ ਨੂੰ ਕਹੇ ਕਿ ਉਸਦਾ ਤਾਂ ਇਸ ਨਾਲ ਬੋਲ-ਚਾਲ ਹੀ ਨਹੀਂ ਇੰਨੇ ਨੂੰ ਪੁਲੀਸ ਦੀ ਗੱਡੀ ਆਈ ਉਸਨੇ ਉਸ ਮਕਾਨ ਨੂੰ ਘੇਰਾ ਪਾ ਲਿਆ । ਸੁਰਿੰਦਰ ਕੌਰ ਨੇ ਆਪਣੀ ਭਰਜਾਈ ਨੂੰ ਕਿਹਾ, " ਤੂੰ ਘਰੋਂ ਬਾਹਰ ਨਿਕਲ ਕੇ ਕਹਿੰਦੇ ਮੇਰੀ ਨਣਾਨ ਕਮਰੇ ਵਿੱਚ ਹੈ ਉਸਨੂੰ ਕਾਬੂ ਕਰ ਲਉ । ਇਸ ਤਰ੍ਹਾਂ ਘੱਟੋ ਘੱਟ ਤੇਰੀ ਜਾਨ ਛੁੱਟ ਜਾਵੇਗੀ।" ਉਸਨੇ ਇਸ ਤਰ੍ਹਾਂ ਹੀ ਕੀਤਾ । ਕੁਝ ਦੇਰ ਮਗਰੋਂ ਪੁਲੀਸ ਨੇ ਅੰਦਰ ਪਰਵੇਸ਼ ਕੀਤਾ ਤੇ ਪੁੱਛਿਆ, "ਘਰ ਦੇ ਮਾਲਕ ਕਿੱਥੇ ਹਨ ?" ਉਸਨੇ ਕਿਹਾ, "ਮੈਨੂੰ ਤਾਂ ਪਤਾ ਨਹੀਂ ।" ਫੇਰ ਉਹਨਾਂ ਪੁੱਛਿਆ, "ਤੂੰ ਸੁਰਿੰਦਰ ਕੌਰ ਨਛੱਤਰ ਦੀ ਭਰਜਾਈ ਤਾਂ ਨਹੀਂ?" ਉਸਨੇ ਹਾਂ ਕਰ ਦਿੱਤੀ । ਜਦੋਂ ਪੁਲੀਸ ਉਸ ਨੂੰ ਫੜਕੇ ਲੈ ਜਾ ਰਹੀ ਸੀ ਤਾਂ ਸੁਰਿੰਦਰ ਕੌਰ ਨੇ ਰੋਸ ਜਾਹਰ ਕਰਨ ਵੱਜੋਂ ਆਪਣੀ ਭਰਜਾਈ ਦੇ ਬਚਾਉ ਲਈ ਉਸ ਵੱਲ ਇਸ਼ਾਰਾ ਕਰਦਿਆਂ ਕਿਹਾ, " ਤੂੰ ਚੰਗੀ ਨਹੀਂ ਕੀਤੀ, ਮੈਨੂੰ ਘਰ ਸਦ ਕੇ ਫੜਾਇਆ ਹੈ। ਤੂੰ ਸੁਖੀ ਵੱਸ ਮੈਂ ਤਾਂ ਦੁੱਖ ਝੱਲ ਲਵਾਂਗੀ ।"

ਟੀਮ ਦੀ ਅਗਵਾਈ ਸੀ.ਆਈ.ਏ. ਸਟਾਫ ਸਮਾਣਾ ਦਾ ਇੰਚਾਰਜ ਗੁਰਮੇਲ ਸਿੰਘ ਕਰ ਰਿਹਾ ਸੀ ਰਾਤ ਨੂੰ ਉਹ ਸਮਾਣੇ ਆ ਗਏ । ਉਸਨੂੰ ਇਕ ਹੌਲਦਾਰ ਦੇ ਖਾਲੀ ਪਏ ਕਮਰੇ ਵਿੱਚ ਬੰਦ ਕਰ ਦਿੱਤਾ । ਰਾਤ ਨੂੰ ਉਸ ਨੇ ਬੂਹਾ ਖੋਲ੍ਹ ਕੇ ਭੱਜਣ ਬਾਰੇ ਸੋਚਿਆ ਪਰ ਸੁਰੱਖਿਆ ਪ੍ਰਬੰਧ ਮਜ਼ਬੂਤ ਹੋਣ ਕਰਕੇ ਉਹ ਅਸਫਲ ਰਹੀ । ਸਵੇਰੇ ਉਹਨਾਂ ਦੇ ਕਮਰੇ ਵਿੱਚ ਚਾਹ ਲੈ ਕੇ ਆਏ ਵਿਅਕਤੀ ਨੇ ਦੱਸਿਆ, "ਬੀਬੀ ਜੀ ਆਪ ਨੂੰ ਪੁਲੀਸ ਵਾਲੇ ਮਾਰ ਦੇਣਗੇ, ਆਪ ਕੋਈ ਪ੍ਰਬੰਧ ਕਰ ਲਉ ।" ਉਸਨੇ ਇਹ ਗੱਲ ਸੁਣ ਕੇ 'ਵਾਹਿਗੁਰੂ' ਨੂੰ ਯਾਦ ਕਰਦਿਆਂ ਅੰਗ-ਸੰਗ ਸਹਾਈ ਹੋ ਕੇ ਮਦਦ ਕਰਨ ਦੀ ਅਰਦਾਸ ਕੀਤੀ । ਉਸ ਦਿਨ ਵੀਰਵਾਰ ਸੀ, ਸੀ.ਆਈ.ਸਟਾਫ ਵਿੱਚ ਉਸ ਦਿਨ ਕਿਸੇ ਨੂੰ ਕੁੱਟਿਆ ਮਾਰਿਆ ਨਹੀਂ ਸੀ ਜਾਂਦਾ, ਇੰਚਾਰਜ ਨੇ ਆਪਣੇ ਮੁਲਾਜ਼ਮਾਂ ਨੂੰ ਕਿਹਾ, "ਇਸ ਨੂੰ ਰੋਟੀ ਖਵਾ ਦਿਉ, ਫੇਰ ਗੁਰਦਿਆਲਪੁਰਾ ਬੀੜ ਵਿੱਚ ਲੈ ਕੇ ਜਾਣਾ ਹੈ ਜੇ ਉਥੇ ਮਰ ਗਈ ਤਾਂ ਉਥੇ ਹੀ ਖਪਾ ਦੇਵਾਂਗੇ ।"

ਇੰਚਾਰਜ ਦੇ ਮੂੰਹੋਂ ਇਹ ਗੱਲ ਸੁਣ ਕੇ ਉਸਨੂੰ ਇਕ ਅਜਿਹਾ ਝਟਕਾ ਲੱਗਿਆ ਉਹ ਦੁੱਖਾਂ ਦੀ ਮਾਰੀ ਹੋਈ ਬੇਹੋਸ਼ ਹੋ ਕੇ ਡਿੱਗ ਪਈ । ਪੁਲੀਸ ਨੂੰ ਹੱਥਾਂ-ਪੈਰਾਂ ਦੀ ਪੈ ਗਈ । ਉਹਨਾਂ ਤੁਰੰਤ ਹੀ ਇਕ ਡਾਕਟਰ ਬੁਲਾਇਆ ਜਿਸਦੇ ਕੋਲ ਡੰਗਰਾਂ ਨੂੰ ਲਾਉਣ ਵਾਲੀ


ਮੋਟੀ ਜਿਹੀ ਸਰਿੰਜ ਸੀ ਉਸਨੇ ਭਰਕੇ ਇਕ ਟੀਕਾ ਉਸਦੀ ਬਾਂਹ ਦੀ ਨਾੜੀ ਵਿੱਚ ਲਾਇਆ ਥੋੜੀ ਦੇਰ ਮਗਰੋਂ ਉਸਨੂੰ ਪਤਾ ਲੱਗਿਆ ਉਸ ਵਿੱਚ ਇੰਨੀ ਤਾਕਤ ਕਿੱਥੋਂ ਆ ਗਈ । ਪੁਲੀਸ ਕਰਮਚਾਰੀ ਆਪਣੇ ਧਿਆਨੇ ਲੱਗੇ ਹੋਏ ਕੰਮ ਕਾਰ ਕਰ ਰਹੇ ਸੀ । ਮੌਕੇ ਦਾ ਫਾਇਦਾ ਉਠਾਂਦੀ ਹੋਈ ਉਹ 10 ਫੁੱਟ ਦੇ ਕਰੀਬ ਉੱਚੀ ਕੰਧ ਤੋਂ ਛਾਲ ਮਾਰਕੇ ਸੀ.ਆਈ.ਸਟਾਫ ਦੇ ਆਸ ਪਾਸ ਬਣੀਆਂ ਝਾੜੀਆਂ ਵਿੱਚ ਜਾ ਲੁਕੀ । ਜਦੋਂ ਪੁਲੀਸ ਵਾਲਿਆਂ ਨੂੰ ਇਸ ਗੱਲ ਦਾ ਪਤਾ ਲੱਗਿਆ ਉਹਨਾਂ ਕਈ ਗੋਲੀਆਂ ਚਲਾਈਆਂ ਤੇ ਕਾਫੀ ਭੱਜ-ਦੌੜ ਕੀਤੀ । ਉਹ ਅਡੋਲ ਉਥੇ ਹੀ ਬੈਠੀ ਰਹੀ । ਮੌਕਾ ਮਿਲਦੇ ਹੀ ਸਮਾਣਾ ਦੇ ਬੱਸ ਅੱਡੇ ਉਤੇ ਆ ਕੇ ਬੱਸ ਚੜੀ ਤੇ ਸ੍ਰੀ ਅਨੰਦਪੁਰ ਸਾਹਿਬ ਚਲੀ ਗਈ । ਕੁਝ ਦਿਨਾਂ ਮਗਰੋਂ ਜਿਸ ਡੇਰੇ ਵਿੱਚ ਉਹ ਰਹਿੰਦੀ ਸੀ ਉਸ ਡੇਰੇ ਦੇ ਮੁਖੀ ਬਾਬਾ ਬਲਕਾਰ ਸਿੰਘ ਨੇ ਉਸਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਡੀ.ਐਸ.ਪੀ.ਦੀ ਕੋਠੀ ਜਾ ਕੇ ਪੇਸ਼ ਕਰ ਦਿੱਤਾ ਸੀ । ਕੁੱਝ ਪੁੱਛ-ਗਿੱਛ ਕਰਕੇ ਉਸਨੂੰ ਉਹਨਾਂ ਛੱਡ ਦਿੱਤਾ ।

ਇਸ ਦਰਦਨਾਕ ਕਹਾਣੀ ਮਗਰੋਂ ਸੁਰਿੰਦਰ ਕੌਰ ਨੇ ਸ੍ਰ. ਸਿਮਰਨਜੀਤ ਸਿੰਘ ਮਾਨ ਕੋਲ ਗੁਰੂ ਘਰ ਵਿੱਚ ਨੌਕਰੀ ਦਿਵਾਉਣ ਦੀ ਬੇਨਤੀ ਕੀਤੀ ਉਹਨਾਂ ਇਕ ਪੱਤਰ ਦਿੱਤਾ ਜਿਸਦੇ ਅਧਾਰ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਉਹਨਾਂ ਨੂੰ ਗੁਰਦੁਆਰਾ ਸ੍ਰੀ ਕੀਤਰਪੁਰ ਸਾਹਿਬ (ਪਤਾਲਪੁਰੀ) ਵਿੱਚ ਨੌਕਰੀ ਦੇ ਦਿੱਤੀ । ਨੌਕਰੀ ਮਿਲਣ ਮਗਰੋਂ ਸੁਰਿੰਦਰ ਕੌਰ ਨੇ ਆਪਣੇ ਪਰਿਵਾਰ ਨਾਲ ਉਥੇ ਰਹਿਣਾ ਸ਼ੁਰੂ ਕਰ ਦਿੱਤਾ ਸੀ । ਕਾਲੇ ਦਿਨਾਂ ਦੇ ਸੰਤਾਪ ਕਰਕੇ ਉਹ ਆਪਣੇ ਦੋ ਪੁੱਤਰਾਂ ਦੀ ਪੜ੍ਹਾਈ ਨਹੀਂ ਕਰਵਾ ਸਕੀ ਪਰ ਉਨ੍ਹਾਂ ਦੀ ਸ਼ਾਦੀ ਕਰ ਦਿੱਤੀ ਹੈ । ਉਸ ਦੀ ਧੀ. ਪੀ.ਐਚ.ਡੀ. ਕਰ ਰਹੀ ਹੈ । ਉਸਦਾ ਪਤੀ ਪੁਲੀਸ ਤਸ਼ੱਦਦ ਦਾ ਝੰਬਿਆ ਹੋਇਆ ਬਹੁਤਾ ਕੰਮ ਕਾਰ ਨਹੀਂ ਕਰ ਸਕਦਾ । ਸੁਰਿੰਦਰ ਕੌਰ ਤੇ ਉਸਦਾ ਪਤੀ ਬਲਵੰਤ ਸਿੰਘ ਅੱਜ ਬੀਤੇ ਨੂੰ ਯਾਦ ਕਰਕੇ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਕਰਦੇ ਹਨ ਜਿਸਦੀ ਕ੍ਰਿਪਾ ਸਦਕਾ ਉਹ ਜਿਉਂਦੇ ਹਨ ।

## ਭਾਈ ਜ਼ੋਗਾ ਸਿੰਘ ਖਾਨਪੁਰ ਦਾ ਕੁਨਬਾ ਹਿੰਦੁਸਤਾਨੀ ਦਰਿੰਦਿਆਂ ਦੀ ਦਰਿੰਦਗੀ ਦਾ ਬਣਿਆ ਸ਼ਿਕਾਰ



ਸ. ਬਚਨ ਸਿੰਘ (ਪਿਤਾ)



ਬੀਬੀ ਦਰਸ਼ਨ ਕੌਰ (ਮਾਤਾ)



ਮਦਨਜੀਤ ਕੌਰ (ਭੈਣ)



ਬੀਬੀ ਹਰਜਿੰਦਰ ਕੌਰ (ਚਾਚੀ) ਤੇ
ਉਸ ਦੀ ਦੁੱਧ ਚੁੰਘਦੀ ਬੱਚੀ ਗੁਰਜੰਟ ਕੌਰ



ਮਾਸੂਮ ਰਾਜਵੀਰ ਕੌਰ ਰਸੋਈ ਦੀ ਸੈਲਫ ਥੱਲੇ ਜਾ ਲੁਕੀ
ਪਰ ਦਰਿੰਦਿਆਂ ਨੇ ਉਥੇ ਜਾ ਕੇ ਮਾਰ ਦਿੱਤੀ



ਮਾਸੂਮ ਯਾਦਵਿੰਦਰ ਸਿੰਘ

# ਕੁਨਬੇ ਦੀ ਦਰਦਨਾਕ ਕਹਾਣੀ

ਕਾਲੇ ਦਿਨਾਂ ਦੌਰਾਨ ਜੋ ਅੱਤਿਆਚਾਰ ਜਬਰ ਜ਼ੁਲਮ ਪੰਜਾਬ ਦੀ ਧਰਤੀ ਉਤੇ ਹੋਇਆ ਹੈ । ਉਹ ਪੰਜਾਬ ਦੇ ਲੋਕਾਂ ਨੂੰ ਭੁਲਿਆ ਨਹੀਂ । ਕਿਸ ਤਰ੍ਹਾਂ ਕਾਨੂੰਨ ਲਾਗੂ ਕਰਵਾਉਣ ਵਾਲਿਆਂ ਨੇ ਕਾਨੂੰਨ ਦੀਆਂ ਧੱਜੀਆਂ ਉਡਾਉਂਦਿਆਂ ਨੌਜਵਾਨਾਂ ਨੂੰ ਆਪਣੇ ਜ਼ੁਲਮ ਦਾ ਸ਼ਿਕਾਰ ਬਣਾ ਕੇ ਪਹਿਲਾਂ ਘਰੋਂ ਭਜਾਇਆ ਫੇਰ ਉਹਨਾਂ ਦੇ ਪਰਿਵਾਰ ਨੂੰ ਖਤਮ ਕਰਨ ਵਾਸਤੇ ਤਰ੍ਹਾਂ-ਤਰ੍ਹਾਂ ਦੇ ਹਥ-ਕੰਡੇ ਵਰਤੇ । ਪੁਲੀਸ ਨੇ ਦੁੱਧ ਚੁੰਘਦੇ, ਅਪਾਹਜ ਤੇ ਮਸੂਮਾਂ ਨੂੰ ਆਪਣੀ ਦਰਿੰਦਗੀ ਦਾ ਸ਼ਿਕਾਰ ਬਣਾਇਆ । ਇਹ ਕਹਾਣੀ ਇਕ ਪਰਿਵਾਰ ਦੀ ਹੀ ਨਹੀਂ । ਅਸਲੋਂ ਅਣਗਿਣਤ ਪਰਿਵਾਰ ਹਨ ਜਿਹਨਾਂ ਨਾਲ ਬਚਨ ਸਿੰਘ ਵਾਸੀ ਖਾਨਪੁਰ, ਬਾਬਾ ਬਕਾਲਾ ਜਿਲ੍ਹਾ ਅੰਮ੍ਰਿਤਸਰ ਵਾਂਗ ਵਾਪਰਿਆ ਹੈ ।

ਜੋਗਾ ਸਿੰਘ ਪੁੱਤਰ ਬਚਨ ਸਿੰਘ ਖਾਨਪੁਰ ਨੂੰ ਪੁਲੀਸ ਨੇ ਖੇਤੀ ਕਰਦੇ ਨੂੰ ਘਰੋਂ ਚੁੱਕਿਆ ਤੇ ਉਸ ਉਤੇ ਅਣਮਨੁੱਖੀ ਤਸ਼ੱਦਦ ਕੀਤਾ । ਇਹ ਘਟਨਾ ਉਸ ਨਾਲ ਵਾਰ ਵਾਰ ਵਾਪਰੀ ਤੇ ਆਖਰ ਜਦੋਂ ਉਸਦਾ ਸਰੀਰ ਜਬਰ ਜ਼ੁਲਮ ਝੱਲਣੋਂ ਜਵਾਬ ਦੇ ਰਿਹਾ ਸੀ ਪਰ ਸਿੱਖ ਅਸੂਲਾਂ ਦੇ ਧਾਰਨੀ ਬਚਨ ਸਿੰਘ ਨੇ ਸਿੱਖ ਗੁਰੂਆਂ ਵੱਲੋਂ ਦਿਖਾਈ ਗਈ ਨਿਮਰਤਾ ਤੇ ਸ਼ਹਿਣ ਸ਼ਕਤੀ ਦੀਆਂ ਉਦਾਹਰਣਾਂ ਦੇ ਕੇ ਆਪਣੇ ਬੱਚਿਆਂ ਨੂੰ 'ਸਰਬੱਤ ਦਾ ਭਲਾ' ਮੰਗਣ ਲਈ ਪ੍ਰੇਰਿਆ । ਇਸ ਨਸੀਅਤ ਦੇ ਵਿਰੁੱਧ ਇਕ ਦਿਨ ਮੌਕਾ ਮਿਲਦਿਆਂ ਹੀ ਪੁਲੀਸ ਨੇ 1988 ਵਿੱਚ ਬਚਨ ਸਿੰਘ ਨੂੰ ਖਾੜਕੂਆਂ ਨੂੰ ਰੋਟੀ ਖਵਾਉਣ ਦੇ ਦੋਸ਼ ਵਿੱਚ ਫੜ ਲਿਆ ਤੇ ਉਸ ਉਤੇ ਝੂਠਾ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ । ਤਿੰਨ ਮਹੀਨੇ ਦੀ ਜਦੋ-ਜ਼ਹਿਦ

ਮਗਰੋਂ ਬਚਨ ਸਿੰਘ ਦੀ ਜਮਾਨਤ ਹੋਈ ਪਰ ਕੁੱਝ ਦਿਨਾਂ ਮਗਰੋਂ ਪੁਲੀਸ ਨੇ ਫੇਰ ਉਸਨੂੰ ਫੜ ਲਿਆ ਤੇ ਉਸ ਉਤੇ ਪਿੰਡ ਵਾਸੀਆਂ ਦੇ ਸਾਹਮਣੇ ਹੀ ਅਣਮਨੁੱਖੀ ਤਸ਼ਦੱਦ ਕੀਤਾ । ਪਿੰਡ ਵਾਸੀਆਂ ਤੇ ਪਰਿਵਾਰ ਨੇ ਉਚੱ ਅਧਿਕਾਰੀਆਂ ਤੱਕ ਪਹੁੰਚ ਕਰਕੇ ਉਸਨੂੰ ਛੁਡਾ ਲਿਆਂਦਾ । ਇਸ ਗੱਲ ਨੂੰ ਅਜੇ ਕੁੱਝ ਦਿਨ ਹੀ ਹੋਏ ਸਨ । ਬਚਨ ਸਿੰਘ ਆਪਣੇ ਖੇਤਾਂ ਵਿੱਚ ਦਵਾਈ ਦੀ ਸਪਰੇਅ ਕਰ ਰਿਹਾ ਸੀ । ਉਸ ਤੋਂ ਥੋੜੀ ਦੂਰੀ ਉਤੇ ਭੁਪਿੰਦਰ ਸਿੰਘ ਭਿੰਦੇ ਦੇ ਗਰੁੱਪ ਨਾਲ ਪਿੰਡ ਕੰਮੋਕੇ ਵਿੱਚ ਪੁਲੀਸ ਦਾ ਮੁਕਾਬਲਾ ਹੋ ਗਿਆ । ਦੋਵੇਂ ਪਾਸਿਉ ਗੋਲੀ ਚੱਲ ਰਹੀ ਸੀ । ਆਖਰ ਭਿੰਦੇ ਹੁਰੀ ਗੋਲੀਆਂ ਚਲਾਉਂਦੇ ਹੋਏ ਨਿਕਲ ਗਏ । ਪੁਲੀਸ ਦੀ ਉਹਨਾਂ ਦੇ ਮਗਰ ਜਾਣ ਦੀ ਹਿੰਮਤ ਨਾ ਪਈ । ਇਸ ਘਟਨਾ ਮਗਰੋਂ ਪੁਲੀਸ ਨੇ ਨਿਰਦੋਸ਼ਾਂ ਉਤੇ ਗੁੱਸਾ ਕੱਢਦਿਆਂ ਕਈਆਂ ਨੂੰ ਫੜ ਕੇ ਕੁੱਟਿਆ ਮਾਰਿਆ । ਇਸੇ ਦੌਰਾਨ ਬਚਨ ਸਿੰਘ ਸਪਰੇਅ ਕਰਕੇ ਵਾਪਸ ਘਰ ਨੂੰ ਆ ਰਿਹਾ ਸੀ ਤੇ ਪੁਲੀਸ ਨੇ ਉਸਨੂੰ ਘੇਰ ਲਿਆ ।

ਉਹਨਾਂ ਪੁਲੀਸ ਨੂੰ ਸਫਾਈ ਦਿੰਦਿਆਂ ਕਿਹਾ ਕਿ ਉਸਨੂੰ ਇਸ ਬਾਰੇ ਕੋਈ ਪਤਾ ਨਹੀਂ ਗੋਲੀ-ਬਾਰੀ ਕਰਨ ਵਾਲੇ ਕਿਧਰ ਨੂੰ ਗਏ ਹਨ ਕਿਉਂਕਿ ਉਹ ਤਾਂ ਦਵਾਈ ਦਾ ਛਿੜਕਾਅ ਕਰ ਰਿਹਾ ਸੀ । ਘਰ ਵਾਪਸੀ ਸਮੇਂ ਵੀ ਸਪਰੇਅ ਵਾਲਾ ਪੰਪ ਉਸਦੇ ਲੱਕ ਪਿੱਛੇ ਬੰਨਿਆ ਹੋਇਆ ਸੀ ਤੇ ਮੈਲੇ ਜਿਹੇ ਕੱਪੜੇ ਪਾਏ ਹੋਏ ਸਨ । ਪੁਲੀਸ ਨੇ ਉਸ ਵੱਲੋਂ ਪੇਸ਼ ਕੀਤੀ ਸਫਾਈ ਦੀ ਕੋਈ ਪਰਵਾਹ ਨਾ ਕੀਤੀ ਸਗੋਂ ਉਸਨੂੰ ਉਥੇ ਹੀ ਢਾਹ ਲਿਆ । ਬਚਨ ਸਿੰਘ ਦੀ ਪੱਗ ਲਾਹ ਕੇ ਮਿੱਟੀ ਵਿੱਚ ਰੋਲੀ ਗਈ । ਲੋਕਾਂ ਦੀ ਭੀੜ ਵਿੱਚ ਦੂਰ ਖੜੇ ਮੁੱਛ ਫੁੱਟ ਗੱਭਰੂ ਜੋਗਾ ਸਿੰਘ ਤੋਂ ਪਿਤਾ ਉਤੇ ਹੁੰਦਾ ਵਹਿਸ਼ੀ ਜ਼ੁਲਮ ਸਹਾਰਿਆ ਨਾ ਗਿਆ । ਦਿਲ ਅੰਦਰੋਂ ਰੋਹ ਦਾ ਜਵਾਲਾਮੁਖੀ ਫੁੱਟ ਪਿਆ ਉਹ ਉਥੋ ਨਿਕਲ ਗਿਆ ਮੁੜ ਕੇ ਘਰ ਨਹੀਂ ਆਇਆ । ਪੁਲੀਸ ਉਸਦੇ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕਰਦੀ ਰਹੀ । ਲੋਕਾਂ ਦੇ ਕਹਿਣ ਅਨੁਸਾਰ ਉਹ ਸੰਘਰਸ਼ ਦੇ ਰਾਹ ਤੁਰੇ ਖਾੜਕੂਆਂ ਨਾਲ ਰਲ ਗਿਆ ਸੀ ਉਸਨੇ ਪਹਿਲੀ ਵਾਰਦਾਤ ਵਿੱਚ 7 ਪੁਲੀਸ ਕਰਮਚਾਰੀਆਂ ਨੂੰ ਮਾਰ ਕੇ ਆਪਣੇ ਪਿਤਾ ਤੇ ਪਰਿਵਾਰ ਦੀ ਕੀਤੀ ਬੇਇੱਜ਼ਤੀ ਦਾ ਬਦਲਾ ਲਿਆ ।

ਇਸ ਘਟਨਾ ਮਗਰੋਂ ਪੁਲੀਸ ਨੇ ਉਸਦੇ ਪਰਿਵਾਰ ਉਤੇ ਤਿੱਖੀਆਂ ਨਜ਼ਰਾਂ ਰੱਖਣੀਆਂ ਸ਼ੁਰੂ ਕਰ ਦਿੱਤੀਆਂ ਤੇ ਨਾਲ ਹੀ ਪੁਲੀਸ ਨੇ ਆਪਣੇ ਜ਼ੁਲਮ ਦਾ ਡੰਡਾ ਤੇਜ ਕਰ ਦਿੱਤਾ । ਜੋਗਾ ਸਿੰਘ ਹੋਰ ਕਿਸੇ ਨਾਲ ਕੋਈ ਧੱਕਾ ਨਹੀਂ ਸੀ ਕਰਦਾ ਪਰ ਪੁਲੀਸ ਵਾਲਿਆਂ ਨੂੰ ਦੇਖ ਕੇ ਉਹ ਗੁੱਸੇ 'ਚ ਆ ਜਾਂਦਾ ਸੀ । ਇਸ ਲਈ ਉਹ ਆਪਣੇ ਅੰਦਰ ਬਲਦੇ ਗੁੱਸੇ ਦੇ ਭਾਂਬੜ ਨੂੰ ਸ਼ਾਂਤ ਕਰਨ ਲਈ ਮੌਕੇ ਦੀ ਭਾਲ ਕਰਦਾ ਰਹਿੰਦਾ ਸੀ । ਪੁਲੀਸ ਉਸ ਨੂੰ ਕਾਬੂ

ਕਰਨ ਲਈ ਉਸਦੇ ਪਰਿਵਾਰ ਨੂੰ ਪ੍ਰੇਸ਼ਾਨ ਕਰਦੀ ਸੀ ਕਿ ਉਸਦੇ ਪਰਿਵਾਰ ਨਾਲ ਜੋ ਬੀਤਦਾ ਹੈ ਇਸ ਬਾਰੇ ਜਦੋਂ ਉਸਨੂੰ ਪਤਾ ਲੱਗੇਗਾ ਤੇ ਉਹ ਗੁੱਸੇ ਵਿੱਚ ਗਲਤ ਕੰਮ ਕਰੇਗਾ। ਇਸੇ ਦੌਰਾਨ ਪੁਲੀਸ ਨੇ ਖਾੜਕੂਆਂ ਦੇ ਹੌਂਸਲੇ ਪਸਤ ਕਰਨ ਵਾਸਤੇ ਘਟੀਆ ਤੋਂ ਘਟੀਆ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸੀ।

ਸਰਕਾਰ ਇਸ ਗੱਲ ਤੋਂ ਭਲੀ-ਭਾਂਤੀ ਜਾਣੂ ਹੈ ਕਿ ਕਿਸੇ ਵੀ ਸੰਘਰਸ਼ ਨੂੰ ਬੰਦੂਕ ਦੀ ਨਲੀ ਵਿੱਚੋਂ ਨਿਕਲੀ ਗੋਲੀ ਜਾਂ ਅੱਤਿਆਚਾਰ ਦੇ ਡੰਡੇ ਨਾਲ ਖਤਮ ਨਹੀਂ ਕੀਤਾ ਜਾ ਸਕਦਾ ਫੇਰ ਸਰਕਾਰ ਨੇ ਸੰਘਰਸ਼ ਦੇ ਰਾਹ ਤੁਰੇ ਨੌਜਵਾਨਾਂ ਤੇ ਉਹਨਾਂ ਦੇ ਪਰਿਵਾਰਾਂ ਪ੍ਰਤੀ ਨਰਮਾਈ ਵਰਤਨ ਦੀ ਥਾਂ ਪੁਲੀਸ ਰਾਹੀਂ ਜੋ ਅੱਤਿਆਚਾਰ ਕੀਤਾ ਉਸ ਦੀ ਯਾਦ ਆਉਂਦਿਆਂ ਹੀ ਲੂੰ-ਕੰਡੇ ਖੜੇ ਹੋ ਜਾਂਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਸੰਘਰਸ਼ ਧਾਰੀਆਂ ਨੇ ਵੀ ਲੋਕਾਂ ਵਿੱਚ ਡਰ ਤੇ ਨਫਰਤ ਪੈਦਾ ਕਰਨ ਲਈ ਕੁਝ ਕਾਰਵਾਈਆਂ ਕਰਕੇ ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ 'ਨਿਰਭੈਤਾ' ਤੇ 'ਨਿਰਵਰੈਤਾ' ਦੀ ਉਲੰਘਣਾ ਕੀਤੀ ਹੈ। ਇਸ ਦੀ ਆੜ ਹੇਠ ਪੀੜਤ ਪਰਿਵਾਰਾਂ ਪ੍ਰਤੀ ਹਮਦਰਦੀ ਪ੍ਰਗਟ ਕਰਨ ਦਾ ਮੌਕਾ ਮਿਲਦੇ ਹੀ ਪੁਲੀਸ ਨੇ ਸੰਘਰਸ਼ ਕਾਰੀਆਂ ਤੇ ਉਹਨਾਂ ਦੇ ਪਰਿਵਾਰਾਂ ਉਤੇ ਕਾਨੂੰਨ ਤੋਂ ਬਾਹਰ ਜਾ ਕੇ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਦੌਰਾਨ ਬਚਨ ਸਿੰਘ ਦੇ ਪਰਿਵਾਰ ਨਾਲ ਵਾਪਰਿਆ ਉਹ ਬੜਾ ਦਰਦਨਾਕ ਹੈ। 31 ਮਈ 1991 ਦੀ ਰਾਤ ਨੂੰ 10 ਕੁ ਵਜੇ ਪੁਲੀਸ ਵਾਲੇ ਖਾੜਕੂਆਂ ਦੇ ਭੇਸ ਵਿੱਚ ਆਏ ਜਿਹਨਾਂ ਵਿੱਚ ਨਿਹੱਗ ਅਜੀਤ ਸਿੰਘ ਪੁਹਲਾ ਤੇ ਇਲਾਕੇ ਦੇ ਕੁਝ ਬਦਮਾਸ਼ ਪੁਲੀਸ ਕੈਟ ਤੇ ਬਕਾਇਦਾ ਪੁਲੀਸ ਵਾਲੇ ਸਨ। ਉਹਨਾਂ ਸਾਰੇ ਪਰਿਵਾਰ ਨੂੰ ਇਕੱਠਾ ਕਰਕੇ ਇੱਕਲੇ-ਇਕੱਲੇ ਵਿਅਕਤੀ ਨੂੰ ਗੋਲੀਆਂ ਨਾਲ ਭੁੰਨਣਾ ਸ਼ੁਰੂ ਕਰ ਦਿੱਤਾ ਉਹਨਾਂ ਦਾ ਦਿਲ ਕੰਬਾਊ ਵਹਿਸ਼ੀਆਨਾ ਕਾਰਨਾਮਾ ਦੇਖ ਕੇ ਵਿਹੜੇ ਵਿੱਚ ਕੋਹਰਾਮ ਮੱਚ ਗਿਆ, ਕੋਈ ਛੁਡਾਉਣ ਨਾ ਬੋਹੜਿਆ। ਦਰਿੰਦਿਆਂ ਨੇ ਦਿਲ ਖੋਲ੍ਹ ਕੇ ਆਪਣੀ ਦਰਿੰਦਗੀ ਦਾ ਨੰਗਾ ਨਾਚ ਨੱਚਿਆ। ਗੋਲੀਆਂ ਦੀ ਆਵਾਜ਼ ਬੰਦ ਹੋਣ ਮਗਰੋਂ ਰੋਣ ਕੁਰਲਾਉਣ ਤੇ ਬਚਾਓ-ਬਚਾਓ ਦੀਆਂ ਆਵਾਜ਼ਾਂ ਖਾਮੋਸ਼ ਹੋ ਚੁੱਕੀਆਂ ਸਨ। ਕਦੇ-ਕਦੇ ਹੱਸਣ ਦੀ ਅਵਾਜ਼ ਆਉਂਦੀ ਸੀ ਜਿਸ ਤੋਂ ਪਤਾ ਲੱਗ ਰਿਹਾ ਸੀ ਕਿ ਦਰਿੰਦੇ ਅਜੇ ਘਰੋਂ ਬਾਹਰ ਨਹੀ ਗਏ।

ਬਦਨਸੀਬ ਘਰ ਦੀ ਫਿਜ਼ਾ ਖਮੋਸ਼ ਹੋਣ ਮਗਰੋਂ ਬਚਨ ਸਿੰਘ ਦਾ ਪੁੱਤਰ ਰਣਜੀਤ ਸਿੰਘ ਜਿਸ ਨੂੰ ਬਾਹਰੋਂ ਆਉਂਦਿਆਂ ਹੀ ਪਿੰਡ ਵਾਸੀਆਂ ਰੋਕ ਲਿਆ ਸੀ ਉਹ ਜਦੋਂ ਪਿੰਡ ਵਾਸੀਆਂ ਨਾਲ ਰਲ ਕੇ ਘਰ ਵਿੱਚ ਦਾਖਲ ਹੋਇਆ ਤਾਂ ਉਸਨੇ ਆਪਣੇ ਪਿਤਾ ਦੀ ਗੋਲੀਆਂ ਨਾਲ ਵਿੰਨ੍ਹੀ ਪਈ ਲਾਸ਼ ਦੇਖੀ ਤੇ ਭੱਜ ਕੇ ਉਧੱਰ ਨੂੰ ਹੋ ਗਿਆ।

ਪਿਤਾ ਦੀ ਹਿੱਕ ਉਤੇ ਪਿਆ ਕਾਗਜ਼ ਰੋਂਦਿਆਂ ਚੁੱਕਿਆ ਤੇ ਉਸ ਵੱਲ ਸਰਸਰੀ ਜਿਹੀ ਨਿਗ੍ਹਾ ਮਾਰ ਕੇ ਜੇਬ ਵਿੱਚ ਪਾ ਲਿਆ। ਉਹਨਾਂ ਨਾਲ ਆਏ ਪਿੰਡ ਵਾਸੀ ਇਸ ਘਿਨਾਉਣੇ ਤੇ ਅੱਤ ਨਿੰਦਣਯੋਗ ਕਾਰਨਾਮੇ ਨੂੰ ਦੇਖ ਕੇ ਮਨ ਹੀ ਮਨ ਰੋ ਰਹੇ ਸੀ। ਸਭ ਦਾ ਧਿਆਨ ਦੂਸਰੀਆਂ ਲਾਸ਼ਾਂ ਵੱਲ ਸੀ ਇਸ ਕਰਕੇ ਕਿਸੇ ਨੂੰ ਉਸ ਪੱਤਰ ਦਾ ਪਤਾ ਨਾ ਲੱਗਿਆ। ਪਿੰਡ ਵਾਸੀਆਂ ਤੋਂ ਵੱਖਰਾ ਹੋ ਕੇ ਰਣਜੀਤ ਸਿੰਘ ਨੇ ਉਥੋਂ ਚੁੱਕਿਆ ਲੈਟਰਪੈਡ ਦੇਖਿਆ ਉਹ ਬਲਵਿੰਦਰ ਸਿੰਘ ਸ਼ਾਹਪੁਰ ਦੇ ਨਾ ਲਿਖਿਆ ਹੋਇਆ ਸੀ ਜੋ ਕਿ ਇਸ ਇਲਾਕੇ ਦਾ ਇਨਾਮੀ ਖਾੜਕੂ ਸੀ। ਰਣਜੀਤ ਸਿੰਘ ਨੇ ਇਸ ਪੱਤਰ ਨੂੰ ਪੜ੍ਹ ਕੇ ਝੱਟ ਸਮਝ ਲਿਆ ਕਿ ਇਹ ਘਿਨਾਉਣਾ ਕਾਰਨਾਮਾ ਖਾੜਕੂ ਜਥੇਬੰਦੀਆਂ ਦਾ ਨਹੀਂ ਇਸ ਪਿੱਛੇ ਪੁਲੀਸ ਤੇ ਪੁਲੀਸ ਕੈਂਟਾਂ ਦੀ ਡੂੰਘੀ ਸਾਜਿਸ਼ ਹੋ ਸਕਦੀ ਹੈ। ਇਹ ਸੋਚਕੇ ਉਸਨੇ ਉਹ ਪੱਤਰ ਫੇਰ ਆਪਣੀ ਜੇਬ ਵਿੱਚ ਪਾ ਲਿਆ ਤੇ ਇਸਦਾ ਭੇਦ ਗੁਪਤ ਰੱਖਦਿਆਂ ਉਸਦੀ ਕਿਸੇ ਨੂੰ ਭਿਣਕ ਤੱਕ ਨਾ ਪੈਣ ਦਿੱਤੀ।

ਪਿੰਡ ਖਾਨਪੁਰ ਵਿੱਚ ਸਹਿਮ ਦਾ ਮਹੌਲ ਸੀ। ਗੋਲੀਆਂ ਦੀ ਕੰਨਪਾੜਵੀਂ ਆਵਾਜ਼ ਕਾਰਨ ਪਿੰਡ ਵਾਸੀਆਂ ਤੋਂ ਇਲਾਵਾ ਪਸ਼ੂ-ਪੰਛੀ ਵੀ ਦਹਿਲੇ ਹੋਏ ਉੱਚੀ ਸਾਹ ਨਹੀਂ ਸੀ ਲੈ ਰਹੇ। ਮਾਵਾਂ ਆਪਣੇ ਬੱਚਿਆਂ ਨੂੰ ਘਰੋਂ ਬਾਹਰ ਨਹੀਂ ਸੀ ਨਿਕਲਣ ਦੇ ਰਹੀਆਂ। ਕਾਫੀ ਦੇਰ ਦੀ ਖਮੋਸ਼ੀ ਮਗਰੋਂ ਡਰਦੇ-ਡਰਦੇ ਆਂਢੀ-ਗੁਆਂਢੀ ਤੇ ਪਿੰਡ ਵਾਸੀ ਬਚਨ ਸਿੰਘ ਦੇ ਉਸ ਬਦਨਸੀਬ ਘਰ ਵਿੱਚ ਦਾਖਲ ਹੋਣੇ ਸ਼ੁਰੂ ਹੋਏ ਜਿੱਥੇ ਬਚਨ ਸਿੰਘ ਦੇ ਪਰਿਵਾਰ ਦੀਆਂ ਲਾਸ਼ਾਂ ਗੋਲੀਆਂ ਨਾਲ ਵਿੰਨੀਆਂ ਹੋਈਆਂ ਵਿਹੜੇ ਵਿੱਚ ਖਿਲਰੀਆਂ ਪਈਆਂ ਸਨ ਜਿਹਨਾਂ ਵਿੱਚ ਦੁੱਧ ਚੁੰਘਦੀ ਬੱਚੀ ਗੁਰਜੰਟ ਕੌਰ ਦੀ ਲਾਸ਼ ਆਪਣੀ ਮਾਂ ਹਰਜਿੰਦਰ ਕੌਰ ਦੀ ਲਾਸ਼ ਕੋਲ ਪਈ ਸੀ ਦਰਿੰਦਿਆਂ ਨੇ ਜਿੱਥੇ ਉਸਦੀ ਮਾਂ ਦੇ ਗੋਲੀਆਂ ਮਾਰੀਆਂ ਸਨ ਉਥੇ ਉਸਨੂੰ ਵੀ ਨਾ ਬਖਸ਼ਿਆ।

ਇਸ ਹੌਲਨਾਕ ਕਾਂਡ ਵਿੱਚ ਬਚਨ ਸਿੰਘ ਉਸਦੀ ਪਤਨੀ ਦਰਸ਼ਨ ਕੌਰ, ਉਸਦੀ ਪੁੱਤਰੀ ਸਰਨਜੀਤ ਕੌਰ, ਬਚਨ ਸਿੰਘ ਦੇ ਵਿਦੇਸ਼ ਗਏ ਹੋਏ ਇਕ ਭਰਾ ਦੀ ਪਤਨੀ ਹਰਜਿੰਦਰ ਕੌਰ, ਉਸਦੀ ਧੀ ਰਾਜਵੀਰ ਕੌਰ (ਸਾਢੇ ਪੰਜ ਸਾਲ) ਉਸਦਾ ਪੁੱਤਰ (੩ ਸਾਲਾ) ਜੋ ਅਪਾਹਜ ਸੀ ਇਹ ਲਾਸ਼ਾਂ ਵੱਖ-ਵੱਖ ਥਾਂਈ ਪਈਆਂ ਸੀ।

ਇਸ ਦਰਦਨਾਕ ਘਟਨਾ ਨੂੰ ਨੇੜਿਓਂ ਦੇਖਣ ਵਾਲਿਆਂ ਦੇ ਅਨੁਸਾਰ ਮਾਸੂਮ ਰਾਜਵੀਰ ਕੌਰ ਦੀ ਲਾਸ਼ ਰਸੋਈ ਵਿੱਚ ਇਕ ਸ਼ੈਲਫ ਹੇਠ ਪਈ ਸੀ। ਉਥੇ ਹੀ ਕੰਧ ਵਿੱਚ ਵੱਜੀਆਂ ਗੋਲੀਆਂ ਦੇ ਨਿਸ਼ਾਨ ਇਹ ਸਾਬਤ ਕਰਦੇ ਹਨ। ਉਹ ਮਾਸੂਮ ਬੱਚੀ ਦਰਿੰਦਿਆਂ ਦੇ ਇਸ ਨੰਗੇ-ਨਾਚ ਨੂੰ ਦੇਖਦੀ ਹੋਈ ਡਰ ਕੇ ਆਪਣੀ ਜਾਨ ਬਚਾਉਣ ਲਈ ਰਸੋਈ ਵਿੱਚ

ਆ ਲੁਕੀ ਹੋਵੇਗੀ ਪਰ ਉਹਨਾਂ ਨੇ ਉਸਦਾ ਪਿੱਛਾ ਕਰਦਿਆਂ ਹੋਇਆਂ ਉਸਨੂੰ ਰਸੋਈ ਵਿੱਚ ਜਾ ਕੇ ਗੋਲੀਆਂ ਮਾਰ ਦਿੱਤੀਆਂ ਸਨ। ਉਸ ਸਮੇਂ ਜਾਨ ਬਚਾਉਣ ਲਈ ਭੱਜੀ ਉਸ ਮਸੂਮ ਬੱਚੀ ਦੇ ਦਿਲ ਉਤੇ ਕੀ ਬੀਤੀ ਹੋਵੇਗੀ ਜਦੋਂ ਉਸ ਦੇ ਸਾਹਮਣੇ ਦਰਿੰਦਿਆਂ ਨੇ ਉਸ ਦੇ ਪਰਿਵਾਰ ਨੂੰ ਗੋਲੀਆਂ ਮਾਰ-ਮਾਰ ਕੇ ਸਭ ਨੂੰ ਸਦਾ ਦੀ ਨੀਂਦ ਸੁਲਾਇਆ ਸੀ।

ਸਵੇਰ ਹੁੰਦਿਆਂ ਹੀ ਪੁਲੀਸ ਘਟਨਾ ਵਾਲੀ ਥਾਂ ਦਾ ਜਾਇਜ਼ਾ ਲੈਣ ਆਈ। ਇਸ ਪੁਲੀਸ ਪਾਰਟੀ ਦੀ ਅਗਵਾਈ ਕਰਦੇ ਪੁਲੀਸ ਅਫ਼ਸਰ ਦੇ ਮੂੰਹੋਂ ਨਿਕਲਿਆ, "ਉਹ ਲੈਟਰਪੈਡ ਕਿੱਥੇ ਹੈ ?"

ਰਣਜੀਤ ਸਿੰਘ ਨੇ ਕਿਹਾ, "ਕਿਹੜਾ ਲੈਟਰ ਪੈਡ? " ਇਹ ਸੁਣਦੇ ਸਾਰ ਹੀ ਥਾਣੇਦਾਰ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਉਸਨੇ ਗੱਲ ਨੂੰ ਟਾਲਦਿਆਂ ਕਿਹਾ, "ਮੈਂ ਇਕ ਲੈਟਰਪੈਡ ਕਿਸੇ ਦੇ ਹੱਥ ਵਿੱਚ ਦੇਖਿਆ ਸੀ।"

ਇਸ ਨਵੇਂ ਮੁੱਦੇ ਨੂੰ ਲੈ ਕੇ ਪਿੰਡ ਵਾਸੀ ਹੈਰਾਨ ਸਨ ਖਾਸ ਕਰਕੇ ਉਹ ਲੋਕ ਜਿਹੜੇ ਮੌਕਾ ਵਾਰਦਾਤ ਵਾਲੀ ਥਾਂ ਉਤੇ ਸਭ ਤੋਂ ਪਹਿਲਾਂ ਆਏ ਸੀ। ਪੁਲੀਸ ਨੂੰ ਸ਼ੱਕ ਸੀ ਜਦੋਂ ਘਰ ਨੂੰ ਅੱਗ ਨਾਲ ਸਾੜਿਆ ਹੈ ਉਸ ਸਮੇਂ ਲੈਟਰਪੈਡ ਉਸ ਦੀ ਭੇਂਟ ਚੜ ਗਿਆ ਹੋਵੇਗਾ। ਮਨ ਵਿੱਚੋਂ ਉਠੱਦੇ ਸਵਾਲਾਂ 'ਚ ਘਿਰੇ ਹੋਏ ਥਾਣੇਦਾਰ ਨੇ ਮਨ ਨਾਲ ਸਮਝੌਤਾ ਕਰਕੇ ਲੋਕਾਂ ਨੂੰ ਆਖ ਹੀ ਦਿੱਤਾ ਕਿ ਘਿਨਾਉਣੀ ਕਾਰਵਾਈ ਬਲਵਿੰਦਰ ਸਿੰਘ ਸ਼ਾਹਪੁਰ ਦੀ ਹੋ ਸਕਦੀ ਹੈ। ਰਣਜੀਤ ਸਿੰਘ ਇਸ ਬਾਰੇ ਸਮਝ ਚੁੱਕਿਆ ਸੀ ਕਿ ਪੁਲੀਸ ਨੂੰ ਆਪਣਾ ਫਿਕਰ ਪਿਆ ਹੋਇਆ ਹੈ ਕਿਉਂਕਿ ਥਾਣੇਦਾਰ ਵਾਰ-ਵਾਰ ਕਹਿ ਰਿਹਾ ਸੀ, ਤੁਹਾਡੀ ਬਲਵਿੰਦਰ ਸਿੰਘ ਸ਼ਾਹਪੁਰ ਦੇ ਨਾਲ ਕੋਈ ਦੁਸ਼ਮਣੀ ਹੋਵੇਗੀ ਜਿਸ ਦਾ ਉਸਨੇ ਬਦਲਾ ਲਿਆ ਹੈ। ਰਣਜੀਤ ਸਿੰਘ ਉਸਦੀ ਗੱਲ ਸੁਣ ਕੇ ਹੂੰ-ਹਾਂ ਕਰੀ ਗਿਆ। ਮ੍ਰਿਤਕਾਂ ਦਾ ਸਸਕਾਰ ਕਰਨ ਮਗਰੋਂ ਰਣਜੀਤ ਸਿੰਘ ਦਮਦਮੀ ਟਕਸਾਲ ਦੇ ਸੇਵਾਦਾਰਾਂ ਨਾਲ ਮਹਿਤੇ ਚਲਾ ਗਿਆ ਉਥੋਂ ਹੀ ਉਸਦਾ ਚਾਚਾ ਉਸਨੂੰ ਮਸਕਟ ਲੈ ਗਿਆ। ਮਾਸਕਟ ਜਾਣ ਤੋਂ ਪਹਿਲਾਂ ਰਣਜੀਤ ਸਿੰਘ ਤੇ ਉਸ ਦੇ ਚਾਚੇ ਨੇ ਪਿੰਡ ਵਾਸੀਆਂ ਨੂੰ ਲੈਟਰਪੈਡ ਵਾਲੀ ਗੱਲ ਦੀ ਜਾਣਕਾਰੀ ਦੇ ਦਿੱਤੀ ਸੀ। ਪਿੰਡ ਵਾਸੀ ਪੁਲੀਸ ਵੱਲੋਂ ਬਣਾਈ ਗਈ ਕਹਾਣੀ ਨੂੰ ਝੂਠੀ ਤੇ ਭੜਕਾਊ ਕਾਰਵਾਈ ਦੱਸ ਰਹੇ ਸੀ।

ਦੋ ਪਰਿਵਾਰਾਂ ਦੇ ਸੱਤ ਮੈਬਰਾਂ ਨੂੰ ਗੋਲੀਆਂ ਨਾਲ ਭੁੰਨ ਦੇਣ ਤੇ ਪੁਲੀਸ ਵੱਲੋਂ ਬਲਵਿੰਦਰ ਸਿੰਘ ਸ਼ਾਹਪੁਰ ਦੇ ਖਿਲਾਫ ਲਾਏ ਗਏ ਦੋਸ਼ਾਂ ਦਾ ਖੰਡਨ ਕਰਨ ਵਾਸਤੇ ਬਲਵਿੰਦਰ ਸਿੰਘ ਸ਼ਾਹਪੁਰ ਆਪ ਖਾਨਪੁਰ ਆਇਆ। ਉਸਨੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਹ ਅਜਿਹੀ ਘਿਨਾਉਣੀ ਕਾਰਵਾਈ ਨਹੀਂ ਕਰ ਸਕਦਾ ਇਹ

ਪੁਲੀਸ ਦੀ ਕਾਰਵਾਈ ਹੈ । ਜਦੋਂ ਜੋਗਾ ਸਿੰਘ ਖਾਨਪੁਰ ਆਪਣੇ ਪਿੰਡ ਆਇਆ ਉਸਨੇ ਪੁਲੀਸ ਦੀ ਝੂਠੀ ਤੇ ਮਨਘੜਤ ਕਹਾਣੀ ਸੁਣ ਕੇ ਕਿਹਾ "ਸਰਕਾਰ ਇਕ ਤੀਰ ਨਾਲ ਦੋ ਨਿਸ਼ਾਨੇ ਲਾਉਣ ਦੀ ਕੋਝੀ ਚਾਲ ਖੇਡ ਰਹੀ ਹੈ ਆਪਾਂ ਇਸ ਨੂੰ ਸਫਲ ਨਹੀਂ ਹੋਣ ਦੇਣਾ ।"

ਭਾਈ ਜੋਗਾ ਸਿੰਘ ਨੇ ਸਭ ਨੂੰ ਸਰਕਾਰ ਦੀ ਭਰਾ ਮਾਰੂ ਨੀਤੀ ਵਿੱਚ ਨਾ ਉਲਝਣ ਦੀ ਨਸੀਅਤ ਦਿੱਤੀ । ਆਖਰੀ ਦਮ ਤੱਕ ਉਸਨੇ ਇਸ ਗੱਲ ਉਤੇ ਪਹਿਰਾ ਦਿੱਤਾ । ਇਹ ਸੀ ਕਹਾਣੀ ਸ੍ਰ. ਬਚਨ ਸਿੰਘ ਦ ਪਰਿਵਾਰ ਦੀ, ਕਿਸ ਤਰ੍ਹਾਂ ਦੁਨੀਆ ਦੇ ਸਭ ਤੋਂ ਵੱਡੇ ਜ਼ਮਹੂਰੀਅਤ, ਅਤੇ ਭਾਰਤ ਦੇਸ਼ ਮਹਾਨ ਵਿੱਚ ਖੂਨ ਦੀ ਹੋਲੀ ਖੇਡੀ ਗਈ । ਇਥੇ ਹੀ ਬੱਸ ਨਹੀਂ ਉਕਤ ਉਜਾੜੇ ਗਏ ਘਰ ਦੀਆਂ ਛੱਤਾਂ ਉਧੇੜ ਕੇ ਤੇ ਵਿਹੜੇ 'ਚ ਲੱਗਿਆ ਨਲਕਾ ਪੁੱਟ ਕੇ ਪੁਲੀਸ ਲੈ ਗਈ ਸੀ ।

# ਮੌਤ ਏ ਦਰਿੰਦਾ

ਅੰਮ੍ਰਿਤਸਰ ਜਿਲ੍ਹੇ ਦੀ ਤਹਿਸੀਲ ਤਰਨ ਤਾਰਨ ਦੇ ਪਿੰਡ ਪੱਖੋਕੇ ਦਾ ਵਾਸੀ ਦਲਬੀਰਾ ਖੁਡਰ ਸਾਹਿਬ ਅਤੇ ਸਪੋਰਟਸ ਕਾਲਜ਼ ਜਲੰਧਰ ਪੜ੍ਹਨ ਤੋਂ ਬਾਅਦ ਪੁਲੀਸ ਵਿੱਚ ਭਰਤੀ ਹੋ ਗਿਆ । ਕਾਲਜ ਅੰਦਰੋਂ ਹੀ ਵਿਗੜੀਆਂ ਆਦਤਾਂ ਦੇ ਮੱਦੇ ਨਜ਼ਰ ਉਸਨੇ ਸਮਗਲਰਾਂ ਨੂੰ ਨਕੇਲ ਪਾਉਣ ਦੀ ਬਜਾਏ ਉਹਨਾਂ ਨਾਲ ਗੱਠਜੋੜ ਕਰ ਲਿਆ ਤੇ ਸਮਗਲਿੰਗ ਵਿੱਚ ਖੂਬ ਪੈਸਾ ਕਮਾਇਆ । ਇਸ ਘਿਨਾਉਣੇ ਧੰਦੇ ਨਾਲ ਉਸਨੇ ਹੋਰ ਵੀ ਕਈ ਸੰਗੀਨ ਜ਼ੁਰਮ ਕਰਨੇ ਆਰੰਭ ਦਿੱਤੇ । ਆਖਰ ਇਰਾਦਾ ਕਤਲ ਕੇਸ ਵਿੱਚ ਫਸ ਜਾਣ ਕਰਕੇ ਉਹ ਨੌਕਰੀ ਤੋਂ ਬਰਖਾਸ਼ਤ ਹੋ ਗਿਆ । ਫਰਵਰੀ 1984 ਦੀ ਗੱਲ ਹੈ । ਫਿਰ ਉਸਨੇ ਸਿੱਖ ਜੁਝਾਰੂਆਂ ਨਾਲ ਆਪਣੇ ਸਬੰਧ ਕਾਇਮ ਕਰਨੇ ਅਰੰਭੇ ਜਿਹਨਾਂ ਵਿੱਚ ਉਹ ਸਾਕਾ ਨੀਲਾ ਤਾਰਾ ਤੋਂ ਬਾਅਦ ਕਾਫੀ ਹੱਦ ਤੱਕ ਸਫਲ ਹੋ ਗਿਆ ।

ਸਰਕਾਰ ਨੇ ਸਿੱਖ ਲਹਿਰ ਨਾਲ ਨਿਬੜਨ ਲਈ ਗੁੰਡਾ ਗਿਰੋਹ ਪਾਲਣੇ ਅਰੰਭੇ ਤਾਂ ਉਹ ਪੁਲੀਸ ਅਫਸਰਾਂ ਦੀ ਮਿਹਰ ਭਰੀ ਤੇ ਪਾਰਖੂ ਨਜ਼ਰ ਹੇਠ ਆਇਆ । ਕਿਉਂਕਿ ਉਸ ਵਿੱਚ ਗੁੰਡਿਆਂ ਵਾਲੇ ਸਾਰੇ ਗੁਣ ਸਨ ਉਤੋਂ ਪੁਲਿਸ ਲਈ ਸੋਨੇ ਤੇ ਸੁਹਾਗੇ ਵਾਲੀ ਗੱਲ ਇਹ ਸੀ ਕਿ ਉਸਨੇ ਪੁਲੀਸ ਦੀ ਨੌਕਰੀ ਵੀ ਕੀਤੀ ਹੋਈ ਸੀ । ਪੁਲੀਸ ਦੇ ਮੁਤਾਬਿਕ ਯੋਗਤਾ ਪੂਰੀ ਸੀ । ਇਸ ਲਈ ਪੁਲੀਸ ਵਿਭਾਗ ਨੇ 1986 ਵਿੱਚ ਉਸਨੂੰ

ਦੁਬਾਰਾ ਪੁਲੀਸ ਵਿੱਚ ਲੈ ਲਿਆ । ਪਹਿਲਾਂ ਉਹ ਅੰਮ੍ਰਿਤਸਰ ਵਿੱਚ ਐਸ.ਐਸ.ਪੀ. ਮੁਹੰਮਦ ਇਜ਼ਹਾਰ ਆਲਮ ਦੀ ਅਗਵਾਹੀ ਵਿੱਚ ਫੇਰ ਪਟਿਆਲਾ ਦੇ ਐਸ.ਐਸ. ਪੀ. ਸੀਤਲ ਦਾਸ ਦੇ ਅਧੀਨ ਕੰਮ ਕਰਦਾ ਰਿਹਾ । ਦਲਬੀਰੇ ਦੀ ਕਮਾਂਡ ਹੇਠ ਦਸ ਕੁ ਚੁਣੇ ਹੋਏ ਗੁੰਡੇ ਕੰਮ ਕਰਦੇ ਸੀ।

ਆਪਣੀ ਗੁੰਡਾ ਗਰਦੀ ਦੇ ਨਾਲ-ਨਾਲ ਦਲਬੀਰੇ ਨੇ ਜੁਝਾਰੂਆਂ ਵਿਰੁੱਧ ਵ ਬਹੁਤ ਕੰਮ ਕੀਤਾ ਸੀ ਜਿਸ ਦੌਰਾਨ ਉਸਨੇ ਤਰਨ ਤਾਰਨ ਵਿੱਚ ਏ ਸ੍ਰੋਣੀ ਦੇ ਖਾੜਕੂ ਭਾਈ ਪਰਮਜੀਤ ਸਿੰਘ ਨੂੰ ਗੋਲੀਆਂ ਮਾਰਕੇ ਸ਼ਹੀਦ ਕਰਨ ਤੋਂ ਇਲਾਵਾ ਬੀ.ਸ੍ਰੋਣੀ ਦੇ ਭਾਈ ਰਣਜੀਤ ਸਿੰਘ ਤੇ ਬਲਵਿੰਦਰ ਸਿੰਘ ਬਿੰਦਾ ਅਤੇ ਮੁਹਾਲੀ ਤੋਂ ਗੁਰਬਚਨ ਸਿੰਘ ਆਦਿ ਨੂੰ ਪੁਲੀਸ ਦੇ ਹਵਾਲੇ ਕੀਤਾ ।

1988 ਦੇ ਸ਼ੁਰੂ ਵਿੱਚ ਉਸਨੇ ਅਕ੍ਰਿਤਘਣਤਾ ਦੀ ਹੱਦ ਕਰ ਦਿੱਤੀ ਉਸ ਨੇ ਇਕ ਵਾਰ ਉਸ ਦੀ ਜਾਨ ਬਖਸ਼ ਦੇਣ ਵਾਲੇ ਭਾਈ 'ਜਿੰਦੇ' ਹੋਰਾਂ ਦੇ ਨੇੜਲੇ ਸਾਥੀ ਭਾਈ ਸੁਖਵਿੰਦਰ ਸਿੰਘ ਸ਼ਿੰਦੂ ਉਰਫ ਕੇ.ਸੀ. ਸ਼ਰਮਾਂ ਅਤੇ ਉਸਦੇ ਸਾਥੀ ਭਾਈ ਹਰਿੰਦਰ ਸਿੰਘ ਬੰਟੀ ਜਿਸ ਸਮੇਂ ਉਹ ਚੰਡੀਗੜ੍ਹ ਵਿੱਚ ਅਵੇਸਲੇ ਬੈਠੇ ਗੱਲਾਂ ਕਰ ਰਹੇ ਸਨ ਪਿੱਛੋਂ ਦੀ ਆ ਕੇ ਉਹਨਾਂ ਦੇ ਸਿਰ ਵਿੱਚ ਗੋਲੀਆਂ ਮਾਰਕੇ ਉਹਨਾਂ ਨੂੰ ਮਾਰ ਦਿੱਤਾ ਸੀ । ਉਹ ਗੋਲੀਆਂ ਚਲਾ ਰਿਹਾ ਸੀ ਤਾਂ ਅਚਾਨਕ ਚੰਡੀਗੜ੍ਹ ਦੀ ਇਕ ਗਸ਼ਤੀ ਟੁਕੜੀ ਉਧਰ ਆ ਨਿਕਲੀ ਉਸਨੇ ਸਮਝਿਆ ਕਿ ਕੋਈ ਸਾਧਾਰਨ ਕਾਤਲ ਕਤਲ ਕਰਕੇ ਭੱਜ ਰਿਹਾ ਹੈ । ਪੁਲੀਸ ਨੇ ਉਸਦਾ ਪਿੱਛਾ ਕੀਤਾ ਤਾਂ ਉਹ ਭੱਜ ਕੇ ਪੁਲੀਸ ਮੁਖੀ ਜੇ.ਐਫ. ਰਿਬੇਰੋ ਦੀ ਕੋਠੀ ਜਾ ਵੜਿਆ । ਅਗਲੇ ਦਿਨ ਰਿਬੈਰੋ ਨੇ ਪ੍ਰੈਸ ਕਾਨਫਰੰਸ ਕਰਕੇ ਐਲਾਨ ਕੀਤਾ ਕਿ ਖ਼ਤਰਨਾਕ ਖਾੜਕੂ ਸੁਖਵਿੰਦਰ ਸਿੰਘ ਉਰਫ ਕੇ.ਸੀ. ਸ਼ਰਮਾਂ ਅਤੇ ਹਰਿੰਦਰ ਸਿੰਘ ਬੰਦੀ ਪੁਲੀਸ ਨਾਲ ਹੋਏ ਮੁਕਾਬਲੇ ਵਿੱਚ ਮਾਰੇ ਗਏ ਹਨ ।

ਇਸ ਪਿੱਛੋ ਉਹ ਰਿਬੈਰੋ ਦਾ ਲਾਡਲਾ ਬਣ ਗਿਆ । ਉਸਨੇ ਉਸਨੂੰ ਦੋ ਤਰੱਕੀਆਂ ਦੇ ਕੇ ਏ.ਐਸ.ਆਈ. ਬਣਾ ਦਿੱਤਾ । ਇਕ ਮਰੂਤੀ, ਇਕ ਫੀਏਟ ਤੇ ਨਾਲ ਪੁਲੀਸ ਦੀ ਗਾਰਦ ਦੇ ਦਿੱਤੀ ਸੀ । ਕਿਸੇ ਥਾਣੇ ਵਿੱਚ ਰੋਜ਼ਾਨਾ ਹਾਜ਼ਰੀ ਲਵਾਉਣ ਦੇ ਝੰਜਟ ਤੋਂ ਮੁਕਤ ਕਰਕੇ ਉਸ ਦਾ ਕਾਰਜ ਖੇਤਰ ਸਾਰੇ ਪੰਜਾਬ ਵਿੱਚ ਵਧਾ ਦਿੱਤਾ ਗਿਆ ।

ਇਸ ਉਪਰੰਤ ਦਲਬੀਰੇ ਨੇ ਬੇਖੌਫ ਹੋ ਕੇ ਲੁੱਟ-ਮਾਰ ਆਰੰਭ ਕਰ ਦਿੱਤੀ ਤੇ ਜਵਾਨ ਲੜਕੀਆਂ ਦੀ ਇੱਜ਼ਤਾਂ ਨੂੰ ਹੱਥ ਪਾਇਆ ਲੁੱਟ ਮਾਰ ਕਰਕੇ ਤੇ ਫਿਰੌਤੀਆਂ ਲੈ ਕੇ ਉਸਨੇ ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਕੋਠੀਆਂ ਪਾ ਲਈਆਂ । ਉਹ ਲੁੱਟ ਦਾ ਮਾਲ ਕੁੱਝ ਖਾਸ ਅਫਸਰਾਂ ਨਾਲ ਵੰਡ ਲੈਂਦਾ ਸੀ । ਇਕ ਦਿਨ ਉਸਨੇ ਜੰਮੂ ਦੇ ਕੁਝ ਵਪਾਰੀਆਂ ਨੂੰ

ਅਗਵਾ ਕਰਕੇ ਉਹਨਾਂ ਦੇ ਪਰਿਵਾਰਾਂ ਤੋਂ ਸੱਤ ਲੱਖ ਰੁਪਏ ਦਾ ਸੋਨਾ ਫਿਰੋਤੀ ਵਿੱਚ ਲਿਆ । ਇਸ ਘਟਨਾ ਨੂੰ ਉਸਨੇ ਪੁਲੀਸ ਅਫਸਰਾਂ ਤੋਂ ਲੁਕਾ ਕੇ ਰੱਖਿਆ ਇਸ ਦੀ ਸੂਹ ਪੁਲੀਸ ਅਫਸਰਾਂ ਨੂੰ ਮਿਲ ਗਈ । ਪਟਿਆਲੇ ਦੇ ਐਸ.ਐਸ. ਪੀ. ਸੀਤਲ ਦਾਸ ਨੇ ਉਸਨੂੰ ਆਪਣੇ ਦਫਤਰ ਵਿੱਚ ਬੁਲਾਇਆ । ਐਸ.ਪੀ.ਬਲਦੇਵ ਸਿੰਘ ਬਰਾੜ ਵੀ ਉਥੇ ਸੀ । ਜਦੋਂ ਉਹਨਾਂ ਨੇ ਉਸ ਤੋਂ ਉਕਤ ਫਿਰੌਤੀ ਦੀ ਰਕਮ ਬਾਰੇ ਪੁੱਛਿਆ ਤਾਂ ਉਹ ਇਕੱਲਾ ਖਾਣ ਦਾ ਮਾਰਾ ਮੁਕਰ ਗਿਆ । ਗੱਲ ਜਦੋਂ ਤੂੰ ਤੂੰ ਮੈ ਮੈ ਤੱਕ ਗਈ ਤਾਂ ਦਲਬੀਰੇ ਨੇ ਡੱਬ ਵਿੱਚੋਂ ਮਾਊਜਰ ਕੱਢਕੇ ਦੋਵਾ ਨੂੰ ਹੀ ਗੋਲੀਆਂ ਨਾਲ ਢੇਰ ਕਰ ਦਿੱਤਾ । ਗੋਲੀਆਂ ਦੀ ਆਵਾਜ਼ ਸੁਣਕੇ, ਉਹਨਾਂ ਦੇ ਗਾਰਡਾਂ ਨੇ ਦਲਬੀਰੇ ਨੂੰ ਵੀ ਥਾਂ ਉਤੇ ਹੀ ਢੇਰੀ ਕਰ ਦਿੱਤਾ। ਰਿਬੈਰੋ ਅਤੇ ਸਰਕਾਰ ਦੇ ਇਕ ਕਰਿੰਦੇ ਦਲਬੀਰੇ ਸਮੇਤ ਦੋ ਪੁਲੀਸ ਮੁਲਾਜ਼ਮਾਂ ਦੀਆਂ ਅਰਥੀਆਂ ਇਕੋ ਹੀ ਸਮੇਂ ਉਠੀਆ ਜਿਹਨਾਂ ਦੇ ਨਾਲ ਹੀ ਸਰਕਾਰੀ ਗੁੰਡਾ ਗਿਰੋਹ ਦਾ ਕੁਝ ਸੱਚ ਵੀ ਲੋਕਾਂ ਸਾਹਮਣੇ ਆਇਆ । 'ਇੰਡੀਆ ਟੂਡੇ' ਦੇ ਪੱਤਰਕਾਰ ਮੋਦਗਿੱਲ ਨਾਲ ਗੱਲ ਕਰਦਿਆਂ ਭਰੇ ਮਨ ਨਾਲ ਰਿਬੈਰੋ ਨੇ ਕਿਹਾ, "ਦਲਬੀਰੇ ਦੀ ਮੌਤ ਨਾਲ ਪਿਆ ਘਾਟਾ ਪੂਰਾ ਕਰਨਾ ਮੁਸ਼ਕਲ ਹੈ ਜੇ ਉਸਦੇ ਨਾਲ ਦੋ ਅਫਸਰਾਂ ਦੀ ਮੌਤ ਨਾ ਹੋਈ ਹੁੰਦੀ ਤਾਂ ਸਾਡੀਆਂ ਅਜਿਹੀਆਂ ਕਾਰਵਾਈਆਂ ਨੇ ਜ਼ਾਹਰ ਨਹੀਂ ਸੀ ਹੋਣਾ ।"

ਇੰਡੀਆ ਟੂਡੇ ਹਿੰਦੀ 15 ਸਤੰਬਰ 1988

# ਪੀਲੀ-ਭੀਤ' (1)

*** ਗੁਰਨਾਮ ਸਿੰਘ ਚੌਹਾਨ ਨੇ ਉਤੱਰ ਪ੍ਰਦੇਸ਼ ਦੀ ਜੇਲ੍ਹ ਵਿੱਚ ਸਿੱਖਾਂ ਤੇ ਢਾਹੇ ਜ਼ੁਲਮ ਦੀ ਦਾਸਤਾਨ ਦਿੱਲੀ ਕਮੇਟੀ ਦੇ ਇਕ ਵਫਦ ਵੱਲੋਂ ਜਾਂਚ ਰਿਪੋਰਟ ਦੇ ਆਧਾਰ ਤੇ ਕੀਤੀ ਹੈ । ਜੋ ਅਸੀਂ ਚੜ੍ਹਦੀਕਲਾ ਦੇ ਪਾਠਕਾਂ ਦੀ ਜਾਣਕਾਰੀ 'ਚ ਵਾਧੇ ਲਈ ਛਪਣ ਦੀ ਖੁਸ਼ੀ ਲੈ ਰਹੇ ਹਾਂ - ਜਾਂਚ ਰਿਪੋਰਟ ਵਿੱਚ ਸਿੱਧ ਹੋ ਗਿਆ ਹੈ ਕਿ ਜੇਲ੍ਹ ਤੋੜਣ ਵਾਲੀ ਕਹਾਣੀ ਝੂਠੀ ਤੇ ਮਨਘੜਤ ਹੈ, ਜੋ ਸਿੱਖਾਂ ਤੇ ਢਾਹੇ ਜ਼ੁਲਮ ਉਤੇ ਪਰਦਾ ਪਾਉਣ ਲਈ ਹੀ ਘੜੀ ਗਈ ।***

ਸੰਪਾਦਕ

ਪਟਿਆਲਾ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਕਮੇਟੀ ਨੇ ਪੀਲੀਭੀਤ ਜੇਲ੍ਹ ਵਿੱਚ ਗੈਰ ਕਾਨੂੰਨੀ ਢੰਗ ਨਾਲ ਮਾਰੇ ਅਤੇ ਫੱਟੜ ਕੀਤੇ ਸਿੱਖ ਬੰਦੀਆਂ ਦੀ ਜਾਂਚ-ਪੜਤਾਲ ਕਰਨ ਲਈ ਪੰਜ ਮੈਂਬਰੀ ਕਮੇਟੀ ਯੂ.ਪੀ. ਭੇਜੀ ਸੀ । ਜਿਸ ਦਾ ਮੁਖੀ ਸੀਨੀਅਰ ਮੀਤ ਪ੍ਰਧਾਨ ਡਾ. ਜਸਪਾਲ ਸਿੰਘ, ਪ੍ਰੋ.ਅਜਾਇਬ ਸਿੰਘ ਐਮ.ਐਲ.ਏ., ਵੀ. ਐਮ. ਸਿੰਘ ਜਾਇੰਟ ਸਕੱਤਰ, ਸ੍ਰ. ਕੁਲਮੋਹਨ ਸਿੰਘ ਅਤੇ ਸ੍ਰ. ਕੁਲਦੀਪ ਸਿੰਘ ਐਮ.ਐਲ. ਏ. ਸੀ । ਇਸ ਕਮੇਟੀ ਨੇ ਪੂਰੀ ਤਨਦੇਹੀ ਆਤਮ ਵਿਸ਼ਵਾਸ ਤੇ ਦ੍ਰਿੜਤਾ ਨਾਲ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਹੋਇਆ ਜੇਲ੍ਹ ਅੰਦਰ ਸਿੱਖਾਂ ਨੂੰ ਕੋਹ-ਕੋਹ ਕੇ ਮਾਰਨ ਅਤੇ ਫੱਟੜ ਕਰਨ ਵਾਲੇ ਤੱਥਾਂ ਨੂੰ ਉਭਾਰਕੇ ਸਮੁੱਚੇ ਸੰਸਾਰ ਸਾਹਮਣੇ ਲਿਆਂਦਾ ਹੈ । ਉਥੇ ਯੂ.ਪੀ. ਸਰਕਾਰ ਦੇ ਇਸ ਬਿਆਨ ਨੂੰ ਝੂਠਾ ਤੇ ਮਨਘੜਤ ਸਾਬਤ ਕੀਤਾ ਹੈ ਜਿਸ ਰਾਹੀ ਉਥੋਂ ਦੀ ਸਰਕਾਰ ਨੇ ਕਿਹਾ ਸੀ ਇਹ ਸਿੱਖ ਜੇਲ੍ਹ ਤੋੜਕੇ ਭੱਜਣ ਦੀ ਕੋਸ਼ਿਸ਼ ਕਰ ਰਹੇ ਸਨ । ਕਮੇਟੀ ਵੱਲੋਂ ਪੇਸ਼ ਕੀਤੀ ਰਿਪੋਰਟ ਨੂੰ ਦੇਖ ਕੇ ਮਹਿਸੂਸ ਹੁੰਦਾ ਹੈ ਕਿ ਭਾਰਤ ਦੇ ਕਿਸੇ ਵੀ ਕੋਨੇ 'ਚ ਰਹਿੰਦੇ ਸਿੱਖਾਂ ਤੇ ਟਾਡਾ ਅਧੀਨ ਅਤਿਆਚਾਰ ਜਬਰ ਜ਼ੁਲਮ ਕੀਤਾ

ਜਾ ਰਿਹਾ ਹੈ । ਇਥੋਂ ਪਤਾ ਲੱਗਦਾ ਹੈ ਕਿ ਭਾਰਤ ਅੰਦਰ ਵੱਸਦੇ ਸਿੱਖ ਕਿੰਨੇ ਸੁਰੱਖਿਅਤ ਹਨ ? ਇਸ ਰਿਪੋਰਟ ਨੇ ਦਰਸਾਇਆ ਹੈ ਕਿ ਸਿੱਖਾਂ ਤੇ ਅਣ-ਮਨੁੱਖੀ ਤਸ਼ੱਦਦ ਕਰਕੇ ਕਿਵੇਂ ਮਾਰਿਆ ਜਾਂਦਾ ਹੈ, ਕਿਵੇਂ ਝੂਠੀਆਂ ਕਹਾਣੀਆਂ ਘੜਕੇ ਮਾਰਸ਼ਲ ਕੌਮ ਸਿੱਖਾਂ ਨੂੰ ਦੁਨੀਆ ਦੀਆਂ ਨਜ਼ਰਾਂ 'ਚ ਡੇਗਣ ਦੀਆਂ ਗਿੱਦੜ-ਚਾਲਾਂ ਚਲੀਆਂ ਜਾਂਦੀਆਂ ਹਨ ?

ਇਸ ਗੱਲੋਂ ਦੋਵਾਂ ਕਮੇਟੀਆਂ ਦੀ ਪ੍ਰਸ਼ੰਸ਼ਾ ਕਰਨੀ ਪਵੇਗੀ ਕਿ ਉਹਨਾਂ ਪੰਜ ਮੈਂਬਰੀ ਵਫਦ ਪੀਲੀਭੀਤ ਭੇਜਕੇ ਵਹਿਸ਼ੀਆਨਾ ਤੇ ਯੋਜਨਾਬਧ ਤਰੀਕੇ ਨਾਲ ਮਾਰੇ ਅਤੇ ਫੱਟੜ ਕੀਤੇ ਸਿੱਖ ਬੰਦੀਆਂ ਦੀ ਜਾਂਚ ਪੜਤਾਲ ਕਰਨ 'ਚ ਸਫਲਤਾ, ਹਾਸਲ ਕੀਤੀ ਹੈ । ਇਸ ਦੇ ਨਾਲ ਸਮੂਹ ਪੰਜਾਬੀ ਸਮਾਜਵਾਦੀ ਜਨਤਾ ਦਲ, ਬੁੱਧੀਜੀਵੀ, ਵੱਖ-ਵੱਖ ਅਖ਼ਬਾਰਾਂ ਦੇ ਸੰਪਾਦਕ, ਪ੍ਰਤੀਨਿਧੀ ਅਤੇ ਸਮਾਜ ਸੇਵੀ ਜਥੇਬੰਦੀਆਂ ਵੀ ਵਧਾਈ ਦੀਆਂ ਪਾਤਰ ਹਨ । ਜਿਨ੍ਹਾਂ ਜੋਰਦਾਰ ਆਵਾਜ਼ ਉਠਾਕੇ ਯੂ.ਪੀ. ਸਰਕਾਰ ਨੂੰ ਮਾਰੇ ਅਤੇ ਫੱਟੜ ਕੀਤੇ ਸਿੱਖ ਬੰਦੀਆਂ ਦੇ 29 ਦੋਸ਼ੀਆਂ ਨੂੰ ਮੁਅੱਤਲ ਕਰਨ 42 ਵਿਰੁੱਧ ਹੱਤਿਆ ਦਾ ਮੁਕੱਦਮਾ ਦਾਇਰ ਕਰਨ ਲਈ ਮਜ਼ਬੂਰ ਕੀਤਾ ਹੈ । ਯਾਦ ਰਹੇ ਕਿ ਯਾਦਵ ਸਰਕਾਰ ਨੇ ਸਿਟੀ ਮੈਜਿਸਟਰੇਟ ਤੋਂ ਲੈ ਕੇ ਸਾਰੇ ਜੇਲ੍ਹ ਕਰਮਚਾਰੀਆਂ ਨੂੰ ਮੁਅੱਤਲ ਕਰਕੇ, ਵੱਖ-ਵੱਖ ਥਾਂ ਤੇ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਲੱਖ-ਲੱਖ ਰੁਪਏ ਅਤੇ ਜਖ਼ਮੀਆਂ ਨੂੰ ਦਸ-ਦਸ ਹਜ਼ਾਰ ਰੁਪਏ ਮੁਆਵਜਾ ਦੇਣ ਦਾ ਐਲਾਨ ਕੀਤਾ ਹੈ ।

ਇਹ ਗੱਲ ਮੰਨਣੀ ਪਵੇਗੀ ਕਿ ਜਿਥੇ ਯਾਦਵ ਸਰਕਾਰ ਨੇ ਕੇਂਦਰ ਦੇ ਇਸ਼ਾਰਿਆਂ ਤੇ ਇਹ ਵਹਿਸ਼ੀਆਨਾ ਅਤੇ ਅਤੀ ਨਿੰਦਣਯੋਗ ਕਾਰਨਾਮਾ ਕੀਤਾ ਸੀ । ਉਥੇ ਸਮੁੱਚੇ ਭਾਰਤ ਵਿੱਚੋਂ ਉਠੀ ਕੰਨ ਪਾੜਵੀਂ ਆਵਾਜ਼ ਨੇ ਯਾਦਵ ਸਰਕਾਰ ਦਾ ਤਖਤਾ ਡੋਲਣ ਲਾ ਦਿੱਤਾ । ਜਿਸ ਦੇ ਫਲਸਰੂਪ ਯੂ.ਪੀ. ਸਰਕਾਰ ਨੂੰ ਇਹ ਫੈਸਲਾ ਲੈਣਾ ਪਿਆ ਅਗਰ ਸਮੁੱਚਾ ਭਾਰਤ 84 ਦੇ ਦੰਗਾ ਦੋਸ਼ੀਆਂ ਨੂੰ ਸਜ਼ਾਵਾਂ ਦਵਾਉਣ ਅਤੇ ਪੀੜਤ ਪ੍ਰੀਵਾਰਾਂ ਨੂੰ ਲੱਖ-ਲੱਖ ਰੁਪਏ ਦਾ ਮੁਆਵਜਾ ਦਵਾਉਣ ਲਈ ਜ਼ੋਰਦਾਰ ਅਭਿਆਨ ਆਰੰਭੇ ਤਾਂ ਦਿੱਲੀ ਸਰਕਾਰ ਨੂੰ ਅਜਿਹੇ ਫੈਸਲੇ ਲੈਣ ਲਈ ਮਜ਼ਬੂਰ ਹੋਣਾ ਪਵੇਗਾ । ਇਸ ਲਈ ਦੋਵਾਂ ਕਮੇਟੀਆਂ ਨੂੰ ਚਾਹੀਦਾ ਹੈ ਕਿ ਵੱਖ-ਵੱਖ ਪਾਰਟੀਆਂ ਤੋਂ ਸਹਿਯੋਗ ਲੈ ਕੇ ਇਕ ਸੰਘਰਸ਼ ਅਰੰਭਿਆ ਜਾਵੇ ਲੋਕ ਤਨੋ-ਮਨੋ ਸਾਥ ਦੇਣਗੇ । ਜਿਥੋਂ ਤੱਕ ਆਸ ਹੈ ਕਿ ਸਫਲਤਾ ਵੀ ਮਿਲੇਗੀ ।

ਹਾਲ ਹੀ ਯੂ.ਪੀ. ਦਾ ਦੋਰਾ ਕਰਕੇ ਆਈ ਪੰਜ ਮੈਂਬਰੀ ਕਮੇਟੀ ਨੇ ਆਪਣੀ ਰਿਪੋਰਟ ਦੁਆਰਾ ਦੱਸਿਆ ਹੈ ਕਿ ਸਿੱਖਾਂ ਦੀ ਮੌਤ ਕਾਨੂੰਨੀ ਹਿਰਾਸਤ 'ਚ ਹੋਈ ਹੈ ਜਿਥੇ ਸੁਰੱਖਿਆ ਦੀ ਜ਼ਿੰਮੇਵਾਰੀ ਨਿਆਂ ਪਾਲਿਕਾ ਦੀ ਸੀ । ਇਹ ਦਰਦਨਾਕ ਮੌਤਾਂ ਗੁਰਦੇ ਅਤੇ

ਅੰਤੜੀਆਂ ਫੱਟ ਜਾਣ ਕਾਰਨ ਹੋਈਆਂ ਹਨ । ਇਨ੍ਹਾਂ ਦੇ ਫੱਟਣ ਦਾ ਕਾਰਨ ਸਲਾਖਾਂ ਅਤੇ ਸਰੀਏ ਨਾਲ ਅਣਮਨੁੱਖੀ ਢੰਗ ਨਾਲ ਕੁਟਿਆ ਜਾਣਾ ਹੈ । ਹਰ ਮਰਨ ਵਾਲੇ ਦੇ ਮੂੰਹੋ ਨਿਕਲਿਆ ਖੂਨ ਇਸ ਗੱਲ ਦਾ ਸਹੀ ਸਬੂਤ ਹੈ ਕਿ ਉਹਨਾਂ ਨੂੰ ਬੰਨਕੇ ਮਾਰਿਆ ਗਿਆ ਹੈ । ਬੰਨੇ ਜਾਣ ਕਾਰੇਨ ਉਹਨਾਂ ਦੇ ਪੈਰ ਚਾਰ-ਚਾਰ, ਪੰਜ-ਪੰਜ ਇੰਚ ਸੁੱਜੇ ਹੋਏ ਸਨ ਹੱਡੀਆਂ ਟੁੱਟੀਆਂ ਹੋਈਆਂ ਸਨ । ਇਥੋਂ ਸਪਸ਼ਟ ਹੁੰਦਾ ਹੈ ਕੇ ਉਨ੍ਹਾਂ ਨੂੰ ਯੋਜਨਾਬੰਧ ਤਰੀਕੇ ਨਾਲ ਮਾਰਿਆ ਗਿਆ ਹੈ ।

ਪੰਜ ਮੈਂਬਰੀ ਕਮੇਟੀ ਨੇ ਆਪਣੀ ਰਿਪੋਰਟ 'ਚ ਇਹ ਵੀ ਲਿਖਿਆ ਹੈ ਪੀਲੀਭੀਤ ਜਿਲ੍ਹਾ ਜੇਲ੍ਹ ਅੰਦਰ 63 ਸਿੱਖ ਟਾਡਾ ਅਧੀਨ ਬੰਦ ਸਨ ਇਨ੍ਹਾਂ ਵਿੱਚੋਂ 28 ਬੈਰਕ ਨੰ: 7 ਵਿੱਚ ਸਨ । ਘਟਨਾ ਵਾਲੀ ਰਾਤ ਨੂੰ ਲਗਭਗ ਸਾਢੇ ਕੁ ਦੱਸ ਵਜੇ ਤੋਂ ਬਾਅਦ ਇਸ ਬੈਰਕ ਵਿੱਚੋਂ ਦੋ ਬੰਦੀਆਂ ਨੂੰ ਕੱਢ ਕੇ ਹੱਥ ਪੈਰ ਬੰਨ ਕੇ ਲੋਹੇ ਦੀਆਂ ਸਲਾਖਾਂ ਨਾਲ ਪੰਜ-ਪੰਜ ਦਸ-ਦਸ ਜੇਲ੍ਹ ਕਰਮਚਾਰੀਆਂ ਨੇ ਜ਼ਾਲਮਾਨਾ ਤਰੀਕੇ ਨਾਲ ਮਾਰੀਆਂ । ਜਿਸ ਦੇ ਕਾਰਨ 7 ਦੀ ਮੌਤ ਹੋਈ ਹੈ 21 ਬੁਰੀ ਤਰ੍ਹਾਂ ਫੱਟੜ ਹੋਏ ਜਿਨ੍ਹਾਂ ਦੀਆਂ ਹੱਡੀਆਂ ਟੁੱਟੀਆਂ ਹੋਈਆਂ ਹਨ । ਕਮੇਟੀ ਅਨੁਸਾਰ ਜੇਲ੍ਹ ਤੋੜਨ ਵਾਲੀ ਕਹਾਣੀ ਝੂਠੀ ਤੇ ਮਨਘੜਤ ਹੈ । ਇਹ ਜੇਲ੍ਹ ਕਰਮਚਾਰੀਆਂ ਨੇ ਆਪਣੇ ਬਚਾਅ ਲਈ ਇਕ-ਇਕ ਗੱਲ ਦੀ ਸੋਚ ਸਮਝ ਕੇ ਅਫਵਾਹ ਫੈਲਾਈ ਸੀ ।

ਰੋਜ਼ਾਨਾ ਚੜਦੀਕਲਾ 12 ਦਸੰਬਰ 1994

# ਪੀਲੀ-ਭੀਤ' (2)

***** ਪੀਲੀ-ਭੀਤ ਕਾਂਡ ਦੀ ਗੂੰਜ 1994 ਦੇ ਅੰਤਮ ਦਿਨਾਂ ਵਿੱਚ ਵੀ ਚਰਚਾ ਦਾ ਵਿਸ਼ਾ ਬਣੀ ਰਹੀ ਹੈ - ਵੱਖੋ-ਵੱਖ ਰਿਪੋਰਟਾਂ ਸੀ. ਆਈ. ਡੀ. ਸਮੇਤ ਇਹ ਸਿੱਧ ਕਰ ਚੁੱਕੀਆਂ ਨੇ ਕਿ ਪੀਲੀ-ਭੀਤ ਜੇਲ੍ਹ ਵਿੱਚ ਕੈਦੀਆਂ ਨੂੰ ਸਿਰਫ ਸਬਕ ਸਿਖਾਉਣ ਲਈ ਹੀ ਮਾਰਿਆ ਗਿਐ - ਸਿੱਖਾਂ ਦੇ ਮਨਾਂ ਤੇ ਲੱਗਣ ਵਾਲੇ ਜ਼ਖਮਾਂ ਵਿੱਚੋਂ 1994 ਦੀ ਇਹ ਘਟਨਾ ਵੀ ਅਭੁੱਲ ਹੈ - ਜਿਸ ਨੇ 1995 ਦੇ ਅੱਗੇ ਪ੍ਰਸ਼ਨ ਚਿੰਨ੍ਹ ਲਗਾ ਰੱਖਿਆ ਹੈ, ਵਾਹਿਗੁਰੂ ਕਰੇ ਖੈਰ ਹੋਵੇ ...**

**ਗੁਰਨਾਮ ਸਿੰਘ ਚੌਹਾਨ ਵੱਲੋਂ ਭੇਜੇ ਤੱਥਾਂ ਦੀ ਇਕ ਰਿਪੋਰਟ ਪਾਠਕਾਂ ਦੀ ਨਜ਼ਰ ਹੈ ।******

**ਸੰਪਾਦਕ**

ਪਟਿਆਲਾ : ਪੀਲੀਭੀਤ ਜੇਲ੍ਹ 'ਚ ਟਾਡਾ ਅਧੀਨ ਬੰਦ ਸੱਤ ਸਿੱਖ ਬੰਦਿਆਂ ਨੂੰ ਮਾਰਨ ਤੇ 21 ਨੂੰ ਬੁਰੀ ਤਰ੍ਹਾਂ ਫੱਟੜ ਕਰਨ ਵਿਰੋਧ ਦੇਸ਼ ਭਰ ਵਿੱਚ ਭਾਰੀ ਰੋਸ ਪਾਇਆ ਗਿਆ । ਇਸ ਘਟਨਾ ਨੂੰ ਮੁੱਖ ਰੱਖਦਿਆਂ ਪੀਲੀਭੀਤ ਤਰਾਈ ਅਤੇ ਯੂ.ਪੀ. ਦੇ ਹੋਰ ਇਲਾਕਿਆਂ 'ਚ ਰਹਿੰਦੇ ਸਿੱਖਾਂ ਜ਼ੋਰਦਾਰ ਆਵਾਜ਼ ਉਠਾਈ । ਵੱਖ-ਵੱਖ ਰੋਸ ਸਭਾਵਾਂ ਕੀਤੀਆਂ । ਗੁਰਦੁਆਰਾ ਨਾਨਕ ਮਤਾ ਵਿਖੇ ਵਿਸ਼ਾਲ ਰੋਸ ਰੈਲੀ ਕੀਤੀ ਜਿਸ ਨਾਲ ਯਾਦਵ ਸਰਕਾਰ ਨੂੰ ਕੰਬਣੀ ਛਿੜ ਗਈ ਸਿੱਖਾਂ ਨੇ ਇਸ ਘਟਨਾ ਦੀ ਸੀ. ਬੀ. ਆਈ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ । ਜ਼ੋਰਦਾਰ ਉਠੀ ਆਵਾਜ਼ ਤੋਂ ਘਬਰਾਹਟ ਵਿੱਚ ਆ ਕੇ ਯਾਦਵ ਸਰਕਾਰ ਨੇ ਉਤੱਰ ਪ੍ਰਦੇਸ਼ ਦੀ ਸੀ ਆਈ.ਡੀ.ਏਜੰਸੀ ਨੂੰ ਇਸ ਘਟਨਾ ਦੀ ਜਾਂਚ ਪੜਤਾਲ ਕਰਨ ਦਾ ਆਦੇਸ਼ ਜਾਰੀ ਕੀਤਾ ।

ਯੂ.ਪੀ. ਦੇ ਸਿੱਖ ਸੀ.ਬੀ.ਆਈ. ਰਾਹੀ ਜਾਂਚ ਕਰਵਾਉਣ ਲਈ ਇਸ ਕਰਕੇ ਜਿੱਦ ਕਰਦੇ ਸਨ ਕਿ ਉਤੱਰ ਪ੍ਰਦੇਸ਼ ਦੀ ਸੀ.ਆਈ ਡੀ.ਏਜੰਸੀ ਦੇਸ਼ ਭਰ ਅੰਦਰ ਸੁਸਤ ਤੇ ਬਦਨਾਮ ਮੰਨੀ ਜਾਂਦੀ ਹੈ । ਪਰ ਇਸ ਵਾਰੀ ਇਸ ਏਜੰਸੀ ਨੇ ਚੁਸਤੀ ਫੁਰਤੀ ਅਤੇ ਤੇਜੀ ਨਾਲ ਕੰਮ ਕਰਕੇ ਦੇਸ਼ ਭਰ ਦੇ ਲੋਕਾਂ ਨੂੰ ਹੈਰਾਨ ਹੀ ਨਹੀ ਕੀਤਾ ਸਗੋਂ ਆਪਣੇ ਪਿਛਲੇ ਧੋਣੇ ਵੀ ਧੋਤੇ ਹਨ ।

ਸੀ.ਆਈ.ਡੀ. ਨੇ 240 ਸਫਿਆਂ ਦੀ ਰਿਪੋਰਟ ਸਿਰਫ 10 ਦਿਨਾਂ ਅੰਦਰ ਤਿਆਰ ਕੀਤੀ ਹੈ ਇਹ ਰਿਪੋਰਟ ਹੁਣ ਕਿਸੇ ਵੀ ਸਮੇਂ ਅਦਾਲਤ ਵਿੱਚ ਪੇਸ਼ ਕਰਕੇ ਦੋਸ਼ੀ ਪਾਏ ਜੇਲ੍ਹ ਕਰਮਚਾਰੀਆਂ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ । ਰਿਪੋਰਟ ਅਨੁਸਾਰ ਇੱਕ ਜੇਲ੍ਹ ਸੁਪਰਡੈਂਟ, ਚਾਰ ਡਿਪਟੀ ਜੇਲ੍ਹ ਸੁਪਰਡੈਂਟ, ਛੇ ਹੈਡੱ ਵਾਰਡਨ, 29 ਵਾਰਡਨ, ਇਕ ਡਾਕਟਰ ਅਤੇ 41 ਜੇਲ੍ਹ ਕਰਮਚਾਰੀ ਇਨ੍ਹਾਂ ਹੱਤਿਆਵਾਂ ਵਿੱਚ ਦੋਸ਼ੀ ਹਨ । ਸੀ.ਆਈ. ਡੀ. ਨੇ ਜੇਲ੍ਹ 'ਚ ਇੰਚਾਰਜ ਹੋਣ ਸਦਕਾ ਸ਼ਾਹਜਹਾਨਪੁਰ ਦੇ ਸਿਟੀ ਮੈਜਿਸਟ੍ਰੇਟ ਅਤੇ ਇਕ ਬਰਨਾਲਾ ਮੈਜਿਸਟ੍ਰੇਟ ਵਿਰੁੱਧ ਕਾਰਵਾਈ ਕਰਨ ਦਾ ਇਸ਼ਾਰਾ ਕੀਤਾ ਹੈ ।

ਰਿਪੋਰਟ ਅਨੁਸਾਰ 8-9 ਨਵੰਬਰ ਦੀ ਰਾਤ ਨੂੰ ਜਦੋਂ ਇਹ ਕਾਂਡ ਉਸ ਸਮੇਂ ਪੀਲੀਭੀਤ ਜੇਲ੍ਹ ਵਿੱਚ ਕੁਲ 63 ਟਾਡਾ ਅਧੀਨ ਕੈਦੀ ਸਨ । ਬੈਰਕ ਨੰ: 7 ਵਿੱਚ ਇਨ੍ਹਾਂ ਕੈਦੀਆਂ ਦੀ ਗਿਣਤੀ 28 ਸੀ । ਬਾਕੀ ਨਾਲ ਦੀ ਬੈਰਕ ਅੰਦਰ 6 ਬੰਦ ਸਨ । ਬੈਰਕ ਸੱਤ ਦੇ ਜੰਗਲੇ ਦੀ ਜਾਲੀ ਅਤੇ ਇਕ ਸਲਾਖ ਕੱਟਕੇ ਚਾਰ ਕੈਦੀ ਬਾਹਰ ਆ ਗਏ ਸਨ ਉਸ ਸਮੇਂ ਡਿਊਟੀ ਤੇ ਮੌਜੂਦ ਹੈਡੱ ਵਾਰਡਨ ਅਤੇ ਵਾਰਡਨ ਨੇ ਇਨ੍ਹਾਂ ਨੂੰ ਦੇਖਿਆ ਤੇ ਹੱਥੀਂ ਪੈ ਗਏ, ਨਾਲ ਹੀ ਖਤਰੇ ਦੀ ਘੰਟੀ ਵਜ੍ਹਾ ਦਿੱਤੀ । ਨਿਯਮ ਅਨੁਸਾਰ ਘੰਟੀ ਵਜਦੇ ਸਾਰ ਸਭ ਨੂੰ ਖਤਰੇ ਵਾਲੀ ਥਾਂ ਪਹੁੰਚਣਾ ਪੈਂਦਾ ਹੈ । ਇਸ ਲਈ ਜੇਲ੍ਹ ਸੁਪਰਡੈਂਟ ਜੇਲ੍ਹ ਡਾਕਟਰ ਅਤੇ ਕੈਦੀ ਰੱਖਿਅਕ ਪਹੁੰਚ ਗਏ । ਇਸ ਗੱਲ ਤੋਂ ਸਾਬਤ ਹੁੰਦਾ ਹੈ ਕਿ ਕੈਦੀਆਂ ਨੇ ਦੌੜਨ ਦੀ ਕੋਸ਼ਿਸ਼ ਤਾਂ ਕੀਤੀ ਸੀ ਪਰ ਜੋ ਉਸ ਤੋਂ ਬਾਅਦ ਕੈਦੀਆਂ ਤੇ ਹਮਲਾ ਹੋਇਆ ਹੈ ਉਹ ਬਿਲਕੁਲ ਗੈਰ ਕਾਨੂੰਨੀ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ।

ਇਸ ਤਰ੍ਹਾਂ ਲੱਗਦਾ ਹੈ ਜਿਵੇਂ ਸੀ.ਆਈ.ਡੀ. ਨੇ ਇਸ ਘਟਨਾ ਤੇ ਪਰਦਾ ਪਾਉਣ ਲਈ ਪਿਛਲੇ ਕੁਝ ਸਾਲ ਪਹਿਲਾਂ ਲਖਨਊ ਜੇਲ੍ਹ 'ਚ ਟਾਡਾ ਅਧੀਨ ਬੰਦ ਕੀਤੇ ਕੈਦੀ ਦੇ ਫਰਾਰ ਹੋਣ ਵਾਲੀ ਘਟਨਾ ਦਾ ਜ਼ਿਕਰ ਕੀਤਾ ਹੈ ਕਿ ਜੇਲ੍ਹ ਕਰਮਚਾਰੀਆਂ ਦੇ ਦਿਮਾਗ ਤੇ ਉਹ ਮਸਲਾ ਹਾਵੀ ਹੋ ਗਿਆ ਸੀ ਜਿਸ ਵਿੱਚ ਜੇਲ੍ਹ ਕਰਮਚਾਰੀਆਂ ਨੇ ਨਰਿੰਦਰ ਨਾਥ ਸ੍ਰੀਵਾਸਤਵ 'ਤੇ 10 ਲੱਖ ਰੁਪਏ ਦੀ ਰਿਸ਼ਵਤ ਲੈ ਕੇ ਕੈਦੀ ਨੂੰ ਫਰਾਰ ਕਰਨ ਦਾ ਦੋਸ਼ ਲਾ

ਕੇ ਸਰਕਾਰ ਨੇ ਉਸ ਨੂੰ ਟਾਡਾ ਅਧੀਨ ਗ੍ਰਿਫਤਾਰ ਕਰ ਲਿਆ ਸੀ । ਜੇਲ੍ਹ ਅਧਿਕਾਰੀਆਂ ਨੇ ਇਨ੍ਹਾਂ ਕੈਦੀਆਂ ਵੱਲੋਂ ਭੱਜਣ ਦੀ ਕੀਤੀ ਕੋਸ਼ਿਸ਼ ਤੋਂ ਖਫਾ ਹੋ ਕੇ ਕੈਦੀਆਂ ਨੂੰ ਸਬਕ ਸਿਖਾਉਣ ਦੀ ਨੀਤੀ ਨਾਲ ਅਣਮਨੁੱਖੀ ਢੰਗ ਨਾਲ ਕੁੱਟਿਆ ਮਾਰਿਆ । ਰਿਪੋਰਟ ਅਨੁਸਾਰ ਇਸ ਸਾਰੀ ਕਾਰਵਾਈ ਜੇਲ੍ਹ ਦੇ ਉਚ ਅਧਿਕਾਰੀ ਕਰ ਰਹੇ ਸਨ । ਇਨ੍ਹਾਂ ਦੇ ਇਸ਼ਾਰਿਆਂ ਤੇ ਜੇਲ੍ਹ ਕਰਮਚਾਰੀਆਂ ਨੇ ਕੈਦੀਆਂ ਦੇ ਹੱਥਾਂ ਪੈਰਾਂ ਅਤੇ ਗੁਪਤ ਅੰਗਾਂ ਨੂੰ ਹੀ ਖਾਸ ਨਿਸ਼ਾਨਾ ਬਣਾਇਆ । ਇਸ ਤਰ੍ਹਾਂ ਬੇ-ਹਤਾਸਾ ਕੀਤੀ ਕੁੱਟ ਮਾਰ ਕਾਰਨ ਛੇ ਕੈਦੀ ਮੌਕੇ ਤੇ ਦਮ ਤੋੜ ਗਏ । ਇਕ ਨੇ ਹਸਪਤਾਲ ਚ ਜਾ ਕੇ ਦੁਨੀਆ ਨੂੰ ਅਲਵਿਦਾ ਆਖਿਆ ਸੀ ।

ਇਸ ਜ਼ੁਲਮਾਨਾਂ ਕਾਰਵਾਈ ਵਿੱਚ ਮਰਨ ਵਾਲੇ ਕੈਦੀਆਂ ਚ ਬਚਿੱਤਰ ਸਿੰਘ, ਸਰਬਜੀਤ ਸਿੰਘ, ਤਰਸੇਮ ਸਿੰਘ ਪੰਜਾਬ ਦੇ ਵਾਸੀ ਸਨ ਸੁਖਦੇਵ ਸਿੰਘ, ਕਾਰਜ ਸਿੰਘ, ਅਜੀਤ ਸਿੰਘ ਅਤੇ ਲਾਭ ਸਿੰਘ ਉਤੱਰ ਪ੍ਰਦੇਸ਼ ਦੇ ਰਹਿਣ ਵਾਲੇ ਸੀ । ਸੀ.ਆਈ.ਡੀ. ਰਿਪੋਰਟ ਅਨੁਸਾਰ ਇਨ੍ਹਾਂ ਵਿੱਚੋਂ ਕੁਝ ਦੀ ਜਲਦੀ ਹੀ ਰਿਹਾਈ ਹੋਣ ਵਾਲੀ ਸੀ ।

ਸੀ.ਆਈ. ਡੀ. ਨੇ ਡਾਕਟਰ ਤੇ ਦੋਸ਼ ਲਾਇਆ ਹੈ ਕਿ ਡਾਕਟਰ ਨੇ ਫੱਟੜਾਂ ਦੇ ਇਲਾਜ ਦਾ ਕੋਈ ਉਚਿਤ ਪ੍ਰਬੰਧ ਨਹੀਂ ਕੀਤਾ ਸਗੋਂ ਆਪਣੀ ਨਲਾਇਕੀ ਦਾ ਸਬੂਤ ਦਿੱਤਾ ਹੈ । ਦੂਜੇ ਦਿਨ ਮ੍ਰਿਤਕ ਕੈਦੀਆਂ ਦੀਆਂ ਲਾਸ਼ਾਂ ਹਸਪਤਾਲ ਭੇਜੀਆਂ ਸਨ । ਰਿਪੋਰਟ ਅਨੁਸਾਰ ਮੈਜਿਸਟ੍ਰੇਟੀ ਜਾਂਚ ਦੇ ਆਦੇਸ਼ ਤੋਂ ਬਿਨਾ ਕੋਈ ਕਾਰਵਾਈ ਨਹੀ ਕੀਤੀ ਗਈ ਤੇ ਨਾ ਹੀ ਪ੍ਰਸ਼ਾਸਨ ਨੂੰ ਇਸ ਅਸਲੀਅਤ ਤੋਂ ਜਾਣੂ ਕਰਵਾਇਆ ਗਿਆ ਸੀ ।

ਰਿਪੋਰਟ ਅਨੁਸਾਰ ਜਿਲ੍ਹਾ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਸ. ਤਿਲੋਚਨ ਸਿੰਘ ਨੇ ਖੁਦ ਜੇਲ੍ਹ ਅਧਿਕਾਰੀਆਂ ਵਿਰੁੱਧ ਹੱਤਿਆ ਦਾ ਮੁਕੱਦਮਾ ਦਰਜ ਕਰਵਾਇਆ ਹੈ ਕਿਉਂਕਿ ਉਹ ਆਪ ਵੀ ਟਾਡਾ ਅਧੀਨ ਨਜ਼ਰਬੰਦ ਰਹਿ ਚੁੱਕੇ ਹਨ । ਇਸ ਘਟਨਾ 'ਚ ਮਾਰੇ ਗਏ ਇਕ ਕੈਦੀ ਸਰਬਜੀਤ ਸਿੰਘ ਬਾਰੇ ਜਗੀਰ ਸਿੰਘ ਨੇ ਸੁਪਰੀਮ ਕੋਰਟ 'ਚ ਅਰਜੀ ਦਾਇਰ ਕੀਤੀ ਹੈ । ਯਾਦਵ ਸਰਕਾਰ ਵੀ ਇਸ ਗੱਲ ਤੋਂ ਚਿੰਤਤ ਹੈ ਕਿ ਸਿੱਖਾਂ ਦੇ ਮਨ ਪਹੁੰਚੀ ਠੇਸ ਨੂੰ ਦੂਰ ਕਰਕੇ ਫਿਰ ਸਿੱਖਾਂ ਵਿੱਚ ਆਪਣਾ ਵਿਸ਼ਵਾਸ ਬਹਾਲ ਕਰਨ ਵਾਸਤੇ ਦੋਸ਼ੀਆਂ ਵਿਰੁੱਧ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਪਰ ਫੇਰ ਵੀ ਦੇਖਣਾ ਪਵੇਗਾ ਹਵਾ ਕਿਸ ਤਰਫ ਝੁਲਦੀ ਹੈ ।

ਰੋਜ਼ਾਨਾ ਚੜ੍ਹਦੀ ਕਲਾ 1ਜਨਵਰੀ,1995

# নদী

# ਹਾਅ ਦਾ ਨਾਅਰਾ

ਰੀਡਰੈਸੱ ਤਸ਼ੱਦਦ ਪੀੜਤਾਂ ਲਈ ਹਰਜਾਨੇ ਦੀ ਭਾਲ ਵਿੱਚ ਮਸੀਸਾਈਡ ਪੁਲੀਸ ਵੱਲੋਂ ਸੱਦੀ ਬਰਤਾਨੀਆ-ਭਾਰਤੀ ਕਾਨਫਰੰਸ ਵਿੱਚ ਕਥਿਤ ਤੌਰ ਤੇ ਤਸੀਹੇ ਦੇਣ ਦੇ ਦੋਸ਼ੀ ਭਾਰਤੀ ਪੁਲੀਸ ਅਧਿਕਾਰੀਆਂ ਦੀ ਸ਼ਮੂਲੀਅਤ ਉਤੇ ਰੀਡਰੈਸੱ ਨੇ ਡੂੰਘੀ ਚਿੰਤਾ ਦਾ ਇਜ਼ਹਾਰ ਕੀਤਾ ਹੈ । ਰੀਡਰੈਸੱ ਇਕ ਕੌਮਾਂਤਰੀ ਗੈਰ ਸਰਕਾਰੀ ਸੰਸਥਾ ਹੈ ਜੋ ਤਸ਼ੱਦਦ ਪੀੜਤਾਂ ਲਈ ਇਨਸਾਫ ਦੀ ਮੰਗ ਕਰਦੀ ਹੈ ਨੂੰ ਰਿਪੋਰਟਾਂ ਪ੍ਰਾਪਤ ਹੋਈਆਂ ਹਨ ਕਿ ਪੰਜਾਬ ਤੋਂ ਦੋ ਭਾਰਤੀ ਪੁਲੀਸ ਅਫਸਰ ਜੋ ਬਰਤਾਨੀਆ ਭਾਰਤ ਪੁਲੀਸ ਕਾਨਫਰੰਸ ਵਿੱਚ ਭਾਗ ਲੈ ਰਹੇ ਹਨ ਉਹ 80 ਵਿਆਂ ਦੇ ਪਿਛੋਕੜ ਅਤੇ 90 ਵਿਆਂ ਦੇ ਸ਼ੁਰੂਆਤ ਵਿੱਚ ਸਰਗਰਮ ਸਿੱਖ ਕਾਰਕੁੰਨਾਂ ਨੂੰ ਤਸੀਹੇ ਦੇਣ ਲਈ ਜ਼ਿੰਮੇਵਾਰ ਹਨ ।

ਰੀਡਰੈਸੱ ਨੂੰ ਇਹ ਰਿਪੋਰਟਾਂ ਵੀ ਮਿਲੀਆਂ ਹਨ ਕਿ ਇੰਸਪੈਕਟਰ ਜਨਰਲ ਸੰਜੀਵ ਗੁਪਤਾ ਤੇ ਅੱਜ ਕਲ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ) ਵੱਲੋਂ 1993 ਵਿੱਚ ਕੈਪਟਨ ਸੁਖਦੇਵ ਸਿੰਘ ਦੇ ਗਾਇਬ ਹੋਣ ਸਬੰਧੀ ਮੁਕੱਦਮਾ ਚਲਾਇਆ ਜਾ ਰਿਹਾ ਹੈ ਜਿਹੜਾ ਕਿ ਉਸ ਸਮੇਂ ਉਸਦੀ ਹਿਰਾਸਤ ਵਿੱਚ ਸੀ । ਰੀਡਰੈਸੱ ਨੇ ਬਰਤਾਨੀਆਂ ਵਿੱਚ ਤਿੰਨ ਅਜਿਹੇ ਗਵਾਹਾਂ ਦੇ ਬਿਆਨ ਵੀ ਕਲਮਬੰਦ ਕੀਤੇ ਹਨ ਕਿ ਜਿਹਨਾਂ ਨੇ ਦੋਸ਼ ਲਾਇਆ ਹੈ ਕਿ ਮੁਹੰਮਦ ਇਜ਼ਹਾਰ ਆਲਮ ਐਡੀਸ਼ਨਲ ਡਾਇਰੈਕਟਰ ਜਨਰਲ ਪੁਲੀਸ

(ਪ੍ਰਸ਼ਾਸਨ) ਦੇ ਹੁਕਮਾਂ ਨਾਲ ਉਹਨਾਂ ਨੂੰ ਤਸੀਹੇ ਦਿੱਤੇ ਗਏ ਸਨ ।

ਦੋ ਗਵਾਹਾਂ ਨੇ ਬਿਆਨਾਂ ਵਿੱਚ ਤਸ਼ੱਦਦ ਪੀੜਤਾਂ ਨੇ ਦੋਸ਼ ਲਾਇਆ ਹੈ ਕਿ ਆਲਮ ਦੀਆਂ ਨਜ਼ਰਾਂ ਸਾਹਮਣੇ ਉਹਨਾਂ ਨੂੰ ਛੱਤ ਤੋਂ ਉਲਟਾ ਲਟਕਾ ਕੇ ਬੰਨਿਆ ਗਿਆ ਬਾਹਾਂ ਤੋਂ ਬੰਨਕੇ ਉਪਰੋਂ ਲਟਕਾਇਆ ਗਿਆ । ਬਿਜਲੀ ਦੇ ਝਟਕੇ ਦਿੱਤੇ ਗਏ, ਗੋਡਿਆਂ ਉਤੇ ਬਹੁਤ ਭਾਰੀ ਵਜ਼ਨ ਦੇ ਰੋਲਰ ਨੂੰ ਅੱਗੇ ਪਿੱਛੇ ਘੁਮਾ ਕੇ ਉਹਨਾਂ ਦੀਆਂ ਲੱਤਾਂ ਨੂੰ ਦਰੜਿਆਂ ਗਿਆ ਅਤੇ ਉਹਨਾਂ ਦੀਆਂ ਲੱਤਾਂ ਨੂੰ ਖਿੱਚ ਕੇ ਪਾੜਿਆ ਗਿਆ । ਇਕ ਵਾਕਿਆ ਅਜਿਹਾ ਵੀ ਹੈ ਜਦੋਂ ਐਸ.ਐਸ.ਪੀ. ਆਲਮ ਨੇ ਕਥਿਤ ਤੌਰ ਤੇ ਦੂਸਰੇ ਅਫ਼ਸਰਾਂ ਨੂੰ ਹਦਾਇਤਾਂ ਦਿੱਤੀਆਂ ਕਿ ਉਹਨਾਂ ਨੂੰ ਇਹੋ ਜਿਹੇ ਤਸੀਹੇ ਦਿੱਤੇ ਜਾਣ ਜਿਹਨਾਂ ਨੂੰ ਇਹ ਸਦਾ ਯਾਦ ਰੱਖਣ । ਇਕ ਤਸ਼ੱਦਦ ਪੀੜਤ ਦੀ ਬਾਂਹ ਉਤੇ ਤੇਜ਼ਾਬ ਪਾਇਆ ਗਿਆ ਜਦ ਕਿ ਦੂਸਰੇ ਨੂੰ ਮਾਰਨ ਦੀ ਜਾਅਲੀ ਕਾਰਵਾਈ ਦੀ ਦਹਿਸ਼ਤ ਸਹਿਣੀ ਪਈ ।

ਰੀਡਰੈਸੱ ਦੇ ਐਗਜ਼ੈਕਟਿਵ ਡਾਇਰੈਕਟਰ ਡਾ. ਫਰੈਸਰਜ਼ ਡੀ ਸੂਜ਼ ਕਹਿੰਦੇ ਹਨ ਕਿ ਰੀਡਰੈਸੱ ਇਸ ਲਈ ਬਹੁਤ ਚਿੰਤਤ ਹੈ ਕਿ ਇਹਨਾਂ ਅਫ਼ਸਰਾਂ ਨੂੰ ਸਰਕਾਰੀ ਦੌਰੇ ਤੇ ਬਰਤਾਨੀਆਂ ਬੁਲਾਇਆ ਗਿਆ ਹੈ, ਜਿੱਥੋਂ ਤੱਕ ਸਾਨੂੰ ਪਤਾ ਹੈ ਕਿ ਫੇਰੀ ਤੋਂ ਪਹਿਲਾਂ ਇਹਨਾਂ ਅਫਸਰਾਂ ਸਬੰਧੀ ਕੋਈ ਵੀ ਜਾਂਚ ਪੜਤਾਲ ਨਹੀਂ ਕੀਤੀ ਗਈ । ਇਹ ਵਿਦੇਸ਼ ਅਤੇ ਕਾਮਨਵੈਲਥ ਦਫਤਰ ਵੱਲੋਂ ਆਲਮੀ ਪੱਧਰ ਤੇ ਤਸੀਹੇ ਦੇਣ ਦੇ ਕੁਕਰਮ ਨੂੰ ਦੂਰ ਕਰਨ ਲਈ ਅਪਣਾਏ ਗਏ ਸਖਤ ਰਵੱਈਏ ਦੇ ਬਿਲਕੁਲ ਉਲਟ ਹੈ । ਇਸ ਦੀ ਬਜਾਏ ਬਰਤਾਨੀਆਂ ਸਰਕਾਰ ਵੱਲੋਂ ਇਹ ਮਮਲਾ ਭਾਰਤ ਸਰਕਾਰ ਨਾਲ ਉਚੇ ਪੱਧਰ 'ਤੇ ਉਠਾਏ ਜਾਣੇ ਚਾਹੀਦੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤਸੀਹੇ ਦੇਣ ਬਾਰੇ ਸਾਰੇ ਇਲਜ਼ਾਮਾਂ ਦੀ ਮੁਕੰਮਲ ਤੌਰ ਤੇ ਜਾਂਚ ਪੜਤਾਲ ਕੀਤੀ ਜਾਵੇ ਅਤੇ ਇਹ ਅਪਰਾਧ ਕਰਨ ਵਾਲਿਆਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਕੇ ਪੀੜਤਾਂ ਨੂੰ ਇਨਸਾਫ ਦਵਾਇਆ ਜਾਵੇ ।"

ਰੀਡਰੈਸੱ ਨੂੰ ਖਦਸ਼ਾ ਅਤੇ ਪ੍ਰੇਸ਼ਾਨੀ ਹੈ ਕਿ ਇਸ ਸਰਕਾਰੀ ਫੇਰੀ ਨਾਲ ਭਾਰਤ ਅਤੇ ਦੁਨੀਆ ਵਿੱਚ ਇਕ ਬਹੁਤ ਗਲਤ ਸੁਨੇਹਾ ਜਾਂਦਾ ਹੈ । ਇਸ ਲਈ "ਰੀਡਰੈਸੱ ਇਹਨਾਂ ਦੀ ਸਰਕਾਰੀ ਫੇਰੀ ਨਾਲ ਭਾਰਤ ਤੇ ਆਲਮੀ ਪੱਧਰ ਤੇ ਤਸੀਹੇ ਦੇਣ ਵਾਲਿਆਂ ਨੂੰ ਜਾਣ ਵਾਲੇ ਸੁਨੇਹੇ ਤੋਂ ਵੀ ਬੇਹੱਦ ਪ੍ਰੇਸ਼ਾਨ ਹੈ । ਹਰ ਲੋੜੀਂਦਾ ਉਪਰਾਲਾ ਕਰਕੇ ਇਹ ਯਕੀਨ ਬਣਾਇਆ ਜਾਣਾ ਚਾਹੀਦਾ ਹੈ । ਇਹਨਾਂ ਅਪਰਾਧਾਂ ਦੀ ਜਾਂਚ-ਪੜਤਾਲ ਕਰਕੇ ਅਪਰਾਧੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ ਅਤੇ ਬਲੀ ਦੇ ਬੱਕਰੇ ਬਣਾਏ ਬੇਦੋਸ਼ਿਆਂ ਨੂੰ ਹਰਜਾਨਾ ਦਿੱਤਾ ਜਾਵੇਗਾ ।

2 ਸਤੰਬਰ,2003

# ਜਾਂਚ ਦੇ ਹੁਕਮ

ਪੰਜਾਬ ਸਰਕਾਰ ਨੇ ਕਾਲੇ ਦਿਨਾਂ ਦੌਰਾਨ ਪੁਲੀਸ ਵੱਲੋਂ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰੇ ਗਏ ਹਜ਼ਾਰਾਂ ਵਿਅਕਤੀਆਂ ਦੇ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਜਾਂਚ ਕਰਵਾਉਣ ਦੇ ਨਿਰਦੇਸ਼ ਦੇ ਕੇ ਉਹਨਾਂ ਲੋਕਾਂ ਦੇ ਜ਼ਖਮ ਇਕ ਵਾਰੀ ਫੇਰ ਹਰੇ ਕਰ ਦਿੱਤੇ ਹਨ । ਜਿਹਨਾਂ ਦੇ ਘਰਾਂ ਵਿੱਚ ਪੁਲੀਸ ਨੇ ਨਿਰਦੋਸ਼ ਵਿਅਕਤੀਆਂ ਨੂੰ ਮਾਰਕੇ ਹਨੇਰਾ ਕੀਤਾ ਹੈ । ਸਰਕਾਰ ਵੱਲੋਂ ਜਾਂਚ ਦਾ ਫੈਸਲਾ ਲੈਣ ਮਗਰੋਂ ਪੰਜਾਬ ਦੇ ਪੁਲੀਸ ਮੁਖੀ ਐਨ.ਪੀ.ਐਸ. ਔਲਖ ਨੇ ਜਾਂਚ ਦੀ ਜ਼ਿਮੇਵਾਰੀ ਏ.ਡੀ.ਜੀ. (ਰੇਲਵੇ) ਸ੍ਰੀ ਜੇ.ਪੀ. ਵਿਰਦੀ ਨੂੰ ਸੌਂਪ ਦਿੱਤੀ ਹੈ ।

ਪੰਜਾਬ ਸਰਕਾਰ ਵੱਲੋਂ ਉਹਨਾਂ ਅਖ਼ਬਾਰੀ ਰਿਪੋਰਟਾਂ ਉਤੇ ਚਿੰਤਾ ਜਾਹਰ ਕੀਤੀ ਗਈ ਹੈ । ਜਿਹਨਾਂ ਵਿੱਚ ਕੁਝ ਖਾਸ ਘਟਨਾਵਾਂ ਦਾ ਜਿਕਰ ਕੀਤਾ ਗਿਆ ਸੀ । ਇਹ ਉਹ ਘਟਨਾਵਾਂ ਹਨ । ਜਿਹਨਾਂ ਵਿੱਚੋਂ ਪੁਲੀਸ ਵੱਲੋਂ ਖਾੜਕੂਆਂ ਨੂੰ ਮਾਰਿਆ ਦੱਸਿਆ ਗਿਆ ਹੈ ਪਰ ਜਦੋਂ ਕਿ ਉਹ ਅਜੇ ਜਿੰਦਾ ਹਨ । ਰਿਪੋਰਟਾਂ ਅਨੁਸਾਰ ਜੇ ਖ਼ਾਲਿਸ਼ਤਾਨ ਕਮਾਂਡੋ ਫੋਰਸ ਦੇ ਗੁਰਨਾਮ ਸਿੰਘ 'ਬੁਡਾਲਾ' ਭਿੰਡਰਾਂਵਾਲਾ ਟਾਈਗਰ ਫੋਰਸ ਦੇ ਮੁਖੀ ਸੁਰਜੀਤ ਸਿੰਘ ਪੈਂਟਾ ਦਾ ਛੋਟਾ ਭਰਾ ਗਿਆਨੀ ਗੁਰਚਰਨ ਸਿੰਘ ਉਰਫ ਛੋਟਾ ਪੈਂਟਾ ਅਤੇ ਖਾਲਿਸਤਾਨ ਲਿਬਰਸ਼ੇਨ ਫੋਰਸ ਨਾਲ ਸਬੰਧਤ ਸੁਖਜਿੰਦਰ ਸਿੰਘ ਜਿੰਦਾ ਹਨ । ਤਾਂ

ਉਹਨਾਂ ਦੀ ਥਾਂ ਉਤੇ ਕਿਹੜੇ ਬੇਕਸੂਰਾਂ ਨੂੰ ਮਾਰਿਆ ਗਿਆ ਹੈ। ਸਰਕਾਰ ਨੇ ਇਸ ਫੈਸਲੇ ਨੂੰ ਗੰਭੀਰਤਾ ਨਾਲ ਲੈ ਕੇ ਜਾਂਚ ਕਰਵਾਉਣ ਦਾ ਫੈਸਲਾ ਲੈ ਕੇ ਪੁਲੀਸ ਲਈ ਗੰਭੀਰ ਸਮੱਸਿਆ ਪੈਦਾ ਕਰ ਦਿੱਤੀ ਹੈ।

ਰਿਪੋਰਟਾਂ ਵਿੱਚ ਖਾਲਿਸਤਾਨ ਕਮਾਂਡੋ ਫੋਰਸ ਦੇ ਗੁਰਨਾਮ ਸਿੰਘ 'ਬੁਡਾਲਾ' ਦਾ ਜਿਕਰ ਕੀਤਾ ਗਿਆ ਹੈ। ਉਸਨੂੰ ਪੁਲੀਸ ਨੇ 1993 ਵਿੱਚ ਰੂਪ ਨਗਰ ਨੇੜੇ ਮੁਕਾਬਲੇ ਵਿੱਚ ਮਾਰਿਆ ਦਿੱਖਾਇਆ ਗਿਆ ਸੀ। ਉਸਦੇ ਸਿਰ ਉਤੇ ਜਿਹੜਾ 25 ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਸੀ। ਉਹ ਪੁਲੀਸ ਛੱਕ ਗਈ ਹੈ। ਜਦੋਂ ਕਿ ਬੁਡਾਲਾ ਇਸ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਕੇਂਦਰੀ ਜੇਲ੍ਹ ਵਿੱਚ ਹੈ। ਸ੍ਰ. ਬੁਡਾਲਾ ਨੂੰ ਪੁਲੀਸ ਨੇ 1998 ਵਿੱਚ ਡੇਰਾ ਬਾਬਾ ਨਾਨਕ ਗੁਰਦਾਸਪੁਰ ਦੀ ਪੁਲੀ ਤੋਂ ਕਾਬੂ ਕੀਤਾ ਸੀ। ਰਿਪੋਰਟਾਂ ਅਨੁਸਾਰ ਪੁਲੀਸ ਨੇ ਗੁਰਦਾਸਪੁਰ ਦੇ ਕਾਲਾ ਅਫਗਾਨਾਂ ਇਲਾਕੇ ਦੇ ਇਕ ਨੌਜਵਾਨ ਨੂੰ ਬੁਡਾਲਾ ਦੀ ਥਾਂ ਮਾਰਿਆ ਸੀ। ਅਜਿਹਾ ਹੀ ਮਾਮਲਾ ਭਿੰਡਰਾਵਾਲਾ ਟਾਈਗਰ ਫੋਰਸ ਦੇ ਮੁਖੀ ਸੁਰਜੀਤ ਸਿੰਘ ਪੈਂਟਾ ਦੇ ਛੋਟਾ ਭਰਾ ਗਿਆਨੀ ਉਰਫ ਪੈਂਟਾ ਦਾ ਹੈ। ਸੁਰਜੀਤ ਸਿੰਘ ਪੈਂਟਾ 1988 ਵਿੱਚ ਅਪਰੇਸ਼ਨ ਬਲੈਕ ਥੰਡਰ ਮੌਕੇ ਸਾਈਨਾਈਡ ਖਾ ਗਿਆ ਸੀ ਤੇ ਗਿਆਨ ਪੰਜਾਬ ਵਿੱਚੋਂ ਖਿਸਕ ਗਿਆ ਸੀ।

1984 ਵਿੱਚ ਪੰਜਾਬ ਪੁਲੀਸ ਦੇ ਜ਼ਿਲ੍ਹਾ ਜਗਰਾਂਉ ਦੇ ਐਸ.ਐਸ.ਚਾਹਲ ਦੀ ਹਦਾਇਤ ਉਪਰ ਪੁਲੀਸ ਪਾਰਟੀ ਨੇ ਇੰਦੌਰ (ਮੱਧ ਪ੍ਰਦੇਸ਼) ਵਿੱਚ ਖਾੜਕੂਆਂ ਦੀ ਛੁਪਣਗਾਹ ਉਤੇ ਛਾਪਾ ਮਾਰਿਆ ਸੀ। ਪੁਲੀਸ ਨੇ ਉਥੇ ਇਕ ਵਿਅਕਤੀ ਨੂੰ ਮਾਰਕੇ ਉਸਦੀ ਪਛਾਣ ਗਿਆਨੀ ਵਜੋਂ ਕੀਤੀ ਸੀ। ਇਸ ਤਰ੍ਹਾਂ ਗਿਆਨੀ ਉਤੇ ਰੱਖਿਆ ਇਨਾਮ ਪੁਲੀਸ ਨੇ ਲੈ ਲਿਆ ਸੀ। ਇਸ ਘਟਨਾ ਤੋਂ ਕੁਝ ਮਹੀਨਿਆਂ ਮਗਰੋਂ ਪੁਲੀਸ ਨੇ ਖੁਲਾਸਾ ਕੀਤਾ ਕਿ ਗਿਆਨੀ ਜਿੰਦਾ ਹੈ ਤੇ ਉਹ ਆਪਣੇ ਪਿੰਡ ਗੇੜਾ ਮਾਰ ਗਿਆ ਹੈ। ਪੰਜਾਬ ਪੁਲਿਸ ਦਾ ਭਾਂਡਾ ਉਸ ਸਮੇਂ ਚਰਾਹੇ ਭੱਜਿਆ ਜਦੋਂ 1999 ਨੂੰ ਉਤੱਰ ਪ੍ਰਦੇਸ਼ ਦੀ ਪੁਲੀਸ ਨੇ ਗਿਆਨੀ ਨੂੰ ਗ੍ਰਿਫਤਾਰ ਕਰ ਲਿਆ ਸੀ। ਉਹ ਇਸ ਸਮੇਂ ਵੀ ਉਤੱਰ ਪ੍ਰਦੇਸ਼ ਦੀ ਜੇਲ੍ਹ ਵਿੱਚ ਬੰਦ ਹੈ।

ਸਾਲ 2006 ਵਿੱਚ ਮੀਡੀਆ ਰਿਪੋਰਟਾਂ ਨੇ ਸਰਕਾਰ ਦੀਆਂ ਅੱਖਾਂ ਉਸ ਵੇਲੇ ਖੋਲ੍ਹੀਆਂ ਜਦੋਂ ਇਹ ਦੱਸਿਆ ਕਿ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਕਾਬਲੇ ਵਿੱਚ ਮਾਰੇ ਖਾੜਕੂ ਸੁਖਜਿੰਦਰ ਸਿੰਘ ਸੁੱਖੀ ਨੂੰ ਪੁਲੀਸ ਨੇ ਸੁਰੱਖਿਆ ਛੱਤਰੀ ਦਿੱਤੀ ਹੋਈ ਹੈ, ਡੀ.ਜੀ.ਪੀ. ਪੰਜਾਬ ਨੇ ਇਸ ਬਾਰੇ ਸਪਸ਼ਟ ਕੀਤਾ ਸੀ ਕਿ ਅੱਤਵਾਦ ਖਿਲਾਫ ਲੜਨ ਵਾਸਤੇ ਪੁਲੀਸ ਨੇ ਕੁੱਝ ਅੱਤਵਾਦੀਆਂ ਦੀ ਮਦਦ ਲਈ ਸੀ ਜੋ ਹੁਣ ਮੁੱਖਧਾਰਾ ਵਿੱਚ ਸ਼ਾਮਲ

ਹਨ । ਪੰਜਾਬ ਵਿੱਚ ਇਹਨਾਂ ਦੀ ਗਿਣਤੀ 300 ਦੇ ਕਰੀਬ ਹੈ । ਉਹ ਸਾਰੇ ਹੀ ਆਪਣੇ ਨਾਮ ਬਦਲ ਕੇ ਰਹਿੰਦੇ ਹਨ । ਹੈਰਾਨੀ ਦੀ ਗੱਲ ਤਾਂ ਇਹ ਹੈ ਇਹਨਾਂ 300 ਵਿਅਕਤੀਆਂ ਦੀ ਥਾਂ ਪੁਲੀਸ ਨੇ ਕਿਹੜੇ ਨਿਰਦੋਸ਼ ਵਿਅਕਤੀਆਂ ਨੂੰ ਮਾਰਕੇ ਇਹਨਾਂ ਵਿਅਕਤੀਆਂ ਦੇ ਸਿਰ ਰੱਖੇ ਇਨਾਮ ਤੇ ਤਰੱਕੀਆਂ ਹਾਸਲ ਕੀਤੀਆਂ ਹਨ । ਉਹ ਤਸਵੀਰ ਸਪਸ਼ਟ ਕਰਨ ਵਾਸਤੇ ਸਰਕਾਰ ਨੂੰ ਸਿਰਫ ਤਿੰਨ ਫਰਜ਼ੀ ਮੁਕਾਬਲਿਆਂ ਦੀ ਹੀ ਨਹੀਂ ਸਗੋਂ ਪੰਜਾਬ ਵਿੱਚੋਂ ਗਾਇਬ ਉਹਨਾਂ ਹਜ਼ਾਰਾਂ ਨੌਜਵਾਨਾਂ ਬਾਰੇ ਜਾਂਚ ਕਰਵਾਉਣੀ ਚਾਹੀਦੀ ਹੈ ਜਿਹਨਾਂ ਨੂੰ ਘਰਾਂ ਵਿੱਚੋਂ ਚੁੱਕ ਕੇ ਮੌਤ ਦੇ ਘਾਟ ਉਤਾਰਿਆ ਗਿਆ ਹੈ । ਇਨਸਾਫ ਲਈ ਭਟਕਦੇ ਉਹਨਾਂ ਦੇ ਵਾਰਸਾਂ ਤੇ ਬੱਚਿਆਂ ਦੀ ਫਰਿਆਦ ਸੁਣਕੇ ਨਿਰਦੋਸ਼ਾਂ ਨੂੰ ਮਾਰਨ ਵਾਲੇ ਵਿਅਕਤੀਆਂ ਖਿਲਾਫ ਕਾਰਵਾਈ ਕਰਨੀ ਬਣਦੀ ਹੈ।

### ਜਾਂਚ ਤਿੰਨ ਪੁਲੀਸ ਮੁਕਾਬਲਿਆਂ ਤੱਕ ਸੀਮਤ

ਝੂਠੇ ਪੁਲੀਸ ਮੁਕਾਬਲਿਆਂ ਦੀ ਅਸਲੀਅਤ ਦਾ ਪਤਾ ਲਾਉਣ ਲਈ ਆਪਣੇ ਆਪ ਨੂੰ ਪੰਥਕ ਸਰਕਾਰ ਦਾ ਮੁਖੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਬਿੱਲੀ ਦੇ ਸਰ੍ਹਾਣੇ ਦੁੱਧ ਜਮਾਉਣ ਵਾਲੀ ਗੱਲ ਕਰ ਰਿਹਾ ਹੈ ਜਿਸ ਪੁਲੀਸ ਨੇ ਹਜ਼ਾਰਾਂ ਨਿਰਦੋਸ਼ ਵਿਅਕਤੀਆਂ ਨੂੰ ਫਰਜ਼ੀ ਮੁਕਾਬਲਿਆਂ ਵਿੱਚ ਮਾਰਿਆ ਹੈ ਉਹਨਾਂ ਦੀ ਹੀ ਇਕ ਅੱਠ ਮੈਂਬਰੀ ਕਮੇਟੀ ਦਾ ਗਠਨ ਕਰਵਾਕੇ ਸਿਰਫ ਤਿੰਨ ਮੁਕਾਬਲਿਆਂ ਦੀ ਪੜਤਾਲ ਕਰਵਾਈ ਜਾ ਰਹੀ ਹੈ । ਕੀ ਇਹ ਲੋਕਾਂ ਦੀਆਂ ਅੱਖਾਂ ਪੂੰਝਣ ਵਾਲੀ ਹੀ ਕਾਰਵਾਈ ਨਹੀਂ ? ਸਰਕਾਰ ਜੇਕਰ ਇਸ ਘਨੌਣੇ ਕਾਰਨਾਮੇ ਤੋਂ ਪਰਦਾ ਉਠਾਉਣ ਲਈ ਸੰਜੀਦਾ ਹੈ ਤਾਂ ਉਸ ਨੂੰ ਚਾਹੀਦਾ ਹੈ ਉਹ ਪਬਲਿਕ ਕਮਿਸ਼ਨ ਦੀ ਸਥਾਪਨਾ ਕਰਕੇ ਉਸਨੂੰ ਪੂਰੇ ਅਧਿਕਾਰ ਦੇਵੇ ਫੇਰ ਤਾਂ ਝੂਠੇ ਪੁਲੀਸ ਮੁਕਾਬਲਿਆਂ ਦੀ ਅਸਲੀਅਤ ਸਾਹਮਣੇ ਆ ਸਕਦੀ ਹੈ ਵਰਨਾਂ ਕੋਈ ਉਮੀਦ ਨਹੀਂ ਲੱਗਦੀ ।

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਦੇ ਪੁਲੀਸ ਮੁਖੀ ਨੇ ਇਸ ਪੜਤਾਲ ਲਈ ਜੋ ਕਮੇਟੀ ਬਣਾਈ ਹੈ ਉਸਦੇ ਮੁਖੀ ਹਨ ਏ.ਡੀ.ਜੀ.ਪੀ. ਜੇ.ਪੀ. ਵਿਰਦੀ ਉਹਨਾਂ ਦੇ ਸਾਥੀ ਹਨ ਡੀ.ਆਈ.ਜੀ.ਅਪਰਾਧ ਬੀ.ਕੇ. ਉਪਲ, ਡੀ.ਆਈ.ਜੀ. ਰੇਂਜ ਲੁਧਿਆਣਾ ਸ੍ਰੀ ਈਸ਼ਵਰ ਸਿੰਘ, ਪੇਂਡੂ ਪੁਲੀਸ ਜਿਲ੍ਹਾ ਲੁਧਿਆਣਾ ਦੇ ਮੁਖੀ ਜੀ.ਐਸ.ਭੁੱਲਰ, ਏ.ਆਈ.ਜੀ. ਲਿਟੀਗੇਸ਼ਨ ਐਮ.ਐਸ. ਛੀਨਾ, ਐਸ.ਪੀ.ਹੈਡਕੁਆਟਰ ਹੁਸ਼ਿਆਰਪੁਰ ਉਪਿੰਦਰ ਜੀਤ ਸਿੰਘ ਘੁੰਮਣ ਤੇ ਰੋਪੜ ਦੇ ਡੀ.ਐਸ.ਪੀ. ਰਾਜਿੰਦਰ ਸਿੰਘ ਆਦਿ ਸ਼ਾਮਿਲ ਹਨ । ਉਕਤ ਕਮੇਟੀ ਨੇ ਸਬੰਧਤ ਜ਼ਿਲ੍ਹਿਆਂ ਦੇ ਪੁਲੀਸ ਮੁਖੀਆਂ ਕੋਲੋਂ ਰਿਕਾਰਡ ਤਲਬ

ਕਰ ਲਿਆ ਹੈ ਜਿਸ ਨਾਲ ਪੁਲੀਸ ਵਿੱਚ ਇਕ ਵਾਰੀ ਤਾਂ ਖਲਬਲੀ ਮੱਚ ਗਈ ਹੈ। ਉਹਨਾਂ ਪੁਲੀਸ ਮੁਖੀਆਂ ਤੋਂ ਦਰਜ ਕੀਤੀਆਂ ਐਫ.ਆਈ.ਆਰ ਤੇ ਇਨਾਮ ਵਿੱਚ ਲਈ ਰਾਸ਼ੀ ਦੀਆਂ ਰਿਪੋਰਟਾਂ ਦੀ ਮੰਗ ਕੀਤੀ ਹੈ। ਫਿਲਹਾਲ ਕਮੇਟੀ ਨੂੰ ਉਕਤ ਤਿੰਨ ਕੇਸਾਂ ਤੱਕ ਹੀ ਪੜਤਾਲ ਸੀਮਤ ਰੱਖਣ ਲਈ ਹਦਾਇਤ ਹੈ। ਪਹਿਲਾਂ ਚਰਚਾ ਸੀ ਕਿ ਕਾਲੇ ਦਿਨਾਂ ਦੌਰਾਨ ਹੋਏ ਝੂਠੇ ਪੁਲੀਸ ਮੁਕਾਬਲਿਆਂ ਦੀ ਜਾਂਚ ਕੀਤੀ ਜਾਵੇਗੀ ਪਰ ਅਜਿਹਾ ਨਹੀਂ ਰਿਹਾ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕਮੇਟੀ ਨੇ ਸਬੰਧਤ ਜਿਲ੍ਹਾ ਮੁਖੀਆਂ ਨੂੰ ਲਿਖਤੀ ਨੋਟਿਸ ਜਾਰੀ ਕਰਕੇ ਮੁਕਾਬਲਿਆਂ ਨਾਲ ਸਬੰਧਤ ਰਿਕਾਰਡ ਭੇਜਣ ਲਈ ਕਿਹਾ ਗਿਆ ਹੈ ਰਿਕਾਰਡ ਮਿਲਣ ਉਪਰੰਤ ਸਬੰਧਤ ਪੁਲੀਸ ਮੁਖੀਆਂ ਤੇ ਹੋਰ ਅਧਿਕਾਰੀਆਂ ਨੂੰ ਬੁਲਾਇਆ ਜਾ ਸਕਦਾ ਹੈ। ਇਸ ਉਪਰੰਤ ਜਿਹੜੀਆਂ ਧਿਰਾਂ ਨੇ ਪੁਲੀਸ ਉਤੇ ਝੂਠੇ ਪੁਲੀਸ ਮੁਕਾਬਲਿਆਂ ਦੇ ਦੋਸ਼ ਲਾਏ ਹਨ ਉਹਨਾਂ ਦੇ ਪੱਖ ਸੁਣੇ ਜਾਣਗੇ।

ਇਥੇ ਜਿਕਰਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅੱਤਵਾਦੀਆਂ ਦੀ ਥਾਂ ਮਾਰੇ ਗਏ ਬੇਕਸੂਰ ਵਿਅਕਤੀਆਂ ਦਾ ਪਤਾ ਲਾਉਣ ਲਈ ਪੁਲੀਸ ਮੁਖੀ ਨੂੰ ਜਾਂਚ ਕਰਵਾਉਣ ਲਈ ਹਦਾਇਤ ਕੀਤੀ ਹੈ। ਰਾਜ ਵਿੱਚ ਕੁਝ ਅਜਿਹੇ ਮਾਮਲੇ ਹਨ ਜਿਹਨਾਂ ਵਿੱਚ ਚੋਟੀ ਦੇ ਖਾੜਕੂਆਂ ਨੂੰ ਮੁਕਾਬਲਿਆਂ ਵਿੱਚ ਮਾਰਿਆ ਦਿਖਾਇਆ ਗਿਆ ਸੀ ਤੇ ਉਹਨਾਂ ਨੂੰ ਮਾਰਨ ਦੇ ਇਨਾਮ ਪੁਲੀਸ ਨੇ ਲਏ ਹਨ।

**ਜਾਂਚ ਦੇ ਫੈਸਲੇ ਮਗਰੋਂ ਪੁਲੀਸ ਅਧਿਕਾਰੀ ਵੱਲੋਂ ਖੁਦਕੁਸ਼ੀ**

ਸਰਕਾਰ ਵੱਲੋਂ ਝੂਠੇ ਪੁਲੀਸ ਮੁਕਾਬਲਿਆਂ ਦੀ ਜਾਂਚ ਕਰਵਾਉਣ ਲਈ ਪੁਲੀਸ ਮੁਖੀ ਨੂੰ ਹਦਾਇਤਾਂ ਕਰਨ ਦੇ ਕੁੱਝ ਦਿਨਾਂ ਮਗਰੋਂ ਪੰਜਾਬ ਪੁਲੀਸ ਦੇ ਸਹਾਇਕ ਆਈ.ਜੀ.ਵਿਵੇਕ ਮਿਸ਼ਰਾ (45) ਨ ਨਿੱਜੀ ਪਿਸਤਲ ਨਾਲ਼ ਆਪਣੇ ਆਪ ਨੂੰ ਗੋਲੀ ਮਾਰਕੇ ਭੇਦ ਭਰੇ ਢੰਗ ਨਾਲ ਖੁਦਕੁਸ਼ੀ ਕਰ ਲਈ ਹੈ। ਸ੍ਰੀ ਮਿਸ਼ਰਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਮਾਂਡੋ ਸੁਰੱਖਿਆ ਦੇ ਮੁਖੀ ਰਹੇ ਹਨ ਉਹਨਾਂ ਤੜਕੇ ਪੌਣੇ ਦੋ ਵਜੇ ਸੈਕਟਰ 39 ਡੀ ਸਥਿਤ ਸਰਕਾਰੀ ਮਕਾਨ ਨੰਬਰ 3007 ਵਿੱਚ ਸੱਜੀ ਕੰਨਪਟੀ ਤੇ ਗੋਲੀ ਮਾਰ ਕੇ ਖੁਦਕੁਸ਼ੀ ਕੀਤੀ ਹੈ। ਗੋਲੀ ਆਰਪਾਰ ਹੋ ਕੇ ਬੈਡਰੂਮ ਦੀ ਕੰਧ ਵਿੱਚ ਜਾ ਵੱਜੀ ਸੀ।

ਜਿਸ ਸਮੇਂ ਇਹ ਘਟਨਾ ਵਾਪਰੀ ਉਸ ਸਮੇਂ ਉਸਦੀ ਪਤਨੀ, ਪੁੱਤਰ, ਧੀ ਅਤੇ ਉਸ ਦੀ ਭਰਜਾਈ ਘਰ ਵਿੱਚ ਮੌਜੂਦ ਸੀ। ਸ੍ਰੀ ਮਿਸ਼ਰਾ ਨੇ ਆਪਣੇ ਪੁੱਤਰ ਕੋਲੋਂ ਪਾਣੀ ਦਾ ਗਿਲਾਸ ਮੰਗਿਆ ਪਾਣੀ ਪੀਣ ਮਗਰੋਂ ਆਤਮ ਹੱਤਿਆ ਕਰ ਲਈ ਸੀ। ਪਤਾ ਲੱਗਿਆ ਹੈ

ਕਿ ਬਟਾਲਾ ਵਿਖੇ ਹੋਏ ਝੂਠੇ ਪੁਲੀਸ ਮੁਕਾਬਲੇ ਸਬੰਧੀ ਉਹਨਾਂ ਦੇ ਖਿਲਾਫ ਸੀ.ਬੀ. ਆਈ ਵੱਲੋਂ ਜਾਂਚ ਕੀਤੀ ਜਾ ਰਹੀ ਸੀ । ਜਿਸ ਕਰਕੇ ਉਹ ਕੁਝ ਦਿਨਾਂ ਤੋਂ ਮਾਨਸਿਕ ਪ੍ਰੇਸ਼ਾਨ ਚੱਲਿਆ ਆ ਰਿਹਾ ਸੀ । ਇਸ ਦੌਰਾਨ ਪੰਜਾਬ ਸਰਕਾਰ ਨੇ 3 ਮਈ 2007 ਨੂੰ ਪੰਜਾਬ ਵਿੱਚ ਹੋਏ ਝੂਠੇ ਪੁਲੀਸ ਮੁਕਾਬਲਿਆਂ ਦੀ ਪੜਤਾਲ ਕਰਵਾਉਣ ਦਾ ਫੈਸਲਾ ਕਰ ਲਿਆ । ਉਸਦੀ ਪ੍ਰੇਸ਼ਾਨੀ ਵਿੱਚ ਹੋਰ ਵਾਧਾ ਹੋ ਗਿਆ ਕਿਉਂਕਿ ਮਾੜੇ ਹਲਾਤਾਂ ਦੌਰਾਨ ਉਹ ਪੁਲੀਸ ਅਧਿਕਾਰੀ ਹੋਣ ਕਰਕੇ ਕਈ ਅਹਿਮ ਥਾਂਵਾਂ ਉਤੇ ਤਾਇਨਾਤ ਰਿਹਾ ਸੀ । ਖਾੜਕੂਵਾਦ ਵਿਰੁੱਧ ਵੀ ਉਹ ਕਾਫੀ ਸਰਗਰਮ ਸੀ ।

ਸਾਲ 1989 ਦੇ ਬੈਚ ਦੇ ਆਈ.ਪੀ.ਐਸ. ਅਧਿਕਾਰੀ ਮਿਸ਼ਰਾ ਦੀ ਪਤਨੀ ਸੁਮਿਤਾ ਪੁੱਤਰ ਵਿਸ਼ਵੇਸ਼ (14) ਅਤੇ ਧੀ ਸ਼ਿਵਾਨੀ (12) ਉਸਦੇ ਚਚੇਰੇ ਭਰਾ ਨਾਲ ਦਿੱਲੀ ਗਏ ਹੋਏ ਸਨ । ਪੁਲੀਸ ਸੂਤਰਾਂ ਅਨੁਸਾਰ ਉਸ ਦੀ ਪਤਨੀ ਬੱਚੇ ਮਿਸ਼ਰਾਂ ਦੇ ਚਚੇਰੇ ਭਰਾ ਦੀ ਪਤਨੀ ਬੱਸ ਰਾਹੀਂ ਦਿੱਲੀ ਤੋਂ ਚੰਡੀਗੜ੍ਹ ਆ ਰਹੇ ਸੀ । ਪਾਣੀਪਤ ਨੇੜੇ ਬੱਸ ਖਰਾਬ ਹੋਣ ਕਰਕੇ ਉਹ ਤੜਕੇ ਸਵਾ ਇੱਕ ਵਜੇ ਕਰੀਬ ਕਿਸਾਨ ਭਵਨ ਚੰਡੀਗੜ੍ਹ ਪਹੁੰਚੇ ਸਨ । ਉਥੇ ਉਤਰ ਕੇ ਉਹਨਾਂ ਆਪਣੇ ਲਈ ਥ੍ਰੀ ਵ੍ਹੀਲਰ ਲਿਆ ਸੀ । ਉਹਨਾਂ ਘਰ ਮੁਹਰੇ ਜਾ ਕੇ ਘੰਟੀ ਵਜਾਈ ਤਾਂ ਕਰੀਬ ਪੰਜ ਮਿੰਟਾਂ ਮਗਰੋਂ ਮਿਸ਼ਰ ਨੇ ਦਰਵਾਜ਼ਾ ਖੋਲਿਆ, ਉਸਤੋਂ ਮਗਰੋਂ ਉਸ ਦੀ ਪਤਨੀ ਬੈਗ ਵਗੈਰਾ ਰੱਖ ਰਹੀ ਸੀ । ਸ੍ਰੀ ਮਿਸ਼ਰਾ ਨੇ ਪਾਣੀ ਮੰਗਿਆ ਉਸਦਾ ਲੜਕਾ ਪਾਣੀ ਦੇ ਕੇ ਵਾਪਸ ਜਾ ਰਿਹਾ ਸੀ ਤਾਂ ਇਕਦਮ ਗੋਲੀ ਚੱਲਣ ਦੀ ਆਵਾਜ਼ ਆਈ ਜਦੋਂ ਉਸਦੇ ਲੜਕੇ ਨੇ ਪੁੱਠਾ ਮੁੜ ਕੇ ਦੇਖਿਆ ਮਿਸ਼ਰਾ ਖੂਨ ਨਾਲ ਲੱਥ ਪੱਥ ਹੋਇਆ ਪਿਆ ਸੀ । ਉਸਨੇ ਚੀਕ-ਚਿਹਾੜਾ ਪਾ ਦਿੱਤਾ ।

ਪੁਲੀਸ ਅਨੁਸਾਰ ਆਈ.ਜੀ. ਦੇ ਗੰਨ-ਮੈਨ ਕਿਰਪਾਲ ਸਿੰਘ ਨੂੰ ਗੈਰੇਜ਼ ਵਿੱਚੋਂ ਬੁਲਾਇਆ ਤੇ ਉਹਨਾਂ ਨੂੰ ਪੀ.ਜੀ.ਆਈ. ਪਹੁੰਚਾਇਆ ਗਿਆ ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਸੀ ।

ਇਥੇ ਜਿਕਰਯੋਗ ਹੈ ਕਿ ਮਿਸ਼ਰਾ ਸਾਲ 1991-92 ਦੌਰਾਨ ਕੇਂਦਰੀ ਰਿਜ਼ਰਵ ਪ੍ਰਟੈਕਸ਼ਨ ਫੋਰਸ ਵਿੱਚੋਂ ਡੈਪੂਟੇਸ਼ਨ ਤੇ ਬਤੌਰ ਪੁਲੀਸ ਕਪਤਾਨ (ਐਸ.ਪੀ) ਪੰਜਾਬ ਵਿੱਚ ਆਏ ਸਨ । ਕੈਪਟਨ ਸਰਕਾਰ ਵੇਲੇ ਉਹਨਾਂ ਨੂੰ ਪੱਕੇ ਤੌਰ ਉਤੇ ਪੰਜਾਬ ਕੇਡਰ ਵਿੱਚ ਸ਼ਾਮਲ ਕਰ ਲਿਆ ਸੀ ।

## ਝੂਠੇ ਮੁਕਾਬਲਿਆਂ ਦੀ ਜਾਂਚ ਢਿੱਲੀ

ਝੂਠੇ ਪੁਲੀਸ ਮੁਕਾਬਲਿਆਂ ਲਈ ਗਠਤ ਕੀਤੀ ਗਈ ਅੱਠ ਮੈਂਬਰੀ ਟੀਮ ਵੱਲੋਂ ਜਾਂਚ ਦਾ

ਕੰਮ ਬੜੀ ਢਿੱਲੀ ਰਫ਼ਤਾਰ ਨਾਲ ਕੀਤਾ ਜਾਣ ਕਰਕੇ ਜਿੱਥੇ ਸਰਕਾਰ ਦੀ ਨੀਅਤ ਸਾਫ਼ ਨਹੀਂ ਲੱਗਦੀ ਉਥੇ ਫਰਜ਼ੀ ਮੁਕਾਬਲਿਆਂ ਵਿੱਚ ਸ਼ਾਮਲ ਪੁਲੀਸ ਅਫਸਰਾਂ ਦਾ ਦਬਾਅ ਕਮੇਟੀ ਉਤੇ ਵੱਧਣ ਲੱਗਾ ਹੈ । ਕਾਲੇ ਦਿਨਾਂ ਦੇ ਦੌਰ ਵਿੱਚ ਪੁਲੀਸ ਵੱਲੋਂ ਕੈਟਾਂ ਦੀ ਥਾਂ ਨਿਰਦੋਸ਼ਾਂ ਨੂੰ ਹੀ ਕਤਲ ਕਰ ਦੇਣ ਦੀ ਜਾਂਚ ਲਈ ਬਣਾਈ ਕਮੇਟੀ ਨੂੰ ਕਈ ਹਫਤਿਆਂ ਵੱਧ ਸਮਾਂ ਬੀਤ ਗਿਆ ਹੈ । ਸਵਾਏ ਇਕ ਮੀਟਿੰਗ ਤੋਂ ਇਹ ਕਮੇਟੀ ਅੱਗੇ ਨਹੀਂ ਵਧੀ ਝੂਠੇ ਮੁਕਾਬਲਿਆਂ ਦੀ ਜਾਂਚ ਦਾ ਸਾਹਮਣਾ ਕਰ ਰਹੇ ਪੰਜਾਬ ਪੁਲੀਸ ਦੇ ਏ.ਆਈ.ਜੀ. ਵਿਵੇਕ ਮਿਸ਼ਰਾ ਵੱਲੋਂ ਕੀਤੀ ਗਈ ਆਤਮ ਹੱਤਿਆ ਦਾ ਮਾਮਲਾ ਕਥਿਤ ਦੋਸ਼ੀ ਪੁਲੀਸ ਅਧਿਕਾਰੀਆਂ ਲਈ ਇਕ ਹਥਿਆਰ ਦਾ ਕੰਮ ਕਰ ਰਿਹਾ ਹੈ ।

ਪਿਛਲੀ ਮੀਟਿੰਗ ਵਿੱਚ ਕਮੇਟੀ ਨੇ ਤਿੰਨ ਪੁਲੀਸ ਮੁਕਾਬਲਿਆਂ ਦਾ ਰਿਕਾਰਡ ਇਕੱਠਾ ਕਰਨ ਦਾ ਫੈਸਲਾ ਕੀਤਾ ਸੀ ਤੇ ਇਕ ਹਫਤੇ ਦੇ ਅੰਦਰ ਅੰਦਰ ਕਮੇਟੀ ਦੀ ਹੋਣ ਵਾਲੀ ਮੀਟਿੰਗ ਤੋਂ ਮਗਰੋਂ ਜਾਂਚ ਨੂੰ ਸਰਗਰਮੀ ਨਾਲ ਅੱਗੇ ਵਧਾਉਣ ਦਾ ਫੈਸਲਾ ਲਿਆ ਸੀ । ਪਰ ਕਮੇਟੀ ਵੱਲੋਂ ਹੁਣ ਕਈ ਹਫਤੇ ਬੀਤ ਜਾਣ ਉਤੇ ਰਿਕਾਰਡ ਇਕੱਠਾ ਨਹੀਂ ਕੀਤਾ ਗਿਆ । ਇਥੇ ਸਪਸ਼ਟ ਹੁੰਦਾ ਹੈ ਕਿ ਜਾਂਚ ਦਾ ਕੰਮ ਲਮਕ ਗਿਆ ਹੈ ।

ਇਸ ਵਿੱਚ ਕੋਈ ਸ਼ੱਕ ਨਹੀਂ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਫਸਣ ਵਾਲੇ ਪੁਲੀਸ ਅਧਿਕਾਰੀਆਂ ਵੱਲੋਂ ਕਮੇਟੀ ਉਤੇ ਲਗਾਤਾਰ ਦਬਾਅ ਬਣਾਇਆ ਜਾ ਰਿਹਾ ਹੈ । ਇਹਨਾਂ ਪੁਲੀਸ ਅਧਿਕਾਰੀਆਂ ਨੂੰ ਵਿਵੇਕ ਮਿਸ਼ਰਾ ਵੱਲੋਂ ਕੀਤੀ ਖੁਦਕਸ਼ੀ ਬੜੀ ਰਾਸ ਆ ਰਹੀ ਹੈ । ਉਹ ਪੁਲੀਸ ਅਧਿਕਾਰੀ ਜੋ ਇਸ ਜਾਂਚ ਦਾ ਸਾਹਮਣਾ ਕਰ ਰਹੇ ਅਧਿਕਾਰੀਆਂ ਦਾ ਅਨੁਮਾਨ ਹੈ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਤੱਥ ਖੋਜ ਕਮੇਟੀ ਨੇ ਸਹੀ ਤੱਥ ਇਕੱਤਰ ਕਰ ਲਏ ਤਾਂ ਉਹਨਾਂ ਨੂੰ ਸ੍ਰੀ ਮਿਸ਼ਰਾ ਵਾਲਾ ਰਾਹ ਅਪਨਾਉਣ ਲਈ ਮਜ਼ਬੂਰ ਹੋਣਾ ਪਵੇਗਾ ।

ਡੇਰਾ ਸੱਚਾ ਸੌਦਾ ਅਤੇ ਪੰਥਕ ਜਥੇਬੰਦੀਆਂ ਦੇ ਵਿਵਾਦ ਤੋਂ ਮਗਰੋਂ ਪੰਜਾਬ 'ਚ ਪੈਦਾ ਹੋਏ ਤਣਾਅ ਅਤੇ ਗਰਮ ਖਿਆਲੀ ਸਿੱਖਾਂ ਦੇ ਮੁੱਦੇ ਉਭੱਰ ਆਉਣ ਦੇ ਮਾਮਲੇ ਨੂੰ ਪੁਲੀਸ ਅਧਿਕਾਰੀ ਇਕ ਹਥਿਆਰ ਵੱਜੋਂ ਵਰਤਦੇ ਹੋਏ ਆਪਣੇ ਉਚੱ ਅਧਿਕਾਰੀਆਂ ਰਾਹੀਂ ਸਰਕਾਰ ਤੱਕ ਸੰਦੇਸ਼ ਪਹੁੰਚਾਉਣ ਦੀ ਕੋਸ਼ਿਸ਼ ਵਿਚ ਸਫਲ ਹੋ ਰਹੇ ਹਨ । ਇਸ ਲਈ ਪੰਜਾਬ ਸਰਕਾਰ ਇਸ ਮਾਮਲੇ ਲਈ ਬਹੁਤੀ ਗੰਭੀਰ ਨਹੀਂ ਲੱਗਦੀ । ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਕਾਰਜਕਾਰੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਪੰਜਾਬ ਵਿੱਚ ਮਾਰੇ ਗਏ ਝੂਠੇ ਪੁਲੀਸ ਮੁਕਾਬਲਿਆਂ ਦੀ ਜਾਂਚ ਕਰਵਾਉਣ ਤੋਂ ਵਾਲ ਵੱਟ ਗਏ ਸਨ । ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੁਲੀਸ ਅਧਿਕਾਰੀਆਂ ਦੀ ਵੱਖ ਖੋਜ ਕਮੇਟੀ ਤਿੰਨ ਫਰਜ਼ੀ ਮੁਕਾਬਲਿਆ

ਦੀ ਜਾਂਚ ਤੱਕ ਹੀ ਆਪਣੇ ਆਪ ਨੂੰ ਸੀਮਤ ਰੱਖ ਰਹੀ ਹੈ ਪਰ ਸਰਕਾਰ ਨੇ ਇਸ ਮਾਮਲੇ ਉਤੇ ਕੋਈ ਪ੍ਰਤੀਕਿਰਿਆ ਜਾਹਰ ਨਹੀਂ ਕੀਤੀ । ਜਦੋਂ ਕਿ ਮਨੁੱਖੀ ਅਧਿਕਾਰ ਸੰਗਠਨ ਅਤੇ ਕਈ ਵਿਰੋਧੀ ਪਾਰਟੀਆਂ ਸਮੁੱਚੇ ਝੂਠੇ ਪੁਲੀਸ ਮੁਕਾਬਲਿਆਂ ਦੀ ਜਾਂਚ ਦੀ ਮੰਗ ਕਰ ਰਹੀਆਂ ਹਨ ।

**ਫਰਜ਼ੀ ਮੁਕਾਬਲਿਆਂ ਦੀ ਸਚਾਈ ਨੇ ਪੁਲੀਸ ਨੂੰ ਝੰਜੋੜਿਆ**

ਪੰਜਾਬ ਵਿੱਚ ਕਾਲੇ ਦਿਨਾਂ ਦੌਰਾਨ ਸੁਰੱਖਿਆ ਦਸਤਿਆਂ ਵੱਲੋਂ ਬਣਾਏ ਝੂਠੇ ਪੁਲੀਸ ਮੁਕਾਬਲਿਆਂ ਦੀ ਮੁੱਢਲੀ ਅਤੇ ਨਿਗੁਣੀ ਜਿਹੀ ਜਾਂਚ ਦੌਰਾਨ ਹੈਰਾਨੀਜਨਕ ਤੱਥ ਸਾਹਮਣੇ ਆਉਣ ਲੱਗ ਪਏ ਹਨ । ਜਿਸ ਨਾਲ ਪੁਲੀਸ ਨੂੰ ਹੱਥਾਂ-ਪੈਰਾਂ ਦੀਆਂ ਪੈ ਗਈਆਂ ਹਨ ਭਾਂਵੇ ਅਕਾਲੀ ਭਾਜਪਾ ਸਰਕਾਰ ਵੱਲੋਂ ਪੁਲੀਸ ਦੇ ਹੱਕ ਵਿੱਚ ਭੁਗਤਦਿਆਂ ਹੋਇਆ ਪੰਜਾਬ ਬਣਾਏ ਫਰਜ਼ੀ ਮੁਕਾਬਲਿਆਂ ਦੀ ਥਾਂ ਤਿੰਨ ਮੁਕਾਬਲਿਆਂ ਦੀ ਹੀ ਜਾਚ ਕਰਵਾਈ ਜਾ ਰਹੀ ਹੈ ਫੇਰ ਵੀ ਪੁਲੀਸ ਲਈ ਬੜੀਆਂ ਮੁਸ਼ਕਲਾਂ ਪੈਦਾ ਹੋਣ ਦੀਆਂ ਸਭਾਵਨਾਂਵਾਂ ਉਤਪਨ ਹੋ ਰਹੀਆਂ ਹਨ ।

ਪੰਜਾਬ ਸਰਕਾਰ ਨੇ ਅਪ੍ਰੈਲ 2007 ਨੂੰ ਪੰਜਾਬ ਪੁਲੀਸ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਸ੍ਰੀ ਜੇ.ਪੀ.ਵਿਰਦੀ ਦੀ ਅਗਵਾਈ ਵਿੱਚ ਕਾਇਮ ਕੀਤੀ ਅੱਠ ਮੈਂਬਰੀ ਟੀਮ ਵੱਲੋਂ ਜੋ ਵੇਰਵੇ ਇੱਕਤਰ ਕੀਤੇ ਗਏ ਹਨ ਉਹ ਜਿੱਥੇ ਪੁਲੀਸ ਦੇ ਕਈ ਸੀਨੀਅਰ ਅਧਿਕਾਰੀਆਂ ਲਈ ਵੱਡੀ ਮੁਸੀਬਤ ਬਣ ਸਕਦੇ ਹਨ ਉਥੇ ਅਜਿਹਾ ਮਾਮਲਾ ਵੀ ਉਭਰਕੇ ਸਾਹਮਣੇ ਆ ਰਿਹਾ ਹੈ ਕਿ ਇਕ ਅੱਤਵਾਦੀ ਜਿਸਨੂੰ ਕਿ ਪੁਲੀਸ ਨੇ ਮੱਧ ਪ੍ਰਦੇਸ਼ ਵਿੱਚ ਮੁਕਾਬਲੇ ਦੌਰਾਨ ਮਾਰਿਆ ਦਿਖਾਇਆ ਸੀ ਉਸ ਸਬੰਧੀ ਜਗਰਾਂਉ ਪੁਲੀਸ ਨੂੰ ਕੋਈ ਰਿਕਾਰਡ ਨਹੀਂ ਲੱਭ ਰਿਹਾ । ਝੂਠੇ ਪੁਲੀਸ ਮੁਕਾਬਲਿਆਂ ਬਾਰੇ ਬਣਾਈ ਤੱਥ ਖੋਜ ਕਮੇਟੀ 14 ਮਈ ਨੂੰ ਮੀਟਿੰਗ ਕਰਨ ਤੋਂ ਮਗਰੋਂ ਕੋਈ ਠੋਸ ਸਿੱਟਾ ਤਾਂ ਨਹੀਂ ਕੱਢ ਸਕੀ ਫੇਰ ਵੀ ਇਹਨਾਂ ਮਾਮਲਿਆਂ ਵਿੱਚੋਂ ਮਿਲੇ ਤੱਥਾਂ ਨੇ ਪੁਲੀਸ ਨੂੰ ਝੰਜੋੜ ਕੇ ਰੱਖ ਦਿੱਤਾ ਹੈ ।

ਪੁਲੀਸ ਸੂਤਰਾਂ ਮੁਤਾਬਕ 14 ਮਈ ਦੀ ਮੀਟਿੰਗ ਵਿੱਚ ਏ.ਡੀ.ਜੀ.ਪੀ. ਨੇ ਕਮੇਟੀ ਵਿੱਚ ਸ਼ਾਮਲ ਬੀ.ਕੇ. ਉਪਲ, ਡੀ.ਆਈ. ਜੀ. ਲੁਧਿਆਣਾ ਈਸ਼ਵਰ ਸਿੰਘ, ਰੋਪੜ ਦੇ ਐਸ.ਐਸ. ਪੀ. ਪ੍ਰਵੀਨ ਕੁਮਾਰ ਸਿਨਹਾ, ਲੁਧਿਆਣਾ ਦਿਹਾਤੀ ਦੇ ਐਸ.ਐਸ. ਪੀ. ਗੁਰਪ੍ਰੀਤ ਸਿੰਘ ਭੁੱਲਰ ਏ.ਆਈ.ਜੀ. ਲਿਟੀਗੇਸ਼ਨ ਐਸ.ਐਸ. ਛੀਨਾ, ਐਸ. ਪੀ ਹੈਡੱ ਕੁਆਟਰ ਹੁਸ਼ਿਆਰਪੁਰ ਉਪਿੰਦਰਜੀਤ ਸਿੰਘ ਘੁੰਮਣ ਅਤੇ ਰੋਪੜ ਦੇ ਡੀ.ਐਸ.ਪੀ. ਰਾਜਿੰਦਰ ਸਿੰਘ ਆਦਿ ਨੂੰ ਆਦੇਸ਼ ਦਿੱਤੇ ਹਨ ਕਿ ਰੋਪੜ ਜ਼ਿਲ੍ਹੇ ਵਿੱਚ ਗੁਰਨਾਮ ਸਿੰਘ ਬੁਡਾਲਾ ਦੀ ਥਾਂ

ਕਿਸੇ ਹੋਰ ਨੂੰ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰਨ ਅਤੇ ਜਗਰਾਂਉ ਪੁਲੀਸ ਵੱਲੋਂ ਮੱਧ ਪ੍ਰਦੇਸ਼ ਦੇ ਸ਼ਹਿਰ ਸ਼ਿਵਪੁਰੀ ਵਿੱਚ ਜਸਪਾਲ ਸਿੰਘ ਭੱਟੀ ਸਮੇਤ ਇਕ ਹੋਰ ਕਥਿਤ ਪੁਲੀਸ ਮੁਕਾਬਲੇ ਸਬੰਧੀ ਐਫ.ਆਈ.ਆਰ. ਡੀ.ਡੀ.ਆਰ ਅਤੇ ਹੋਰ ਦਸਤਾਵੇਜ ਇਕੱਠੇ ਕੀਤੇ ਜਾਣ ।

ਸੂਤਰਾਂ ਅਨੁਸਾਰ ਰੋਪੜ ਜ਼ਿਲ੍ਹੇ ਦੀ ਪੁਲੀਸ ਨੇ 28 ਜੁਲਾਈ 1994 ਨੂੰ ਬੁਡਾਲਾ ਦੀ ਥਾਂ ਕਿਸੇ ਹੋਰ ਵਿਅਕਤੀ ਨੂੰ ਕਤਲ ਕਰਨ ਸਬੰਧੀ ਜੋ ਤੱਥ ਇਕੱਠੇ ਕੀਤੇ ਹਨ ਕਿ ਪੁਲੀਸ ਮੁਕਾਬਲਾ ਆਈ.ਪੀ.ਐਸ. ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਜੋ ਉਸ ਸਮੇਂ ਵਿੱਚ ਐਸ.ਪੀ. (ਡੀ.) ਦੇ ਅਹੁਦੇ ਉਤੇ ਤਾਇਨਾਤ ਸਨ । ਉਹਨਾਂ ਦੀ ਅਗਵਾਈ ਵਿੱਚ ਡੀ.ਐਸ.ਪੀ. ਜਸਪਾਲ ਸਿੰਘ ਸਮੇਤ 28 ਪੁਲੀਸ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਬਣਾਇਆ ਸੀ । ਸਰਕਾਰ ਵੱਲੋਂ ਬੁਡਾਲਾ ਨੂੰ ਸਿਰਫ ਕਾਗਜ਼ਾਂ ਵਿੱਚ ਮਾਰਨ ਬਦਲੇ ਇਹਨਾਂ 28 ਮੁਲਾਜ਼ਮਾਂ ਨੂੰ ਕਿੰਨੇ ਲੱਖ ਦਾ ਇਨਾਮ ਅਤੇ ਕਿੰਨਿਆਂ ਨੂੰ ਤਰੱਕੀਆਂ ਮਿਲੀਆਂ ਸਨ । ਇਸ ਦੀ ਅਜੇ ਵੱਖਰੇ ਤੌਰ ਉਤੇ ਜਾਂਚ ਕੀਤੀ ਜਾ ਰਹੀ ਹੈ । ਇੰਨੇ ਅਧਿਕਾਰੀਆਂ ਕਰਮਚਾਰੀਆਂ ਦੇ ਇੱਕੋ ਪੁਲੀਸ ਮੁਕਾਬਲੇ ਵਿੱਚ ਸ਼ਾਮਲ ਹੋਣ ਨੇ ਪੁਲੀਸ ਨੂੰ ਹਿਲਾ ਕੇ ਰੱਖ ਦਿੱਤਾ ਹੈ ।

ਲੁਧਿਆਣਾ ਦਿਹਾਤੀ ਪੁਲੀਸ ਨੂੰ ਸਨਸਨੀ ਖੇਜ਼ ਤੱਥ ਮਿਲੇ ਸਨ ਜਿਹਨਾਂ ਅਨੁਸਾਰ ਇੰਸਪੈਕਟਰ ਦਰਸ਼ਨ ਸਿੰਘ ਨੇ ਜਸਪਾਲ ਸਿੰਘ ਭੱਟੀ ਨਾਂ ਦੇ ਖਾੜਕੂ ਨੂੰ ਮੱਧ ਪ੍ਰਦੇਸ਼ ਵਿੱਚ ਮਾਰ ਮੁਕਾਇਆ ਸੀ ਪਰ ਕਈ ਸਾਲਾਂ ਮਗਰੋਂ ਜਸਪਾਲ ਸਿੰਘ ਭੱਟੀ ਨੂੰ ਕਾਨਪੁਰ (ਉਤੱਰ ਪ੍ਰਦੇਸ਼) ਪੁਲੀਸ ਨੇ ਕਾਬੂ ਕਰ ਲਿਆ ਸੀ । ਇਸ ਮਗਰੋਂ ਭੇਦ ਖੁੱਲ੍ਹਿਆ ਕਿ ਜਗਰਾਂਉ ਪੁਲੀਸ ਨੇ ਭੱਟੀ ਦੀ ਥਾਂ ਕਿਸੇ ਹੋਰ ਨੂੰ ਹੀ ਮਾਰ ਦਿੱਤਾ ਸੀ । ਸਰਕਾਰ ਵੱਲੋਂ ਇਸ ਦੀ ਜਾਂਚ ਦੇ ਆਦੇਸ਼ ਦਿੱਤੇ ਜਾਣ ਤੋਂ ਮਗਰੋਂ ਦਿਹਾਤੀ ਲੁਧਿਆਣਾ ਪੁਲੀਸ ਨੇ ਤੱਥ ਇਕੱਠੇ ਕਰਨੇ ਚਾਹੇ ਤਾਂ ਇਸ ਦਾ ਕੋਈ ਵੀ ਦਸਤਾਵੇਜ ਨਹੀਂ ਮਿਲਿਆ । ਸਿਰਫ ਉਸ ਵੇਲੇ ਦੇ ਐਸ.ਐਸ.ਪੀ. ਹਰਿੰਦਰ ਸਿੰਘ ਚਾਹਲ ਵੱਲੋਂ ਅਖਬਾਰਾਂ ਨੂੰ ਜਾਰੀ ਕੀਤਾ ਪ੍ਰੈਸ ਨੋਟ ਹੀ ਮਿਲਿਆ ਹੈ । ਸੂਤਰਾਂ ਮੁਤਾਬਕ ਅਜਿਹੇ ਮਾਮਲਿਆਂ ਵਿੱਚ ਵਿਸ਼ੇਸ਼ ਤੌਰ ਉਤੇ ਰਵਾਨਗੀ ਪਾਈ ਜਾਂਦੀ ਹੈ । ਅਜਿਹੇ ਮਿਸ਼ਨ ਉਤੇ ਜਾਣ ਵਾਲੇ ਪੁਲੀਸ ਕਰਮਚਾਰੀਆਂ ਨੇ ਨਾਮ ਰੋਜ਼ਨਾਮਚੇ ਵਿੱਚ ਦਰਜ ਕੀਤੇ ਜਾਂਦੇ ਹਨ । ਮਿਸ਼ਨ ਪੂਰਾ ਜਾਂ ਅਧੂਰਾ ਹੋਣ ਮਗਰੋਂ ਵਾਪਸ ਥਾਣੇ ਵਿੱਚ ਰਪਟ ਪਾਈ ਜਾਂਦੀ ਹੈ । ਪਰ ਇਸ ਸਬੰਧੀ ਕਿਤੇ ਵੀ ਕੋਈ ਰਿਕਾਰਡ ਨਹੀਂ ਰੱਖਿਆ ਗਿਆ । ਪੁਲੀਸ ਨੇ ਸ਼ਿਵਪੁਰੀ ਮੱਧ ਪ੍ਰਦੇਸ਼ ਦੇ ਐਸ.ਐਸ.ਪੀ. ਤੋਂ ਅਗਸਤ 1993 ਨੂੰ ਹੋਏ ਮੁਕਾਬਲੇ ਦੀ ਐਫ.ਆਈ.ਆਰ. ਮੰਗਵਾਈ ਗਈ । ਇਸ ਦੇ ਆਉਣ ਮਗਰੋਂ ਨਵੇਂ ਤੱਥ ਸਾਹਮਣੇ ਆਉਣ

ਦੀਆਂ ਉਮੀਦਾਂ ਲਾਈਆਂ ਜਾ ਰਹੀਆਂ ਹਨ ।

ਜਸਪਾਲ ਸਿੰਘ ਭੱਟੀ ਵਾਲੇ ਮਾਮਲੇ ਸਬੰਧੀ ਪੁਲੀਸ ਵੱਲੋਂ ਕੋਈ ਸਬੂਤ ਨਾ ਰੱਖਿਆ ਜਾਣਾ ਜਾਂਚ ਕਮੇਟੀ ਵਾਸਤੇ ਅਹਿਮ ਮੁਸੀਬਤਾਂ ਬਣੀਆਂ ਹੋਈਆਂ ਹਨ । ਪਤਾ ਨਹੀਂ ਲੱਗ ਰਿਹਾ ਕਿ ਭੱਟੀ ਦੀ ਥਾਂ ਪੁਲੀਸ ਨੇ ਕਿਸ ਨਿਰਦੋਸ਼ ਨੂੰ ਮਾਰਿਆ ਹੈ । ਪੁਲੀਸ ਦੇ ਇਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਦਿਆਂ ਕਿਹਾ ਹੈ ਕਿ ਝੂਠੇ ਪੁਲੀਸ ਮੁਕਾਬਲਿਆਂ ਦੀ ਜਾਂਚ ਦਾ ਐਲਾਨ ਹੋਣ ਮਗਰੋਂ ਪੰਜਾਬ ਸਰਕਾਰ ਅਤੇ ਪੰਜਾਬ ਪੁਲੀਸ ਉਤੇ ਭਾਰੀ ਦਬਾਅ ਹੈ ਕਿ ਕਿਵੇਂ ਨਾ ਕਿਵੇਂ ਇਸ ਮਾਮਲੇ ਨੂੰ ਲਮਕਾ ਕੇ ਰੱਖਿਆ ਜਾਵੇ ਅਤੇ ਜਦੋਂ ਗੱਲ ਠੰਡੀ ਹੋ ਜਾਵੇ ਇਸ ਨੂੰ ਜਾਂਚ ਨੂੰ ਚੁੱਪ ਕਰਕੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਜਾਵੇ ।

ਜਿਸ ਤਰ੍ਹਾਂ ਪੁਲੀਸ ਇਸ ਮਾਮਲੇ ਨੂੰ ਦਬਾਉਣ ਲਈ ਲਗਾਤਾਰ ਦਬਾਅ ਵਧਾਉਣ ਲੱਗੀ ਹੋਈ ਹੈ ਇਸ ਤਰ੍ਹਾਂ ਹੀ ਜਿਹਨਾਂ ਲੋਕਾਂ ਦੇ ਘਰ ਵਿੱਚੋਂ ਨੌਜਵਾਨਾਂ ਨੂੰ ਚੁੱਕ ਕੇ ਫਰਜ਼ੀ ਮੁਕਾਬਲਿਆਂ ਰਾਹੀਂ ਮਾਰ ਕੇ ਪੁਲੀਸ ਨੇ ਇਨਾਮ ਤੇ ਤਰੱਕੀਆਂ ਹਾਸਲ ਕੀਤੀਆਂ ਹਨ ਉਹਨਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਵਾਉਣ ਲਈ ਸੰਘਰਸ਼ ਦਾ ਰਾਜ ਤਿਆਰ ਕਰਨਾ ਚਾਹੀਦਾ ਹੈ । ਸਿਆਣਿਆਂ ਦੀ ਕਹਾਵਤ ਸੱਚੀ ਹੈ - ਰੋਏ ਬਿਨਾ ਮਾਂ ਵੀ ਬੱਚੇ ਨੂੰ ਦੁੱਧ ਨਹੀਂ ਦਿੰਦੀ । ਇਸ ਲਈ ਜੇ ਲੋਕਾਂ ਦੀ ਇੱਛਾ ਹੈ ਕਿ ਉਹਨਾਂ ਨੂੰ ਨਿਆਂ ਮਿਲੇ ਤਾਂ ਉਹਨਾਂ ਨੂੰ ਘਰੋਂ ਬਾਹਰ ਨਿਕਲਕੇ ਸੜਕਾਂ ਉਤੇ ਤਾਂ ਆਉਣਾ ਹੀ ਪਵੇਗਾ ।

# ਪੁਲੀਸ ਦੀ ਪੋਲ ਖੁੱਲ੍ਹੀ

ਮਾਨਸਾ ਦੀ ਪੁਲੀਸ ਨੇ ਇਕ ਮੁਕਾਬਲੇ ਵਿੱਚ ਇਕ ਖਾੜਕੂ ਨੂੰ ਮਾਰ ਦੇਣ ਦਾ ਦਾਅਵਾ ਕੀਤਾ ਸੀ। ਪਰ ਗਿਆਰਾਂ ਸਾਲ ਮਗਰੋਂ ਉਸ ਵਿਅਕਤੀ ਨੇ ਕੋਰਟ ਵਿੱਚ ਪੇਸ਼ ਹੋ ਕੇ ਪੁਲੀਸ ਦੀ ਮੁਕਾਬਲੇ ਵਾਲੀ ਕਹਾਣੀ ਝੂਠਲਾਉਂਦਿਆਂ ਪੁਲੀਸ ਲਈ ਨਵੀਆਂ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਉਸ ਦੀ ਥਾਂ ਤੇ ਮਾਰਿਆ ਵਿਅਕਤੀ ਕੌਣ ਸੀ ? ਆਪਣੇ ਬਚਾਅ ਲਈ ਪੁਲੀਸ ਇਸ ਮਾਮਲੇ ਦੀ ਪੜਤਾਲ ਐਸ.ਪੀ. ਨੂੰ ਸੌਂਪੀ ਗਈ ਹੈ।

ਪਿੰਡ ਕਾਹਨਗੜ੍ਹ ਦੇ ਨੇੜੇ ਮਾਨਸਾ ਪੁਲੀਸ ਨੇ 23 ਮਈ 1993 ਨੂੰ ਇਕ ਫਰਜ਼ੀ ਪੁਲੀਸ ਮੁਕਾਬਲੇ ਕਹਾਣੀ ਬਣਾਂਦਿਆਂ ਦਾਅਵਾ ਕੀਤਾ ਕਿ ਖਾੜਕੂਆਂ ਤੇ ਪੁਲੀਸ ਦਰਮਿਆਨ ਹੋਈ ਗੋਲੀ ਬਾਰੀ ਵਿੱਚ ਪੁਲੀਸ ਨੇ ਇਕ ਖਾੜਕੂ ਅਜੈਬ ਸਿੰਘ ਮੰਡੇਰ ਨੂੰ ਮਾਰ ਮੁਕਾਇਆ ਹੈ। ਪੁਲੀਸ ਨੇ ਜਿਸ ਨਾਂ ਦੇ ਖਾੜਕੂ ਨੂੰ ਮਾਰ ਦੇਣ ਦਾ ਦਾਅਵਾ ਕੀਤਾ ਸੀ ਉਸ ਵਿਅਕਤੀ ਨੇ ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ 2004 'ਚ ਪੇਸ਼ ਹੋ ਕੇ ਜਿਉਂਦੇ ਹੋਣ ਦਾ ਦਾਅਵਾ ਕਰ ਦਿੱਤਾ ਹੈ। ਇਸ ਹੈਰਾਨੀਜਨਕ ਕਹਾਣੀ ਨੂੰ ਦੇਖਕੇ

ਪੁਲੀਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਕਿ ਹੁਣ ਜਵਾਬ ਦੇਣਾ ਪਵੇਗਾ ਉਕਤ ਵਿਅਕਤੀ ਦੇ ਨਾਂ ਹੇਠ ਕਿਹੜਾ ਨਿਰਦੋਸ਼ ਮਾਰਿਆ ਸੀ ।

ਬਹੁਤ ਸਾਲ ਰੂਪੋਸ਼ ਰਹਿਣ ਮਗਰੋਂ ਅਜੈਬ ਸਿੰਘ ਮੰਡੇਰ ਨੇ ਦੇਖਿਆ ਜਦੋਂ ਪੰਜਾਬ ਵਿੱਚ ਅਮਨ ਪੂਰੀ ਤਰਾਂ ਹੋ ਚੁੱਕਿਆ ਹੈ ਉਸਨੇ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕੁਝ ਸਾਲ ਪਹਿਲਾਂ ਹੋਏ ਪੁਲੀਸ ਮੁਕਾਬਲੇ ਵਿੱਚ ਮਾਨਸਾ ਪੁਲੀਸ ਨੇ ਕਿਹੜੇ ਨਿਰਦੋਸ਼ ਨੂੰ ਉਸ ਦੀ ਥਾਂ ਉਤੇ ਮਾਰਿਆ ਸੀ । ਇਸ ਮਾਮਲੇ ਦੀ ਬਰੀਕੀ ਨਾਲ ਪੜਤਾਲ ਕਰਵਾਕੇ ਸਚਾਈ ਸਾਹਮਣੇ ਲਿਆਂਦੀ ਜਾਵੇ । ਪੁਲੀਸ ਨੇ ਉਕਤ ਮੁਕਾਬਲੇ ਵਿੱਚ ਕਿਸ ਘਰ ਦਾ ਚਰਾਗ਼ ਬੁਝਾਇਆ ਸੀ ਜਿਸ ਵਿਅਕਤੀ ਨੂੰ ਮਾਰਿਆ ਸੀ ਉਸ ਦੇ ਮਾਪੇ ਉਹਨਾਂ ਹਜ਼ਾਰਾਂ ਵਿਅਕਤੀਆਂ ਦੇ ਮਾਪਿਆਂ ਵਾਂਗ ਭਾਲ ਕਰਦੇ ਹੋਣਗੇ । ਜਿਹਨਾਂ ਨੂੰ ਪੁਲੀਸ ਘਰਾਂ ਵਿੱਚੋਂ ਚੁੱਕ ਕੇ ਲਿਆਈ ਹੈ । ਉਸ ਦੇ ਮਾਪੇ ਤੇ ਬੱਚੇ ਅਜੇ ਵੀ ਉਸਦੇ ਘਰ ਆਉਣ ਦੀ ਬੇਸਬਰੀ ਨਾਲ ਉਡੀਕ ਕਰਦੇ ਹੋਣਗੇ ।

ਅਜੈਬ ਸਿੰਘ ਮੰਡੇਰ ਨੇ ਖੁਦ ਜਿਉਂਦਾ ਹੋਣ ਦੀ ਕਹਾਣੀ ਬਿਆਨ ਕਰਦਿਆਂ ਕਿਹਾ ਹੈ ਕਿ ਉਸਨੂੰ ਨਹੀਂ ਪਤਾ ਪੁਲੀਸ ਨੇ ਉਸਦੇ ਨਾਂ ਤੇ ਕਿਹੜੇ ਵਿਅਕਤੀ ਨੂੰ ਮਾਰਿਆ ਹੈ । ਇਸ ਬਾਰੇ ਤਾਂ ਪੁਲੀਸ ਹੀ ਦੱਸ ਸਕਦੀ ਹੈ । ਮੰਡੇਰ ਕਿੱਤੇ ਵੱਜੋਂ ਇਕ ਕਿਸਾਨ ਹੈ । ਉਸਦੀ ਭੈਣ ਵਿਆਹੀ ਹੋਈ ਸੀ ਉਸਦਾ ਸਹੁਰਾ ਪਰਿਵਾਰ ਉਸ ਨੂੰ ਤੰਗ ਪ੍ਰੇਸ਼ਾਨ ਕਰਨ ਤੋਂ ਜਦੋਂ ਨਾ ਹਟਿਆ ਤਾਂ ਉਸਨੇ ਉਹਨਾਂ ਨੂੰ ਸੁਧਾਰਨ ਲਈ 1988 ਵਿੱਚ ਆਲ ਇੰਡੀਆ ਸਿੱਖ ਸਟੂਡੈਂਟ ਦੀ ਮੈਬਰਸ਼ਿਪ ਲੈ ਲਈ ਤੇ ਫੇਰ ਕੁੱਝ ਲੋਕਾਂ ਨਾਲ ਮਿਲਕੇ ਇਕ ਕਮੇਟੀ ਦਾ ਗਠਨ ਕੀਤਾ ਜੋ ਪੀੜਤ ਔਰਤਾਂ ਨੂੰ ਨਿਆਂ ਦੁਵਾਉਂਦੀ ਸੀ । ਉਸਨੇ ਇਕ ਬਿਨਾ ਲਾਇਸੈਂਸ ਪਿਸਤੌਲ ਰੱਖ ਲਿਆ 1989 ਵਿੱਚ ਉਹ ਪਿਸਤੌਲ ਸਮੇਤ ਫੜਿਆ ਗਿਆ । ਪੁਲੀਸ ਨੇ ਉਸ ਉਤੇ ਅਣ-ਮਨੁੱਖੀ ਤਸ਼ੱਦਦ ਕੀਤਾ ਫੇਰ ਕੁਝ ਦਿਨਾਂ ਮਗਰੋਂ ਉਸਨੂੰ ਪੁਲੀਸ ਨੇ ਜੇਲ੍ਹ ਭੇਜ ਦਿੱਤਾ ਇਕ ਮਹੀਨੇ ਮਗਰੋਂ ਜਦੋਂ ਉਸਦੀ ਜਮਾਨਤ ਹੋਈ ਤਾਂ ਉਹ ਜੇਲ੍ਹ ਵਿੱਚੋਂ ਰਿਹਾ ਹੁੰਦੇ ਹੀ 1990 'ਚ ਉਹ ਉੜੀਸਾ ਚਲਾ ਗਿਆ ।

ਇਸ ਉਪਰੰਤ ਪੁਲੀਸ ਨੇ ਉਸ ਉਤੇ ਕਈ ਝੂਠੇ ਮਾਮਲੇ ਦਰਜ ਕਰਕੇ ਉਸਨੂੰ ਭਗੌੜਾ ਘੋਸ਼ਿਤ ਕਰ ਦਿੱਤਾ ਇਹ ਸਭ ਕੁਝ ਕਾਗਜ਼ਾਂ ਵਿੱਚ ਹੀ ਪੁਲੀਸ ਕਰਦੀ ਰਹੀ ਹੈ । ਉਸ ਨੂੰ ਇਸ ਬਾਰੇ ਕੋਈ ਪਤਾ ਨਹੀਂ ਸੀ ਪੁਲੀਸ ਉਸਦੇ ਖਿਲਾਫ ਕੀ ਕਰ ਰਹੀ ਹੈ । ਇਕ ਦਿਨ ਪੁਲੀਸ ਨੇ 1993 ਵਿੱਚ ਅਵਤਾਰ ਸਿੰਘ ਦੀ ਅਗਵਾਈ ਵਿੱਚ ਪਿੰਡ ਕਾਹਨਗੜ੍ਹ ਨਾਕਾ ਲਾਇਆ ਹੋਇਆ ਸੀ ਜਿਥੇ ਉਸਨੇ ਫਰਜ਼ੀ ਮੁਕਾਬਲਾ ਬਣਾ ਕੇ ਬਹੁਤ ਸਾਰੇ ਮਾਮਲਿਆਂ ਵਿੱਚ ਲੋੜੀਂਦੇ ਅਜੈਬ ਸਿੰਘ ਮੰਡੇਰ ਨੂੰ ਮਾਰ ਦੇਣ ਦਾ ਐਲਾਨ ਕੀਤਾ ਸੀ । ਇਸ ਘਟਨਾ ਦੇ ਚਾਰ ਸਾਲ ਮਗਰੋਂ 1997 ਵਿੱਚ ਉਸਨੂੰ ਪਤਾ ਲੱਗਿਆ ਤਾਂ ਉਸਨੇ ਮਨੁੱਖੀ

ਅਧਿਕਾਰ ਕਮਿਸ਼ਨ ਤੇ ਪੰਜਾਬ ਸਰਕਾਰ ਨੂੰ ਉਕਤ ਝੂਠੇ ਮੁਕਾਬਲੇ ਦੀ ਜਾਣਕਾਰੀ ਦਿੰਦਿਆਂ ਉਸ ਦੀ ਥਾਂ ਮਾਰੇ ਗਏ ਵਿਅਕਤੀ ਦੀ ਪੜਤਾਲ ਕਰਵਾਉਣ ਦੀ ਮੰਗ ਕੀਤੀ। ਸੰਨ 2004 ਵਿੱਚ ਉਸਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪੇਸ਼ ਹੋ ਕੇ ਜਿਉਂਦੇ ਹੋਣ ਦਾ ਦਾਅਵਾ ਪੇਸ਼ ਕੀਤਾ। ਇਹ ਮਾਮਲਾ ਹੁਣ ਪੁਲੀਸ ਲਈ ਮੁਸੀਬਤ ਬਣਿਆ ਹੋਇਆ ਹੈ। ਇਸ ਲਈ ਐਸ.ਐਸ. ਪੀ. ਰਾਮ ਸਿੰਘ ਨੇ ਦੱਸਿਆ ਹੈ ਕਿ ਐਸ.ਪੀ. (ਡੀ) ਸੁਖਪਾਲ ਸਿੰਘ ਇਸ ਮਾਮਲੇ ਦੀ ਗੰਭੀਰਤਾ ਨਾਲ ਪੜਤਾਲ ਕਰ ਰਿਹਾ ਹੈ।

**ਮੁਕਾਬਲੇ 'ਚ ਮਾਰਿਆ ਦੀਸ਼ਾ ਵਾਪਸ ਆਇਆ**

ਖਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਸਬੰਧਿਤ ਖਾੜਕੂ ਜਗਦੀਸ਼ ਸਿੰਘ ਦੀਸ਼ਾ ਨੂੰ 21 ਮਾਰਚ 1993 ਨੂੰ ਜਗਰਾਂਉ ਨੇੜੇ ਥਾਣਾ ਸਿਧਵਾਂ ਬੇਟ ਦੇ ਨਜ਼ਦੀਕ ਪੁਲੀਸ ਮੁਕਾਬਲੇ ਵਿੱਚ ਮਾਰਿਆ ਗਿਆ ਸੀ ਪਰ ਗਿਆਰਾਂ ਸਾਲ ਮਗਰੋਂ ਉਸਦੇ ਜਿਉਂਦੇ ਹੋਣ ਦੀ ਆਈ ਖਬਰ ਨੇ ਜਿਥੇ ਪੁਲੀਸ ਦੀ ਕਾਰਗੁਜਾਰੀ ਉਤੇ ਸਵਾਲੀਆ ਚਿੰਨ੍ਹ ਲਾਇਆ ਸੀ ਉਥੇ ਪੈਦਾ ਹੋਏ ਸਵਾਲ ਫੇਰ ਸਾਰੇ ਜਵਾਬ ਮੰਗਦੇ ਹਨ ਕਿ ਦੀਸ਼ਾ ਦੀ ਥਾਂ ਮਾਰਿਆ ਗਿਆ ਵਿਅਕਤੀ ਕੌਣ ਸੀ ? ਪੁਲੀਸ ਉਸਨੂੰ ਕਿੱਥੋਂ ਲਿਆਈ ਸੀ ? ਕੀ ਉਹ ਉਚੱ ਕੋਟੀ ਦਾ ਖਾੜਕੂ ਸੀ ਜਾਂ ਘਰੋਂ ਪੁਲੀਸ ਉਸਨੂੰ ਚੋਰਾਂ ਵਾਂਗ ਚੁੱਕ ਕੇ ਲਿਆਈ ਸੀ। ਕੀ ਸੱਚ-ਮੁੱਚ ਉਕਤ ਥਾਂ ਉਤੇ ਮੁਕਾਬਲਾ ਹੋਇਆ ਸੀ ? ਕੀ ਦੀਸ਼ੇ ਦੀ ਥਾਂ ਮਾਰੇ ਗਏ ਨਿਰਦੋਸ਼ ਵਿਅਕਤੀ ਦੇ ਮਾਪਿਆਂ ਨੂੰ ਪੁਲੀਸ ਉਹਨਾਂ ਦਾ ਨੌਜਵਾਨ ਪੁੱਤਰ ਮੋੜ ਦੇਵੇਗੀ ? ਕੀ ਉਸ ਅਭਾਗੀ ਦਾ ਉਜੜਿਆ ਹੋਇਆ ਸੁਹਾਗ ਤੇ ਮਾਰੇ ਗਏ ਵਿਅਕਤੀ ਦੇ ਬੱਚਿਆਂ ਨੂੰ ਉਹਨਾਂ ਦਾ ਪਿਤਾ ਵਾਪਸ ਮਿਲ ਜਾਵੇਗਾ ? ਹੁਣ ਪੁਲੀਸ ਕੋਲ ਇਹਨਾਂ ਸਵਾਲਾਂ ਦਾ ਕੋਈ ਜਵਾਬ ਨਹੀਂ।

ਖਾਲਸਿਤਾਨ ਲਿਬਰੇਸ਼ਨ ਫੋਰਸ ਨਾਲ ਸਬੰਧਿਤ ਖਾੜਕੂ ਜਗਦੀਸ਼ ਸਿੰਘ ਦੀਸ਼ਾ ਉਤੇ ਸਰਕਾਰ ਵੱਲੋਂ ਪੰਜ ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ। ਉਹ ਜਿਹੜੀ ਪੁਲੀਸ ਖਾ ਗਈ ਇਸ ਦੀ ਅਸਲੀਅਤ ਤਾਂ ਜਾਂਚ ਤੋਂ ਮਗਰੋਂ ਹੀ ਸਾਹਮਣੇ ਆ ਸਕਦੀ ਹੈ। ਕਿਉਂਕਿ ਜਦੋਂ ਦੀਸ਼ੇ ਸਿਰ ਉਕਤ ਇਨਾਮ ਸੀ ਉਸ ਸਮੇਂ ਉਹ ਨਾਭਾ ਜੇਲ੍ਹ ਅੰਦਰ ਬੰਦ ਸੀ ਫੇਰ ਪੁਲੀਸ ਨੇ ਉਸ ਦੀ ਥਾਂ ਉਤੇ ਕਿਸੇ ਵਿਅਕਤੀ ਨੂੰ ਬਲੀ ਦਾ ਬਕਰਾ ਬਣਾਇਆ ਹੈ। ਇਹ ਰਾਜ਼ ਅਜੇ ਪੁਲੀਸ ਦੇ ਕੋਲ ਹੀ ਹੈ।

ਪਿੰਡ ਕਾਉਂਕੇ ਕਲਾਂ (ਲੁਧਿਆਣਾ) ਵਿੱਚ ਜਗਦੀਸ਼ ਸਿੰਘ ਉਰਫ ਦੀਸ਼ਾ ਨਾਲ ਵਿਆਹੀ ਪ੍ਰਮਜੀਤ ਕੌਰ ਦੀ ਗੋਦ ਵਿੱਚ ਅੱਠ ਮਹੀਨੇ ਦੀ ਲੜਕੀ ਸੀ ਜਦੋਂ 'ਸ੍ਰੀ ਹਰਿਮੰਦਰ

ਸਾਹਿਬ' ਉਤੇ ਹੋਈ ਫੌਜੀ ਕਾਰਵਾਈ ਤੋਂ ਪ੍ਰਭਾਵਤ ਹੋ ਕੇ ਦੀਸ਼ਾ ਘਰੋਂ ਬਿਨਾ ਦੱਸੇ ਚਲਾ ਗਿਆ ਸੀ। ਕਈ ਸਾਲ ਉਸ ਦੀ ਪਤਨੀ ਤੇ ਉਸ ਦੇ ਮਾਪੇ ਬੇਸਬਰੀ ਨਾਲ ਉਸ ਦੇ ਘਰ ਆਉਣ ਦੀ ਉਡੀਕ ਕਰਦੇ ਰਹੇ। ਆਖਰ ਇਕ ਦਿਨ ਅਖ਼ਬਾਰਾਂ ਵਿੱਚ ਤੇ ਰੇਡੀਓ ਉਤੇ ਆਈ ਪਲ ਭਰ ਦੀ ਖ਼ਬਰ ਨੇ ਉਸ ਦੀ ਪਤਨੀ ਤੇ ਉਸ ਦੇ ਮਾਪਿਆਂ ਦੀ ਉਹ ਉਡੀਕ ਖਤਮ ਕਰਦਿਆਂ ਸੁਨੇਹਾ ਦਿੱਤਾ ਕਿ ਜਗਦੀਸ਼ ਸਿੰਘ ਦੀਸ਼ਾ ਇਕ ਪੁਲੀਸ ਮੁਕਾਬਲੇ ਵਿੱਚ ਮਾਰਿਆ ਗਿਆ ਹੈ।

ਇਸ ਘਟਨਾ ਤੋਂ ਗਿਆਰਾਂ ਸਾਲ ਬਾਅਦ ਜਗਰਾਂਉ ਪੁਲੀਸ ਨੇ 14 ਮਈ 2004 ਨੂੰ ਜਗਦੀਸ਼ ਸਿੰਘ ਦੀਸ਼ਾ ਨੂੰ ਗ੍ਰਿਫਤਾਰ ਕਰ ਲੈਣ ਦਾ ਦਾਅਵਾ ਕੀਤਾ ਦੂਜੇ ਪਾਸੇ ਖ਼ਬਰ ਆਈ ਕਿ ਦੀਸ਼ਾ ਖੁਦ ਹੀ ਪੁਲੀਸ ਸਾਹਮਣੇ ਪੇਸ਼ ਹੋਇਆ ਹੈ। ਇਸੇ ਦੌਰਾਨ ਪੁਲੀਸ ਨੇ ਉਸ ਦੀ ਗ੍ਰਿਫਤਾਰੀ ਦਿਖਾ ਕੇ ਉਸਨੂੰ ਨਾਭਾ ਜੇਲ੍ਹ ਭੇਜ ਦਿੱਤਾ ਹੈ। ਦੀਸ਼ੇ ਦੀ ਮਾਤਾ ਸੁਰਜੀਤ ਕੌਰ ਪਿਤਾ ਬਾਰਾ ਸਿੰਘ ਉਸਦੀ ਪਤਨੀ ਪਰਮਜੀਤ ਕੌਰ ਆਪਣੇ ਪਤੀ ਦੇ ਜਿਉਂਦੇ ਹੋਣ ਦੀ ਖ਼ਬਰ ਸੁਣ ਕੇ ਬਹੁਤ ਖੁਸ਼ ਹੈ।

ਦੀਸ਼ੇ ਦੇ ਪਰਿਵਾਰ ਮੈਬਰਾਂ ਵਿੱਚੋਂ ਕਿਸੇ ਨੇ ਦੱਸਿਆ ਹੈ ਉਸਦੀ ਥਾਂ ਪੁਲੀਸ ਨੇ ਜਿਸ ਵਿਅਕਤੀ ਨੂੰ ਮਾਰਿਆ ਸੀ ਉਹ ਬਾਅਦ ਵਿੱਚ ਪੁਲੀਸ ਦਾ ਹੀ ਹੌਲਦਾਰ ਨਿਕਲਿਆ ਉਸਦੀ ਮੌਤ ਨਾਂ ਦੇ ਭੁਲੇਖੇ ਕਾਰਨ ਹੋਈ ਕਿਉਂਕਿ ਉਸਦਾ ਨਾਂ ਵੀ ਜਗਦੀਸ਼ ਸਿੰਘ ਹੀ ਸੀ। ਉਹਨਾਂ ਅਨੁਸਾਰ ਦੀਸ਼ੇ ਦੇ ਮੁਕਾਬਲੇ ਵਿੱਚ ਮਾਰੇ ਜਾਣ ਦੀ ਖ਼ਬਰ ਮਗਰੋਂ ਜਦੋਂ ਉਹਨਾਂ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਉਣਾ ਚਾਹਿਆ ਤਾਂ ਪੁਲੀਸ ਨੇ ਉਹਨਾਂ ਨੂੰ ਭੋਗ ਪਾਉਣ ਨਹੀਂ ਸੀ ਦਿੱਤਾ। ਮੁਕਾਬਲੇ ਮਗਰੋਂ ਪੁਲੀਸ ਉਹਨਾਂ ਨੂੰ ਲਾਸ਼ ਨਹੀਂ ਸੀ ਦਿੱਤੀ ਤੇ ਨਾ ਹੀ ਉਸ ਲਾਸ਼ ਦੀ ਉਹਨਾਂ ਪਾਸੋਂ ਸ਼ਨਾਖਤ ਕਰਵਾਈ ਸੀ। ਹਜ਼ਾਰਾਂ ਲਾਸ਼ਾਂ ਦੇ ਵਾਂਗ ਪੁਲੀਸ ਨੇ ਉਸ ਲਾਸ਼ ਨੂੰ ਲਵਾਰਿਸ ਕਹਿ ਕੇ ਅਗਨੀ ਭੇਂਟ ਕਰ ਦਿੱਤਾ ਹੋਵੇਗਾ।

**ਪੁਲੀਸ ਨੇ ਬੁਡਾਲਾ ਦੀ ਥਾਂ ਕਿਸ ਨੂੰ ਮਾਰਿਆ**

ਇਕ ਪੁਲੀਸ ਮੁਕਾਬਲੇ ਮਗਰੋਂ ਰੋਪੜ ਦੀ ਪੁਲੀਸ ਨੇ 1994 ਵਿੱਚ ਐਲਾਨ ਕੀਤਾ ਸੀ ਕਿ ਖੂੰਖਾਰ ਅੱਤਵਾਦੀ ਗੁਰਨਾਮ ਸਿੰਘ ਬੁਡਾਲਾ ਇਕ ਪੁਲੀਸ ਮੁਕਾਬਲੇ ਵਿੱਚ ਮਾਰਿਆ ਗਿਆ ਹੈ ਉਹ ਪੁਲੀਸ ਨੂੰ ਬਹੁਤ ਸਾਰੀਆਂ ਵਾਰਦਾਤਾਂ ਵਿੱਚ ਲੋੜੀਂਦਾ ਸੀ ਉਸਦੇ ਸਿਰ 25 ਲੱਖ ਦਾ ਇਨਾਮ ਸੀ। ਚਾਰ ਸਾਲ ਮਗਰੋਂ ਫਿਰੋਜ਼ਪੁਰ ਪੁਲੀਸ ਨੇ ਗੁਰਨਾਮ ਸਿੰਘ ਨੂੰ ਗ੍ਰਿਫਤਾਰ ਕਰਕੇ ਉਸਦੇ ਜਿਉਂਦੇ ਹੋਣ ਦਾ ਖੁਲਾਸਾ ਕਰ ਦਿੱਤਾ। ਪਰ ਉਸ ਥਾਂ ਮਾਰੇ ਗਏ ਸੁਖਪਾਲ ਸਿੰਘ ਕਾਲਾ ਅਫਗਾਨਾਂ ਦਾ ਪਰਿਵਾਰ ਉਸਦੀ ਭਾਲ ਲਈ ਦਰ ਦਰ

ਦੀਆਂ ਠੋਕਰਾ ਖਾ ਰਿਹਾ ਸੀ ਇਹ ਭੇਤ ਖੁੱਲਣ ਮਗਰੋਂ ਪਤਾ ਲੱਗਿਆ ਕਿ ਪੁਲੀਸ ਬੁਡਾਲਾ ਦੀ ਥਾਂ ਕਾਲਾ ਅਫਗਾਨਾਂ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰਿਆ ਸੀ । ਪਰ ਬੁਡਾਲਾ ਸਿਰ ਰੱਖਿਆ ਹੋਇਆ ਇਨਾਮ ਕਿੱਥੇ ਗਿਆ ਹੈ ? ਇਸ ਮਾਮਲੇ ਦੀ ਸਰਕਾਰ ਵੱਲੋਂ ਪੜਤਾਲ ਕਰਵਾਈ ਜਾ ਰਹੀ ਹੈ ।

ਮਜੀਠਾ ਤੋਂ ਫਤਿਹਗੜ੍ਹ ਚੂੜੀਆਂ ਸੜਕ ਉਤੇ ਸਥਿਤ ਪਿੰਡ ਕਾਲਾ ਅਫਗਾਨਾਂ ਤੋਂ ਥੋੜੀ ਦੂਰੀ ਉਤੇ ਜਗੀਰ ਸਿੰਘ ਗਿਆਨੀ ਦਾ ਇਕ ਡੇਰਾ ਹੈ ਜਿਸ ਵਿੱਚ ਬਜ਼ੁਰਗ ਜਗੀਰ ਸਿੰਘ ਉਸ ਦੀ ਵਿਧਵਾ ਨੂੰਹ ਦਲਬੀਰ ਕੌਰ ਪਤਨੀ ਸੁਖਪਾਲ ਸਿੰਘ ਪੋਤਰਾ ਬਲਰਾਜ ਸਿੰਘ ਤੇ ਪੋਤਰੀ ਸੁਖਜੀਵਨ ਕੌਰ ਰਹਿੰਦੇ ਹਨ । ਪੁੱਤਰ ਦੀ ਮੌਤ ਦਾ ਝੰਬਿਆ ਹੋਇਆ ਜਗੀਰ ਸਿੰਘ ਦੱਸਦਾ ਹੈ ਕਿ ਸੁਖਪਾਲ ਸਿੰਘ ਤੇ ਗੁਰਨਾਮ ਸਿੰਘ ਬੁਡਾਲਾ ਦਾ ਚਿਹਰਾ ਮੋਹਰਾ ਵੀ ਕਾਫੀ ਮਿਲਦਾ ਜੁਲਦਾ ਸੀ । ਦੋਵੇ ਹੀ ਟਕਸਾਲ ਦੇ ਸਿੰਘ ਸਨ । ਸੁਖਪਾਲ ਸਿੰਘ ਦਮਦਮੀ ਟਕਸਾਲ ਵਿੱਚ ਗ੍ਰੰਥੀ ਸੀ ਲੁਧਿਆਣਾ ਜੇਲ੍ਹ ਵਿੱਚ ਬੰਦ ਅਵਤਾਰ ਸਿੰਘ ਤਾਰੀ ਤੇ ਬੁਡਾਲਾ ਦਾ ਉਹਨਾਂ ਦੇ ਘਰ ਆਉਣਾ ਜਾਣਾ ਸੀ । ਵਿਸਾਖੀ 1994 ਦੀ ਗੱਲ ਹੈ ਕਿ ਸੁਖਪਾਲ ਸਿੰਘ ਨੇ ਸਰੀਕੇ ਵਿੱਚ ਖੇਮਾਂ ਚੱਕ ਵਿਖੇ ਧਾਰਮਿਕ ਸਮਾਗਮ ਤੇ ਜਾਣਾ ਸੀ ਤਾਂ ਤਾਰੀ ਨੇ ਆ ਕੇ ਕਿਹਾ ਕਿ ਸੁਖਪਾਲ ਸਿੰਘ ਨੂੰ ਐਸ.ਐਸ.ਪੀ. ਮਜੀਠਾ ਕੋਲ ਲਿਜਾਣਾ ਹੈ । ਇਹ ਸੁਣਕੇ ਉਸ ਬਜ਼ੁਰਗ ਦੀਆਂ ਅੱਖਾਂ ਭਰ ਆਈਆਂ । ਜਦੋਂ ਸ਼ਾਮ ਤੱਕ ਸੁਖਪਾਲ ਸਿੰਘ ਵਾਪਸ ਘਰ ਨਾ ਆਇਆ ਤਾਂ ਉਹ ਤੇ ਉਸਦੀ ਪਤਨੀ ਗੁਰਚਰਨ ਕੌਰ ਐਸ.ਐਸ.ਪੀ. ਮਜੀਠਾ ਕੋਲ ਗਏ ਉਥੋਂ ਪਤਾ ਲੱਗਿਆ ਉਹ ਤਾਂ ਇਥੇ ਆਏ ਹੀ ਨਹੀਂ ।

ਫੇਰ ਉਹਨਾਂ ਨੂੰ ਪਤਾ ਲੱਗਿਆ ਕਿ 18 ਅਗਸਤ ਨੂੰ ਗੁਰਨਾਮ ਸਿੰਘ ਬੁਡਾਲਾ ਰੋਪੜ ਪੁਲੀਸ ਨਾਲ ਹੋਏ ਮੁਕਾਬਲੇ ਵਿੱਚ ਮਾਰਿਆ ਗਿਆ ਹੈ । ਪਰਿਵਾਰ ਨੇ ਪੁਲੀਸ ਕੋਲ ਸੁਖਪਾਲ ਸਿੰਘ ਬਾਰੇ ਸ਼ਿਕਾਇਤ ਕੀਤੀ ਪਰ ਪੁਲੀਸ ਨੇ ਉਹਨਾਂ ਦੀ ਸ਼ਿਕਾਇਤ ਵੱਲ ਕੋਈ ਧਿਆਨ ਨਹੀਂ ਦਿੱਤਾ ।

ਇਥੇ ਜਿਕਰਯੋਗ ਹੈ ਕਿ ਜਗੀਰ ਸਿੰਘ ਖੁਦ ਵੀ ਨਜਾਇਜ਼ ਪੁਲੀਸ ਹਿਰਾਸਤ ਰਹਿ ਚੁੱਕਾ ਹੈ ਪੁਲੀਸ ਨੇ ਉਸ ਉਤੇ ਦਿਲ ਕੰਬਾਊ ਕਹਿਰ ਢਾਹਿਆ ਸੀ । ਪੁਲੀਸ ਜਬਰ ਦਾ ਝੰਬਿਆ ਹੋਇਆ ਬਜ਼ੁਰਗ ਪੁੱਤਰ ਨੂੰ ਯਾਦ ਕਰਕੇ ਉਸ ਸਮੇਂ ਹੰਝੂ ਵਹਾਉਂਦਾ ਹੈ ਜਦੋਂ ਉਹ ਸੁਖਪਾਲ ਸਿੰਘ ਦੀ ਵਿਧਵਾ ਦਲਬੀਰ ਕੌਰ ਨੂੰ ਮਿਹਨਤ ਮਜ਼ਦੂਰੀ ਕਰਕੇ ਬੱਚਿਆਂ ਨੂੰ ਪਾਲਦੀ ਦੇਖਦਾ ਹੈ । ਹੁਣ ਤੱਕ ਕੋਈ ਵੀ ਧਾਰਮਿਕ, ਰਾਜਸੀ ਜਾਂ ਸਮਾਜਿਕ ਜਥੇਬੰਦੀ ਉਸ ਪਰਿਵਾਰ ਦੀ ਮਦਦ ਲਈ ਅੱਗੇ ਨਹੀਂ ਆਈ ।

ਗੁਰਨਾਮ ਸਿੰਘ ਬੁਡਾਲਾ ਦਮਦਮੀ ਟਕਸਾਲ ਤੋਂ ਵੱਖ ਹੋਏ ਇਕ ਧੜੇ ਨਾਲ ਸਬੰਧਤ ਹੈ ਤੇ ਅੱਜ-ਕੱਲ ਗੁਰਦਾਸਪੁਰ ਜਿਲ੍ਹੇ ਦੇ ਪਿੰਡ ਮਾਨਖੇੜਾ ਵਿੱਚ ਪਰਿਵਾਰ ਨਾਲ ਜੀਵਨ ਬਸਰ ਕਰ ਰਿਹਾ ਹੈ। ਟਕਸਾਲ ਵਿੱਚ ਪ੍ਰਚਾਰਕ ਵੱਜੋਂ ਵਿਚਰਨ ਵਾਲੇ ਬੁਡਾਲਾ ਦਾ ਕਹਿਣਾ ਹੈ ਕਿ ਉਹ 1984 ਵਿੱਚ ਸਾਕਾ ਨੀਲਾ ਤਾਰਾ ਸਮੇਂ ਰਾਜਸਥਾਨ ਗਿਆ ਹੋਇਆ ਸੀ। ਜਦੋਂ ਉਸਨੂੰ ਪਤਾ ਲੱਗਿਆ ਕਿ ਪੁਲੀਸ ਉਸਨੂੰ ਫੜਦੀ ਫਿਰਦੀ ਹੈ ਤੇ ਉਸ ਦੇ ਸਿਰ 25 ਲੱਖ ਦਾ ਇਨਾਮ ਰੱਖਿਆ ਹੈ ਤਾਂ ਉਹ ਰੂਪੋਸ਼ ਹੋ ਗਿਆ। ਆਪਣਾ ਨਾਂ ਸੁਰਜੀਤ ਸਿੰਘ ਰੱਖ ਲਿਆ ਸੀ। 1998 ਵਿੱਚ ਫਿਰੋਜ਼ਪੁਰ ਪੁਲੀਸ ਨੇ ਉਸ ਨੂੰ ਇਕ ਇਰਾਦਾ ਕਤਲ ਕੇਸ ਵਿੱਚ ਗ੍ਰਿਫਤਾਰ ਕਰ ਲਿਆ ਸੀ ਪਰ ਕਦੇ ਮਾਰੇ ਜਾਣ ਦੀ ਗੱਲ ਨਹੀਂ ਹੋਈ। ਉਹ ਖੁਦ ਕਹਿੰਦਾ ਹੈ ਕਿ ਮੈਂ ਜਿਉਂਦਾ ਹਾਂ। ਪੁਲੀਸ ਨੇ ਮੇਰੀ ਥਾਂ ਨਿਰਦੋਸ਼ ਨੂੰ ਮਾਰਕੇ 25 ਲੱਖ ਹੜੱਪੇ ਹਨ ਇਸ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ।

2 ਫਰਵਰੀ ਨੂੰ ਟਕਸਾਲ ਦੇ ਮੁਖੀ ਬਾਬਾ ਠਾਕਰ ਸਿੰਘ ਦੇ ਅਕਾਲ ਚਲਾਣੇ ਮਗਰੋਂ ਜਦੋਂ ਟਕਸਾਲ ਧੜਿਆਂ ਵਿੱਚ ਵੰਡਿਆ ਗਿਆ ਤਾਂ ਭਾਈ ਗੁਰਨਾਮ ਸਿੰਘ ਬੁਡਾਲਾ ਦਾ ਨਾਂ ਇਕ ਵਾਰੀ ਫੇਰ ਸੁਰਖੀਆਂ ਵਿੱਚ ਆਇਆ। ਉਹ ਗੁਰਦੁਆਰਾ ਸੁਧਾਰ ਲਹਿਰ 2 ਵਿੱਚ ਇਕ ਧਿਰ ਵੱਜੋਂ ਆਏ ਸੀ ਪਰ ਕਿਸੇ ਪੁਲੀਸ ਏਜੰਸੀ ਨੇ ਇਸ ਮਾਮਲੇ ਨੂੰ ਜਾਂਚਣ ਦੀ ਕੋਸ਼ਿਸ਼ ਨਾ ਕੀਤੀ ਕਿ 1994 ਵਿੱਚ ਪੁਲੀਸ ਮੁਕਾਬਲੇ ਵਿੱਚ ਮਾਰਿਆ ਗਿਆ ਗੁਰਨਾਮ ਸਿੰਘ ਬੁਡਾਲਾ ਜਿਉਂਦਾ ਕਿਵੇਂ ਹੈ ?

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਉਸ ਸਮੇਂ ਦੇ ਸੀਨੀਅਰ ਮੀਤ ਪ੍ਰਧਾਨ ਦਲਜੀਤ ਸਿੰਘ ਬਿੱਟੂ ਨੇ ਇਸ ਸਮੁੱਚੇ ਕਾਂਡ ਨੂੰ ਲੈ ਕੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਪੰਜਾਬ ਵਿੱਚਲੇ ਕਾਲੇ ਦਿਨਾਂ ਦੌਰਾਨ ਹੋਏ ਪੁਲੀਸ ਮੁਕਾਬਲਿਆਂ ਦੀ ਜਾਂਚ ਲਈ ਪਬਲਿਕ ਕਮਿਸ਼ਨ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ ਤਾਂ ਉਹਨਾਂ ਝੂਠੇ ਪੁਲੀਸ ਮੁਕਾਬਲਿਆਂ ਦੀ ਸੱਚਾਈ ਦੁਨੀਆ ਭਰ ਦੇ ਮੁਲਕਾਂ ਸਾਹਮਣੇ ਆਵੇ ਕਿ ਭਾਰਤ ਵਿੱਚ ਸਿੱਖਾਂ ਨੂੰ ਦੁਨੀਆ ਭਰ ਵਿੱਚ ਬਦਨਾਮ ਕਰਨ ਲਈ ਕਿਵੇਂ ਸ਼ਿਕਾਰ ਬਣਾਇਆ ਗਿਆ ਹੈ।

# ਪੁਲੀਸ ਨੂੰ ਲੋੜੀਂਦੇ ਨੌਜਵਾਨ

ਪੰਜਾਬ ਜਦੋਂ ਅੱਗ ਦੀਆ ਲਾਟਾਂ ਵਿੱਚ ਸੜ ਰਿਹਾ ਸੀ । ਪੁਲੀਸ ਨੇ ਉਸ ਮੌਕੇ ਵੱਧ ਅਧਿਕਾਰਾਂ ਦਾ ਜਾਇਜ਼-ਨਜਾਇਜ਼ ਫਾਇਦਾ ਉਠਾਇਆ । ਲੋਕਾਂ ਉਤੇ ਤਸ਼ੱਦਦ ਕੀਤਾ ਤੇ ਝੂਠੇ ਕੇਸ ਪਾ ਕੇ ਉਹਨਾਂ ਤੋਂ ਮੋਟੀਆਂ ਰਕਮਾਂ ਬਟੋਰੀਆਂ । ਉਸ ਸਮੇਂ ਦਰਜ ਕੀਤੇ ਕੇਸਾਂ ਦੀ ਪੁਲੀਸ ਨੇ ਹੁਣ ਤੱਕ ਸਾਰ ਨਹੀਂ ਲਈ ਇਹ ਗੱਲ ਉਸ ਸਮੇਂ ਚਰਚਾ ਦਾ ਵਿਸ਼ਾ ਬਣੀ ਜਦੋਂ ਰੋਪੜ ਪੁਲੀਸ ਨੇ ਕਾਲੇ ਦਿਨਾਂ ਦੌਰਾਨ ਵੱਖ-ਵੱਖ ਕੇਸਾਂ ਵਿੱਚ ਲੋੜੀਦੇ 199 ਵਿਅਕਤੀਆਂ ਦੀ ਲਿਸਟ ਜਾਰੀ ਕੀਤੀ ਸੀ । ਇਹਨਾਂ ਵਿੱਚ ਕੁਝ ਉਹ ਵਿਅਕਤੀ ਹਨ ਜਿਹੜੇ ਲੰਮੇਂ ਸਮੇ ਤੋਂ ਜੇਲ੍ਹਾਂ ਅੰਦਰ ਬੰਦ ਹਨ ਜਾਂ ਉਹਨਾਂ ਨੂੰ ਪੁਲੀਸ ਨੇ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰ ਮੁਕਾਇਆ ਹੈ ਕੁੱਝ ਉਹ ਹਨ ਜਿਹੜੇ ਕੁੱਝ ਕਾਰਨਾਂ ਕਰਕੇ ਮਰ ਗਏ ਹਨ ਜਾਂ ਮਾਰੇ ਗਏ ਹਨ । ਪੁਲੀਸ ਨੇ ਇਹਨਾਂ ਲਿਸਟਾਂ ਦੀ ਕਦੇ ਨਜ਼ਰਸਾਨੀ ਕਰਨੀ ਮੁਨਾਸਫ ਨਹੀਂ ਸਮਝੀ । ਕਿਉਂਕਿ ਇਹ ਸਭ ਕੁੱਝ ਸਿੱਖ ਵਿਰੋਧੀ ਨੀਤੀ ਤਹਿਤ ਹੋ ਰਿਹਾ ਸੀ । ਸਿੱਖਾਂ ਦੀਆਂ ਦੁਸ਼ਮਣ ਜਮਾਤਾਂ ਪੁਲੀਸ ਦੇ ਜਰੀਏ ਸਿੱਖ ਨਜਵਾਨਾਂ ਨੂੰ ਬਾਹਰ ਨਹੀਂ ਆਉਣ ਦੇਣਾ ਚਾਹੁੰਦੀਆਂ ਉਹਨਾਂ ਦੀ ਸਦਾ ਹੀ ਇਹ ਸੋਚ ਰਹੀ ਹੈ ਜੇਕਰ ਖਾੜਕੂ ਇਕ ਕੇਸ ਵਿੱਚੋਂ ਬਾਰੀ ਹੋ ਗਿਆ ਉਸ ਦੇ ਵਿਰੁੱਧ ਦੂਸਰੇ ਕੇਸ ਦਾ ਰਿਮਾਂਡ ਲੈ ਕੇ ਉਸਨੂੰ ਰਿਹਾ ਕਰਨ ਦੀ ਥਾਂ ਫੇਰ ਜੇਲ੍ਹ ਭੇਜਿਆ ਜਾਵੇ । ਅਜਿਹਾ ਹੀ ਹੋ ਰਿਹਾ ਹੈ ।

ਗੱਲ ਉਸ ਸਮੇਂ ਲੋਕਾਂ ਦੇ ਸਾਹਮਣੇ ਸਪਸ਼ਟ ਰੂਪ ਵਿੱਚ ਆਈ ਜਦੋਂ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਮਰਹਮਰ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕਾਂਡ ਵਿੱਚ ਬੰਦ

ਨੌਜਵਾਨ ਨਵਜੋਤ ਸਿੰਘ ਨੂੰ ਕਤਲ ਕੇਸ ਵਿੱਚ ਬਰੀ ਕਰ ਦਿੱਤਾ । ਇਸ ਫੈਸਲੇ ਮਗਰੋਂ ਉਸਦੇ ਪਰਿਵਾਰ ਦਾ ਖੁਸ਼ ਹੋਣਾ ਵੀ ਸਭਾਵਕ ਸੀ । ਪਰ ਉਹਨਾਂ ਦੀਆਂ ਖੁਸ਼ੀਆਂ ਦਾ ਮਹੱਲ ਉਸ ਸਮੇਂ ਢਹਿ ਢੇਰੀ ਹੋ ਗਿਆ ਜਦੋਂ ਨਵਜੋਤ ਸਿੰਘ ਨੂੰ ਜੇਲ੍ਹ ਵਿੱਚੋਂ ਰਿਹਾ ਕਰਨ ਤੋਂ ਪਹਿਲਾਂ ਦਿੱਲੀ ਦੀ ਪੁਲੀਸ ਉਸਦੀ ਗ੍ਰਿਫਤਾਰੀ ਦੇ ਵਰੰਟ ਲੈ ਕੇ ਗ੍ਰਿਫਤਾਰ ਕਰਨ ਲਈ ਆ ਗਈ । ਪਤਾ ਲੱਗਿਆ ਹੈ ਕਿ ਦਿੱਲੀ ਪੁਲੀਸ ਨੇ ਨਵਜੋਤ ਸਿੰਘ ਦੇ ਖਿਲਾਫ 1995 ਵਿੱਚ ਅਸਲਾ ਐਕਟ ਤੇ ਸਾਜ਼ਿਸ਼ ਤਹਿਤ ਧਾਰਾ 120 ਵੀ 121, 124ਏ, ਆਈ. ਪੀ.ਸੀ. ਅਤੇ ਅਸਲਾ ਐਕਟ ਲਾ ਕੇ ਕੇਸ ਦਰਜ ਕੀਤਾ ਸੀ । ਜਿਸ ਵਿੱਚ ਉਹ ਪੁਲੀਸ ਨੂੰ ਲੋੜੀਂਦਾ ਸੀ । ਹੁਣ ਜੇਲ੍ਹ ਪ੍ਰਸ਼ਾਸ਼ਨ ਨੇ 1995 ਵਿਆਂ ਵਾਲੇ ਪ੍ਰੋਡਕਸ਼ਨ ਵਰੰਟ ਦੁਬਾਰਾ ਕੱਢਕੇ ਨਵਜੋਤ ਸਿੰਘ ਨੂੰ ਰਿਹਾਅ ਕਰਨ ਦੀ ਥਾਂ ਦਿੱਲੀ ਦੀ ਪੁਲੀਸ ਹਵਾਲੇ ਕਰ ਦਿੱਤਾ ਹੈ ।

ਪੁਲੀਸ ਵੱਲੋਂ ਜਾਰੀ ਕੀਤੀ ਗਈ ਲਿਸਟ ਤਹਿਤ ਪ੍ਰਮਜੀਤ ਸਿੰਘ ਭਉਰਾ ਵੀ ਪੁਲੀਸ ਨੂੰ ਲੋੜੀਂਦਾ ਹੈ ਜਦੋਂ ਕਿ ਉਹ ਬੇਅੰਤ ਸਿੰਘ ਕਾਂਡ 'ਚ ਜੇਲ੍ਹ ਵਿੱਚ ਬੰਦ ਹੈ । ਉਸਦੇ ਖਿਲਾਫ ਥਾਣਾ ਸਦਰ ਰੂਪ ਨਗਰ ਵਿੱਚ ਐਫ.ਆਈ.ਆਰ. ਨੰ: 12 ਮਿਤੀ 2-2-91 ਨੂੰ ਸ਼ੈਕਸ਼ਨ 379 ਤਹਿਤ ਮੁਕੱਦਮਾ ਦਰਜ ਹੈ ।

ਜਗਤਾਰ ਸਿੰਘ ਹਵਾਰਾ ਨੂੰ ਸੀ.ਬੀ.ਆਈ ਦੀ ਵਿਸ਼ੇਸ਼ ਅਦਾਲਤ ਨੇ ਬੇਅੰਤ ਸਿੰਘ ਹੱਤਿਆ ਕਾਂਡ ਵਿੱਚ ਮੌਤ ਦੀ ਸਜ਼ਾ ਸੁਣਾ ਦਿੱਤੀ ਹੈ ਫਤਿਹਗੜ੍ਹ ਸਾਹਿਬ ਵਾਲੀ ਪੁਲੀਸ ਨੂੰ ਅਜੇ ਵੀ ਲੋੜੀਂਦਾ ਹੈ । ਉਸਦੇ ਖਿਲਾਫ ਐਫ.ਆਈ.ਆਰ. 551 ਮਿਤੀ 21/12/92 ਨੂੰ ਧਾਰਾ 302, 307, 341 ਆਈ.ਪੀ.ਸੀ. 25, 54, 59 ਐਕਟ ਤਹਿਤ ਅਤੇ ਐਫ.ਆਈ. ਆਰ. 41 ਮਿਤੀ 17/8/88 ਧਾਰਾ 303 , 34 ਟਾਡਾ ਐਕਟ ਤਹਿਤ ਉਹ ਚਮਕੌਰ ਸਾਹਿਬ ਪੁਲੀਸ ਨੂੰ ਵੀ ਲੋੜੀਂਦਾ ਹੈ ।

ਹੈਰਾਨੀ ਦੀ ਗੱਲ ਹੈ ਕਿ ਉਕਤ ਤਿੰਨੇ ਵਿਅਕਤੀ ਲੰਮੇ ਸਮੇਂ ਤੋਂ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਅੰਦਰ ਬੰਦ ਹਨ । ਪੁਲੀਸ ਨੇ ਇਹਨਾਂ ਦੇ ਖਿਲਾਫ ਦਰਜ ਕੀਤੇ ਕੇਸਾਂ ਨੂੰ ਉਕਤ ਕੇਸ ਦੀ ਸੁਣਵਾਈ ਨਾਲ ਕਿਉਂ ਨਹੀ ਲਾਇਆ ? ਕੀ ਇਸ ਪਿੱਛੇ ਸਿੱਖ ਨੌਜਵਾਨਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਕੇ ਰੱਖਣ ਦੀ ਸਰਕਾਰ ਦੀ ਮਨਸ਼ਾ ਤਾਂ ਨਹੀਂ ਛੁਪੀ ਹੋਈ ? ਕੀ ਪੁਲੀਸ ਨੇ ਸਿੱਖਾਂ ਨਾਲ ਬੇ-ਇਨਸਾਫੀ ਕਰਨ ਵਾਲੀ ਸਰਕਾਰ ਦੇ ਇਸ਼ਾਰਿਆਂ ਉਤੇ ਪਹਿਰਾ ਦਿੰਦਿਆਂ ਹੋਇਆਂ ਇਹ ਕੇਸ ਇਸ ਕਰਕੇ ਉਸ ਕੇਸ ਨਾਲ ਨਹੀਂ ਲਾਏ ? ਜੇਕਰ ਇਹ ਵਿਅਕਤੀ ਉਕਤ ਕੇਸ ਵਿੱਚੋਂ ਬਰੀ ਹੋਏ ਤਾਂ ਇਹਨਾਂ ਨੂੰ ਬਾਹਰ ਕੱਢਣ ਦੀ ਥਾਂ ਫੇਰ ਹੋਰ ਕੇਸਾਂ ਵਿੱਚ ਇਸ ਮਨਸ਼ਾ ਨਾਲ ਉਲਝਾਇਆ ਜਾਂਦਾ ਹੈ ਕਿ ਉਹਨਾਂ ਨੂੰ ਸਾਰੀ ਜ਼ਿੰਦਗੀ

ਜੇਲ੍ਹਾਂ ਵਿੱਚ ਹੀ ਰੱਖਿਆ ਜਾਵੇ ।

ਇਸ ਸਬੰਧੀ ਹਾਈ ਕੋਰਟ ਦੇ ਸੀਨੀਅਰ ਵਕੀਲ ਸ੍ਰੀ ਰੰਜਨ ਲੱਖਨਪਾਲ ਨਾਲ ਗੱਲ ਹੋਈ ਉਹਨਾਂ ਸਰਕਾਰ ਦੇ ਇਸ਼ਾਰਿਆਂ ਉਤੇ ਸਿੱਖਾਂ ਨਾਲ ਹੋ ਰਹੇ ਵਿਤਕਰਿਆਂ ਦਾ ਜਿਕਰ ਕਰਦਿਆਂ ਕਿਹਾ ਹੈ ਕਿ ਭਾਰਤ ਵਿੱਚ ਰਹਿੰਦੇ ਹਰ ਸਿੱਖ ਤੇ ਮੁਸਲਮਾਨ ਉਤੇ ਭਾਰਤ ਦਾ ਕ਼ਾਨੂੰਨ ਲਾਗੂ ਹੁੰਦਾ ਹੈ ਪਰ ਹਿੰਦੂਆਂ ਉਤੇ ਨਹੀਂ । ਇਹ ਭਾਰਤ ਦੇ ਸੰਵਿਧਾਨ ਦੇ ਦੁਹਰੇ ਮਾਪ-ਦੰਡ ਹੋਣ ਕਰਕੇ ਇਹ ਸਭ ਕੁੱਝ ਸਿੱਖਾਂ ਨਾਲ ਹੀ ਵਾਪਰ ਰਿਹਾ ਹੈ । ਕਿੰਨੀ ਸ਼ਰਮ ਦੀ ਗੱਲ ਹੈ ਕਿ ਨਿਰਦੋਸ਼ ਸਿੱਖ ਨੌਜਵਾਨਾਂ ਦੀ ਜੇਲ੍ਹਾਂ ਚ ਜਵਾਨੀ ਬਰਬਾਦ ਹੋ ਗਈ ਹੈ । ਬਿਨਾ ਵਜ੍ਹਾ ਨਵਜੋਤ ਸਿੰਘ ਨੂੰ 12 ਸਾਲ ਜੇਲ੍ਹ ਅੰਦਰ ਬੰਦ ਰੱਖਿਆ ਹੈ । ਹੁਣ ਉਸਦੀ ਬਚੀ ਕੁਚੀ ਜਵਾਨੀ ਵੀ ਜੇਲ੍ਹ ਦੇ ਲੇਖੇ ਲਾਉਣ ਲਈ ਪਹਿਲਾਂ ਹੀ ਪੁਲੀਸ ਨੇ ਯੋਜਨਾ ਬਣਾਈ ਹੋਈ ਸੀ । ਪੰਜਾਬ ਵਿੱਚ ਸਿੱਖਾਂ ਲਈ ਕੋਈ ਕਾਨੂੰਨ ਨਹੀਂ । ਹਿੰਦੂਆਂ ਦੇ ਖਿਲਾਫ ਕਾਨੂੰਨ ਦੇ ਦਾਇਰੇ ਅੰਦਰ ਰਹਿਕੇ ਕਾਰਵਾਈ ਕੀਤੀ ਜਾਂਦੀ ਹੈ ਕਿਉਂਕਿ ਉਹ ਇਕ ਨੰਬਰ ਦੇ ਸ਼ਹਿਰੀ ਹਨ ਜਿਹੜੇ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਇੰਨੀ ਵੱਡੀ ਪੱਧਰ ਉਤੇ ਕੁਰਬਾਨੀਆਂ ਦਿੱਤੀਆਂ ਹਨ ਉਹਨਾਂ ਨਾਲ ਭਾਰਤ ਸਰਕਾਰ ਵੱਲੋਂ 2 ਨੰਬਰ ਦੇ ਸ਼ਹਿਰੀਆਂ ਵਾਲਾ ਜਿੱਥੇ ਸਲੂਕ ਕੀਤਾ ਜਾ ਰਿਹਾ ਹੈ ਉਥੇ ਉਹਨਾਂ ਨੂੰ ਅਦਾਲਤਾਂ ਵੱਲੋਂ ਹਰ ਜ਼ੁਰਮ ਦੀ ਸਜ਼ਾ ਦਿੱਤੀ ਜਾ ਰਹੀ ਹੈ । ਕਿ ਜੇਕਰ ਕੋਈ ਬਹੁਗਿਣਤੀ ਨਾਲ ਸਬੰਧਤ ਹਿੰਦੂ-ਸਿੱਖਾਂ ਉਤੇ ਜਬਰ ਜ਼ੁਲਮ ਤੇ ਅੱਤਿਆਚਾਰ ਕਰਦਾ ਹੈ ਉਸਨੂੰ ਸਜ਼ਾ ਦੇਣ ਦੀ ਥਾਂ ਇਨਾਮ ਤਰੱਕੀਆਂ ਤੇ ਵਜ਼ੀਰੀਆਂ ਦਿੱਤੀਆਂ ਜਾਂਦੀਆਂ ਹਨ । ਸਿੱਖਾਂ ਨੂੰ ਦੇਸ਼ ਦੀ ਨਿਆਂ ਪਾਲਿਕਾ ਉਤੇ ਬਹੁਤ ਭਰੋਸਾ ਸੀ ਪਰ ਨਿਆਂ ਪਾਲਿਕਾ ਵੱਲੋਂ ਵੀ ਸਿੱਖਾਂ ਦੇ ਖਿਲਾਫ ਲਏ ਜਾਂਦੇ ਫੈਸਲਿਆਂ ਕਰਕੇ ਉਹਨਾਂ ਦਾ ਦੇਸ਼ ਦੀ ਸਰਕਾਰ ਵਾਂਗ ਨਿਆਂ ਪਾਲਿਕਾ ਤੋਂ ਵੀ ਭਰੋਸਾ ਉਠ ਜਾਣਾ ਸੁਭਾਵਕ ਹੈ । ਇਸ ਲਈ ਨਿਆਂ ਪਾਲਿਕਾ ਨੂੰ ਇਹ ਉਪਰਾਲਾ ਕਰਨਾ ਚਾਹੀਦਾ ਹੈ ਕਿ ਦੇਸ਼ ਦੇ ਨਾਗਰਿਕਾਂ ਦਾ ਉਸ ਤੋਂ ਵਿਸਵਾਸ਼ ਨਾ ਉਠੇ ।

ਇਹਨਾਂ ਤੋਂ ਇਲਾਵਾ ਜਿਹੜੇ ਨੌਜਵਾਨ ਪੁਲੀਸ ਨੂੰ ਹੋਰ ਲੋੜੀਂਦੇ ਹਨ ਉਹਨਾਂ ਵਿੱਚ ਰੋਪੜ ਜਿਲ੍ਹੇ ਦੀ ਪੁਲੀਸ ਨੂੰ ਬਹੁ ਚਰਚਿਤ ਖਾੜਕੂ ਦਲਜੀਤ ਸਿੰਘ ਦੱਲੀ ਪੁੱਤਰ ਬਖਤੌਰ ਸਿੰਘ ਵਾਸੀ ਪਥਰੇੜੀ ਜੱਟਾਂ ਦੀ ਭਾਲ ਹੈ । ਪੁਲੀਸ ਰਿਕਾਰਡ ਮੁਤਾਬਿਕ ਉਸਦੇ ਖਿਲਾਫ ਐਫ.ਆਈ.ਆਰ 9, 1 ਅਕਤੂਬਰ 1991 ਨੂੰ ਧਾਰਾ 397, 427 ਆਈ. ਪੀ.ਸੀ. 25 ਏ ਐਕਟ 3,4,5, ਟਾਡਾ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਸੀ । ਉਹ ਬੱਬਰ ਖਾਲਸਾ ਦੇ ਏਰੀਆ ਕਮਾਂਡਰ ਵੱਜੋਂ ਜਾਣਿਆ ਜਾਂਦਾ ਸੀ । ਉਸਦੇ ਭਰਾ ਸ਼ਮਸ਼ੇਰ ਸਿੰਘ ਮੋਹਾਲੀ ਨੇ ਜਾਣਕਾਰੀ ਦਿੱਤੀ ਹੈ ਕਿ ਉਸਦੇ ਭਰਾ ਦਲਜੀਤ ਸਿੰਘ ਦੱਲੀ ਦੀ ਮੌਤ

ਆਪਸੀ ਗਰੁੱਪਾਂ ਦੀ ਖਹਿਬਾਜ਼ੀ ਕਾਰਨ ਹੋਈ ਸੀ । ਉਸਦਾ ਇਕ ਹੋਰ ਭਰਾ ਨਿਰਮਲ ਸਿੰਘ ਨੂੰ ਪੁਲੀਸ ਕੈਂਟਾਂ ਨੇ ਮਾਰ ਮੁਕਾਇਆ ਸੀ । ਦੱਲੀ ਦੀ ਮੌਤ ਸਬੰਧੀ 1991 ਵਿੱਚ ਅਖ਼ਬਾਰਾਂ ਵਿੱਚ ਬਿਆਨ ਲੱਗੇ ਸਨ ਜਿਹਨਾਂ ਉਪਰੰਤ ਉਸਦੇ ਦੋਵੇਂ ਭਰਾਵਾਂ ਨਿਰਮਲ ਸਿੰਘ ਤੇ ਦਲਜੀਤ ਸਿੰਘ ਦੱਲੀ ਦੀਆਂ ਅੰਤਿਮ ਰਸਮਾਂ ਪੂਰੀਆਂ ਕੀਤੀਆ ਗਈਆਂ ਸੀ । ਇਸ ਬਾਰੇ ਪੁਲੀਸ ਨੂੰ ਜਾਣਕਾਰੀ ਹੋਣ ਦੇ ਬਾਵਜੂਦ ਵੀ ਦੱਲੀ ਪੁਲੀਸ ਨੂੰ ਉਕਤ ਕੇਸਾਂ ਵਿੱਚ ਲੋੜੀਂਦਾ ਹੈ ।

ਇਸੇ ਤਰ੍ਹਾਂ ਹੀ ਥਾਣਾ ਚਮਕੌਰ ਸਾਹਿਬ ਅਧੀਨ ਆਉਂਦੇ ਪਿੰਡ ਝਾਉਵਾਲਾ ਦਾ ਚਰਚਿੱਤ ਬੱਬਰ ਖਾਲਸਾ ਦਾ ਖਾੜਕੂ ਨਿਰਵੈਰ ਸਿੰਘ ਨਿੰਦੀ ਦੇ ਖਿਲਾਫ਼ ਐਫ.ਆਈ.ਆਰ 63 ਮਿਤੀ 7/7/1990 ਨੂੰ ਟਾਡਾ ਐਕਟ ਅਧੀਨ ਵੱਖ-ਵੱਖ ਧਰਾਵਾਂ ਤਹਿਤ ਥਾਣਾ ਅੰਨਦਪੁਰ ਸਾਹਿਬ ਵਿੱਚ ਮੁਕਦਮਾ ਦਰਜ ਹੈ । ਉਸਦੇ ਪਿਤਾ ਜਗੀਰ ਸਿੰਘ ਦਾ ਕਹਿਣਾ ਹੈ ਕਿ 1993 ਵਿੱਚ ਉਸਨੂੰ ਪਾਣੀਪਤ ਪੁਲੀਸ ਨੇ ਪਾਣੀਪਤ ਤੋਂ ਗ੍ਰਿਫਤਾਰ ਕਰ ਲਿਆ ਸੀ । ਕੁਝ ਦਿਨ ਉਸਨੂੰ ਪੁਲੀਸ ਨੇ ਜੇਲ੍ਹ ਰੱਖਿਆ ਫੇਰ ਰੋਪੜ ਪੁਲੀਸ ਉਸਨੂੰ ਉਥੋਂ ਲੈ ਆਈ ਸੀ । ਇਸ ਉਪਰੰਤ ਜਦੋਂ ਉਹਨਾਂ ਪੁਲੀਸ ਤੋਂ ਉਸ ਬਾਰੇ ਪੁੱਛਿਆ ਤਾਂ ਪੁਲੀਸ ਨੇ ਦੱਸਿਆ ਉਹ ਰਸਤੇ ਵਿੱਚ ਗੱਡੀ ਰੁਕਣ ਕਰਕੇ ਉਹਨਾਂ ਕੋਲੋ ਭੱਜਣ ਵਿੱਚ ਸਫਲ ਹੋ ਗਿਆ ਸੀ । ਇਸ ਘਟਨਾ ਤੋਂ ਕੁਝ ਦਿਨਾਂ ਮਗਰੋਂ ਚਰਚਾ ਛਿੜੀ ਸੀ ਕਿ ਉਸ ਨੂੰ ਪੁਲੀਸ ਦੇ ਝੂਠੇ ਮੁਕਾਬਲੇ ਵਿੱਚ ਮਾਰ ਦਿੱਤਾ ਹੈ । ਇਸ ਬਾਰੇ ਪੁਲੀਸ ਨੇ ਉਹਨਾਂ ਨੂੰ ਹੁਣ ਤੱਕ ਕੁੱਝ ਨਹੀਂ ਦੱਸਿਆ ਉਸਦੀ ਅੱਜ ਤੱਕ ਉਹਨਾਂ ਨੂੰ ਲਾਸ਼ ਤਾਂ ਨਹੀਂ ਮਿਲੀ ਪਰ ਪੁਲੀਸ ਅਜੇ ਵੀ ਉਸਦੀ ਤਫਤੀਸ਼ ਵੱਜੋਂ ਉਹਨਾਂ ਨੂੰ ਪੁੱਛਣ ਲਈ ਘਰ ਆਉਂਦੀ ਹੈ ਕਿਉਂਕਿ ਉਹ ਉਹਨਾਂ ਨੂੰ ਉਕਤ ਕੇਸ ਵਿੱਚ ਲੋੜੀਂਦਾ ਹੈ ।



ਸ. ਸਿਮਰਨਜੀਤ ਸਿੰਘ ਮਾਨ ਤੇ ਉਨ੍ਹਾਂ ਦੇ ਸਾਥੀ ਬੇਅੰਤ ਸਿੰਘ ਦੇ ਬੁੱਤ ਤੇ ਸ਼ਹੀਦ ਦਿਲਾਵਰ ਸਿੰਘ ਦੀ ਫੋਟੋ ਪਾਉਂਦੇ ਹੋਏ ।




ਪੁਲੀਸ ਸ. ਮਾਨ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਲੈ ਜਾਦੀ ਹੋਈ

# ਸਿਆਸੀ ਕਿੜ

ਭਾਰਤ ਦੀ ਸੁਪਰੀਮ ਕੋਰਟ ਨੇ ਦੋ ਵੱਖ-ਵੱਖ ਦੇਸ਼ ਧ੍ਰੋਹੀ ਕੇਸਾਂ ਦਾ ਸਾਹਮਣਾ ਕਰ ਰਹੇ ਵਿਅਕਤੀਆਂ ਨੂੰ ਇਹ ਕਹਿੰਦਿਆਂ ਸਾਫ ਬਰੀ ਕੀਤਾ ਸੀ ਕਿ ਖਾਲਿਸਤਾਨ ਦੇ ਨਾਅਰੇ ਮਾਰਨ, ਪੋਸਟਰ ਰੱਖਣ ਅਤੇ ਸਾਂਤਮਈ ਢੰਗ ਨਾਲ ਪ੍ਰਚਾਰ ਕਰਨ ਵਾਲੇ ਦੇਸ਼ ਧਰੋਹੀ ਨਹੀਂ। ਸੁਪਰੀਮ ਕੋਰਟ ਦੇ ਜੱਜ ਨੇ 1995 'ਚ ਫੈਸਲਾ ਸੁਣਾਦਿਆਂ ਸਪਸ਼ਟ ਕੀਤਾ ਸੀ ਕਿ ਵਿਧਾਨ ਦੀ ਧਾਰਾ 19 ਤਹਿਤ ਦੇਸ਼ ਦੇ ਨਾਗਰਿਕ ਨੂੰ ਆਪਣੇ ਵਿਚਾਰ ਪੇਸ਼ ਕਰਨ ਦੀ ਆਜ਼ਾਦੀ ਹੈ। ਇਹਨਾਂ ਫੈਸਲਿਆਂ ਨੂੰ ਨਜ਼ਰ ਅੰਦਾਜ਼ ਕਰਕੇ ਪੰਜਾਬ ਪੁਲੀਸ ਸਿੱਖ ਆਗੂਆਂ ਤੇ ਆਮ ਵਰਕਰਾਂ ਵਿਰੁੱਧ ਝੂਠੇ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਕਰਕੇ ਸ਼ਰੇਆਮ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ੍ਰ. ਸਿਮਰਨਜੀਤ ਸਿੰਘ ਮਾਨ ਵੱਸਣ ਸਿੰਘ ਜੱਫਰਵਾਲ, ਗੁਰਜਿੰਦਰ ਪਾਲ ਸਿੰਘ ਭਿੰਖੀ ਵਿੰਡ, ਜਗੀਰ ਸਿੰਘ ਵੱਡਾਲਾ, ਰਜਿੰਦਰ ਸਿੰਘ ਫੌਜੀ, ਸਤਨਾਮ ਸਿੰਘ ਸੰਧੂ, ਹਜ਼ੂਰਾ ਸਿੰਘ ਪੈਲੀ, ਸੁਖਜਿੰਦਰ ਸਿੰਘ ਕਾਜ਼ਮਪੁਰ, ਸਰਮਜੀਤ ਸਿੰਘ, ਬੂਟਾ ਸਿੰਘ ਖੁਸ਼ਰੋਪੁਰ, ਬਲਵੰਤ ਸਿੰਘ ਗੋਪਲਾ, ਹਰਬੰਸ ਸਿੰਘ, ਸੁਰਜੀਤ ਸਿੰਘ, ਸ਼ਿਹਾਰਾ ਸਿੰਘ, ਬਲਵੀਰ ਸਿੰਘ, ਜੋਗਿੰਦਰ ਸਿੰਘ, ਕਸ਼ਮੀਰ ਸਿੰਘ, ਮੇਜਰ ਸਿੰਘ, ਬਲਵਿੰਦਰ ਸਿੰਘ, ਬਲਵੀਰ ਸਿੰਘ, ਜੋਗਿੰਦਰ ਸਿੰਘ, ਕਸ਼ਮੀਰ ਸਿੰਘ ਮੇਜਰ ਸਿੰਘ, ਬਲਵਿੰਦਰ ਸਿੰਘ, ਬਲਵੀਰ ਸਿੰਘ ਅਤੇ ਬੀਬੀ ਗੁਰਦੀਪ ਕੌਰ ਚੱਠਾ ਨੂੰ 14 ਮਈ 2007 ਨੂੰ ਧਾਰਾ 107/151 ਦੇ ਤਹਿਤ ਜਲੰਧਰ ਪੁਲੀਸ ਨੇ ਉਸ ਸਮੇਂ ਗ੍ਰਿਫਤਾਰ ਕਰ ਲਿਆ ਸੀ, ਜਦੋਂ ਇਹਨਾਂ ਸਿਮਰਨਜੀਤ ਸਿੰਘ 'ਮਾਨ' ਦੀ ਅਗਵਾਈ ਵਿੱਚ ਸਿੱਖਾਂ ਦੇ ਕਤਲ ਬੇਅੰਤ ਸਿੰਘ ਦੇ ਬੁੱਤ ਉਤੇ ਉਸਨੂੰ ਮਾਰਨ ਵਾਲੇ ਭਾਈ ਦਿਲਾਵਰ ਸਿੰਘ ਦੀ ਫੋਟੋ 'ਤੇ

ਨਾਅਰਿਆਂ ਵਾਲੀਆਂ ਤਖ਼ਤੀਆਂ ਪਾਈਆਂ ਸਨ, 18 ਮਈ ਨੂੰ ਜਦੋਂ ਮਾਨਯੋਗ ਜੱਜ ਸ੍ਰ. ਮਾਨ ਤੇ ਉਹਨਾਂ ਦੇ ਸਾਥੀਆਂ ਨੂੰ ਉਕਤ ਕੇਸ ਵਿੱਚੋਂ ਜਮਾਨਤ ਤੇ ਰਿਹਾਅ ਕਰ ਰਿਹਾ ਸੀ, ਉਸ ਸਮੇਂ ਪੁਲੀਸ ਨੇ ਬਿੱਟਾ, ਭੱਠਲ, ਦੁੱਲੋਂ ਅਤੇ ਸਰਕਾਰ ਦੇ ਇਸ਼ਾਰਿਆਂ ਉਤੇ ਸ੍ਰ. ਮਾਨ ਤੇ ਉਸਦੇ ਸਾਥੀਆਂ ਦੇ ਖਿਲਾਫ ਧਾਰਾ 153ਏ ਦੇ ਤਹਿਤ ਮੁਕੱਦਮਾ ਦਰਜ ਕਰਕੇ ਮੁੜ ਜੇਲ੍ਹ ਭੇਜ ਦਿੱਤਾ । ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਉਕਤ ਵਿਅਕਤੀਆਂ ਨੇ ਜੇਲ੍ਹ ਅੰਦਰ ਬੰਦ ਹੁੰਦਿਆਂ ਹੋਇਆਂ ਅਜਿਹਾ ਕਿਹੜਾ ਜ਼ੁਰਮ ਕੀਤਾ ਜਿਸ ਬਦਲੇ ਉਹਨਾਂ ਉਤੇ ਦੇਸ਼ ਧ੍ਰੋਹ ਦਾ ਮੁਕੱਦਮਾਂ ਦਰਜ ਕੀਤਾ ਗਿਆ । ਕੀ ਇਹ ਸਿੱਖਾਂ ਨਾਲ ਨਾ-ਇਨਸਾਫੀ ਨਹੀਂ ?

ਸ੍ਰ. ਮਾਨ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਸ ਸਮੇਂ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਦਲਜੀਤ ਸਿੰਘ ਬਿੱਟੂ ਵੱਲੋਂ ਡੇਰਾ ਸਿਰਸਾ ਵਾਦ ਵਿਵਾਦ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਸੀ । ਲੋਕਾਂ ਦੇ ਰੋਹ ਨੂੰ ਦੇਖਦਿਆਂ ਹੋਇਆਂ ਉਹਨਾਂ ਵੱਲੋਂ ਨਿੱਤ ਨਵੇਂ ਪ੍ਰੋਗਰਾਮ ਉਲੀਕੇ ਜਾ ਰਹੇ ਸੀ । ਅਕਾਲੀ-ਭਾਜਪਾ ਸਰਕਾਰ ਨੂੰ ਇਹ ਗੱਲ ਹਜ਼ਮ ਨਹੀਂ ਹੋਈ, ਉਸਨੇ ਸਿੱਖ ਭਾਈਚਾਰੇ ਦੇ ਹੱਕ ਵਿੱਚ ਉਠਦੀ ਆਵਾਜ਼ ਨੂੰ ਦਬਾਉਣ ਲਈ ਭਾਈ ਦਲਜੀਤ ਸਿੰਘ ਬਿੱਟੂ ਉਤੇ ਦੇਸ਼ ਧ੍ਰੋਹ ਦਾ ਮੁਕਦਮਾ ਦਰਜ ਕਰਕੇ ਉਹਨਾਂ ਨੂੰ ਵੀ ਜੇਲ੍ਹ ਭੇਜ ਦਿੱਤਾ ਹੈ ।

ਖਾਲਿਸਤਾਨ ਦੇ ਹਮਾਇਤੀ ਡਾ. ਜਗਜੀਤ ਸਿੰਘ ਚੌਹਾਨ ਵੀ ਦੇਸ਼ ਧਰੋਹ ਦੇ ਕੇਸ ਵਿੱਚ ਤਰੀਕਾਂ ਭੁਗਤਦੇ ਤੇ ਅਦਾਲਤਾਂ ਦੇ ਚੱਕਰ ਕੱਟਦੇ ਹੋਏ ਇਸ ਸੰਸਾਰ ਤੋਂ ਕੂਚ ਕਰ ਗਏ ਹਨ । ਕੁਝ ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਸ੍ਰ. ਪ੍ਰਕਾਸ਼ ਸਿੰਘ ਬਾਦਲ ਦਾ ਇਹ ਮਨਸੂਬਾ ਹੈ ਕਿ ਆਪਣੇ ਆਪ ਨੂੰ ਸੈਕੂਲਰ ਸਾਬਤ ਕਰਨ ਵਾਸਤੇ ਕੁੱਝ ਸਿੱਖ ਆਗੂਆਂ ਵਿਰੁੱਧ ਦੇਸ਼ ਧਰੋਹ ਦੇ ਮੁਕਦਮੇਂ ਦਰਜ ਕਰਵਾਕੇ ਉਹਨਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਵਾ ਰਿਹਾ ਹੈ ।

ਇਸ ਵਿੱਚ ਕੋਈ ਸ਼ੱਕ ਨਹੀਂ ਜਦੋਂ ਵੀ ਕੋਈ ਸਰਕਾਰ ਬਦਲਦੀ ਹੈ ਤਾਂ ਉਹ ਆਪਣੇ ਵਿਰੋਧੀਆਂ ਨੂੰ ਤੰਗ ਪ੍ਰੇਸ਼ਾਨ ਕਰਨ ਵਾਸਤੇ ਉਹਨਾਂ ਨੂੰ ਝੂਠੇ ਕੇਸਾਂ ਵਿੱਚ ਫਸਾਉਂਦੀ ਹੈ । ਇਸ ਖੇਤਰ ਵਿੱਚ ਬਾਦਲ ਸਰਕਾਰ ਸਾਰੀਆਂ ਹੱਦਾਂ ਪਾਰ ਕਰ ਗਈ ਹੈ । ਸਿਆਸੀ ਬਦਲਾ ਖੋਰੇ ਦੀ ਜਿਹੜੀ ਪਿਰਤ ਕੈਪਟਨ ਸਰਕਾਰ ਵੇਲੇ ਧੀਮੀ ਰਫਤਾਰ ਨਾਲ ਚੱਲਦੀ ਸੀ ਉਹ ਬਾਦਲ ਸਰਕਾਰ ਵੇਲੇ ਸਿਖਰਾਂ ਨੂੰ ਛੋਹ ਰਹੀ ਹੈ । ਬਾਦਲ ਸਰਕਾਰ ਕੈਪਟਨ ਸਰਕਾਰ ਵੱਲੋਂ ਪਾਈ ਗਈ ਭਾਜੀ ਮੋੜਨ ਲਈ ਜਿੱਥੇ ਕਾਂਗਰਸ ਆਗੂਆਂ ਵਿਰੁੱਧ ਮੁਕਦਮੇ ਦਰਜ ਕਰਕੇ ਬਦਲੇ ਲੈ ਰਹੀ ਹੈ । ਉਥੇ ਸ੍ਰ. ਬਾਦਲ

ਤਰਨ ਤਾਰਨ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਕੱਥੂ ਨੰਗਲ ਵਾਲੀਆਂ ਘਟਨਾਵਾਂ ਦਾ ਸ੍ਰ. ਮਾਨ ਤੇ ਉਹਨਾਂ ਦੇ ਸਾਥੀਆਂ ਨੂੰ ਜੇਲ੍ਹਾਂ ਵਿੱਚ ਸੁੱਟ ਕੇ ਬਦਲਾ ਲੈ ਰਿਹਾ ਹੈ ।

ਮਨੁੱਖੀ ਹੱਕਾਂ ਲਈ ਪਿਛਲੇ 27 ਸਾਲਾਂ ਤੋਂ ਲੜਾਈ ਲੜਦੇ ਆ ਰਹੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਵਕੀਲ ਸ੍ਰੀ ਰੰਜਨ ਲੱਖਨਪਾਲ ਜਿਹਨਾਂ ਦੇ ਪਿਤਾ ਸ੍ਰੀ ਐਲ ਲੱਖਨਪਾਲ 1975 ਵਿੱਚ ਇੰਦਰਾ ਸਰਕਾਰ ਵੱਲੋਂ ਲਾਈ ਗਈ ਐਮਰਜੈਂਸੀ ਸਮੇਂ ਜੇਲ੍ਹ ਅੰਦਰ ਹੀ ਸਵਰਗ ਸਿਧਾਰ ਗਏ ਸਨ ਉਨ੍ਹਾਂ ਦਾ ਵਿਚਾਰ ਹੈ ਕਿ ਆਜ਼ਾਦ ਵਿਚਾਰਧਾਰਾ ਦੇ ਮਾਲਕ ਸਿੱਖ ਆਗੂ ਅੱਜ ਤੋਂ ਹੀ ਨਹੀਂ ਸਗੋਂ ਪਹਿਲਾਂ ਤੋਂ ਹੀ ਕਈ-ਕਈ ਕੇਸਾਂ ਵਿੱਚ ਤਰੀਕਾਂ ਭੁਗਤਦੇ ਰਹੇ ਹਨ । ਪਰ ਮਈ ਮਹੀਨੇ ਵਿੱਚ ਸ੍ਰ. ਸਿਮਰਨਜੀਤ ਸਿੰਘ ਮਾਨ ਤੇ ਵੱਸਣ ਸਿੰਘ ਜੱਫਰਵਾਲ ਉਹਨਾਂ ਦੇ ਸਾਥੀਆਂ ਨੇ ਰੋਸ ਵੱਜੋਂ ਸਿੱਖਾਂ ਦੇ ਕਾਤਲ ਬੇਅੰਤ ਸਿੰਘ ਦੇ ਬੁੱਤ ਉਤੇ ਸ਼ਹੀਦ ਦਿਲਾਵਰ ਸਿੰਘ ਦੀ ਫੋਟੋ ਵਾਲੀ ਤੇ ਹੋਰ ਤਖਤੀਆਂ ਲਟਕਾ ਦਿੱਤੀਆਂ ਸਨ । ਉਹ ਕੋਈ ਦੇਸ਼ ਧਰੋਹ ਵਾਲਾ ਕਾਰਨਾਮਾ ਨਹੀਂ ਮੰਨਿਆ ਜਾ ਸਕਦਾ । ਇਸ ਸਬੰਧੀ ਪਹਿਲੀ ਗੱਲ ਤਾਂ ਉਹਨਾਂ ਦੇ ਖਿਲਾਫ ਉਹਨੀ ਦੇਰ ਤੱਕ ਕੋਈ ਕਾਰਵਾਈ ਕਰਨੀ ਬਣਦੀ ਹੀ ਨਹੀਂ ਸੀ ਜਿੰਨ੍ਹੀ ਦੇਰ ਤੱਕ ਉਥੇ ਦੇ ਲੋਕ ਪੁਲੀਸ ਕੋਲ ਆਪਣਾ ਇਤਰਾਜ਼ ਨਹੀਂ ਲਿਖਾਉਂਦੇ । ਲੱਖਾਂ ਦੀ ਆਬਾਦੀ ਵਾਲੇ ਸ਼ਹਿਰ ਵਿੱਚੋਂ ਬੇਅੰਤ ਸਿੰਘ ਦੇ ਬੁੱਤ ਉਤੇ ਤਖਤੀਆਂ ਪਾਉਣ ਦਾ ਕਿਸੇ ਵਿਅਕਤੀ ਨੇ ਇਤਰਾਜ਼ ਨਹੀਂ ਕੀਤਾ । ਪੁਲੀਸ ਵੱਲੋਂ ਜੋ ਕਾਰਵਾਈ ਕਰਨੀ ਬਣਦੀ ਸੀ ਉਹ ਉਸਨੇ 107/151 ਦੀ ਕਾਰਵਾਈ ਕਰ ਹੀ ਲਈ ਸੀ । ਬਿਨਾ ਕਿਸੇ ਵਿਅਕਤੀ ਦੇ ਇਤਰਾਜ਼ ਕੀਤਿਆਂ ਜਲੰਧਰ ਪੁਲੀਸ ਨੇ ਸ੍ਰ. ਮਾਨ ਤੇ ਉਹਨਾਂ ਦੇ ਸਾਥ਼ੀਆਂ ਦੇ ਖਿਲਾਫ ਜੋ ਕਾਰਵਾਈ ਕੀਤੀ ਹੈ ਉਸ ਤੋਂ ਸਪਸ਼ਟ ਹੁੰਦਾ ਹੈ ਕਿ ਪੁਲੀਸ ਪਹਿਲਾਂ ਤੋਂ ਹੀ ਮੌਕੇ ਦੀ ਭਾਲ ਵਿੱਚ ਸੀ । ਮੌਕਾ ਮਿਲਦੇ ਹੀ ਉਸਨੇ ਆਪਣੀ ਕਾਰਵਾਈ ਪਾ ਕੇ ਆਪਣੇ ਆਕਾ ਸ੍ਰ. ਬਾਦਲ ਨੂੰ ਖੁਸ਼ ਕਰ ਦਿੱਤਾ ਹੈ ।

ਪੰਜਾਬ ਦੀ ਪੁਲੀਸ ਨੇ 1984 ਵਿੱਚ ਸਿੱਖ ਵਿਰੋਧੀ ਕਾਰਵਾਈ ਕਰਦਿਆਂ ਅਮਲੋਹ ਦੇ ਇਕ ਸਿੱਖ ਬਲਵੰਤ ਸਿੰਘ ਦੇ ਖਿਲਾਫ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕੀਤਾ ਸੀ ਜਿਸ ਉਤੇ ਸੁਪਰੀਮ ਕੋਰਟ ਨੇ ਫੈਸਲਾ ਦਿੰਦਿਆਂ ਸਪਸ਼ਟ ਕੀਤਾ ਸੀ ਕਿ ਭਾਰਤੀ ਵਿਧਾਨ ਦੀ ਧਾਰਾ 19 ਹੇਠ ਭਾਰਤ ਦੇ ਹਰ ਨਾਗਰਿਕ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਪੂਰਨ ਆਜ਼ਾਦੀ ਹੈ ਇਸ ਲਈ ਮੌਲਿਕ ਅਧਿਕਾਰਾਂ ਵਿੱਚੋਂ ਕਿਸੇ ਨੂੰ ਕਟੌਤੀ ਕਰਨ ਦਾ ਕੋਈ ਹੱਕ ਨਹੀਂ । ਇਸ ਤੋਂ ਇਲਾਵਾ ਰਾਜਸਥਾਨ ਦੀ ਹਾਈ ਕੋਰਟ ਨੇ ਸੁਖਚੈਨ ਸਿੰਘ ਨੂੰ ਖਾਲਿਸਤਾਨ ਦੇ ਪੋਸਟਰ ਰੱਖਣ ਦੇ ਸਬੰਧ ਵਿੱਚ ਦੋਸ਼ੀ ਠਹਿਰਾਦਿਆਂ ਹੋਇਆਂ, ਉਸਨੂੰ ਸਜ਼ਾ ਸੁਣਾਈ ਸੀ । ਉਸਦੇ ਵਾਰਸਾਂ ਵੱਲੋਂ ਸੁਪਰੀਮ ਕੋਰਟ ਵਿੱਚ ਪਹੁੰਚ

ਕਰਨ ਉਤੇ ਸੁਪਰੀਮ ਕੋਰਟ ਨੇ 2000 ਵਿੱਚ ਉਸ ਨੂੰ ਨਿਰਦੋਸ਼ ਐਲਾਨਦਿਆਂ ਬਰੀ ਕਰ ਦਿੱਤਾ ਸੀ। ਮਾਨਯੋਗ ਜੱਜ ਨੇ ਆਪਣੇ ਫੈਸਲੇ 'ਚ ਕਿਹਾ ਸੀ ਕਿ ਕੇਵਲ ਪੋਸਟਰ ਰੱਖਣ ਨਾਲ ਕੋਈ ਦੇਸ਼ ਧਰੋਹੀ ਨਹੀਂ ਬਣ ਜਾਂਦਾ।

ਇਹਨਾਂ ਫੈਸਲਿਆਂ ਤੋਂ ਮਗਰੋਂ ਪੁਲੀਸ ਨੇ ਆਪਣੀਆਂ ਦਮਨਕਾਰੀ ਨੀਤੀਆਂ ਜਾਰੀ ਰੱਖੀਆਂ ਹਨ। ਅਫਸੋਸ ਹੈ ਕਿ ਮਾਨ ਤੇ ਉਸ ਦੇ ਹੋਰ 19 ਸਾਥੀਆਂ ਦੀ ਸੁਣਵਾਈ ਸਮੇਂ ਪੁਲੀਸ ਵੱਲੋਂ ਪੂਰੇ ਦਸਤਾਵੇਜ ਪੇਸ਼ ਨਾ ਹੋਣ ਕਰਕੇ ਜਿੱਥੇ ਉਹਨਾਂ ਦੀ ਜਮਾਨਤ ਹੋਣ ਵਿੱਚ ਦੇਰ ਹੋ ਰਹੀ ਉਥੇ ਉਸ ਸਮੇਂ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਦਲਜੀਤ ਸਿੰਘ ਬਿੱਟੂ ਦੀ ਜਮਾਨਤ ਦੀ ਅਰਜੀ ਰੱਦ ਹੋ ਗਈ ਸੀ। ਦੁੱਖ ਤਾਂ ਇਹ ਗੱਲ ਦਾ ਹੈ ਕਿ ਅਦਾਲਤਾਂ ਨੂੰ ਚਲਾਉਣ ਵਾਲੇ ਵੀ ਮੌਕੇ ਦੀ ਸਰਕਾਰ ਦੇ ਨਾਲ-ਨਾਲ ਹਵਾ ਦੇ ਰੁੱਖ ਅਨੁਸਾਰ ਹੀ ਕੰਮ ਕਰਦੇ ਹਨ। ਕਿਉਂਕਿ ਉਹਨਾਂ ਦੀ ਅੱਖ ਰਿਟਾਇਰਮੈਂਟ ਪਿੱਛੋਂ ਕਿਸੇ ਕਾਨੂੰਨੀ ਕਮਿਸ਼ਨ ਦੀ ਚੇਅਰਮੈਨੀ ਜਾਂ ਮੈਂਬਰੀ ਉਤੇ ਹੁੰਦੀ ਹੈ।

ਉਕਤ ਧੱਕੇਸ਼ਾਹੀਆਂ ਤੇ ਝੂਠੇ ਕੇਸਾਂ ਸਬੰਧੀ 25 ਸਾਲਾਂ ਦੇ ਕਾਨੂੰਨੀ ਤਜ਼ਰਬੇ ਅਤੇ ਵਕਾਲਤ ਦੌਰਾਨ ਕੇਸਾਂ ਦੀ ਪੈਰਵਾਈ ਕਰਦੇ ਆ ਰਹੇ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਐਡਵੋਕੇਟ ਅਮਰ ਸਿੰਘ ਨੇ ਥੋੜੇ ਜਿਹੇ ਸ਼ਬਦਾਂ ਵਿੱਚ ਹੀ ਸਪਸ਼ਟ ਕੀਤਾ ਹੈ ਕਿ ਕੇਂਦਰ ਸਰਕਾਰ ਨੇ ਮੁੱਢ-ਕਦੀਮ ਤੋਂ ਹੀ ਸਿੱਖਾਂ ਨਾਲ ਧੱਕਾ ਕੀਤਾ ਹੈ ਤੇ ਰਾਜਾਂ ਦੀਆਂ ਸਰਕਾਰਾਂ ਤੋਂ ਕਰਵਾਇਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਭਾਰਤ ਵਿੱਚ ਜੇਕਰ ਘੱਟ ਗਿਣਤੀ ਲੋਕਾਂ ਨਾਲ ਇਸੇ ਤਰ੍ਹਾਂ ਹੀ ਬੇ-ਇਨਸਾਫੀ ਹੁੰਦੀ ਰਹੀ ਤਾਂ ਅਸਾਮ, ਨਾਗਾਲੈਂਡ ਦੀ ਗੱਲ ਤਾਂ ਦੂਰ ਹੈ ਪੰਜਾਬ ਵਿੱਚ ਅਮਨ ਚੈਨ ਕਦੇ ਨਹੀਂ ਹੋ ਸਕੇਗਾ। ਕਿਉਂਕਿ ਪੁਲੀਸ ਅਧਿਕਾਰੀ ਤੇ ਸਿਵਲ ਅਧਿਕਾਰੀ ਕੇਂਦਰ ਦੇ ਇਸ਼ਾਰਿਆਂ ਉਤੇ ਚੱਲਦੇ ਹੋਏ ਕਾਨੂੰਨ ਨੂੰ ਗਲਤ ਢੰਗ ਨਾਲ ਵਰਤਦੇ ਹਨ ਤੇ ਮੌਕੇ ਦੀ ਸਰਕਾਰ ਦੀ ਜੀ-ਹਜ਼ੂਰੀ ਕਰਦੇ ਹਨ, ਇਸ ਲਈ ਜਿਸ ਨੂੰ ਉਹ ਕਹੇ ਉਸ ਨੂੰ ਜੇਲ੍ਹ ਅੰਦਰ ਸੁੱਟ ਕੇ ਖੁਸ਼ ਕਰ ਲੈਂਦੇ ਹਨ, ਭਾਵੇਂ ਉਸਦਾ ਆਧਾਰ ਕਮਜ਼ੋਰ ਹੀ ਕਿਉਂ ਨਾ ਹੋਵੇ।

ਘੱਟ ਗਿਣਤੀ ਲੋਕਾਂ ਉਤੇ ਵਧੀਕੀਆਂ ਕਰਦਿਆਂ ਹੋਇਆਂ ਜਿਸ ਤਰੀਕੇ ਕਾਨੂੰਨ ਨੂੰ ਛਿੱਕੇ ਟੰਗਕੇ ਸਿੱਖਾਂ ਨਾਲ ਦੁਰ-ਵਿਹਾਰ ਕੀਤਾ ਜਾ ਰਿਹਾ ਹੈ ਜੇ ਇਹ ਬੰਦ ਨਾ ਹੋਇਆ ਤਾਂ ਮਨਾਂ ਵਿੱਚ ਵੱਧ ਰਿਹਾ ਵਿਤਕਰਾ ਇਕ ਦਿਨ ਸਾਰੇ ਸੂਬਿਆਂ ਨੂੰ ਕੇਂਦਰ ਸਰਕਾਰ ਤੋਂ ਦੂਰ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ। ਇਸ ਲਈ ਕੇਂਦਰ ਨੂੰ ਚਾਹੀਦਾ ਹੈ ਕਿ ਉਹ ਅਫਸਰਸ਼ਾਹੀ ਨੂੰ ਕਾਨੂੰਨ ਅਨੁਸਾਰ ਹੀ ਕੰਮ ਕਰਨ ਲਈ ਪ੍ਰੇਰਿਤ ਕਰੇ ਤੇ ਘੱਟ ਗਿਣਤੀਆਂ ਨਾਲ ਧੱਕਾ ਕਰਨ ਤੋਂ ਆਪ ਗੁਰੇਜ ਕਰਦੀ ਹੋਈ ਰਾਜਾਂ

ਦੀਆਂ ਸਰਕਾਰ ਨੂੰ ਅਜਿਹਾ ਕਰਨ ਤੋਂ ਸਖ਼ਤੀ ਨਾਲ ਰੋਕੇ । ਨਹੀਂ ਤਾਂ ਨਿਵੇਕਲੀ ਸੋਚ ਰੱਖਣ ਤੇ ਕਹਿਣੀ ਕਥਨੀ ਦੇ ਧਾਰਨੀ ਸ੍ਰ. ਸਿਮਰਨਜੀਤ ਸਿੰਘ 'ਮਾਨ' ਵਰਗੇ ਘਰ-ਘਰ ਪੈਦਾ ਹੋਣਗੇ । ਜਿਹਨਾਂ ਨੂੰ ਅਦਾਲਤ ਤੋਂ ਮਿਲਣ ਵਾਲੀ ਰਾਹਤ ਵਾਸਤੇ ਲੰਮਾਂ ਸਮਾਂ ਉਡੀਕ ਕਰਨ ਦੀ ਥਾਂ ਗੈਰ-ਕਾਨੂੰਨੀ ਢੰਗ ਲਈ ਮਜ਼ਬੂਰ ਹੋਣਾ ਪਵੇਗਾ ।

ਭਾਰਤੀ ਲੋਕ ਤੰਤਰ ਅਨੁਸਾਰ ਹਰ ਵਿਅਕਤੀ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜਾਂ ਬੇਅੰਤ ਸਿੰਘ ਬਾਰੇ ਵੱਖੋ ਵੱਖਰੀ ਸੋਚ ਰੱਖਣ ਦਾ ਅਧਿਕਾਰ ਹੈ । ਜੇ ਸ੍ਰ. ਮਾਨ ਨੇ ਬੇਅੰਤ ਸਿੰਘ ਦੇ ਬੁੱਤ ਉਤੇ ਉਸਨੂੰ ਮਾਰਨ ਵਾਲੇ ਭਾਈ ਦਿਲਾਵਰ ਸਿੰਘ ਦੀਆਂ ਫੋਟਵਾਂ ਵਾਲੀਆਂ ਤਖਤੀਆਂ ਪਾ ਦਿੱਤੀਆਂ ਹਨ ਜਾਂ ਬੇਅੰਤ ਸਿੰਘ ਨੂੰ ਸਿੱਖਾ ਦਾ ਕਾਤਲ ਕਹਿ ਦਿੱਤਾ ਹੈ ਤਾਂ ਕਿਹੜਾ ਪਹਾੜ ਡਿੱਗ ਪਿਆ ਹੈ । ਜਿਸ ਬਦਲੇ ਭਾਰਤ ਦੇ ਸਾਬਕਾ ਲੋਕ ਸਭਾ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ 'ਮਾਨ' ਤੇ ਉਸਦੇ ਸਾਥੀਆਂ ਉਤੇ ਦੇਸ਼ ਧਰੋਹੀ ਦਾ ਮੁਕੱਦਮਾ ਬਣਾਕੇ ਉਹਨਾਂ ਨੂੰ ਜੇਲ੍ਹ ਅੰਦਰ ਬੰਦ ਕੀਤਾ ਹੋਇਆ । ਇਹ ਉਹੀ 'ਮਾਨ' ਹੈ ਜਿਸ ਦੀਆਂ ਉਦਾਹਰਨਾਂ ਲੋਕ ਸਭਾ ਦਾ ਸਪੀਕਰ ਹੋਰ ਲੋਕ ਸਭਾ ਮੈਂਬਰਾਂ ਨੂੰ ਅਨੁਸ਼ਾਸਨ ਵਿੱਚ ਰਹਿਣ ਲਈ ਦਿੰਦਾ ਸੀ । ਅੱਜ ਇਹ ਇੰਨ੍ਹਾਂ ਮਾੜਾ ਹੋ ਗਿਆ ਹੈ ਜਿਸ ਨੂੰ ਝੂਠੇ ਦੇਸ਼ ਧਰੋਹੀ ਕੇਸਾਂ ਅੰਦਰ ਬੰਦ ਕਰ ਰੱਖਿਆ ਹੈ ।

ਸਿੱਖ ਕੌਮ ਦੇ ਹੱਕਾਂ ਲਈ ਲੜਨਾ ਕੋਈ ਗੈਰ ਸੰਵਿਧਾਨਕ ਨਹੀਂ ਕਿਉਂਕਿ ਹਰ ਸਿਆਸੀ ਸਮਾਜਿਕ ਵਿਅਕਤੀ ਦੇ ਵਿਚਾਰ ਜਾਂ ਸੋਚ ਵੱਖਰੀ ਹੁੰਦੀ ਹੈ । ਸਿੱਖ ਕੌਮ ਦੀ ਇਹ ਬਦਕਿਸ਼ਮਤੀ ਹੈ ਕਿ ਵੱਖਰੇ ਵਿਚਾਰ ਰੱਖਣ ਜਾਂ ਸੋਚ ਰੱਖਣ ਵਾਲੇ ਆਗੂਆਂ ਅਤੇ ਆਮ ਵਿਕਤੀਆਂ ਉਤੇ 'ਅੱਤਵਾਦੀ' ਵੱਖਵਾਦੀ ਦੀ ਮੋਹਰ ਲਾ ਕੇ ਉਸਨੂੰ ਜੇਲ੍ਹ ਅੰਦਰ ਸੁੱਟ ਦਿੱਤਾ ਜਾਂਦਾ ਹੈ । ਇਸ ਤਰ੍ਹਾਂ ਹੀ ਬ੍ਰਿਟਿਸ਼ ਰਾਜ ਵਿੱਚ ਭਾਰਤੀ ਲੋਕਾਂ ਨਾਲ ਹੁੰਦਾ ਸੀ । ਅਪੀਲ ਦਲੀਲ ਦੱਸਣ ਲਈ ਵਕੀਲ ਨੂੰ ਦਿਨ ਜਾਂ ਮਹੀਨੇ ਤਾਂ ਦੂਰ ਦੀ ਗੱਲ ਹੈ ਕਈ ਸਾਲਾਂ ਦੇ ਸਾਲ ਲੱਗ ਜਾਂਦੇ ਹਨ ।

# ਸੁਪਰੀਮ ਕੋਰਟ ਦਾ ਫੈਸਲਾ

ਖਾਲਿਸਤਾਨ ਦੇ ਨਾਅਰੇ ਮਾਰਨ ਤੇ ਪੋਸਟਰ ਰੱਖਣ ਵਾਲਾ ਦੇਸ਼ ਧ੍ਰੋਹੀ ਨਹੀਂ 1995 ਵਿੱਚ ਸੁਪਰੀਮ ਕੋਰਟ ਨੇ ਇਕ ਫੈਸਲਾ ਸੁਣਾਇਆ ਸੀ ਕਿ ਖਾਲਿਸਤਾਨ ਦੇ ਨਾਅਰੇ ਮਾਰਨਾ, ਪੋਸਟਰ ਰੱਖਣਾ ਜਾਂ ਸ਼ਾਤਮਈ ਢੰਗ ਨਾਲ ਖਾਲਿਸਤਾਨ ਦਾ ਪ੍ਰਚਾਰ ਕਰਨ ਵਾਲਾ ਦੇਸ਼ ਧ੍ਰੋਹੀ ਨਹੀਂ। ਇਹ ਫੈਸਲਾ 1984 ਵਿੱਚ ਅਮਲੋਹ ਤੋਂ ਬਲਵੰਤ ਸਿੰਘ ਤੇ ਦੇ ਸਾਥੀਆਂ ਦੇ ਖਿਲਾਫ ਪੁਲੀਸ ਵੱਲੋਂ ਦਰਜ ਕੀਤੇ ਗਏ ਕੇਸ ਦੇ ਸਬੰਧ ਵਿੱਚ ਸੀ। ਉਕਤ ਫੈਸਲਾ ਦਿੰਦਿਆਂ ਮਾਨਯੋਗ ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਹੈ ਕਿ ਵਿਧਾਨ ਦੀ ਧਾਰਾ 19 ਹੇਠ ਭਾਰਤ ਦੇ ਹਰ ਨਾਗਰਿਕ ਨੂੰ ਕਿਸੇ ਵੀ ਤਰ੍ਹਾਂ ਦੇ ਵਿਚਾਰ ਲੋਕਾਂ ਸਾਹਮਣੇ ਰੱਖਣ ਦੀ ਪੂਰਨ ਆਜ਼ਾਦੀ ਹੈ। ਉਸਦੇ ਇਹਨਾਂ ਮੌਲਿਕ ਅਧਿਕਾਰਾਂ ਵਿੱਚ ਕੋਈ ਕਟੌਤੀ ਨਹੀਂ ਕੀਤੀ ਜਾ ਸਕਦੀ।

ਇਸ ਫੈਸਲੇ ਨੂੰ ਮੁੱਖ ਰੱਖਦਿਆਂ ਹੋਇਆਂ ਇਸ ਉਪਰੰਤ ਪੰਜਾਬ ਹਰਿਆਣਾ ਹਾਈ ਕੋਰਟ ਨੇ ਲੈਫਟੀਨੈਂਟ ਕਰਨਲ ਪ੍ਰਤਾਪ ਸਿੰਘ ਨੂੰ ਜਿੱਥੇ ਦੇਸ਼ ਧ੍ਰੋਹੀ ਕੇਸ ਤੋਂ ਮੁਕਤ ਕੀਤਾ ਸੀ ਉਥੇ ਰਾਜਸਥਾਨ ਹਾਈ ਕੋਰਟ ਨੇ ਇਕ ਮਹੱਤਵਪੂਰਨ ਕੇਸ ਵਿੱਚ ਸੁਖਚੈਨ ਸਿੰਘ ਨੂੰ ਖਾਲਿਸਤਾਨ ਦੇ ਪੋਸਟਰ ਰੱਖਣ ਦੇ ਦੋਸ਼ ਹੇਠ ਦੋਸ਼ੀ ਠਹਿਰਾਉਂਦਿਆਂ ਸਜ਼ਾ ਦਿੱਤੀ ਸੀ। ਪਰ ਸੁਖਚੈਨ ਸਿੰਘ ਦੇ ਵਾਰਸਾਂ ਵੱਲੋਂ ਸੁਪਰੀਮ ਕੋਰਟ ਵਿੱਚ ਜਾਣ ਉਪਰੰਤ ਮਾਨਯੋਗ ਸੁਪਰੀਮ ਕੋਰਟ ਨੇ ਸੰਨ 2000 ਵਿੱਚ ਸੁਖਚੈਨ ਸਿੰਘ ਨੂੰ ਇਹ ਕਹਿਕੇ ਬਰੀ ਕਰ ਦਿੱਤਾ ਸੀ ਕਿ ਪੋਸਟਰ ਰੱਖਣ ਨਾਲ ਕੋਈ ਦੇਸ਼ ਧ੍ਰੋਹੀ ਨਹੀਂ ਬਣ ਜਾਂਦਾ ਇਹਨਾਂ ਫੈਸਲਿਆਂ ਦੇ ਬਾਵਜੂਦ ਵੀ ਪੰਜਾਬ ਪੁਲੀਸ ਸਿੱਖ ਆਗੂਆਂ ਅਤੇ ਆਮ ਸਿੱਖਾਂ ਉਤੇ ਦੇਸ਼ ਧਰੋਹੀ ਦੇ ਮੁਕੱਦਮੇ ਦਰਜ ਕਰਕੇ ਉਹਨਾਂ ਨੂੰ ਜੇਲ੍ਹਾਂ ਵਿੱਚ ਸੁੱਟ ਰਹੀ ਹੈ।

ਸ. ਸਿਮਰਨਜੀਤ ਸਿੰਘ ਮਾਨ ਦੇ ਨਾਲ ਲੇਖਕ ਗੱਲ ਬਾਤ ਕਰਦਾ ਹੋਇਆ



# ਇਕ ਕੈਦੀ ਦੇ ਵਿਚਾਰ

## ਦੇਸ਼ ਧਰੋਹ ਦੇ ਮੁਕੱਦਮੇ ਦੌਰਾਨ ਲੁਧਿਆਣਾ ਦੀ ਕੇਂਦਰੀ ਜੇਲ੍ਹ ਵਿੱਚ ਬੰਦ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੇ ਕੁੱਝ ਵਿਚਾਰ ਇਸ ਤਰਾਂ ਹਨ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਚੀਨ ਵੱਲੋਂ ਅਰੁਨਾਚਲ ਸਬੰਧੀ ਲਏ ਸਟੈਂਡ ਦੀ ਸ਼ਲਾਘਾ ਕੀਤੀ ਹੈ । ਚੀਨ ਦੇ ਵਿਦੇਸ਼ੀ ਮਾਮਲਿਆਂ ਦੇ ਵਜ਼ੀਰ ਹੈਮਬਰਗ ਵਿੱਚ ਆਪਣੇ ਹਿੰਦੋਸਤਾਨੀ ਸਾਥੀ ਨੂੰ ਅਰੁਣਾਚਲ ਮੁੱਦੇ ਉਤੇ ਬਿਲਕੁਲ ਦਰੁਸਤ ਸੁਨੇਹਾ ਦਿੱਤਾ ਹੈ । ਅਸੀਂ ਚੀਨ ਦੇ ਇਸ ਸਟੈਂਡ ਦੀ ਤਾਰੀਫ ਕਰਦੇ ਹਾਂ ਕਿ ਅਰੁਣਾਚਲ ਪ੍ਰਦੇਸ਼ ਦੇ ਆਈ.ਏ.ਐਸ. ਅਫਸਰਾਂ ਜਾਂ ਕਿਸੇ ਡੈਲੀਗੇਸ਼ਨ ਨੂੰ ਚੀਨ ਦਾ ਦੌਰਾ ਕਰਨ ਲਈ ਵੀਜ਼ੇ ਦੀ ਜ਼ਰੂਰਤ ਨਹੀਂ ਹੈ । ਜੇਕਰ ਹਿੰਦੋਸਤਾਨ ਨੂੰ ਚੀਨ ਦੇ ਇਸ ਸਟੈਂਡ ਨੂੰ ਲੈ ਕੇ ਤਕਲੀਫ ਪੁੱਜੀ ਹੈ ਤਾਂ ਇਸਦਾ ਦੋਸ਼ੀ ਵੀ ਖੁਦ ਹਿੰਦੋਸਤਾਨ ਹੀ ਹੈ ਜੋ ਕਿ ਅਮਰੀਕਾ ਦੇ ਜਾਲ ਵਿੱਚ ਫਸ ਕੇ ਜਾਪਾਨ ਆਸਟਰੇਲੀਆ ਤੇ ਦੱਖਣੀ ਕੋਰੀਆ ਨਾਲ ਮਿਲ ਕੇ ਚੀਨ ਦੀ ਫੌਜੀ ਘੇਰਾਬੰਦੀ ਕਰਨ ਵਿੱਚ ਲੱਗਿਆ ਹੋਇਆ ਹੈ । ਕਿਸੇ ਵੀ ਠੰਢੀ ਜੰਗ ਦੀ ਗੈਰ ਹਾਜ਼ਰੀ ਵਿੱਚ ਹਿੰਦੋਸਤਾਨ, ਜਾਪਾਨ (ਜਿਸਦਾ ਸੰਵਿਧਾਨ ਕਿਸੇ ਤਰ੍ਹਾਂ ਦੀ ਚੀਨ ਵਿਰੋਧੀ ਕਾਰਵਾਈ ਦੀ ਇਜ਼ਾਜ਼ਤ ਨਹੀ

ਦਿੰਦਾ) ਆਸਟਰੇਲੀਆ ਤੇ ਦੱਖਣੀ ਕੋਰੀਆ ਦਾ ਚੀਨ ਵਿਰੁੱਧ ਇਹ ਬੇਹੂਦਾ ਗੱਠਜੋੜ ਸਿਰੇ ਦੀ ਬੇਫਕੂਫੀ ਹੈ। ਇਸ ਤਰ੍ਹਾਂ ਦੇ ਗੱਠਜੋੜ ਜਰਮਨੀ ਦੇ ਪਹਿਲੇ ਚਾਂਸਲਰ ਬਿਸਮਾਰਕ ਵੱਲੋਂ ਸ਼ੁਰੂ ਕੀਤੇ ਗਏ ਸਨ ਜਿਨ੍ਹਾਂ ਨਾਲ ਸੰਸਾਰ ਪੱਧਰ ਤੇ ਵੱਡੀ ਉਥੱਲ-ਪੁੱਥਲ ਹੋਈ ਤੇ ਸਿੱਟੇ ਵੱਜੋਂ ਦੁਨੀਆ ਨੂੰ ਦੋ ਵੱਡੀਆਂ ਸੰਸਾਰ ਜੰਗਾਂ ਦਾ ਸਾਹਮਣਾ ਕਰਨਾ ਪਿਆ। ਸਾਡੀ ਪਾਰਟੀ ਦੀ ਇਹ ਵੀ ਇੱਛਾ ਹੈ ਕਿ ਚੀਨ ਨੂੰ ਇਸ ਤਰ੍ਹਾਂ ਦਾ ਗਿਆਨ ਦਾ ਚਾਨਣ ਪਾਕਿਸਤਾਨ ਉਪਰ ਵੀ ਕਰਨਾ ਚਾਹੀਦਾ ਹੈ। ਪਾਕਿਸਤਾਨ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸਿੱਖ ਆਪਣੇ ਆਪ ਵਿੱਚ ਇਕ ਮੁਕੰਮਲ ਨੇਸ਼ਨ ਹਨ ਅਤੇ ਇਤਹਾਸ ਵਿੱਚ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਉਹ ਨਾ ਤਾਂ ਹਿੰਦੂ ਸੱਭਿਅਤਾ ਦਾ ਹਿੱਸਾ ਹਨ ਤੇ ਨਾਂ ਹੀ ਇਸਲਾਮਿਕ ਸੱਭਿਅਤਾ ਦਾ - ਇਹ ਬਿਲਕੁਲ ਵੱਖਰੀ ਕੌਮ ਹਨ। ਇਸ ਲਈ ਸਿੱਖਾਂ ਨੂੰ ਪਾਕਿਸਤਾਨ ਵਿੱਚ ਘੁੰਮਣ ਫਿਰਨ ਲਈ ਪਾਕਿਸਤਾਨ ਸਰਕਾਰ ਤੋਂ ਵੀਜ਼ਾ ਲੈਣ ਦੀ ਤਕਲੀਫ ਥੋਪਣਾ ਕੋਈ ਸਿਆਣੀ ਗੱਲ ਨਹੀਂ ਇਸ ਤੋਂ ਸਾਨੂੰ ਸਿੱਖਾਂ ਨੂੰ ਰਾਹਤ ਮਿਲਣੀ ਚਾਹੀਦੀ ਹੈ। ਇਹ ਉਨੀ ਹੀ ਮੁਰਖਤਾ ਵਾਲੀ ਗੱਲ ਹੈ ਜਿਵੇਂ ਇਜ਼ਰਾਇਲ, ਫਲਸਤੀਨੀਆਂ ਨੂੰ ਆਖੇ ਕਿ ਉਹ ਇਜ਼ਰਾਈਲ ਵਿੱਚ ਘੁੰਮਣ ਲਈ ਯਾਤਰੀ ਦਸਤਾਵੇਜ ਬਣਾ ਕੇ ਆਉਣਾ ਪੈਂਦਾ ਹੈ। ਅਸੀਂ ਆਜ਼ਾਦ ਕੌਮ ਹਾਂ ਅਤੇ ਸੰਸਾਰ ਦੀ ਦੂਜੀ ਜੰਗ ਤੇ ਇਸ ਤੋਂ ਬਾਅਦ ਬਣੀਆਂ ਹੱਦਾਂ ਤੋਂ ਪੂਰੀ ਤਰ੍ਹਾਂ, ਮੁਕਤ ਹਾਂ ਕਿਉਂਕਿ ਸਾਨੂੰ ਕਿਸੇ ਵੀ ਜਮਹੂਰੀ ਚੋਣ ਰਾਹੀਂ ਆਪਣਾ ਮੁਲਕ ਚੁਣਨ ਦਾ ਹੱਕ ਨਹੀਂ ਸੀ ਮਿਲਿਆ, ਨਾਂ ਰਾਇ ਸ਼ੁਮਾਰੀ ਰਾਹੀਂ ਅਤੇ ਨਾ ਹੀ ਖੁਦ-ਮੁਖਤਿਆਰੀ ਦਾ।

ਅਸੀਂ ਪ੍ਰੈਜ਼ੀਡੈਂਟ (ਸਦਰ) ਬੁਸ਼ ਤੇ ਉਸ ਦੀ ਰਿਪਬਲਿਕਨ ਸਰਕਾਰ ਦੀ ਸ਼ਲਾਘਾ ਕਰਦੇ ਹਾਂ ਕਿਉਂਕਿ ਸਦਰ ਬੁਸ਼ ਨੇ ਆਪਣੀ ਚੋਣ ਮਗਰੋਂ ਸਭ ਤੋਂ ਪਹਿਲੀ ਤਕਰੀਰ ਵਿੱਚ ਕਿਹਾ ਸੀ ਕਿ ਉਸਦੀ ਸਰਕਾਰ ਆਜ਼ਾਦੀ ਤੇ ਜ਼ਮਹੂਰੀਅਤ ਦੀ ਹਰ ਆਵਾਜ਼ ਸੁਣੇਗੀ ਭਾਂਵੇ ਸੰਸਾਰ ਦੇ ਕਿਸੇ ਵੀ ਹਿੱਸੇ ਵਿੱਚੋਂ ਉਠਾਈ ਗਈ ਹੋਵੇ। ਪਰ ਅਫਸੋਸ ਦੀ ਗੱਲ ਹੈ ਕਿ ਮਿਸਟਰ ਬੁਸ਼ ਨੇ ਆਪਣੀ ਕਥਨੀ ਨੂੰ ਕਰਨੀ ਵਿੱਚ ਨਹੀਂ ਬਦਲਿਆ। ਮੈਂ ਇਹ ਲੇਖ ਇਥੇ ਸੈਂਟਰਲ ਜੇਲ੍ਹ ਲੁਧਿਆਣੇ ਵਿੱਚੋਂ ਲਿਖ ਰਿਹਾਂ ਹਾਂ ਜਿਥੇ ਕਿ ਪਿਛਲੇ ਚਾਰ ਘੰਟਿਆਂ ਤੋਂ ਬਿਜਲੀ ਦਾ ਕੱਟ ਲੱਗਿਆ ਹੋਇਆ ਹੈ। ਮੇਰਾ ਖਿਆਲ ਹੈ ਕਿ ਹੁਣ ਸੰਸਾਰ ਪੱਧਰ ਤੇ ਇਹ ਸ਼ਪਸ਼ਟ ਹੋ ਚੁੱਕਾ ਹੈ ਕਿ ਕੈਦੀਆਂ ਨੂੰ ਅਥਾਹ ਗਰਮੀ ਜਾਂ ਅਥਾਹ ਸਰਦੀ ਵਿੱਚ ਰੱਖਣਾ ਵੀ ਤਸ਼ੱਦਦ ਹੁੰਦਾ ਹੈ। ਮੇਰੇ ਸੈਲ ਵਿੱਚ ਇਸ ਵੇਲੇ $40^0$ ਸੈਲਸੀਅਸ ਤਾਪਮਾਨ ਹੈ। ਫਿਰ ਮਿਸਟਰ ਬੁਸ਼ ਦੇ ਵਿਚਾਰ ਮਿਸ ਔਂਗ ਸਾਨ ਸੂਨ ਕਈ ਨੂੰ ਕੀ ਰਾਹਤ ਦੇਣਗੇ ਜਿਸਨੂੰ ਬਰਮਾ ਦੀ ਮਿਲਟਰੀ ਫੌਜ (ਜੁੰਤਾ) ਨੇ ਸਥਾਈ ਤੌਰ ਤੇ ਕੈਦੀ ਬਣਾਇਆ ਹੋਇਆ

ਹੈ । ਮਿਸਟਰ ਬੁਸ਼ ਦੇ ਬਹਾਦਰੀ ਭਰੇ ਸ਼ਬਦ ਆਜ਼ਾਦੀ, ਮੁਕਤੀ ਤੇ ਜ਼ਮਹੂਰੀਅਤ ਮੇਰੇ ਪੰਜਾਬ ਵਿੱਚ ਵਸਦੇ ਦੋਸਤਾਂ ਨੂੰ ਕੀ ਖੁਸ਼ੀ ਦੇ ਸਕਦੇ ਹਨ ? ਕਸ਼ਮੀਰ ਵਿੱਚ ਵੀ ਹੁਰੀਅਤ ਆਗੂਆਂ ਨੂੰ ਮੇਰੇ ਵਾਂਗ ਬਸ ਪੱਤਾ ਹਿੱਲਣ ਤੇ ਹਿੰਦੂ ਇੰਡੀਅਨ ਸਮਰਾਜ ਵੱਲੋਂ ਚੁੱਕ ਕੇ ਅੰਦਰ ਦੇ ਦਿੱਤਾ ਜਾਂਦਾ ਹੈ ਜਿੱਥੇ ਸਾਨੂੰ ਤਰਸਯੋਗ ਹਾਲਤਾਂ ਵਿੱਚ ਰਹਿਣਾ ਪੈਂਦਾ ਹੈ, ਅਜਿਹੇ ਹਾਲਾਤ ਜਿਹੜੇ ਕੇ ਨਾ ਸਿਰਫ ਯੂਰਪੀਨਾਂ ਬਲਕਿ ਕਿਸੇ ਵੀ ਧਰਮ, ਰੰਗ, ਜਾਤ ਜਾਂ ਮਜ਼ਹਬ ਦੇ.ਲੋਕਾਂ ਲਈ ਢੁੱਕਵੇਂ ਨਹੀਂ ਹਨ ।

ਇੱਥੇ ਮੈਨੂੰ ਹਿੰਦ ਅਮਰੀਕਨ ਸੰਧੀ 123 ਦਾ ਖਿਆਲ ਆਉਂਦਾ ਹੈ ਜਿਹੜੀ ਕਿ ਸਦਰ ਬੁਸ਼ ਹਿੰਦੋਸਤਾਨ ਨਾਲ ਕਰਨਾ ਚਾਹੁੰਦੇ ਹਨ । ਇਸ ਸੰਧੀ ਨਾਲ ਹਿੰਦੋਸਤਾਨ ਵਰਗੇ ਚਲਾਕ ਸਮਰਾਜ ਜਿਸਨੇ ਐਨੱ.ਪੀ.ਟੀ. ਅਤੇ ਯੂ.ਐਨ ਦੇ ਮਨੁੱਖੀ ਅਧਿਕਾਰਾਂ ਸਬੰਧੀ ਪ੍ਰੋਟੋਕੋਲ ਉਤੇ ਦਸਤਖਤ ਨਹੀਂ ਕੀਤੇ ਹੋਏ, ਨੂੰ ਅਥਾਹ ਤਾਕਤ ਮਿਲ ਜਾਵੇਗੀ । ਹਿੰਦੋਸਤਾਨ ਦੀ ਸੰਸਾਰ ਪੱਧਰ ਦੇ ਖੁਫੀਆ ਵਿੰਗ ਰਾਅ (Raw) ਨੂੰ ਹੁਣੇ ਹੁਣੇ ਅਮਰੀਕਨਾਂ ਨੇ ਮਜ਼ਾਈਲ ਭੇਦਾਂ ਨੂੰ ਚੋਰੀ ਕਰਦਿਆਂ ਰੰਗੇ ਹੱਥੀਂ ਫੜਿਆ ਹੈ ਇਸ ਸਬੰਧੀ ਕੇਸ ਵੀ ਵਸ਼ਿਗਟਨ ਡੀ.ਸੀ. ਦੇ ਇਕ ਜੱਜ ਕੋਲ ਚੱਲ ਰਿਹਾ ਹੈ । ਸਾਨੂੰ ਹਰ ਵੇਲੇ ਇਹ ਯਾਦ ਕਰਾਇਆ ਜਾਂਦਾ ਹੈ ਕਿ ਡਾਕਟਰ ਖਾਨ ਬੜਾ ਭਿਆਨਕ ਬੰਦਾ ਹੈ ਜਿਸ ਨੇ ਇਸ ਤਰ੍ਹਾਂ ਦੀ ਚੋਰੀ ਹਾਲੈਂਡ ਵਿੱਚ ਕੀਤੀ ਸੀ (ਪਰ ਰੰਗੇ ਹੱਥੀਂ ਕਦੇਂ ਨਹੀਂ ਫੜਿਆ ਗਿਆ) ਤੇ ਪਾਕਿਸਤਾਨ ਦਾ ਨਿਉਕਲੀਅਰ ਆਧਾਰ ਬਣਾਇਆ ।

ਫਿਰ ਜੇਕਰ ਰਾਅ ਦੇ ਏਜੰਟ ਚੰਗੇ ਹਨ ਤਾਂ ਮਿਸਟਰ ਖਾਨ ਬੜਾ ਮਾੜਾ ਬੰਦਾ ਕਿਸ ਗੱਲ ਕਰਕੇ ਹੈ ? ਯਕੀਨਨ ਹੀ ਹਿੰਦੂ ਇੰਡੀਆ ਅਮਰੀਕਾ ਵੱਲੋਂ ਦਿੱਤੀ ਪ੍ਰਮਾਣੂ ਟੈਕਨਾਲੋਜੀ ਨੂੰ ਫੌਜੀ ਉਦੇਸ਼ਾਂ ਲਈ ਵਰਤੇਗਾ । ਮਿਸਟਰ ਬੁਸ਼ ਕਾਂਗਰਸ ਨੂੰ ਕਿਵੇ ਯਕੀਨ ਦਿਵਉਣਗੇ ਕਿ ਅਜਿਹਾ ਨਹੀਂ ਹੋਵੇਗਾ ? ਜੇਕਰ ਅਮਰੀਕਾ ਵਾਲੇ ਹਿੰਦ ਇੰਡੀਆ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਵਿੱਚ ਫਸ ਕੇ ਨਿਉਕਲੀਅਰ ਰਿਐਕਟ ਹਿੰਦੋਸਤਾਨ ਨੂੰ ਦੇਣ ਦਾ ਮਨ ਬਣਾ ਚੁੱਕੇ ਹਨ ਤਾਂ ਸਾਡੀ ਪਾਰਟੀ ਦਾ ਅਮਰੀਕਨਾਂ ਨੂੰ ਯੂ.ਐਨ.ਆਈ ਏ.ਈ ਅਤੇ ਐਨ. ਐਸ. ਦੀ ਟੈਰੇਟਰੀ (ਖਿੱਤੇ) ਵਿੱਚ ਯੂ. ਐਨ. ਦੀ ਦੇਖ-ਰੇਖ, ਕੰਟਰੋਲ ਤੇ ਇਸਦੇ ਪ੍ਰਬੰਧ ਹੇਠ ਸਥਾਪਿਤ ਕੀਤੇ ਜਾਣੇ ਚਾਹੀਦੇ ਹਨ । ਇਨ੍ਹਾਂ ਉਤੇ ਹਿੰਦੋਸਤਾਨ ਦਾ ਕੋਈ ਕੰਟਰੋਲ ਨਹੀਂ ਹੋਣਾ ਚਾਹੀਦਾ, ਬਿਲਕੁੱਲ ਉਸੇ ਤਰ੍ਹਾਂ ਜਿਵੇ ਜਨੇਵਾ ਕਨਵੈਸ਼ਨ ਦੇ ਤਹਿਤ ਕਿਸੇ ਵੀ ਬਾਹਰਲੇ ਮੁਲਕ ਦੀ ਹਿੰਦੋਸਤਾਨ ਅੰਦਰ ਅੰਬੈਂਸੀ ਵਿੱਚ ਕੋਈ ਬਾਦਸ਼ਾਹੀ ਜਾਂ ਕੰਟਰੋਲ ਨਹੀਂ ਚੱਲਦਾ ।

ਸਦਰ ਬੁਸ਼ ਨੂੰ ਹਿੰਦੂ ਇੰਡੀਆ ਦੀਆਂ ਦੋਗਲੀਆਂ ਚਲਾਕ ਤੇ ਮਿੱਠੀਆਂ-ਮਿੱਠੀਆਂ

ਮੋਮੋਠਗਣੀਆਂ ਗੱਲਾਂ ਦੇ ਝਾਂਸੇ ਵਿੱਚ ਆਉਣ ਤੋਂ ਪਹਿਲਾਂ ਆਪਣੀ ਸਭ ਤੋਂ ਪਹਿਲੀ ਤਕਰੀਰ ਵਿੱਚ ਆਜ਼ਾਦੀ, ਜ਼ਮਹੂਰੀਅਤ ਅਤੇ ਮਨੁੱਖੀ ਅਧਿਕਾਰ ਸੰਬੰਧੀ ਕੀਤੇ ਵਾਅਦਿਆਂ ਨੂੰ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ । ਇਹ ਵੀ ਹਿੰਦੂ ਸਟੇਟ ਦੀ ਚਲਾਕੀ ਭਰੀ ਪਾਲਿਸੀ ਹੀ ਹੈ ਕਿ ਨਿਉਕਲੀਅਰ ਟੈਸਟਾਂ ਉਪਰ ਰੋਕ ਲਗਾ ਕੇ ਇਹ ਅਮਰੀਕਨਾਂ ਨੂੰ ਆਪਣੇ ਚੰਗੇ ਹੋਣ ਦਾ ਸਬੂਤ ਦੇ ਰਹੇ ਹਨ । ਜੇਕਰ ਇਨ੍ਹਾਂ ਹਿੰਦੂਵਾਦੀਆਂ ਨੇ ਇਕ ਸਿੱਖ (ਮਨਮੋਹਨ ਸਿੰਘ) ਨੂੰ ਆਪਣਾ ਨੁਮਾਇੰਦਾ ਚੁਣਿਆ ਹੈ ਕਿ ਨਾਜ਼ੀਆਂ ਨੇ ਨਾਰਵੇ ਵਿੱਚ ਕੁਇਜ਼ੁਲਿੰਗ ਨੂੰ ਖੜ੍ਹਾ ਕੀਤਾ ਸੀ ਅਤੇ ਫਰਾਂਸ ਵਿੱਚ ਵੀ ਵਿਸ਼ੀ (Vichy) ਸਲਤਨਤ ਖੜ੍ਹੀ ਕੀਤੀ ਸੀ ਜਿਸਦੀ ਅਗਵਾਈ ਇਕ ਸਤਿਕਾਰਯੋਗ ਫਰਾਂਸੀਸੀ ਜਰਨੈਲ Patian ਨੂੰ ਸੌਂਪੀ ਸੀ ।

# ਸਿੱਖਾਂ ਨਾਲ ਧੱਕਾ ਬਰਕਰਾਰ

84 ਦੇ ਸਿੱਖ ਕਤਲੇਆਮ, ਚਿੱਠੀ ਸਿੰਘ ਪੁਰਾ ਅਤੇ ਉਤਰਾਂਚਲ ਪ੍ਰਦੇਸ਼ ਵਿਚਲੀ ਕਾਂਸ਼ੀਪੁਰ ਦੀ ਦਰਦਨਾਕ ਘਟਨਾ ਨੇ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਨੂੰ ਦੱਸ ਦਿੱਤਾ ਹੈ ਕਿ ਬੇਗਾਨੇ ਹੱਥ ਡੋਰ ਨਾਲ ਤੁਹਾਡਾ ਨਿਰਬਾਹ ਨਹੀਂ ਹੋਣਾ ਇਸ ਲਈ ਤੁਹਾਨੂੰ ਆਪਣੀ ਰੱਖਿਆ ਆਪ ਹੀ ਕਰਨੀ ਪੈਣੀ ਹੈ ।

2 ਜਨਵਰੀ, 2006 ਨੂੰ ਪਿੰਡ ਪੱਚਾਵਾਲਾ, ਦੋਹਰੀ ਵਕੀਲ ਰਾਮ ਨਗਰ, (ਕਾਂਸ਼ੀਪੁਰ) ਅਤੇ ਖਰਮਾਸਾ ਦੇ ਲੋਕ ਬੇਖ਼ਬਰ ਬੈਠੇ ਆਪਣੀ ਜ਼ਿੰਦਗੀ ਦੇ ਪਲ ਕੱਟ ਰਹੇ ਸੀ ਉਕਤ ਪਿੰਡਾਂ ਵਿੱਚ ਵੱਸਦੇ ਸਿੱਖ ਭਾਈਚਾਰੇ ਤੇ ਘੱਟ ਗਿਣਤੀ ਲੋਕਾਂ ਨੇ ਇਹ ਗੱਲ ਕਦੇ ਵੀ ਨਹੀਂ ਸੋਚੀ ਕਿ 2 ਜਨਵਰੀ ਦਾ ਦਿਨ ਉਹਨਾਂ ਲਈ ਮਨਹੂਸ ਹੈ । ਉਹਨਾਂ ਨੂੰ ਯਕੀਨ ਸੀ ਕਿ ਉਤਰਾਂਚਲ ਪ੍ਰਦੇਸ਼ ਦੀ ਸਰਕਾਰ ਉਹਨਾਂ ਨਾਲ ਧੱਕਾ ਨਹੀਂ ਕਰੇਗੀ । ਉਹਨਾਂ ਦੇ ਖੁਸ਼ੀਆਂ ਭਰੇ ਪਲ ਮੁਸੀਬਤ ਵਿੱਚ ਉਸ ਵਕਤ ਬਦਲ ਗਏ ਜਦੋਂ ਬਿਨਾ ਕੋਈ ਸੂਚਨਾ ਦਿੱਤਿਆਂ ਸਰਕਾਰ ਦੇ ਇਸ਼ਾਰਿਆਂ ਉਤੇ ਪ੍ਰਸ਼ਾਸਨ ਦੁਆਰਾ ਪਿੰਡ ਦੋਹਰੀ ਵਕੀਲ ਅਸਕਾਰਟ

ਫਾਰਮ ਅਪਰੇਸ਼ਨ ਸਵੇਰੇ ਪੰਜ ਵਜੇ ਸ਼ੁਰੂ ਕੀਤਾ ਗਿਆ ਦੋਹਰੀ ਵਕੀਲ ਰਾਮ ਨਗਰ (ਕਾਂਸ਼ੀਪੁਰ) ਦੇ ਸਰਪੰਚ ਪਰਮਜੀਤ ਸਿੰਘ ਅਨੁਸਾਰ ਜਦੋਂ ਉਕਤ ਅਪ੍ਰੇਸ਼ਨ ਸ਼ੁਰੂ ਹੋਇਆ ਉਸ ਸਮੇਂ ਬਹੁਤ ਸਾਰੇ ਲੋਕ ਅਰਾਮ ਕਰ ਰਹੇ ਸੀ ਕੁਝ ਗੁਰਸਿੱਖ ਇਸ਼ਨਾਨ ਕਰਕੇ ਨਿੱਤਨੇਮ ਵਿੱਚ ਰੁੱਝੇ ਹੋਏ ਸੀ। ਕੋਈ -ਕੋਈ ਸੁਆਣੀ ਉਠ ਕੇ ਚੌਂਕੇ ਚੁੱਲ੍ਹੇ ਦਾ ਕੰਮ ਕਰ ਰਹੀ ਸੀ। ਉਸ ਵਕਤ ਉਤਰਾਂਚਲ ਪ੍ਰਦੇਸ਼ ਦੀ ਪੂਰੀ ਫੋਰਸ ਜਿਸ ਦੀ ਆਗਵਾਈ 35 ਐਸ.ਡੀ.ਐਮ. ਅਤੇ ਪੀ.ਏ. ਸੀ ਦੇ 4000 ਦੇ ਕਰੀਬ ਜਵਾਨਾਂ ਨੇ ਪਿੰਡ ਪੰਚਾਵਾਲਾ, ਦੋਹਰੀ ਵਕੀਲ, ਰਾਮ ਨਗਰ ਕਾਂਸ਼ੀਪੁਰ ਅਤੇ ਖਰਮਾਸਾ ਨੂੰ ਚਾਰ ਸੈਕਟਰਾਂ ਵਿੱਚ ਵੰਡਕੇ ਘੇਰੇ ਵਿੱਚ ਲੈ ਲਿਆ ਆਪਣੇ ਘਰਾਂ ਵਿੱਚ ਬੇਖ਼ਬਰ ਸੁੱਤੇ ਪਏ ਲੋਕਾਂ ਦੇ ਮਕਾਨਾਂ ਉਤੇ ਇਕ ਦਮ ਹੀ ਬੁਲਡੋਜ਼ਰਾਂ ਨਾਲ ਹਮਲਾ ਕਰਕੇ ਮਕਾਨਾਂ ਨੂੰ ਤੋੜਨਾ ਸ਼ੁਰੂ ਕਰ ਦਿੱਤਾ।

ਚਾਰੇ ਪਾਸਿਆਂ ਤੋਂ ਘੇਰੇ ਉਕਤ ਪਿੰਡਾਂ ਵਿੱਚੋਂ ਸੈਕਟਰ ਨੰਬਰ 2 ਵਿੱਚ ਪਹਿਲਾਂ ਫੋਰਸ ਨੇ ਹਮਲਾ ਕਰਕੇ ਉਮ ਪ੍ਰਕਾਸ਼ ਦਾ ਮਕਾਨ ਢਾਹਿਆ ਫੇਰ ਜਰਨੈਲ ਸਿੰਘ, ਵੀਰ ਸਿੰਘ, ਕਾਰਜ ਸਿੰਘ ਅਤੇ ਜਰਨੈਲ ਸਿੰਘ ਦੇ ਮਕਾਨਾਂ ਉਤੇ ਬੁਲਡੋਜ਼ਰ ਆਣ ਚੜਾਏ। ਉਸ ਫਾਰਮ ਵਿੱਚ ਵੱਸਦੇ ਕਿਸਾਨਾਂ ਨੇ ਪ੍ਰਸ਼ਾਸਨ ਦੀ ਕਾਰਵਾਈ ਦਾ ਵਿਰੋਧ ਕਰਦਿਆਂ ਜਦੋਂ ਮਕਾਨ ਢਾਹੇ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਪੁਲੀਸ ਤੇ ਪੀ.ਏ.ਸੀ. ਦੇ ਅਫ਼ਸਰ ਨੇ ਉਹਨਾਂ ਦੀ ਇਕ ਨਾ ਸੁਣੀ ਸਗੋਂ ਵਿਰੋਧ ਕਰ ਰਹੇ ਕਿਸਾਨਾਂ ਉਤੇ ਲਾਠੀਚਾਰਜ ਸ਼ੁਰੂ ਕਰ ਦਿੱਤਾ। ਪੁਲੀਸ ਦੀ ਇਸ ਨਿੰਦਣਯੋਗ ਕਾਰਵਾਈ ਕਰਕੇ ਕਿਸਾਨਾਂ ਨੂੰ ਗੰਭੀਰ ਸੱਟਾਂ ਲੱਗੀਆਂ ਜਿਸ ਵਿੱਚ ਅਮਰੀਕ ਸਿੰਘ ਪੁੱਤਰ ਕਪੂਰ ਸਿੰਘ ਅਤੇ ਕਾਰ ਸੇਵਾ ਕਾਂਸ਼ੀਪੁਰ ਦੇ ਬਾਬਾ ਹਰਭਜਨ ਸਿੰਘ, ਕਾਬਲ ਸਿੰਘ, ਜਗਜੀਤ ਸਿੰਘ ਬੁਰੀ ਤਰ੍ਹਾਂ ਜਖ਼ਮੀ ਹੋਏ। ਇਸ ਕਾਰਵਾਈ ਦੌਰਾਨ ਕਈ ਬੱਚੇ, ਬੁੱਢੇ ਅਤੇ ਔਰਤਾਂ ਇਸ ਲਾਠੀਚਾਰਜ ਦੀ ਲਪੇਟ ਵਿੱਚ ਆਈਆਂ।

ਹਜ਼ਾਰਾਂ ਦੀ ਗਿਣਤੀ ਵਿੱਚ ਪੁਲੀਸ ਦੇ ਜਵਾਨ ਦੇਖਕੇ ਲੋਕਾਂ ਦੀ ਪੇਸ਼ ਨਾ ਗਈ ਹਾਹਾਕਾਰ ਮੱਚ ਗਈ ਤਾਂ ਲੋਕਾਂ ਲਈ ਦੂਸਰਾ ਪਾਕਿਸਤਾਨ ਬਣ ਗਿਆ। ਲੋਕ ਕੁੱਟ-ਮਾਰ ਖਾ ਕੇ ਆਪਣੇ ਘਰਾਂ ਅੰਦਰ ਪਿਆ ਕੀਮਤੀ ਸਮਾਨ ਬਚਾਉਣ ਲੱਗੇ। ਲੋਕਾਂ ਵਿੱਚ ਭਗਦੜ ਮੱਚ ਗਈ। ਪੁਲੀਸ ਨੇ ਉਕਤ ਅਪਰੇਸ਼ਨ ਦਾ ਵਿਰੋਧ ਕਰ ਰਹੇ 80 ਦੇ ਕਰੀਬ ਵਿਅਕਤੀਆਂ

ਨੂੰ ਕਾਬੂ ਕਰ ਲਿਆ ਸੀ । ਅਪਰੇਸ਼ਨ ਕਰ ਰਹੇ ਸਰਕਾਰੀ ਮੁਲਾਜ਼ਮਾਂ ਤੇ ਅਫਸਰਾਂ ਵਿਰੁੱਧ ਲੋਕਾਂ ਦਾ ਗੁੱਸਾ ਭੜਕ ਪਿਆ ਪੂਰੇ ਰਾਜ ਵਿੱਚੋਂ ਸਿਰਫ ਕਾਂਗਰਸ ਪਾਰਟੀ ਨੂੰ ਛੱਡਕੇ ਬਾਕੀ ਸਮੁੱਚੀਆਂ ਧਿਰਾਂ ਵੱਲੋਂ ਆਸਕਾਰਟ ਦੇ ਕਿਸਾਨਾਂ ਨੂੰ ਸਹਿਯੋਗ ਦਿੱਤਾ । ਪੁਲੀਸ ਨੇ ਕਿਸੇ ਦੀ ਕੋਈ ਵੀ ਅਪੀਲ ਦਲੀਲ ਨਾ ਸੁਣਦਿਆਂ ਹੋਇਆਂ ਗਰੀਬ ਸਿੱਖਾਂ ਤੇ ਘੱਟ ਗਿਣਤੀ ਲੋਕਾਂ ਦੇ ਬਾਰਾਂ ਮਕਾਨ ਤੇ.13 ਝੋਪੜੀਆਂ ਢਾਹ ਦਿੱਤੀਆਂ । ਦੋ ਤਿੰਨ ਘਰਾਂ ਨੂੰ ਅੱਗ ਲਾ ਦਿੱਤੀ । ਤਿੰਨ ਜਨਵਰੀ ਨੂੰ ਪੂਰੇ ਇਲਾਕੇ ਦੀ ਘੇਰਾ ਬੰਦੀ ਕਰੀ ਰੱਖੀ ।

4 ਜਨਵਰੀ 2006 ਨੂੰ ਫੇਰ ਅਪਰੇਸ਼ਨ ਸ਼ੁਰੂ ਕਰ ਦਿੱਤਾ ਜਿਸ ਵਿੱਚ ਜੇ.ਸੀ.ਵੀ. ਮਸ਼ੀਨਾਂ ਨਾਲ 12 ਮਕਾਨ ਫੇਰ ਢੇਰੀ ਕਰ ਦਿੱਤੇ ਗਏ । ਸਿੱਖ ਭਾਈਚਾਰੇ ਨਾਲ ਸਬੰਧਤ ਲੋਕਾਂ ਦੇ ਹੀ ਮਕਾਨ ਢਾਹੇ ਗਏ ਹਨ । ਉਕਤ ਢਾਹੇ ਮਕਾਨਾਂ ਵਿੱਚੋਂ ਬਾਰਾਂ ਦਲਿਤਾਂ ਦੇ ਜਿਹਨਾਂ ਵਿੱਚ ਬੰਗਾਲੀ ਜਾਦ ਤੇ ਸਿੰਧੀ ਲੋਕ ਸਨ ਸ਼ਾਮਲ ਸਨ ।

ਪ੍ਰਸ਼ਾਸਨ ਨੇ ਸੁਪਰੀਮ ਕੋਰਟ ਦਾ ਹੁਕਮ ਦੱਸਕੇ ਇਹ ਕਹਿਰ ਗੁਜਾਰਿਆ ਸੀ ਅਸਕਾਰਟ ਫਾਰਮ ਦੀ 1128 ਏਕੜ ਜ਼ਮੀਨ ਉਤੇ ਕਬਜਾ ਕਰਨ ਦੀ ਮੰਨਸਾ ਨਾਲ ਪ੍ਰਸ਼ਾਸ਼ਨ ਮਕਾਨਾਂ ਦੇ ਨਾਲ ਨਾਲ ਖੇਤਾਂ 'ਚ ਖੜੀਆਂ ਤਿਆਰ ਹੋਈਆਂ ਫਸਲਾਂ ਦੀ ਬਰਬਾਦ ਕਰਕੇ ਉਜਾੜੇ ਗਏ ਕਿਸਾਨਾਂ ਨੂੰ ਦੁਹਰੀ ਤਿਹਰੀ ਮਾਰ ਮਾਰੀ । ਖੜੀਆਂ ਫਸਲਾਂ ਵਿੱਚ ਆਲੂ, ਸਰੋਂ ਗੰਨਾ, ਕਣਕ ਤੋਂ ਇਲਾਵਾ ਪਸ਼ੂਆਂ ਲਈ ਬੀਜਿਆ ਚਾਰਾ ਆਦਿ ਵਾਹ ਦਿੱਤਾ ਸੀ ।

ਉਜਾੜੇ ਹੋਏ ਕਿਸਾਨਾਂ ਵਿੱਚੋਂ ਕੁਝ ਕਹਿਰ ਦੀ ਸਰਦੀ ਵਿੱਚ,ਕੁਝ ਗੁਰਦੁਆਰਾ ਸਹਿਬ ਵਿੱਚ, ਕੁੱਝ ਆਪਣੀਆਂ ਰਿਸ਼ਤੇਦਾਰੀਆਂ ਵਿੱਚ ਜਾ ਬੈਠੇ ਸੀ । ਜਿਆਦਾਤਰ ਲੋਕ ਆਪਣੇ ਢਾਹੇ ਹੋਏ ਮਕਾਨਾਂ ਕੋਲ ਹੀ ਪੱਲੀਆਂ ਦੇ ਤੰਬੂ ਬਣਾਕੇ ਸਰਕਾਰ ਨੂੰ ਕੋਸਦੇ ਹੋਏ ਦਿਨ ਕੱਟ ਰਹੇ ਸੀ । ਇਥੇ ਜਿਕਰ ਯੋਗ ਹੈ ਕਿ 1971 ਵਿੱਚ ਸੀਲਿੰਗ ਐਕਟ ਲਾਗੂ ਹੋਇਆ ਸੀ । ਉਸ ਸਮੇਂ ਪਿੰਡ ਪੰਗਵਾਲਾ, ਰਾਮ ਨਗਰ, ਕਾਸ਼ੀਪੁਰ, ਬਰਗਾੜਾ ਅਤੇ ਦੋਹਰੀ ਵਕੀਲ ਲਈ 1128 ਏਕੜ ਜ਼ਮੀਨ ਤੇ ਸੀਲਿੰਗ ਲਾਗੂ ਹੋਈ ਸੀ । ਅਸਕਾਰਟ ਕੰਪਨੀ ਦੁਆਰਾ ਪ੍ਰੇਮ ਨਾਥ ਦੀ ਦੇਖ ਰੇਖ ਵਿੱਚ ਸੌਪਿਆ ਗਿਆ । ਉਸਨੇ ਇਸ ਜ਼ਮੀਨ ਨੂੰ ਆਪਣੇ ਰਿਸ਼ਤੇਦਾਰਾਂ ਅਤੇ ਸਬੰਧੀਆਂ ਦੇ ਨਾਂ ਉਤੇ 1128 ਏਕੜ ਜ਼ਮੀਨ ਨੂੰ ਇਕ ਦਿਨ ਵਿੱਚ 12.50 ਏਕੜ ਦੇ

ਹਿਸਾਬ ਨਾਲ 84 ਰਜਿਸਟਰੀਆਂ ਕਰਵਾਈਆਂ ਸੀ । ਇਸ ਜ਼ਮੀਨ ਦਾ ਮੁਖਤਿਆਰਨਾਮਾ ਕੰਪਨੀ ਦੇ ਮੈਨੇਜ਼ਰ ਕੇਦਾਰ ਨਾਥ ਨੇ ਆਪਣੇ ਪੁੱਤਰ ਰਾਜਨ ਮਹਿਤਾ , ਸੁਭਾਸ਼ ਮਹਿਤਾ, ਅਸ਼ੋਕ ਮਹਿਤਾ, ਅਤੇ ਦੀਪਕ ਮਹਿਤਾ ਦੇ ਨਾਂ ਕਰ ਦਿੱਤਾ ਸੀ । ਇਹਨਾਂ ਇਹ ਜ਼ਮੀਨ ਸਿੱਖ ਕਿਸਾਨਾਂ ਅਤੇ ਹੋਰਾਂ ਨੂੰ ਵੇਚਣੀ ਸ਼ੁਰੂ ਕਰ ਦਿੱਤੀ ਸੀ । 500 ਦੇ ਕਰੀਬ ਕਿਸਾਨਾਂ ਨੇ ਇਹ ਜ਼ਮੀਨ ਨੂੰ ਖਰੀਦ ਲਿਆ ਸੀ । ਇਹਨਾਂ ਕੋਲ ਸਾਰੇ ਸਬੂਤ ਹਨ । ਕੰਪਨੀ ਸਰਕਾਰ ਦੀ ਮਿਲੀ ਭੁਗਤ ਨਾਲ ਇਸ ਕਾਰਨਾਮੇ ਨੂੰ ਸਰੇ-ਅੰਜ਼ਾਮ ਦੇ ਕੇ ਵੱਸਦੇ ਰੱਸਦੇ ਕਿਸਾਨਾਂ ਨੂੰ ਘਰੋਂ ਬੇਘਰ ਕਰ ਦਿੱਤਾ ਹੈ ।

1995 ਵਿੱਚ ਨੈਨੀਤਾਲ ਦੇ ਵਧੀਕ ਸੈਸ਼ਨ ਜੱਜ ਨੇ ਫੈਸਲੇ ਵਿੱਚ ਨਿਯਮਾਂ ਅਨੁਸਾਰ ਕਾਰਵਾਈ ਦੇ ਆਦੇਸ਼ ਦਿੱਤੇ ਸਨ । ਨਿਯਮਾਂ ਅਨੁਸਾਰ ਸੀਲਿੰਗ ਦੀ ਜ਼ਮੀਨ ਬੇਜ਼ਮੀਨੇ ਅਤੇ ਪੱਛੜੀਆਂ ਜਾਤੀਆਂ ਦੇ ਲੋਕਾਂ ਨੂੰ ਮਿਲ ਸਕਦੀ ਹੈ । ਕਾਸ਼ਤਕਾਰ ਕਾਬਜ਼ਾਂ ਨੂੰ ਨਹੀਂ । ਸਰਕਾਰ ਨੇ 47 ਪਰਿਵਾਰਾਂ ਨੂੰ ਦੋ-ਦੋ ਏਕੜ ਦੇ ਪਟੇ ਇਕੋ ਦਿਨ ਹੀ ਕੱਟ ਦਿੱਤੇ ਸਨ ਉਸ ਤੋਂ ਮਗਰੋਂ ਮਹਿਤਾ ਪਰਿਵਾਰ ਨੇ ਸੁਪਰੀਮ ਕੋਰਟ ਵਿੱਚੋ ਸਟੇਅ ਲੈ ਕੇ ਸਰਕਾਰ ਦਾ ਕੰਮ ਰੋਕ ਦਿੱਤਾ ਸੀ ।

ਕਾਸ਼ੀਪੁਰ ਉਜਾੜੇ ਮਗਰੋਂ ਪੰਜਾਬ ਦੀ ਇਕ ਸਿੱਖ ਸੰਸਥਾ ਨੇ ਉਕਤ ਉਜਾੜੇ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਅਪੀਲ ਲਾ ਕੇ ਸਟੇਅ ਲਈ ਹੈ । ਇਸ ਤੋਂ ਮਗਰੋਂ ਐਸਕਾਰਟ ਫਾਰਮ ਤੋਂ ਬਾਹਰ ਵੱਸਦੇ ਸਿੱਖ ਇਹ ਮਹਿਸੂਸ ਕਰ ਰਹੇ ਹਨ ਕਿ ਕਾਨੂੰਨ ਉਹਨਾਂ ਦੀ ਰੱਖਿਆ ਕਰ ਰਿਹਾ ਹੈ । ਪਰ ਸੁਪਰੀਮ ਕੋਰਟ ਦਾ ਇਹ ਫੈਸਲਾ ਲੈਂਡ ਸੀਲਿੰਗ ਐਕਟ ਦੇ ਲਾਗੂ ਹੋਣ ਤੋਂ ਪਹਿਲਾਂ ਜ਼ਮੀਨ ਖਰੀਦਣ ਵਾਲੇ ਕਿਸਾਨਾਂ ਦੀ ਮਦਦ ਕਰੇਗਾ ਜਿਹਨਾਂ ਨੇ 1965 ਤੋਂ 70ਵਿਆਂ ਦੇ ਦਰਮਿਆਨ ਹੀ ਜ਼ਮੀਨ ਦੀ ਖਰੀਦ ਕੀਤੀ ਹੈ । ਪਤਾ ਲੱਗਿਆ ਹੈ 1971 ਤੋਂ ਪਹਿਲਾਂ ਕੁਝ ਕੁ ਲੋਕਾਂ ਨੇ ਜ਼ਮੀਨ ਖਰੀਦੀ ਸੀ । ਪੰਜਾਬ ਵਿੱਚੋਂ ਗਏ ਬਹੁਤ ਸਾਰੇ ਕਿਸਾਨਾਂ ਨੇ 1975 ਮਗਰੋਂ ਜ਼ਮੀਨਾਂ ਖਰੀਦੀਆਂ ਹਨ । ਉਜਾੜੇ ਗਏ ਲੋਕਾਂ ਨੂੰ ਇਹ ਸਵਾਲ ਤੰਗ ਪ੍ਰੇਸ਼ਾਨ ਕਰ ਰਿਹਾ ਹੈ ਕਿ ਜੇ ਮਹਿਤਾ ਪਰਿਵਾਰ ਦੀ ਮਾਲਕੀ ਵਾਲੀ ਜ਼ਮੀਨ ਦਾ ਸਰਕਾਰ ਨਾਲ ਕੇਸ ਚੱਲ ਰਿਹਾ ਸੀ ਤਾਂ ਸਰਕਾਰ ਨੇ ਉਹ ਜ਼ਮੀਨ ਅੱਗੇ ਵੇਚਣ ਉਤੇ ਰੋਕ ਕਿਉਂ ਨਾ ਲਗਾਈ ? ਕਿਸਾਨਾਂ ਦੇ ਰਾਸ਼ਨ ਕਾਰਡ, ਅਸਥਾਈ ਆਵਾਸ ਪੱਤਰ

ਅਤੇ ਵੋਟਾਂ ਬਣਾਉਣ, ਬਿਜਲੀ ਦੇ ਕਨੈਕਸ਼ਨ ਲੈਣ ਅਤੇ ਟੈਲੀਫੋਨ ਆਦਿ ਲਗਾਉਣ ਵੇਲੇ ਉਹਨਾਂ ਨੂੰ ਸਰਕਾਰ ਵੱਲੋਂ ਜਾਣਕਾਰੀ ਕਿਉਂ ਨਾ ਦਿੱਤੀ ਗਈ ? ਜ਼ਮੀਨ ਦੀ ਖਰੀਦ ਸਮੇਂ ਪੜਤਾਲ ਕਰਨ ਵਾਲੇ ਪਟਵਾਰੀਆਂ ਜਾਂ ਹੋਰ ਕਰਮਚਾਰੀਆਂ ਨੂੰ ਲੈਂਡ ਸੀਲਿੰਗ ਐਕਟ ਬਾਰੇ ਧੋਖੇ ਵਿੱਚ ਕਿਉ ਰੱਖਿਆ ਹੈ ? ਇਸ ਵਿੱਚ ਕੋਈ ਸ਼ੱਕ ਨਹੀਂ ਜਦੋਂ ਕਿਸੇ ਨੂੰ ਕਾਨੂੰਨ ਬਾਰੇ ਜਾਣਕਾਰੀ ਨਹੀਂ ਤਾਂ ਉਹ ਉਸਦੀ ਮਾਰ ਤੋਂ ਬਚ ਵੀ ਨਹੀਂ ਸਕਦਾ । ਸਰਕਾਰ ਨੇ ਮਹਿਤਾ ਪਰਿਵਾਰ ਨੂੰ 20 ਵਰੇ ਵਾਦ ਵਿਵਾਦ ਗ੍ਰਸਤ ਜ਼ਮੀਨ ਵੇਚਣ ਦੀ ਖੁੱਲ੍ਹ ਕਿਉਂ ਦਿੱਤੀ ਸੀ ।

ਉਜਾੜੇ ਦੀ ਮਾਰ ਝੱਲ ਰਹੇ ਸਿੱਖਾਂ ਲਈ ਸਿੱਖਾਂ ਦੀ ਸਿਰਮੋਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੀ ਖਮੋਸ਼ ਰਹੇ । ਉਸਨੇ ਸਿੱਖਾਂ ਦੇ ਮੁੜ ਵਸੇਬੇ ਬਾਰੇ ਕੁਝ ਨਹੀਂ ਸੋਚਿਆ । ਕਿੰਨੀ ਹੈਰਾਨੀ ਦੀ ਗੱਲ ਹੈ ਕਿ ਪਟਿਆਲਾ ਵਿਖੇ ਪਰੌਂਠਾ ਰੇੜ੍ਹੀ ਯੂਨੀਅਨ ਦਾ ਪ੍ਰਧਾਨ ਸੜਕੇ ਮਰਦਾ ਹੈ ਤਾਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਸ੍ਰ ਪ੍ਰਕਾਸ਼ ਸਿੰਘ ਬਾਦਲ ਦੇ ਕਹਿਣ ਉਤੇ ਸਿੱਖ ਮਰਿਆਦਾ ਦੇ ਉਲਟ ਖੁਦਕੁਸ਼ੀ ਕਰਨ ਲਈ ਉਤਸ਼ਾਹਤ ਕਰਨ ਵਾਸਤੇ ਖੁਦਕੁਸ਼ੀ ਕਰਨ ਵਾਲੇ ਗੈਰ-ਸਿੱਖ ਨੂੰ ਇਕ ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕਰਦਾ ਹੈ । ਕਾਂਸ਼ੀਪੁਰ ਵਿੱਚ ਜਿਹਨਾਂ ਦੀਆਂ ਜ਼ਮੀਨਾਂ ਤੇ ਘਰਾਂ ਉਤੇ ਕਬਜ਼ੇ ਕਰਕੇ ਉਨ੍ਹਾਂ ਨੂੰ ਸਿੱਖ ਹੋਣ ਦੀ ਸਜ਼ਾ ਦਿੱਤੀ ਜਾ ਰਹੀ ਹੈ ਉਹਨਾਂ ਨੂੰ ਸ਼੍ਰੋਮਣੀ ਕਮੇਟੀ ਨੇ ਇਕ ਪੈਸਾ ਵੀ ਸਹਾਇਤਾ ਨਹੀਂ ਦਿੱਤੀ । ਫੇਰ ਕਿਵੇਂ ਉਮੀਦ ਕੀਤੀ ਜਾ ਸਕਦੀ ਹੈ ਕਿ ਸਿੱਖੀ ਪ੍ਰਫੁੱਲਤ ਹੋਵੇਗੀ । ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਾਂ ਉਪਦੇਸ਼ ਹੈ - ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛੱਕਣਾ । ਕੀ ਸ਼੍ਰੋਮਣੀ ਕਮੇਟੀ ਇਸ ਉਤੇ ਪੂਰੀ ਉਤਰ ਰਹੀ ਹੈ ?

ਕਿੰਨੇ ਅਫਸੋਸ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਲੱਖਾਂ ਰੁਪਏ ਗੁਰੂ ਘਰਾਂ ਦੀ ਆਮਦਨ ਵਿੱਚੋਂ ਕੱਢ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਦੇ ਬੋਲਣ ਲਈ ਸਟੇਜਾਂ ਉਤੇ ਲਾ ਸਕਦੀ ਹੈ ਜਾਂ ਲੋਕਾਂ ਨੂੰ ਬਾਦਲ ਦੀਆਂ ਕਾਨਫਰੰਸਾਂ ਵਿੱਚ ਲਿਆਉਣ ਤੇ ਲੰਗਰ ਲਾਉਣ ਉਤੇ ਖਰਚ ਸਕਦੀ ਹੈ ਪਰ ਮੁਸੀਬਤ ਵਿੱਚ ਫਸੇ ਸਿੱਖਾਂ ਦੀ ਮਦਦ ਨਹੀਂ ਕਰ ਸਕਦੀ ।

ਇਹ ਕਲਮ ਉਤਰਾਂਚਲ ਪ੍ਰਦੇਸ਼ ਦੀਆਂ ਉਹਨਾਂ ਸੰਗਤਾਂ ਦੀ ਜਿਨ੍ਹਾਂ ਕਾਂਸ਼ੀਪੁਰ ਉਜਾੜੇ ਵਿਰੁੱਧ ਆਵਾਜ਼ ਉਠਾਉਂਦਿਆਂ ਉਜੜਨ ਵਾਲਿਆਂ ਦਾ ਸਾਥ ਦਿੱਤਾ ਹੈ ਹੋਰਨਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਚੌਧਰੀ ਰਾਏ ਸਿੰਘ, ਵਿਧਾਇਕ

ਹਰਜਨ ਸਿੰਘ ਚੀਮਾਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ 'ਮਾਨ' ਦਲਜੀਤ ਸਿੰਘ 'ਬਿੱਟੂ', ਸੁਰਿੰਦਰ ਪਾਲ ਸਿੰਘ ਠਰੂਆ, ਕਿਸਾਨ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਪ੍ਰੀਤਮ ਸਿੰਘ ਸੰਧੂ, ਸਤਨਾਮ ਸਿੰਘ, ਕਰਮ ਸਿੰਘ ਪੱਡਾ, ਜੀਤ ਸਿੰਘ ਚੀਮਾਂ, ਕੁਲਦੀਪ ਸਿੰਘ ਚੀਮਾਂ, ਲੱਖਾ ਸਿੰਘ, ਅਵਤਾਰ ਸਿੰਘ, ਸੁਖਵੰਤ ਸਿੰਘ, ਹਰਵਿੰਦਰ ਸਿੰਘ ਲਾਡੀ ਤੇ ਅਰਵਿੰਦ ਪਾਂਡੇ ਦੀ ਸਦਾ ਰਿਣੀ ਹੈ ਜਿਨ੍ਹਾਂ ਯੋਜਨਾਬੱਧ ਤਰੀਕੇ ਨਾਲ ਸੰਘਰਸ਼ ਨੂੰ ਜਾਰੀ ਰੱਖਦਿਆਂ ਹੋਇਆਂ ਉਥੋਂ ਦੀ ਸਰਕਾਰ ਨੂੰ ਉਜਾੜੇ ਗਏ ਸਿੱਖਾਂ ਤੇ ਘੱਟ ਗਿਣਤੀ ਲੋਕਾਂ ਦੀਆਂ ਅੱਖਾਂ ਪੂੰਝਣ ਲਈ ਮਜ਼ਬੂਰ ਤਾਂ ਕੀਤਾ ਹੈ ।

# ਵਧੂਕੇ

# ਦਰਿੰਦਗੀ ਦਾ ਸ਼ਿਕਾਰ - ਸਰਦਾਰ ਖਾਲੜਾ

ਭਾਰਤੀ 'ਕਾਨੂੰਨ ਦੇ ਰਾਖੇ' ਨਿਰਦੋਸ਼ ਸਿੱਖਾਂ ਨੂੰ ਉਹਨਾਂ ਦੇ ਘਰਾਂ ਵਿੱਚੋਂ ਚੁੱਕ ਕੇ ਜਾਂ ਥਾਣਿਆਂ ਵਿੱਚ ਸੱਦ ਕੇ ਅਣਮਨੁੱਖੀ ਤਸ਼ੱਦਦ ਕਰਨ ਮਗਰੋਂ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰਕੇ ਲੰਮਾ ਸਮਾਂ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਰਹੇ। ਆਪਣੇ ਹੱਕਾਂ ਲਈ ਲੜਾਈ ਲੜਦੇ ਸਿੱਖ ਨੌਜਵਾਨਾਂ, ਬਜ਼ੁਰਗਾਂ, ਇਸਤ੍ਰੀਆਂ ਅਤੇ ਬੱਚਿਆਂ ਉਤੇ ਪੁਲੀਸ ਅਤੇ ਨੀਮ ਸੁਰੱਖਿਆ ਬਲਾਂ ਨੇ 1984 ਤੋਂ 94 ਤੱਕ ਇਕ ਦਹਾਕਾ ਜੋ ਅੱਤਿਆਚਾਰ ਕੀਤਾ ਉਸਦੀ ਸ਼ਾਇਦ ਹੀ ਦੁਨੀਆ ਵਿੱਚੋਂ ਕਿਤੇ ਮਿਸਾਲ ਮਿਲੇ। ਸਿੱਖ ਵਿਰੋਧੀ ਲੌਬੀ ਦੇ ਇਸ਼ਾਰਿਆਂ ਉਤੇ ਪੁਲੀਸ ਨੇ ਪੰਜਾਬ, ਹਰਿਆਣਾ, ਦਿੱਲੀ ਅਤੇ ਹੋਰ ਰਾਜਾਂ ਵਿੱਚ ਇੰਟਰਨੈਸ਼ਨਲ ਹਿਊਮਨ ਰਾਈਟਸ ਅਤੇ ਦੇਸ਼ ਵਿੱਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੰਮ ਕਰਦੀਆਂ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਂਦਿਆਂ 70,000 ਮਰਦ, ਔਰਤਾਂ ਅਤੇ ਬੱਚਿਆਂ ਨੂੰ ਮੌਤ ਦੇ ਘਾਟ ਉਤਾਰਿਆ ਹੈ ਜਿਹਨਾਂ ਵਿੱਚੋਂ 25000 ਇਕੱਲੇ ਪੰਜਾਬ ਦੇ ਉਹ ਵਿਅਕਤੀ ਹਨ ਜਿਹਨਾਂ ਨੂੰ ਪੁਲੀਸ ਨੇ ਘਰਾਂ ਵਿੱਚੋਂ ਚੁੱਕ ਕੇ ਅਣਮਨੁੱਖੀ ਤਸ਼ੱਦਦ ਰਾਹੀਂ ਜਾਂ ਫਰਜ਼ੀ ਮੁਕਾਬਲਿਆਂ ਵਿੱਚ

ਮਾਰਕੇ ਉਹਨਾਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਕਹਿਕੇ ਵੱਖ-ਵੱਖ ਸ਼ਮਸ਼ਾਨ ਘਾਟਾਂ ਵਿੱਚ ਸਾੜਿਆ ਹੈ ।

ਘਰਾਂ ਵਿੱਚੋਂ ਪੁਲੀਸ ਵੱਲੋਂ ਚੁੱਕੇ ਬੱਚਿਆਂ ਦੀ ਭਾਲ ਵਿੱਚ ਭਟਕਦੇ ਬਜ਼ੁਰਗ ਮਾਪਿਆ ਨੂੰ ਖਪਾਏ ਗਏ ਵਿਅਕਤੀਆਂ ਦੀਆਂ ਜਿੱਥੇ ਲਾਸ਼ਾਂ ਨਸੀਬ ਨਹੀਂ ਹੋਈਆਂ, ਉਥੇ ਪੁਲੀਸ ਨੇ ਉਹਨਾਂ ਦੇ ਬਿਆਨਾਂ ਉਤੇ ਕੋਈ ਕਾਰਵਾਈ ਨਹੀਂ ਕੀਤੀ, ਸਗੋਂ ਇਹਨਾਂ ਘਟਨਾਵਾਂ ਨੂੰ ਬੁਝਾਰਤ ਬਣਾਈ ਰੱਖਣ ਲਈ ਪੁਲੀਸ ਨੇ ਚੋਰ ਨਾਲੇ ਚੁਤਰਾਈ ਵਾਲੀ ਨੀਤੀ ਉਤੇ ਚਲਦਿਆਂ ਉਹਨਾਂ ਦੇ ਘਰਾਂ ਵਿੱਚ ਗੇੜਾ ਜਾਰੀ ਰੱਖਿਆ ਤੇ ਡੰਡੇ ਦੇ ਜ਼ੋਰ ਤੇ ਉਹਨਾਂ ਦੇ ਬੱਚਿਆਂ, ਧੀਆਂ-ਭੈਣਾਂ ਤੇ ਬਜ਼ੁਰਗ ਮਾਪਿਆਂ ਨੂੰ ਮੂੰਹ ਬੰਦ ਰੱਖਣ ਲਈ ਮਜ਼ਬੂਰ ਕੀਤਾ ।

ਗੁਰੂਆਂ, ਪੀਰ-ਫਕੀਰਾਂ, ਰਿਸ਼ੀਆਂ-ਮੁਨੀਆਂ ਅਤੇ ਅਵਤਾਰਾਂ ਦੇ ਵਰਸੋਏ ਪੰਜਾਬ ਦੀ ਧਰਤੀ ਜਿਸ ਦੇ ਸਿਰਲੱਥ ਯੋਧਿਆਂ ਨੇ ਬਾਹਰੀ ਧਾੜਵੀਆਂ ਤੇ ਜਰਵਾਣਿਆਂ ਦੇ ਜਬਰ ਜ਼ੁਲਮ ਦਾ ਟਾਕਰਾ ਕਰਦਿਆਂ ਕਦੇ ਧੀਆਂ-ਭੈਣਾਂ ਦੀ ਇੱਜ਼ਤ-ਆਬਰੂ ਨੂੰ ਬਚਾਉਣ ਲਈ ਜਾਨਾਂ ਜ਼ੋਖਮ ਵਿੱਚ ਪਾਈਆਂ ਸਨ । ਉਸ ਪੰਜਾਬ ਦੀ ਧਰਤੀ ਉਤੇ ਆਪਣਿਆਂ ਨੇ ਹੀ ਜਿੱਥੇ ਧੀਆਂ-ਭੈਣਾਂ ਦੀਆਂ ਇੱਜ਼ਤਾਂ ਲੁੱਟੀਆਂ ਹਨ, ਉਥੇ ਥਾਣਿਆਂ ਵਿੱਚ ਬਜ਼ੁਰਗਾਂ ਦੀਆ ਪੱਗਾਂ ਨੂੰ ਰੋਲਿਆ ਗਿਆ ਹੈ । ਜਿਸ ਧਰਤੀ ਉਤੇ ਸਰਬੱਤ ਦੇ ਭਲੇ ਲਈ ਅਰਦਾਸਾਂ ਕੀਤੀਆਂ ਜਾਂਦੀਆਂ ਹਨ ਉਸੇ ਪਾਕ-ਪਵਿੱਤਰ ਧਰਤੀ ਉਤੇ ਇਨਾਮਾਂ ਤੇ ਤਰੱਕੀਆਂ ਦੇ ਭੁੱਖਿਆਂ ਨੇ ਨਿਰਦੋਸ਼ਿਆਂ ਤੇ ਨਿਹੱਥਿਆਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰਕੇ ਉਹਨਾਂ ਦੀਆਂ ਲਾਸ਼ਾਂ ਉਹਨਾਂ ਦੇ ਵਾਰਸਾਂ ਨੂੰ ਦੇਣ ਦੀ ਜ਼ਿੰਮੇਵਾਰੀ ਤੋਂ ਬਚਣ ਲਈ ਅਣਪਛਾਤੀਆਂ ਕਹਿਕੇ ਖੁਰਦ-ਬੁਰਦ ਕੀਤੀਆਂ ।

ਉਸ ਸਮੇਂ ਦੇ ਹਾਕਮਾਂ ਵੱਲੋਂ ਅਜਿਹੇ ਜ਼ੁਲਮ ਦੇ ਦੋਸ਼ੀਆਂ ਨੂੰ ਸਨਮਾਨਤ ਕਰਨਾ ਦਰਸਾਉਂਦਾ ਹੈ ਕਿ ਭਾਰਤ ਇਕ ਦਹਿਸ਼ਤਗਰਦ ਸਟੇਟ ਹੈ ਜਿਸ ਦੀ ਨਿਆਂ ਪਾਲਿਕਾ ਅਤੇ ਰਾਜ ਪ੍ਰਬੰਧ ਫਿਰਕੂ ਲਟੇਰਿਆਂ ਦੇ ਹੱਥਾਂ ਵਿੱਚ ਹੈ । ਭਾਰਤੀ ਵਿਧਾਨ ਅਤੇ ਕਾਨੂੰਨ ਉਹਨਾਂ ਲਈ ਇਕ ਮੋਮ ਦਾ ਹੱਥ ਠੋਕਾ ਹੈ ਜਿਸ ਨੂੰ ਉਹ ਗਰੀਬਾਂ, ਕਿਰਤੀਆਂ, ਘੱਟ ਗਿਣਤੀਆਂ, ਦਲਿਤਾਂ ਅਤੇ ਕਬਾਇਲੀਆਂ ਦੇ ਵਿਰੁੱਧ ਵਰਤਣ ਲਈ ਜਿਸ ਤਰ੍ਹਾਂ ਮਰਜ਼ੀ ਮੋੜ ਲੈਣ ।

ਸਰਕਾਰੀ ਅੱਤਿਆਚਾਰ ਦੀ ਹਨੇਰੀ ਨੂੰ ਰੋਕਣ ਲਈ ਸ਼ਹੀਦ ਜਸਵੰਤ ਸਿੰਘ ਖਾਲੜਾ ਨੇ ਪੁਲੀਸ ਵੱਲੋਂ ਚਲਾਈ ਗਈ ਸਿੱਖ ਕੁਲ ਨਾਸ਼ ਦੀ ਕਾਰਵਾਈ ਦੀ ਘੋਖ ਕਰਕੇ ਅੰਮ੍ਰਿਤਸਰ, ਤਰਨ ਤਾਰਨ ਅਤੇ ਪੱਟੀ ਦੀਆਂ ਤਿੰਨ, ਸਮਸ਼ਾਨਘਾਟਾਂ ਵਿੱਚੋਂ 2097 ਲਾਵਾਰਿਸ਼ ਲਾਸ਼ਾਂ ਦੀ ਕਹਾਣੀ ਪੂਰੇ ਸਬੂਤਾਂ ਨਾਲ ਕਨੇਡੀਅਨ ਪਾਰਲੀਮੈਂਟ ਅੰਦਰ

ਵਰਲਡ ਸਿੱਖ ਅਰਗੇਨਾਈਜੇਸ਼ਨ ਵੱਲੋਂ ਕਰਵਾਏ ਸਮਾਗਮ ਵਿੱਚ ਸਾਹਮਣੇ ਲਿਆਂਦੀ ਸੀ। ਸ੍ਰੀ ਖਾਲੜਾ ਦੀ ਜ਼ੁਬਾਨੀ ਸਿੱਖਾਂ ਉਤੇ ਕੀਤੇ ਅੱਤਿਆਚਾਰ ਦੀ ਦਿਲ-ਕੰਬਾਊ ਕਹਾਣੀ ਸੁਣਕੇ 40 ਦੇ ਕਰੀਬ ਐਮ.ਪੀ.ਅਤੇ ਕੈਬਨਿਟ ਮੰਤਰੀ ਜੋ ਉਸ ਸਮੇਂ ਮੌਜੂਦ ਸਨ ਉਹਨਾਂ ਦੀਆਂ ਅੱਖੀਆਂ ਨਮ ਹੋ ਗਈਆਂ ਸਨ। ਉਹਨਾਂ ਵੱਲੋਂ ਦੇਸ਼-ਵਿਦੇਸ਼ ਵਿੱਚ ਲਾਵਾਰਿਸ ਲਾਸ਼ਾਂ ਦੇ ਕੇਸ਼ ਨੂੰ ਸਾਹਮਣੇ ਲਿਆਉਣ ਦੀ ਕੀਤੀ ਜੁਅਰਤ ਨੇ ਪੰਜਾਬ ਸਰਕਾਰ ਤੇ ਪੁਲੀਸ ਨੂੰ ਧੁਰ ਅੰਦਰ ਤੱਕ ਹਿਲਾਕੇ ਰੱਖ ਦਿੱਤਾ ਸੀ। ਉਹਨਾਂ ਉਕਤ ਮਾਰੇ ਗਏ ਵਿਅਕਤੀਆਂ ਦੇ ਵਾਰਸਾਂ ਨੂੰ ਨਿਆਂ ਦਿਵਾਉਣ ਲਈ ਲਾਵਾਰਿਸ਼ ਕਹਿਕੇ ਸਾੜੀਆਂ ਲਾਸ਼ਾਂ ਦੇ ਪੁਖਤਾ ਸਬੂਤਾਂ ਸਮੇਤ ਪੰਜਾਬ ਹਰਿਆਣਾ ਹਾਈ ਕੋਰਟ ਤੱਕ ਪਹੁੰਚ ਕੀਤੀ ਜਿਸਨੂੰ ਪੰਜਾਬ ਹਰਿਆਣਾ ਹਾਈ ਕੋਰਟ ਨੇ ਵਿਚਾਰਨ ਤੋਂ ਇਨਕਾਰ ਕਰ ਦਿੱਤਾ ਸੀ। ਇਨਸਾਨੀਅਤ ਦੇ ਦਰਦ ਨੂੰ ਆਪਣਾ ਦਰਦ ਸਮਝਦਾ ਹੋਇਆ ਬੇਗੁਨਾਹ ਮਾਰੇ ਗਏ ਹਜ਼ਾਰਾਂ ਲੋਕਾਂ ਦੇ ਰਿਕਾਰਡ ਤੇ ਦਸਤਾਵੇਜ਼ ਝੋਲੇ ਵਿੱਚ ਪਾ ਕੇ ਉਹਨਾਂ ਨੂੰ ਨਿਆ ਦਿਵਾਉਣ ਲਈ ਉਹ ਮਹਾਨ ਪੁਰਸ਼ ਘਰੋਂ ਨਿਕਲਿਆ ਸੀ। ਮਨੁੱਖਤਾ ਦਾ ਘਾਣ ਕਰਨ ਤੇ ਨਿਯਮਾਂ ਨੂੰ ਛਿੱਕੇ ਟੰਗਕੇ ਮੌਤ ਦਾ ਨੰਗਾ ਨਾਚ ਕਰ ਰਹੀ ਪੰਜਾਬ ਪੁਲੀਸ ਨੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਗਰੋਂ ਪੰਜਾਬ ਵਿੱਚ ਚਲੀ ਹਨੇਰਗਰਦੀ ਦਾ ਫਾਇਦਾ ਉਠਾਉਦਿਆਂ ਆਪਣੇ ਕਾਲੇ ਕਾਰਨਾਮਿਆਂ ਉਤੇ ਪਰਦਾ ਪਾਉਣ ਲਈ ਲੋਕਾਂ ਦੀ ਆਵਾਜ਼ ਬਣਕੇ ਉਤਰੇ ਸ੍ਰ. ਜਸਵੰਤ ਸਿੰਘ ਖਾਲੜਾ ਦੀ ਗੂੰਜਦੀ ਆਵਾਜ਼ ਨੂੰ ਖਮੋਸ਼ ਕਰਨ ਵਾਸਤੇ ਲੋਕ ਨਾਇਕ ਤੇ ਸਿੱਖ ਕੌਮ ਦੇ ਹੀਰੇ ਨੂੰ ਪੁਲੀਸ ਨੇ ਉਸ ਸਮੇਂ ਚੁੱਕਿਆ ਜਦੋਂ ਉਹ ਸਵੇਰੇ ਘਰ ਦੇ ਗੇਟ ਅੱਗੇ ਆਪਣੀ ਕਾਰ ਨੂੰ ਧੋ ਰਿਹਾ ਸੀ। ਚੋਰਾਂ ਵਾਂਗ ਉਹਨਾਂ ਨੂੰ ਚੁੱਕ ਕੇ ਲੈ ਗਈ ਪੁਲੀਸ ਨੇ ਉਹਨਾਂ ਉਤੇ ਗੈਰ-ਮਨੁੱਖੀ ਤਸ਼ੱਦਦ ਕਰਦਿਆਂ ਉਹਨਾਂ ਨੂੰ ਆਪਣੇ ਨਿਸ਼ਾਨੇ ਤੋਂ ਥਿੜਕਾਉਣ ਲਈ ਕਈ ਤਰ੍ਹਾਂ ਦੇ ਲਾਲਚ ਦਿੱਤੇ। ਜਦੋਂ ਉਸਨੇ ਦਰਿੰਦਿਆਂ ਦੀ ਇਕ ਨਾ ਮੰਨੀ ਤਾਂ ਪੁਲੀਸ ਨੇ ਉਹਨਾਂ ਦੀ ਆਵਾਜ਼ ਨੂੰ ਸਦਾ ਲਈ ਖਮੋਸ਼ ਕਰਨ ਦੇ ਇਰਾਦੇ ਨਾਲ ਬੇਰਹਿਮੀ ਨਾਲ ਉਹਨਾਂ ਦਾ ਕਤਲ ਕਰਕੇ ਉਹਨਾਂ ਦੀ ਲਾਸ਼ ਨੂੰ ਹਰੀਕੇ ਪੱਤਣ ਨਹਿਰ ਵਿੱਚ ਸੁੱਟ ਦਿੱਤਾ।

ਪੰਜਾਬ ਪੁਲੀਸ ਦੇ ਦਰਿੰਦਿਆਂ ਨੇ ਸ੍ਰ. ਖਾਲੜਾ ਨੂੰ ਗੈਰ ਕਾਨੂੰਨੀ ਢੰਗ ਨਾਲ 6 ਸਤੰਬਰ 1995 ਨੂੰ ਅੰਮ੍ਰਿਸਤਰ ਦੇ ਕਬੀਰ ਪਾਰਕ ਵਿੱਚ ਸਥਿਤ ਉਨ੍ਹਾਂ ਦੀ ਰਿਹਾਇਸ਼ ਤੋਂ ਲੋਕਾਂ ਦੀ ਹਿਫਾਜ਼ਤ ਕਰਨ ਵਾਲੀ ਵਰਦੀ ਅਤੇ ਵੱਧ ਅਧਿਕਾਰਾਂ ਦੀ ਨਜਾਇਜ਼ ਵਰਤੋਂ ਕਰਦਿਆਂ ਅਗਵਾ ਕਰ ਲਿਆ ਸੀ। ਉਹਨਾਂ ਉਤੇ ਅਣਮਨੁੱਖੀ ਜ਼ੁਲਮ-ਢਾਹਣ ਲਈ ਉਹ ਉਹਨਾਂ ਨੂੰ ਕਿਸੇ ਅਣਦੱਸੀ ਥਾਂ ਉਤੇ ਲੈ ਗਏ ਸੀ। ਇਸ ਗੱਲ ਦਾ ਖੁਲਾਸਾ 16 ਫਰਵਰੀ ਸੰਨ 1998 ਨੂੰ ਐਸ.ਪੀ.ਓ. ਕੁਲਦੀਪ ਸਿੰਘ ਨੇ ਅਦਾਲਤ ਵਿੱਚ ਆਪਣਾ ਬਿਆਨ

ਕਲਮਬੰਦ ਕਰਵਾਉਂਦਿਆਂ ਕੀਤਾ । ਜਦੋਂ ਸ੍ਰ. ਖਾਲੜਾ ਨੂੰ ਘਰੋਂ ਚੁੱਕਿਆ ਗਿਆ ਸੀ ਉਸ ਸਮੇਂ ਉਹ ਸੀਨੀਅਰ ਪੁਲੀਸ ਸੁਪਰਡੈਂਟ ਅਜੀਤ ਸਿੰਘ ਸੰਧੂ ਦਾ ਅੰਗ-ਰੱਖਿਅਕ ਸੀ, ਉਸਦੇ ਅਨੁਸਾਰ ਸੰਧੂ ਸ੍ਰ. ਖਾਲੜਾ ਅਗਵਾ ਕਾਂਡ ਦਾ ਮੁੱਖ ਦੋਸ਼ੀ ਮੰਨਿਆ ਜਾਂਦਾ ਸੀ । ਜਿਸ ਨੇ ਉਕਤ ਘਟਨਾ ਤੋਂ ਕਰੀਬ ਦੋ-ਸਵਾ ਦੋ ਸਾਲ ਮਗਰੋਂ ਜਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਰੇਲ ਹੇਠਾਂ ਸਿਰ ਦੇ ਕੇ ਖੁਦਕੁਸ਼ੀ ਕਰ ਲਈ ਸੀ । 1995 ਵਿੱਚ ਕੁਲਦੀਪ ਸਿੰਘ ਝਬਾਲ ਪੁਲੀਸ ਥਾਣੇ ਵਿੱਚ ਡਿਊਟੀ ਕਰਦਾ ਸੀ । ਉਸਨੂੰ ਉਸ ਕਮਰੇ ਦੀਆਂ ਚਾਬੀਆਂ ਫੜਾਈਆਂ ਗਈਆਂ । ਜਿਸ ਵਿੱਚ ਪੁਲੀਸ ਜਰਵਾਣਿਆਂ ਨੇ ਲੋਕਾਂ ਲਈ ਨੰਗੇ ਧੜ ਲੜ ਰਹੇ ਲੋਕ ਨਾਇਕ ਸ੍ਰ. ਖਾਲੜਾ ਨੂੰ ਬੰਦ ਕੀਤਾ ਹੋਇਆ ਸੀ । ਇਹ ਕਮਰਾ ਪੁਲੀਸ ਥਾਣੇ ਤੋਂ ਦੂਰ ਅਣਦੱਸੀ ਥਾਂ ਉਤੇ ਸੀ ਜਿਸ ਉਤੇ ਕੁਲਦੀਪ ਸਿੰਘ ਪੁਲੀਸ ਅਫਸਰਾਂ ਦੀਆਂ ਹਦਾਇਤਾਂ ਅਨੁਸਾਰ ਕਰੜੀ ਨਿਗਾਹ ਰੱਖਦਾ ਹੋਇਆ ਬੰਦੀ ਬਣਾਏ ਮਹਿਮਾਨ ਨੂੰ ਖਾਣਾ ਆਦਿ ਪਹੁੰਚਾਉਣ ਦੀ ਡਿਊਟੀ ਨਿਭਾਅ ਰਿਹਾ ਸੀ ।

ਕੁਲਦੀਪ ਸਿੰਘ ਅਨੁਸਾਰ ਜਿਸ ਕਮਰੇ ਵਿੱਚ ਸ੍ਰ. ਖਾਲੜਾ ਉਤੇ ਗੈਰ-ਮਨੁੱਖੀ ਤਸ਼ੱਦਦ ਢਾਹਿਆ ਜਾ ਰਿਹਾ ਸੀ । ਇਕ ਦਿਨ ਉਸ ਕਮਰੇ ਵਿੱਚ ਉਸ ਸਮੇਂ ਦਾ ਪੁਲੀਸ ਮੁਖੀ ਕੇ.ਪੀ.ਐਸ. ਗਿੱਲ ਕੋਈ ਅੱਧਾ ਘੰਟਾ ਉਹਨਾਂ ਕੋਲ ਰਿਹਾ ਸੀ । ਉਸ ਦੇ ਵਾਪਸ ਜਾਣ ਮਗਰੋਂ ਸ੍ਰ. ਖਾਲੜਾ ਨੂੰ ਵਾਪਿਸ ਝਬਾਲ ਥਾਣੇ ਵਿੱਚ ਲਿਆਂਦਾ ਜਾ ਰਿਹਾ ਸੀ । ਉਸ ਸਮੇਂ ਐਸ.ਐਚ.ਓ ਸਤਨਾਮ ਸਿੰਘ ਨੇ ਉਹਨਾਂ ਨੂੰ ਕਿਹਾ ਸੀ, "ਤੇਰੇ ਕੋਲ ਸੁਨਿਹਰੀ ਮੌਕਾ ਸੀ ਜੋ ਤੂੰ ਗੁਆ ਲਿਆ ਹੈ, ਕਾਸ਼ ਤੂੰ ਡੀ.ਜੀ.ਪੀ. ਦੀ ਗੱਲ ਮੰਨ ਲੈਂਦਾ ਤਾਂ ਤੇਰੀ ਜਾਨ ਬਚ ਜਾਣੀ ਸੀ, ਪਰ ਤੂੰ ਆਪਣੀ ਅੜੀ ਨਹੀਂ ਛੱਡੀ ।" ਪੁਲੀਸ ਜਬਰ ਦੇ ਭੰਨੇ ਹੋਏ ਸ੍ਰ. ਖਾਲੜਾ ਨੇ ਉਹਨਾਂ ਦੀ ਹਰ ਗੱਲ ਦਾ ਚੜ੍ਹਦੀ ਕਲਾ ਵਿੱਚ ਰਹਿਕੇ ਜਵਾਬ ਦਿੰਦਿਆਂ ਜਰਵਾਣਿਆਂ ਦੀ ਈਨ ਨਹੀਂ ਮੰਨੀ ਤੇ ਮੌਤ ਕਬੂਲ ਕਰ ਲਈ ਸੀ ।

ਲਬਾਲ ਥਾਣੇ ਵਿੱਚ ਪਹੁੰਚਦਿਆਂ ਹੀ ਡੀ.ਐਸ.ਪੀ. ਜਸਪਾਲ ਸਿੰਘ ਉਸਦਾ ਅੰਗ ਰੱਖਿਅਕ ਅਰਵਿੰਦਰ, ਸਰਹਾਲੀ ਦਾ ਐਸ. ਐਚ. ਓ. ਸੁਰਿੰਦਰ ਪਾਲ ਸਿੰਘ, ਥਾਣਾ ਮਨੋਚਾਹਲ ਦਾ ਐਸ. ਐਚ. ਓ. ਜਸਬੀਰ ਸਿੰਘ, ਪ੍ਰਿਥੀਪਾਲ ਸਿੰਘ ਅਤੇ ਬਲਵਿੰਦਰ ਸਿੰਘ ਗੋਰਾ ਆਏ ਤੇ ਉਨ੍ਹਾਂ ਚਾਹ ਪਾਣੀ ਪੀਣ ਮਗਰੋਂ ਸ੍ਰ. ਖਾਲੜਾ ਉਤੇ ਤਸ਼ੱਦਦ ਕਰਨਾ ਸ਼ੁਰੂ ਕਰ ਦਿੱਤਾ । ਇਸ ਸਮੇਂ ਉਹ ਉਥੇ ਹੀ ਖੜਾ ਸੀ ਤਾਂ ਐਸ.ਐਚ.ਓ. ਸਤਨਾਮ ਸਿੰਘ ਨੇ ਉਸਨੂੰ ਗਰਮ ਪਾਣੀ ਦਾ ਗਲਾਸ ਲਿਆਉਣ ਭੇਜਿਆ । ਉਹ ਅਜੇ ਪਾਣੀ ਗਰਮ ਕਰ ਹੀ ਰਿਹਾ ਸੀ ਤਾਂ ਦੋ ਗੋਲੀਆਂ ਦੀ ਆਵਾਜ਼ ਆਈ । ਜਦੋਂ ਉਹ ਭੱਜਕੇ ਕਮਰੇ ਵੱਲ ਗਿਆ ਤਾਂ ਸ੍ਰ. ਖਾਲੜਾ ਢੇਰੀ ਹੋਏ ਪਏ ਸੀ । ਸਤਨਾਮ ਸਿੰਘ ਭੱਜਕੇ ਉਧਰ ਨੂੰ ਗਿਆ, ਜਿੱਥੇ

ਕਾਰਾਂ ਖੜੀਆਂ ਸੀ । ਇੰਨ੍ਹੇ ਨੂੰ ਬਲਵਿੰਦਰ ਸਿੰਘ ਗੋਰਾ ਅਤੇ ਅਰਵਿੰਦਰ ਜਿਸ ਵੈਨ ਵਿੱਚ ਆਏ ਸੀ ਉਹਨਾਂ ਨੇ ਉਹ ਵੈਨ ਬੈਕ ਕੀਤੀ ਤੇ ਸ੍ਰ. ਖਾਲੜਾ ਨੂੰ ਬਾਹਾਂ ਤੇ ਲੱਤਾਂ ਤੋਂ ਫੜਕੇ ਜਦੋਂ ਵੈਨ 'ਚ ਸੁਟਿਆ ਤੇ ਉਸ ਮੌਕੇ ਉਹਨਾਂ ਦੀ ਛਾਤੀ ਵਿੱਚੋਂ ਖੂਨ ਵਹਿ ਰਿਹਾ ਸੀ ।

ਕੁਲਦੀਪ ਸਿੰਘ ਅਨੁਸਾਰ ਉਕਤ ਦਿਲ ਕੰਬਾਊ ਘਟਨਾ ਵਿੱਚ ਸ਼ਾਮਲ ਪੁਲੀਸ ਅਫਸਰਾਂ ਦੀਆਂ ਭਰੀਆਂ ਦੋ ਗੱਡੀਆਂ ਤੋਂ ਇਲਾਵਾ ਸਤਨਾਮ ਸਿੰਘ ਵਾਲੀ ਕਾਰ ਵਿੱਚ ਉਹ ਤੇ ਸਤਨਾਮ ਸਿੰਘ ਆਦਿ ਸਵਾਰ ਸੀ । ਉਥੋਂ ਇਕ ਕਾਫਲੇ ਦੇ ਰੂਪ ਵਿੱਚ ਰਾਤੀਂ ਦਸ ਕੁ ਵਜੇ ਨਹਿਰ ਹਰੀਕੇ ਪੱਤਣ ਉਤੇ ਪਹੁੰਚੇ ਜਿੱਥੇ ਬਲਜਿੰਦਰ ਸਿੰਘ ਗੋਰਾ ਅਤੇ ਅਰਵਿੰਦਰ ਨੇ ਸ. ਖਾਲੜਾ ਦੀ ਲਾਸ਼ ਨੂੰ ਨਹਿਰ ਵਿੱਚ ਸੁੱਟ ਦਿੱਤਾ । ਪੁਲੀਸ ਅਫਸਰਾਂ ਦੀਆਂ ਗੱਡੀਆਂ ਉਹਨਾਂ ਨੂੰ ਲੈ ਕੇ ਹਰੀਕੇ ਪੱਤਣ ਗੈਸਟ ਹਾਊਸ ਪਹੁੰਚ ਗਈਆਂ ਸਨ ਜਿੱਥੇ ਅਜੀਤ ਸਿੰਘ ਸੰਧੂ ਨੇ ਹੋਰ ਪੁਲੀਸ ਅਫਸਰ ਸਨ । ਉਹਨਾਂ ਆਪਣੀ ਮਿਲਣੀ ਮਗਰੋਂ ਪੁੱਛਿਆ, " ਕੀ ਖਾਲੜੇ ਦਾ ਕੰਮ ਤਮਾਮ ਕਰ ਦਿੱਤਾ ਹੈ ?" ਉਹਨਾਂ ਬੜੇ ਫਖਰ ਨਾਲ 'ਹਾਂ' ਵਿੱਚ ਜਵਾਬ ਦਿੱਤਾ ਜਿਵੇਂ ਬਹੁਤ ਵੱਡੀ ਜੰਗ ਜਿੱਤ ਲਈ ਹੁੰਦੀ ਹੈ ।

ਇਸ ਘਟਨਾ ਨੇ ਲੱਗਦਾ ਸੀ ਕਿ ਜਿਵੇਂ ਕੁਲਦੀਪ ਸਿੰਘ ਨੂੰ ਝੰਜੋੜ ਕੇ ਰੱਖ ਦਿੱਤਾ ਹੋਵੇ । ਉਹ ਇਸ ਝੂਠੇ ਪੁਲੀਸ ਮੁਕਾਬਲੇ ਦੀ ਕਹਾਣੀ ਨੂੰ ਦੁਨੀਆ ਦੇ ਸਾਹਮਣੇ ਲਿਆਉਣਾ ਚਾਹੁੰਦਾ ਹੋਇਆਂ ਵੀ ਅਜਿਹਾ ਨਹੀਂ ਸੀ ਕਰ ਪਾ ਰਿਹਾ । ਆਖਰ ਉਸ ਨੇ ਬੇਗੁਨਾਹ ਸਖਸ਼ੀਅਤ ਦੇ ਡੁੱਲ੍ਹੇ ਖੂਨ ਨੇ ਰੰਗ ਲਿਆਂਦਾ । ਹਜ਼ਾਰਾਂ ਬੇ-ਕਸੂਰਾਂ ਨੂੰ ਮੌਤ ਦੇ ਘਾਟ ਉਤਾਰਨ ਵਿੱਚ ਪੁਲੀਸ ਦੀ ਮਦਦ ਕਰਨ ਵਾਲੇ ਪੁਲੀਸ ਅਫਸਰ ਅਜੀਤ ਸਿੰਘ ਸੰਧੂ ਦੀ ਆਤਮਾ ਕੁਰਲਾਈ । ਕੀਤੇ ਪਾਪ ਉਸ ਨੂੰ ਚੈਨ ਨਹੀ ਸੀ ਲੈਣ ਦੇ ਰਹੇ । ਅਦਾਲਤ ਵਿੱਚ ਚੱਲਦੇ ਕੇਸ ਦੇ ਡਰ, ਬਜ਼ੁਰਗ ਮਾਪਿਆਂ, ਧੀਆਂ-ਭੈਣਾਂ ਤੇ ਮਾਸੂਮ ਬੱਚਿਆਂ ਦੀਆਂ ਦੁਰਅਸੀਸਾਂ ਅਤੇ ਜਿਹਨਾਂ ਦੇ ਸੁਹਾਗ ਉਜੜੇ ਸਨ । ਉਹਨਾਂ ਦੀਆਂ ਬਦਦੁਆਵਾਂ ਨੇ ਸੰਧੂ ਨੂੰ ਆਤਮ ਹੱਤਿਆ ਕਰਨ ਲਈ ਮਜ਼ਬੂਰ ਕਰ ਦਿੱਤਾ । ਇਸ ਘਟਨਾ ਉਪਰੰਤ ਦਿਲ ਵਿੱਚ ਛੁਪਾਇਆ ਦਰਦ ਕੁਲਦੀਪ ਸਿੰਘ (ਐਸ.ਪੀ.ਓ) ਨੇ ਅਦਾਲਤ ਵਿੱਚ ਸੁਣਾ ਕੇ ਜਿੱਥੇ ਦਿਲ ਦਾ ਭਾਰ ਹੌਲਾ ਕੀਤਾ ਸੀ ਉਥੇ ਪੁਲੀਸ ਨੂੰ ਹਿਲਾ ਦੇਣ ਵਾਲਾ ਕਾਰਨਾਮਾ ਕਰ ਦਿਖਾਇਆ ਸੀ ।

ਇਸ ਘਟਨਾ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲਾ ਪੁਲੀਸ ਮੁਖੀ ਕੇ.ਪੀ.ਐਸ. ਗਿੱਲ ਆਜ਼ਾਦ ਘੁੰਮ ਰਿਹਾ ਹੈ । ਸਿੱਖਾਂ ਪ੍ਰਤੀ ਦਿਲਾਂ ਵਿੱਚ ਨਫਰਤ ਰੱਖਣ ਵਾਲੀਆਂ ਸਰਕਾਰਾਂ ਨੇ ਉਸਨੂੰ ਅਹਿਮ ਅੋਹਦਿਆਂ ਉਤੇ ਬਿਰਾਜਮਾਨ ਕਰਕੇ ਹਜ਼ਾਰਾਂ ਨੌਜਵਾਨਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਰਵਾਉਣ ਬਦਲੇ ਸ਼ਾਬਾਸ਼ੇ ਦਿੱਤੀ ਹੈ ।

ਅੱਜ ਵੀ ਸਿੱਖਾਂ ਦੇ ਕਾਤਲਾਂ ਨੂੰ ਐਸ਼ੋ-ਅਰਾਮ ਦੀ ਜ਼ਿੰਦਗੀ ਜਿਉਣ ਲਈ ਸਰਕਾਰਾਂ ਵੱਲੋਂ ਉਹਨਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ। ਦੂਸਰੇ ਪਾਸੇ ਲੋਕਾਂ ਨੂੰ ਨਿਆਂ ਦੁਵਾਉਣ ਦੇ ਇੱਛਕਾਂ ਨੂੰ ਜਬਰ ਜ਼ੁਲਮ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।

ਸ੍ਰ. ਖਾਲੜਾ ਦਾ ਪਰਿਵਾਰ ਬੀਬੀ ਪਰਮਜੀਤ ਕੌਰ ਖਾਲੜਾ ਤੇ ਉਸਦੇ ਬੱਚਿਆਂ ਨੂੰ ਇਨਸਾਫ ਲਈ ਅਦਾਲਤਾਂ ਵਿੱਚ 10 ਸਾਲ ਧੱਕੇ ਖਾਣੇ ਪਏ ਹਨ। ਇਸੇ ਦੌਰਾਨ ਕੇਸ ਨੂੰ ਜਿੰਨਾ ਲਮਕਾਇਆ ਜਾ ਸਕੇ ਲਮਕਾਇਆ ਗਿਆ ਹੈ। ਆਖਰ ਦੁਨੀਆ ਭਰ ਦੀਆਂ ਸਿੱਖ ਸੰਸਥਾਵਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਦਬਾਅ ਪਾਏ ਜਾਣ ਮਗਰੋਂ 10 ਨਵੰਬਰ 2005 ਨੂੰ ਪਟਿਆਲਾ ਦੇ ਐਡੀਸ਼ਨਲ ਸ਼ੈਸ਼ਨ ਜੱਜ ਭੁਪਿੰਦਰ ਸਿੰਘ ਦੀ ਅਦਾਲਤ ਨੇ 9 ਵਿੱਚੋਂ 6 ਪੰਜਾਬ ਪੁਲੀਸ ਦੇ ਅਫਸਰਾਂ ਨੂੰ ਦੋਸ਼ੀ ਘੋਸ਼ਿਤ ਕੀਤਾ ਸੀ। ਜਿਹਨਾਂ ਵਿੱਚ ਡੀ.ਐਸ.ਪੀ. ਜਸਪਾਲ ਸਿੰਘ, ਏ.ਐਸ.ਆਈ ਅਮਰਜੀਤ ਸਿੰਘ ਨੂੰ ਕਤਲ ਕੇਸ ਵਿੱਚ ਉਮਰ ਕੈਦ ਅਤੇ ਕਤਲ ਕਰਨ ਦੇ ਮਨੋਰਥ ਲਈ ਅਗਵਾ ਕਰਨ ਲਈ 7 ਸਾਲ, ਬਚਾਓ ਦੇ ਮਨੋਰਥ ਨਾਲ ਸਬੂਤ ਦੇ ਦਸਤਾਵੇਜ਼ ਤਬਾਹ ਕਰਨ ਲਈ 2 ਸਾਲ ਅਤੇ 5 ਸਾਲ ਦੀ ਕੈਦ, ਫੌਜਦਾਰੀ ਕੇਸ ਵਿੱਚ ਸੁਣਾਈ ਗਈ ਹੈ। ਇਹਨਾਂ ਤੋਂ ਇਲਾਵਾ ਸੁਰਿੰਦਰਪਾਲ ਸਿੰਘ, ਸਤਨਾਮ ਸਿੰਘ, ਪ੍ਰਿਥੀਪਾਲ ਸਿੰਘ ਅਤੇ ਜਸਵੀਰ ਸਿੰਘ ਨੂੰ 7-7 ਸਾਲ ਦੀ ਸਜ਼ਾ ਸੁਣਾਈ ਗਈ। ਜਦੋਂ ਕਿ ਇਸ ਕੇਸ ਦੇ ਦੋ ਕਥਿਤ ਦੋਸ਼ੀ ਸੀਨੀਅਰ ਸੁਪਰਡੈਂਟ ਪੁਲੀਸ ਅਜੀਤ ਸਿੰਘ ਸੰਧੂ ਤੇ ਡੀ.ਐਸ.ਪੀ. ਅਸ਼ੋਕ ਕੁਮਾਰ ਸੁਣਵਾਈ ਅਧੀਨ ਹੀ ਮਰ ਗਏ ਸੀ। ਨੌਵੇਂ ਕਥਿਤ ਦੋਸ਼ੀ ਰਛਪਾਲ ਸਿੰਘ ਨੂੰ ਹਾਈ ਕੋਰਟ ਨੇ ਰਿਹਾਅ ਕਰ ਦਿੱਤਾ ਸੀ।

ਇਸ ਉਪਰੰਤ ਸ੍ਰੀਮਤੀ ਖਾਲੜਾ ਨੇ 6 ਸਤੰਬਰ 2006 ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪੁਟੀਸ਼ਨ ਦਾਇਰ ਕਰਕੇ ਮੰਗ ਕੀਤੀ ਕਿ ਸ੍ਰ. ਜਸਵੰਤ ਸਿੰਘ ਖਾਲੜਾ ਕਤਲ ਕਾਂਡ ਦੇ ਮੁੱਖ ਦੋਸ਼ੀ ਕੇ.ਪੀ.ਐਸ. ਗਿੱਲ ਨੇ ਗ੍ਰਿਫਤਾਰ ਕਰਕੇ, ਉਸਦੇ ਖਿਲਾਫ ਕੇਸ ਚਲਾਇਆ ਜਾਵੇ। ਇਨਸਾਫ ਸੰਸਥਾ ਵੱਲੋਂ ਅੰਤਰਰਾਸ਼ਟਰੀ ਕਾਨੂੰਨ ਦੀ ਤਰਕ ਪ੍ਰਣਾਲੀ ਦਾ ਖਰੜਾ ਤਿਆਰ ਕੀਤਾ ਗਿਆ ਹੈ। ਬੀਬੀ ਖਾਲੜਾ ਵੱਲੋਂ ਪਾਈ ਪਟੀਸ਼ਨ ਭਾਰਤੀ ਅਤੇ ਅੰਤਰ-ਰਾਸ਼ਟਰੀ ਕਾਨੂੰਨ ਅਨੁਸਾਰ ਕਾਫੀ ਵਜ਼ਨ ਰੱਖਦੀ ਹੈ ਅਤੇ ਅਦਾਲਤ ਨੂੰ ਕਾਨੂੰਨੀ ਢਾਂਚਾ ਪ੍ਰਦਾਨ ਕਰਦੀ ਹੈ, ਜਿਸ ਦੇ ਤਹਿਤ ਕੇ.ਪੀ.ਐਸ. ਗਿੱਲ ਦੇ ਖਿਲਾਫ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਸ੍ਰ. ਖਾਲੜਾ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਲਾਵਾਰਿਸ ਲਾਸ਼ਾਂ ਵਾਲੀ ਕਹਾਣੀ ਨੂੰ ਪੂਰੇ ਸਬੂਤਾਂ ਸਮੇਤ ਦੁਨੀਆ ਸਾਹਮਣੇ ਲਿਆਕੇ ਸਿੱਖਾਂ ਨੂੰ 'ਅੱਤਵਾਦੀ' ਤੇ 'ਵੱਖਵਾਦੀ' ਦੇ ਨਾਂ ਹੇਠ ਬਦਨਾਮ ਕਰਨ ਵਾਲੀ ਪੰਜਾਬ ਤੇ ਕੇਂਦਰ ਸਰਕਾਰ ਦੇ ਮੂੰਹ

ਉਤੇ ਜੋਰਦਾਰ ਚਪੇੜ ਮਾਰੀ ਸੀ । ਸ੍ਰ. ਖਾਲੜਾ ਦੀ ਦਲੇਰੀ ਤੇ ਦ੍ਰਿੜਤਾ ਨੂੰ ਮੇਰੀ ਕਲਮ ਨਾ ਤਾਂ ਬਿਆਨ ਕਰ ਸਕਦੀ ਹੈ ਤੇ ਨਾ ਹੀ ਉਹਨਾਂ ਨੂੰ ਉਹ ਸਨਮਾਨ ਦੇ ਸਕਦੀ ਹੈ ਜਿਸ ਦੇ ਉਹ ਹੱਕਦਾਰ ਸਨ । ਉਹ ਘਟਨਾ ਯਾਦ ਹੈ ਜਦੋਂ ਦਿੱਲੀ ਵਿਖੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਚੰਗੇ ਜੁੱਸੇ ਵਾਲੇ ਨਿਧੜਕ ਆਗੂ, ਦ੍ਰਿੜ ਇਰਾਦੇ ਦੇ ਮਾਲਕ, ਇਨਕਲਾਬੀ ਰੰਗ ਵਿੱਚ ਰੰਗੇ ਗੰਭੀਰ ਤਬੀਅਤ ਦੇ ਧਨੀ ਨੇ 'ਵਾਹਿਗੁਰੂ ਜੀ ਕਾ ਖਾਲਸਾ-ਵਾਹਿਗੁਰੂ ਜੀ ਕੀ ਫਤਿਹ' ਆਖੀ ਅਤੇ ਉਹਨਾਂ ਸਤਿਕਾਰ ਵਜੋਂ ਖੜੇ ਹੋ ਕੇ ਉਹਨਾਂ ਨੂੰ ਉਸਦੀ ਫਤਿਹ ਦਾ ਜਵਾਬ ਦਿੱਤਾ ਤਾਂ ਉਹਨਾਂ ਦੇ ਆਸ-ਪਾਸ ਖੜੇ ਨੌਜਵਾਨ ਹੈਰਾਨ ਹੋ ਗਏ ਸਨ । ਉਹਨਾਂ ਦੋਵਾਂ ਦਰਮਿਆਨ ਹੋਈ ਆਪਸੀ ਵਰਤਾਲਾਪ ਮਗਰੋਂ ਸ੍ਰ. ਟੌਹੜਾ ਨੇ ਕਿਹਾ "ਸ੍ਰ ਖਾਲੜਾ ਜੀ, ਤੁਸੀਂ ਆਪਣੀ ਮੌਤ ਦਾ ਸਮਾਨ ਇਕੱਠਾ ਕਰੀ ਫਿਰਦੇ ਹੋ, ਜਦੋਂ ਤੁਸੀਂ ਹਜ਼ਾਰਾਂ ਪਰਿਵਾਰਾਂ ਦੀ ਇਸ ਦਰਦ ਕਹਾਣੀ ਨੂੰ ਲੋਕਾਂ ਦੀ ਨਜ਼ਰ ਵਿੱਚ ਲਿਆਂਦਾ ਤਾਂ ਇਨਾਮ ਤੇ ਤਰੱਕੀਆਂ ਲੈਣ ਵਾਲੇ ਉਹਨਾਂ ਲੋਕਾਂ ਤੁਹਾਨੂੰ ਬਖਸ਼ਣਾ ਨਹੀਂ, ਜਿਨ੍ਹਾਂ ਹਜ਼ਾਰਾਂ ਨਿਰਦੋਸ਼ ਤੇ ਨਿਹੱਥਿਆਂ ਨੂੰ ਮੌਤ ਦੇ ਘਾਟ ਉਤਾਰਿਆ ਹੈ ।"

ਸ੍ਰ. ਖਾਲੜਾ ਨੇ ਉਹਨਾਂ ਦੀ ਗੱਲ ਗੰਭੀਰਤਾ ਨਾਲ ਸੁਣਦਿਆਂ ਸਹਿਜ ਸੁਭਾਅ ਨਾਲ ਕਿਹਾ. " ਜਥੇਦਾਰ ਜੀ, ਸਿੱਖ ਵਿਰੋਧੀਆਂ ਦੇ ਕਾਲੇ ਮਨਸੂਬਿਆਂ ਨੂੰ ਦੁਨੀਆ ਦੀ ਕਚਿਹਰੀ ਵਿੱਚ ਨੰਗਾ ਕਰਨ ਉਪਰੰਤ ਮੈਨੂੰ ਮਾਰ ਦਿੱਤਾ ਜਾਵੇ, ਫੇਰ ਮੇਰੇ ਲਈ ਇਸ ਤੋਂ ਵਧੀਆ ਹੋਰ ਕਿਹੜਾ ਮੌਕਾ ਹੋ ਸਕਦਾ ਹੈ ?"

ਸਿੱਖ ਕੌਮ ਲਈ ਆਪਾ ਕੁਰਬਾਨ ਕਰਨ ਦੇਣ ਅਤੇ ਕਹਿਣੀ ਕਥਨੀ ਦੇ ਪੱਕੇ ਸ੍ਰ. ਜਸਵੰਤ ਸਿੰਘ ਖਾਲੜਾ ਨੇ ਦੁਨੀਆ ਨੂੰ ਹੈਰਾਨ ਕਰ ਦੇਣ ਵਾਲੇ ਕੰਮ ਨੂੰ ਸਰੇ-ਅੰਜ਼ਾਮ ਦੇ ਕੇ ਸ਼ਹੀਦੀ ਦਾ ਜਾਮ ਪੀ ਲਿਆ ਹੈ ਪਰ ਧੜਿਆਂ ਵਿੱਚ ਵੰਡੀ ਹੋਈ ਸਿੱਖ ਕੌਮ ਦੇ ਲੀਡਰਾਂ ਨੇ ਸ. ਖਾਲੜਾ ਨੂੰ ਕੌਮ ਦਾ ਸ਼ਹੀਦ ਤਾਂ ਕੀ ਐਲਾਨਣਾਂ ਸੀ ਉਸ ਦੇ ਪਰਿਵਾਰ ਨੂੰ ਸਿਰੋਪਾਓ ਦੇ ਕੇ ਵੀ ਸਨਮਾਨਿਤ ਨਹੀਂ ਕੀਤਾ । ਹੈਰਾਨੀ ਦੀ ਗੱਲ ਹੈ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਮੌਤ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸਨੂੰ ਪੰਥ ਰਤਨ ਦਾ ਅਵਾਰਡ ਦੇ ਕੇ ਸਨਮਾਨਿਤ ਕੀਤਾ ਹੈ। ਜਿਸ ਮਰਜੀਵੜੇ ਨੇ ਸਿੱਖ ਕੌਮ ਲਈ ਕੁੱਝ ਕਰ ਦਿਖਾਇਆ ਹੈ ਉਸ ਲਈ ਕੁਝ ਵੀ ਨਹੀਂ ਸਰਿਆ । ਸ੍ਰ. ਖਾਲੜਾ ਦਾ ਪਰਿਵਾਰ ਅਦਾਲਤਾਂ ਵਿੱਚ ਰੁਲਦਾ ਫਿਰਦਾ ਹੈ । 1990 ਤੋਂ ਬਾਅਦ ਦੋ ਵਾਰੀ ਸੱਤਾ ਵਿੱਚ ਆਈ ਅਕਾਲੀ ਸਰਕਾਰ ਨੇ 1984 ਤੋਂ 1994 ਤੱਕ ਸਰਕਾਰੀ ਅੱਤਵਾਦ ਦੀ ਭੇਟ ਚੜ੍ਹੇ ਸਿੱਖ ਨੌਜਵਾਨਾਂ ਦੀ ਪੜਤਾਲ ਲਈ ਕੋਈ ਕਮਿਸ਼ਨ ਕਾਇਮ ਨਹੀਂ ਕੀਤਾ ਜਿਹੜਾ ਕਿ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਇੰਨਸਾਫ

ਦਿਵਾਉਂਦਾ ਹੋਇਆ ਸਿੱਖਾਂ ਦੀ ਦੁਸ਼ਮਣ ਜਮਾਤ ਕਾਂਗਰਸ ਦੀਆਂ ਕਾਲੀਆਂ ਕਰਤੂਤਾਂ ਨੂੰ ਲੋਕਾਂ ਸਾਹਮਣੇ ਨੰਗਾ ਕਰਦਾ ।

ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਇਸ਼ਾਰਿਆਂ ਉਤੇ ਚੱਲਣ ਵਾਲੀ ਸਿੱਖਾਂ ਦੀ ਸਿਰਮੋਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ 2004 ਵਿੱਚ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਤਸਵੀਰ ਅੰਮ੍ਰਿਤਸਰ ਸਾਹਿਬ ਵਿਖੇ ਸਿੱਖ ਅਜਾਇਬ ਘਰ ਵਿੱਚ ਲਗਾਉਣ ਤੋਂ ਸਵਾਏ ਕੁਝ ਵੀ ਨਹੀਂ ਕੀਤਾ, ਜਦੋਂ ਕਿ ਸ਼੍ਰੋਮਣੀ ਕਮੇਟੀ ਦਾ ਫਰਜ਼ ਬਣਦਾ ਸੀ ਕਿ ਉਹ ਸ੍ਰ. ਖਾਲੜਾ ਨੂੰ ਕੌਮ ਦਾ ਸ਼ਹੀਦ ਐਲਾਨ ਕੇ ਉਸਦੇ ਪਰਿਵਾਰ ਨੂੰ ਸਨਮਾਨਿਤ ਕਰਦੀ । ਸਿੱਖਾਂ ਦੀ ਇਸ ਸੰਸਥਾਂ ਨੇ ਸ੍ਰ. ਖਾਲੜਾ ਦੇ ਕੇਸ ਦੀ ਕੋਈ ਪੈਰਵੀ ਨਾ ਕਰਕੇ ਸਿੱਖ ਕੌਮ ਨਾਲ ਵੱਡਾ ਧੋਖਾ ਕੀਤਾ ਹੈ ।

ਇੱਥੇ ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਸਿੱਖ ਕੌਮ ਦੀ ਸੁਪਰੀਮ ਪਾਵਰ 'ਸ੍ਰੀ ਅਕਾਲ ਤਖਤ ਸਾਹਿਬ' ਜਿਸ ਅੱਗੇ ਹਰ ਸਿੱਖ਼ ਦਾ ਸਿਰ ਅਦਬ ਨਾਲ ਝੁੱਕਦਾ ਹੈ, ਸਿੱਖ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹਰ ਹੁਕਮਨਾਮੇ ਨੂੰ ਪ੍ਰੇਰਣਾ ਸਰੋਤ ਮੰਨਦੇ ਹੋਏ, ਉਸ ਉਤੇ ਫੁੱਲ ਚਲਾਉਂਦੇ ਹਨ ਉਸ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਜਪਾ ਆਗੂਆਂ ਤੇ ਅਖੌਤੀ ਸਿੱਖ ਆਗੂਆਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕਰ ਦਿੰਦੇ ਹਨ ਪਰ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਦੇ ਮਾਮਲੇ ਨੂੰ ਪੂਰੇ ਸਬੂਤਾਂ ਸਮੇਤ ਦੁਨੀਆ ਦੇ ਸਾਹਮਣੇ ਲਿਆਉਣ ਵਾਲੇ ਜਸਵੰਤ ਸਿੰਘ ਖਾਲੜਾ ਨੂੰ ਜਿੱਥੇ ਕੌਮ ਦਾ ਸ਼ਹੀਦ ਨਹੀਂ ਐਲਾਨਿਆ ਉਥੇ ਉਸਦੇ ਪਰਿਵਾਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਅਜੇ ਤੱਕ ਸਿਰੋਪਾਓ ਵੀ ਨਹੀਂ ਦਿੱਤਾ ।

ਚੱਲੋ ਛੱਡੋ ਮਾਣ-ਸਨਮਾਣ ਦੀ ਗੱਲ ਸ੍ਰ. ਖਾਲੜਾ ਨੇ ਸਿੱਖ ਕੌਮ ਵਾਸਤੇ ਜੋ ਕੁੱਝ ਕੀਤਾ ਹੈ ਉਸ ਨੂੰ ਭੁਲਾਇਆ ਨਹੀਂ ਜਾ ਸਕਦਾ । ਲੋਕ ਉਹਨਾਂ ਦੀ ਕੁਰਬਾਨੀ ਦੀ ਕਦਰ ਕਰਦੇ ਹਨ । ਸ਼ਹੀਦ ਦੇ ਪਰਿਵਾਰ ਲਈ ਸਭ ਤੋਂ ਵੱਡਾ ਸਨਮਾਣ ਲੋਕਾਂ ਦਾ ਪਿਆਰ ਹੁੰਦਾ ਹੈ ਉਹ ਸ੍ਰ. ਖਾਲੜਾ ਦੇ ਪਰਿਵਾਰ ਨੂੰ ਨਿਰੰਤਰ ਮਿਲ ਰਿਹਾ ਹੈ ਤੇ ਮਿਲਦਾ ਰਹੇਗਾ । ਜਿਸ ਆਸ਼ੇ ਨੂੰ ਲੈ ਕੇ ਸ੍ਰ. ਖਾਲੜਾ ਦਾ ਪਰਿਵਾਰ ਤੇ ਖਾਲੜਾ ਮਿਸ਼ਨ ਅਰਗੇਨਾਈਜੇਸ਼ਨ ਦੇ ਸਮੂਹ ਆਹੁਦੇਦਾਰ ਤੇ ਮੈਂਬਰ ਲੜਾਈ ਲੜ ਰਹੇ ਹਨ । ਅਕਾਲ ਪੁਰਖ ਉਸ ਵਿੱਚ ਉਹਨਾਂ ਨੂੰ ਸਫਲਤਾ ਬਖਸ਼ੇ ।

# ਅਦਾਲਤੀ ਫੈਸਲੇ ਦੇ ਅੰਸ਼

ਪੇਸ਼ ਕੀਤੇ ਗਏ ਸਬੂਤਾਂ ਤੋਂ ਗੱਲ ਪੂਰੀ ਤਰ੍ਹਾਂ ਸਾਬਤ ਹੋ ਗਈ ਹੈ ਕਿ ਸਾਰੇ ਦੋਸ਼ੀਆਂ ਦੇ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰਕੇ ਖਤਮ ਕਰਨ ਦੇ ਇਰਾਦੇ ਸਨ ਕਿਉਂਕਿ ਉਹ ਪੰਜਾਬ ਵਿੱਚ ਨੌਜਵਾਨਾਂ ਦੀ ਗੁੰਮਸ਼ੁਦਗੀ ਅਤੇ ਲਾਵਾਰਿਸ ਜਾਂ ਬੇ-ਪਛਾਣ ਲਾਸ਼ਾਂ ਦੇ ਦੁਰਗਿਆਣਾ ਮੰਦਿਰ, ਅੰਮ੍ਰਿਤਸਰ, ਪੱਟੀ ਅਤੇ ਤਰਨ ਤਾਰਨ ਵਿੱਚ ਪੰਜਾਬ ਪੁਲੀਸ ਵੱਲੋਂ ਸਾੜੇ ਜਾਣ ਦੀਆਂ ਰਿਪੋਰਟਾਂ ਨੂੰ ਪ੍ਰੈਸ ਵਿੱਚ ਜਾਰੀ ਕਰਨ ਲਈ ਬਜ਼ਿੱਦ ਸੀ । ਉਸਨੇ ਪੰਜਾਬ ਪੁਲਿਸ ਦੀਆਂ ਸਾਰੀਆਂ ਗੈਰ ਕਾਨੂੰਨੀ ਅਤੇ ਗੈਰ ਸੰਵਿਧਾਨਿਕ ਕਾਰਵਾਈਆਂ, ਜਿਨ੍ਹਾਂ ਦੀ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ 4-10-2005 ਨੂੰ ਰੈਫਰੈਂਸ ਕੇਸ ਨੰਬਰ - 1/97/NHRC ਵਿੱਚ ਪੁਸ਼ਟੀ ਕੀਤੀ ਨੂੰ ਖੁੱਲ੍ਹੇ ਤੌਰ ਤੇ ਚੁਣੌਤੀ ਦਿੱਤੀ । ਇਸੇ ਕਰਕੇ ਸਾਰੇ ਦੋਸ਼ੀਆਂ ਨੇ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰਨ ਦੀ ਸਾਜਿਸ਼ ਰਚੀ ਤਾਂ ਕਿ ਉਹ ਪੰਜਾਬ ਪੁਲਿਸ ਵੱਲੋਂ ਅੰਮ੍ਰਿਤਸਰ, ਤਰਨ ਤਾਰਨ ਅਤੇ ਪੰਜਾਬ ਦੇ ਹੋਰਨਾਂ ਇਲਾਕਿਆਂ ਵਿੱਚ ਬੇ-ਪਛਾਣ ਅਤੇ ਲਾਵਾਰਿਸ਼ ਲਾਸ਼ਾਂ ਦੇ ਗੈਰ-ਕਾਨੂੰਨੀ ਦਾਹ ਸਸਕਾਰ ਬਾਰੇ ਮੂੰਹ ਨਾ ਖੋਲ੍ਹ ਸਕੇ ।

ਇਸ ਕਾਰਨ ਕੇਸ ਵਿੱਚ ਸ਼ਾਮਲ ਮੁਲਜ਼ਮਾਂ ਨੇ ਸਾਜਿਸ਼ ਨੂੰ ਅੰਜ਼ਾਮ ਦਿੱਤਾ ।

ਫਲਸਰੂਪ ਸਾਰੇ ਮੁਲਜ਼ਮਾਂ, ਡੀ.ਐਸ.ਪੀ. ਜਸਪਾਲ ਸਿੰਘ ਡੀ.ਐਸ.ਪੀ. ਅਸ਼ੋਕ ਕੁਮਾਰ, ਐਸ. ਐਚ.ਓ. ਪੁਲਿਸ ਥਾਣਾ ਝਬਾਲ ਸਤਨਾਮ ਸਿੰਘ, ਐਸ.ਐਚ.ਓ. ਪੁਲੀਸ ਥਾਣਾ ਸਰਹਾਲੀ ਸੁਰਿੰਦਰਪਾਲ ਸਿੰਘ, ਪੁਲਿਸ ਥਾਣਾ ਮਾਨੋਚਾਹਲ ਦੇ ਥਾਣੇਦਾਰ ਪ੍ਰਿਥੀਪਾਲ ਸਿੰਘ ਨੇ 6 ਸਤੰਵਰ 1995 ਨੂੰ ਜਸਵੰਤ ਸਿੰਘ ਖਾਲੜਾ ਨੂੰ ਉਸ ਦੇ ਮਕਾਨ ਨੰ: 8, ਕਬੀਰ ਪਾਰਕ, ਸਾਹਮਣੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਸਵੇਰ 9.20 ਤੇ ਅਗਵਾ ਕੀਤਾ। ਇਹਨਾਂ ਨੇ ਜਸਵੰਤ ਸਿੰਘ ਖਾਲੜਾ ਨੂੰ 6 ਸਤੰਬਰ 1995 ਤੋਂ ਬਾਅਦ ਲਗਾਤਾਰ ਹਿਰਾਸਤ ਵਿੱਚ ਰੱਖਿਆ ਅਤੇ ਇਸ ਹੱਦ ਤੱਕ ਕੁੱਟਿਆ ਅਤੇ ਤਸੀਹੇ ਦਿੱਤੇ ਗਏ ਕਿ ਉਹ ਚਲਣ-ਫਿਰਨ, ਖਾਣਾ ਖਾਣ ਅਤੇ ਗੁਸਲ ਕਰਨ ਤੋਂ ਵੀ ਅਸਮਰੱਥ ਹੋ ਗਿਆ ਅਤੇ ਇਸ ਸਬੰਧ (ਚਲਣ-ਫਿਰਨ) ਵਿੱਚ ਗਵਾਹ ਨੰ: 14 ਕੁਲਵੰਤ ਸਿੰਘ ਨੇ ਅਤੇ ਗਵਾਹ ਨੰ: 16 ਕੁਲਦੀਪ ਸਿੰਘ ਨੇ ਉਸ (ਖਾਲੜਾ) ਦੀ ਸਹਾਇਤਾ ਕੀਤੀ । ਪੁਲਿਸ ਨੇ ਉਸ ਨੂੰ ਭਾਰਤ ਦੀ ਸਰਵ-ਉੱਚ ਅਦਾਲਤ ਵਿੱਚ ਪੇਸ਼ ਨਹੀਂ ਕੀਤਾ, ਜਦਕਿ ਅਜਿਹਾ ਕਰਨ ਲਈ ਭਾਰਤ ਦੀ ਸਰਵ-ਉੱਚ ਅਦਾਲਤ ਨੇ ਰਿੱਟ ਪਟੀਸ਼ਨ ਨੰ: 497 ਆਫ 1995, ਜਿਸ ਦਾ ਕਿ 15-11-1995 ਸ੍ਰੀਮਤੀ ਪਰਮਜੀਤ ਕੌਰ ਖਾਲੜਾ ਬਨਾਮ ਪੰਜਾਬ ਸਰਕਾਰ ਨੂੰ ਫੈਸਲਾ (1996) ਪੀ.ਸੀ.ਆਰ (ਕਰੀਮੀਨਲ) 282 ਈ.ਐਕਸ ਪੀ.ਪੀ.) ਹੋਇਆ ਸੀ, ਦੇ ਅਨੁਸਾਰ ਪੁਲਿਸ ਨੂੰ ਕਿਹਾ ਸੀ । ਸਾਰੇ ਮੁਲਜ਼ਮਾਂ ਨੇ ਉਸਨੂੰ ਜ਼ਿਲ੍ਹਾ ਤਰਨ ਤਾਰਨ ਦੇ ਵੱਖ-ਵੱਖ ਥਾਣਿਆਂ ਦੀਆਂ ਹਵਾਲਾਤਾਂ ਅਤੇ ਅਜੀਤ ਸਿੰਘ ਸੰਧੂ ਦੀ ਮਾਨਾਂਵਾਲਾ (ਅੰਮ੍ਰਿਤਸਰ) ਸਥਿਤ ਕੋਠੀ ਵਿੱਚ ਤਸੀਹੇ ਦਿੱਤੇ ਅਤੇ ਅੰਤ ਉਹ ਦੀਵਾਲੀ ਤੋਂ ਲਗਭਗ 4 ਦਿਨ ਮਗਰੋਂ ਸਤਨਾਮ ਸਿੰਘ ਥਾਣੇਦਾਰ ਝਬਾਲ ਦੇ ਕੁਆਰਟਰ ਦੇ ਇਕ ਕਮਰੇ ਵਿੱਚ ਮਰ ਗਿਆ ਅਤੇ ਫਿਰ ਉਸੇ ਹੀ ਦਿਨ ਅੱਧੀ ਰਾਤ (ਲਗਭਗ 12 ਵਜੇ) ਉਸਦੀ ਮ੍ਰਿਤਕ ਦੇਹ ਹਰੀਕੇ (ਅੰਮ੍ਰਿਤਸਰ) ਨਹਿਰ ਵਿੱਚ ਸਟ ਦਿੱਤੀ । ਇਸ ਤਰ੍ਹਾਂ ਸਾਰੇ ਮੁਲਜਮਾਂ, ਅਜੀਤ ਸਿੰਘ ਸੰਧੂ (ਮ੍ਰਿਤਕ) ਐਸ.ਐਸ. ਪੀ., ਅਸ਼ੋਕ ਕੁਮਾਰ (ਮ੍ਰਿਤਕ) ਡੀ.ਐਸ.ਪੀ., ਸਤਨਾਮ ਸਿੰਘ, ਜਸਬੀਰ ਸਿੰਘ,. ਅਮਰਜੀਤ ਸਿੰਘ, ਸਤਿੰਦਰਪਾਲ ਸਿੰਘ, ਪ੍ਰਿਥੀਪਾਲ ਅਤੇ ਜਸਪਾਲ ਸਿੰਘ ਡੀ.ਐਸ.ਪੀ. ਨੇ ਪੱਕਾ ਜਾਂ ਲਗਭਗ 6 ਸਤੰਬਰ 1995 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦੇ ਜਨਰਲ ਸਕੱਤਰ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰਨ ਅਤੇ ਮਾਰਨ ਦੀ ਮੁਜ਼ਰਮਾਨਾ ਸਾਜ਼ਿਸ਼ ਨੂੰ ਅੰਜਾਮ ਦੇਣ ਦਾ ਜ਼ੁਰਮ ਕੀਤਾ । ਇਸ ਤਰ੍ਹਾਂ ਉਪਰੋਕਤ ਸਾਰੇ ਮੁਲਜ਼ਮਾਂ ਨੇ ਜ਼ੁਰਮ ਕੀਤਾ ਹੈ ਜੋ ਕਿ ਭਾਰਤੀ ਦੰਡਾਵਲੀ ਦੀ ਧਾਰਾ 120-ਬੀ, ਅਧੀਨ ਸਜ਼ਾ ਦੇਣ ਯੋਗ ਹੈ । ਨਤੀਜਨ ਮੈਂ ਇਹਨਾਂ ਸਾਰੇ ਮੁਲਜ਼ਮਾਂ ਨ ਭਾਰਤੀ ਦੰਡਾਵਲੀ ਦੀ ਧਾਰਾ 120 -ਬੀ ਅਧੀਨ

ਮੁਲਜ਼ਮ ਕਰਾਰ ਦਿੰਦਾ ਹਾਂ ।

43- ਸਾਰੇ ਮੁਲਜ਼ਮਾਂ-ਡੀ, ਐਸ.ਪੀ. ਅਸ਼ੋਕ ਕੁਮਾਰ, ਸਤਿੰਦਰਪਾਲ ਸਿੰਘ, ਸਤਿਨਾਮ ਸਿੰਘ, ਜਸਬੀਰ ਸਿੰਘ, ਜਸਪਾਲ ਸਿੰਘ, ਅਮਰਜੀਤ ਸਿੰਘ, ਪ੍ਰਿਥੀਪਾਲ ਸਿੰਘ ਨੇ ਜਸਵੰਤ ਸਿੰਘ ਖਾਲੜਾ ਨੂੰ ਮਿਤੀ 6 ਸਤੰਬਰ 1995 ਨੂੰ ਉਸਦੇ ਘਰ (ਕਬੀਰ ਪਾਰਕ, ਅੰਮ੍ਰਿਤਸਰ) ਤੋਂ ਮਾਰਨ ਦੀ ਨੀਯਤ ਨਾਲ ਅਗਵਾ ਕੀਤਾ । ਇਸ ਤਰ੍ਹਾਂ ਇਹਨਾਂ ਸਾਰੇ ਮੁਲਜ਼ਮਾਂ ਨੇ ਜ਼ੁਰਮ ਕੀਤਾ ਜੋ ਕਿ ਭਾਰਤੀ ਦੰਡਾਵਲੀ ਦੀ ਧਾਰਾ 364 (ਜੋ ਧਾਰਾ 34 ਨਾਲ ਮਿਲਾਕੇ ਪੜ੍ਹੀ ਜਾਵੇ) ਦੇ ਅਧੀਨ ਸਜ਼ਾ ਦੇਣ ਯੋਗ ਹੈ । ਨਤੀਜਨ ਮੈਂ ਸਾਰੇ ਮੁਲਜ਼ਮਾਂ ਨੂੰ ਭਾਰਤੀ ਦੰਡਾਵਲੀ ਦੀ ਧਾਰਾ 364 (ਜੋ 34 ਨਾਲ ਮਿਲਾ ਕੇ ਪੜ੍ਹੀ ਜਾਵੇ) ਦੇ ਅਧੀਨ ਮੁਜ਼ਰਮ ਕਰਾਰ ਦਿੰਦਾ ਹਾਂ ।

44- ਮੁਲਜ਼ਮ ਜਸਪਾਲ ਸਿੰਘ ਅਤੇ ਅਮਰਜੀਤ ਸਿੰਘ ਉਤੇ ਇਸ ਜ਼ੁਰਮ ਦੀ ਸ਼ਿਕਾਇਤ ਕੀਤੀ ਗਈ ਕਿ ਉਹਨਾਂ ਨੇ ਜਸਵੰਤ ਸਿੰਘ ਖਾਲੜਾ ਨੂੰ ਮਿੱਥ ਕੇ ਖਤਮ ਕਰਨ ਲਈ ਉਸਦਾ ਕਤਲ ਕੀਤਾ । ਬਿਨਾ ਸ਼ੱਕ ਬਾਕੀ ਮੁਲਜਮਾਂ ਨੇ ਜਸਵੰਤ ਸਿੰਘ ਖਾਲੜਾ ਨੂੰ ਖਤਮ ਕਰਨ ਲਈ ਆਪਣਾ ਹਿੱਸਾ ਪਾਇਆ ਪਰੰਤੂ ਸਿਰਫ ਮੁਲਜ਼ਮ ਜਸਪਾਲ ਸਿੰਘ ਤੇ ਅਮਰਜੀਤ ਸਿੰਘ ਨੂੰ ਭਾਰਤੀ ਦੰਡਾਵਲੀ ਦੀ ਧਾਰਾ 302 ਦੇ ਅਧੀਨ ਮੁਜ਼ਰਮ ਐਲਾਨਿਆ ਗਿਆ ਹੈ ਇਸ ਲਈ ਮੈਂ ਦੋਹਾਂ ਮੁਲਜ਼ਮਾਂ ਨੂੰ ਜ਼ੁਰਮ ਲਈ ਦੋਸ਼ੀ ਮੰਨਦਾ ਹਾਂ ਜੋ ਕਿ ਭਾਰਤੀ ਦੰਡਾਵਲੀ ਦੀ ਧਾਰਾ 302 ਦੇ ਅਧੀਨ ਸਜ਼ਾ ਦੇਣ ਯੋਗ ਹੈ ਅਤੇ ਉਹਨਾਂ ਨੂੰ ਦੋਸ਼ੀ ਕਰਾਰ ਦਿੰਦਾ ਹਾਂ । ਦੋਹਾਂ ਦੋਸ਼ੀਆਂ ਡੀ.ਐਸ.ਪੀ. ਜਸਪਾਲ ਸਿੰਘ, ਏ.ਐਸ.ਆਈ. ਅਮਰਜੀਤ ਸਿੰਘ ਉਤੇ ਜ਼ੁਰਮ ਆਇਦ ਕੀਤਾ ਗਿਆ ਹੈ ਅਤੇ ਇਹ ਪੂਰੀ ਤਰ੍ਹਾਂ ਸਾਬਤ ਹੋ ਗਿਆ ਹੈ । ਬਿਨਾ ਸ਼ੱਕ ਜਿਵੇਂ ਕਿ ਉਪਰ ਵਿਚਾਰ ਕੀਤੀ ਗਈ ਹੈ ਕਿ ਉਹ ਜਸਵੰਤ ਸਿੰਘ ਖਾਲੜਾ ਨੂੰ ਮਾਰ ਕੇ ਕਾਨੂੰਨ ਦੀ ਸਜ਼ਾ ਤੋਂ ਬਚਣ ਲਈ ਉਸਦੀ ਲਾਸ਼ ਨੂੰ ਹਰੀਕੇ ਨਹਿਰ ਵਿੱਚ ਸੁੱਟ ਕੇ ਖੁਰਦ ਬੁਰਦ ਕਰਨ ਲਈ ਦੋਸ਼ੀ ਹਨ । ਪਰੰਤੂ ਮੇਰੇ ਕੋਲ 25 ਜੁਲਾਈ 1998 ਨੂੰ ਭਾਰਤੀ ਦੰਡਾਵਲੀ ਧਾਰਾ 201/54 ਅਧੀਨ ਸਿਰਫ ਇਹਨਾਂ ਦੋਸ਼ੀਆਂ ਉਤੇ ਹੀ ਜ਼ੁਰਮ ਆਇਦ ਕੀਤੇ ਗਏ ਹਨ । ਇਸ ਲਈ ਦੋਹਾਂ ਮੁਲਜ਼ਮਾਂ ਡੀ.ਐਸ.ਪੀ. ਜਸਪਾਲ ਸਿੰਘ ਅਤੇ ਅਮਰਜੀਤ ਸਿੰਘ ਨੂੰ ਇਸ ਜ਼ੁਰਮ ਲਈ ਦੋਸ਼ੀ ਮੰਨਦਾ ਹਾਂ ਜੋ ਕਿ ਭਾਰਤੀ ਦੰਡਾਵਲੀ ਦੀ ਧਾਰਾ 201/34 ਦੇ ਅਧੀਨ ਸਜ਼ਾ ਦੇਣ ਯੋਗ ਹੈ ਅਤੇ ਉਹਨਾਂ ਨੂੰ ਦੋਸ਼ੀ ਕਰਾਰ ਦਿੰਦਾ ਹਾਂ ।

ਆਓ ਦੋਸ਼ੀਆਂ ਨੂੰ ਸਜ਼ਾ ਦੇ ਮਾਪਦੰਡਾਂ ਬਾਰੇ ਪੁੱਛੀਏ । ਇਹ ਸਭ ਕੁਝ ਖੁੱਲ੍ਹੀ ਅਦਾਲਤ ਵਿੱਚ ਕਿਹਾ ਗਿਆ ।

45- ਮੁਲਜ਼ਮਾਂ / ਸਜ਼ਾ ਯਾਫਤਾ, ਉਹਨਾਂ ਦੇ ਵਕੀਲ ਅਤੇ ਨਾਲ ਹੀ ਸੀ.ਬੀ.ਆਈ. ਦੇ

ਵਿਸ਼ੇਸ਼ ਵਕੀਲਾਂ ਤੋਂ ਸਜ਼ਾ ਦੇ ਮਾਪਦੰਡ ਬਾਰੇ ਸੁਣਿਆ । ਸਾਰੇ ਮੁਲਜ਼ਮਾਂ ਦੇ ਬਿਆਨ ਵੀ ਦਰਜ ਕੀਤੇ ਗਏ ਸਨ । ਸਾਰੇ ਮੁਲਜ਼ਮਾਂ ਨੇ ਸਜ਼ਾ ਦੇ ਸੰਬੰਧ ਵਿੱਚ ਇਹ ਕਹਿ ਕੇ ਨਰਮ ਰੁਖ ਅਪਨਾਉਣ ਦੀ ਬੇਨਤੀ ਕੀਤੀ ਕਿ ਉਹ ਸਾਰੇ 41 ਤੋਂ 57 ਸਾਲ ਦੀ ਉਮਰ ਦੇ ਹਨ । ਉਹ ਪਿਛਲੇ 10 ਸਾਲ ਤੋਂ ਇਸ ਕੇਸ ਦੀ ਸੁਣਵਾਈ ਝੱਲ ਰਹੇ ਹਨ । ਉਹ ਆਪਣੇ ਪਰਿਵਾਰ ਦੇ ਇੱਕਲੇ ਕਮਾਉਣ ਯੋਗ ਮੈਂਬਰ ਹਨ । ਉਹਨਾਂ ਦੇ ਮਾਂ-ਪਿਉ ਦੀ ਦੇਖਭਾਲ ਲਈ ਹੋਰ ਕੋਈ ਮੈਂਬਰ ਨਹੀਂ ਹੈ ਅਤੇ ਉਹਨਾਂ ਦੇ ਕੁੱਝ ਬੱਚੇ ਵਿਆਹੁਣਯੋਗ ਉਮਰ ਦੇ ਹਨ । ਪਹਿਲਾਂ ਉਹਨਾਂ ਨੂੰ ਸਜ਼ਾ ਮਿਲਣੀ ਹੈ ।

46- ਮੈਂ ਇਸ ਕੇਸ ਦੇ ਸਾਰੇ ਤੱਥ ਦੇਖੇ ਹਨ, ਪੁਲਿਸ ਦੀ ਰਿਪੋਰਟ ਦੇ ਆਧਾਰ ਤੇ ਮੁਲਜ਼ਮ ਪਹਿਲੇ ਦੋਸ਼ੀ ਹਨ । ਉਹ ਪਿਛਲੇ 10 ਸਾਲਾਂ ਤੋਂ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ ਪਰ ਜ਼ੁਰਮ ਦੀ ਗੰਭੀਰਤਾ ਦੇ ਹਿਸਾਬ ਨਾਲ ਜਿਹੜਾ ਜ਼ੁਰਮ ਉਨ੍ਹਾਂ ਨੇ ਕੀਤਾ ਹੈ ਉਹ ਸਜ਼ਾ ਦੇਣ ਯੋਗ ਹਨ । ਜਿਵੇਂ ਇੱਕ ਮਾਸੂਮ ਵਿਅਕਤੀ ਨੂੰ ਉਹਦੇ ਘਰੋਂ ਅਗਵਾ ਕਰਨਾ, ਉਸਤੇ ਤਸ਼ੱਦਦ ਕਰਨਾ ਅਤੇ ਅੰਤ ਨੂੰ ਉਸਨੂੰ ਖਤਮ ਕਰ ਦੇਣਾ, ਫਿਰ ਉਸਦੀ ਲਾਸ਼ ਨਹਿਰ ਵਿੱਚ ਸੁੱਟ ਕੇ ਨਾਮੋ-ਨਿਸ਼ਾਨ ਮਿਟਾ ਦੇਣਾ, ਜਦੋਂ ਕਿ ਇਹ ਦੋਸ਼ੀ ਆਪ ਕਾਨੂੰਨ-ਵਿਵਸਥਾ ਦੇ ਰਖਵਾਲੇ ਸਨ । ਮੇਰਾ ਵਿਚਾਰ ਹੈ ਕਿ ਸਜ਼ਾ ਦੇ ਸਬੰਧ ਵਿੱਚ ਇਹ ਨਰਮ ਰੁੱਖ ਅਪਣਾਉਣ ਦੇ ਯੋਗ ਨਹੀਂ ਹਨ ।

ਸਿੱਖ ਸ਼ਹਾਦਤ ਦਸੰਬਰ,2005

# ਸ੍ਰ. ਖਾਲੜਾ ਦੀ ਮਿਹਨਤ ਦੇ ਰੰਗ

ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਕਾਲੇ ਦਿਨਾਂ ਦੌਰਾਨ ਪੁਲੀਸ ਵੱਲੋਂ ਫਰਜ਼ੀ ਮੁਕਾਬਲਿਆਂ ਰਾਹੀਂ ਨੌਜਵਾਨਾਂ ਨੂੰ ਮਾਰ ਕੇ ਉਹਨਾਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਦੱਸਕੇ ਕੀਤੇ ਸਮੂਹਿਕ ਸਸਕਾਰ ਕੇਸਾਂ ਵਿੱਚੋਂ 1051 ਮ੍ਰਿਤਕਾਂ ਦੇ ਵਾਰਸਾਂ ਨੂੰ ਪ੍ਰਤੀ ਲਾਸ਼ 1.75 ਲੱਖ ਰੁਪਏ ਤੇ 194 ਵਿਅਕਤੀਆਂ ਦੇ ਵਾਰਸਾਂ ਨੂੰ 2.50 ਲੱਖ ਰੁਪਏ ਮੁਆਵਜਾ ਦੇਣ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਕਮਿਸ਼ਨ ਨੇ ਇਸ ਗੱਲ ਉਤੇ ਡੂੰਘੀ ਚਿੰਤਾ ਦਾ ਇਜ਼ਹਾਰ ਕੀਤਾ ਹੈ, ਕਿ ਅੰਤਿਮ ਰਸਮਾਂ ਦੇ ਨਿਯਮਾਂ ਦੀ ਘੋਰ ਉਲੰਘਣਾ ਹੋਈ ਹੈ।

1984 ਤੋਂ 1994 ਤੱਕ ਸੁਰੱਖਿਆ ਦਸਤਿਆਂ ਤੇ ਪੁਲੀਸ ਨੇ ਸਰਕਾਰਾਂ ਦੇ ਇਸ਼ਾਰਿਆਂ ਉਤੇ ਸਿੱਖਾਂ ਨੂੰ ਖਤਮ ਕਰਨ ਦਾ ਬੀੜਾ ਚੁੱਕਿਆ ਹੋਇਆ ਸੀ। ਰੋਜ਼ਾਨਾ 15-20 ਨੌਜਵਾਨਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰ ਕੇ ਜਿੱਥੇ ਸਿੱਖਾਂ ਨੂੰ ਮੀਡੀਏ ਰਾਹੀਂ ਦੁਨੀਆ ਭਰ ਵਿੱਚ ਅੱਤਵਾਦੀ, ਵੱਖਵਾਦੀ, ਦਹਿਸ਼ਤਗਰਦ ਦੱਸ ਕੇ ਬਦਨਾਮ ਕੀਤਾ ਜਾਂਦਾ ਸੀ, ਉਥੇ ਹਿੰਦੂਵਾਦ ਦੇ ਹਮਾਇਤੀਆਂ ਨੂੰ ਖੁਸ਼ ਕਰਨ ਵਾਸਤੇ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਦੱਸਕੇ ਉਹਨਾਂ ਦਾ ਸਮੂਹਿਕ ਸਸਕਾਰ ਕੀਤਾ ਜਾਂਦਾ ਸੀ। ਪੁਲੀਸ ਦੀ ਇਸ ਘਿਨਾਉਣੀ ਕਾਰਵਾਈ ਦਾ ਭਾਂਡਾ ਭੰਨਣ ਵਾਲੇ ਲੋਕਾਂ ਦੇ ਸੱਚੇ ਸੇਵਕ

ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੇ ਤਿੰਨ ਪੁਲੀਸ ਜਿਲ੍ਹਿਆਂ, ਅੰਮ੍ਰਿਤਸਰ, ਤਰਨ ਤਾਰਨ ਅਤੇ ਮਜੀਠਾ ਦੀਆਂ ਸ਼ਮਸ਼ਾਨਘਾਟਾਂ ਵਿੱਚੋਂ 2097 ਉਹਨਾਂ ਲਾਸ਼ਾਂ ਦਾ ਰਿਕਾਰਡ ਇੱਕਠਾ ਕੀਤਾ । ਜਿਹਨਾਂ ਨੂੰ ਸ਼ਮਸ਼ਾਨਘਾਟਾਂ ਵਿੱਚ ਲਾਵਾਰਿਸ ਦੱਸ ਕੇ ਅਗਨ ਭੇਂਟ ਕੀਤਾ ਗਿਆ ਸੀ । ਉਹਨਾਂ ਵੱਲੋਂ ਜਾਰੀ ਕੀਤੀ ਗਈ ਇਸ ਲਿਸਟ ਨੇ ਪੁਲੀਸ ਤੇ ਪੰਜਾਬ ਸਰਕਾਰ ਦਾ ਤਖ਼ਤ ਡੋਲਣ ਲਾ ਦਿੱਤਾ ਸੀ ।

ਸ੍ਰ. ਜਸਵੰਤ ਸਿੰਘ ਖਾਲੜਾ ਜਦੋਂ ਪੁਲੀਸ ਦਾ ਇਹ ਭਾਂਡਾ ਭੰਨਣ ਤੁਰੇ ਸੀ ਤਾਂ ਉਹਨਾਂ ਨੂੰ ਪਤਾ ਸੀ ਕਿ ਪੁਲੀਸ ਨੇ ਉਹਨਾਂ ਨੂੰ ਮਾਰ ਦੇਣਾ ਹੈ, ਇਸ ਲਈ ਉਹ ਕਹਿੰਦੇ ਸੀ ਕਿ ਜੇਕਰ ਇਹ ਕਾਰਜ ਕਰਦਿਆਂ ਉਹਨਾਂ ਦੀ ਮੌਤ ਆਉਂਦੀ ਹੈ ਤਾਂ ਵਾਰ-ਵਾਰ ਆਵੇ । ਜੋ ਕੁੱਝ ਉਹਨਾਂ ਦੁਨੀਆ ਦੀ ਨਜ਼ਰ ਕੀਤਾ ਹੈ ਉਸ ਨੂੰ ਲੋਕ ਭੁਲਾ ਨਹੀਂ ਸਕਣਗੇ । ਉਹ ਭਾਵੇਂ ਲਾਸ਼ਾਂ ਦੀ ਭਾਲ ਕਰਦੇ-ਕਰਦੇ ਆਪ ਹੀ ਲਾਸ਼ ਬਣ ਗਏ ਸਨ ਪਰ ਉਹਨਾਂ ਵੱਲੋਂ ਸਾਹਮਣੇ ਲਿਆਂਦੀਆਂ 2097 ਲਾਸ਼ਾਂ ਵਿੱਚੋਂ ਸੀ.ਬੀ.ਆਈ. ਨੇ 2059 ਲਾਸ਼ਾਂ ਨੂੰ ਸਹੀ ਮੰਨਦਿਆਂ ਹੋਇਆਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸੂਚੀ ਸੌਂਪਦਿਆਂ ਹੋਇਆਂ ਉਹਨਾਂ ਦੇ ਵਾਰਸਾਂ ਨੂੰ ਮੁਆਵਜਾ ਦੇਣ ਲਈ ਕਿਹਾ ਸੀ ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਸੀ.ਬੀ.ਆਈ. ਵੱਲੋਂ ਸਹੀ ਪਾਈਆਂ 2059 ਲਾਸ਼ਾਂ ਵਿੱਚੋਂ 1051 ਲਾਸ਼ਾਂ ਦੇ ਵਾਰਸਾਂ ਨੂੰ 1 ਲੱਖ 75 ਹਜ਼ਾਰ ਰੁਪਏ ਪ੍ਰਤੀ ਲਾਸ਼ 11 ਨਵੰਬਰ 2004 ਨੂੰ 194 ਵਿਅਕਤੀਆਂ ਦੇ ਵਾਰਸਾਂ ਨੂੰ 2 ਲੱਖ 50 ਹਜ਼ਾਰ ਰੁਪਏ ਪ੍ਰਤੀ ਲਾਸ਼ ਦੇਣ ਦਾ ਫੈਸਲਾ ਕੀਤਾ ਸੀ । ਇਸ ਤਰ੍ਹਾਂ 1245 ਲਾਸ਼ਾਂ ਦੀ ਪਛਾਣ ਮਨੁੱਖੀ ਅਧਿਕਾਰ ਕਮਿਸ਼ਨ ਨੇ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਫੇਰ ਤੋਂ ਕੀਤੀ । ਕਮਿਸ਼ਨ ਨੇ ਆਪਣੀ ਜਾਂਚ ਦੌਰਾਨ ਇਹ ਪਾਇਆ ਹੈ ਕਿ 1051 ਲਾਸ਼ਾਂ ਦੀ ਪੁਲੀਸ ਨੂੰ ਪੂਰੀ ਤਰ੍ਹਾਂ ਪਛਾਣ ਹੋ ਗਈ ਸੀ । ਪੁਲੀਸ ਨੇ ਆਪਣੀਆਂ ਗਲਤੀਆਂ ਉਤੇ ਪਰਦਾ ਪਾਉਣ ਲਈ ਇਹ ਲਾਸ਼ਾਂ ਉਹਨਾਂ ਦੇ ਵਾਰਸਾਂ ਦੇ ਹਵਾਲੇ ਨਹੀਂ ਕੀਤੀਆਂ ਸਗੋਂ ਰਾਜ ਦੇ ਅਧਿਕਾਰੀਆਂ ਨੇ ਸਸਕਾਰ ਸਬੰਧੀ ਨਿਯਮਾਂ ਨੂੰ ਛਿੱਕੇ ਟੰਗ ਕੇ ਉਹਨਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਸੀ । ਪੁਲੀਸ ਦੀ ਇਸ ਕਾਰਵਾਈ ਨਾਲ ਮ੍ਰਿਤਕਾਂ ਦੇ ਵਾਰਸਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਜੋ ਕਿ ਆਪਣੇ ਇਹਨਾਂ ਸਬੰਧੀਆਂ ਦਾ ਕਿਰਿਆ-ਕਰਮ ਆਪਣੀਆਂ ਧਾਰਮਿਕ ਰਸਮਾਂ ਅਤੇ ਚੱਲੇ ਆਉਂਦੇ ਰੀਤੀ-ਰਿਵਾਜ਼ਾਂ ਮੁਤਾਬਕ ਅੰਤਿਮ ਸਸਕਾਰ ਕਰਨੇ ਚਾਹੁੰਦੇ ਸਨ ।

ਸ੍ਰ. ਜਸਵੰਤ ਸਿੰਘ ਖਾਲੜਾ ਵੱਲੋਂ ਲੱਭੀਆਂ ਉਕਤ ਲਾਸ਼ਾਂ ਦੀਆਂ ਤਿੰਨ ਲਿਸਟਾਂ ਸੀ.ਬੀ.ਆਈ. ਨੂੰ ਪੜਤਾਲ ਲਈ ਦਿੱਤੀਆਂ ਗਈਆਂ ਸਨ ਜਿਹਨਾਂ ਦੀ ਪਛਾਣ ਲਈ ਕੌਮੀ

ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਜਨਵਰੀ 1999 ਵਿੱਚ ਅਖਬਾਰਾਂ ਰਾਂਹੀ ਜਨਤਕ ਨੋਟਿਸ ਜਾਰੀ ਕੀਤਾ ਗਿਆ ਜਿਸ ਵਿੱਚ ਅਣਪਛਾਤੀਆਂ ਲਾਸ਼ਾਂ ਸਬੰਧੀ ਉਹਨਾਂ ਦੇ ਵਾਰਸਾਂ ਤੋਂ ਜਾਣਕਾਰੀ ਮੰਗੀ ਗਈ ਸੀ । ਇਸ ਜਨਤਕ ਨੋਟਿਸ ਮਗਰੋਂ ਸਿਰਫ 88 ਮ੍ਰਿਤਕਾਂ ਦੇ ਵਾਰਸਾਂ ਨੇ ਹੀ ਦਾਅਵੇ ਜਤਾਏ ਸਨ । ਕਮਿਸ਼ਨ ਵੱਲੋਂ ਲੋਕਾਂ ਨੂੰ ਪੂਰਾ-ਪੂਰਾ ਇਨਸਾਫ ਦਵਾਉਣ ਦੀ ਮਨਸ਼ਾਂ ਨਾਲ 2004 ਵਿੱਚ ਇੱਕ ਵਾਰੀ ਫੇਰ ਜਨਤਕ ਨੋਟਿਸ ਅਖਬਾਰਾਂ ਵਿੱਚ ਦਿੱਤੇ ਗਏ । ਇਸ ਵਾਰੀ ਪਿੱਛਲੇ 88 ਦਾਅਵਿਆਂ ਦੇ ਮੁਕਾਬਲੇ 1796 ਮ੍ਰਿਤਕਾਂ ਦੇ ਪਰਿਵਾਰਾਂ ਵੱਲੋਂ ਸ਼ਨਾਖਤ ਲਈ ਸਬੂਤ ਦਿੱਤੇ ਗਏ ਸਨ ।

ਇਸ ਤਰ੍ਹਾਂ ਕਮਿਸ਼ਨ ਨੇ ਸਰਕਾਰੀ ਅਧਿਕਾਰੀਆਂ ਤੇ ਹੋਰ ਸੰਗਠਨਾਂ ਦੀ ਮਦਦ ਨਾਲ 1245 ਮ੍ਰਿਤਕਾਂ ਦੀ ਸ਼ਨਾਖਤ ਕਰਨ ਵਿੱਚ ਸਫਲਤਾ ਹਾਸ਼ਲ ਕਰ ਲਈ ਹੈ । ਬਾਕੀ ਰਹਿੰਦੀਆਂ 814 ਲਾਸ਼ਾਂ ਦੀ ਸ਼ਨਾਖਤ ਲਈ ਕਮਿਸ਼ਨ ਨੇ ਹਾਈ ਕੋਰਟ ਦੇ ਸੇਵਾ ਮੁਕਤ ਮਾਨਯੋਗ ਜੱਜ ਕੇ.ਐਸ. ਭੱਲਾ ਨੂੰ 1 ਜਨਵਰੀ 2007 ਨੂੰ 6 ਮਹੀਨੇ ਲਈ ਨਿਯੁਕਤ ਕੀਤਾ ਸੀ ।

ਉਹਨਾਂ 6 ਮਹੀਨਿਆਂ ਵਿੱਚ 91 ਕੇਸਾਂ ਦਾ ਨਿਪਟਾਰਾ ਕੀਤਾ ਹੈ । ਬਾਕੀ ਰਹਿੰਦੇ 723 ਕੇਸਾਂ ਦੇ ਨਿਪਟਾਰੇ ਲਈ ਖਾਲੜਾ ਮਿਸ਼ਨ ਅਰਗੇਨਾਈਜੇਸ਼ਨ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਫੇਰ ਦਰਖਾਸਤ ਲਾਈ ਹੈ । ਆਸ ਹੈ ਕਿ ਛੇਤੀ ਹੀ ਹੋਰ ਜੱਜ ਭੇਜਿਆ ਜਾਵੇਗਾ ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ 12 ਅਕਤੂਬਰ 2006 ਨੂੰ ਪੰਜਾਬ ਸਰਕਾਰ ਨੂੰ ਇਸ ਮੁਆਵਜੇ ਵਾਸਤੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ 18 ਕਰੋੜ 39 ਲੱਖ 25 ਹਜ਼ਾਰ ਰੁਪਏ ਦੀ ਰਾਸ਼ੀ ਜਮਾਂ ਕਰਵਾਉਣ ਲਈ ਆਖਿਆ ਸੀ । ਪਰ ਇਸੇ ਦੌਰਾਨ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋ ਜਾਣ ਕਰਕੇ ਸਰਕਾਰ ਨੇ ਇਹ ਪੈਸਾ ਜਮਾਂ ਨਹੀਂ ਕਰਵਾਇਆ । ਚੋਣਾਂ ਮਗਰੋਂ ਆਈ ਨਵੀਂ ਸਰਕਾਰ ਦਾ ਗਠਨ ਹੋਣ ਕਰਕੇ ਇਸ ਕੰਮ ਵਿੱਚ ਦੇਰੀ ਹੋਈ ਹੈ । ਹੁਣ ਫੇਰ ਕਮਿਸ਼ਨ ਨੇ ਸਰਕਾਰ ਤੋਂ ਪੈਸਾ ਜਮ੍ਹਾਂ ਕਰਵਾਉਣ ਲਈ ਰੂਪ ਰੇਖਾ ਤਿਆਰ ਕੀਤੀ ਹੈ । ਉਕਤ ਕੇਸਾਂ ਦੀ ਪੜਤਾਲ ਦੌਰਾਨ ਇਹ ਸਪਸ਼ਟ ਹੋ ਗਿਆ ਹੈ ਕਿ ਖਪਾਏ ਗਏ ਲੋਕਾਂ ਦੀ ਜਾਂ ਤਾਂ ਪੁਲੀਸ ਹਿਰਾਸਤ 'ਚ ਮੌਤ ਹੋਈ ਹੈ ਜਾਂ ਕਥਿਤ ਤੌਰ ਉਤੇ ਪੁਲੀਸ ਨੇ ਉਹ ਚੁੱਕ ਕ ਮਾਰੇ ਹਨ । ਕਮਿਸ਼ਨ ਨੇ ਇਹਨਾਂ ਮਾਮਲਿਆਂ ਵਿੱਚ ਪੁਲੀਸ ਵੱਲੋਂ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਦੇ ਦੋਸ਼ ਵੀ ਲਾਏ ਹਨ । ਕਮਿਸ਼ਨ ਦੇ ਆਦੇਸ਼ਾਂ ਤੇ ਸੀ.ਬੀ.ਆਈ. ਨੇ ਤਿੰਨ ਲਿਸਟਾਂ ਬਣਾਈਆਂ ਸਨ ਜਿਹਨਾਂ ਵਿੱਚੋਂ ਹੁਣ ਉਕਤ ਕੇਸਾਂ ਦਾ ਨਿਪਟਾਰਾ ਕਰਨਾ ਬਾਕੀ ਹੈ ।

# ਸ਼ਮਾਂ ਜਗਦੀ ਰਹੀ

ਪੰਜਾਬ ਵਿੱਚ ਕਾਲੇ ਦਿਨਾਂ ਦੌਰਾਨ ਪੁਲੀਸ ਵੱਲੋਂ ਘਰਾਂ ਵਿੱਚ ਚੁੱਕ ਕੇ ਫਰਜ਼ੀ ਮੁਕਾਬਲਿਆਂ ਰਾਹੀਂ ਮਾਰੇ ਵਿਅਕਤੀਆਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਦੱਸ ਕੇ ਸ਼ਮਸ਼ਾਨਘਾਟਾਂ ਵਿੱਚ ਸਸਕਾਰ ਕੀਤਾ ਜਾਂਦਾ ਸੀ ਜਿਹਨਾਂ ਦੀ ਸ਼ਨਾਖਤ ਕਰਨ ਲਈ ਇਨਸਾਨੀਅਤ ਦਾ ਦਰਦ ਲੈ ਕੇ ਘਰੋਂ ਨਿਕਲਿਆ ਸ੍ਰ. ਜਸਵੰਤ ਸਿੰਘ ਖਾਲੜਾ ਆਖਰ ਖੁਦ ਹੀ ਲਾਵਾਰਿਸ ਲਾਸ਼ ਬਣ ਗਿਆ। ਉਹਨਾਂ ਵੱਲੋਂ ਲਾਵਾਰਿਸ ਲਾਸ਼ਾਂ ਦੀ ਸ਼ਨਾਖਤ ਕਰਕੇ ਪੀੜਤ ਪਰਿਵਾਰਾਂ ਨੂੰ ਨਿਆਂ ਦਿਵਾਉਣ ਤੇ ਦੋਸ਼ੀ ਪੁਲੀਸ ਮੁਲਾਜ਼ਮਾਂ ਨੂੰ ਕਾਨੂੰਨ ਦੇ ਕਟਿਹਰੇ ਵਿੱਚ ਖੜਾ ਕਰਨ ਲਈ ਜੋ ਸ਼ਮਾਂ ਜਗਾਈ ਸੀ ਉਸ ਨੂੰ ਜਗਦੀ ਰੱਖਣ ਲਈ ਉਹਨਾਂ ਦੀ ਧਰਮ ਪਤਨੀ ਹਰ ਕੁਰਬਾਨੀ ਦੇਣ ਲਈ ਤਿਆਰ ਹੈ।

ਪਰਬਤ ਜਿੱਡੇ ਜਿਗਰੇ ਵਾਲੀ ਉਹ ਔਰਤ ਅੱਜ ਵੀ ਆਪਣੇ ਪਤੀ ਦੇ ਵਿਛੋੜੇ ਨੂੰ ਸੀਨੇ ਵਿੱਚ ਸਮਾ ਕੇ ਪੁਲੀਸ ਤਸ਼ੱਦਦ ਤੇ ਗੋਲੀਆਂ ਦੇ ਸ਼ਿਕਾਰ ਹੋਏ ਵਿਅਕਤੀਆਂ ਦੀਆਂ ਮਾਵਾਂ, ਭੈਣਾਂ, ਉਹਨਾਂ ਦੀਆਂ ਪਤਨੀਆਂ ਤੇ ਮਸੂਮ ਬੱਚਿਆਂ ਨੂੰ ਨਿਆਂ ਦੁਵਾਉਣ ਲਈ ਯਤਨਸ਼ੀਲ ਹੈ। ਪਤੀ ਵੱਲੋਂ ਅਰੰਭਿਆ ਕਾਰਜ ਭਾਵੇਂ ਬਿਖੜਾ ਪੈਂਡਾ ਹੈ ਪਰ ਉਹ ਉਸ ਉਤੇ ਚਲਦੀ ਹੋਈ ਝੱਖੜਾਂ ਦੀ ਪ੍ਰਵਾਹ ਨਹੀਂ ਕਰਦੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਹਮਣੇ ਕਬੀਰ ਪਾਰਕ ਵਿੱਚ ਬਹਾਦਰਾਂ ਵਾਂਗ ਦਿਨ ਕੱਟਦੀ ਸ੍ਰੀਮਤੀ

ਪ੍ਰਮਜੀਤ ਕੌਰ ਖਾਲੜਾ ਕਿਸੇ ਜਾਣ-ਪਹਿਚਾਣ ਦੀ ਮਥਾਜ ਨਹੀਂ । ਉਹਨਾਂ ਪੱਤਰਕਾਰ ਦਲਬੀਰ ਸਿੰਘ ਦੀ ਪੁਸਤਕ 'ਮੁਕਤੀ ਦੇ ਪਰਵਾਨਿਓ ਸਮਾਂ ਜੱਗਦੀ ਰੱਖੋ' ਦਾ ਜਿਕਰ ਕਰਦਿਆਂ ਜਦੋਂ ਗੱਲਬਾਤ ਦੀ ਸ਼ੁਰੂਆਤ ਕੀਤੀ ਤਾਂ ਉਹਨਾਂ ਦੇ ਦਲੇਰ ਦਿਲ ਨੇ ਇੱਕ ਵਾਰੀ ਫੇਰ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਇਹ ਇਕ ਮਹਾਨ ਔਰਤ ਹੈ ਜੋ ਸਿੱਖ ਸਿਧਾਤਾਂ ਉਤੇ ਪਹਿਰਾ ਦੇਂਦੀ ਹੋਈ, ਮਜ਼ਲੂਮਾਂ ਤੇ ਸਮੇਂ ਦੀ ਮਾਰ ਖਾ ਚੁੱਕੇ ਲੋਕਾਂ ਨੂੰ ਨਿਆਂ ਦੁਵਾਉਣਾ ਲੋਚਦੀ ਹੈ ।

ਖਾਲੜਾ ਮਿਸ਼ਨ ਅਰਗੇਨਾਈਜੇਸ਼ਨ ਦੇ ਸਰਪ੍ਰਸਤ ਹੋਣ ਨਾਤੇ ਆਪ ਕੀ ਚਾਹੁੰਦੇ ਹੋ ?

ਮੈਂ ਨਹੀਂ , ਮਿਸ਼ਨ ਨਾਲ ਜੁੜੇ ਸਮੂਹ ਮੈਂਬਰ ਆਹੁਦੇਦਾਰ ਚਾਹੁੰਦੇ ਹਨ ਸ੍ਰ. ਜਸਵੰਤ ਸਿੰਘ ਖਾਲੜਾ ਨੇ ਜਿਹੜੀਆਂ ਲਾਵਾਰਿਸ ਲਾਸ਼ਾਂ ਦੀ ਸ਼ਨਾਖਤ ਕੀਤੀ ਸੀ ਜਾਂ ਜਿਹੜੀਆਂ ਲਾਸ਼ਾਂ ਬਾਕੀ ਰਹਿੰਦੀਆਂ ਹਨ ਉਹਨਾਂ ਦੇ ਵਾਰਸਾਂ ਨੂੰ ਯੋਗ ਮੁਆਵਜਾ ਮਿਲੇ । ਜਿਹਨਾਂ ਨੇ ਇਨਾਮਾਂ ਤੇ ਤਰੱਕੀਆਂ ਲਈ ਨੌਜਵਾਨਾਂ ਨੂੰ ਫਰਜ਼ੀ ਮੁਕਾਬਲਿਆਂ ਵਿੱਚ ਮਾਰਿਆ ਹੈ ਉਹਨਾਂ ਨੂੰ ਸਖਤ ਸਜ਼ਾਵਾਂ ਮਿਲਣ ਤੋਂ ਪਹਿਲਾਂ ਇਸ ਘਿਨਾਉਣੇ ਕਾਰਨਾਮੇ ਦੀ ਨਿਰਪੱਖ ਕਮਿਸ਼ਨ ਤੋਂ ਪੜਤਾਲ ਕਰਵਾਈ ਜਾਵੇ ।

ਆਪ ਨੇ ਨਿਰਪੱਖ ਕਮਿਸ਼ਨ ਦੀ ਗੱਲ ਕੀਤੀ ਹੈ ਉਹ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਤੇ ਉਸਦੀ ਅਗਵਾਈ ਕਿਹੋ ਜਿਹੀ ਸ਼ਖਸ਼ੀਅਤ ਨੂੰ ਸੋਂਪੀ ਜਾਵੇ?

ਪੰਜਾਬ ਪੁਲੀਸ ਵੱਲੋਂ ਮਾਰੇ ਹਜ਼ਾਰਾਂ ਨਿਰਦੋਸ਼ਾਂ ਦੀ ਜਾਂਚ ਕਰਨ ਵਾਸਤੇ ਲੋਕ ਕਮਿਸ਼ਨ ਦੀ ਸਥਾਪਨਾ ਹੋਣੀ ਚਾਹੀਦੀ ਹੈ । ਇਸ ਵਿੱਚ ਰਾਜਨੀਤਿਕ ਵਿਅਕਤੀਆਂ ਦੀ ਥਾਂ ਬੁੱਧੀਜੀਵੀਆਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ । ਇਸ ਦੀ ਅਗਵਾਈ ਇਨਸਾਨੀਅਤ ਦੇ ਦਰਦ ਨੂੰ ਮਹਿਸੂਸ ਕਰਨ ਵਾਲੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਨੂੰ ਸੋਂਪੀ ਜਾਣੀ ਚਾਹੀਦੀ ਹੈ । ਇਹ ਕਮਿਸ਼ਨ ਇੰਨ੍ਹਾਂ ਸ਼ਕਤੀਸ਼ਾਲੀ ਹੋਵੇ ਕਿ ਇਸ ਵੱਲੋਂ ਕੀਤੀ ਪੜਤਾਲ ਦੇ ਆਧਾਰ ਉਤੇ ਦੋਸ਼ੀਆਂ ਦੇ ਖਿਲਾਫ ਤਰੁੰਤ ਹੀ ਕਾਨੂੰਨੀ ਕਾਰਵਾਈ ਹੋਵੇ ।

ਰਾਜਨੀਤਕ ਵਿਅਕਤੀਆਂ ਨੂੰ ਕਮਿਸ਼ਨ ਵਿੱਚ ਸ਼ਾਮਲ ਨਾ ਕਰਨ ਵਾਲੀ ਗੱਲ ਸਮਝ ਨਹੀਂ ਆਈ ?

ਸਾਡੇ ਰਾਜਨੀਤਕ ਵਿਅਕਤੀਆਂ ਦੀਆਂ ਮਾੜੀਆਂ ਨੀਤੀਆਂ ਕਰਕੇ ਸਿੱਖ ਕੌਮ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ ਹੈ ਅਜੇ ਪਤਾ ਨਹੀਂ ਕਿੰਨਾਂ ਨੁਕਸਾਨ ਹੋਰ ਉਠਾਉਣਾ ਪਵੇਗਾ ਇਸ ਲਈ ਲੋਕਾਂ ਦਾ ਇਹਨਾਂ ਤੋਂ ਭਰੋਸਾ ਉਠੱ ਗਿਆ ਹੈ ਕਿਉਂਕਿ ਇਹ ਕੌਮ ਦੀ ਭਲਾਈ ਦੀ ਥਾਂ ਨਿੱਜੀ ਹਿੱਤਾਂ ਨੂੰ ਪਹਿਲ ਦਿੰਦੇ ਹਨ ਜੇਕਰ ਇਹਨਾਂ ਨੂੰ ਲੋਕਾਂ ਨਾਲ ਬੀਤੇ

ਦਾ ਦਰਦ ਹੁੰਦਾ ਤਾਂ ਇਹ ਸ੍ਰ. ਖਾਲੜਾ ਵੱਲੋਂ ਸਾਹਮਣੇ ਲਿਆਂਦੀਆਂ ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਦੇ ਸਬੰਧ ਵਿੱਚ ਇਨਾਮ ਪ੍ਰਾਪਤ ਕਰਨ ਤੇ ਤਰੱਕੀਆਂ ਲੈਣ ਵਾਲਿਆਂ ਵਿਰੁੱਧ ਕਾਰਵਾਈ ਕਰਵਾਕੇ ਉਹਨਾਂ ਪੀੜਤ ਪਰਿਵਾਰਾਂ ਨੂੰ ਇਨਸਾਫ ਦੁਵਾਉਂਦੇ ਜਿਹਨਾਂ ਦੇ ਘਰਾਂ 'ਚ ਹਨੇਰਾ ਹੋਇਆ ਹੈ ।

ਆਪ ਜੀ ਦੇ ਅੰਦਾਜ਼ੇ ਮੁਤਾਬਿਕ ਕਿੰਨੇ ਕੁ ਮਰਦ, ਔਰਤਾਂ ਤੇ ਬੱਚੇ ਹਨ, ਜਿਹਨਾਂ ਨੂੰ ਪੁਲੀਸ ਨੇ ਝੂਠੇ ਮੁਕਾਬਲਿਆਂ ਵਿੱਚ ਮਾਰਿਆ ਹੈ ?

ਇਸ ਬਾਰੇ ਸਹੀ ਅੰਦਾਜ਼ਾ ਲਾ ਪਾਉਣਾ ਅਸੰਭਵ ਹੈ ਪਰ ਮੋਟੇ ਤੌਰ ਉਤੇ ਫਰਜ਼ੀ ਮੁਕਾਬਲਿਆਂ ਦੀ ਭੇਟ ਚੜ੍ਹੇ ਵਿਅਕਤੀਆਂ ਦੀ ਗਿਣਤੀ 25000 ਤੋਂ ਉਪਰ ਹੈ ।

ਸ੍ਰ. ਖਾਲੜਾ ਨੇ ਕਿੰਨੀਆਂ ਲਾਸ਼ਾਂ ਦੀ ਸ਼ਨਾਖਤ ਕੀਤੀ ਸੀ ? ਅਤੇ ਉਹਨਾਂ ਵਿੱਚੋਂ ਕਿੰਨੀਆਂ ਦੇ ਵਾਰਸਾਂ ਨੂੰ ਮੁਆਵਜ਼ਾ ਮਿਲਿਆ ਹੈ ?

ਸ੍ਰ. ਖਾਲੜਾ ਨੇ 7000 ਲਾਸ਼ਾਂ ਦੀ ਸ਼ਨਾਖਤ ਕੀਤੀ ਸੀ ਜਿਹਨਾਂ ਵਿੱਚੋਂ ਕੋਰਟ ਨੇ 2097 ਲਾਸ਼ਾਂ ਨੂੰ ਮਾਨਤਾ ਦੇਣ ਮਗਰੋਂ ਸਰਕਾਰ ਨੂੰ ਮੁਆਵਜਾ ਦੇਣ ਲਈ ਕਿਹਾ ਸੀ । ਉਹਨਾਂ ਵਿੱਚੋਂ 1400 ਵਿਅਕਤੀਆਂ ਦੇ ਵਾਰਸਾਂ ਨੂੰ ਮੁਆਵਜਾ ਤਾਂ ਮਿਲਿਆ ਹੈ ਪਰ ਇਹਨਾਂ ਨੂੰ ਮੌਤ ਦੇ ਘਾਟ ਉਤਾਰਨ ਵਾਲਿਆਂ ਵਿਰੁੱਧ ਕੋਈ ਮੁਕੱਦਮਾ ਦਰਜ ਨਹੀਂ ਹੋਇਆ ।

ਕਿੰਨ੍ਹੇ ਪੁਲੀਸ ਜ਼ਿਲ੍ਹਿਆਂ ਦੇ ਸ਼ਮਸ਼ਾਨਘਾਟਾਂ ਵਿੱਚੋਂ ਲਾਸ਼ਾਂ ਦੀ ਨਿਸ਼ਾਨ ਦੇਹੀ ਕੀਤੀ ਗਈ ਸੀ ?

ਉਕਤ ਲਾਸ਼ਾਂ ਤਰਨ ਤਾਰਨ, ਅੰਮ੍ਰਿਤਸਰ ਤੇ ਪੱਟੀ ਪੁਲੀਸ ਜ਼ਿਲ੍ਹਿਆਂ ਦੀਆਂ ਹਨ ।

ਕੀ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਹੋਰ ਜ਼ਿਲ੍ਹਿਆਂ 'ਚ ਹੋਏ ਝੂਠੇ ਮੁਕਾਬਲਿਆਂ ਦੀ ਜਾਂਚ ਕਰੇਗੀ ਤੇ ਕਦੋਂ ?

ਮਿਸ਼ਨ ਦਾ ਪਹਿਲਾ ਕੰਮ ਹੈ ਜਿਹੜੀਆਂ ਲਾਸ਼ਾਂ ਰਜਿਸਟਰਡ ਹੋਈਆਂ ਹਨ ਪਹਿਲਾਂ ਉਹਨਾਂ ਦੇ ਵਾਰਸਾਂ ਨੂੰ ਮੁਆਵਜਾ ਦਵਾਇਆ ਜਾਵੇ ਕਿਉਂਕਿ ਇਹ ਕੰਮ ਬਹੁਤ ਵੱਡਾ ਹੈ। ਜੇਕਰ ਇਸ ਮੌਕੇ ਨਿਗਰਾਨੀ ਨਾ ਰੱਖੀ ਗਈ ਤਾਂ ਪੁਲੀਸ ਆਪਣੇ ਚਹੇਤਿਆਂ ਨੂੰ ਮੁਆਵਜ਼ਾ ਦਿਵਾਉਣ ਵਿੱਚ ਸਫਲ ਹੋ ਜਾਵੇਗੀ । ਇਸ ਲਈ ਇਸ ਕੰਮ ਦੇ ਸਿਰੇ ਚੜਨ ਮਗਰੋਂ ਪੰਜਾਬ ਦੇ ਹੋਰ ਜ਼ਿਲ੍ਹਿਆਂ ਵੱਲ ਧਿਆਨ ਦਿੱਤਾ ਜਾਵੇਗਾ । ਇਸ ਸਮੇਂ ਪੰਜਾਬ ਦੇ ਕੁੱਝ ਵਿਅਕਤੀਆਂ ਵੱਲੋਂ ਝੂਠੇ ਮੁਕਾਬਲਿਆਂ ਦਾ ਪਤਾ ਲਾਇਆ ਜਾ ਰਿਹਾ ਹੈ। ਸਮਾਂ ਮਿਲਦੇ ਹੀ ਉਹਨਾਂ ਨਾਲ ਸੰਪਰਕ ਕਰਕੇ ਤੱਥ ਲੋਕਾਂ ਦੇ ਸਾਹਮਣੇ ਲਿਆਂਦੇ ਜਾਣਗੇ ।

ਕੀ ਪੁਲੀਸ ਵਾਲਿਆਂ ਵੱਲੋਂ ਆਪਣੇ ਚਹੇਤਿਆਂ ਨੂੰ ਮੁਆਵਜ਼ਾ ਦਿਵਾਉਣ ਦਾ ਕੋਈ ਕੇਸ ਸਾਹਮਣੇ ਆਇਆ ਹੈ ?

ਹਾਂ ਜੀ । ਕੁਝ ਕੇਸ ਪ੍ਰਕਾਸ਼ ਵਿੱਚ ਆਏ ਹਨ । ਜਿਹਨਾਂ 'ਚ ਮਿਲਦੇ ਜੁਲਦੇ ਨਾਂ ਵਾਲੇ ਆਪਣੇ ਰਿਸ਼ਤੇਦਾਰਾਂ ਨੂੰ ਲਾਭ ਦਿਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਪਰ ਮਿਸ਼ਨ ਵਾਲਿਆਂ ਦੀ ਬਾਜ਼ ਨਜ਼ਰ ਨੂੰ ਦੇਖਦੇ ਉਹ ਪਿੱਛੇ ਹਟ ਗਏ ਹਨ ।

ਸ. ਖਾਲੜਾ ਨੇ ਇਹ ਮਹਾਨ ਕਾਰਜ ਸ਼ੁਰੂ ਕਰਨ ਸਮੇਂ ਹੀ ਆਪ ਜੀ ਨੂੰ ਦੱਸ ਦਿੱਤਾ ਸੀ ਜਾਂ ਫੇਰ ਬਾਅਦ 'ਚ ਦੱਸਿਆ ਸੀ ?

ਇਸ ਵਿੱਚ ਕੋਈ ਸ਼ੱਕ ਨਹੀਂ ਪਹਿਲਾਂ ਉਹ ਮੇਰੇ ਤੋਂ ਪਰਦਾ ਰੱਖਦੇ ਰਹੇ ਸਨ ਜਦੋਂ ਲਾਵਾਰਿਸ ਕਹਿ ਕੇ ਜਲਾਈਆਂ ਗਈਆਂ ਲਾਸ਼ਾਂ ਦੇ ਤੱਥ ਉਹਨਾਂ ਦੇ ਸਾਹਮਣੇ ਆਏ ਤਾਂ ਉਹਨਾਂ ਨੇ ਇਸ ਬਾਰੇ ਮੈਨੂੰ ਦੱਸ ਦਿੱਤਾ ਸੀ । ਅਸਲੀਅਤ ਦਾ ਪਤਾ ਲੱਗਦਿਆਂ ਹੀ ਮੈਂ ਉਹਨਾਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ ਸੀ ।

ਲਾਵਾਰਿਸ ਲਾਸ਼ਾਂ ਦਾ ਭੇਦ ਕਿਵੇਂ ਖੁੱਲਿਆ ਸੀ ?

ਸ: ਖਾਲੜਾ ਦੇ ਦੋ ਨਜ਼ਦੀਕੀ ਸਾਥੀ ਕੋ-ਆਪਰੇਟਿਵ ਬੈਂਕ ਦੇ ਡਾਇਰੈਕਟਰ ਪਿਆਰਾ ਸਿੰਘ ਸੁਲਤਾਨਵਿੰਡ ਅਤੇ ਅਮਰੀਕ ਸਿੰਘ ਮੁੱਤਵਾਲ ਸਨ । ਪੁਲੀਸ ਨੇ ਉਹਨਾਂ ਨੂੰ ਫਰਜ਼ੀ ਮੁਕਾਬਲਿਆਂ ਵਿੱਚ ਮਾਰਕੇ ਉਹਨਾਂ ਦਾ ਕਿਸੇ ਅਣਦੱਸੀ ਥਾਂ ਉਤੇ ਸਸਕਾਰ ਕਰ ਦਿੱਤਾ ਸੀ । ਉਹਨਾਂ ਇਸ ਬਾਰੇ ਖੋਜ ਕਰਨੀ ਸ਼ੁਰੂ ਕਰ ਦਿੱਤੀ ਸੀ । ਆਖਰ ਸਫਲਤਾ ਉਹਨਾਂ ਹੱਥ ਲੱਗੀ । ਉਹਨਾਂ ਨੇ ਉਸ ਸ਼ਮਸ਼ਾਨਘਾਟ ਪਹੁੰਚ ਕੇ ਪੁੱਛਿਆ, "ਕੀ ਪੁਲੀਸ ਵਾਲੇ ਇੱਥੇ ਸਸਕਾਰ ਕਰਕੇ ਗਏ ਸੀ ?" ਉਥੇ ਡਿਊਟੀ ਕਰਦੇ ਵਿਅਕਤੀ ਨੇ ਕਿਹਾ, "ਹਾਂ ਜੀ ।" ਇਹ ਕਹਿੰਦਿਆਂ ਉਸਨੇ ਰਜਿਸਟਰ ਉਹਨਾਂ ਦੇ ਅੱਗੇ ਲਿਆ ਰੱਖਿਆ ਜਿਸ ਵਿੱਚ ਪੁਲੀਸ ਵਾਲੇ ਲਾਸ਼ਾਂ ਨੂੰ ਲਾਵਾਰਿਸ ਦੱਸ ਕੇ ਸਸਕਾਰ ਕਰਦੇ ਸੀ ।

ਉਸ ਰਜਿਸਟਰ ਵਿੱਚ ਕੀ ਲਿਖਿਆ ਜਾਂਦਾ ਸੀ ?

ਉਸਦੇ ਇੱਕ ਕਾਲਮ ਵਿੱਚ ਮ੍ਰਿਤਕ ਦਾ ਨਾਮ ਉਸਦੇ ਪਿਤਾ ਦੇ ਨਾਮ ਤੋਂ ਇਲਾਵਾ ਪਿੰਡ ਦਾ ਵੇਰਵਾ ਤੇ ਆਖਰੀ ਕਾਲਮ ਵਿੱਚ ਲਾਵਾਰਿਸ ਲਿਖਿਆ ਜਾਂਦਾ ਸੀ ।

ਸਾਰਾ ਕੁੱਝ ਲਿਖਣ ਮਗਰੋਂ ਲਾਵਾਰਿਸ ਕਿਉਂ ਲਿਖਿਆ ਜਾਂਦਾ ਸੀ ?

ਹਿੰਦੂ ਸੰਗਠਨਾਂ ਨੂੰ ਖੁਸ਼ ਕਰਨ ਤੇ ਕਾਰਪੋਰੇਸ਼ਨ ਵੱਲੋਂ ਲਾਵਾਰਿਸ ਲਾਸ਼ਾਂ ਦੇ ਸਸਕਾਰ ਲਈ ਦਿੱਤੀ ਜਾਂਦੀ ਰਾਸ਼ੀ ਲੈਣ ਤੋਂ ਇਲਾਵਾ ਕੀਤੇ ਪਾਪ ਉਤੇ ਪਰਦਾ ਪਾਉਣ ਲਈ ।

ਸ੍ਰ. ਖਾਲੜਾ ਨੇ ਅਣਪਛਾਤੀਆਂ ਲਾਸ਼ਾਂ ਦੀ ਕਹਾਣੀ ਦਾ ਖੁਲਾਸਾ ਕਿੱਥੇ ਕੀਤਾ ਸੀ ?

ਉਹਨਾਂ ਕਨੇਡਾ ਦੀ ਪਾਰਲੀਮੈਂਟ ਵਿੱਚ ਵਰਲਡ ਸਿੱਖ ਆਰਗੇਨਾਈਜੇਸ਼ਨ ਵੱਲੋਂ ਕਰਵਾਏ ਪਾਰਲੀਮੈਂਟ ਬੈਂਕਐਟ ਵਿੱਚ ਕੀਤਾ ਸੀ ।

ਸ੍ਰ. ਖਾਲੜਾ ਨੂੰ ਜਦੋਂ ਪੁਲੀਸ ਨੇ ਚੁੱਕਿਆ ਸੀ ਉਦੋਂ ਉਹ ਕੀ ਕਰ ਰਹੇ ਸੀ ?

ਉਹਨਾਂ ਕੋਠੀ ਵਿੱਚੋਂ ਬਾਹਰ ਆ ਕੇ ਗੇਟ ਵੱਲ ਇਸ਼ਾਰਾ ਕਰਦਿਆਂ ਕਿਹਾ, "ਉਹ ਇਥੇ ਆਪਣੀ ਕਾਰ ਧੋ ਰਹੇ ਸੀ ਤੇ ਮੈਂ ਆਪਣੀ ਡਿਊਟੀ ਉਤੇ ਚੱਲੀ ਸੀ । ਜਦੋਂ ਉਹ ਡਿਊਟੀ ਉਤੇ ਜਾਣ ਲਈ ਤੁਰੀ ਹੀ ਸੀ ਉਸ ਸਮੇਂ ਉਹਨਾਂ ਨੇ ਇੰਡੀਅਨ ਐਕਸਪ੍ਰੈਸ ਦੇ ਪੱਤਰਕਾਰ ਨਾਲ ਕਿਤੇ ਜਾਣ ਵਾਸਤੇ ਕਾਰ ਉਸਦੇ ਹੁੰਦਿਆਂ ਹੀ ਬਾਹਰ ਕੱਢੀ ਸੀ । ਕਾਰ ਲਿਬੜੀ ਹੋਈ ਹੋਣ 'ਤੇ ਉਹਨਾਂ ਨੇ ਉਸ ਨੂੰ ਧੋਣਾ ਸ਼ੁਰੂ ਕਰ ਦਿੱਤਾ ਸੀ । ਮੈਂ ਡਿਊਟੀ ਉਤੇ ਜਾ ਚੁੱਕੀ ਸੀ । ਉਥੇ ਰਾਜੀਵ (ਪੱਤਰਕਾਰ) ਨੇ ਫੋਨ ਉਤੇ ਦੱਸਿਆ ਕਿ ਸ੍ਰ. ਖਾਲੜਾ ਨੂੰ ਪੁਲੀਸ ਚੁੱਕ ਕੇ ਲੈ ਗਈ ਹੈ । ਮੈਨੂੰ ਉਸੇ ਸਮੇਂ ਵਾਪਸ ਮੁੜਨਾ ਪਿਆ । ਆ ਕੇ ਦੇਖਿਆ ਗੱਡੀ ਉਥੇ ਹੀ ਖੜੀ ਸੀ ਪਾਣੀ ਵਾਲਾ ਪਾਈਪ ਡਿੱਗਿਆ ਹੋਇਆ ਸੀ । ਉਸ ਵਿੱਚੋਂ ਪਾਣੀ ਉਸੇ ਤਰ੍ਹਾਂ ਹੀ ਚੱਲੀ ਜਾ ਰਿਹਾ ਸੀ ਲੋਕ ਆਸੇ-ਪਾਸੇ ਖੜੇ ਸਨ ।

ਸ੍ਰ. ਖਾਲੜਾ ਨੂੰ ਕਦੋਂ ਤੇ ਕਿਸ ਢੰਗ ਨਾਲ ਚੁੱਕਿਆ ਸੀ ਇਸ ਬਾਰੇ ਕੁੱਝ ਪਤਾ ਲੱਗਿਆ ਹੈ ?

6 ਸਤੰਬਰ 1995 ਨੂੰ ਜਦੋਂ ਉਹ ਡਿਊਟੀ ਉਤੇ ਜਾ ਚੁੱਕੀ ਸੀ । ਗੁਆਢੀਆਂ ਦੇ ਦੱਸਣ ਅਨੁਸਾਰ ਇੱਕ ਵੈਨ ਆਈ, ਪਹਿਲਾਂ ਤਾਂ ਉਹ ਉਸਨੂੰ ਅੱਗੇ ਲੈ ਗਏ । ਫੇਰ ਬੈਕ ਆਈ । ਗੇਟ ਮੁਹਰੇ ਆਉਂਦਿਆਂ ਹੀ ਉਸ ਵੈਨ ਵਿੱਚੋਂ ਦੋ ਜਣੇ ਉਤਰੇ । ਉਹਨਾਂ ਇਕ ਕਾਗਜ਼ ਦਿਖਾਇਆ । ਉਹ ਸਾਹਮਣੇ ਦੇਖ ਰਹੀ ਸੀ । ਉਸ ਨੇ ਸਮਝਿਆ ਸ਼ਾਇਦ ਉਹ ਸ੍ਰ. ਖਾਲੜਾ ਤੋਂ ਕੁੱਝ ਪੁੱਛ ਰਹੇ ਹਨ । ਉਸਦੇ ਅਨੁਸਾਰ ਜਦੋਂ ਸ੍ਰ. ਖਾਲੜਾ ਉਹਨਾਂ ਦੇ ਨਾਲ ਗੱਲਾਂ ਕਰਦੇ ਕਾਰ ਧੋਣ ਦੇ ਧਿਆਨੇ ਲੱਗੇ ਹੋਏ ਥੋੜਾ ਜਿਹਾ ਝੁੱਕੇ ਤਾਂ ਵੈਨ ਵਿੱਚੋਂ ਉਤਰੇ ਚਾਰ ਵਿਅਕਤੀਆਂ ਨੇ ਉਹਨਾਂ ਨੂੰ ਬਾਹਵਾਂ ਤੇ ਲੱਤਾਂ ਤੋਂ ਫੜਕੇ ਵੈਨ ਵਿੱਚ ਸੁੱਟ ਲਿਆ । ਉਹਨਾਂ ਹੱਥ ਪੈਰ ਮਾਰਦਿਆਂ ਰੋਲਾ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੇ ਉਹਨਾਂ ਦਾ ਮੂੰਹ ਬੰਦ ਕਰ ਲਿਆ, ਬੱਸ ਕੁੱਝ ਮਿੰਟਾਂ ਵਿੱਚ ਹੀ ਉਹ ਆਪਣਾ ਕਾਰਵਾਈ ਕਰਕੇ ਬੱਚ ਨਿਕਲਣ ਵਿੱਚ ਸਫਲ ਹੋ ਗਏ ਸਨ ।

ਇਸ ਨਿੰਦਣਯੋਗ ਘਟਨਾ ਮਗਰੋਂ ਤੁਸੀ ਕੀ ਕਾਰਵਾਈ ਕੀਤੀ ?

ਇਸ ਘਟਨਾ ਮਗਰੋਂ ਮਹੱਲਾ ਵਾਸੀਆਂ ਤੇ ਉਹਨਾਂ ਨੇ ਸਰਦਾਰ ਖਾਲੜਾ ਦੇ ਸਾਥੀਆਂ ਨੂੰ ਫੋਨ ਕੀਤੇ ਸਬੰਧਤ । ਥਾਣੇ ਨੂੰ ਇਸ ਘਟਨਾ ਬਾਰੇ ਜਾਣਕਾਰੀ ਦਿੱਤੀ । ਉਹਨਾਂ ਦੀ

ਕਾਰਵਾਈ ਬਹੁਤ ਢਿੱਲੀ ਸੀ । ਖ਼ਬਰ ਜੰਗਲ ਦੀ ਅੱਗ ਵਾਂਗ ਫੈਲੀ । ਸ੍ਰ. ਖਾਲੜਾ ਨੂੰ ਚੁੱਕਣ ਦੀ ਖ਼ਬਰ ਸੁਣਦੇ ਸਾਰ ਉਹਨਾਂ ਦੇ ਸਾਥੀ ਤੇ ਹਮਦਰਦ ਵੱਡੀ ਗਿਣਤੀ ਵਿੱਚ ਇਕੱਤਰ ਹੋਏ । ਫੇਰ ਉਹ ਤੇ ਉਹਨਾਂ ਦੇ ਸਾਥੀਆਂ ਨੇ ਆਈ.ਜੀ. ਭੱਟੀ ਨੂੰ ਮਿਲਕੇ ਕਿਹਾ ਕਿ ਇਹ ਅਜੀਤ ਸਿੰਘ ਸੰਧੂ ਦਾ ਕਾਰਾ ਹੈ । ਕਿਉਂਕਿ ਉਹ ਅਕਸਰ ਧਮਕੀਆਂ ਦਿੰਦਾ ਹੁੰਦਾ ਸੀ । ਉਹਨਾਂ ਦੀ ਗੱਲ ਸੁਣਨ ਮਗਰੋਂ ਸ੍ਰੀ ਭੱਟੀ ਨੇ ਗੁੱਸੇ ਵਿੱਚ ਕਿਹਾ, "ਉਹ ਕੌਣ ਹੁੰਦਾ ਹੈ ? ਉਸਨੂੰ ਦੱਸੇ ਬਿਨਾ ਉਸਦੇ ਇਲਾਕੇ ਵਿੱਚੋਂ ਬੰਦਾ ਚੁੱਕਣ ਵਾਲਾ ?" ਉਸਨੇ ਉਹਨਾਂ ਨੂੰ ਭਰੋਸਾ ਦਿਵਾਇਆ ਕਿ ਉਹ ਸ਼ਾਮ ਤੱਕ ਸ੍ਰ. ਖਾਲੜਾ ਨੂੰ ਲੱਭ ਕੇ ਵਾਪਸ ਕਰਵਾ ਲਵੇਗਾ । ਪਰ ਉਸ ਨੇ ਕੀਤਾ ਕੁਝ ਵੀ ਨਾ .....।

ਸ੍ਰ. ਖਾਲੜਾ ਨੂੰ ਜਿਹੜੀਆਂ ਧਮਕੀਆਂ ਮਿਲ ਰਹੀਆਂ ਸੀ ਉਹ ਕਿਹੋ ਜਿਹੀਆਂ ਸਨ ਤੇ ਉਹ ਕਿਸ ਵੱਲੋਂ ਦਿੱਤੀਆਂ ਜਾ ਰਹੀਆਂ ਸਨ ?

ਸ੍ਰ. ਖਾਲੜਾ ਨੇ ਪੁਲੀਸ ਵੱਲੋਂ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰੇ ਵਿਅਕਤੀਆਂ ਦੀ ਲਾਸ਼ਾਂ ਨੂੰ ਲਾਵਾਰਿਸ ਦੱਸਕੇ ਉਨ੍ਹਾਂ ਦਾ ਸਸਕਾਰ ਕਰਨ ਵਾਲੇ ਰਾਜ ਦਾ ਜਦੋਂ ਖੁਲਾਸਾ ਕੀਤਾ ਸੀ । ਉਸ ਤੋਂ ਮਗਰੋਂ ਪੁਲੀਸ ਅਫਸਰ ਅਜੀਤ ਸਿੰਘ ਸੰਧੂ ਨੇ ਸੁਨੇਹਾ ਭੇਜਿਆ ਸੀ ਕਿ ਜੇਕਰ ਪੁਲੀਸ ਪੱਚੀ ਹਜ਼ਾਰ ਵਿਅਕਤੀਆਂ ਨੂੰ ਮੁਕਾਬਲਿਆਂ ਵਿੱਚ ਮਾਰਕੇ ਖਪਾ ਸਕਦੀ ਹੈ ਤਾਂ ਤੂੰ ਕਿਸ ਖੇਤ ਦੀ ਮੂਲੀ ਹੈ । ਜਿਸ ਰਸਤੇ ਉਤੇ ਤੂੰ ਤੁਰਿਆ ਹੈ ਵਾਪਸ ਆ ਜਾ ਨਹੀਂ ਤਾਂ ਤੇਰੀ ਲਾਸ਼ ਖਪਾਉਣੀ ਕੋਈ ਮੁਸ਼ਕਲ ਨਹੀਂ। ਸ੍ਰ. ਖਾਲੜਾ ਨੇ ਉਸਨੂੰ ਉਸਦੀ ਭਾਸ਼ਾ ਵਿੱਚ ਹੀ ਬੜੀ ਦਲੇਰੀ ਨਾਲ ਜਵਾਬ ਦਿੰਦਿਆਂ ਕਿਹਾ ਸੀ, "ਗੁਰਸਿੱਖ ਉਹੀ ਹੁੰਦਾ ਹੈ ਜਿਹੜਾ ਕਹਿਣੀ ਕਥਨੀ ਦਾ ਪੱਕਾ ਹੋਵੇ ਤੇ ਵੱਧੇ ਹੋਏ ਕਦਮਾਂ ਨੂੰ ਵਾਪਸ ਨਾ ਮੋੜੇ ਸਗੋਂ ਅੱਗੇ ਵੱਧਦਾ ਜਾਵੇ । ਤੂੰ ਮੌਤ ਦੀਆਂ ਕੀ ਧਮਕੀਆਂ ਦਿੰਦਾ ਹੈ ਖਾਲਸਾ ਮੌਤ ਤੋਂ ਨਹੀਂ ਡਰਦਾ ਮੌਤ ਉਸ ਤੋਂ ਡਰਦੀ ਹੈ ।" ਇਸ ਤਰ੍ਹਾਂ ਉਹਨਾਂ ਨੇ ਧਮਕੀਆਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਆਪਣੇ ਮਿਸ਼ਨ ਨੂੰ ਜਾਰੀ ਰੱਖਿਆ ਤੇ ਦਿਨ-ਰਾਤ ਆਪਣੇ ਕਾਰਜ ਵਿੱਚ ਜੁਟੇ ਰਹੇ ।

ਜਦੋਂ ਸ੍ਰ. ਖਾਲੜਾ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਸਨ ਤਾਂ ਉਹਨਾਂ ਨੇ ਆਪਣੀ ਸੁਰੱਖਿਆ ਲਈ ਸਕਿਉਰਟੀ ਕਿਉਂ ਨਾ ਲਈ ?

ਉਹ ਕਹਿੰਦੇ ਸਨ ਮੌਤ ਇੱਕ ਅਟੱਲ ਸਚਾਈ ਹੈ । ਇਸ ਨੇ ਇੱਕ ਦਿਨ ਆਉਣਾ ਹੈ ਇਸ ਲਈ ਅਕਾਲ ਪੁਰਖ ਦੇ ਭਾਣੇ ਅੰਦਰ ਰਹਿ ਕੇ ਹੀ ਜ਼ਿੰਦਗੀ ਦੇ ਬਾਕੀ ਦਿਨ ਪੂਰੇ ਕੀਤੇ ਜਾਣ ਤਾਂ ਠੀਕ ਹੈ । ਉਹਨਾਂ ਦਾ ਇੱਕੋ ਇਕ ਸਪਸ਼ਟ ਜਵਾਬ ਸੀ ਜੇਕਰ ਮੈਂ ਸਕਿਓਰਟੀ ਲੈ ਲਈ ਤਾਂ ਫਿਰ ਉਹਨਾਂ ਪੀੜਤ ਪਰਿਵਾਰਾਂ ਦਾ ਕੀ ਬਣੇਗਾ ? ਜਿਹਨਾਂ ਤੋਂ ਇਨਸਾਫ ਲਈ ਰਿੱਟਾਂ ਪਵਾਈਆਂ ਹੋਈਆਂ ਹਨ । ਉਹ ਕਹਿਣਗੇ ਆਪ ਤਾਂ ਸੁਰੱਖਿਆ

ਲਈ ਹੋਈ ਹੈ ਤੇ ਸਾਨੂੰ ਖਤਰੇ ਵਿੱਚ ਪਾ ਰਿਹਾ ਹੈ । ਇਸ ਕਰਕੇ ਉਹਨਾਂ ਨੇ ਕਿਸੇ ਦੀ ਪ੍ਰਕਾਰ ਦੀ ਸੁਰੱਖਿਆ ਲੈਣੀ ਚੰਗੀ ਨਹੀਂ ਸਮਝੀ ਸਗੋਂ ਆਪਣੇ ਮਿਸ਼ਨ ਦੀ ਸਫਲਤਾ ਲਈ ਜੁਟੇ ਰਹੇ ਸਨ । ਜਿੱਥੋਂ ਤੱਕ ਧਮਕੀਆਂ ਦੀ ਗੱਲ ਹੈ ਉਹ ਇਹਨਾਂ ਦੀ ਪਰਵਾਹ ਨਹੀ ਸੀ ਕਰਦੇ ।

ਸ੍ਰ. ਖਾਲੜਾ ਨੇ ਅਖ਼ਬਾਰ ਵਿੱਚ ਬਿਆਨ ਦਿੱਤਾ ਸੀ ਕਿ ਮੈਨੂੰ ਪਤਾ ਲੱਗ ਰਿਹਾ ਹੈ ਕਿ ਪੁਲੀਸ ਉਸਨੂੰ ਖਤਮ ਕਰਨ ਦੀਆਂ ਯੋਜਨਵਾਂ ਬਣਾ ਰਹੀ ਹੈ ਪਰ ਇਕ ਖਾਲੜੇ ਨੂੰ ਮਾਰਕੇ ਪੁਲੀਸ ਲਾਵਾਰਿਸ ਲਾਸ਼ਾਂ ਦੀ ਜਾਂਚ ਨੂੰ ਬੰਦ ਨਹੀਂ ਕਰਵਾ ਸਕਦੀ । ਉਹਨਾਂ ਨੂੰ ਇਸ ਸਾਜ਼ਿਸ਼ ਦੀ ਭਿਣਕ ਕਿੱਥੋਂ ਪਈ ਸੀ ?

ਪੱਟੀ ਤੋਂ ਕਾਂਗਰਸ ਦਾ ਐਮ.ਐਲ.ਏ ਸੁਖਵਿੰਦਰ ਸਿੰਘ ਬੁੱਟਰ ਹੈ ਜਿਸਨੂੰ ਆਮ ਤੌਰ ਉਤੇ ਫਤਹਿਚੱਕੀਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਉਸਨੇ ਸ੍ਰ. ਜਸਵੰਤ ਸਿੰਘ ਖਾਲੜਾ ਨੂੰ ਆਪਣੇ ਘਰ ਬੁਲਾਕੇ ਕਿਹਾ ਸੀ, "ਪੁਲੀਸ ਨੇ ਤੁਹਾਨੂੰ ਮਾਰਨ ਦੀ ਪ੍ਰਵਾਨਗੀ ਮੰਗੀ ਸੀ, ਬੇਅੰਤ ਸਿੰਘ ਦੀ ਸਰਕਾਰ ਨੇ ਇਹ ਪ੍ਰਵਾਨਗੀ ਦੇ ਦਿੱਤੀ ਹੈ ਇਸ ਲਈ ਹੁਣ ਤੁਸੀਂ ਹੁਸ਼ਿਆਰੀ ਨਾਲ ਰਹੋ । ਪੁਲੀਸ ਤੁਹਾਨੂੰ ਕਿਸੇ ਵੀ ਸਮੇਂ ਚੁੱਕ ਕੇ ਲੈ ਜਾ ਸਕਦੀ ਹੈ ।" ਸ੍ਰ. ਖਾਲੜਾ ਨੇ ਉਹਨਾਂ ਨੂੰ ਅੱਗੋਂ ਜਵਾਬ ਦਿੱਤਾ ਸੀ, " ਪੁਲੀਸ ਉਹਨਾਂ ਨੂੰ ਸਰੀਰਕ ਤੌਰ ਉਤੇ ਤਾਂ ਖਤਮ ਕਰ ਸਕਦੀ ਹੈ ਪਰ ਜੋ ਕੁੱਝ ਉਹਨਾਂ ਕਰ ਦਿੱਤਾ ਹੈ ਉਸਨੂੰ ਮਟੇ ਨਹੀਂ ਸਕਦੀ । ਮੇਰੀ ਮੌਤ ਤੋਂ ਮਗਰੋਂ ਕੋਈ ਹੋਰ ਖਾਲੜਾ ਪੈਦਾ ਹੋਵੇਗਾ । ਜੋ ਇਹਨਾਂ ਤੋਂ ਹਿਸਾਬ ਮੰਗੇਗਾ ਇਸ ਲਈ ਮੈਨੂੰ ਡਰ ਨਹੀਂ ।" ਇਥੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਉਹ ਕਿੰਨੇ ਨਿਧੜਕ ਹੋ ਕੇ ਆਪਣੇ ਮਿਸ਼ਨ ਵਿੱਚ ਸਫਲ ਹੋਣ ਲਈ ਸਿਰ-ਧੜ ਦੀ ਬਾਜ਼ੀ ਲਾ ਕੇ ਤੁਰੇ ਹੋਏ ਹਨ । ਆਖਰ ਉਸ ਵਿੱਚ ਉਹ ਸਫਲ ਹੋਏ ਸਨ । ਉਹਨਾਂ ਦੀ ਦਲੇਰੀ, ਦ੍ਰਿੜਤਾ ਦੀ ਅੱਜ ਹਰ ਕੋਈ ਦਾਦ ਦੇ ਰਿਹਾ ਹੈ ।

ਲਾਵਾਰਿਸ ਲਾਸ਼ਾਂ ਦੀ ਸਚਾਈ ਦੁਨੀਆ ਸਾਹਮਣੇ ਲਿਆਉਣ ਮਗਰੋਂ ਸ੍ਰ. ਖਾਲੜਾ ਕੀ ਕੁਝ ਮਹਿਸੂਸ ਕਰਦੇ ਸੀ ?

ਉਹ ਬੜੀ ਚੜ੍ਹਦੀ ਕਲਾ ਵਾਲੇ ਸਿੰਘ ਸਨ । ਇਸ ਬਾਰੇ ਉਹਨਾਂ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਉਹਨਾਂ ਨੂੰ ਪੁਲੀਸ ਕਿਸੇ ਵੀ ਸਮੇਂ ਚੁੱਕ ਸਕਦੀ ਹੈ ਕਿਉਂਕਿ ਪੁਲੀਸ ਨੂੰ ਉਹਨਾਂ ਵੱਲੋਂ ਦੁਨੀਆ ਅੱਗੇ ਲਿਆਂਦੀ ਸੱਚਾਈ ਹਜ਼ਮ ਨਹੀਂ ਆ ਰਹੀ । ਉਹ ਅਕਸਰ ਹੀ ਆਖਦੇ ਸੀ, " ਮਰਨਾਂ ਤਾਂ ਇਕ ਦਿਨ ਹੈ ਪਰ ਜੇਕਰ ਇਹ ਜ਼ਿੰਦਗੀ ਕੌਮ ਦੇ ਲੇਖੇ ਲੱਗੇ ਤਾਂ ਹੋਰ ਕੀ ਚਾਹੀਦਾ ਹੈ ?"

ਸ੍ਰ. ਖਾਲੜਾ ਨੂੰ ਸ਼ਹੀਦ ਕਰ ਦਿੱਤੇ ਜਾਣ ਦਾ ਖੁਲਾਸਾ ਕਦੋਂ ਹੋਇਆ ਸੀ ?

ਇਕ ਦਰਿੰਦੇ ਪੁਲੀਸ ਅਫਸਰ ਅਜੀਤ ਸਿੰਘ ਸੰਧੂ ਵੱਲੋਂ ਖੁਦਕੁਸ਼ੀ ਕਰ ਲੈਣ ਮਗਰੋਂ ਐਸ.ਪੀ.ਓ. ਕੁਲਦੀਪ ਸਿੰਘ ਨੇ 16 ਫਰਵਰੀ 1998 ਨੂੰ ਇਸ ਭੇਦ ਤੋਂ ਪਰਦਾ ਉਠਾਉਂਦਿਆਂ ਅਦਾਲਤ ਵਿੱਚ ਬਿਆਨ ਕਲਮਬੰਦ ਕਰਵਾਏ ਸੀ । ਉਹਨਾਂ ਦੱਸਿਆ ਸੀ ਕਿ ਸ੍ਰ. ਖਾਲੜਾ ਨੂੰ ਪੁਲੀਸ ਨੇ ਪਹਿਲਾਂ ਅਣਮਨੁੱਖੀ ਤਸੀਹੇ ਦਿੱਤੇ ਸੀ । ਮਾਰਨ ਤੋਂ ਪਹਿਲਾਂ ਪੁਲੀਸ ਮੁਖੀ ਕੇ.ਪੀ.ਐਸ. ਗਿੱਲ ਉਹਨਾਂ ਕੋਲ ਆਇਆ ਸੀ । ਇਸ ਉਪਰੰਤ ਪੁਲੀਸ ਨੇ ਸ੍ਰ. ਖਾਲੜਾ ਨੂੰ ਗੋਲੀ ਮਾਰੀ । ਉਹਨਾਂ ਦੀ ਲਾਸ਼ ਨੂੰ ਖੁਰਦ-ਬੁਰਦ ਕਰਨ ਵਾਸਤੇ ਹਰੀਕੇ ਪੱਤਣ ਨਹਿਰ ਵਿੱਚ ਵਹਾ ਦਿੱਤਾ ਸੀ ।

ਪੁਲੀਸ ਅਫਸਰ ਅਜੀਤ ਸਿੰਘ ਸੰਧੂ ਨੇ ਆਤਮਹੱਤਿਆ ਹੀ ਕੀਤੀ ਲੱਗਦੀ ਹੈ ਜਾਂ ਪੁਲੀਸ ਅਧਿਕਾਰੀਆਂ ਨੇ ਕੋਈ ਰਾਜ ਛੁਪਾਈ ਰੱਖਣ ਲਈ ਉਸਨੂੰ ਤਸੀਹੇ ਦੇ ਮਾਰਨ ਮਗਰੋਂ ਰੇਲ ਦੀ ਪਟੜੀ ਉਤੇ ਸੁਟਿਆ ਹੋ ਸਕਦਾ ਹੈ ?

ਇਹ ਗੱਲ ਮੰਨਣ ਵਿੱਚ ਤਾਂ ਨਹੀਂ ਆਉਂਦੀ ਕਿ ਉਸਨੇ ਆਤਮ ਹੱਤਿਆ ਕੀਤੀ ਹੈ ਇਸ ਲਈ ਪਿੱਛੇ ਕੋਈ ਰਾਜ਼ ਨਜ਼ਰ ਆਉਂਦਾ ਹੈ, ਜਿਸਦਾ ਸਮਾਂ ਪਾ ਕੇ ਭੇਦ ਖੁੱਲ੍ਹਣ ਦੀ ਸੰਭਾਵਨਾ ਹੈ । ਮੈਨੂੰ ਯਕੀਨ ਹੈ ਕਿ ਕੇ.ਪੀ.ਐਸ.ਗਿੱਲ ਤੇ ਹੋਰ ਪੁਲੀਸ ਅਫਸਰਾਂ ਨੇ ਮਾਰਕੇ ਉਸਨੂੰ ਰੇਲ ਪਟੜੀ ਉਤੇ ਸੁਟਵਾਇਆ ਹੋ ਸਕਦਾ ਹੈ । ਕਿਉਂਕਿ ਉਹ ਆਪਣੇ ਉਤੇ ਚਲਦੇ ਖਾਲੜਾ ਦੇ ਕੇਸ ਤੋਂ ਦੁਖੀ ਹੋਇਆ ਗਿੱਲ ਤੇ ਹੋਰਨਾਂ ਨੂੰ ਧਮਕੀਆਂ ਦੇਣ ਲੱਗ ਪਿਆ ਸੀ । ਜੇਕਰ ਉਸਦੀ ਮਦਦ ਨਾ ਕੀਤੀ ਤਾਂ ਉਹ ਉਹਨਾਂ ਸਾਰਿਆਂ ਦੇ ਨਾਂ ਦੱਸ ਦੇਵੇਗਾ, ਜਿਹਨਾਂ ਦੇ ਕਹਿਣ ਉਤੇ ਉਹ ਨਿਰਦੋਸ਼ਾਂ ਨੂੰ ਮਾਰਦਾ ਰਿਹਾ ਹੈ । ਜਿਹਨਾਂ ਦੇ ਕਹਿਣ ਉਤੇ ਉਸਨੂੰ ਖਾਲੜਾ ਨੂੰ ਮਾਰਨਾ ਪਿਆ ਸੀ । ਹੋ ਸਕਦਾ ਹੈ ਇਸ ਲਈ ਪੁਲੀਸ ਨੇ ਉਸਨੂੰ ਮਾਰ ਕੇ ਇਕ ਤਾਂ ਉਸਦਾ ਹਮੇਸ਼ਾਂ ਲਈ ਮੂੰਹ ਬੰਦ ਕਰ ਦਿੱਤਾ । ਦੂਜਾ, ਮਨੁੱਖੀ ਅਧਿਕਾਰ ਸੰਗਠਨਾਂ ਦੀ ਕਾਰਵਾਈ ਤੋਂ ਬਚਣ ਲਈ ਉਹਨਾਂ ਦੀ ਮੌਤ ਨੂੰ ਅਧਾਰ ਬਣਾਇਆ ।

ਸੰਧੂ ਨੇ ਜੇ ਆਤਮ ਹੱਤਿਆ ਹੀ ਕਰਨੀ ਸੀ ਤਾਂ ਉਹ ਆਪਣੇ ਘਰ ਬੈਠ ਕੇ ਹੀ ਕਰ ਸਕਦਾ ਸੀ, ਉਸਨੂੰ ਰੇਲ ਗੱਡੀ ਹੇਠਾਂ ਸਿਰ ਦੇਣ ਦੀ ਕੀ ਲੋੜ ਸੀ ?

ਉਸ ਦੀ ਮਾਂ ਨੇ ਤਾਂ ਇਕ ਹਫਤਾ ਬਾਅਦ 'ਚ ਇਹ ਬਿਆਨ ਦਿੱਤਾ ਸੀ ਕਿ ਉਸ ਦਾ ਪੁੱਤਰ ਆਤਮ ਹੱਤਿਆ ਕਰਨ ਵਾਲਾ ਹੀ ਨਹੀਂ ਸੀ । ਇਸ ਲਈ ਉਸਨੇ ਆਤਮ ਹੱਤਿਆ ਨਹੀਂ ਕੀਤੀ । ਇਸ ਪਿੱਛੇ ਕੋਈ ਸਾਜ਼ਿਸ਼ ਹੈ । ਪੁਲੀਸ ਨੇ ਉਸ ਵੱਲੋਂ ਕਹਾਣੀ ਦੀ ਅਸਲੀਅਤ ਸਾਮਣੇ ਲਿਆਉਣ ਤੋਂ ਪਹਿਲਾਂ ਹੀ ਉਸ ਉਤੇ ਦਬਾਅ ਪਾ ਕੇ ਉਸਨੂੰ ਚੁੱਪ ਕਰਵਾ ਦਿੱਤਾ ਸੀ । ਉਹਨਾਂ ਨੂੰ ਤਾਂ ਕਈ ਲੋਕ ਇਹ ਵੀ ਕਹਿੰਦੇ ਹਨ ਕਿ ਸੰਧੂ ਅਜੇ ਜਿਉਂਦਾ

ਹੈ ਪੁਲੀਸ ਨੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਕਿਸੇ ਹੋਰ ਨੂੰ ਮਾਰਕੇ ਰੇਲ ਦੀ ਪਟੜੀ ਉਤੇ ਸੁੱਟ ਦਿੱਤਾ ਹੋਵੇ । ਇਕ ਬੰਦੇ ਨੇ ਤਾਂ ਉਹਨਾਂ ਇਹ ਵੀ ਕਿਹਾ ਹੈ ਉਸਨੇ ਸੰਧੂ ਨੂੰ ਜਰਮਨ ਵਿੱਚ ਦੇਖਿਆ ਹੈ ਇਸ ਗੱਲ ਉਤੇ ਵਿਸ਼ਵਾਸ਼ ਤਾਂ ਨਹੀਂ ਆਉਂਦਾ ਪਰ ਪੁਲੀਸ ਉਤੇ ਭਰੋਸਾ ਵੀ ਨਹੀਂ ਕੀਤਾ ਜਾ ਸਕਦਾ । ਉਹਨਾਂ ਕਿਹਾ ਹੈ ਕਿ ਚਲੋਂ ਮੰਨ ਲਉ ਸੰਧੂ ਨਾਂ ਬਦਲ ਕੇ ਜਿਉਂਦਾ ਹੈ ਫਿਰ ਉਸਦਾ ਜਿਉਂਣਾ ਵੀ ਕੀ ਹੈ ਜਿਹੜਾ ਆਪਣੀ ਅਣਖ ਗੈਰਤ ਤੇ ਪਹਿਚਾਣ ਗੁਆ ਕੇ ਕਾਇਰਾਂ ਵਰਗੀ ਜ਼ਿੰਦਗੀ ਬਸਰ ਕਰਦਾ ਹੈ । ਮੈਂ ਤਾਂ ਉਸਨੂੰ ਇਨਸਾਨ ਹੀ ਨਹੀਂ ਸਮਝਦੀ ।

ਕੀ ਮਿਸ਼ਨ ਵੱਲੋਂ ਪੀੜਤ ਪਰਿਵਾਰਾਂ ਨੂੰ ਇੱਕ ਪਲੇਟਫਾਰਮ ਉਤੇ ਇਕੱਠਾ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ ?

ਇਸ ਵਿੱਚ ਕੋਈ ਸ਼ੱਕ ਨਹੀਂ । ਮਿਸ਼ਨ ਦੀ ਹਰ ਸੰਭਵ ਕੋਸ਼ਿਸ਼ ਹੈ ਕਿ ਉਹਨਾਂ ਪਰਿਵਾਰਾਂ ਨੂੰ ਇੱਕਠੇ ਕਰਕੇ ਸੰਘਰਸ਼ ਛੇੜਿਆ ਜਾਵੇ ਜਿਹਨਾਂ ਦੇ ਘਰਾਂ ਦੇ ਪੁਲੀਸ ਨੇ ਦੀਵੇ ਗੁੱਲ ਕੀਤੇ ਹਨ । ਇਸ ਸਬੰਧੀ ਪੀੜਤ ਪਰਿਵਾਰਾਂ ਵੱਲੋਂ ਭਰਪੂਰ ਸਮਰਥਨ ਮਿਲ ਰਿਹਾ ਹੈ ।

# ਕੀ ਕੋਈ ਹੈ

ਪੰਜਾਬ ਦੀਆਂ ਜੇਲ੍ਹਾਂ 'ਚ ਕਈ ਅਜਿਹੇ ਕੈਦੀ ਰਿਹਾਈ ਦੀ ਉਡੀਕ 'ਚ ਮਾਨਸਿਕ ਪੀੜਾ ਝੇਲ ਰਹੇ ਹਨ ਜਿਨ੍ਹਾਂ ਦੀ ਸਜ਼ਾ ਪੂਰੀ ਹੋ ਚੁੱਕੀ ਹੈ ਪਰ ਫੇਰ ਵੀ ਉਨ੍ਹਾਂ ਨੂੰ ਜੇਲ੍ਹ ਦੀਆਂ ਸਲਾਖਾਂ ਚੋਂ ਮੁਕਤ ਨਹੀਂ ਕੀਤਾ ਜਾ ਰਿਹਾ । ਇਕੱਲੀ ਨਾਭਾ ਜੇਲ੍ਹ 'ਚ ਟਾਡਾ ਅਧੀਨ ਨੌਂ ਕੈਦੀਆਂ ਦੀ ਦਰਦ ਭਰੀ ਦਾਸਤਾਨ ਸੁਣ ਕੇ ਜੇਲ੍ਹਾਂ ਦੀ ਤੰਤਰ ਪ੍ਰਣਾਲੀ ਵਿਚਲੇ ਅਣਮਨੁੱਖੀ ਵਤੀਰੇ ਦੇ ਪ੍ਰਤੱਖ ਦਰਸ਼ਨ ਹੋ ਜਾਂਦੇ ਹਨ । ਇਸ ਤੋਂ ਇਲਾਵਾ ਉਨ੍ਹਾਂ ਕੈਦੀਆਂ ਦੀ ਗਾਥਾ ਵਿਚਲੀ ਪੀੜਾ ਦੇ ਦਰਦ ਦੀ ਕਿਸੇ ਨੂੰ ਪ੍ਰਵਾਹ ਨਹੀਂ ਹੈ ਜਿਹੜੇ ਪੰਜਾਬ ਦੇ ਮਾੜੇ ਦਿਨਾਂ ਦੌਰਾਨ ਜਵਾਨੀ ਵੇਲੇ ਪੁਲਿਸ ਨੇ ਗ੍ਰਿਫਤਾਰ ਕਰਕੇ ਅਜਿਹੇ ਕੇਸ ਬਣਾਏ ਕਿ ਉਹ ਜੇਲ੍ਹਾਂ ਅੰਦਰ ਫੈਸਲਿਆਂ ਦੀ ਉਡੀਕ 'ਚ ਬੁਢਾਪੇ ਦੀ ਦਹਿਲੀਜ਼ ਜਾ ਚੜ੍ਹੇ । ਨਾਭਾ ਜੇਲ੍ਹ ਅੰਦਰ ਜਿਹੜੇ ਨੌਂ ਕੈਦੀ ਆਪਣੀ ਉਮਰ ਕੈਦ ਦੀ ਸਜ਼ਾ ਪੂਰੀ ਕਰ ਚੁੱਕੇ ਹਨ ਅਤੇ ਉਨ੍ਹਾਂ ਨੂੰ ਹੁਣ ਵੀ ਰਿਹਾਅ ਨਹੀਂ ਕੀਤਾ ਗਿਆ । ਇਹ ਸਾਰੇ ਦੇ ਸਾਰੇ ਟਾਡਾ ਕੇਸਾਂ ਅਧੀਨ ਬੰਦੀ ਬਣਾਏ ਗਏ ਹਨ । ਇਨ੍ਹਾਂ ਵਿੱਚੋਂ ਗੁਰਦੇਵ ਸਿੰਘ ਪੁੱਤਰ ਸਰਦਾਰਾ ਸਿੰਘ ਪਿੰਡ ਕਾਲੇਕੇ ਜਿਲ੍ਹਾ ਮੋਗਾ ਦੀ ਅੱਠ ਮਹੀਨੇ ਪਹਿਲਾਂ ਸਜ਼ਾ ਪੂਰੀ ਹੋ ਚੁੱਕੀ ਹੈ । ਇਸੇ ਤਰ੍ਹਾਂ ਜ਼ੋਰਾ ਸਿੰਘ ਪੁੱਤਰ ਸਰਦਾਰਾ ਸਿੰਘ ਪਿੰਡ ਕਾਲੇਕੇ ਜ਼ਿਲ੍ਹਾਂ ਮੋਗਾ ਦੀ ਸਜ਼ਾ ਪੂਰੀ ਹੋਇਆਂ ਵੀ ਅੱਠ ਮਹੀਨੇ ਹੋ ਚੁੱਕੇ ਹਨ,

ਤੇਜਾ ਸਿੰਘ ਪੁੱਤਰ ਗੱਜਣ ਸਿੰਘ ਦੀ ਸਜ਼ਾ ਵੀ ਪਰੀ ਹੋਇਆਂ ਅੱਠ ਮਹੀਨੇ ਬੀਤ ਚੁੱਕੇ ਹਨ । ਇਨ੍ਹਾਂ ਤੋਂ ਇਲਾਵਾ ਕੁਲਦੀਪ ਸਿੰਘ ਪੁੱਤਰ ਬਚਿੱਤਰ ਸਿੰਘ ਪਿੰਡ ਮੰਦੀਰਵਾਲਾ ਦੀ ਸਜ਼ਾ ਵੀ ਪੂਰੀ ਹੋਇਆਂ ਵੀ ਅੱਠ ਮਹੀਨੇ ਬੀਤ ਚੁੱਕੇ ਹਨ । ਇਸੇ ਤਰ੍ਹਾਂ ਲਕਸ਼ਮਣ ਸਿੰਘ ਪੁੱਤਰ ਬਚਿੱਤਰ ਸਿੰਘ ਦੀ ਸਜ਼ਾ ਪੂਰੀ ਹੋਈ ਨੂੰ ਵੀ ਇੱਕ ਸਾਲ ਹੋ ਗਿਆ ਹੈ । ਪਲਵਿੰਦਰ ਸਿੰਘ ਪੁੱਤਰ ਹਰਨਾਮ ਸਿੰਘ ਪਿੰਡ ਸ਼ਤਰਾਣਾ ਜ਼ਿਲ੍ਹਾ ਪਟਿਆਲਾ ਦੀ ਸਜ਼ਾ ਪੂਰੀ ਨੂੰ ਛੇ ਮਹੀਨੇ ਹੋ ਚੁੱਕੇ ਹਨ, ਅਮ੍ਰਜੀਤ ਸਿੰਘ ਪੁੱਤਰ ਸਕੱਤਰ ਸਿੰਘ ਪਿੰਡ ਵਰਨਾ ਜ਼ਿਲ੍ਹਾ ਅੰਮ੍ਰਿਤਸਰ ਦੀ ਸਜ਼ਾ ਪੂਰੀ ਹੋਇਆਂ ਲਗਭਗ ਡੇਢ ਸਾਲ ਹੋ ਚੁੱਕਿਆ ਹੈ ।


ਇਸੇ ਤਰ੍ਹਾਂ ਮੇਜਰ ਸਿੰਘ ਪੀਲੀਭੀਤ ਦੀ ਸਜ਼ਾ ਪੂਰੀ ਹੋਈ ਲਗਭਗ ਦੋ ਸਾਲ ਹੋ ਗਏ ਹਨ ਅਤੇ ਇਕ ਹੋਰ ਕੈਦੀ ਗੁਰਨਾਮ ਸਿੰਘ ਪੁੱਤਰ ਮਹਿੰਗਾ ਸਿੰਘ ਪਿੰਡ ਸ਼ੁਤਰਾਣਾ ਜ਼ਿਲ੍ਹਾ ਪਟਿਆਲਾ ਦੀ ਅੱਠ ਮਹੀਨੇ ਪਹਿਲਾਂ ਸਜ਼ਾ ਪੂਰੀ ਹੋ ਚੁੱਕੀ ਹੈ ਪਰ ਹਾਲੇ ਵੀ ਉਸ ਨੂੰ ਰਿਹਾਈ ਦੀ ਉਮੀਦ ਨਹੀਂ ।

ਇਨ੍ਹਾਂ ਕੈਦੀਆਂ ਵਿੱਚੋਂ ਗੁਰਦੇਵ ਸਿੰਘ 85 ਵਰ੍ਹਿਆਂ ਦਾ ਹੋ ਚੁੱਕਿਆ ਹੈ । ਉਸ ਕੋਲੋਂ ਤੁਰਿਆ ਵੀ ਨਹੀਂ ਜਾਂਦਾ । ਕਾਨੂੰਨਾਂ ਮੁਤਾਬਿਕ ਬਾਪੂ ਗੁਰਦੇਵ ਸਿੰਘ ਨੂੰ ਢਾਈ ਸਾਲ ਪਹਿਲਾਂ ਰਿਹਾਅ ਕਰ ਦੇਣਾ ਚਾਹੀਦਾ ਸੀ ਪਰ ਪਿਛਲੀ ਬਾਦਲ ਸਰਕਾਰ ਅਤੇ ਮੌਜੂਦਾ ਸਰਕਾਰ ਵੱਲੋਂ ਭਰੋਸਿਆਂ ਦੇ ਬਾਵਜੂਦ ਉਸ ਦੀ ਰਿਹਾਈ ਲਈ ਕੋਈ ਬੰਦੋਬਸਤ ਨਹੀਂ ਕੀਤਾ ਗਿਆ । ਬਾਪੂ ਗੁਰਦੇਵ ਸਿੰਘ ਦੀ ਸਿਹਤ ਜਵਾਬ ਦੇ ਰਹੀ ਹੈ ਅਤੇ ਉਹ ਢਾਈ ਸਾਲ ਤੋਂ ਨਾਭਾ ਜੇਲ੍ਹ ਦੇ ਹਸਪਤਾਲ ਵਿੱਚ ਇਲਾਜ ਅਧੀਨ ਹੈ । ਇਨ੍ਹੀਂ ਦਿਨੀ ਉਹ ਪੈਰੋਲ ਤੇ ਜੇਲ੍ਹ ਤੋਂ ਬਾਹਰ ਆਇਆ ਹੋਇਆ ਹੈ । ਬਾਪੂ ਗੁਰਦੇਵ ਸਿੰਘ ਦੀ ਕਹਾਣੀ ਬਹੁਤ ਹੀ ਦਿਲ ਨੂੰ ਦੁਖਾਉਣ ਵਾਲੀ ਹੈ । ਬਾਪੂ ਗੁਰਦੇਵ ਸਿੰਘ ਧਰਮ ਯੁੱਧ ਮੋਰਚੇ ਦੌਰਾਨ ਕੀਤੇ ਗਏ ਸਰਕਾਰੀ ਤਸ਼ੱਦਦ ਕਾਰਨ ਆਪਣੇ ਦੋ ਪੁੱਤ ਤੇ ਪਤਨੀ ਗੁਆ ਚੁੱਕੇ ਹਨ । ਉਹ ਧਰਮੀ ਫੌਜੀ ਦਾ ਪਿਤਾ ਹੈ । ਉਸ ਦਾ ਪੁੱਤਰ ਬਲ ਬਹਾਦਰ ਸਿੰਘ ਫੌਜ 'ਚ ਸੀ ਪਰ ਜਦੋਂ ਹਰਿਮੰਦਰ ਸਾਹਿਬ ਤੇ ਫੌਜਾਂ ਨੇ ਚੜ੍ਹਾਈ ਕਰ ਦਿੱਤੀ ਤਾਂ ਉਹ ਨਾਰਾਜ਼ ਹੋ ਕੇ ਫੌਜ ਚੋਂ ਭੱਜ ਆਇਆ । 1986-87 ਦੌਰਾਨ ਬਲ ਬਹਾਦਰ ਸਿੰਘ ਪੁਲਿਸ ਮੁਕਾਬਲੇ 'ਚ ਮਾਰਿਆ ਗਿਆ । ਇਸੇ ਤਰ੍ਹਾਂ ਉਸ ਦਾ ਇਕ ਹੋਰ ਪੁੱਤ ਉਨ੍ਹਾਂ ਕਹਿਰ ਦੇ ਦਿਨਾਂ ਚ ਮਾਰ ਦਿੱਤਾ ਗਿਆ ਅਤੇ ਇਸ ਸਦਮੇ ਵਿੱਚ ਬਾਪੂ ਗੁਰਦੇਵ ਸਿੰਘ ਦੀ ਧਰਮ ਪਤਨੀ ਵੀ ਇਸ ਦੁਨੀਆ ਨੂੰ ਅਲਵਿਦਾ ਆਖ ਗਈ । ਬਾਪੂ ਗੁਰਦੇਵ ਸਿੰਘ ਨੂੰ ਪੁਲਿਸ ਨੇ ਕਤਲ ਕੇਸ 'ਚ ਗ੍ਰਿਫਤਾਰ ਕਰ ਲਿਆ । ਬਾਪੂ ਗੁਰਦੇਵ ਸਿੰਘ ਸਵਾਲ ਦੇ ਜਵਾਬ ਵਿੱਚ ਆਪਣੇ ਮਸਤਕ 'ਤੇ ਜ਼ੋਰ ਦਿੰਦਾ ਹੈ ਅਤੇ ਉਨ੍ਹਾਂ ਦਿਨਾਂ ਨੂੰ ਯਾਦ ਕਰਦਾ ਹੈ ਜਦੋਂ 1988 ਵਿੱਚ ਉਸ ਨੇ 5

ਸਾਲ ਕੇਸ ਲੜਿਆ ਪਰ 1994 ਵਿੱਚ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਬਾਪੂ ਗੁਰਦੇਵ ਸਿੰਘ ਕਹਿੰਦਾ ਹੈ ਉਸ ਦੇ ਆਲੇ-ਦੁਆਲੇ ਦੇ ਪੰਜਾਹ ਪਿੰਡਾਂ ਦੇ ਵਾਸੀਆਂ ਨੂੰ ਕੋਈ ਪੁੱਛ ਕੇ ਵੇਖੇ ਕਿ ਮੈਂ ਕੀ ਗੁਨਾਹ ਕੀਤਾ ਹੈ, ਉਹ ਕਹਿੰਦਾ ਹੈ ਕਿ ਮੈਂ ਬੇਗੁਨਾਹ ਸੀ ਫੇਰ ਵੀ ਮੈਨੂੰ ਸਜ਼ਾ ਹੋ ਗਈ ਪਰ ਹੁਣ ਜਦੋਂ ਮੈਂ ਸਜ਼ਾ ਪੂਰੀ ਕਰ ਚੁੱਕਿਆ ਹਾਂ ਮੈਨੂੰ ਫੇਰ ਵੀ ਰਿਹਾਅ ਕਿਉਂ ਨਹੀਂ ਕੀਤਾ ਜਾ ਰਿਹਾ। ਬਾਪੂ ਦੱਸਦਾ ਹੈ ਕਿ ਬਾਕੀ ਨੌਂ ਜਿਹੜੇ ਟਾਡਾ ਅਧੀਨ ਬੰਦ ਹਨ ਉਨ੍ਹਾਂ ਵਿੱਚੋਂ ਕਈ 70 ਦੀ ਉਮਰ ਤੋਂ ਵੀ ਟੱਪ ਚੁੱਕੇ ਹਨ। ਦਿਨ ਰਾਤ ਹਉਕੇ-ਹਾਵਾਂ ਭਰਦੇ ਉਨ੍ਹਾਂ ਬਜ਼ੁਰਗਾਂ ਨੂੰ ਕੋਈ ਪੱਕਾ ਯਕੀਨ ਨਹੀਂ ਦਿਵਾ ਸਕਦਾ ਕਿ ਉਹ ਰਿਹਅ ਹੋ ਕੇ ਕਦੋਂ ਖੁੱਲ੍ਹੀ ਫਿਜ਼ਾ ਵਿੱਚ ਜਾਣਗੇ।

ਕੀ ਹਿੰਦੁਸਤਾਨ ਦਾ ਕੋਈ ਕਾਨੂੰਨ ਜਾਂ ਕਾਨੂੰਨ ਦਾ ਰਖਵਾਲਾ ਸੁਣੇਗਾ ਇਨ੍ਹਾਂ ਸਤਾਏ ਹੋਏ ਸਿੱਖਾਂ ਦੀ ਆਵਾਜ਼ ?

ਸਿੱਖ ਸ਼ਹਾਦਤ ਸਤੰਬਰ 2005






POLICE